# ਜੱਸ-ਜੀਵਨ

੧

ਭਾਗ ਪਹਿਲਾ

ਤਰਨ ਸਿੰਘ 'ਵਹਿਮੀ'

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ
(੧੮੯੦-੧੯੫੯)

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

## ਅਟਲ ਪਰਤਾਪੀ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ

# ਜੱਸ-ਜੀਵਨ

੧

ਭਾਗ ਪਹਿਲਾ


ਲੇਖਕ—

ਤਰਨ ਸਿੰਘ 'ਵਹਿਮੀ'



ਮਿਲਣ ਦਾ ਪਤਾ—

ਸ੍ਰੀ ਭੈਣੀ ਸਾਹਿਬ, ਲੁਧਿਆਣਾਂ (ਪੰਜਾਬ)

ਅਤੇ ਨਾਮਧਾਰੀ ਮੇਲੇ



Sri Satguru Jagjit Singh Ji Elibrary NamdhariElibrary@gmail.com

© ਨਾਮਧਾਰੀ ਦਰਬਾਰ

ਦੂਸਰੀ ਵਾਰ
ਅੱਸੂ 2054 ਅਕਤੂਬਰ 1997

ਪ੍ਰਕਾਸ਼ਕ :
ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ

ਛਾਪਕ :
ਜਨਤਕ ਪ੍ਰੈਸ
ਚਾਂਦਨੀ ਚੌਕ, ਦਿੱਲੀ-110006
ਫੋਨ : 3281350, 3283518

ਭੇਟਾ : 300 ਰੁਪਏ

Sri Satguru Jagjit Singh Ji Elibrary NamdhariElibrary@gmail.com

ਵਿਸ਼ਾਲ ਦਿਲ

ਮਾਤਾ ਜੀਵਨ ਕੌਰ ਜੀ ਨੂੰ

Sri Satguru Jagjit Singh Ji Elibrary NamdhariElibrary@gmail.com

## ਏਸੇ ਕਲਮ ਤੋਂ

१. ਨਦੇੜੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ
੨. ਨਦੇੜੋਂ ਬਾਦ ਦਸਮ ਗੁਰ ਦਰਸਨ
੩. ਇਤਿਹਾਸਕ ਕਾਵਿ-ਸੰਗ੍ਰਹਿ
੪. ਸਚਹੁ ਓਰੈ ਸਭੁ ਕੋ
੫. ਪੰਜ ਨਿਰਨੇ
੬. ਗੁਰ ਪ੍ਰਕਾਸ
੭. ਇੱਛਾ ਪੂਰਕ
੮. ਸੋਰਠ ਬੀਜਾ
੯. ਸਾਵ ਪਾਣੀ
੧੦. ਅੱਖੀਆਂ ਤੇ ਪ੍ਰੇਮ ਅੱਖਰ
੧੧. ਸੁਹੇਲਾ ਸਾਹਿਬ
੧੨. ਜੱਸ-ਜੀਵਨ (ਭਾਗ ੧ ਤੋਂ ੬)

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਭੂਮਿਕਾ

**'ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ'**

ਐਸੇ ਲਿਖਾਰੀ ਦੀ ਲਿਖਤ ਪਾਠਕਾਂ ਨੂੰ ਬਹੁਤ ਉਚੇ ਪੱਧਰ ਦਾ ਜੀਵਨ ਪ੍ਰਦਾਨ ਕਰ ਸਕਦੀ ਹੈ। ਹਰੀ ਜੱਸ ਲਿਖਣ ਨਾਲ ਇਹ ਹੱਥ ਸੋਭਾ ਪਾਉਂਦੇ ਹਨ। ਇਹੋ ਜਿਹੀ ਲਿਖਤ ਲਿਖਣ ਲੱਗਿਆਂ ਆਪਣੇ ਅੰਦਰ ਭੀ ਜਿੰਨਾ ਚਿਰ ਲਿਖਦੇ ਹੋ ਦੈਵੀ ਗੁਣਾਂ ਦਾ ਸੰਚਾਰ ਹੋਈ ਜਾਂਦਾ ਹੈ। ਸਤਿਗੁਰ ਨਾਲ ਵੀ ਲਿਵ ਜੁੜਦੀ ਹੈ। ਇਹੋ ਜਿਹੀ ਲੇਖਣੀ ਦੇ ਮਾਲਕ ਸਨ ਸੰਤ ਤਰਨ ਸਿੰਘ ਜੀ 'ਵਹਿਮੀ' ਪਰਮ ਸ਼ਰਧਾਲੂ, ਸਿਦਕੀ ਅਤੇ ਗੁਰੂ ਰੰਗ ਵਿਚ ਰੰਗੇ ਵਿਅਕਤੀ। ਇਨ੍ਹਾਂ ਨੇ ਜਿਥੇ ਬੈਠ ਜਾਣਾਂ ਖੁਸ਼ੀਆ ਦਾ ਖੇੜਾ ਚੌਗਿਰਦੇ ਘੁੰਮਣ ਲੱਗ ਜਾਣਾਂ, ਇਨ੍ਹਾਂ ਨੇ ਆਪਣੇ ਪਿਆਰੇ ਪ੍ਰੀਤਮ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੱਸ ਕਰਨੇ ਸ਼ੁਰੂ ਕਰ ਦੇਣੇ। ਆਪ ਵੀ ਉਨ੍ਹਾਂ ਦੇ ਪਿਆਰ ਵਿਚ ਰੰਗਿਆ ਜਾਣਾ ਅਤੇ ਸਰੋਤਿਆਂ ਦੀ ਰੰਗ ਵਿਚ ਵੈਰਾਗੀ ਹੋਣ ਤੇ ਖੁਸ਼ੀ ਵਿਚ ਅੱਖਾਂ ਰਾਹੀ ਮੀਂਹ ਵਰਸਾਉਣ ਲੱਗ ਜਾਣਾ।

ਸਿਫਤ ਦੀ ਗੱਲ ਇਹ ਕਿ ਜੇਕਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਚਰਨਾਂ ਨਾਲ ਪ੍ਰੀਤ ਲਗਾਈ ਤਾਂ ਨਿਰਵਿਘਨ ਤੋੜ ਨਿਭਾ ਦਿੱਤੀ, ਅਤੇ ਇਸ ਤੋਂ ਵੀ ਵੱਧ ਕੇ ਇਹ ਕੀਤਾ ਕਿ ਜਿਸ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਹੀ ਰੂਪ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ ਵਿਚ ਪ੍ਰਵੇਸ਼ ਕਰਕੇ ਆਪਣੇ ਵਾਂਗ ਹੀ ਮੰਨਣ ਦਾ ਹੁਕਮ ਕੀਤਾ ਤਾਂ ਵਹਿਮੀ ਜੀ ਨੇ ਸਾਰਾ ਜੀਵਨ ਬਿਨਾਂ ਕਿੰਤੂ ਪ੍ਰੰਤੂ ਤੇ ਪਰਵਾਨ ਕਰੀ ਰਖਿਆ ਅਤੇ ਉਹਨਾਂ ਆਪਣੀ ਇਸ ਭਾਵਨਾ ਨੂੰ ਜੱਸ ਜੀਵਨ ਦੇ ਚੌਥੇ ਹਿੱਸੇ 'ਚ ਉਜਾਗਰ ਕੀਤਾ ਕਿ 'ਜੇ ਮੇਰੀ ਦੇਹ ਨੇ ਸਾਥ ਦਿੱਤਾ ਤਾਂ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਜੱਸ ਵੀ ਲਿਖਾਂਗਾ।'

ਹਮੇਸ਼ਾ ਹੀ ਆਪਣੇ ਘਰ ਵਿਚ ਬੈਠ ਕੇ ਪਹਿਲੇ ਗੁਰੂਆਂ ਦਾ ਮੰਨਣ ਕਰਦੇ ਹੋਏ ਵਰਤਮਾਨ ਗੁਰੂ ਵਿਚ ਉਨ੍ਹਾਂ ਦੀ ਜੋਤ ਨੂੰ ਵੇਖਣਾ, ਵਰਤਮਾਨ ਗੁਰੂ ਨੂੰ ਪਹਿਲੇ ਗੁਰੂਆਂ ਦਾ ਚੇਹਰਾ ਸਮਝਣਾ ਜਿਵੇਂ ਸ਼ੀਸ਼ੇ ਵਿਚ ਆਪਣਾ ਚੇਹਰਾ ਦਿਸਦਾ ਹੈ, ਅਤੇ ਆਪਣੀ ਔਲਾਦ ਨੂੰ ਇਕੱਠੇ ਸਮਾਈ ਨਾਲ ਰਹਿਣ ਦੀ ਅਤੇ ਗੁਰੂ ਚਰਨਾਂ ਤੇ ਪ੍ਰਤੀਤ ਤੇ ਸਰਧਾ ਰਖਣ ਦੀ ਹਮੇਸ਼ਾ ਅਤੇ ਲਗਾਤਾਰ ਸਿਖਿਆ ਦੇਣ ਵਾਲੇ ਪੂਰਨ ਗੁਰ ਸਿੱਖ ਸਨ ਸੰਤ ਤਰਨ ਸਿੰਘ ਜੀ 'ਵਹਿਮੀਂ', ਜਿਨ੍ਹਾਂ ਦੀ ਲਿਖਤ ਵਿਚੋਂ ਗੁਰੂ ਸਰਧਾ ਦਾ, ਪ੍ਰਭੂ ਭਗਤੀ ਦਾ ਰੱਸ ਡੁੱਲ ਡੁੱਲ ਪੈਂਦਾ ਹੈ।

ਜਦੋਂ ਮੇਰੇ ਤੇ ਸਤਿਗੁਰੂ ਜਗਜੀਤ ਸਿੰਘ ਜੀ ਬਖਸ਼ਸ਼ ਕੀਤੀ, ਰਹਿਮਤ ਕੀਤੀ, ਆਪਣੇ ਚਰਨਾਂ ਨਾਲ ਆਪ ਹੀ ਦਇਆ ਕਰਕੇ ਜੋੜ ਲਿਆ, ਤਾਂ ਸਭ ਤੋਂ ਪਹਿਲਾਂ ਮੈਨੂੰ ਨਾਮਧਾਰੀ ਇਤਹਾਸ ਸਤਿਗੁਰੂ ਬਾਲਕ ਸਿੰਘ–ਕ੍ਰਿਤ ਚਕੱਰਵਰਤੀ ਜੀ ਅਤੇ ਦੂਸਰੀ ਪੁਸਤਕ ਸ੍ਰੀ ਵਹਿਮੀ ਜੀ ਦੀ ਕ੍ਰਿਤ ਸ੍ਰੀ ਦਸ਼ਮੇਸ਼ ਨੰਦੇੜ ਤੋਂ ਬਾਦ ਦਾ ਜੀਵਨ ਪੜ੍ਹਨ ਦਾ ਸੁਅਵਸਰ ਮਿਲਿਆਂ, ਸੋ ਇਹ ਮੇਰੀਆਂ ਮੁਢਲੀਆਂ ਪੁਸਤਕਾਂ ਬਣੀਆਂ, ਜਿਹੜੀਆਂ ਮੈਨੂੰ ਬਹੁਤ ਹੀ ਪਿਆਰੀਆਂ ਲਗਦੀਆਂ ਹਨ।

ਕੁਝ ਲਗਨ ਕਰਕੇ, ਬਹੁਤਾ ਅਧਿਅਨ ਕਰਨ ਵਾਸਤੇ, ਸਾਰੇ ਜੱਸ–ਜੀਵਨ ਬ੍ਰਿਤਾਂਤ ਛੇ ਹਿੱਸਿਆਂ ਵਿਚ ਪੜ੍ਹਨ ਦਾ ਮੇਰੇ ਮੇਹਰਾਂ ਦੇ ਦਾਤੇ, ਦਰਗਾਹ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਤੇ ਪ੍ਰੇਰਨਾ ਨਾਲ ਸੁਭਾਗ ਪ੍ਰਾਪਤ ਹੋਇਆ, ਜੋ ਇਤਿਹਾਸਕ ਸਮੱਗਰੀ, ਗੁਰੂ ਜੱਸ ਰੂਪੀ ਮਿਸ਼ਰੀ ਦੇ ਪਹਾੜ ਵਿਚੋ ਦੁਨਿਆਵੀ ਜਾਣਕਾਰੀ, ਰੂਹਾਨੀਅਤ ਨਾਲ ਸਾਂਝ ਬਾਰੇ ਇਨਾਂ ਜੱਸ ਜੀਵਨਾਂ ਵਿਚ ਮੈ ਪੜ੍ਹਿਆ ਹੈ ਇਹ

ਹੋਰ ਪੁਸਤਕਾਂ ਵਿਚ ਨਹੀ ਮਿਲਦਾ। ਇਹ ਸਤਿਗੁਰੂ ਪਿਆਰ ਨਾਲ ਰੰਗੀਆ ਹੋਈਆ ਕਿਰਤਾਂ ਹਨ।

'ਵਹਿਮੀਂ' ਜੀ ਨੇ ਗੁਰੂ ਜੱਸ ਲਿਖਕੇ ਆਪਣਾ ਵੀ ਜਨਮ ਸਫਲ ਕਰ ਲਿਆ ਅਤੇ ਅਮਰ ਪੱਦ ਨੂੰ ਪ੍ਰਾਪਤ ਹੋ ਗਏ ਅਤੇ ਆਪਣੇ ਪਰਵਾਰ ਦੀ ਸਾਂਝ ਵੀ ਗੁਰੂ ਘਰ ਨਾਲ ਡੂੰਘੀ ਕਰ ਦਿੱਤੀ ਹੈ।

ਜੱਸ-ਜੀਵਨ ਤੋ ਬਿਨਾਂ ਕਰੀਬ ੧੨ ਪੁਸਤਕਾਂ ਹੋਰ ਵੀ ਵਹਿਮੀ ਜੀ ਲਿਖੀਆਂ ਹਨ, ਜਿਨ੍ਹਾਂ ਵਿਚ ਕਾਵਿ ਸੰਗ੍ਰਹਿ ਅਤੇ ਖੋਜ ਪੁਸਤਕਾਂ ਵੀ ਬਹੁਤ ਭਾਵ ਪੂਰਤ ਹਨ। 'ਵਹਿਮੀਂ' ਜੀ ਨੇ ਪਹਿਲੇ ਹਿੱਸੇ ਵਿਚ ਕਿਤਨੇ ਸੋਹਣੇ ਢੰਗ ਨਾਲ ਲਿਖਿਆ ਕਿ ਸਤਿਗੁਰੂ ਪਰਤਾਪ ਸਿੰਘ ਜੀ ਦੇ ਅਵਤਾਰ ਨਾਲ ਕਿਵੇਂ ਕੁਝ ਪਾਬੰਦੀਆਂ ਭੈਣੀ ਸਾਹਿਬ ਤੇ ਹਟੀਆਂ, ਕਿਵੇਂ ਸਿੰਘਾਂ ਨੇ ਦੁੱਖ ਸਹਿਨ ਕੀਤੇ ਅਤੇ ਕਿਵੇਂ ਭਾਰਤ ਨੂੰ ਆਜ਼ਾਦ ਭਾਰਤ ਦਾ ਰੂਪ ਮਿਲਿਆ, ਇਹ ਸਾਰਾ ਜ਼ਿਕਰ ਵਹਿਮੀ ਜੀ ਨੇ ਬਹੁਤ ਹੀ ਮੇਹਨਤ ਅਤੇ ਲਗਨ ਨਾਲ ਕੀਤਾ ਹੈ।

ਇਸ ਪੁਸਤਕ ਦੀ ਦੂਸਰੀ ਐਡੀਸ਼ਨ ਸਿਰਫ ਤੇ ਸਿਰਫ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਅਤੇ ਬਖਸ਼ਸ਼ ਨਾਲ ਹੀ ਛੱਪ ਸਕੀ ਹੈ। ਜਿਤਨੀ ਦਿਲਚਸਪੀ ਨਾਲ ਗੁਰੂ ਜੱਸ, ਨਾਮਧਾਰੀ ਸਾਹਿਤ ਅਤੇ ਇਤਹਾਸ ਦਾ ਪਸਾਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤਾ ਹੈ ਇਸ ਲਈ ਹਰ ਪ੍ਰਾਣੀ, ਹਰ ਨਾਮਧਾਰੀ ਇਨਾਂ ਦਾ ਰਿਣੀ ਹੈ। ਨਾਮਧਾਰੀ ਸ਼ਹੀਦਾ ਦੀਆਂ ਯਾਦਗਾਰਾਂ ਬਣਾ ਕੇ, ਨਾਮਧਾਰੀਆਂ ਦਾ ਮਹਾਨ ਤੀਰਥ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਅਸਥਾਨ ਜੋ ਰਾਈਆਂ ਵਿਚ ਹੈ, ਦੀ ਪ੍ਰਾਪਤੀ ਕਰ ਕੇ, ਸਤਿਗੁਰੂ ਰਾਮ ਸਿੰਘ ਜੀ ਦੀਆਂ ਚੇਅਰਜ਼ ਯੂਨੀਵਰਸਟੀਆਂ ਵਿਚ ਬਣਾਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਡੇ ਤੇ ਬਹੁਤ ਪਰਉਪਕਾਰ ਕੀਤਾ ਹੈ।

ਇਸ ਐਡੀਸ਼ਨ ਦੇ ਪਾਠਕਾਂ ਦੇ ਹੱਥਾਂ ਵਿਚ ਲਿਔਣ ਦੀ ਸਾਰੀ ਦਿਆਲਤਾਂ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੈ ਪਰ ਪੰਡਤ ਗੋਪਾਲ ਸਿੰਘ ਜੀ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਹੋਏ ਹਨ ਨੇ ਜੋ ਯੋਗਦਾਨ ਇਸ ਵਿਚ ਪਾਇਆ ਹੈ, ਉਹ ਵੀ ਸ਼ਲਾਘਾਯੋਗ ਹੈ। ਮਾ: ਨਿਹਾਲ ਸਿੰਘ ਜੀ, ਮਾਸਟਰ ਦਰਸ਼ਨ ਸਿੰਘ ਜੀ, ਮਹੰਤ ਆਤਮਾ ਸਿੰਘ ਜੀ ਸਨਖਤਰਾਂ, ਸ੍ਰ: ਸਾਧੂ ਸਿੰਘ ਕਿਸਾਨ, ਗੁਰਮੁਖ ਸਿੰਘ ਗੁਰਾਇਆ, ਸੂਬਾ ਸੁਰਿੰਦਰ ਕੌਰ ਖਰਲ, ਅਤੇ ਸੇਵਕ ਹਰਪਾਲ ਸਿੰਘ ਰਛਪਾਲ ਸਿੰਘ ਨੇ ਵੀ ਪੂਰਨ ਸਹਿਯੋਗ ਦਿਤਾ ਹੈ।

ਇਸ ਨਵੇਂ ਐਡੀਸ਼ਨ ਦੇ ਛਾਪਣ ਸਮੇਂ ਪਹਿਲੀ ਐਡੀਸ਼ਨ ਵੇਲੇ ਹੋਈ ਗੱਲਬਾਤ ਨੂੰ ਪੂਰਨ ਧਿਆਨ ਵਿਚ ਰੱਖਿਆ ਗਿਆ ਹੈ। ਕਿਉਂਕਿ ਇਹ ਜੱਸ-ਜੀਵਨ ਦਾ ਹਿੱਸਾ ਪਹਿਲਾਂ ਸਮਾਪਤ ਹੋ ਚੁੱਕਾ ਸੀ। ਪਾਠਕਾਂ ਦੀਆਂ ਬਹੁਤ ਬੇਨਤੀਆਂ ਤੇ ਸਤਿਗੁਰੂ ਜੀ ਇਸ ਦਾ ਨਵਾਂ ਐਡੀਸ਼ਨ ਛਾਪਣ ਦਾ ਹੁਕਮ ਦਿੱਤਾ ਹੈ, ਅਤੇ ਦੂਸਰੀਆਂ ਕਿਰਤਾਂ ਵੀ ਜਲਦੀ ਸਾਹਮਣੇ ਛਪਕੇ ਔਣਗੀਆਂ। ਮੈਂ ਸਮੂਹ ਪਾਠਕਾਂ ਅੱਗੇ ਬੇਨਤੀ ਕਰਦਾ ਹਾਂ ਕਿ ਉਸ ਮਹਾਨ ਲੇਖਕ ਦੀ ਕੀਤੀ ਮੇਹਨਤ ਤਾਂ ਸਫਲ ਹੁੰਦੀ ਹੈ ਅਗਰ ਉਸ ਦੀਆਂ ਕਿਰਤਾਂ ਨੂੰ ਪੜ੍ਹਿਆ ਜਾਵੇ ਅਤੇ ਫਿਰ ਪੜ੍ਹਕੇ ਅਮਲ ਵਿਚ ਵੀ ਲਿਆਂਦਾ ਜਾਵੇ, ਕਿਉਂਕਿ ਲਿਖਾਰੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਰਪਾ ਕਰਕੇ ਆਪ ਦੱਸਿਆ ਹੈ ਕਿ ਲਿਖੀ ਦਾ ਕਿਵੇਂ ਹੈ।

ਮੈਂ ਬੇਨਤੀ ਕਰਦਾ ਹਾਂ ਕਿ ਹਰ ਗੁਰਸਿਖ ਅਤੇ ਗੁਰ ਪ੍ਰੇਮੀ ਗੁਰ ਜੱਸ ਨੂੰ ਪੜ੍ਹ ਕੇ ਮੋਖ ਪਦਵੀ ਨੂੰ ਪ੍ਰਾਪਤ ਹੋਵੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ
ਨਿੱਜੀ ਸਕੱਤਰ, ਤਰਸੇਮ ਸਿੰਘ



Sri Satguru Jagjit Singh Ji Elibrary NamdhariElibrary@gmail.com



ਵਕਤ ਦੇ ਮਾਲਕ, ਸ਼ਾਹਨ-ਸ਼ਾਹ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ੴ

ਸਤਿਗੁਰ ਪ੍ਰਸਾਦਿ ।

## ਭੂਮਕਾ ਨਹੀਂ ਗੁਰ ਕਿਰਪਾ

ਆਹ ! ਅਜ ਕਿਤੇ ਬਾਪੂ ਜੀ ਹੁੰਦੇ, ਤੇ ਆਪਣੀ ਗੁਰਜੱਸ ਰੂਪੀ, ਅਪਰੰਪਾਰ ਲਿਖਤ ਦਾ ਆਪਣੀ ਰੀਝ ਮੁਜਬ ਹੋ ਰਿਹਾ ਸਤਿਕਾਰ ਵੇਖ ਕੇ, ਦੀਵਾਨੇ ਮਸਤਾਨੇ ਹੋ ਹੋ ਪੈਂਦੇ ।

ਕਿੱਥੇ ਉਹ ਸਮਾਂ ਕਿ ਏਸ ਅਨੋਖੇ ਅਤੇ ਵਿਕੋਲਿਤੱਰੇ ਇਤਿਹਾਸਕਾਰ, ਜਿਨ੍ਹੇ ਪੈਦਲ ਪੰਧ ਮਾਰ-ਮਾਰ, ਦੂਰ ਨੇੜੇ ਜਾ-ਜਾ, ਵਡੇਰਿਆਂ ਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਹਾਣੀਆਂ ਸਮਕਾਲੀਆਂ ਨੂੰ ਮਿਲ-ਮਿਲ, ਘੋਖ-ਘੋਖ ਕੇ ਪੁਛਦਿਆਂ ਆਪਣਾ ਨਾਂ ਵੀ 'ਵਹਿਮੀਂ' ਪਵਾ ਲਿਆ ਤੇ ਫਿਰ ਆਪਣੀ ਇਸ ਜੀਵਨ ਭਰ ਦੀ ਕਮਾਈ ਨੂੰ ਬਿਨਾ ਕਿਸੇ ਤੋਂ ਸਹਾਇਤਾ ਲਿਆਂ, ਪੱਲਿਓਂ ਪੈਸੇ ਲਾ ਕੇ, ਸੰਗਤ ਤੇ ਸੰਸਾਰ ਸਾਹਮਣੇ ਪ੍ਰਗਟ ਕੀਤਾ ।

ਪੰਥ ਭੂਸ਼ਨ, ਕਾਵਿ ਚੂੜਾ ਮਣਿ ਭਾਈ ਸੰਤੋਖ ਸਿੰਘ ਜੀ ਦਾ ਲਿਖਿਆ "ਗੁਰ ਪ੍ਰਤਾਪ ਸੂਰਜ" ਕੈਂਥਲ ਪਤਿ ਮਹਾਰਾਜਾ ਊਦੇ ਸਿੰਘ ਨੇ ਧਨ ਖਰਚ ਕੇ ਨਿਰਾ ਛਪਵਾਇਆ ਹੀ ਨਹੀਂ, ਸਗੋਂ ਕਵੀ ਜੀ ਦਾ, ਕੋਲ ਰੱਖ ਕੇ ਜੀਵਨ ਪ੍ਰਜੰਤ ਸੇਵਾ ਨਿਰਬਾਹ ਵੀ ਕੀਤਾ ।

ਗਿਆਨੀ ਗਿਆਨ ਸਿੰਘ ਜੀ ਨੇ 'ਪੰਥ ਪ੍ਰਕਾਸ਼' ਲਿਖ ਕੇ ਛਪਵਾਣ ਵਾਸਤੇ ਕਿੱਥੇ-ਕਿੱਥੇ ਨਹੀਂ ਠੋਕਰਾਂ ਖਾਧੀਆ, ਤੇ ਅਖੀਰ ਛਾਪਣ ਵਾਲਿਆ ਬਾਰੇ ਉਹਨਾਂ ਦੀ ਰਾਇ, ਉਹਨਾਂ ਦੀ ਲਿਖਤ ਚੋਂ ਕੁਰਲਾਂਦੀ ਸੁਣੀ ਜਾ ਸਕਦੀ ਏ ।

ਪਰ ਵਹਿਮੀ ਜੀ ਨੇ ਸਮਗੱਰੀ ਇਕੱਤਰ ਕਰਕੇ, ਤਿੰਨ ਵਾਰ ਇਸ ਮਹਾਂਸਮੁੰਦਰ ਨੂੰ ਬਿਨਾਂ ਪੰਥ, ਤੇ ਪੜੇ ਲਿਖੇ ਪੁਤਰਾਂ ਦੀ ਸਹਾਇਤਾ ਦੇ, ਇੱਕਲਿਆਂ, ਕਲਮ ਦੀ ਸਵਾਰੀ ਕਰਕੇ ਪਾਰ ਕੀਤਾ । ਛਾਪਣ ਵੇਲੇ ਭਾਵੇਂ ਦਮਾਂ ਤੇ ਨਜ਼ਰ ਕਮਜ਼ੋਰ ਹੋਣ ਕਰਕੇ ਪਰਿਵਾਰ ਨੇ ਕੁਝ ਸਾਥ ਦਿੱਤਾ, ਪਰ ਪੱਲਿਓਂ ਛਾਪ ਕੇ ਵੰਡਣ ਲਗਿਆਂ ਕਿਸੇ ਉਤਸ਼ਾਹ ਤੇ ਹਲਾਸ਼ੇਰੀ ਕੀ ਦੇਣੀ ਸੀ, ਸਗੋਂ ਸਭਾਪਤੀ ਨੇ ਇੰਨਾ ਉਗਰ ਵਿਰੋਧ ਕੀਤਾ, ਕੇ ਬਾਪੂ ਜੀ ਨੇ ਅਤਿ ਦੁਖੀ ਹੋ ਕੇ ਕਈ ਵਾਰੀ ਕਹਿਣਾ, ਕਿ ਮੈਂ ਆਹਨਾਂ, ਕੋਈ ਸਿੱਖਾਂ ਦਾ ਲਿਖਾਰੀ ਨਾ ਬਣੇ, ਜੇ ਬਣ ਹੀ ਜਾਵੇ ਤਾਂ ਖਾਸ ਕਰਕੇ ਨਾਮਧਾਰੀਆਂ ਦਾ ਲਿਖਾਰੀ ਤਾਂ ਮੂਲੋਂ ਹੀ ਨਾ ਬਣੇ ।

ਅਖੀਰ ਕੁਝ ਲਿਖਾਰੀ ਮਿੱਤਰਾਂ ਵਿਚ ਪੈ ਕੇ ਉਸ ਕਰੋਪੀ ਤੋਂ ਛੁਟਕਾਰਾ ਇਸ ਸ਼ਰਤ ਤੇ ਕਰਵਾਇਆ, ਕਿ ਇਕ ਚਿੱਟ ਛਾਪ ਕੇ ਕਿ "ਇਸ ਜੱਸ–ਜੀਵਨ ਵਿਚ ਕੁਝ ਇਤਿਹਾਸਕ ਗਲਤੀਆਂ ਰਹਿ ਗਈਆਂ ਨੇ, ਜੋ ਦੂਜਾ ਐਡੀਸ਼ਨ ਸੋਧ ਕੇ ਛਪਵਾਇਆ ਜਾਵੇਗਾ", ਉਤੇ ਚਿਪਕਾ ਕੇ, ਤਾਂ ਹੀ ਸੰਗਤ 'ਚ ਵੰਡਿਆ ਜਾ ਸਕਿਆ ।

ਕਿੱਥੇ ਇਹ ਸਮਾਂ ਹੈ ਕਿ ਹਰ ਇਕ ਲਿਖਾਰੀ, ਬੁਲਾਰਾ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਮਹਿਮਾ ਕਰਨ ਲਗਿਆਂ 'ਸ੍ਰੀ ਵਹਿਮੀਂ' ਜੀ ਦਾ ਤੇ 'ਜੱਸ–ਜੀਵਨ' ਦਾ ਹਵਾਲਾ ਦੇਣਾ ਨਹੀਂ ਭੁੱਲਦਾ ।

ਇਹ ਤਾਂ ਹੋਈ ਪਹਿਲੇ ਭਾਗ ਦੀ ਜੀਵਨੀ । ਉਸ ਤੋਂ ਬਾਅਦ ਰਸਤਾ ਕੁਝ ਸੁਖਾਲਾ ਹੋ ਗਿਆ । ਦੂਸਰਾ, ਤੀਸਰਾ ਭਾਗ ਵੀ ਪੱਲਿਓ ਛਾਪ ਕੇ ਸੰਗਤ ਵਿਚ ਵੰਡਿਆ ਜਾਂਦਾ ਰਿਹਾ, ਭਾਵੇਂ ਸਟੇਜ ਸੰਚਾਲਕਾਂ ਵਲੋਂ ਫਿਰ ਵੀ ਇਸ ਨੂੰ ਪੜ੍ਹਨ ਵਾਸਤੇ ਪ੍ਰਚਾਰਤ ਨਾ ਕੀਤਾ ਜਾਂਦਾ ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਵਹਿਮੀ ਜੀ ਚਲੇ ਗਏ, ਸਾਡੇ ਘਰੇਗੇ ਹਾਲਾਤ ਬਦਲ ਗਏ, ਤੇ ਉਧਰ ਪੰਥਕ ਹਾਲਾਤ ਵੀ ਹੋਰੂ ਹੋ ਗਏ । ਸਾਹਿਤ ਤੇ ਸਟੇਜ ਸੰਚਾਲਕ ਵੀ ਬਦਲ ਗਏ । ਅਸਾਂ ਵਹਿਮੀ ਪ੍ਰਵਾਰ ਨੇ ਬਾਕੀ ਰਹਿੰਦਾ ਜੋਂਸ ਜੀਵਨ ਦਾ ਖਰੜਾ ਤੇ ਹੋਰ ਵਹਿਮੀ ਸਾਹਿਤ, ਸਮੇਂ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਰਪਣ ਕਰ ਦਿਤਾ ।

ਬੱਸ ! ਇਹੀ ਉਹ ਸਮਾਂ ਸੀ, ਜਦੋਂ ਉਸ ਮਿਸ਼ਰੀ ਮਿੱਠੇ ਪਰਬਤ ਨੂੰ, ਇਸ ਵਿਸ਼ਾਲ ਸਮੁੰਦਰ ਨੇ ਆਪਣੀ ਗੋਦ ਵਿਚ ਸੰਭਾਲ ਕੇ, ਪ੍ਰਸਾਰਣ ਰੂਪੀ ਮੇਹਰ ਦਾ ਮੀਂਹ ਵਰਸਾ ਕੇ, ਸੰਗਤ ਨੂੰ ਸਰਸ਼ਾਰ ਕਰਨਾ ਸ਼ੁਰੂ ਕੀਤਾ ।

ਚੌਥੇ ਪੰਜਵੇਂ ਤੇ ਛੇਵੇਂ ਭਾਗ ਰੂਪੀ ਮਾਖਿਉਂ ਮਿੱਠੀਆਂ ਨਦੀਆਂ ਪ੍ਰਵਾਹਤ ਹੋ ਕੇ, ਸੰਗਤ ਤੇ ਸੰਸਾਰ ਨੂੰ ਪ੍ਰਫੁੱਲਤ ਕਰਨ ਲਗੀਆਂ । ਇਤਿਹਾਸ ਤੇ ਮਨਾਂ ਵਿਚ ਪਏ ਭਰਮ ਭੁਲੇਖਿਆਂ ਦੇ ਰੋੜੇ ਰੁੜ੍ਹਨ ਲਗੇ ।

ਸ੍ਰੀ ਸਤਿਗੁਰੂ ਜੀ ਦੀ ਸ਼ਹਿਨ ਸ਼ਾਹੀਅਤ ਨੇ, ਜਿਥੇ ਗੁਰ ਕੀਰਤੀ ਸੰਭਾਲ, ਅਤੇ ਪ੍ਰਕਾਸ਼ ਕਰ ਦੋਹੀਂ ਹੱਥੀਂ ਵੰਡਿਆ, ਵਰਤਾਇਆ, ਓਥੇ ਵਹਿਮੀ ਜੀ ਦੇ ਨਾਲ ਹੀ, ਵਹਿਮੀ ਪ੍ਰਵਾਰ ਨੂੰ ਵੀ ਪਿਆਰਿਆ ਸੰਭਾਲਿਆ ।

ਸਾਡੇ ਕੋਲੋਂ ਤਾਂ ਜੋਂਸ–ਜੀਵਨ ਸਿਰੇ ਚੜ੍ਹਨਾ ਮੁਸ਼ਕਲ ਈ ਸੀ, ਸ੍ਰੀ ਸਤਿਗੁਰੂ ਜੀ ਬਾਕੀ ਰਹਿੰਦੇ ਤਿੰਨੇ ਭਾਗ ਪ੍ਰਕਾਸ਼ਿਤ ਕਰਾ ਕੇ, ਹੁਣ ਦੁਬਾਰਾ ਪਹਿਲੇ ਭਾਗ ਨੂੰ, ਆਪਣੀ ਨਿੱਜੀ ਨਿਗਰਾਨੀ ਵਿਚ ਨਿਖਾਰ ਕੇ, ਸੰਗਤਾਂ ਤੱਕ ਪੁਚਾਣ ਦੀ ਕਿਰਪਾ ਕਰ ਰਹੇ ਹਨ ।

ਇਸ ਦੂਸਰੀ ਛਾਪ ਦੀ ਸੁਧਾਈ ਦਾ ਜ਼ਿੰਮੇਵਾਰ ਹਜ਼ੂਰੀ ਸੰਪਾਦਕੀ ਮੰਡਲ ਏ, ਪਰ ਪਰੂਫ ਰੀਡਿੰਗ ਦੀਆਂ ਗਲਤੀਆਂ ਦਾ ਜ਼ਿੰਮੇਵਾਰ ਮੈਂ ਇਕੱਲਾ ਈ ਆਂ । ਪਾਠਕਾਂ ਤੋਂ ਤਰੁਟੀਆਂ ਦੀ ਖਿਮਾ ਦਾ [illegible] ।

ਸਾਧੂ ਸਿੰਘ 'ਕਿਸਾਨ'
੨੮/੯/੯੭

**ਨੋਟ :** ਕਿਸੇ ਕਿਸਮ ਦਾ ਵੀ ਚਿੱਠੀ ਪੱਤਰ ਕਰਨਾ ਹੋਵੇ ਤਾਂ ਸ੍ਰੀ ਸਤਿਗੁਰੂ ਜੀ ਦੇ ਨਿੱਜੀ ਸਾਹਿਤ ਸਕੱਤਰ ਸੰਤ ਤਰਸੇਮ ਸਿੰਘ ਜੀ ਨਾਲ ਕਰੋ ।



Sri Satguru Jagjit Singh Ji Elibrary NamdhariElibrary@gmail.com

## ਕੀ ਕਿਥੇ ?


| | |
|---|---|
| ਗੁਰਮੰਗਲ ਤੇ ਅਰਾਧਨਾ | ੧ |
| ਬਚਿਤ੍ਰ ਨਾਟਕ | ੬ |
| ਗੁਰਬੰਸਾਵਲੀ | ੧੧ |
| ਇਤਿਹਾਸ ਦਾ ਅਰਥ | ੧੩ |
| ਚਾਰ ਸਧ , ਮੰਗਲਾ ਚਰਨ ਮੇਰੇ ਵਲੋਂ | ੧੫ |
| ਲਾਜਵਾਬ ਅੱਖਰ | ੧੬ |
| ਤੁਕ ਬਦਲਣ ਦਾ ਹੱਕ | ੧੭ |
| ਮਾਤਾ ਜੀ ਦਾ ਮੰਗਲ | ੧੮ |
| ਵਡਪ੍ਰਤਾਪੀ ਦਾ ਮੰਗਲ | ੨੦ |
| ਦੋਵੇਂ ਮਹਾਰਾਜ ਜੀ | ੨੨ |
| ਆਪਣੀ ਗੱਲ | ੨੩ |
| ਕਿਵੇ ਲਿਖਣਾ | ੨੬ |
| ਨਿੱਜੀ ਵਾਰਤਾ | ੨੭ |
| ਜੱਸ—ਜੀਵਨ ਦਾ ਸਾਰ | ੩੧ |
| ਜੱਸ ਲਿਖਣ ਦਾ ਪ੍ਰਣ | ੩੨ |
| ਸਗਤ ਮਾਤਾ | ੩੩ |
| ਮਾਤਾ ਸਾਹਬੋਂ ਜੀ | ੩੪ |
| ਬਾਬਾ ਸ਼ੇਰ ਸਿੰਘ | ੩੫ |
| ਸਤਿਗੁਰੂ ਜੀ ਪ੍ਰਗਟੇ | ੩੬ |
| ਅਸਲ ਸਰਦਾਰੀ ; ਨਿਹੰਗ ਸਿੰਘ ਆਏ | ੩੭ |
| ਬਾਲ ਬਿਲਾਸ | ੩੮ |
| ਸਰਧਾ ਵਿਚ ਸੁਆਦ | ੩੯ |
| ਸਿਰ ਕਰੜਾ ; ਲੰਗਰ ਦੀ ਉਗਰਾਹੀ | ੪੦ |
| ਮਾਤਾ ਜੀ ਨਿਰਭੈ ਹੋਏ ; ਪਾਂਧੀ ਭੁੱਖਾ ਗਿਆ; | |
| ਪੁਲਿਸ ਦੂਰ ਹੋਈ ; ਅੰਮ੍ਰਿਤ ਛਕਾਇਆ | ੪੧ |
| ਅੰਮ੍ਰਿਤ ਛਕਣ ਬਾਰੇ , ਕੂੜੇ ਗਿਲਾਂ ਵਾਲੇ | ੪੨ |
| ਤੱਖਰਾਂ ਦਾ ਖੂਹ ; ਪੁਲਿਸ ਦੀ ਤੰਗੀ | ੪੩ |
| ਲਾਂਗਰੀਆ ਨੂੰ ਸਾਂਤ | ੪੪ |
| ਪੰਖੁਤਾ ਦੇ ਜਗਹ ; ਅਰਦਾਸੇ ਬਾਰੇ | ੪੫ |
| ਖੂਹੀ ਸਿੱਧੀ | ੪੬ |
| ਅਰਦਾਸਾ ਲਿਖਾਇਆ ; ਸੀਤਲਾ ਨਿਕਲੀ | ੪੭ |
| ਸਨੇਹ ; ਸੰਤ ਸੰਤੋਖ ਸਿੰਘ ਜੀ | ੪੮ |
| ਪੜਨੇ ਪਾਏ | ੪੯ |
| ਗ੍ਰੰਥ ਸਾਹਿਬ ਦੇ ਪਾਠ | ੫੦ |
| ਛੋਟੇ ਭਰਾਵਾਂ ਦਾ ਜਨਮ | ੫੧ |
| ਪੜਾਈ ; ਖਿਡਾਰੂ ਖੇਡਾਂ ਦਾ | ੫੨ |
| ਫੁੱਟੀ ਨਾ ਦੇਵੇ | ੫੩ |
| ਸਰਾਪ ਨਾ ਦਿਓ , ਹਾਣੀਆਂ ਨੂੰ ਪਦਾਰਥ | ੫੪ |
| ਸਿਪਾਹੀ ਨੂੰ ਧੱਕਾ | ੫੫ |
| ਸੰਤ ਉੱਤਮ ਸਿੰਘ ਜੀ ਰਾਏਸਰ | ੫੭ |
| ਅਕਾਲ ਪੁਰਖ ਕੈਸਾ ਹੈ | ੫੮ |
| ਕੋਹੜ ਹਟਿਆ ; ਕੁਝ ਨਹੀਂ ਕਹਿਣਾ ; | |
| ਪੁਲਿਸ ਦਪਾਕੀ ; ਧੌਂਸ ਨਹੀਂ ਸਹਿਣੀ | ੫੯ |
| ਸੰਤ ਸੰਤੋਖ ਸਿੰਘ ਜੀ ਲਿਖਿਆ ਹੈ | ੬੦ |
| ਜ਼ਮੀਨ ਲੈਣੀ | ੬੧ |
| ਬਾਬਾ ਲਹਿਣਾ ਸਿੰਘ ਜੀ | ੬੨ |
| ਰਾਮ ਸਰ ਵਿਚੋਂ ਹਵਨ ਕੁੰਡ | ੬੩ |
| ਕੁਰਾਨ ; ਸੰਤ ਜੀ ਲਿਖਦੇ ਹਨ | ੬੫ |
| ਮੇਲੇ ਜਾਣੋ ਰੋਕਿਆ ; ਬਾਲ ਲੀਲਾ | ੬੬ |
| ਪਰਿਆਂ ਦੀ ਜਾਚ ; ਗਡਵੇ ਨੂੰ ਕੁੰਡਾ | ੬੮ |
| ਸਤਿਗੁਰੂ ਜੀ ਦੀ ਰਸਨਾ ਤੇ | ੬੯ |
| ਸਭ ਦੀ ਨਿੰਦਿਆ ਕੀਤੀ | ੭੦ |
| ਰਾਗੀ ; ਕਥਾ ; ਵਿੱਦਿਆ | ੭੧ |
| ਦਵਾਈਆਂ | ੭੨ |
| ਹੱਟੀ ਦਾ ਲੇਖਾ ; ਬਾਲ ਬਿਲਾਸ | ੭੩ |
| ਪਰਖ | ੭੪ |
| ਇਸ ਦੀ ਮੌਤ | ੭੫ |
| ਗੁਰੂ ਹਰੀ ਸਿੰਘ ਜੀ ਦੇਹ ਤਿਆਗੀ | ੭੬ |
| ਦਸਤਾਰ ਬੰਦੀ | ੭੭ |
| ਸ਼ਾਹੀ ਮੁਹੰਮਦ ਦਾ ਹੋਕਾ | ੭੮ |
| ਗੱਦੀ ਪ੍ਰਤਾਪ ਸਿੰਘ ਜੀ ; | |
| ਸਤਿਗੁਰੂ ਜੀ ਦਾ ਸਮਾਂ | ੭੯ |
| ਜੱਸ ਲਿਖਣ ਦੀ ਮਹਿਮਾ | ੮੨ |
| ਜਿਆਣੀ ਦਾ ਮੇਲਾ | ੮੩ |
| ਤਿੰਨ ਦਸਤਾਰੇ | ੮੪ |
| ਰਸਨਾ ਆਪੇ ਚੱਲੀ | ੮੫ |
| ਤੱਪਸਿਆ | ੮੬ |
| ਜੰਮਿਆਂ ਦੇ ਦੁਖ | ੮੭ |
| ਕਰੜਾ ਤਪ | ੮੮ |
| ਨੀਲੋਂ ਨਹਿਰ ਦਾ ਡੇਰਾ | ੮੯ |
| ਜਿਗਰਾ ਸਿੰਘ | ੯੦ |
| ਪਿਆਰ ਦੀ ਸਕਤ ; ਪ੍ਰੇਮ ਹੀ ਸੋਧ | ੯੧ |


Sri Satguru Jagjit Singh Ji Elibrary NamdhariElibrary@gmail.com

ਸੇਵਕ ਸੰਤ ੯੨
ਹੋਲੇ-ਮੇਲੇ ੯੫
ਹੋਲਾ ਸਤਾਈ ਸਾਲ ਨਾ ਹੋਇਆ ;
ਹੋਰ ਹੋਲੇ ਮੇਲੇ ੯੬
ਹੋਲਾ ਗੰਗਾ ਸਿੰਘ ਤੇ ਗੰਗੋ ਦਾ ੯੭
ਅਰਸ਼ੀ ਫ਼ਰਿਸ਼ਤਾ ; ਸਿੱਖ ਸਤੀਏ ਨਿਰੰਤਰ ੯੮
ਮਨਾ ਵਾਲੀਏ ਸਿੱਖ ਸਜੇ ;
ਹੋਰ ਸਾਧ ਸੰਤ ੧੦੦
ਮਨਾਂ ਵਾਲੀਏ ੧੦੧
ਸਿੱਖ, ਸਾਧ, ਸਰਦਾਰ ;
ਮਾਈ ਸਾਹਬੋ ਪੱਧਰੀ ਵਾਲੀ ੧੦੨
ਹੋਲਾ ਫਿਲੌਰੀ ੧੦੩
ਗੁਰਬਖ਼ਸ਼ ਸਿੰਘ ਜੀ ;
ਭਾਈ ਵਜ਼ੀਰ ਸਿੰਘ ਜੀ ੧੦੪
ਖੇਡਾਂ ੧੦੬
ਅਨੰਦ ਮਰਯਾਦਾ ਬਾਰੇ ਸਬੂਤ ੧੦੭
ਕਈ ਭੇਟ ਕੀਤੇ ੧੦੮
ਗਿਲਾ ਹੋਲੇ ਦਾ ਭੰਗ ;
੧੯੬੭ ਬਿਕਰਮੀ ੧੦੯
ਹੱਸ ਖੇਲਣ ਦੀ ਬੇਨਤੀ ੧੧੦
ਬਧੀ ਵਾਲੀਆਂ ਦੇ ਗੁੜ ਬਾਰੇ ੧੧੩
ਦਸਤਾਰਾ ਸਿੰਘਾ ੧੧੪
ਕੂਕਾ ਪੰਥ ਸਾਡਾ ਟੱਬਰ ਹੈ ੧੧੫
ਮਧਾਵੇ ਵਾਲੇ ; ਭਾਈ ਵਜ਼ੀਰ ਸਿੰਘ ਜੀ ੧੧੬
ਅਨੰਦ ਪੁਰ ਹੋਲੇ ਦੀ ਤਿਆਰੀ ੧੧੭
ਸਿਰਫ ਵਲੋਂ ਦਸਤਾਰ ੧੧੮
ਹੋਲਾ ਫੱਕਰਾਂ ਦਾ ੧੧੯
ਸਰੀਰ ਦੀ ਸੰਭਾਲ ੧੨੦
ਸੰਤ ਤੇ ਸਿਆਣੇ ੧੨੧
ਵਾਰਾ ; ਮਸਤਾਨ ਸਿੰਘ ; ਕਰਤਬ ੧੨੨
ਸਾਨੂੰ ਸੁਟਿਆ ; ਹੋਲਾ ੧੯੬੮ ਬਿ: ੧੨੩
ਮਸਤੀ ਦਾ ਦੋਸ਼ ; ਪੱਟਿਆਂ ਦਾ ਹੋਲਾ ੧੨੫
ਵਡੇ ਪ੍ਰਤਾਪ ਵਾਲਾ ; ਸੁਨਹਰੀ ਫੇਟੇ ੧੨੬
ਫੇਰ ਮਰਯਾਦਾ ੧੨੭
ਮਸਤੀ ਦੇ ਰੰਗ ;
ਮ: ਨਿਹਾਲ ਸਿੰਘ ਜੀ ਦਾ ਅਨੰਦ ੧੨੮
ਨਜ਼ਾਰਾ ਕਿ ਕੁਚਾਰਾ ੧੩੦
ਚੌਥੀ ਪਿੰਨੀ ੧੩੧
ਕੂੰਡਾ ਖੇਡਾ ੧੩੨
ਭੁੱਲ ਮੰਨਣ ਦੀ ਜਾਚ ੧੩੩
ਮ: ਨਿਹਾਲ ਸਿੰਘ ਜੀ ਵਲੋਂ ਮੰਗਾ
ਟਿਕੱਟ ਦੀ ਮਨਾਹੀ ੧੩੫
ਗੁਰੂ ਸਰ ੧੩੬
ਸਤਿਗੁਰਾਂ ਨੂੰ ਰਿਸ਼ਤਾ ੧੩੭
ਰੌਂਤ ਪ੍ਰਤਾਪੀ ਦਾ ਅਨੰਦ ੧੩੮
ਨਾਮ ਬਦਲਿਆ ੧੪੧
ਪਲੰਘ ਤੇ ਬੈਠੇ ੧੪੨
ਫੰਤ ਸੁਣਾਓ ੧੪੩
ਖੂੰਡਾ ੧੪੪
ਪ੍ਰੇਮੀ ਸੰਪਦ ੧੪੫
ਆਪਣਾ ਘਰ ੧੪੬
ਹੋਲਾਂ ੧੯੬੭ ਬਿ : ੧੪੭
ਗੁਰਬਾਣੀ ਸਤਕਾਰ ੧੪੮
ਪਰਉਪਕਾਰੀ ੧੪੯
ਸੰਤ ਜਿਊਣ ਸਿੰਘ ਜੀ ੧੫੧
ਬਾਬਾ ਫਤੇ ਸਿੰਘ ਜੀ ਵਲਟੋਹਾ ੧੫੨
ਸੇਵਕ ਦਾ ਸੇਵਕ ੧੫੩
੧੯੭੨ ਬਿ: ; ਮਾਈ ਦਿਆਲਾਂ ੧੫੫
ਦੌਰਾ ਰੋਕਿਆ ੧੫੬
ਕਾਮ ਕੌਰ ਦੀ ਦਲੇਰੀ ੧੫੮
ਪੂਰਣ ਵਾਕ ੧੫੯
ਗਿਲਾਣ ਤੇ ਸ਼ਾਂਤ ੧੬੦
ਸੰਤ ਟੇਕ ਸਿੰਘ ਜੀ ; ਸਿੱਖਾਂ ਦੇ ਪਤੇ ੧੬੧
ਪੱਤੜਿਆ ਵਾਲੇ ੧੬੨
੧੯੭੩ ਬਿਕਰਮੀ ੧੬੪
ਰੋਸਾਂ ; ਬੇਈਮਾਨ ਨੂੰ ਖਿਮਾਂ ੧੬੫
ਗੋਰੇ ਲਿਖਦੇ ; ਮੇਲੇ ਕਿਥੇ-ਕਿਥੇ ;
ਪਹਿਰਾਵਾ ੧੬੬
ਲੰਗਰ ਸਤਕਾਰ ; ਸ਼ਬਦੀ-ਰਾਗੀ ੧੬੭
ਪ੍ਰਸਪਰ ਸਨਮਾਨ ; ਪਾਠ ਤੇ ਵੇਦ ;
ਇਕੋਤਰੀ ; ਪਾਤਸ਼ਾਹੀ ਕਾਰਵਾਈ ੧੬੮
ਰੋਸਾ-ਮਨੌਤਾ ੧੭੦
ਸੰਤ ਪੂਰਨ ਵਾਲੇ : ਪਿਆਰ ਹੀ ਕਰਾਮਾਤ ੧੭੧
ਊਧਮ ਸਿੰਘ ਕੁਰਾਲਾਂ ; ਰੁਮਾਲ ਦੀ ਹਾਰ ,
ਹੋਲਾ ਰੱਤਾ ਰੰਗਾ ੧੭੨
ਜਥੇਦਾਰ ; ੧੯੭੪ ਬਿ: :
ਫੇਰ ਕਰਤੂਤਾ ਖਾਲਸਾ ੧੭੩
ਸਭੋ ਦਾ ਹਾਲ ੧੭੪

Sri Satguru Jagjit Singh Ji Elibrary NamdhariElibrary@gmail.com

| | |
|---|---|
| ਸੰਤ ਆਲਾ ਸਿੰਘ ਜੀ . | |
| ਸੰਤ ਭਾਨ ਸਿੰਘ ਜੀ | ੧੭੫ |
| ਸੰਤ ਆਲਾ ਸਿੰਘ ਜੀ ਦੇ ਦੀਵਾਨ : | |
| ਧੰਨ ਸਿੱਖ | ੧੭੬ |
| ਮਹਾਂ ਆਨੰਦ | ੧੭੭ |
| ਸੰਤ ਮੰਗਲ ਸਿੰਘ ਜੀ | ੧੭੮ |
| ਰਬਾਬ ਰੋਜ | ੧੭੯ |
| ਈਸਾਈ ਫਿਰ ਸਿੱਖ . | |
| ਸੰਤ ਭਗਤ ਸਿੰਘ ਜੀ | ੧੮੦ |
| ਸੰਤ ਫਤੇ ਸਿੰਘ ਜੀ ਮਾਛੀ ਕੇ | ੧੮੧ |
| ਸੰਤ ਅਤਰ ਸਿੰਘ ਜੀ | ੧੮੨ |
| ਸੰਤ ਮੋਹਣ ਸਿੰਘ ਜੀ : | |
| ਪੰ: ਬਸੰਤ ਸਿੰਘ ਜੀ , ਕੋਤਕੂ | ੧੮੩ |
| ਬਾਣਾਂ ਚੋਲਾ : ਸੰਤ ਚਵਿੰਡੇ ਵਾਲੇ | ੧੮੪ |
| ਬਾਬਾ ਲਹਿਣਾ ਸਿੰਘ ਜੀ , ਚੁੱਪ ਜੀ ਸੇਖਵਾਂ | ੧੮੬ |
| ਸੰਤ ਝੂਰੀ ਵਾਲੇ ; ਨਨਕਾਣੇ ਦੀਆਂ ਕੁੰਜੀਆਂ | ੧੮੭ |
| ਬਾਬਾ ਜੈਮਲ ਸਿੰਘ ਜੀ ਝੱਬਰ | ੧੮੮ |
| ਮੋਟਿਆਂ ਦੀ ਦੌੜ : ਤ੍ਰਿਵੇਣ | ੧੮੯ |
| ਮਾਈ ਦਿਆਲਾਂ : ਭੈਣ ਦੀਸਰ ਕੌਰ | ੧੯੦ |
| ਗੁਰਪੀਰ ਜੀ ; ਰਾਮਸਰ ਤੇ ਸੂਰਤ ਸਿੰਘ | ੧੯੧ |
| ਦੌਰਾ ਸ਼ਿਵਪੁਰਾ | ੧੯੨ |
| ਸੰਤ ਬਹਾਦਰ ਸਿੰਘ ਜੀ. | |
| ਸੰਤ ਈਸਰ ਸਿੰਘ ਜੀ | ੧੯੩ |
| ਸੂਬਾ ਕੇਹਰ ਸਿੰਘ ਜੀ ; | |
| ਬਾਬਾ ਸੇਣ ਸਿੰਘ ਜੀ | ੧੯੪ |
| ਸੰਤ ਮਿੱਤ ਸਿੰਘ ਜੀ ; | |
| ਬਾਬਾ ਜੈਮਲ ਸਿੰਘ ਜੀ ; | |
| ਮਹੰਤ ਦਲ ਸਿੰਘ ਜੀ | ੧੯੫ |
| ੧੯੭੫ ਬਿਕਰਮੀ | ੧੯੬ |
| ਬੀਬੀ ਨੰਦਾ ਨਮਿਤ ਭੋਗ : | |
| ਭਾਈ ਵੀਰੂ ਤੇ ਲਾਲ ਜੀ | ੧੯੭ |
| ਟੋਚੀ ਪੌਂਗ ਦੂਰ | ੧੯੮ |
| ਸਰਦਾਰ ਤੇਜਾ ਸਿੰਘ ਜੀ | ੧੯੯ |
| ਨਿਤਨੇਮ ਕੋਠੀ ਵਿਚ : | |
| ਮਣੀ ਤੇ ਹਰਿ ਮੰਦਰ | ੨੦੦ |
| ਮੇਰੇ ਕਬਿੱਤ ਸਤਿਗੁਰੂ ਜੀ ਸੁਣਾਏ | ੨੦੨ |
| ਸ੍ਰ: ਭਗਤ ਸਿੰਘ ਯਾਕੀ | ੨੦੩ |
| ਸੇਠ ਦਿਆਲ ਸਿੰਘ ਜੀ ; ਨਸਲ ਸੁਧਾਰ | ੨੦੪ |
| ਦੌਰਾ ਰਾਵੀਓਂ ਪਾਰ | ੨੦੫ |
| ਸੰਤ ਮੰਗਲ ਸਿੰਘ ਜੀ ਢੋਟੀਆਂ | ੨੦੭ |
| ਰੰਗੀ ਲੱਸੀ | ੨੦੮ |
| ਹੌਸੇ ਦੀ ਟੀਮ ਢੋਟੀਆਂ ਵਾਲੇ | ੨੧੦ |
| ਭਾਈ ਹਰਨਾਮ ਸਿੰਘ ਜੀ ਰਾਗੀ | ੨੧੧ |
| ਮਹਿਮਦ ਵਾਲੀਆ | ੨੧੨ |
| ਖੋਤਿਆ ਵਾਲੇ ; ਸੰਤ ਗੋਪਾਲ ਸਿੰਘ ਜੀ | ੨੧੩ |
| ਸੰਤ ਰਲਾ ਸਿੰਘ ਜੀ | ੨੧੪ |
| ਸੇਵਕਾਂ 'ਚ ਫਰਕ , ਨਥਾ ਸਿੰਘ ਜੀ ਪਰੀਤ ; | |
| ਬੇਪਰਵਾਹ | ੨੧੫ |
| ਮਾਈ ਦਾਨੀ | ੨੧੬ |
| ਬਾਬੇ ਜੈਮਲ ਸਿੰਘ ਨੂੰ ਮਿਲੇ ; | |
| ਹੋਲੀ ਅਨੰਦਪੁਰ ; ਅਸੀਂ ਵੀ ਤੇਰੇ | ੨੧੭ |
| ਨਿਹੰਗ ਲੌਸ ਕਟੇ | ੨੧੮ |
| ਰਾਮ ਵਿਯੋਗੀ | ੨੧੯ |
| ਮੁਕਤੀ ਬਾਹਰੇ ਗੁਰੂ ਤੋਂ ਹੀ | ੨੨੦ |
| ੧੯੭੬ ਬਿਕਰਮੀ | ੨੨੧ |
| ਅਟੱਲ ਪ੍ਰਤਾਪੀ ਦੀ ਛਾਪ | ੨੨੨ |
| ਮਹਾਰਾਜ ਗੁਰਦਿਆਲ ਸਿੰਘ ਜੀ ; | |
| ਝਗੜਾ ਤੇ ਸੁਲਾਹ | ੨੨੩ |
| ਸਾਕਾ ਜਲ੍ਹਿਆਂ ਵਾਲਾ ; | |
| ਸ਼ਹੀਦ ਊਧਮ ਸਿੰਘ ਗੁਲਾਮ | ੨੨੪ |
| ਨਿਹੰਗਾ ਤੇ ਸਰਦਾਈ ਛਕੀ | ੨੨੫ |
| ਸੇਠ ਮਹਿਲ ਸਿੰਘ ਜੀ | ੨੨੬ |
| ਭਵਿਖਤ ਵਾਕ ਕੁਆਲਸਰ | ੨੨੭ |
| ਸੁਖ ਦੇਣਾ ਹੈ ; ਮੇਲਾ ਨਿਮਾਣੀ ; | |
| ਹੁਕਮ ਨਾਮੇ ਭਾਣੇ | ੨੨੮ |
| ਰਸੀਲੇ ਦੀਵਾਨ | ੨੨੯ |
| ਬੇਈ ਹਿੰਦੂ ਹੱਕ ਹੀ ਆਇਐ ? | ੨੩੦ |
| ਜੀ ਆਇਆਂ ਲਿਖੇ ; | |
| ਬਾਬਾ ਚਤਰ ਸਿੰਘ ਜੀ ਦਰਾਣਾ | ੨੩੧ |
| ਬੀਤ ਮਹਾਰਾਜ ; ਮਾਘਾ ਸਿੰਘ ਦੀ ਰੋਸ | ੨੩੨ |
| ਜੋਗਾ ਬਾਜੀ | ੨੩੩ |
| ਚੱਲੇ ਚੱਲੇ ਕੂਕਿਓ | ੨੩੪ |
| ਹੀਰਾ ਸਿੰਘ ਦਾ ਸੁਮਨ ; ਸਖਤ ਸੋਤੀ | ੨੩੫ |
| ਕਲਜੁਗੀ ਫਲ ; ਸੱਚ ਦੀ ਜਿੱਤ | ੨੩੬ |
| ਹੁਕਮ ਨਾਮੇ ਇਕਾਂਤ ਪਹੁੰਚੇ ; ਤਾਰਾ ਸਿੰਘ ; | |
| ਨਿਧੀ ਸਿੰਘ ਜੀ ਦੀ ਦ੍ਰਿੜਤਾ | ੨੩੭ |
| ਬੈਕੁੰਠ ਪੁਰੀ ; ਦੋਵੇਂ ਮਸਤ | ੨੩੮ |
| ਸੰਤ ਜਵਾਲਾ ਸਿੰਘ ਜੀ ; ਘੋੜਿਆਂ ਨੂੰ ਦਿਤਾ | ੨੩੯ |


Sri Satguru Jagjit Singh Ji Elibrary NamdhariElibrary@gmail.com

ਸਿੱਖ ਸ਼ਰੀਕ ਨਹੀਂ ; ਧਰਨ ਦਾ ਧੱਕਾ ;
੧੯੭੬ ਬਿ: ੨੪੮
ਭੇਟ ਕੀਤੀ ; ਸਤਿਜੁਗ ਚਾਲੂ ;
ਅਰਸ਼ੀ ਫ਼ਰਿਸ਼ਤਾ ੨੪੧
ਵਿਚਾਰ ਆਪੋ ਆਪਣਾ ;
ਕੁਵੇਲੇ ਵੀ ਪ੍ਰਸ਼ਾਦਾ ਮਿਲੇ ੨੪੨
ਕਰਜਾ ਇੰਜ ਲਹਿੰਦੈ ; ੧੯੭੭ ਬਿ: ੨੪੩
ਜਥਾ ਗਹਿਣੇ ਪਿਆ ੨੪੫
ਸ੍ਰੇਸ਼ਟ ਚੌਂਕੀ ੨੪੬
ਗੁਰਦੁਆਰਾ ਸ਼ੇਖੂਪੁਰਾ ; ਸਤਿਜੁਗ ਕਿਓਂ ੨੪੭
ਨਾਮਧਾਰੀ ਦਰਬਾਰ ਦਾ ਮੁੱਢ ;
ਬਿਰਧ ਵਰਨ ਤੇ ਭੇਰੇ ੨੪੮
ਵਰਨਾਂ ਦੇ ਸਿੱਖ ;
ਕੁੱਕਾ ਝੂਠ ਨਹੀਂ ਬੋਲਦਾ ੨੪੯
ਸੰਤ ਚਾਨਣਾ ਸਿੰਘ ਜੀ ; ਸੰਤ ਸਿੰਘ ਜੀ ੨੫੦
ਸੰਤ ਦੇਸਾ ਸਿੰਘ ਜੀ ;
ਸੰਤ ਜਵਾਲਾ ਸਿੰਘ ਜੀ ;
ਮਰ ਕੇ ਸਿੱਖ ਸਜਾਏ ੨੫੧
ਸੰਤ ਦੂਲਾ ਸਿੰਘ ਜੀ ; ਸੰਤ ਸਉਲ ਸਿੰਘ ਜੀ ;
ਸੰਤ ਅਲੋਖ ਸਿੰਘ ਜੀ ;
ਸੰਤ ਰਲਾ ਸਿੰਘ ਜੀ ੨੫੨
ਗੁਲਾਬ ਦਾਸ ; ਸੰਤ ਪਿਆਰਾ ਸਿੰਘ ਜੀ ;
ਸੰਤ ਲਾਭ ਸਿੰਘ ਜੀ ਚੱਕੋ ; ਸੰਤ ਚੌਕੇ ੨੫੩
ਸੰਤ ਗੁਲਾਬ ਸਿੰਘ ਜੀ ; ਬੇਬੇ ਬਾਦਲ ;
ਸੰਤ ਕਿਸ਼ਨ ਸਿੰਘ ਜੀ ; ਦੋ ਸੰਤ ਭਰਾ ;
ਕਈ ਪਿੰਡੀ ਦੌਰਾ ੨੫੪
ਗੁਜਰਾਂਵਾਲੇ ਦੇ ਸਿੱਖ ; ਦੋ ਗੁਰਦੁਆਰੇ ;
ਕਰੀਮ ਪਹਿਲਵਾਨ ੨੫੫
ਹਿੰਦੂ ਕੌਮ ; ਪਿਤਾ ਦੀ ਅਸੀਸ ; ਸਹਿਮਤਾ ੨੫੬
ਕੋਰੋਟਾਣਾ ; ਪੰਜ ਪਿਆਰੇ ੨੫੭
ਸ਼ੇਖੂਪੁਰਾ ਬੇਦਾਦ ; ਕਿਲੇਕੀ ;
ਝੂਠੇ ਤੋਂ ਸਿੱਖਿਆ ੨੫੮
ਮਸੀਤੇ ਵਾਲੀ ; ਸੰਤਾ ਸਿੰਘ ਕਰਮਦਾਦ ;
ਮੰਟੂ ਭਾਈ ਕੇ ੨੫੯
ਪੰਥ ਦੇ ਤਲੇ ਹੂੰ ; ਨੁਸਹਿਰਾ ; ਖਾਰਾ ;
ਸੰਤਾ ਨਾਲ ਕਿਵੇਂ ਰਲਾਂ ੨੬੦
ਖੋਟੇ ਕਰਮ ਨੂੰ ਮਾਰ ; ਤਿੰਨ ਸੰਤ ;
ਤਿਨਾਂ ਗੁਰਾਂ ਦੇ ਦਰਸ਼ਨ ੨੬੧
ਸਿੱਖ ਤੇ ਨਾਮ ਬਖਸ਼ਕ ਕੇ ; ੨੬੨
ਸਤਿਗੁਰੂ ਜੀ ਦਾ ਕੁੜਤਾ ੨੬੨
ਬੰਗਿਆਂ ਦੇ ਸਿੱਖ ;
ਤੇਰੇ ਬਿਨਾ ਨਹੀਂ ਜਿਉਣਾਂ ; ਨਿਧਾਨ ਕੋਟ ੨੬੩
ਦਰਪਾਲ ; ਸਹਾਰਨ ਦੇ ਸਿੱਖ ;
ਪਿੰਡ ਨਾ ਵੜੇ ੨੬੪
ਜਗ੍ਹਾ ਨਹੀਂ ਬਨਾਣੀ, ਮੁੰਦਰੀ ਪਹਿਨੀ ;
ਸੁਨਿਆਰੇ ਸਿੱਖ ੨੬੫
ਗੁਜਰਾਂਵਾਲੇ ਦੇ ਸਿੱਖ ੨੬੬
ਗੁਪਤ ਦਾਨੀ ; ਸੇਠ ਸੰਤ ਤੇਜਾ ਸਿੰਘ ੨੬੭
ਸਾਧ ਲੁਕ ਕੇ ਲੰਘਦੇ ; ਚੋਰ ਅੰਧੇ ਹੋਣਗੇ ;
ਮੌਜਾਂ ਗੁਰੂ ਦੀਆਂ ੨੬੯
ਮਾਤਾ ਭੁਪਿੰਦਰ ਕੌਰ ਜੀ ਦਾ ਇਸਤਰੀਆਂ
ਤੇ ਉਪਕਾਰ ੨੭੦
ਸਤਿਜੁਗ ਮੇਲਾ ; ਸਤਿਜੁਗ ਰੋਕਿਆ ੨੭੧
ਹਿੰਦੂ ਕੌਮ ਮੇਲਾ ; ਅੰਮ੍ਰਿਤਸਰ ਮੇਲਾ ੨੭੨
ਵੱਡੇ ਸਾਹਿਬਜ਼ਾਦੇ ਦਾ ਜਨਮ ;
ਸੁਹੇਵੇ ਸਾਹਿਬ ਅਖੰਡਪਾਠ ੨੭੩
ਸੁਹੇਵਾ ਸਾਹਿਬ ਨੂੰ ;
ਕੁਸੰਗੇ ਦਾ ਹੁੱਕਾ ਛੁਡਾਉਣਾਂ ੨੭੪
ਮੁਠੱਡੀ ਸ਼ਹੀਦੀ ਮੇਲਾ ੨੭੫
ਭਿਖਸ਼ੂ ਹਟ ਗਿਆ ; ਮੇਰੀ ਲਿਖਤ ੨੭੭
ਪਾਠ ਤੇ ਪਾਠੀ ੨੭੮
ਕਦੀ ਗੁਰੂ ਜੀ ਆਏ ਸੇ ; ਤਿਨ ਸਿੰਘ ਜੀ ੨੭੯
ਲਗਾਂ ਮਾਤਰਾਂ ਦਾ ਭਾਵ ; ੨੮੦
ਰੋਲ ਕੋਟ ਲਾ ਗਿਆ
ਖੂਹ ਤੇ ਝਗੜਾ ; ਜਲ ਖਰਾਬ ਹੋਇਆ ੨੮੧
ਮੇਰਾ ਧਨੀ ਖੋਸ ਲਿਆ ;
ਸਾਂਈਂ ਦਾਸ ਪੂਰਾ ੨੮੨
ਸੀਤ ਕਰਮ ; ਪੰਜਬਾਣ ਕੀਤਾ ;
ਸਮੇਂ ਦੀ ਪਛਾਣ ੨੮੩
ਸੁਹੇਵੇ ਸਾਹਿਬੋਂ ਵਾਪਸੀ ੨੮੪
ਹੇਠੋਂ ਮੁਕਤਸਰ ;
ਸਤਿਗੁਰਾਂ ਨਮਿਤ ਪਾਠ ਕਰੋ ੨੮੫
ਨਾਮਧਾਰੀ ਦਰਬਾਰ ਤੇ ਸੂਬੇ ੨੮੬
ਸੰਤ, ਸੂਬੇ ਤੇ ਸੇਵਾਦਾਰ ;
ਨਾਮਧਾਰੀ ਦਰਬਾਰ ਦੇ ਮੈਂਬਰ ੨੮੭
ਸਤਿਗੁਰੂ ਜੀ ਸੂਬੇ ਬਣਾ ਤੇ ਹਟਾ ਸੱਕਦੇ
ਹਨ ੨੮੮


Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਵੱਡ ਪ੍ਰਤਾਪੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

ਦਾ

# ਜੱਸ - ਜੀਵਨ

( ਭਾਗ–ਪਹਿਲਾ )

## ਗੁਰਮੰਗਲ ਤੇ ਅਰਾਧਨਾ

ਰਾਗ ਗੂਜਰੀ ਵਾਰ ਮਹਲਾ ੫ ॥ ਪਉੜੀ ੧੩ ॥

ਵਾਹੁ ਵਾਹੁ ਸਿਰਜਣਹਾਰ ਪਾਈਅਨੁ ਠਾਢਿ ਆਪਿ ॥
ਜੀਅ ਜੰਤ ਮਿਹਰਵਾਨੁ ਤਿਸਨੋ ਸਦਾ ਜਾਪਿ ॥
ਦਇਆਧਾਰੀ ਸਮਰਥਿ ਚੁਕੇ ਬਿਲ ਬਿਲਾਪ ॥
ਨਠੇ ਤਾਪ ਦੁਖ ਰੋਗ ਪੂਰੇ ਗੁਰ ਪ੍ਰਤਾਪਿ ॥
ਕੀਤੀਅਨੁ ਆਪਣੀ ਰਖ ਗਰੀਬ ਨਿਵਾਜਿ ਥਾਪਿ ॥
ਆਪੇ ਲਇਅਨੁ ਛਡਾਇ ਬੰਧਨ ਸਗਲ ਕਾਪਿ ॥
ਤਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ ॥
ਵਡੀ ਹੂੰ ਵਡਾ ਅਪਾਰ ਖਸਮੁ ਜਿਸੁ ਲੇਪੁ ਨ ਪੁੰਨਿ ਪਾਪਿ ॥

(ਆਦਿ ਗ੍ਰੰਥ ਸਾਹਿਬ)

ਦੋਹਰਾ—ਬਿਨਤਿ ਕਰੋ ਦੋਊ ਜੋਰ ਕਰ ਸੁਨਹੁ ਜਗਤ ਕੇ ਰਾਇ ॥
ਮੋ ਮਸਤਕ ਤੇ ਪਗ ਸਦਾ ਰਹੋ ਦਾਸ ਕੇ ਤਾਇ ॥

(ਦਸਮ ਗ੍ਰੰਥ)

Sri Satguru Jagjit Singh Ji Elibrary NamdhariElibrary@gmail.com

ਰਾਮਕਲੀ ਮਹਲਾ ੪ ॥ ਰਾਮ ਜਨਾ ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ ॥ ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ ॥ ੧ ॥ ਰਾਮ ਜਨ ਗੁਰਮਤਿ ਰਾਮੁ ਬੋਲਾਇ ॥ ਜੋ ਜੋ ਸੁਣੈ ਕਹੈ ਸੋ ਮੁਕਤਾ ਰਾਮ ਜਪਤ ਸੋਹਾਇ ॥ ੧ ॥ ਰਹਾਉ ॥ ਜੇ ਵਡਭਾਗ ਹੋਵਹਿ ਮੁਖਿ ਮਸਤਕਿ ਹਰਿ ਰਾਮ ਜਨਾ ਭੇਟਾਇ ॥ ਦਰਸਨੁ ਸੰਤ ਦੇਹੁ ਕਰਿ ਕਿਰਪਾ ਸਭੁ ਦਾਲਦੁ ਦੁਖੁ ਲਹਿ ਜਾਇ ॥੨॥ ਹਰਿਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ ॥ ਜਿਉ ਜਿਉ ਰਾਮ ਕਹਹਿ ਜਨ ਊਚੇ ਨਰਨਿੰਦਕ ਡੰਸੁ ਲਗਾਇ ॥ ੩ ॥ ਧ੍ਰਿਗੁ ਧ੍ਰਿਗੁ ਨਰਨਿੰਦਕ ਜਿਨ ਜਨ ਨਹੀ ਭਾਏ ਹਰਿ ਕੇ ਸਖਾ ਸਖਾਇ ॥ ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ ਜਿਨ ਗੁਰ ਕੀ ਪੈਜ ਨ ਭਾਇ ॥ ੪ ॥ ਦਇਆ ਦਇਆ ਕਰਿ ਰਾਖਹੁ ਹਰਿ ਜੀਉ ਹਮ ਦੀਨ ਤੇਰੀ ਸਰਣਾਇ ॥ ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ ਜਨ ਨਾਨਕ ਬਖਸਿ ਮਿਲਾਇ ॥ ੫ ॥ ੨ ॥

ਰਾਮਕਲੀ ਮਹਲਾ ੫ ॥ ਜੋ ਕਿਛੁ ਕਰੈ ਸੋਈ ਸੁਖੁ ਜਾਨਾ ॥ ਮਨੁ ਅਸਮਝੁ ਸਾਧ ਸੰਗਿ ਪਤੀਆਨਾ ॥ ਡੋਲਨ ਤੇ ਚੂਕਾ ਠਹਰਾਇਆ ॥ ਸਤਿ ਮਾਹਿ ਲੇ ਸਤਿ ਸਮਾਇਆ ॥ ੧ ॥ ਦੂਖੁ ਗਇਆ ਸਭੁ ਰੋਗੁ ਗਇਆ ॥ ਪ੍ਰਭ ਕੀ ਆਗਿਆ ਮਨ ਮਹਿ ਮਾਨੀ ਮਹਾਪੁਰਖ ਕਾ ਸੰਗੁ ਭਇਆ ॥ ੧ ॥ ਰਹਾਉ ॥ ਸਗਲ ਪਵਿਤ੍ਰ ਸਰਬ ਨਿਰਮਲਾ ॥ ਜੋ ਵਰਤਾਏ ਸੋਈ ਭਲਾ ॥ ਜਹ ਰਾਖੈ ਸੋਈ ਮੁਕਤਿ ਥਾਨੁ ॥ ਜੋ ਜਪਾਏ ਸੋਈ ਨਾਮੁ ॥ ੨ ॥ ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥ ਤਹ ਬੈਕੁੰਠੁ ਜਹ ਨਾਮੁ ਉਚਰਹਿ ॥ ਸਰਬ ਅਨੰਦ ਜਬ ਦਰਸਨੁ ਪਾਈਐ ॥ ਰਾਮ ਗੁਣਾ ਨਿਤ ਨਿਤ ਹਰਿ ਗਾਈਐ ॥ ੩ ॥ ਆਪੇ ਘਟਿ ਘਟਿ ਰਹਿਆ ਬਿਆਪਿ ॥ ਦਇਆਲ ਪੁਰਖ ਪਰਗਟ ਪਰਤਾਪ ॥ ਕਪਟ ਖੁਲਾਨੇ ਭ੍ਰਮ ਨਾਠੇ ਦੂਰੇ ॥ ਨਾਨਕ ਕਉ ਗੁਰ ਭੇਟੇ ਪੂਰੇ ॥ ੪॥ ॥ ੧੪ ॥

ਰਾਮਕਲੀ ਮਹਲਾ ੫ ॥ ਕਿਛਹੂ ਕਾਜੁ ਨ ਕੀਓ ਜਾਨਿ ॥ ਸੁਰਤਿ ਮਤਿ ਨਾਹੀ ਕਿਛੁ ਗਿਆਨਿ ॥ ਜਾਪ ਤਾਪ ਸੀਲ ਨਹੀ ਧਰਮ ॥ ਕਿਛੂ ਨ ਜਾਨਉ ਕੈਸਾ ਕਰਮ ॥ ੧ ॥ ਠਾਕੁਰ ਪ੍ਰੀਤਮ ਪ੍ਰਭ ਮੇਰੇ ॥ ਤੁਝ ਬਿਨੁ ਦੂਜਾ ਅਵਰੁ ਨ ਕੋਈ ਭੂਲਹ ਚੂਕਹ ਪ੍ਰਭ ਤੇਰੇ ॥ ੧ ॥ ਰਹਾਉ ॥ ਰਿਧਿ ਨ ਬੁਧਿ ਨ ਸਿਧਿ ਪ੍ਰਗਾਸੁ ॥ ਬਿਖੈ ਬਿਆਧਿ ਕੇ ਗਾਵ ਮਹਿ ਬਾਸੁ ॥ ਕਰਣਹਾਰ ਮੇਰੇ ਪ੍ਰਭ ਏਕ ॥ ਨਾਮ ਤੇਰੇ ਕੀ ਮਨ ਮਹਿ ਟੇਕ ॥ ੨ ॥ ਸੁਣਿ ਸੁਣਿ ਜੀਵਉ ਮਨਿ ਇਹੁ ਬਿਸ੍ਰਾਮੁ ॥ ਪਾਪ ਖੰਡਨ ਪ੍ਰਭ ਤੇਰੋ ਨਾਮੁ ॥ ਤੂੰ ਅਗਨਤੁ ਜੀਅ ਕਾ ਦਾਤਾ ॥ ਜਿਸਹਿ ਜਣਾਵਹਿ ਤਿਨਿ ਤੂ ਜਾਤਾ ॥ ੩ ॥ ਜੋ ਉਪਾਇਓ ਤਿਸੁ ਤੇਰੀ ਆਸ ॥ ਸਗਲ ਅਰਾਧਹਿ ਪ੍ਰਭ ਗੁਣਤਾਸ ॥ ਨਾਨਕ ਦਾਸ ਤੇਰੈ ਕੁਰਬਾਣੁ ॥ ਬੇਅੰਤ ਸਾਹਿਬੁ ਮੇਰਾ ਮਿਹਰਵਾਣੁ ॥ ੪ ॥ ੨੬ ॥

ਛੰਤੁ ॥ ਗੁਣ ਬੇਅੰਤ ਸੁਆਮੀ ਤੇਰੇ ਕੋਇ ਨ ਜਾਨਈ ॥ ਦੇਖਿ ਚਲਤ ਦਇਆਲ ਸੁਣਿ ਭਗਤ ਵਖਾਨਈ ॥ ਜੀਅ ਜੰਤ ਸਭਿ ਤੁਝੁ ਧਿਆਵਹਿ ਪੁਰਖ ਪਤਿ ਪਰਮੇਸਰਾ ॥ ਸਰਬ ਜਾਚਿਕ ਏਕੁ ਦਾਤਾ ਕਰੁਣਾਮੈ ਜਗਦੀਸਰਾ ॥ ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਈ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਈ ॥ ੩ ॥

ਛੰਤੁ ॥ ਪ੍ਰਭ ਬਿਪਤਿ ਨਿਵਾਰਣੋ ਤਿਸੁ ਬਿਨੁ ਅਵਰੁ ਨ ਕੋਇ ਜੀਉ ॥ ਸਦਾ ਸਦਾ ਹਰਿ ਸਿਮਰੀਐ ਜਲਿ ਥਲਿ ਮਹੀਅਲਿ ਸੋਇ ਜੀਉ ॥ ਜਲਿ ਥਲਿ ਮਹੀਅਲਿ ਪੂਰਿ ਰਹਿਆ ਇਕ ਨਿਮਖ ਮਨਹੁ ਨ ਵੀਸਰੈ ॥ ਗੁਰ ਚਰਨ ਲਾਗੇ ਦਿਨ ਸਭਾਗੇ ਸਰਬ ਗੁਣ ਜਗਦੀਸਰੈ ॥ ਕਰਿ ਸੇਵ ਸੇਵਕ ਦਿਨਸੁ ਰੈਣੀ ਤਿਸੁ ਭਾਵੈ ਸੋ ਹੋਇ ਜੀਉ ॥ ਬਲਿ ਜਾਇ ਨਾਨਕ ਸੁਖਹ ਦਾਤੇ ਪਰਗਾਸੁ ਮਨਿ ਤਨਿ ਹੋਇ ਜੀਉ ॥

(ਆਦਿ ਗੁਰੂ ਸਾਹਿਬ)

ਦੋਹਰਾ ॥ ਪਾਇਨ ਪਰ ਕੈ ਬਰਨ ਜੁ ਦਯੋ ਨੰਦ ਕੇ ਸਾਥ ॥ ਕਹਿਯੋ ਭਾਗ ਮੋਹਿ ਧੰਨੁ ਹੈ ਚਲੀ ਪੁਸਤਕਨ ਗਾਥ ॥ ਹਰਿ ਜਨ ਹਰਿ ਸੰਗ ਮਿਲਤ ਹੈ ਸੁਨਤ ਪ੍ਰੇਮ ਕੀ ਗਾਥ ॥ ਜਿਉ ਡਾਰਿਉ ਮਿਲ ਜਾਤ ਹੈ ਨੀਰ ਨੀਰ ਕੇ ਸਾਥ ॥ ਕ੍ਰਿਸ਼ਨ ਜੁਧ ਜੋ ਹਉ ਕਹਿਜੇ ਅਤਿ ਹੀ ਸੰਗ ਸਨੇਹ ॥ ਜਿਹ ਲਾਲਚ ਇਹ ਮੈ ਰਚਿਜੇ ਮੋਹਿ ਵਹੇ ਬਰੁ ਦੇਹ ॥

ਸਵੈਯਾ ॥ ਜੋ ਬ੍ਰਿਜ ਨਾਇਕ ਕੇ ਰੁਚ ਸਿਉ ਕਵਿ ਸਿਆਮ ਭਨੇ ਧੁਨ ਗੀਤਨ ਰੀ ਹੈਂ ॥
ਚਾਤੁਰਤਾ ਸੰਗ ਜੋ ਹਰਿ ਕੇ ਜੱਸ ਬੀਰ ਕਬਿਤਨ ਕੇ ਜੋ ਬਨੇ ਹੈਂ ॥
ਔਰਨ ਤੇ ਸੁਨ ਜੋ ਚਰਚਾ ਹਰਿ ਕੀ ਹਰਿ ਕੇ ਉਰ ਭੀਤਰ ਦੈ ਹੈਂ ॥
ਸੋ ਕਵਿ ਸਿਆਮ ਭਨੇ ਧਰ ਕੇ ਤਨ ਯਾ ਭਵ ਭੀਤਰ ਫੇਰ ਨ ਐ ਹੈਂ ॥
ਜੋ ਗੁਨਿ ਕੈ ਗੁਨ ਸਿਆਮ ਜੂ ਕੇ ਧੁਨ ਅਉਰਨ ਤੇ ਅਰ ਆਪਨ ਗੈ ਹੈ ॥
ਆਪਨ ਜੋ ਪੜ੍ਹ ਹੈ ਪੜ੍ਹਵਾਇ ਹੈ ਅਉਰ ਕਬਿਤਨ ਬੀਚ ਬਨੈ ਹੈ ॥
ਸੋਵਤ ਜਾਗਤ ਧਾਵਤ ਧਾਮ ਸੋ ਸ੍ਰੀ ਬ੍ਰਿਜ ਨਾਇਕ ਕੀ ਸੁਧ ਲੈ ਹੈ ॥
ਸੋਊ ਸਦਾ ਕਬਿ ਸਿਆਮ ਭਨੇ ਧੁਨ ਯਾ ਭਵ ਭੀਤਰ ਫੇਰ ਨ ਐ ਹੈ ॥

— — — —

ਚਤੁਰਾਨਨ ਮੋ ਬਤੀਆ ਸੁਨ ਲੈ ਚਿਤ ਦੈ ਦੁਹ ਸ੍ਰੌਨਨ ਮੈ ਧਰੀਐ ॥
ਉਪਮਾ ਕੋ ਜਬੈ ਉਮਗੈ ਮਨ ਤਉ ਉਪਮਾ ਭਗਵਾਨ ਹੀ ਕੀ ਕਰੀਐ ॥......

(ਦਸਮ ਗ੍ਰੰਥ)

ਬਿਲਾਵਲ ਮਹਲਾ ੪ ॥ ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ ਹਰਿ ਦੇਹੁ ਮਤੀ ਜਸੁ ਕਰਾ ॥
ਤੁਮਰੈ ਸੰਗਿ ਲਗੇ ਸੇ ਉਧਰੇ ਜਿਉ ਸੰਗਿ ਕਾਸਟ ਲੋਹ ਤਰਾ ॥

— — — —

ਮਾਝ ਮਹਲਾ ੫ ॥ ਸੇ ਨੇਤ੍ਰ ਪਰਵਾਣ ਜਿਨੀ ਦਰਸਨੁ ਪੇਖਾ ॥ ਸੇ ਕਰ ਭਲੇ ਜਿਨੀ ਹਰਿ ਜਸੁ ਲੇਖਾ ॥

— — — —

ਪਉੜੀ ॥ ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ ॥
ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ ॥
ਅਠਸਠਿ ਤੀਰਥ ਮਜਨਾ ਸਭਿ ਪੁੰਨ ਤਿਨਿ ਕਿਤਾ ॥
ਸੰਸਾਰ ਸਾਗਰ ਤੇ ਉਧਰੇ ਬਿਖਿਆ ਗੜੁ ਜਿਤਾ ॥
ਨਾਨਕ ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ ॥

— — — —

ਸਲੋਕ ਮਹਲਾ ੪ ॥ ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥

— — — —

ਬਲਿ ਬਲਿ ਜੋ ਕ੍ਰਿਸਨ ਤਨਾ ਜਸੁ ਗਾਵੈ ।

(ਭਗਤ ਬਾਣੀ ਕਬੀਰ ਜੀਉ)

Sri Satguru Jagjit Singh Ji Elibrary NamdhariElibrary@gmail.com

ਵਡਹੰਸੁ ਮਹਲਾ ੧ ਛੰਤ ॥ ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ ॥

ਛੰਤ ॥ ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀਂ ਕੁਲੁ ਤਾਰਿਆ ਜੀਉ ॥

ਮਾਝ ਮਹਲਾ ੩ ॥ ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥
ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥

ਸਲੋਕ ਮ: ੩ ॥ ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥

ਮਾਰੂ ਮਹਲਾ ੫ ॥ ਸਾਧ ਸੰਗਤਿ ਗੁਣ ਉਚਾਰਣ ਹਰਿ ਨਾਮ ਅੰਮ੍ਰਿਤ ਪਾਥ ॥
ਕਰਹੁ ਕ੍ਰਿਪਾ ਮੁਰਾਰਿ ਮਾਧਉ ਸੁਣਿ ਨਾਨਕ ਜੀਵੈ ਗਾਥ ॥

ਵਾਰ ਮਾਝ ਮਹਲਾ ੧ ॥ ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ ॥
ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ ॥

ਸ੍ਰੀ ਰਾਗ ਮਹਲਾ ੧ ॥ ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥

ਜੈਤਸਰੀ ਕੀ ਵਾਰ ਸਲੋਕਾ ਨਾਲਿ ਪਉੜੀ—ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ ॥ ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ ॥ ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ ॥ ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ ॥ ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ ॥

ਬਿਲਾਵਲ ਮਹਲਾ ੫ ॥ ਦਿਨੁ ਰੈਨਿ ਸਾਖਿ ਸੁਨਾਇ ॥ ਨਾਨਕਾ ਹਰਿ ਸਰਨਾਇ ॥

— — — —

ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਯਾ ॥
ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥ ਮਾਹਿ ਸਮਾਯਾ ॥
ਜਨਮ ਮਰਨ ਭਉ ਕਟਿਆ ਸੰਸਾ ਰੋਗ ਵਿਯੋਗ ਮਿਟਾਯਾ ॥

ਭਾਈ ਗੁਰਦਾਸ ਦੀ ਵਾਰ ੧

ਗੁਰਮੁਖਿ ਪਰਉਪਕਾਰੀ ਵਿਰਲਾ ਆਇਆ ।
ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ ।
ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ ।
ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ ।
ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ ।
ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ।

ਵਾਰ/੧੯—ਸਬਦ (੧੨)

ਚੌਪਈ—ਦੁਨੀਆਂ ਕਾ ਜੀਵਨ ਦਿਨ ਚਾਰ । ਜੋਂ ਪਾਠੇ ਹੋਹਿ ਸਿਖ ਉਦਾਰ ।
ਦੇਖ ਪੜ੍ਹੇ ਤੋ ਕਰ ਹੈ ਯਾਦ । ਬਖਸ਼ੇ ਕਿਰਪਾ ਦਿਸਟ ਅਹਿਲਾਦ ।

ਸਤਿਗੁਰ ਬਿਲਾਸ—ਸੰਤ ਨਿਧਾਨ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

ਦੋਹਰਾ—ਜੈਸੇ ਸਤਿਗੁਰ ਉਡਪ ਬਿਨ ਭਏ ਝਨਾਂਉ ਪਾਰ ।
ਤੈਸੇ ਪੜ੍ਹ ਸੁਣਿ ਯਹਿ ਕਥਾ ਤਰਹਿ ਜਲਧਿ ਸੰਸਾਰ ।

(ਸੰਤ ਬਾਬਾ ਸੰਤੋਖ ਸਿੰਘ ਜੀ—ਕ੍ਰਿਤ 'ਸਤਿਗੁਰੂ ਬਿਲਾਸ')

ਮੈਂ ਇਹ ਸਾਰੇ ਗੁਰਵਾਕ, ਮੰਗਲਾਚਰਨ, ਅਰਾਧਨਾ ਵਜੋਂ ਲਿਖੇ ਹਨ । ਕਿਉਂਕਿ ਗੁਰਵਾਕ ਹੈ :—

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥

(ਸ੍ਰੀ ਰਾਗ ਮ: ੪)

ਤੇ ਹੋਰ ਗੁਰਵਾਕ ਤੇ ਮਹਾਂਪੁਰਖਾਂ ਦੇ ਵਾਕ ਭੀ ਇਸੇ ਅਰਥ ਲਿਖੇ ਹਨ ਜੋ ਉਤਸ਼ਾਹ ਤੇ ਬਖਸ਼ਸ਼ ਦੇਣ-ਹਾਰੇ ਹਨ । ਤੇ ਐਸੇ ਬਚਨ ਲਿਖਣਹਾਰੇ ਦਾ ਜੀਵਨ ਸਫਲ ਕਰਨ ਦੀ ਗਵਾਹੀ ਦਰਗਾਹੀ ਫਲ ਤੇ ਦੁਨੀਆਂ ਦੀ ਉਚ ਕਮਾਈ ਵਾਲਿਆਂ ਵਿਚ ਨਾਮ ਦਰਜ ਹੋਣ ਦੀ ਪ੍ਰੇਰਨਾ ਦੇਂਦੇ ਹਨ । ਮੈਂ ਐਸੇ ਹੀ ਅਨੇਕ ਮੰਗਲਾਚਰਨ ਕਰਨ ਦਾ ਮਨ ਬਣਾ ਅਰੰਭ ਕੀਤਾ ਹੈ। ਤੇ ਗੁਰਸਿੱਖੀ ਧਰਮ ਨੂੰ ਧਾਰਨ ਕਰ ਮੰਗ ਕੀਤੀ ਹੈ ਗੁਰੂ ਕਰਤੇ ਪਾਸੋਂ ਮੈਨੂੰ ਭੀ ਐਸੀ ਦਾਤ ਦੇਹ ।

ਚੌਪਈ ॥ ਮੈਂ ਭੀ ਤਿਨ ਕੀ ਗੈਲ ਚਲੀ ਹੌਂ । ਮਿਹਰ ਕਰੇ ਗੁਰ ਤਿਨੇ ਮਿਲੋ ਹੌਂ ।
ਗੁਰਸਿਖੀ ਕੇ ਸੰਗ ਰਲਾਏ । ਅਨ ਤਰਨੇ ਕੋ ਅਮਰ ਕਰਾਏ ।

(ਤਰਨ ਸਿੰਘ)

ਮੈਂ ਭਾਈ ਬਾਲਾ ਜੀ, ਭਾਈ ਮਨੀ ਸਿੰਘ ਜੀ, ਭਾਈ ਸੰਤੋਖ ਸਿੰਘ ਜੀ, ਗਿਆਨੀ ਗਿਆਨ ਸਿੰਘ ਜੀ, ਸੰਤ ਬਾਬਾ ਸੰਤੋਖ ਸਿੰਘ ਜੀ, ਬਾਬਾ ਕਾਲਾ ਸਿੰਘ ਜੀ, ਭਾਈ ਸੁਖਾ ਸਿੰਘ ਜੀ, ਰਤਨ ਸਿੰਘ ਜੀ, ਮਹੰਤ ਸੁਮੇਰ ਸਿੰਘ ਜੀ, ਭਾਈ ਸਾਹਿਬ ਸ: ਕਾਨ੍ਹ ਸਿੰਘ ਜੀ, ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਇੰਦਰ ਸਿੰਘ ਜੀ ਚਕਰਵਰਤੀ, ਸ: ਨਾਹਰ ਸਿੰਘ ਜੀ, ਆਦਿ ਤੋਂ ਸੁਝਾ ਉਤਸ਼ਾਹ ਲੈ ਇਹ ਸੇਵਾ ਆਪਣੇ ਸਤਿਗੁਰੂ ਜੀ ਦੇ ਇਤਿਹਾਸ ਲਿਖਣ ਦੀ ਅਰੰਭੀ ਹੈ । ਤੇ ਆਪਣਾ ਜਨਮ ਸਫਲ ਤੇ ਅਮਰ ਕਰਨ ਜੋਗ ਗੁਰ ਸਰਨ ਲਈ ਹੈ।

ਮਹਲਾ ੧ ॥ ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥
ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥

... ... ... ...

ਮੈ ਇਹੋ ਵਿਚਾਰ ਗੁਰ ਸੇਵਾ ਸਿਫਤ ਅਰੰਭੀ ਹੈ ॥
ਗੁਰ ਸੇਵਾ ਸਿਫਤ ਹੀ ਸਦਾ ਸਿਖਨ ਅਵਲੰਬੀ ਹੈ ॥
ਗੁਰ ਤੁਮ ਦਾਸਹਿ ਦਈ ਸੇਵ ਮਹਾਂ ਦੁਰਲੰਭੀ ਹੈ ॥
ਇਹ ਦਾਤ ਬਖਸ਼ ਅਮਰ ਮੌਤ ਗੁਰਪੰਥੀ ਹੈ ॥

(ਤਰਨ ਸਿੰਘ ਸ੍ਰੀ ਰਾਮਪੁਰ)

Sri Satguru Jagjit Singh Ji Elibrary NamdhariElibrary@gmail.com

ੴ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਅੱਵਲ ਹੋਯਾ ਆਦਿ ਪੁਰਖ ਦੁਤੀਏ ਮਾਯਾ ਕੀਨ ।
ਤ੍ਰਿਤੀਏ ਹੋਯਾ ਵਾਸਦੇਵ ਚਉਥੇ ਬ੍ਰਹਮਾਂ ਚੀਨ ।
ਪੰਚਮ ਹੋਯਾ ਮਹਾਂ ਦੇਵ ਛੇਵਾਂ ਕੱਸਪ ਉਪਾਇ ।
ਕਸਪੋ ਰਵਿ ਸਸ ਉਪਜਿਆ ਸਿਵ ਸਰੂਪ ਕਹਾਇ ।
ਸੂਰਜ ਤੇ ਮਨੁ ਉਪਜਿਆ ਮਾਨਸ ਧਰਿਆ ਨਾਮ ।
ਮਨੁ ਤੇ ਕੁਰਸੀ ਬਹੁ ਭਈ ਗਿਣੇ ਨ ਜਾਈ ਨਾਮ ।
ਸੂਰਜਕੁਲ ਤੇ ਰਘੁ ਭਇਆ ਰਘੁਬੰਸੀ ਭਇਆ ਰਾਮ ।
ਰਾਮਚੰਦ ਕੇ ਦੁਇ ਸੁਤ ਲਵ ਕੁਸੁ ਤਿਹ ਨਾਮ ।
ਏਹ ਹਮਾਰੇ ਬਡੇ ਹੈਂ ਜੁਗਾਂ ਜੁਗਾਂ ਅਵਤਾਰ ।
ਇਨਹੀ ਕੇ ਗ੍ਰਿਹਿ ਉਪਜੇ ਨਾਨਕ ਕਲ ਅਵਤਾਰ ।

ੴ ਸਤਿਗੁਰ ਪ੍ਰਸਾਦਿ ॥

## ਦਸਮ ਗ੍ਰੰਥ ਚੋਂ ਬਾਣੀ ਬਚਿਤ੍ਰ ਨਾਟਕ ਦਾ ਦੂਜਾ ਧਿਆਇ ॥

ਚੌਪਈ ॥ ਅਬ ਮੈ ਕਹੋ ਸੁ ਅਪਨੀ ਕਥਾ । ਸੋਢੀ ਬੰਸ ਉਪਜਿਆ ਜਥਾ ।
ਦੋਹਰਾ ॥ ਪ੍ਰਿਥਮ ਕਥਾ ਸੰਛੇਪਤੇ ਕਹੋ ਸੁ ਹਿਤ ਚਿਤ ਲਾਇ ॥
ਬਹੁਰ ਬਡੋ ਬਿਸਥਾਰ ਕੈ ਕਹਿਹੌ ਸਭੈ ਸੁਨਾਇ ॥
ਚੌਪਈ ॥ ਪ੍ਰਿਥਮ ਕਾਲ ਜਬ ਕਰਾ ਪਸਾਰਾ । ਓਅੰਕਾਰ ਤੇ ਸ੍ਰਿਸਟਿ ਉਪਾਰਾ ।
ਕਾਲ ਸੈਨ ਪ੍ਰਥਮੈ ਭਇਓ ਭੂਪਾ । ਅਧਿਕ ਅਤੁਲ ਬਲ ਰੂਪ ਅਨੂਪਾ ।
ਕਾਲਕੇਤ ਦੂਸਰ ਭੂਅ ਭਯੋ । ਕ੍ਰੂਰ ਬਰਸ ਤੀਸਰ ਜਗ ਠਯੋ ।
ਕਾਲ ਧੁਜ ਚਤੁਰਥ ਨ੍ਰਿਪ ਸੋਹੈ । ਜਿਹ ਤੇ ਭਇਓ ਜਗਤ ਸਭ ਕੋ ਹੈ ।
ਸਹਸ-ਰਾਛ ਜਾ ਕੇ ਸੁਭ ਸੋਹੈ । ਸਹਸ ਪਾਦ ਜਾ ਕੇ ਤਨ ਮੋ ਹੈ ।
ਸੇਖ ਨਾਗ ਪਰ ਸੋਇਬੋ ਕਰੈ । ਜਗ ਤਿਹ ਸੇਖ ਸਾਇ ਉਚਰੈ ।......
ਏਕ ਸ੍ਰਵਣ ਤੇ ਮੈਲ ਨਿਕਾਰਾ । ਤਾ ਤੇ ਮਧੁ ਕੀਟਭ ਤਨ ਧਾਰਾ ।
ਦੁਤੀਯ ਕਾਨ ਤੇ ਮੈਲ ਨਿਕਾਰੀ । ਤਾ ਤੇ ਭਈ ਸ੍ਰਿਸਟਿ ਇਹ ਸਾਰੀ ।
ਤਿਨ ਕੋ ਕਾਲ ਬਹੁਰ ਬਧ ਕਰਾ । ਤਿਨ ਕੋ ਮੇਦ ਸਮੁੰਦ ਮਹਿ ਧਰਾ ।

Sri Satguru Jagjit Singh Ji Elibrary NamdhariElibrary@gmail.com

ਰਿਕਨ ਤਾਸ ਜਲ ਪਰ ਤਿਰ ਰਹੀ । ਮੇਧਾ ਨਾਮ ਤਬਹਿ ਤੇ ਕਹੀ ।
ਸਾਧ ਕਰਮ ਜੋ ਪੁਰਖ ਕਮਾਵੈ । ਨਾਮ ਦੇਵਤਾ ਜਗਤ ਕਹਾਵੈ ।
ਕੁਕ੍ਰਿਤ ਕਰਮ ਜੋ ਜਗ ਮੈ ਕਰਹੀ । ਨਾਮ ਅਸੁਰ ਤਿਨਕੋ ਸਭ ਧਰਹੀ ।
ਬਹੁ ਬਿਸਥਾਰ ਕਹ ਲਗੀ ਬਖਾਨੀਅਤ । ਗ੍ਰੰਥ ਬਢਨ ਤੇ ਅਤਿ ਡਰ ਮਾਨੀਅਤ ।
ਤਿਨਤੇ ਹੋਤ ਬਹੁਤ ਨ੍ਰਿਪ ਆਏ । ਦੱਛ ਪ੍ਰਜਾਪਤਿ ਜਿਨ ਉਪਜਾਏ ।
ਦਸ ਸਹੰਸ੍ਰ ਤਿਹ ਗ੍ਰਿਹਿ ਭਈ ਕੰਨਿਆ । ਜਿਹ ਸਮਾਨ ਕਹ ਲਗੀ ਨ ਅੰਨਿਆ ।
ਕਾਲ ਕ੍ਰਿਆ ਐਸੀ ਤਹ ਭਈ । ਤੇ ਸਭ ਬਿਆਹਿ ਨਰੇਸਨ ਦਈ ।

ਦੋਹਰਾ ॥ ਬਨਤਾ ਕਦ੍ਰੂ ਦਿਤਿ ਅਦਿਤਿ ਏ ਰਿਖ ਬਰੀ ਬਨਾਇ ।
ਨਾਗ ਨਾਗਰਿਪ ਦੇਵ ਸਭ ਦਈਤ ਲਏ ਉਪਜਾਇ ।

ਚੌਪਈ ॥ ਤਾਂਤੇ ਸੂਰਜ ਰੂਪ ਕੋ ਧਰਾ । ਜਾ ਤੇ ਬੰਸ ਪ੍ਰਚੁਰ ਰਵਿ ਕਰਾ ।
ਜੋ ਤਿਨ ਕੇ ਕਹੇ ਨਾਮ ਸੁਨਾਊਂ । ਕਥਾ ਬਢਨ ਤੇ ਅਧਿਕ ਡਰਾਊਂ ।
ਤਿਨਕੇ ਬੰਸ ਬਿਖੈ ਰਘੁ ਭਯੋ । ਰਘੁਬੰਸਹਿ ਜਿਹ ਜਗਹਿ ਚਲਯੋ ।
ਤਾਂਤੇ ਪੁਤ੍ਰ ਹੋਤ ਭਯੋ ਅਜ ਬਰ । ਮਹਾਰਥੀ ਅਰ ਮਹਾ ਧਨੁਰ ਧਰ ।
ਤਿਨ ਜਬ ਭੇਸ ਜੋਗ ਕੋ ਲਯੋ । ਰਾਜ ਪਾਟ ਦਸਰਥ ਕੋ ਦਯੋ ।
ਹੋਤ ਭਯੋ ਵਹ ਮਹਾ ਧਨੁਰ ਧਰ । ਤੀਨ ਤ੍ਰਿਆਨ ਬਰਾ ਜਿਹ ਰੁਚਿ ਕਰ ।
ਪ੍ਰਿਥਮ ਜਯੋ ਤਿਹ ਰਾਮ ਕੁਮਾਰਾ । ਭਰਥ ਲਛਮਨ ਸਤ੍ਰੁ ਬਿਦਾਰਾ ।
ਬਹੁਤ ਕਾਲ ਤਿਨ ਰਾਜ ਕਮਾਯੋ । ਕਾਲ ਪਾਏ ਸੁਰ ਪੁਰਹਿ ਸਿਧਾਯੋ ।
ਸੀਅ ਸੁਤ ਬਹੁਰ ਭਏ ਦੁਇ ਰਾਜਾ । ਰਾਜ ਪਾਟ ਉਨ ਹੀ ਕਉ ਛਾਜਾ ।
ਮਦ੍ਰ ਦੇਸ ਏਸੁਰਜ ਬਰੀ ਜਬ । ਭਾਂਤ ਭਾਂਤ ਕੇ ਜਗ ਕੀਏ ਤਬ ।
ਤਹਹੀ ਤਿਨ ਬਾਂਧੇ ਦੁਇ ਪੁਰਵਾ । ਏਕ ਕਸੂਰ ਦੁਤੀਆ ਲਹੁਰਵਾ ।
ਅਧਿਕ ਪੁਰੀ ਤੇ ਦੋਊ ਬਿਰਾਜੀ । ਨਿਰਖ ਲੰਕ ਅਮਰਾਵਤ ਲਾਜੀ ।
ਬਹੁਤ ਕਾਲ ਤਿਨ ਰਾਜ ਕਮਾਯੋ । ਜਾਲ ਕਾਲ ਤੇ ਅੰਤ ਫਸਾਯੋ ।
ਤਿਨ ਤੇ ਪੁਤ੍ਰ ਪੌਤ੍ਰ ਜੋ ਵਏ । ਰਾਜ ਕਰਤ ਇਹ ਜਗ ਕੋ ਭਏ ।
ਕਹਾ ਲਗੋ ਤਿਹ ਬਰਨ ਸੁਨਾਊਂ । ਤਿਨਕੇ ਨਾਮ ਨ ਸੰਖਿਆ ਪਾਊਂ ।
ਹੋਤ ਚਹੂੰ ਜੁਗ ਮੈ ਜੋ ਆਏ । ਤਿਨਕੇ ਨਾਮ ਨ ਜਾਤ ਗਨਾਏ ।
ਜੌ ਅਬ ਤਉ ਕਿਰਪਾ ਬਲ ਪਾਊਂ । ਨਾਮ ਜਥਾ ਮਤਿ ਭਾਖ ਸੁਨਾਊਂ ।
ਕਾਲ ਕੇਤ ਅਰ ਕਾਲ ਰਾਏ ਭਨ । ਜਿਨ ਤੇ ਭਏ ਪੁਤ੍ਰ ਘਰ ਅਨਗਨ ।
ਕਾਲ ਕੇਤ ਭਏ ਬਲੀ ਅਪਾਰਾ । ਕਾਲ ਰਾਏ ਜਿਨ ਨਗਰ ਨਿਕਾਰਾ ।
ਭਾਜ ਸਨੌਢ ਦੇਸ ਤੇ ਗਏ । ਤਹੀ ਭੂਪ ਜਾ ਬਿਆਹਤ ਭਏ ।
ਤਿਹ ਤੇ ਪੁਤ੍ਰ ਭਯੋ ਜੋ ਧਾਮਾਂ । ਸੋਢੀ ਰਾਏ ਧਰਾ ਤਿਹ ਨਾਮਾਂ ।
ਬੰਸ ਸਨੌਢ ਤਾ ਦਿਨ ਤੇ ਥੀਆ । ਪਰਮ ਪਵਿਤ੍ਰ ਪੁਰਖ ਜੂ ਕੀਆ ।
ਤਾਂਤੇ ਪੁਤ੍ਰ ਪੌਤ੍ਰ ਹੋਇ ਆਇ । ਤੇ ਸੋਢੀ ਸਭ ਜਗਤ ਕਹਾਇ ।

Sri Satguru Jagjit Singh Ji Elibrary NamdhariElibrary@gmail.com

## ਭੁਜੰਗ ਪ੍ਰਯਾਤ ਛੰਦ

ਜਿਨੈ ਬੇਦ ਪਠਿਯੋ ਸੋ ਬੇਦੀ ਕਹਾਏ । ਤਿਨੈ ਧਰਮ ਕੇ ਕਰਮ ਨੀਕੇ ਚਲਾਏ ।
ਪਠੈ ਕਾਗਦੰ ਮਦ੍ਰ ਰਾਜਾ ਸੁਧਾਰੰ । ਆਪੋ ਆਪ ਮੋ ਬੈਰ ਭਾਵੰ ਬਿਸਾਰੰ ।
ਨ੍ਰਿਪੰ ਮੁਕਲਿਯੰ ਦੂਤ ਸੋ ਕਾਸਿ ਆਯੰ । ਸਬੈ ਬੇਦਿਯੰ ਭੇਦ ਭਾਖੇ ਸੁਨਾਯੰ ।
ਸਬੈ ਬੇਦ ਪਾਠੀ ਚਲੇ ਮੱਦ੍ਰ ਦੇਸੰ । ਪ੍ਰਣਾਮੰ ਕੀਯੰ ਆਨ ਕੈ ਕੈ ਨਰੇਸੰ ।
ਧੁਨੰ ਬੇਦ ਕੀ ਭੂਪ ਤਾਤੇ ਕਰਾਈ । ਸਬੈ ਪਾਸ ਬੈਠੇ ਸਭਾ ਬੀਚ ਭਾਈ ।
ਪੜ੍ਹੇ ਸਾਮਬੇਦੰ ਜੁਜਰਬੇਦ ਕੱਥੰ । ਰਿਗੰ ਬੇਦ ਪਠਿਯੰ ਕਰੇ ਭਾਵ ਹੱਥੰ ।

ਰਸਾਵਲ ਛੰਦ ॥ ਅਥਰ ਬੇਦ ਪੱਠਯੰ । ਸੁਣੇ ਪਾਪ ਨੱਠਯੰ ।
ਰਹਾ ਰੀਝ ਰਾਜਾ । ਦੀਯਾ ਸਰਬ ਸਾਜਾ ।
ਲਯੋ ਬਨ ਬਾਸੰ । ਮਹਾਂ ਪਾਪ ਨਾਸੰ ।
ਰਿਖੰ ਭੇਸ ਕੀਯੰ । ਤਿਸੈ ਰਾਜ ਦੀਯੰ ।
ਰਹੇ ਹੇਰ ਲੋਗੀ । ਤਜੇ ਸਰਬ ਸੋਗੀ ।
ਧਨੰ ਧਾਮ ਤਿਆਗੇ । ਪ੍ਰਭੁ ਪ੍ਰੇਮ ਪਾਗੇ ।

ਦੋਹਰਾ ॥ ਲਵੀ ਰਾਜ ਦੇ ਬਨ ਗਏ ਬੇਦੀਅਨ ਕੀਨੋ ਰਾਜ ।
ਭਾਂਤਿ ਭਾਂਤਿ ਤਿਨਿ ਭੋਗੀਐ ਭੂਅ ਕਾ ਸਕਲ ਸਮਾਜ ।

ਅੜਿਲ ॥ ਬੇਦੀ ਭਏ ਪ੍ਰਸੰਨ ਰਾਜ ਕਹ ਪਾਇਕੈ ।
ਦੇਤ ਭਯੋ ਬਰਦਾਨ ਹੀਐ ਹੁਲਸਾਇ ਕੈ ।
ਜਬ ਨਾਨਕ ਹਮ ਕਲ ਮੈ ਆਨ ਕਹਾਇ ਹੈਂ ।
ਹੋ ਜਗਤ ਪੂਜ ਕਰ ਤੋਹਿ ਪਰਮਪਦ ਪਾਇ ਹੈਂ ।

ਚੌਪਈ ॥ ਤ੍ਰਿਤੀਆ ਬੇਦ ਸੁਨਬੇ ਤੁਮ ਕੀਆ । ਚਤੁਰ ਬੇਦ ਸੁਨ ਭੂਅ ਕੋ ਦੀਆ ।
ਤੀਨ ਜਨਮ ਹਮਹੂ ਜਬ ਧਰ ਹੈਂ । ਚਉਥੇ ਜਨਮ ਗੁਰੂ ਤੋਹਿ ਕਰ ਹੈਂ ।
ਉਤ ਰਾਜਾ ਕਾਨਨਹਿ ਸਿਧਾਯੋ । ਇਤ ਇਨ ਰਾਜ ਕਰਤ ਸੁਖ ਪਾਯੋ ।
ਕਹਾ ਲਗੋ ਕਹਿ ਕਥਾ ਸੁਨਾਊਂ । ਗ੍ਰੰਥ ਬਢਨ ਤੇ ਅਧਿਕ ਡਰਾਊਂ ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਬੇਦ ਪਾਠ ਭੇਟ ਰਾਜ ਚਤੁਰਥ ਧਿਆਏ
ਸਮਾਪਤ ਮਸਤਸੁਭ ਮਸਤੁ ॥ ੪ ॥ ਅਫਜੂ ॥

## ਨਰਾਜ ਛੰਦ

ਬਹੁਰ ਬਿਖਾਦ ਬਾਧਿਯੰ । ਕਿਨੀ ਨ ਤਾਹਿ ਸਾਧਿਯੰ ।
ਕਰੰਮ ਕਾਲ ਯੋ ਭਈ । ਸੁ ਭੂਮਿ ਬੰਸ ਤੇ ਗਈ ।

Sri Satguru Jagjit Singh Ji Elibrary NamdhariElibrary@gmail.com

ਦੋਹਰਾ ॥ ਬਿਪ੍ਰ ਕਰਤ ਭਏ ਸੂਦ੍ਰ ਬ੍ਰਿਤਿ ਛੱਤ੍ਰੀ ਬੈਸਨ ਕਰਮ ।
ਬੈਸ ਕਰਤ ਭਏ ਛਤ੍ਰਿ ਬ੍ਰਿਤਿ ਸੂਦ੍ਰ ਸੁ ਦਿਜਕੋ ਧਰਮ ।
ਚੌਪਈ ॥ ਬੀਸ ਗਾਵ ਤਿਨ ਕੇ ਰਹਿ ਗਏ । ਜਿਨ ਮੋ ਕਰਤ ਕ੍ਰਿਸਾਨੀ ਭਏ ।
ਬਹੁਤ ਕਾਲ ਇਹ ਭਾਂਤ ਬਿਤਾਯੋ । ਜਨਮ ਸਮੈਂ ਨਾਨਕ ਕੋ ਆਯੋ ।
ਦੋਹਰਾ ॥ ਤਿਨ ਬੇਦੀਅਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ ।
ਸਭ ਸਿੱਖਨ ਕੋ ਸੁਖ ਦਏ ਜਹ ਤਹ ਭਏ ਸਹਾਇ ।
ਚੌਪਈ ॥ ਤਿਨ ਇਹ ਕਲ ਮੋ ਧਰਮੁ ਚਲਾਯੋ । ਸਭ ਸਾਧਨ ਕੋ ਰਾਹੁ ਬਤਾਯੋ ।
ਜੋ ਤਾਕੇ ਮਾਰਗ ਮਹਿ ਆਏ । ਤੇ ਕਬਹੂੰ ਨਹੀ ਪਾਪ ਸੰਤਾਏ ।
ਜੇ ਜੇ ਪੰਥ ਤਵਨ ਕੇ ਪਰੇ । ਤਾਪ ਪਾਪ ਤਿਨ ਕੇ ਪ੍ਰਭ ਹਰੇ ।
ਦੂਖ ਭੂਖ ਕਬਹੂੰ ਨ ਸੰਤਾਏ । ਜਾਲ ਕਾਲ ਕੇ ਬੀਚ ਨ ਆਏ ।
ਨਾਨਕ ਅੰਗਦ ਕੋ ਬਪੁ ਧਰਾ । ਧਰਮ ਪ੍ਰਚੁਰ ਇਹ ਜਗ ਮੋ ਕਰਾ ।
ਅਮਰਦਾਸ ਪੁਨ ਨਾਮੁ ਕਹਾਯੋ । ਜਨ ਦੀਪਕ ਤੇ ਦੀਪ ਜਗਾਯੋ ।
ਜਬ ਬਰਦਾਨ ਸਮੈ ਵਹੁ ਆਵਾ । ਰਾਮਦਾਸ ਤਬ ਗੁਰੂ ਕਹਾਵਾ ।
ਤਿਹ ਬਰਦਾਨ ਪੁਰਾਤਨ ਦੀਆ । ਅਮਰਦਾਸ ਸੁਰਪੁਰਿ ਮਗੁ ਲੀਆ ।
ਸ੍ਰੀ ਨਾਨਕ ਅੰਗਦਿ ਕਰ ਮਾਨਾ । ਅਮਰਦਾਸ ਅੰਗਦ ਪਹਿਚਾਨਾ ।
ਅਮਰਦਾਸ ਰਾਮਦਾਸ ਕਹਾਯੋ । ਸਾਧਨ ਲਖਾ ਮੂੜ ਨਹਿ ਪਾਯੋ ।
ਭਿੰਨ ਭਿੰਨ ਸਭਹੂੰ ਕਰ ਜਾਨਾ । ਏਕ ਰੂਪ ਕਿਨਹੂੰ ਪਹਿਚਾਨਾ ।
ਜਿਨ ਜਾਨਾ ਤਿਨ ਹੀ ਸਿਧ ਪਾਈ । ਬਿਨ ਸਮਝੇ ਸਿਧ ਹਾਥ ਨ ਆਈ ।
ਰਾਮਦਾਸ ਹਰਿ ਸੋ ਮਿਲ ਗਏ । ਗੁਰਤਾ ਦੇਤ ਅਰਜੁਨਹਿ ਭਏ ।
ਜਬ ਅਰਜਨ ਪ੍ਰਭ ਲੋਕ ਸਿਧਾਏ । ਹਰਿਗੋਬਿੰਦ ਤਿਹ ਠਾਂ ਠਹਿਰਾਏ ।
ਹਰਿਗੋਬਿੰਦ ਪ੍ਰਭ ਲੋਕ ਸਿਧਾਰੇ । ਹਰੀ ਰਾਇ ਤਿਹ ਠਾਂ ਬੈਠਾਰੇ ।
ਹਰੀ ਕ੍ਰਿਸਨ ਤਿਨ ਕੇ ਸੁਤ ਵਏ । ਤਿਨ ਤੇ ਤੇਗ ਬਹਾਦਰ ਭਏ ।
ਤਿਲਕ ਜੰਞੂ ਰਾਖਾ ਪ੍ਰਭ ਤਾਕਾ । ਕੀਨੋ ਬਡੋ ਕਲੂ ਮਹਿ ਸਾਕਾ ।
ਸਾਧਨ ਹੇਤ ਇਤੀ ਜਿਨ ਕਰੀ । ਸੀਸੁ ਦੀਆ ਪਰ ਸੀ ਨ ਉਚਰੀ ।
ਧਰਮਹੇਤ ਸਾਕਾ ਜਿਨ ਕੀਆ । ਸੀਸ ਦੀਆ ਪਰ ਸਿਰਰ ਨ ਦੀਆ ।
ਨਾਟਕ ਚੇਟਕ ਕੀਏ ਕੁਕਾਜਾ । ਪ੍ਰਭ ਲੋਗਨ ਕਹਿ ਆਵਤ ਲਾਜਾ ।
ਦੋਹਰਾ ॥ ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਆ ਪਯਾਨ ।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ।
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ।
ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਪਾਤਸਾਹੀ ਬਰਨਨੰ ਨਾਮ ਪੰਚਮੋ ਧਿਆਇ
ਸਮਾਪਤੁ ਸੁਭ ਸਮਾਪਤੁ ॥ ਅਫਜੂ ॥

Sri Satguru Jagjit Singh Ji Elibrary NamdhariElibrary@gmail.com

ਚੌਪਈ ॥ ਅਬ ਮੈਂ ਅਪਨੀ ਕਥਾ ਬਖਾਨੋ । ਤਪ ਸਾਧਨ ਜਿਹ ਬਿਧਿ ਮੋਹਿ ਆਨੋਂ ।
ਹੇਮ ਕੁੰਡ ਪਰਬਤ ਹੈ ਜਹਾਂ । ਸਪਤ ਸ੍ਰਿੰਗ ਸੋਭਤ ਹੈ ਤਹਾਂ ।
ਸਪਤ ਸ੍ਰਿੰਗ ਤਿਹ ਨਾਮ ਕਹਾਵਾ । ਪੰਡ ਰਾਜ ਜਹ ਜੋਗ ਕਮਾਵਾ ।
ਤਹ ਹਮ ਅਧਿਕ ਤਪੱਸਿਆ ਸਾਧੀ । ਮਹਾਕਾਲ ਕਾਲਕਾ ਅਰਾਧੀ ।
ਇਹ ਬਿਧਿ ਕਰਤ ਤਪੱਸਿਆ ਭਯੋ । ਦ੍ਵੈ ਤੇ ਏਕ ਰੂਪ ਹ੍ਵੈ ਗਯੋ ।
ਤਾਤ ਮਾਤ ਮੁਰ ਅਲਖ ਅਰਾਧਾ । ਬਹੁ ਬਿਧਿ ਜੋਗ ਸਾਧਨਾ ਸਾਧਾ ।
ਤਿਨ ਜੋ ਕਰੀ ਅਲਖ ਕੀ ਸੇਵਾ । ਤਾਤੇ ਭਏ ਪ੍ਰਸੰਨ ਗੁਰ ਦੇਵਾ ।
ਤਿਨ ਪ੍ਰਭ ਜਬ ਆਇਸ ਮੋਹਿ ਦੀਆ । ਤਬ ਹਮ ਜਨਮ ਕਲੂ ਮਹਿ ਲੀਆ ।......

ਹਮ ਇਹ ਕਾਜ ਜਗਤ ਮੋ ਆਏ । ਧਰਮ ਹੇਤ ਗੁਰ ਦੇਵ ਪਠਾਏ ।
ਜਹਾ ਤਹਾ ਤੁਮ ਧਰਮ ਬਿਥਾਰੋ । ਦੁਸਟ ਦੋਖੀਅਨ ਪਕਰਿ ਪਛਾਰੋ ।
ਯਾ ਹੀ ਕਾਜ ਧਰਾ ਹਮ ਜਨਮੰ । ਸਮਝਿ ਲੇਹੁ ਸਾਧੂ ਸਭ ਮਨਮੰ ।
ਧਰਮ ਚਲਾਵਨ ਸੰਤ ਉਬਾਰਨ । ਦੁਸਟ ਸਭਨ ਕੋ ਮੂਲ ਉਖਾਰਨ ।

ਦੋਹਰਾ ॥ ਜਬ ਆਇਸ ਪ੍ਰਭ ਕੋ ਭਯੋ ਜਨਮ ਧਰਾ ਜਗ ਆਇ ।
ਅਬ ਮੈ ਕਥਾ ਸੰਛੇਪਤੇ ਸਭਹੂ ਕਹਤ ਸੁਨਾਇ ।

ਆਗਿਆ ਕਾਲ ਜਗ ਪ੍ਰਵੇਸ ਕਰਨ ਖਸਟਮੋ ਧਿਆਏ ਤੋਂ ਅਗੇ
ਅਥ ਕਬਿ ਜਨਮ ਕਥਨੰ ॥

ਚੌਪਈ ॥ ਮੁਰ ਪਿਤ ਪੂਰਬ ਕੀਅਸ ਪਯਾਨਾ । ਭਾਂਤਿ ਕੇ ਤੀਰਥ ਨ੍ਹਾਨਾ ।
ਜਬ ਹੀ ਜਾਤ ਤ੍ਰਿਬੇਣੀ ਭਏ । ਪੁੰਨ ਦਾਨ ਦਿਨ ਕਰਤ ਬਿਤਏ ।
ਤਹੀ ਪ੍ਰਕਾਸ ਹਮਾਰਾ ਭਯੋ । ਪਟਨਾ ਸਹਰ ਬਿਖੈ ਭਵ ਲਯੋ ।
ਮਦ੍ਰ ਦੇਸ ਹਮ ਕੋ ਲੇ ਆਏ । ਭਾਂਤਿ ਭਾਂਤਿ ਦਾਈਅਨ ਦੁਲਰਾਏ ।
ਕੀਨੀ ਅਨਿਕ ਭਾਂਤ ਤਨ ਰੱਛਾ । ਦੀਨੀ ਭਾਂਤਿ ਭਾਂਤਿ ਕੀ ਸਿਛਾ ।
ਜਬ ਹਮ ਧਰਮ ਕਰਮ ਮੋ ਆਏ । ਦੇਵ ਲੋਕ ਤਬ ਪਿਤਾ ਸਿਧਾਏ ।

ਜੈਸੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵਡਿਆਂ ਤੇ ਮਹਾਂਪੁਰਸ਼ਾਂ ਦੀਆਂ ਸਾਖੀਆਂ ਬੰਸਾਵਲੀਆਂ ਦਸੀਆਂ ਨੇ , ਤੈਸੇ ਮੈਂ ਵੀ ਇਹਨਾਂ ਤੋਂ ਉਤਸ਼ਾਹ ਆਸਰਾ ਲੈ, 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨ' (ਭਾਵ ਵਡਿਆਂ ਦੀਆਂ ਸਾਖੀਆਂ ਪੁੱਤਾਂ ਨੂੰ ਸਪੁੱਤ ਬਣਾ ਦੇਂਦੀਆਂ ਨੇ) ਵਾਂਗ ਇਹ ਗ੍ਰੰਥ ਵਡੇਰੇ ਸਾਧਾਂ, ਸਤਿਗੁਰਾਂ ਦਾ, ਸਾਧ ਸੰਗਤ ਦੀ ਭੇਟਾ ਕਰਦਾ ਹਾਂ ।

(ਰਤਨ ਸਿੰਘ)

ੴ

*ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥*

## ਅਥ ਗੁਰ ਪ੍ਰਕਾਸ਼, ਗੁਰਪੁਰਬ, ਗੁਰ ਬੰਸ

## ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਤਕ

**ਸ੍ਰੀ ਗੁਰੂ ਨਾਨਕ ਦੇਵ ਜੀ** ਪ੍ਰਗਟੇ ਕਤਕ ਪੂਰਨਮਾਸ਼ੀ ਸੰਮਤ ੧੫੨੬ ਬਿਕ੍ਰਮੀ, ਰਾਇ ਭੋਇ ਦੀ ਤਲਵੰਡੀ, ਪਿਤਾ ਕਾਲੂ ਚੰਦ ਬੇਦੀ ਖਤ੍ਰੀ, ਮਾਤਾ ਤ੍ਰਿਪਤਾ, ਭੈਣ ਨਾਨਕੀ, ਮਹਿਲ ਸੁਲਖਣੀ, ਸਪੁਤ੍ਰ ਬਾਬਾ ਸ੍ਰੀ ਚੰਦ ਜੀ ਤੇ ਲਖਮੀ ਦਾਸ ਜੀ।

**ਗੁਰੂ ਅੰਗਦ ਦੇਵ ਜੀ** ਪ੍ਰਗਟੇ ਮਤੇ ਦੀ ਸਰਾਏ, ਵੈਸਾਖ ਵਦੀ ੧ ਸੰਮਤ ੧੫੬੧ ਬਿ:, ਪਿਤਾ ਫੇਰੂ ਮੱਲ ਖਤ੍ਰੀ ਤ੍ਰੇਹਣ, ਮਾਤਾ ਦਇਆ ਕੌਰ, ਪਹਿਲਾ ਨਾਮ ਲਹਿਣਾ, ਮਹਿਲ ਖੀਵੀ, ਸਪੁਤ੍ਰ ਦਾਤੂ ਤੇ ਦਾਸੂ ਜੀ, ਬੀਬੀਆਂ ਅਮਰੋ ਤੇ ਅਨੋਖੀ ਜੀ।

**ਗੁਰੂ ਅਮਰ ਦਾਸ ਜੀ** ਪ੍ਰਗਟੇ ਵੈਸਾਖ ਸੁਦੀ ੧੪ ਸੰਮਤ ੧੫੩੬ ਬਿ:, ਬਾਸਰਕੇ ਪਿੰਡ, ਪਿਤਾ ਤੇਜ ਭਾਨ ਜੀ ਭੱਲੇ ਖਤ੍ਰੀ, ਮਾਤਾ ਸੁਲਖਣੀ ਜੀ, ਮਹਿਲ ਮਨਸਾ ਦੇਵੀ ਜੀ, ਸਪੁਤ੍ਰ ਮੋਹਨ ਤੇ ਮੋਹਰੀ ਜੀ।- ਸਪੁਤ੍ਰੀਆਂ ਭਾਨੀ ਤੇ ਦਾਨੀ ਜੀ।

**ਗੁਰੂ ਰਾਮ ਦਾਸ ਜੀ** ਪ੍ਰਗਟੇ ਕਤਕ ਵਦੀ ੨ ਸੰਮਤ ੧੫੯੧ ਬਿ:, ਚੂਨਾ ਮੰਡੀ ਲਾਹੌਰ, ਪਿਤਾ ਹਰਦਿਆਲ ਸੋਢੀ, ਮਾਤਾ ਦਇਆ ਕੌਰ, ਪਹਿਲਾ ਨਾਮ ਜੇਠਾ, ਮਹਿਲ ਭਾਨੀ ਜੀ, ਸਪੁਤ੍ਰ ਪ੍ਰਿਥੀ ਚੰਦ, ਮਹਾਂ ਦੇਵ ਤੇ ਗੁਰੂ ਅਰਜਨ ਦੇਵ ਜੀ।

**ਗੁਰੂ ਅਰਜਨ ਦੇਵ ਜੀ** ਪ੍ਰਗਟੇ ਵੈਸਾਖ ਵਦੀ ੭ ਸੰਮਤ ੧੬੨੦ ਬਿ:, ਸ੍ਰੀ ਅੰਮ੍ਰਿਤਸਰ, ਪਿਤਾ ਗੁਰੂ ਰਾਮਦਾਸ ਜੀ ਸੋਢੀ, ਮਾਤਾ ਭਾਨੀ ਜੀ, ਮਹਿਲ ਗੰਗਾ ਜੀ, ਸਪੁਤ੍ਰ ਗੁਰੂ ਹਰਿਗੋਬਿੰਦ ਜੀ, ਜੇਠ ਸੁਦੀ ਚੌਥ ਲਾਹੌਰ ੧੬੬੩ ਸ਼ਹੀਦ ਹੋਏ।

**ਗੁਰੂ ਹਰਿਗੋਬਿੰਦ ਜੀ** ਪ੍ਰਗਟੇ ਹਾੜ ਵਦੀ ੬ ਸੰਮਤ ੧੬੫੨ ਬਿ:, ਵਡਾਲੀ, ਪਿਤਾ ਗੁਰੂ ਅਰਜਨ ਦੇਵ ਜੀ, ਮਾਤਾ ਗੰਗਾ ਜੀ, ਮਹਿਲ ਦਮੋਦਰੀ-ਨਾਨਕੀ ਤੇ ਮਰਵਾਹੀ, ਸਪੁਤ੍ਰ ਬਾਬਾ ਗੁਰਦਿਤਾ ਜੀ, ਸੂਰਜ ਮਲ, ਅਣੀ ਰਾਏ, ਅਟੱਲ ਰਾਏ ਤੇ ਤੇਗ ਬਹਾਦਰ ਜੀ, ਸਪੁਤ੍ਰੀ ਵੀਰੋ ਜੀ।

**ਗੁਰੂ ਹਰਿ ਰਾਏ ਜੀ** ਪ੍ਰਗਟੇ ਮਾਘ ਸੁਦੀ ੧੩ ਸੰਮਤ ੧੬੮੬ ਬਿ:, ਅੰਮ੍ਰਿਤਸਰ, ਪਿਤਾ ਬਾਬਾ ਗੁਰਦਿਤਾ ਜੀ, ਮਾਤਾ ਨਿਹਾਲ ਕੌਰ, ਮਹਿਲ ਕ੍ਰਿਸ਼ਨਾ ਕੌਰ, ਅਨੋਖੀ, ਲਾਡਿਕੀ, ਚੰਦ ਕੌਰ, ਪ੍ਰੇਮ ਕੌਰ, ਰਾਮ ਕੌਰ, ਤੋਖੀ ਜੀ, ਇਕ ਬਾਪ ਦੀਆਂ ਧੀਆਂ, ਗੋਲੀ, ਕੋਟਾ-ਕਲਿਆਣੀ ਤੋਂ ਰਾਮ ਰਾਏ ਹੋਇਆ।

Sri Satguru Jagjit Singh Ji Elibrary NamdhariElibrary@gmail.com

**ਗੁਰੂ ਹਰਿਕ੍ਰਿਸ਼ਨ** ਜੀ ਪ੍ਰਗਟੇ ਸਾਵਣ ਵਦੀ ੧੦ ਸੰਮਤ ੧੭੧੩ ਬਿ:, ਪਿਤਾ ਗੁਰੂ ਹਰਿ ਰਾਏ ਜੀ, ਮਾਤਾ ਕ੍ਰਿਸ਼ਨ ਕੌਰ ਜੀ।

**ਗੁਰੂ ਤੇਗ ਬਹਾਦਰ** ਜੀ ਪ੍ਰਗਟੇ ਵੈਸਾਖ ਵਦੀ ਪੰਚਮੀ ਸੰਮਤ ੧੬੭੮ ਬਿ:, ਪਿਤਾ ਗੁਰੂ ਹਰਿਗੋਬਿੰਦ ਜੀ, ਮਾਤਾ ਨਾਨਕੀ ਜੀ, ਮਹਿਲ ਗੁਜਰੀ ਜੀ, ਮਘਰ ਸੁਦੀ ੫ ਸੰਮਤ ੧੭੩੨ ਦਿੱਲੀ ਚਾਂਦਨੀ ਚੌਕ ਸ਼ਹੀਦ ਹੋਏ, ਸਪੁੱਤ੍ਰ ਗੁਰੂ ਗੋਬਿੰਦ ਸਿੰਘ ਜੀ।

**ਗੁਰੂ ਗੋਬਿੰਦ ਸਿੰਘ** ਜੀ ਪ੍ਰਗਟੇ ਪੋਹ ਸੁਦੀ ੭ ਵੀਂ ਪਟਨੇ ਸਾਹਿਬ ਸੰਮਤ ੧੭੨੩ ਬਿ:, ਪਿਤਾ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ, ਮਹਿਲ ਜੀਤੋ ਜੀ, ਸੁੰਦਰੀ ਜੀ, ਸਾਹਿਬ ਦੇਵਾਂ ਜੀ, ਸਪੁਤ੍ਰ ਬਾਬਾ ਅਜੀਤ ਸਿੰਘ ਜੀ, ਜੁਝਾਰ ਸਿੰਘ ਜੀ, ਜੋਰਾਵਰ ਸਿੰਘ ਜੀ ਅਤੇ ਫਤੇਹ ਸਿੰਘ ਜੀ। ਗੁਰੂ ਗੋਬਿੰਦ ਸਿੰਘ ਜੀ ਸਮਾਏ ੧੮੬੫ ਬਿ: (ਜੇਠ ਸੁਦੀ ਪੰਚਵੀਂ)

**ਗੁਰੂ ਬਾਲਕ ਸਿੰਘ** ਜੀ ਪ੍ਰਗਟੇ ਫਗਣ ਸੁਦੀ ੧੫ ਪੂਰਨਮਾਸ਼ੀ ਸੰਮਤ ੧੮੪੧ ਬਿ:, ਪਿੰਡ ਸਰਵਾਲਾ (ਹਜਰੋ ਲਾਗੇ) ਪੋਠੋਹਾਰ ਅਟਕ, ਪਿਤਾ ਦਿਆਲ ਸਿੰਘ ਜੀ ਅਰੋੜੇ ਬੱਤਰੇ, ਮਾਤਾ ਭਾਗ ਭਰੀ, ਮਹਿਲ ਤੇਤੀ ਜੀ, ਸਮਾਏ ੧੯੧੯ ਮਘਰ ਪੂਰਨਮਾਸ਼ੀ।

**ਸਤਿਗੁਰੂ ਰਾਮ ਸਿੰਘ** ਜੀ ਪ੍ਰਗਟੇ ਮਾਘ ਸੁਦੀ ਪੰਚਮੀ ਸੰਮਤ ੧੮੭੨ ਬਿ:, ਗੁਰਵਾਰ ਅੰਮ੍ਰਿਤ ਵੇਲੇ ਰਾਈਆਂ (ਵਿਲ ਪੁਰ) ਜ਼ਿਲਾ ਲੁਧਿਆਣਾ, ਪਿਤਾ ਬਾਬਾ ਜੱਸਾ ਸਿੰਘ ਜੀ, ਮਾਤਾ ਸਦਾ ਕੌਰ ਜੀ, ਮਹਿਲ ਜੱਸਾਂ ਜੀ, ਸਪੁੱਤ੍ਰੀਆਂ ਬੀਬੀ ਨੰਦਾਂ ਤੇ ਦਇਆ ਕੌਰ, ਭਾਈ ਬੁੱਧ ਸਿੰਘ ਜੀ ਤੇ ਭੈਣਾਂ ਮਾਨੋ ਤੇ ਰੂਪਾਂ, ਬਦੇਸ ਗਏ ੫ ਮਾਘ ੧੯੨੮ ਬਿ:

**ਗੁਰੂ ਹਰੀ ਸਿੰਘ** ਜੀ ਪ੍ਰਗਟੇ ਸੰਮਤ ੧੮੭੬ ਬਿ: ਬੁਧਵਾਰ ਅੱਸੂ ਤੀਜੇ ਨਰਾਤੇ (ਸ੍ਰੀ ਭੈਣੀ ਸਾਹਿਬ) ਜ਼ਿਲ੍ਹਾ ਲੁਧਿਆਣਾ, ਪਿਤਾ ਬਾਬਾ ਜੱਸਾ ਸਿੰਘ ਜੀ, ਮਾਤਾ ਸਦਾ ਕੌਰ ਜੀ, ਮਹਿਲ ਸਾਹਬੋ, ਜੀਵਨ ਕੌਰ ਜੀ, ਲੜਕੀਆਂ ਭਾਗੋ, ਮਤਾਬੋ, ਸਪੁੱਤ੍ਰ ਸਤਿਗੁਰੂ ਪਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ, ਮਹਾਰਾਜ ਗੁਰਦਿਆਲ ਸਿੰਘ ਜੀ।

**ਸਤਿਗੁਰੂ ਪਰਤਾਪ ਸਿੰਘ** ਜੀ ਪ੍ਰਗਟੇ ਚੇਤ ਵਦੀ ਤੀਜ ਸੰਮਤ ੧੯੪੬ ਬਿ:, ਐਤਵਾਰ, ਪਿਤਾ ਗੁਰੂ ਹਰੀ ਸਿੰਘ ਜੀ, ਮਾਤਾ ਜੀਵਨ ਕੌਰ ਜੀ, ਮਹਿਲ ਭੁਪਿੰਦਰ ਕੌਰ ਜੀ, ਗੁਰੂ ਸਰੋ, ਸਪੁੱਤ੍ਰ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ।

**ਸਤਿਗੁਰੂ ਜਗਜੀਤ ਸਿੰਘ** ਜੀ ਪ੍ਰਗਟੇ ੮ ਮਘਰ ਸੰਮਤ ੧੯੭੭ ਬਿ:, ਪਿਤਾ ਸਤਿਗੁਰੂ ਪਰਤਾਪ ਸਿੰਘ ਜੀ, ਮਾਤਾ ਭੁਪਿੰਦਰ ਕੌਰ ਜੀ, ਮਹਿਲ ਰਾਜਿੰਦਰ ਕੌਰ ਤੇ ਚੰਦ ਕੌਰ ਜੀ, ਸਪੁੱਤ੍ਰੀ ਬੀਬਾ ਜੀ (ਸਾਹਿਬ ਕੌਰ)

ਚੌਪਈ ॥ ਗੁਰ ਪ੍ਰਕਾਸ ਗੁਰ ਬੰਸ ਲਿਖੇ ਹਿਤ । ਗੁਰ ਇਤਿਹਾਸ ਵਸਾਏ ਰਾਸ ਚਿਤ ।
ਸਤਿਗੁਰ ਬਖਸ਼ ਕਰੇ ਮਤ ਦੇ । ਗੁਰ ਇਤਿਹਾਸ ਵਸਾਏ ਹਿਰਦੇ ।

## *ਇਤਿਹਾਸ ਦਾ ਅਰਥ*

ਸਮਾਪਤਿ । ਸਮਾਪਤੀ । ਖਾਤਮਾਂ ਇਹੁ ।
ਇਤਿ—ਹ—ਆਸ । ਐਸਾ ਹੋਇਆ । (ਮਹਾਨ ਕੋਸ਼ ਕਾਨ੍ਹ ਸਿੰਘ ਜੀ ਨਾਭਾ)
ਇਤੀ—ਸਚਮੁਚ—ਹਾਸ । ਇਹ ਹੋਇਆ ਸੀ । (ਮਾਸਟਰ ਤਾਰਾ ਸਿੰਘ) ਗੰਡਾ ਸਿੰਘ
ਐਸਾ ਨਿਸਚੇ ਸੇ ਥਾ । ਨਰਾਇਣ ਸਿੰਘ ਐਮ. ਏ.

"ਜਗਤ ਦਾ ਇਤਿਹਾਸ ਇਹ ਹੈ ਕਿ ਇਨਸਾਨ ਜੰਮੇ, ਉਨ੍ਹਾਂ ਨੇ ਦੁੱਖ ਪਾਏ ਤੇ ਮਰ ਗਏ । ਸ਼ੇਖ, ਦੀਵਾਨ ਦੇ ਹਕੀਮ ਵਲੋਂ ਬਾਦਸ਼ਾਹ ਨੂੰ ਕਹਿਣਾ ।"

(ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ—ਪੋਥੀ ਪਹਿਲੀ ਪੰਨਾ ੩੨)

"ਇਤਿਹਾਸ ਕੀ ਹੈ ? ਸੱਚ ਆਪਣੀ ਤਲਾਸ਼ ਵਿਚ ਦੌੜਿਆ ਫਿਰਦਾ ਹੈ ਤੇ ਇਸ ਦੀ ਆਪਣੀ ਢੂੰਡ ਦੀ ਹੀ ਭੱਜ ਦੌੜ ਇਸ ਦੁਨੀਆਂ ਦਾ ਇਤਿਹਾਸ ਹੈ ।"

(ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ—ਪੋਥੀ ਪਹਿਲੀ ਪੰਨਾ ੩੪)

"ਸਿੱਖ ਧਰਮ ਦੇ ਦਾਤੇ ਸਤਿਗੁਰੂ ਜੀ ਜਗਤ ਵਿਚ ਆਏ, ਵਿਚਰੇ ਤੇ ਉਹਨਾਂ ਨੇ ਜੀਅ ਦਾਨ, ਨਾਮ ਦਾਨ ਤੇ ਉਪਦੇਸ਼ ਦਾਨ ਦਿੱਤਾ, ਸੋ ਇਨ੍ਹਾਂ ਗੱਲਾਂ ਦਾ ਹੋਣਾ, ਵਾਕਿਆਤ ਦਾ ਸਿਲਸਿਲਾ ਹੋ ਗਿਆ । ਇਸ ਦੀ ਯਾਦ ਲਿਖੀ ਚਾਹੇ ਕੰਠਾਗਰ ਰਹਿ ਗਈ, ਇਹ ਇਤਿਹਾਸ ਹੋ ਗਿਆ ।"

(ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ—ਪੋਥੀ ਪਹਿਲੀ ਪੰਨਾ ੩੪)

"ਇਤਿਹਾਸ ਦਾ ਅਸੂਲ ਇਹ ਹੈ ਕਿ ਠੀਕ ਠੀਕ ਦਰੁਸਤ ਦਰੁਸਤ ਵਧਾ ਘਟਾ ਤੋਂ ਬਿਨਾਂ ਵਾਕਿਆਤ ਨੂੰ ਸਾਧਾਰਨ ਬੋਲੀ ਵਿਚ ਲਿਖਿਆ ਜਾਵੇ ।"

(ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ—ਪੋਥੀ ਪਹਿਲੀ ਪੰਨਾ ੫੭)

ਬਿਲਾਵਲ ਮ: ੫ ॥ ਗੁਨ ਗਾਇ ਸੁਨਿ ਲਿਖਿ ਦੇਇ ॥ ਸੋ ਸਰਬ ਫਲ ਹਰਿ ਲੇਇ ॥
ਕੁਲ ਸਮੂਹ ਕਰਤ ਉਧਾਰੁ ॥ ਸੰਸਾਰੁ ਉਤਰਸਿ ਪਾਰਿ ॥
ਹਰਿ ਚਰਨ ਬੋਹਿਥ ਤਾਹਿ ॥ ਮਿਲਿ ਸਾਧਸੰਗਿ ਜਸੁ ਗਾਹਿ ॥
ਹਰਿ ਪੈਜ ਰਖੈ ਮੁਰਾਰਿ ॥ ਹਰਿ ਨਾਨਕ ਸਰਨਿ ਦੁਆਰਿ ॥

Sri Satguru Jagjit Singh Ji Elibrary NamdhariElibrary@gmail.com

ਡਖਣੇ ਮ: ੫ ॥ ਪਉੜੀ ॥

ਨੈਨੀ ਦੇਖਉ ਗੁਰ ਦਰਸਨੋ ਗੁਰ ਚਰਣੀ ਮਥਾ ॥
ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ ਹਥਾ ॥
ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ ॥
ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ ॥
ਗੁਰਿ ਬਖਸਿਆ ਨਾਮੁ ਨਿਧਾਨੁ ਸਭੋ ਦੁਖੁ ਲਥਾ ॥
ਭੋਗਹੁ ਭੁੰਚਹੁ ਭਾਈਹੋ ਪਲੈ ਨਾਮੁ ਅਗਥਾ ॥
ਨਾਮੁ ਦਾਨੁ ਇਸਨਾਨੁ ਦਿੜੁ ਸਦਾ ਕਰਹੁ ਗੁਰ ਕਥਾ ॥
ਸਹਜੁ ਭਇਆ ਪ੍ਰਭੁ ਪਾਇਆ ਜਮ ਕਾ ਤਉ ਲਥਾ ॥

ਡਖਣੇ ਮ: ੫ ॥

ਕਥੜੀਆ ਸੰਤਾਹ ਤੇ ਸੁਖਾਊ ਪੰਧੀਆ ॥
ਨਾਨਕ ਲਧੜੀਆ ਤਿੰਨਾਹ ਜਿਨਾ ਭਾਗੁ ਮਥਾਹੜੈ ॥

. ਮੈਂ ਇਨ੍ਹਾਂ ਗੁਰਵਾਕਾਂ ਤੋਂ ਪ੍ਰੇਰਨਾ ਲੈ ਤੇ ਸੁਖ ਦਾ ਪੰਧ ਦੇਣ ਵਾਲੀਆਂ ਜਾਣ, ਸੰਤਾਂ ਦੀਆਂ ਕਥਾ ਤੇ ਨੈਨੀ ਦੇਖੇ ਗੁਰੂ ਜੀ ਦੇ ਚਰਨਾ ਤੇ ਮੱਥਾ ਰਖ ਤੇ ਅਕਾਲ ਮੂਰਤ ਸਤਿਗੁਰੂ ਰਾਮ ਸਿੰਘ ਜੀ ਨੂੰ ਦਿਨ ਰਾਤ ਹਿਰਦੇ ਧਿਆਇ । ਹੋਰ ਉਪਾਵ ਛਡ ਗੁਰਭਰਵਾਸੇ ਅਰੰਭ ਕਰਦਾ ਹਾਂ । ਤੇ ਸੂਰਜ ਪ੍ਰਕਾਸ਼ ਵਿਚ ਭਭੀਖਨ ਤੇ ਗੁਰ ਨਾਨਕ ਸੰਬਾਦ ਵਿਚ ਨਮਿਤ ਤੇ ਨਿਤ ਅਵਤਾਰ ਦਾ ਜੋ ਵਰਤਨ ਹੈ ਲਿਖਦਾ ਹਾਂ ।

ਦੋਹਰਾ ॥ ਤਹਾ ਜਾਇ ਮੈ ਕੇ ਤਬਹਿ ਇਹ ਉਪਦੇਸ਼ ਬਤਾਇ ।
ਨਮਿਤ ਮਾਤ੍ਰ ਅਵਤਾਰ ਧਰ ਈਸ਼ਰ ਧਰਨੀ ਆਇ ।

ਚੌਪਈ ॥ ਕਾਰਜੁ ਕਰ ਬੈਕੁੰਠ ਸੁ ਜਾਵਹਿ । ਤਿਨ ਕੇ ਗੁਨ ਪਢ ਸੁਨ ਸੁਖ ਪਾਵਹਿ ।
ਹੈ ਅਵਤਾਰ ਸੰਤ ਨਿਤ ਮੇਰੇ । ਤਿਨ ਮਿਲਾਪ ਅਘ ਜਾਹਿ ਘਨੇਰੇ ।
ਸੰਤ ਮੋਹਿ ਮਹਿ ਭੇਦ ਨ ਕੋਊ । ਐਸੇ ਰਾਮ ਕਹਾ ਦੁਖ ਖੋਊ ।
ਸੋ ਤੁਮ ਸੰਤ ਸਦਾ ਸੁਖਦਾਈ । ਕਰ ਉਪਦੇਸ਼ ਦੇਹੁ ਸਮਝਾਈ ।

ਕਬਿਤ ॥ ਪੂਤਨਾ ਸੰਘਾਰੀ ਤ੍ਰਿਣਾ ਵਰਤ ਕੀ ਬਿਦਾਰੀ ਦੇਹ,
ਦੈਤ ਅਘਾਸੁਰ ਕੀ ਸਿਰੀ ਜਾਹਿ ਫਾਰੀ ਹੈ ॥
ਸਿਲਾ ਜਾਹਿ ਤਾਰੀ ਖਗ ਹੂ ਕੀ ਚੋਚ ਚੀਰ ਡਾਰੀ,
ਐਸੇ ਤੁਮ ਧਾਰੀ ਜੈਸੇ ਆਰੀ ਚੀਰ ਡਾਰੀ ਹੈ ॥
ਰਾਮ ਹ੍ਵੈ ਕੈ ਦੈਤਨ ਕੀ ਸੈਨਾ ਜਿਨ ਮਾਰ ਡਾਰੀ,
ਆਪਨੇ ਬਭੀਖਨ ਕੋ ਦੀਨੀ ਲੰਕਾ ਸਾਰੀ ਹੈ ॥
ਐਸੇ ਭਾਂਤ ਦ੍ਵਿਜਨ ਕੀ ਪਤਨੀ ਉਧਾਰੀ,
ਅਵਤਾਰ ਲੈ ਕੇ ਸਾਧ ਜੈਸੇ ਪ੍ਰਿਥਵੀ ਉਧਾਰੀ ਹੈ ॥

ਅਰਥਾਤ ਸਾਧ ਅਵਤਾਰ ਧਾਰ ਸ੍ਰਿਸ਼ਟੀ ਦਾ ਉਧਾਰ ਸਦਾ ਕੀਤਾ ਹੈ । ਅਵਤਾਰ ਤਾਂ ਨਮਿਤ ਕਰਕੇ ਹੀ ਆਉਂਦੇ ਹਨ । ਪਰ ਸੰਤ ਨਿਤ ਸਦਾ ਹੀ ਹੁੰਦੇ ਤੇ ਰਹਿੰਦੇ ਹਨ । ਮੈਨੂੰ ਭੀ ਸੰਤ ਸਾਧ ਹੀ ਐਸੇ ਮਿਲੇ ਹਨ ।

Sri Satguru Jagjit Singh Ji Elibrary NamdhariElibrary@gmail.com

## ਚਾਰ ਸਾਧ

ਐਸੇ ਸੰਤ ਸਾਧੂ ਮਿਲੇ ਤਰਨ ਸਿਘ ਨੂੰ ਚਾਰ ।
ਮਿਲੀ ਜਿਨ੍ਹਾਂ ਤੋਂ ਸਿਖਿਆ ਗੁਰ ਜੱਸ ਲਿਖਣ ਬਹਾਰ ।
੧ ੨ ੩ ੪
ਸ਼ਬਦ ਗੁਰੂ, ਗੁਰ ਸਿਖਿਆ, ਸਤਸੰਗ, ਸਭ ਬਿਧਿ ਸਾਰ ।
ਇਹ ਚਾਰੋਂ, ਚੌਹ ਤੇ ਮਿਲੀ ਪੰਜਵੇਂ ਪ੍ਰਭੂ ਦਇਆਰ—
ਮਿਲੇ ਸਤਿਗੁਰੂ ਪਰਤਾਪ ਸਿੰਘ ਕਰਕੇ ਮਿਹਰ ਮਹਾਨ ।
ਗੁਰ ਨਾਨਕ ਮਤ ਸੁਧ ਕਾ ਬਖਸ਼ਿਆ ਮਹਾਂ ਗਿਆਨ ।

## ਮੰਗਲਾ ਚਰਨ ਮੇਰੇ ਵਲੋਂ

ਕਬਿਤ ॥ ੧ਓ ਸੰਸਾਰ ਕੋ ਅਧਾਰ ਮਾਨ,
ਸਕਤਿ ਵਿਤਾਨ ਨਮੋ ਮੰਗਲਾ ਚਰਨ ਕਰੋਂ ।
ਨੰਨਾ ਗੁਰ ਨਾਨਕ ਕੋ ਮੰਮਾ ਰਾਮ ਸਿੰਘ ਗੁਰੋਂ,
ਨਾਮ ਕਹੇ ਮੰਗਲੇ ਤਮਾਮ ਕੀ ਸਰਨ ਪਰੋਂ ।
ਗੁਰੂ ਹਰੀ ਹਰਿ, ਹਰੀ ਪਰਤਾਪ ਜਾਪ ਕਰ,
ਮਾਗੋ ਵਰ ਆਪ ਬਿਨ ਪਗ ਨ ਧਰਨ ਧਰੋਂ ।
ਆਪ ਹੀ ਸੇ ਗਿਆਨ ਮਿਲਾ ਆਪ ਹੀ ਸੇ ਧਿਆਨ ਮਿਲਾ,
ਵਡ ਪ੍ਰਤਾਪੀ ਰਹੇ ਮਿਲਾਪ ਤੇ ਤਰਨ ਤਰੋਂ ।

ਦੋਹਰਾ ॥ ਆਦ ਨੰਨਾ ਨਾਨਕ ਗੁਰੂ ਅੰਤ ਮੰਮਾ ਗੁਰੂ ਰਾਮ ।
ਬਨੇ ਨਾਮ ਕੁੰਡਲ ਕਟਾਹ ਮੰਗਲ ਮਾਹਿ ਤਮਾਮ ।

ਭਾਵ ਅਰਥ—ਨੰਨਾ ਤੇ ਮੰਮਾ ਆਦ ਤੇ ਅੰਤ । ਗੁਰੂ ਜੀ ਦੇ ਅੱਖਰ ਲੈ ਮੇਲ ਜੋਗ ਮੰਗਲ ਗੁਰੂਓ ਕਾ, ਕੰਨਾ ਮਧ ਵਾਲਾ ਜੈਸੇ ਮਿਲਣ ਤੇ ਨਾਮ ਬਨਾ, ਤੈਸੇ ਮਧ ਕੇ ਗੁਰੂਓਂ ਕਾ ਮੰਗਲ ਅਦੇਸ ਹੂਆ ।

ਕਬਿਤ ॥ ਕੋਟ ਬਿਧਿ ਸਿਧ ਨ ਹੋਇ ਬਿਨਾਂ ਇਸਟ ਦੇਵ ਸੇਵ,
ਛੋਡ ਅਹੰਮੇਵ ਜਪੋ ਨਾਮ ਗੁਰੂ ਰਾਮ ਹਰ ।
ਸੰਗਤ ਰੰਗਤ ਰਾਸ ਮੰਗਤ ਰਹੋ ਤਾਸ ਗੁਰ,
ਹਰੀ ਪਰਤਾਪ ਰਾਮਦਾਸ ਪੁਰ ਰਾਮ ਸਰ ।
ਜਾਕੇ ਪ੍ਰਤਾਪ ਕਰ ਸੇਭਨੀਕ ਗੁਨਾਂ ਘਰ,
ਕਾਰੀਗਰ ਲੋਕ ਪਰਲੋਕ ਠੀਕ ਨਾਮ ਵਰ ।
ਖਿਨੈ ਮਾਨੇ ਗਨੇ ਨ ਵਿਘਨ ਜਨ ਕਾਇਵ ਕਾਇਮ,
ਰਾਖੈ ਭਾਖੈ ਵਹਿਮੀ ਕਾਮ ਸਦਾ ਬਿਨ ਦਾਮ ਕਰ ।

---

੧ ਸੰਤ ਰੋਸ਼ਨ ਸਿੰਘ ਜੀ ਸੂਪ, ਸੇਖਵਾਂ ਦੇ । ੨ ਸੰਤ ਰੋਸ਼ਨ ਸਿੰਘ ਜੀ ਚਵਿੰਡੇ ਵਾਲੇ, ਗੁਜਰਾਂਵਾਲੇ ਰਹਿੰਦੇ ਸੀ ।
੩ ਸੰਤ ਅਜੂਬ ਸਿੰਘ ਜੀ ਕੋਟ ਮਿਆਣੇ ਵਾਲੇ । ੪ ਸੰਤ ਆਤਮਾ ਸਿੰਘ ਜੀ ਬਰਨਾ ਵਾਲੇ ।

Sri Satguru Jagjit Singh Ji Elibrary NamdhariElibrary@gmail.com

ਵਡ ਪ੍ਰਤਾਪੀ ਗੁਰੂ ਗੁਣ ਜੱਸ ਗਾਨ ਕਰੋ,
ਕਰੇ ਦਾਨ ਹਾਨ ਪ੍ਰਕਰਨ ਨ ਕਰਨ ਤਰੋਂ ।
ਵਡ ਪ੍ਰਤਾਪੀ ਗੁਰੂ ਆਪ ਕਾ ਅਮਰ ਜੈਸ,
ਅਮਰ ਹੋਇ ਗਾਥ ਸਤਵਾਕ ਨ ਮਰਨ ਮਰੋਂ ।
ਵਡ ਪ੍ਰਤਾਪੀ ਗੁਰੂ ਪ੍ਰਕਾਸ ਇਤਿਹਾਸ,
ਗੁਰਪੁਰੀ ਨਿਵਾਸ "ਜਗਜੀਤ" ਜਿਉਂ ਜਰਨ ਜਰੋਂ ।
ਵਡ ਪ੍ਰਤਾਪੀ ਗੁਰੂ ਸੁਰੂ ਅੰਤ ਸਾਥ ਦੇਵੇ,
ਤੋਹੀ ਤੁਵ ਗਾਥ ਸਿੰਧ ਜਨ ਅਨ ਤਰਨ ਤਰੋਂ ।

ਸਿੰਘਾ ਵਿਲੋਕਨ ਕੁੰਡਲੀਆ (ਕਬਿਤ)

ਤਰਨ ਕੀ ਬਿਧ ਨ ਪਛਾਨੀ ਮਾਨੀ ਜਿਦ ਵਾਨ, ਧਰਮ ਧਿਆਨ ਛੋਰ ਲੋਰ ਪਰ ਘਰਨ ਕੀ ।
ਘਰਨ ਕੀ ਆਸ ਪਾਸ ਬੈਠ ਕਹੂ ਬਿਲਾਸ ਮੀਠੇ, ਡੀਠੇ ਗੁਰਦੇਵ ਭੇਵ ਸੇਵ ਨ ਸਰਨ* ਕੀ ।
ਸਰਨ° ਕੀ ਮਤਿ ਅਤਿ ਨੀਤ ਬਿਪ੍ਰੀਤ ਨੀਤ, ਮੀਤ ਸੋ ਪਲੀਤ ਕਾਰ ਦੂਖ ਜੀਅ ਡਰਨ* ਕੀ ।
ਡਰਨ* ਕੀ ਰੀਸ ਨ ਕੀ ਤਰਨ ਕੀ ਫੀਸ ਬਾਕੀ, ਕਾਂਖਾ ਕੀ ਤਰਨ* ਕੀ, ਨ ਤਰਨ ਤਰਨ° ਕੀ ।

"ਦਇਆਵਾਨ ਦੂਸਰਾ ਨਹੀ ਚੀਨੀ ਅਸਵਾਰ ਜਿਹਾ"
ਛਾਜਵਾਬ ਅੱਖਰ

੧੧ ਅੱਸੂ ੧੯੯੭ ਬਿ: ਸਤਿਜੁਗ ਤੇ ਛਪੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਆਗਿਆ ਨਾਲ—
ਨੀਤੀ ਪੁਰਸ਼ੋਤਮ ਜਿਉਂ ਰਘੁਵੰਸ ਤਿਲਕ ਸਾ ਨ, ਸੁਲਹਕੁਲ ਨਿਰਪਖ ਨਾਨਕ ਨਿਰੰਕਾਰ ਜਿਹਾ ।
ਦਾਸ ਸਤ ਬਚਨੀ ਜਿਉਂ ਦੂਜੇ ਗੁਰਦੇਵ ਸਾ ਨ, ਬਾਣੀ ਪ੍ਰਚਾਰਕ ਜਿਉਂ ਪੰਚਮ ਦਿਆਰ ਜਿਹਾ ।
ਸਾਬਰ ਗੁਰ ਤੇਗ ਬਹਾਦਰ ਸਾ ਸੂਰਾ ਪੂਰਾ, ਬਲੀ ਬੋਲ ਬਾਣ ਦਾ ਨ ਦਸਮ ਅਵਤਾਰ ਜਿਹਾ ।
ਨਾਨਕ ਨਾਮ ਕਲਾ, ਭਲਾ ਸਰਬੱਤ ਕਹਿਆ, ਦਇਆਵਾਨ ਦੂਸਰਾ ਨਹੀਂ ਚੀਨੀ ਅਸਵਾਰ ਜਿਹਾ ।

'ਨਾਨਕ ਨਾਮ ਚੜ੍ਹਦੀ ਕਲਾ । ਤੇਰੇ ਭਾਣੇ ਸਰਬਤ ਦਾ ਭਲਾ ॥' ਵਾਕ ਨਾ ਆਦਿ ਗ੍ਰੰਥ ਸਾਹਿਬ ਵਿਚ ਹੈ ਤੇ ਨਾ ਦਸਮ ਗ੍ਰੰਥ ਵਿਚ । ਨਾ ਭਾਈ ਗੁਰਦਾਸ ਦੀ ਬਾਣੀ ਵਿਚ ਹੈ । ਇਹ ਵਾਕ ਸਤਿਗੁਰੂ ਰਾਮ ਸਿੰਘ ਜੀ ਦੀ ਰਸਨਾ ਤੋਂ ਪ੍ਰਗਟ ਹੋਇਆ ਤੇ ਗੁਰਮਤ ਅਨੰਦ ਜਿਉਂ ਸੰਸਾਰ ਤੇ ਸਨਮਾਨ ਸਹਿਤ ਪਸਰਿਆ, ਛਾਪੇ ਚੜ੍ਹਿਆ, ਸਭ ਨੇ ਮੰਨਿਆ ਤੇ ਪੜ੍ਹਿਆ ।

ਮੈਂ ਇਹ ਵਾਕ ਸਤਿਗੁਰੂ ਪਰਤਾਪ ਸਿੰਘ ਜੀ ਦੇ ਸੋਹੇ ਸੰਗਤ ਵਿਚ ਬਿਰਧਾਂ ਤੋਂ ਸੁਣਿਆ, ਦਸਿਆ, ਤੇ ਸਤਿਗੁਰੂ ਜੀ, ਠੀਕ ਹੈ, ਤਿੰਨ ਵਾਰੀ ਕਿਹਾ ਪ੍ਰਵਾਨ ਕੀਤਾ, ਤੇ ਮੈਂ 'ਸਤਿਜੁਗ' ਚ ਛਪਵਾਇਆ ।

---

*ਗੁਰਸਰਨ ਦੀ । °ਸਰਨ ਦੀ । °ਡਰਨ ਦੀ । °ਡਰਨ ਕੀ । °ਤਰਨ ਦੀ । °ਜਹਾਜ਼ੀਆਂ ਦੀ ।

Sri Satguru Jagjit Singh Ji Elibrary NamdhariElibrary@gmail.com

## ਤੁਕ ਬਦਲਣ ਦਾ ਹੱਕ

'ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।' ਤੋਂ ਕੁਝ ਅੱਖਰ ਬਦਲੇ ਹੋਏ ਸਾਧ ਸੰਗਤ ਵਿਚ ਪ੍ਰਚਲਤ ਹਨ ਤੇ ਪੜ੍ਹੀਦੇ ਹਨ। ਇਹ ਸਵਾਲ ਪੈਦਾ ਹੁੰਦਾ ਹੈ ਕਿ ਜਿਉਂ ਕੇ ਤਿਉਂ ਕਿਉਂ ਨਹੀਂ ਰਹੇ ?

ਉੱਤਰ—ਨਾਮਧਾਰੀਆਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਬਾਅਦ ਗੁਰੂ ਹਰੀ ਸਿੰਘ ਜੀ ਸਮੇਂ ਸਤਿਗੁਰੂ ਜੀ ਦੇ ਦਰਸ਼ਨ ਨਮਿਤ ਕੀਤੇਂ ਪਾਠਾਂ ਸਮੇਂ ਦਰਸ਼ਨ ਦੀ ਮੰਗ ਅਤਿ ਪ੍ਰਬਲ ਹੋਣ ਕਰਕੇ ਕਹਿਣਾ ਅਰੰਭ ਹੋਇਆ ਕਿ "ਦੇਹ ਦਰਸਨ ਸਤਿਗੁਰੂ ਰਾਮ ਸਿੰਘ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਕਾ ਭਲਾ।" ਤੇ ਜਿਵੇਂ ਆਦਿ ਗ੍ਰੰਥ ਸਾਹਿਬ ਵਿਚ ਇਕ ਗੁਰੂ ਜੀ ਦੇ ਵਾਕ ਨੂੰ ਕੁਝ ਅੱਖਰ ਵੱਧ ਘੱਟ ਕਰ ਦੂਜੇ ਗੁਰੂ ਨੂੰ ਮਹਲਾ ਬਦਲਣਾ ਪ੍ਰਵਾਨ ਹੈ ਇਹ ਤਿਵੇਂ ਗੁਰੂ ਹਰੀ ਸਿੰਘ ਜੀ ਨੂੰ ਭੀ ਹੱਕ ਸੀ, ਤੇ ਸੋ ਹੀ ਪ੍ਰਵਾਨਗੀ ਸਤਿਗੁਰੂ ਪਰਤਾਪ ਸਿੰਘ ਜੀ ਰਖੀ ਹੈ ਅਤੇ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵੀ ਹੱਕ ਹੈ। ਇਸ ਵੇਰਵੇ ਲਈ ਜਪੁਜੀ ਦਾ ਅੰਤਲਾ ਸਲੋਕ ਗੁਰੂ ਨਾਨਕ ਜੀ ਵਲੋਂ ਤੇ ਰਾਗ ਮਾਝ ਵਿਚ ਇਹੋ ਸਲੋਕ ਮਹਲੇ ਦੂਜੇ ਵਲੋਂ ਹੈ। ਫਰਕ ਇਤਨਾ ਹੈ—•

ਜਪੁਜੀ ਵਿਚ—ਪਵਣੁ, ਦਿਵਸੁ, ਕੇਤੀ ਛੁਟੀ ਨਾਲਿ। ਮਹਲਾ ਪਹਿਲਾ ਤੇ
ਰਾਗ ਮਾਝ ਮਹਲਾ ੨—ਪਉਣੁ, ਦਿਨਸੁ, ਹੋਰ ਕੇਤੀ ਛੁਟੀ ਨਾਲਿ।

ਗਉੜੀ ਕੀ ਵਾਰ ਮਹਲਾ ੪ ॥ ਪਉੜੀ ੧ ॥ ਸਲੋਕ ॥ ਸੰਤ ਜਨ, ਪ੍ਰਗਟ ਪਹਾਰਾ ਜਾਪਦਾ, ਵੈਰੁ ਕਰਹਿ। ਤੇ ਇਸੇ ਵਾਰ ਵਿਚ ਪਉੜੀ ੩੧ ਸਲੋਕ ਮ: ੫ ॥ ਸੰਤ ਮੁਨਿ ਜਨਾਂ, ਪਰਗਟ ਪਾਹਾਰੈ ਜਾਪਦੇ, ਵੈਰ ਕਰਨਿ ਹੈ ਇਹ ਅੱਖਰਾਂ ਦਾ ਤੇ ਮਹਲੇ ਦਾ ਫਰਕ ਜਿਵੇਂ ਪ੍ਰਵਾਨ ਹੈ ਤਿਵੇਂ ਹੀ 'ਦੇਹ ਦਰਸਨ ਸਤਿਗੁਰੂ ਰਾਮ ਸਿੰਘ ਨਾਮ ਚੜ੍ਹਦੀ ਕਲਾ' ਪ੍ਰਵਾਨ ਹੋਇਆ ਹੈ ਨਾਮਧਾਰੀਆਂ ਵਿਚ।

ਤੇ ਹੋਰ ਮਤ 'ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।' ਜੋ ਕਹਿੰਦੇ ਹਨ ਉਹ ਕੋਈ ਕੁਝ ਅੱਖਰ ਬੋਲਦਾ ਹੈ ਕੋਈ ਕੁਝ ਅੱਖਰ। ਜੇ ਕੋਈ ਪੁਛੇ ਕਿਉਂ ਵੱਧ ਘੱਟ ਬੋਲਦੇ ਹੋ ਤਾਂ ਉੱਤਰ ਦੇਂਦੇ ਹਨ ਜਿਵੇਂ ਪ੍ਰਚਲਤ ਸੁਣਿਆ ਕਹਿ ਦਿੱਤਾ। ਇਹ ਸ਼ਬਦ ਨਾ ਆਦਿ ਗ੍ਰੰਥ ਸਾਹਿਬ ਵਿਚ ਹੈ, ਨਾ ਦਸਮ ਗ੍ਰੰਥ ਵਿਚ, ਨਾ ਭਾਈ ਗੁਰਦਾਸ ਦੀ ਬਾਣੀ ਵਿਚ ਹੈ ਤੇ ਮੂਲ ਦਾ ਸਾਨੂੰ ਪਤਾ ਨਹੀਂ ਕਿਵੇਂ ਹੈ।

ਗੁਰੂ ਹਰੀ ਸਿੰਘ ਜੀ ਜੋਗ ਤੇ ਸੰਗਤ ਜੋਗ ਹੁਕਮਨਾਮਾ ਸੰਤ ਬਾਬੇ ਦਰਬਾਰਾ ਸਿੰਘ ਜੀ ਰਾਏ ਪੁਰੀ ਗਰੇਵਾਲ ਸਰਦਾਰ ਨੇ ਰੰਗੂਨ ਜਾ ਸਤਿਗੁਰੂ ਰਾਮ ਸਿੰਘ ਜੀ ਪਾਸੋਂ ਸੰਮਤ ੧੯੩੧ ਬਿ: ਵਿਚ ਸਭ ਤੋਂ ਪਹਿਲਾਂ ਆਂਦਾ ਸੀ। ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਵਲੋਂ ਸੰਗਤ ਵਿਚ ਸੁਣਾ ਜਲਾ ਦੇਣ ਦਾ ਹੁਕਮ ਸੀ।

ਇਸ ਹੁਕਮਨਾਮੇ ਵਿਚ ਲਿਖਿਆ ਸੀ। "ਅੱਜ ਤੋਂ ਇਸ ਦਾ ਨਾਮ ਹਰੀ ਸਿੰਘ ਹੋਇਆ। ਇਹ ਸਿੱਖੀ ਹਰੀ ਰਖੇਗਾ। ਇਸ ਨੂੰ ਅੱਜ ਤੋਂ ਸਿਰਕਰਤਾ ਜਾਨਣਾ। ਮੇਰੇ ਧਕੇ ਨੂੰ ਇਹ ਬਖਸ ਸਕੇਗਾ। ਇਸ ਦੇ ਧਕੇ ਨੂੰ ਮੈਂ ਨਹੀਂ ਬਖਸਾਂਗਾ।"

•ਨਾਮਧਾਰੀ ਚਾਰ੍ਹੀਆਂ ਤੁਕੇ ਕਿਉਂ ਆਖਦੇ ਹਨ ? ਇਤ ਮੇਰਾ ਜਮਾਨਾ ਕੁਝ ਪ੍ਰਕਾਸ਼ ਪੁਸਤਕ ਪੜ੍ਹੋ। (ਤਰਨ ਸਿੰਘ)

ਇਹ ਹੁਕਮਨਾਮਾ ਭੈਣੀ ਸਾਹਿਬ ਸੰਗਤ ਵਿਚ ਸੁਣਾ ਲੋਹ ਤਲੇ ਜਲਾਇਆ ਗਿਆ ਸੀ ਤੇ ਇਸ ਦਾ ਸਾਰ ਬਾਬੇ ਸੰਤੋਖ ਸਿੰਘ ਜੀ ਆਪਣੀ ਪੁਸਤਕ ਵਿਚ ਲਿਖਿਆ ਹੈ ਜੋ ਹੱਥ ਲਿਖਤ ਤੇ ਟਾਈਪ ਹੋਇਆ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਾਸ ਏ।

ਮੈਂ ੨੫ ਅੱਸੂ ੧੯੫੭ ਬਿ: ਦੇ 'ਸਤਿਜੁਗ' ਤੇ ਫੇਰ ਮੋਟੇ ਅੱਖਰਾਂ ਵਿਚ ਲੰਮੀ ਕਵਿਤਾ ਲਿਖ ਛਪਵਾਇਆ। ਜਿਸ ਦਾ ਉੱਤਰ ਭੀ ਹੁਣ ਤਕ ਨਹੀਂ ਆਇਆ।

ਦਇਆਵਾਨ ਦੂਸਰਾ ਨਹੀਂ ਚੀਨੀ ਅਸਵਾਰ ਜਿਹਾ।

ਹੋਰ ਭਾਵੇਂ ਚਰਚਾ ਚਲੀਆਂ ਰਹੀਆਂ ਹਨ। ਪਰ ਇਸ ਦਾ ਉੱਤਰ ਹੋਰ ਕੋਈ ਕਦੀ ਕਿਸੇ ਵਲੋਂ ਨਹੀਂ ਆਇਆ। ਹਾਂ ਮੈਂ ਇਹ ਆਂਹਦੇ ਸੁਣੇ ਹਨ ਅਕਾਲੀ ਤੇ ਸਿੰਘ-ਸਭੀ ਅਸਾਂ ਇਸ ਦਾ ਉੱਤਰ ਤਾਂ ਨਹੀਂ ਛੋਹਿਆ ਕਿ ਤੁਕ ਇਹ ਹੋਰ ਗ੍ਰੰਥ, ਧਰਮ ਪੁਸਤਕ ਕਿਸੇ ਵਿਚੋਂ ਮਿਲਦੀ ਨਹੀਂ ਤੇ ਇਹ ਸਗੋਂ ਪ੍ਰਚਾਰ ਚੋਖਾ ਹੋ ਜਾਵੇਗਾ ਕਿ ਇਹ ਵਾਕ ਬਾਬੇ ਰਾਮ ਸਿੰਘ ਦਾ ਮੁਖਵਾਕ ਹੈ।

## *ਮਾਤਾ ਜੀ ਦਾ ਮੰਗਲ*

ਮਲਾਰ ਮਹਲਾ ੧ ॥ ਸੇ ਧਨਵੰਤ ਦਿਸਹਿ ਘਰਿ ਜਾਇ ॥
ਨਾਨਕ ਜਨਨੀ ਧੰਨੀ ਮਾਇ ॥

ਸਿਰੀ ਰਾਗੁ ਮਹਲਾ ੩ ॥ ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥

ਗਉੜੀ ਕੀ ਵਾਰ ਮਹਲਾ ੪ ॥ ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ
ਜਨਨੀ ਜਿਨਿ ਗੁਰੂ ਜਣਿਆ ਮਾਇ ॥

ਇਹ ਗੁਰਵਾਕ ਮੁਖ ਰਖ ਗੁਰੂ ਹਰੀ ਸਿੰਘ ਜੀ ਤੇ ਮਾਤਾ ਜੀਵਨ ਕੌਰ ਜੀ ਦਾ ਮੰਗਲ ਕਰਦਾ ਹਾਂ।

ਹਰੀ ਸਿੰਘ ਸ੍ਰੀ ਗੁਰੂ ਜੀ ਸਿਖੀ ਰੱਖ ਹਰੀ। ਦ੍ਵਿਖਲਾਈ ਅਤਿ ਔੜ ਮੈ ਕੋਡੀ ਬਿਪਤ ਜਰੀ।
ਕਾਮ ਕਰੇ ਕਹੇ ਰਾਮ ਕੇ ਰਾਖੀ ਲੋਹ ਤਰੀ। ਆਣੇ ਕੀ ਸਹਾਣੇ ਕੀ ਪ੍ਰਵਾਹ ਨਾਹਿ ਕਰੀ—
ਗੋਰਿਆਂ ਦੀ। ਬਦੀ ਖੋਰਿਆਂ ਦੀ।

ਕਬਿਤ ॥ ਜਿਉਣ ਕੌਰ ਮਾਈ ਏਕ ਜੁਗਤ ਵਿਆਈ,
ਤਿਨ ਚੇਲੇ ਪ੍ਰਵਾਨ ਜਾਈ ਖੁਸ਼ਹਾਲ* ਹਰਿ ਕੀ।
ਬਿਸਨ ਮਹੇਸ ਬ੍ਰਹਮਾਂ ਕਰੇ ਪਰਕਰਮਾਂ ਨਿਤ,
ਤਮਾਂ ਮਿਲੇ ਗਾਮਾਂ ਬਿਨ ਖੁਸ਼ੀ ਗੁਰੂ ਘਰ ਕੀ।

---

*ਸਰਦਾਰ ਖੁਸ਼ਹਾਲ ਸਿੰਘ ਜੀ, ਮਾਤਾ ਜੀ ਦੇ ਪਿਤਾ ਜੀ।

Sri Satguru Jagjit Singh Ji Elibrary NamdhariElibrary@gmail.com

ਦਇਆ ਤਨ ਦਇਆ ਮਨ ਰੋਸ਼ਨ ਸੋ ਪਰਸੰਨ,
ਮਾਨੀ ਹੈ ਸਤਨ ਜਨ ਮਾਤ ਸਾਮ ਧਰ ਕੀ ।
ਆਪ ਰਹੇ ਭੁਖੇ ਦੇਂ ਹਾਥ ਸੇ ਥੇ-ਆਬ ਜਦੀ,
ਕਦੀ ਭੀ ਨ ਦੇਨੇ ਦੇਰ ਸੀਸ ਕੇ ਅੰਬਰ ਕੀ ।
ਜਨਮ ਬਿਰਜ° ਥਿਰ ਅਜ ਅੰਤ ਆਦ ਅਵਤਾਰ,
ਦਇਆ ਸਾਂਤ ਤਿਆਗ ਹਰੀ ਹਰਿ ਬਰੀ ਹੈ ।
ਪਰਗਟੇ ਪਰਤਾਪ ਹਰਿ ਨਿਹਾਲ ਗੁਰਦਿਆਲ ਹਰਿ,
ਧਰਮ ਸੁਤ ਧਾਰੇ ਜਾਕੀ ਸਾਮ ਧਰ ਖਰੀ ਹੈ ।
ਧਰਮਿ ਗਿਆਨੀ, ਏਖ ਸੇਖ ਏਹੀ ਭੇਸ ਦੇਹੀ,
ਲੀਏ ਧੀਆ ਹਰੀ ਹਰਿ ਸੰਗ ਅਵਤਰੀ ਹੈ ।
ਐਸੀ ਜਗ ਮਾਤ ਸਾਂਤ ਸਾਦਗੀ-ਵਿਤਾਰ ਗਾਤ,
ਜਾਣ ਸਹਿ ਤ੍ਰਾਤ ਤ੍ਰਾਸ ਨਮੋ ਤਰਨ ਕਰੀ ਹੈ ।

ਸਵੈਯਾ । ਸਹੀ ਸਤ ਸੀਆ ਅਤਿ ਬਿਖਤ ਸਹੀ, ਜਿਮ ਥ੍ਰਿਤ ਤੀਆ ਧ੍ਰਿਤ ਰਾਸਟਰ ਕੇਰਾ ।
ਦੈ ਸੀਖ ਸਭੈ ਅੜੀ ਤੀਆ ਸੀ ਕਰੇ ਰੇਖ ਸਾ ਹੇਤ ਸਭੋ ਬਿਨ ਏਰਾ ।
ਤ੍ਰਿਪਤਾ* ਤ੍ਰਿਪਤੀ ਨ ਦਮੋਦਰੀ* ਭੀ ਗੁਜਰੀ* ਉਜਰੀ ਇਤਿਹਾਸ ਮੇ ਹੇਰਾ ।
ਇਸ ਮਾਤ ਕੇ ਦਾਤ ਹਿਮੋ ਧੁਰ ਸੇ, ਗੁਰਵਾਕ ਨ ਘਾੜ ਕਰਾ ਇਕ ਬੇਰਾ ।
ਪਾਏ ਸਤ ਮਾਨ ਆਹਿ ਨਿਮਾਨ, ਕਹੀ ਜੋ ਜਬਾਨ ਰਹੇ ਹੋਏ ਸਾਥੀ ।
ਸੰਸਾਰ ਵਿਹਾਰ ਸਾ ਭਾਰ ਥਕੇ, ਤਿਸ ਸਹਿਜ ਸਹਾਰ ਰਹੇ ਥ੍ਰਿਤ ਰਾਥੀ ।
ਸਤ ਮਾਤ ਜੀ ਮਾੜ ਕਹੀ ਅਬ ਆ, ਸਤੀ ਪਾਛੇ ਏਈ ਜਗਮਾਤ ਕਹੋ ਜਾਥੀ ।
ਤਮਾਂ ਤੁਛ ਕੇ ਜਸ ਉਮਾਂ ਤਨ ਕੋ, ਉਪਮਾਂ ਰਰ ਸੇਸ਼ ਗਨੇਸ਼ ਕਹੇ ਬਾਥੀ ।

ਦੋਹਰਾ ॥ ਜੀਵਨ ਕੌਰ ਕੇ ਕੌਰ ਜਗ ਜੀਵਨ ਜਗ ਜੱਸ ਪਾਏ ।
ਸਫਲ ਜਨਨ ਜਨਨੀ ਸਫਲ ਨਮੋ ਤਰਨ ਹਰਿ ਪਾਏ ।

°ਜਿਸਦਾ ਬਿਰ੍ਹਾ ਵਿਜਾਰ । *ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਾਤਾ । *ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਮਹਿਲ ।
*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ । ਇਤਿਹਾਸ ਦੱਸਦਾ ਹੈ ਕਿ ਇਹ ਸਭ ਕਰਕ ਇਤਨਾ ਨਹੀਂ ਕਰ ਸਕੀਆਂ ਜਿਤਨਾ ਮਾਤਾ ਜੀਵਨ ਕੌਰ ਜੀ ਕੀਤਾ ਹੈ । ਸਤਿਗੁਰੂ ਪਰਤਾਪ ਸਿੰਘ ਜੀ ਫਿਰ ਕਹਿੰਦੇ ਸੀ ਮੇਰੇ ਜਿਹੀ ਮਾਤਾ ਕਿਸੇ ਗੁਰੂ ਨੂੰ ਨਹੀਂ ਮਿਲੀ ।

Sri Satguru Jagjit Singh Ji Elibrary NamdhariElibrary@gmail.com

## ਵਡ ਪਰਤਾਪੀ ਦਾ ਮੰਗਲ

ਕਬਿਤ ॥ ਵਡ ਪ੍ਰਤਾਪੀ ਸਤਿਗੁਰੂ ਪਰਤਾਪ ਸਿੰਘ,
ਜੀਉ ਤੁਵ ਨਾਮ ਕਾਮ ਸ਼ੁਰੂ ਤੁਵ ਜੱਸ ਕਰੂੰ ।
ਕਾਠ ਸੰਗ ਲੋਹਾ ਤਰੇ ਗੁਰੂ ਸੰਗ ਜਸ ਕਰੇ,
ਖਰੇ ਜਿਉ ਸੰਤੋਖ ਹਰਿ ਗਿਆਨ, ਕਾਨ੍ਹ ਤੱਸ ਕਰੂੰ ।
ਮਿਲ ਮਾਈ ਦਿਲ ਭਾਈ ਕਥਾ ਜਥਾ ਰੂਪ ਰੇਖ,
ਤਥਾ ਹੀ ਕੀ ਤਥਾ ਰਾਖ ਸਾਂਗ ਸਮਾਂ ਦੱਸ ਕਰੂੰ ।
ਪਰਮ ਗੁਰੂ ਸੰਤਨ ਕੇ ਪਤਿਤ ਪੁਨੀਤ ਕਰਨ,
ਜੈਸ ਜੀਵ-ਕਰਮ ਤੈਸ ਭੂਲ ਭੀ ਅਵੱਸ ਕਰੂੰ ।

ਤੇਹੇ ਹੋਏ ਆਪ, ਜੇਹੇ ਕਹੇ ○ਗੁਰ ਰਾਮ ਬਾਪ,
ਹੋਏ ਪਰਤਾਪ ਸਿੰਘ ਵਡੇ ਪਰਤਾਪ ਵਾਲਾ ।
●ਜੀਵਨ ਸੋ ਜੋਤਿ ਹੋਏ ਸਤ ਬੋਲਾ ਮਸਤ ਜਿਉ,
ਵਡ ਪ੍ਰਤਾਪੀ ਮਤਾ ਸਭ ਦੇ ਮਿਲਾਪ ਵਾਲਾ ।
ਗੁਰੂ ਹਰੀ ਸਿੰਘ ਜੀ ਦੇ● ਵਰ ਪੂਰੇ ਨੂਰੇ ਨੂਰ,
ਸੰਗਤ ਨੂੰ ਸੁਖ ਵਡਭਾਗਾ ਸਮਾਂ ਆਪ ਵਾਲਾ ।

---

○ਸਤਿਗੁਰੂ ਰਾਮ ਸਿੰਘ ਜੀ ਬਾਬੂ ਸਿੰਘ ਜੀ ਕਾਹਨੂੰ ਵਾਲਿਆਂ ਦੀ ਅਰਜ਼ ਤੇ ਕਿ ਸਾਡੇ ਘਰ ਦੀ ਪੋਤ੍ਰਿਆਂ ਵਾਲੀ ਮੰਗ ਕੈਸੇ ਪੂਰੀ ਹੋਵੇਗੀ । ਆਪ ਪ੍ਰਸੰਨ ਹੋਕਾ ਆਖਦੇ ਹੋ । ਤੇ ਆਪ ਦੇ ਬੇਟੇ ਭਾਈ ਦਾ ਕੀ ਜਾਣੀਏ ਕੈਸਾ ਸਮਾਂ ਬਣਨਾ ਕੀਤੇ । ਤਾਂ ਸਤਿਗੁਰੂ ਜੀ ਕਿਹਾ ਸੀ ਪਰਤਾਪ ਸਿੰਘ ਵਡੇ ਪਰਤਾਪ ਵਾਲਾ ਹੋਵੇਗਾ । ਸੋ ਵਾਕ ਪੂਰਾ ਹੋਇਆ ।

●ਬਾਬਾ ਜੀਵਨ ਸਿੰਘ ਜੀ ਮਸਤ ਮੌਲਵੀ, ਜਿਨ੍ਹਾਂ ਸਤਬੋਲ ਵਾਲੇ ਕਿਹਾ ਕਰਦੇ ਸੀ । ਸਾਡੇ ਬੱਚੇ ਹਰਨੇ ਵਾਲੇ ਦੀ ਤਰ੍ਹਾਂ ਮਸਤ ਹੋ । ਜਦ ਕਿ ਮਾਤਾ ਜੀਵਨ ਕੌਰ ਜੀ ਅਜੇ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੀ ਸਰਨ ਮਹਿਲਾਂ ਰੂਪ ਵਿਚ ਹੋ ਆਏ ਭੀ ਨਹੀਂ ਸਨ । ਪਰਤਾਪ ਸਿੰਘ ਵਡੇ ਪਰਤਾਪ ਵਾਲਾ ਹੋਵੇਗਾ ਤੇ ਜੀਵਨ ਸੋਤ ਹੋਵੇਗਾ, ਤੇ ਏਕ ਸਮੇਂ ਗੁਰੂ ਹਰੀ ਸਿੰਘ ਜੀ ਕਿਹਾ ਸੀ ਜਦੋਂ ਅਜੇ ਸਾਡੇ ਜੀ ਬਹੁ ਕਹਿੰਦੇ ਸੀ ਹੁਣ ਮੈਨੂੰ ਬੁੱਢੇ ਨੂੰ ਕਿਸ ਦੇਣੀ ਹੈ । ਤਾਂ ਜੀਵਨ ਸਿੰਘ ਜੀ ਕਿਹਾ ਸੀ । ਫਿਕਰ ਨਹੀਂ ਏ ਤੇ ਨਾਲੇ ਜਣੀਆਂ । ਸੋ ਬੋਲਾ ਭੀ ਸਤਿ ਹੋਇਆ । ੧੯੪੪ ਜਦ ਮਾਤਾ ਜੀ ਭੈਣੀ ਸਾਹਿਬ ਆਏ ਤੇ ੧੯੪੬ ਜਦ ਸਤਿਗੁਰੂ ਪਰਤਾਪ ਸਿੰਘ ਜੀ ਪ੍ਰਗਟੇ ।

●ਜਦ ਸਤਿਗੁਰੂ ਪਰਤਾਪ ਸਿੰਘ ਜੀ ਪ੍ਰਗਟੇ । ਗੁਰੂ ਹਰੀ ਸਿੰਘ ਜੀ ਖੁਸ਼ੀਆਂ ਕਰ ਦਿੱਤੇ ਸੀ । ਵਡੇ ਪਰਤਾਪ ਵਾਲਾ ਆਇਆ ਹੈ । ਘਰ ਦਾ ਮਾਲਕ ਆਇਆ ਹੈ । ਜਿਸ ਦੀ ਬਰਕਤ ਕਰਿਆ ਕਰੇ ਸੰਗਤ ਨੂੰ ਬੜੇ ਸੁਖ ਦੇਵਗੀ । ਇਹ ਵਾਕ ਪੂਰੇ ਹੋਏ ।

ਚਰਨ ਪਵਿਤ੍ਰ ਆਪ *ਪਾਏ ਭੈਣੀ ਸਾਹਿਬ ਜਦ,
ਦੁਖ ਦੇਹ ਦੁਆਰੋਂ ਦੂਰ ਹੋਇਆ ਪੁਲਸ ਤਾਪ ਵਾਲਾ ।

ਸਵੈਯਾ ॥ ਹੇ ਦੁਆਦਸ ਗੁਰਿੰਦ ਮਾਨਿੰਦ ਗੁਰੂ, ਕਿਮ ਤੇਰੀ ਕ੍ਰਿਪਾ ਬਿਨ ਤੇਅ ਜੱਸ ਗਾਊਂ ।
ਗੁਰੂ ਗੋਬਿੰਦ ਹੇ ਸਿੰਧ ਕੀ ਗਤਿ ਕੋ, ਜਨ ਬਿੰਦ ਬੁਧੀ ਕਬ ਕਿਆ ਰਸ ਪਾਊਂ ।
ਮੇਰ ਤ੍ਰਿਣ ਤੇ ਸੰਤ ਕੀ ਮੇਹਰ ਕਰੇ, ਸੰਤਾਂ ਕੰਤ ਕੀ ਮੇਹਰ ਐਂਤੋਂ ਬਸ ਠਾਊਂ ।
ਬਾਲਮੀਕ ਸੇ ਬੁਧਿ ਬਰੀਕ ਕਰੇ, ਨੀਕੇ ਰਾਮ ਜੱਸੀ ਮੈ ਰਚੈ ਤਸ ਨਾਊਂ ।
ਨਾਤੇ ਤੇਰੀ ਫ਼ਿਰੰਗੀ ਦੇ ਔਰੰਗਾ ਜਿਉਂ, ਸਤਸੰਗੀ ਪਾਬੰਦੀਆਂ ਮਾਹਿ ਛਕੇ ।
ਤੇਰੇ ਡੇਰੇ ਕੇ ਦਰਸ ਕੋ ਆਏ ਰੁਲੇ, ਰਾਹੀ ਸੰਗੀਆਂ ਮੈ ਮਨ ਸਹਿਮੇਂ ਝਕੇ ।
ਘਨੇ ਵੈਰੀ ਬਿਗਾਨੇ ਔ ਆਪਨੇ ਭੀ ਸਿਖ ਰਾਜੇ ਪੁਜਾਰੀ ਤਰਾਉ ਸਕੇ ।
'ਦੁਸ਼ਮਨ ਹਤੇ ਦੋਖੀ ਸਭ ਬਿਆਪੇ' ਪਿਖੇ, ਭਬ ਆਪ ਕਾ ਤੇਜ ਪਰਤਾਪ ਤਕੇ ।

ਦੋਹਰਾ ॥ ਸਾਧ ਸੰਗਤ ਸਤਿਗੁਰੂ ਕੀ ਭੁਲਾਂ ਬਖਸ਼ਨ ਜੋਗ ।
ਦਇਆ ਕਰੋ ਇਹ ਦਾਸ ਪਰ ਬਖਸ਼ੋ ਰਿਦਾ ਅਰੋਗ ।

ਸਵੈਯਾ ॥ ਰਫ਼ਕਾਲ ਮਹਾਲ ਨਿਹਾਲ ਕਰੀ, ਪ੍ਰਤਿਪਾਲ ਸਿਖੀ ਹਲਚਾਲ ਭਈ ।
ਜਗ ਕਾਜ ਰਿਵਾਜ ਮੁਖਾਜੀ ਕਟੀ, ਖਟ ਸੋਚ ਸਮਾਜ ਸੰਭਾਲ ਕਈ ।
ਪਾਠ ਠਾਠ-ਦਏ ਜਿਮ ਸੰਗਤ ਕੋ, ਨਿਤਨੇਮ ਪ੍ਰੇਮ ਕੀ ਘਾਲ ਨਈ ।
ਲੀਏ ਜਸਕੇ ਗੁਰਪਰਤਾਪ ਹਰੀ, ਦੀਜੇ ਦਾਸ ਕੋ ਬੁਧਿ ਬਿਸਾਲ ਵਈ ।
ਪ੍ਰੇਮਾਂ ਭਗਤਿ ਬੁਧੀ ਦੇ ਜੋ ਭਗਤਨ ਕੋ, ਜੱਸ ਜੋਗ ਕਰੇ ਕੁਲ ਦੇਹ ਸਫਲੀ ।
ਅਨਭਵ ਕਰੇ ਰਵਿ ਤੇਜ ਜਿਵੇਂ, ਪ੍ਰਕਾਸ਼ ਰਿਦੇ ਹਰਿ ਭਾਵ ਬਲੀ ।
ਤਰਨਾਪੇ ਜੋ ਹਰਿ ਤਰਨ ਬੁਧੀ, ਲਿਖੇ ਸੁਧ ਸਤਾਬ ਕਿਤਾਬ ਭਲੀ ।
ਕਵੀ ਕੇਲ ਖੇਲੇ ਅਲ ਮੋਲ ਰੰਜੇ, ਮਿਲੇ ਬਾਗ ਸੁਬਾਸ ਗੁਲਾਬ ਕਲੀ ।

ਦੋਹਰਾ ॥ ਸ੍ਰੀ ਸਤਿਗੁਰੂ ਪਰਤਾਪ ਸਿੰਘ ਪੂਰਨ ਬੰਦਨ ਜੋਗ ।
ਮੁਕਤ ਭੁਗਤ ਜੱਸ ਜੁਗਤ ਕੇ ਦਾਤੇ ਸੁਖ ਰਸ ਭੋਗ ।

ਜੋਗ ਜੋਗ ਬਹੁ ਜਤ ਕਰੇ ਸੋਠ, ਜੋ ਹੇਠ ਦਬਾਉ ।
ਤਿਉ ਹਰਿ ਤਰਨ ਕੋ ਤਰਸ ਕਰ ਦੇਹੁ ਗਾਨ ਗੁਣ ਭਾਉ ।
(ਤਰਨ ਸਿੰਘ ਵਹਿਮੀ ਸ੍ਰੀ ਰਾਮਪੁਰ)

---

*ਜਦ ਸਤਿਗੁਰੂ ਪਰਤਾਪ ਸਿੰਘ ਜੀ ਪ੍ਰਗਟੇ । ਤੁਸਾਂ ਦੇਸ਼ ਦੀ ਉਦੋਂ ਹੁਕਮ ਪੁਲਸ ਨੂੰ ਸਿਰਸੀ ਦੁਆਰਦੁਆਰੇ ਦੀ ਤੇ ਪਰੇ ਹੋ ਰਹਿਣ ਦਾ ਆਦੇਸ਼ ਕਿਤਾ ਸੀ । ਤੇ ਤਣੀ ਚਾਰ ਚਲਦੀ ਸੀ ਜੋ ਸਾਧ ਸੰਗਤ ਨੂੰ ਹੋਣੀ ਸੀ । ਇਹ ਸਭ ਹਟ ਗਏ ਅਨੋਖਾ ।
ਤਰਨ ਸਿੰਘ ਰਾਮਪੁਰ

## ਮਹਾਰਾਜ ਨਿਹਾਲ ਸਿੰਘ ਜੀ

ਕਬਿਤ ॥ ਧੀਰੇ ਮਿਠੇ ਸਦਾਚਾਰੀ ਨਿੰਮ੍ਰੀ ਖੱਦਰਧਾਰੀ,
ਸਾਦਗੀ ਪਸੰਦ ਨੰਦ ਹਰੀ ਗੁਰ ਬਾਪ ਕੇ ।
ਸੂਰਤ ਸਨੇਹੀ ਦੇਹੀ ਸੁੰਦਰ ਸਫਾ ਸੁਖੀ,
ਸਖੀ ਸਹਿਜ ਸਾਥੀ ਸਦਾ ਸਭ ਕੇ ਮਿਲਾਪ ਕੇ ।
ਮੰਗ ਬਾਬੇ ਜਸੇ ਜੀ ਦੀ ਗੁਰੂ ਔਸ ਹੰਸ-ਮੁਖ,
ਦੇਸ ਲਈ ਕਲੇਸ ਸਹੇ ਬਿਨ ਲੇਸ ਪਾਪ ਕੇ ।
ਨਾਮ ਮਹਾਰਾਜ ਜੀ ਨਿਹਾਲ ਸਿੰਘ ਲਾਜ ਭਰੇ
ਨੈਣ, ਹੈਣ ਭਾਈ ਪ੍ਰਭ ਹਰੀ ਪਰਤਾਪ ਕੇ ।

ਜੀਵਨ ਕੌਰ ਜਗ ਮਾਤ ਕੇ, ਅਹੈ ਕੌਰ ਮਧੀ ਆਪ ।
ਹਰਨ ਤਾਪ ਪਰ ਤਾਤ ਹੋਏ ਸਰਧਾ ਰਿਦੇ ਅਮਾਪ ।

ਤਿਨ ਜਨਮ ਭੂਮ ਸ੍ਰੀ ਭੈਣੀ ਸਾਹਿਬ ।
ਜਿਹ ਧੁਮ ਧਾਮ ਭਲੀ, ਭੈ ਨਹੀਂ ਐਬ ।

## ਮਹਾਰਾਜ ਗੁਰਦਿਆਲ ਸਿੰਘ ਜੀ

ਸ੍ਰੀ ਗੁਰਦਿਆਲ ਹਰੀ ਕਰੀ ਖਰੀ ਖੋਜ ਸੇਵ, ਸਤਿਜੁਗ ਜਾਰੀ ਕਰ ਲਿਖਣ ਭੀ ਲਾਏ ਮਿਤ ।
ਨਾਮਧਾਰੀ ਇਤਿਹਾਸ ਖਾਸ ਰਾਸ ਰੁਲੀ ਲਭ, ਲੱਭਦੇ ਸੁਣਾਣ *ਸੰਤ ਆਲਿਮ ਸੇ ਚਾਏ ਚਿਤ ।
ਮਨ ਦਾ ਉਬਾਲ ਖੁਲ੍ਹਾ ਤਨ ਦਾ ਖਿਆਲ ਭੁਲਾ, ਤਾਨ ਤਨ ਖਾਲ ਭੁਲਾ ਲਗਨ ਨਿਭਾਏ ਨਿਤ ।
ਭਾਈ ਨੂੰ ਸੁਨਾਈ ਮੇਰੀ ਰਬ ਨ ਪੁਜਾਈ ਆਸ, ਸਭ ਕੁਝ ਜਾਏ ਪਰ ਦੇਸ ਦਾ ਨ ਜਾਏ ਹਿਤ ।

ਦੋਹਰਾ ॥ ਪ੍ਰਭ ਪ੍ਰੀਤਮ ਦੀ ਗੌਰਿਓ ਕੀਤੀ ਤਾਰਾਂ ਘਲ ।
ਹੋਈ ਤਾਂ ਦਸਤੂ ਖਾਸ ਦੇਹ ਨ ਕਰ ਕਾਰਾਂ ਫਲ ।
ਉਮਰ ਨੇ ਦਿਤਾ ਵਕਤ ਨ ਰਹੇ ਚਿਤੇ ਵਿਚ ਚਾ ।
ਭਾਈ ਅਤੇ ਹਮਜੋਲੀਆਂ ਰਖੇ ਲਗਨ ਸੋ ਲਾ ।

---

*ਸੰਤ ਮੋਹਣ ਸਿੰਘ ਜੀ ਵਜ਼ੂਹੀ ਕਬੀਲੇ ਅਰਬੀ ਫਰਿਸ਼ਤੇ । ਤੇ ਸੰਤ ਇੰਦਰ ਸਿੰਘ ਜੀ ਚਕਰਵਰਤੀ ।

Sri Satguru Jagjit Singh Ji Elibrary NamdhariElibrary@gmail.com

੧ੴ ਸਤਿਗੁਰ ਪ੍ਰਸਾਦਿ ॥

## ਕੁਝ ਆਪਣੇ ਵਲੋਂ ਆਪਣੀ ਗੱਲ ਤੇ ਸਤਿਗੁਰੂ ਜੀ ਵਲੋਂ

ਜਿਸ ਕਾਰਜ ਨੂੰ ਗੁਰੂ ਅੰਗਦ ਦੇਵ ਜੀ ਭਾਈ ਬਾਲੇ ਤੋਂ ਸੁਣ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਗਟ ਹੋਣ ਤੋਂ ਲੈ ਜੋਤੀ ਜੋਤਿ ਸਮਾਉਣ ਤਕ ਦਾ ਹਾਲ ਲਿਖਣਾ ਕੀਤਾ ਤੇ ਭਾਈ ਬਾਲੇ ਸੰਧੂ ਨੇ ਪ੍ਰਦੇਸਾਂ ਦੀ ਬੋਲੀ ਨੂੰ ੦ਪੰਜਾਬੀ ਬੋਲੀ ਵਿਚ ਵਾਰਤਕ ਤੇ ਕਵਿਤਾ ਕਰਕੇ ਸੁਖੈਨ ਕੀਤਾ ਤੇ ਜੋ ਕਾਰਜ ਭਾਈ ਬਾਲੇ ਤੇ ਗੁਰੂ ਅੰਗਦ ਦੇਵ ਜੀ ਗੁਰਸਿਖੀ ਲਈ ਕੀਤਾ ਹੈ। ਉਹ ਸਦਾ ਸਨਮਾਨ ਨਾਲ ਗੁਰੂ ਘਰ ਵਿਚ ਪ੍ਰਵਾਨ ਮੰਨ ਪਿਆਰਿਆ ਜਾਂਦਾ ਹੈ। ਕਿ ਗੁਰੂ ਕੀ ਸਾਖੀਆਂ ਦਾ ਭੰਡਾਰ ਭਰ ਕੇ ਉਹ ਇਹ ਵੱਡਾ ਉਪਕਾਰ ਕਰ ਗਏ ਹਨ।

ਤੇ ਜੋ ਕਾਰਜ ਭਾਈ ਸੰਤੋਖ ਸਿੰਘ ਜੀ ਨੇ ਗੁਰ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼ ਲਿਖ ਕੇ ਗੁਰੂ ਘਰ ਦੇ ਸ਼ਰਧਾਲੂਆਂ ਤੇ ਹੋਰ ਖੋਜੀ ਪੁਰਸ਼ਾਂ ਲਈ ਕੀਤਾ ਹੈ। ਉਹ ਭਾਈ ਗੁਰਦਾਸ ਜੀ ਦੀ ਬਾਣੀ ਇਤਿਹਾਸ ਭਿੰਨੀ ਭਰੀ ਦੀ ਤਰ੍ਹਾਂ ਜਗਤ ਪ੍ਰਸਿੱਧ ਉਪਕਾਰ ਹੈ ਤੇ ਜਿਸ ਦਾ ਮੰਨਣਾ ਭੀ ਬਹੁਤ ਹੀ ਸਨਮਾਨ ਸਹਿਤ ਹੋ ਰਿਹਾ ਹੈ। ਭਾਵੇਂ ਭਾਈ ਜੀ ਤੋਂ ਕਈ ਉਕਾਈਆਂ ਭੀ ਭਾਰੀਆਂ ਹੋਈਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਸਾਜਨਾ ਦੇ ਸਮੇਂ ਤੇ ਨਦੇੜ ਦੇ ਕੌਤਕ ਸਮੇਂ ਆਦਿ ਵਿਚ। ਪਰ ਫੇਰ ਭੀ ਜੋ ਉਹਨਾਂ ਬਾਬਾ ਬਕਾਲੇ ਵਾਲਾ ਬਚਨ ਤੇ ਸੰਗਤ ਨੂੰ ਉਪਦੇਸ਼ ਗੁਰੂ ਹਰਿਕ੍ਰਿਸ਼ਨ ਜੀ ਦਾ ਆਦਿ ਅਨੇਕ ਗੁਰਮਤ ਗੁਪੇ ਸੁਧ ਬੁਧੀ ਦੇ ਸਬੂਤ ਲਿਖੇ ਹਨ। ਉਹ ਪਰਮ ਉਜਾਗਰ ਤੇ ਮਹਾ ਉਪਕਾਰ ਹੈ।

ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਲਿਖ ਕੇ ਜੋ ਕੰਮ ਸਿੱਖ ਪੰਥ ਦਾ ਕੀਤਾ ਹੈ। ਉਹ ਸੂਰਜ ਪ੍ਰਕਾਸ਼ ਤੋਂ ਅਗੇ ਲੜੀ ਬੜੀ ਲੋੜਵੰਦੀ ਮਾਨਵਰ ਮਾਲਾ ਹੈ।

ਜਿਵੇਂ ਬਾਲਾ ਜੀ ਤੇ ਭਾਈ ਗੁਰਦਾਸ ਜੀ ਬਾਅਦ ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਲਿਖ ਗੁਰੂ ਨਾਨਕ ਜੀ ਤੋਂ ਦਸਮ ਜੀ ਤਕ ਇਤਿਹਾਸ ਲੜੀ ਪੂਰੀ ਕੀਤੀ। ਤਿਵੇਂ ਹੀ ਗਿਆਨ ਸਿੰਘ ਜੀ ਭੀ ਪਿਛੋਂ ਲੈ ਅਗਲਾ ਹਾਲ, ਸਿੱਖ ਪੰਥ ਦਾ ਰਾਜ ਤੇ ਯਾਰ੍ਹਵੇਂ ਬਾਰ੍ਹਵੇਂ ਗੁਰਾਂ ਦਾ ਕੁਝ ਇਤਿਹਾਸ ਲਿਖ ਜੋ ਸਿੱਖ ਪੰਥ ਦਾ ਕੰਮ ਕੀਤਾ ਹੈ। ਜੇ ਉਹ ਨਾ ਹੁੰਦਾ ਤਾਂ ਸਿੱਖਾਂ ਪਾਸ ਖਾਸ ਇਤਿਹਾਸਕ ਮਸਾਲਾ ਹੈ ਹੀ ਨਹੀਂ ਸੀ। ਛੋਟੇ ਛੋਟੇ ਪੁਸਤਕਾਂ ਦੇ ਮਤ-ਭੇਦ ਭਾਵੇਂ ਪੈ ਮਿਲਦੇ ਪਰ ਪੂਰੀ ਘਾਲ ਖਾਲਸੇ ਦਾ

---

੦ਭਾਵੇਂ ਜਾਣੇ ਹੋ ਚੁਕੇ ਗਿਆਨੀ ਇਤਿਹਾਸਕਾਰਾਂ ਨੇ ਕਈ ਲਿਖਿਆ ਕਿ ਬਾਲੇ ਨੇ ਮਕੇ ਮਦੀਨੇ ਤੇ ਹੋਰ ਦੇਸਾਂ ਦੀ ਬੋਲੀ ਤੇ ਗੋਸਟ ਨੂੰ ਸਾਰੇ ਸੌਖ ਲਈ ਪੰਜਾਬੀ ਸਰਲ ਵਿਚ ਕੀਤਾ ਹੈ। ਤੇ ਉਹ ਭੀ ਗੁਰੂ ਨਾਨਕ ਜੀ ਦੀ ਸੰਗਤ ਸੰਗ ਕਰ ਕਵਿਤਾ ਬੁਧੀ ਦਾ ਪੂਰਾ ਪਾਰਖੂ ਤੇ ਸਮਝਦਾਰ ਬਾਲਾ ਹੋ ਚੁੱਕਾ ਹੋਇਆ ਸੀ। ਪਰ ਤਾਂ ਭੀ ਗੋਸਟਾਂ ਤੇ ਕਵਿਤਾਵਾਂ ਬਾਲਾ ਜੀ ਦੀਆਂ ਪੜ੍ਹ ਕੇ ਪ੍ਰਤੀਤ ਹੋ ਜਾਂਦੀ ਕਿ ਗੁਰੂ ਨਾਨਕ ਨਾਲ ਹੋਰ ਐਸਾ ਕੋਈ ਤਾਂ ਪੰਜਾਬੀ ਨ ਬੋਲਦੇ ਸੀ ਵਾਰਤਾਲਾਪ ਸਮੇਂ। ਉਹ ਤਾਂ ਆਪਣੇ ਦੇਸ ਦੀ ਹੀ ਬੋਲੀ ਜਾਣਦੇ ਸੀ। ਗੁਰੂ ਨਾਨਕ ਜੀ ਗੁਰ ਅਵਤਾਰ ਹੋਣ ਕਰ ਸਭ ਦੇਸਾਂ ਦੀ ਬੋਲੀ ਜਾਣਦੇ ਸੀ ਤੇ ਬੋਲਦੇ ਸੀ।

ਇਤਿਹਾਸ  ਨਾ ਹੀ ਹੁੰਦਾ ਤੇ ਨਾ ਏਤਨੇ ਮਹਾਂ ਘਾਲਨਾਂ ਵਾਲੇ ਉਪਕਾਰੀ ਜੀਵਨ ਜਗਤ ਪ੍ਰਸਿੱਧ ਹੁੰਦੇ। ਭਾਈ ਸੰਤੋਖ ਸਿੰਘ ਜੀ, ਗਿਆਨੀ ਗਿਆਨ ਸਿੰਘ ਜੀ ਉਮਰ ਭਰ ਘਾਲ ਕਰ ਬੇ-ਮਿਸਾਲ ਉਪਕਾਰ ਕੀਤਾ ਹੈ।

ਮਹੰਤ ਸੁਮੇਰ ਸਿੰਘ ਜੀ ਪਟਨਾ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਸਿੱਖ ਪੰਥ ਨੂੰ ਉਹ ਦਿੱਤਾ ਜਿਸ ਤੋਂ ਬਿਨਾਂ ਦਸਮ ਜੀ ਦੀਆਂ ਕਈ ਖਾਸ ਖਾਸ ਸਾਖੀਆਂ ਭੀ ਗੁਪਤ ਰਹਿ ਜਾਣੀਆਂ ਸੀ। ਜਿਹਾ ਕਿ ਦਸਮ ਜੀ ਦਾ ਨਦੇੜ ਦੇ ਕੌਤਕੋਂ ਬਾਅਦ, ਘਾਟ ਨਗਰ ਪਸ਼ੌਰ ਵਲ ਇਕ ਭਗਤ ਕੋਲ ਜਾਣਾ ਫੇਰ ਕਾਬਲ ਜਾਣਾ ਤੇ ਕਈ ਕੌਤਕ ਕਰਨੇ ਆਦਿ।

ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਨੇ ਜੋ ਦਸਮ ਜੀ ਦਾ ਇਤਿਹਾਸ ਭਾਈ ਸੰਤੋਖ ਸਿੰਘ ਜੀ, ਗਿਆਨੀ ਗਿਆਨ ਸਿੰਘ ਜੀ, ਮਹੰਤ ਸੁਮੇਰ ਸਿੰਘ ਜੀ ਤੋਂ ਕਈ ਮਜਬੂਰੀਆਂ ਕਰਕੇ,ਗੁਪਤ ਰਹਿ ਗਿਆ ਜਾਣ। 'ਉਹ ਇਤਿਹਾਸ ਦੇ ਅਣਲਿਖੇ ਪਤਰੇਂ' ਪਹਿਲੇ ਪੰਜਾਬੀ 'ਭੈਣ' ਰਸਾਲੇ ਵਿਚ ਤੇ ਫੇਰ 'ਫੁਲਵਾੜੀ' ਦੇ ਰਸਾਲੇ ਵਿਚ ਉਹੋ 'ਇਤਿਹਾਸ ਦੇ ਅਣਲਿਖੇ ਪਤਰੇਂ' ਲਿਖ, ਮੋਟੇ ਅੱਖਰਾਂ ਤੇ ਪੂਰਾ ਜ਼ੋਰ ਦੇ ਪਿਆਰ ਨਾਲ ਪ੍ਰਸਿੱਧ ਕੀਤਾ ਕਿ ਦਸਮ ਜੀ ਨਦੇੜ ਵਿਚ ਨਹੀਂ ਸਮਾਏ ਸਗੋਂ ਬਾਅਦ ਕਈ ਕੌਤਕ ਕੀਤੇ ਹਨ ਤੇ ਬਹੁਤ ਚਿਰ ਬਹੁਤ ਜਗ੍ਹਾ ਵਿਚਰੇ ਹਨ। ਤੇ ਹੋਰ ਜੋ ਉਪਕਾਰ ਕੀਤਾ ਕਿ ਆਪਣੇ ਵਡਾਰੂ ਬਾਬਾ ਸਰੂਪ ਸਿੰਘ ਜੀ ਦਸਮ ਜੀ ਦੇ ਨਿੱਜੀ ਸੇਵਕ ਤੋਂ ਸੁਣੀਆਂ ਦਸਮ ਜੀ ਬਾਬਤ ਕਥਾਵਾਂ ਕਈ ਲਿਖ ਰਖੀਆਂ, ਸੋ ਮਹਾਂ ਉਪਕਾਰ ਕੀਤਾ ਹੈ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਉਨ੍ਹਾਂ ਦੇ ਸਪੁੱਤ੍ਰ ਭਗਵੰਤ ਸਿੰਘ 'ਹਰੀ' ਜੀ ਤੋਂ ਉਹ ਮਿਲੀਆਂ। ਤੇ ਆਲਿਮ ਜੀ ਨੇ ਭੀ ਕੁਝ ਉਹਨਾਂ ਚੋਂ ਸਾਖੀਆਂ ਗੁਰੂ ਪਦ ਪ੍ਰਕਾਸ਼ ਵਿਚ ਲਿਖੀਆਂ ਤੇ ਮੈਂ ਭੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਅਦ ਦਾ ਜੀਵਨ ਉਹਨਾਂ ਲਿਖਤਾਂ ਵਿਚੋਂ ਰਾਸ ਕੁਝ ਲੈ ਲਿਖਿਆ। ਇਹ ਭਾਈ ਕਾਨ੍ਹ ਸਿੰਘ ਜੀ ਦਾ ਮਹਾਨ ਉਪਕਾਰ ਹੈ। ਵਿਸਥਾਰ ਪੜ੍ਹਨ ਲਈ ਮੇਰੇ ਤੇ ਆਲਿਮ ਜੀ ਦੇ ਲਿਖੇ ਪੁਸਤਕ ਪੜ੍ਹੋ।

ਡਾਕਟਰ ਜਗਜੀਤ ਸਿੰਘ ਜੀ 'ਸਿੰਘ ਸਭਾ ਲਹਿਰ' ਪੁਸਤਕ ਵਿਚ ਜੋ ਸਿੰਘ ਸਭੀਏ ਆਪ ਹੁੰਦਿਆਂ ਇਹ ਲਿਖਿਆ ਹੈ ਕਿ ਮਹਾਰਾਜੇ ਦਲੀਪ ਸਿੰਘ ਜੀ ਨੂੰ ਸਿੰਘ ਸਭਾ ਨੇ ਮਾਫੀਆਂ ਮੰਗਾਏ ਤੇ ਦੇਸ ਵਿਚ ਆਉਣ ਦੀ ਚਾਹ ਕਰਦੇ ਨੂੰ। ਅੰਗਰੇਜ਼ਾਂ ਦੇ ਅਸਰ ਕਾਰਨ ਕਰੜੇ ਕੌੜੇ ਜਵਾਬ ਲਿਖ ਅਦਨੋਂ ਵਾਪਸ ਨਿਰਾਸ ਮੋੜਿਆ। ਉਹ ਸਿੰਘ ਸਭਾ ਨੇ ਆਪਣੇ ਮਥੇ ਤੇ ਸਦਾ ਵਾਸਤੇ ਕਲੰਕ ਦਾ ਟਿਕਾ ਲਾ ਲਿਆ ਜੋ ਕਦੇ ਨਹੀਂ ਲਹਿਣਾ ਲਿਖ ਡਾਕਟਰ ਜੀ ਨੇ "ਗੁਰਮੁਖਿ ਸਚੇ ਸਚੁ ਲਿਖਹਿ ਵੀਚਾਰੁ" ਗੁਰਵਾਕ ਦੀ ਵਰਤੋਂ ਕੀਤੀ ਹੈ ਤੇ ਸਮਕਾਲੀਆਂ ਨੂੰ ਸੋਝੀ ਦਿੱਤੀ ਹੈ। ਇਸ ਤਰ੍ਹਾਂ ਲਿਖਣਾ ਜੋਗ ਹੈ।

ਬਾਬਾ ਕਾਲਾ ਸਿੰਘ ਜੀ ਨੌਗਲ ਤੇ ਸੰਤ ਧਿਆਨ ਸਿੰਘ ਜੀ ਕਾਦਰਾਬਾਦੀ ਜੀ ਨੇ ਜਿੰਨਾ ਹੋ ਸਕਿਆ ਹੈ, ਸਖਤ ਸਮੇਂ ਸੁਥਰਾ ਲਿਖਿਆ ਹੈ ਗੁਰਸਿੱਖੀ ਪਿਆਰ ਦਾ ਸਾਰ ਲਿਖ ਦਸਿਆ ਹੈ ਕਿ ਗੁਰਸਿੱਖਾਂ ਦਾ ਧਰਮ ਹੈ ਗੁਰਸਾਖੀਆਂ ਕਰਨ ਤੇ ਲਿਖ ਧਰਨ।

ਸੰਤ ਬਾਬਾ ਸੰਤੋਖ ਸਿੰਘ ਜੀ ਬਾਹੋਵਾਲ (ਡੇਰਾ ਬਾਬਾ ਨਾਨਕ ਦੇ ਕੋਲ) ਦੇ ਕਰਾਲ ਗੁਰੂ ਘਰ ਦੇ ਸੇਵਕ ਲਿਖਾਰੀ ਹੋਏ ਹਨ। ਜਿਨ੍ਹਾਂ ਗੁਰੂ ਬਾਲਕ ਸਿੰਘ ਜੀ ਤੋਂ ਸ਼ੁਰੂ ਕਰ, ਸਤਿਗੁਰੂ ਪਰਤਾਪ ਸਿੰਘ ਜੀ ਤਕ ਦਾ ਸਮਾਂ, ਸ੍ਰੀ ਭੈਣੀ ਸਾਹਿਬ ਰਹਿ ਕੇ, ਗੋਹੇ ਕੂੜੇ ਦੀ ਸੇਵਾ ਕਰ, ਤੇ ਹੋਰ ਸੰਗਤ ਤੋਂ ਪੁੱਛ, ਫਿਰ

ਖੋਜ ਰੋਜ ਦੀ ਬੜੀ ਮਿਹਨਤ ਨਾਲ ਗੁਰੂ ਘਰ ਦੀਆਂ ਸਾਖੀਆਂ ਤੇ ਹਾਲ ਕਾਲ ਲਿਖਿਆ। ਤੇ ਉਸ ਲਿਖਤੀ ਸਾਦੇ ਕਚੇ ਖਰੜੇ ਕਾਗਤਾਂ ਤੋਂ ਪੜ੍ਹ ਕੇ ਆਪ ਸੰਗਤਾਂ ਨੂੰ ਕਥਾ ਬੜੇ ਪਿਆਰ ਨਾਲ ਸੁਣਾਉਂਦੇ ਹੁੰਦੇ ਸੀ। ਸਤਿਗੁਰੂ ਪਰਤਾਪ ਸਿੰਘ ਜੀ ਇਹਨਾਂ (ਸੰਤ ਜੀ) ਦੇ ਲਿਖੇ ਗ੍ਰੰਥ ਸਤਿਗੁਰੂ ਬਿਲਾਸ ਦਾ ਬਹੁਤ ਸਤਿਕਾਰ ਕਰਦੇ ਸੀ ਤੇ ਕਹਿੰਦੇ ਸੀ, ਸੰਤ ਜੀ ਨੇ ਲੋਹ ਦੀ ਝੋਕੀ ਦੀ ਸੇਵਾ ਕਰ ਤੇ ਗੋਹੇ ਕੂੜੇ ਦੀ ਸੇਵਾ ਕਰ ਸੰਗਤ ਵਿਚੋ ਪੁਰਾਣੇ ਸਾਧੂਆਂ ਪਾਸੋ ਔਖੀਂ ਤਿਠੇ ਹਾਲ ਪ੍ਰਸੰਗ ਪੁਛ ਪੁਛ ਲਿਖੇ ਹਨ। ਤੇ ਨਾਮਧਾਰੀ ਪੰਥ ਦੀ ਇਹ ਬਹੁਤ ਵੱਡੀ ਸੇਵਾ ਕੀਤੀ ਹੈ।

ਸਤਿਗੁਰੂ ਜੀ ਤੋਂ ਪ੍ਰਸੰਗ ਸੁਣ ਤੇ ਉਹਨਾਂ ਸੰਤਾਂ ਦੀ ਸਾਦੀ ਲਿਖਤ ਕੇ ਭਾਈ ਬਾਲਾ ਜੀ ਦੀ ਤਰ੍ਹਾਂ "ਏਕ ਸਮੇਂ ਐਸੇ ਹੋਇਆ", ਲਿਖਣ ਦੀ ਜਾਚ ਮੈਨੂੰ ਭੀ ਸਤਿਗੁਰੂ ਜੀ ਦੀ ਮਤ ਅਨੁਸਾਰ ਇਹਨਾਂ ਤੋਂ ਹੀ ਪ੍ਰੇਰਨਾ ਮਿਲੀ ਹੈ। ਤੇ ਮੈ ਭੀ ਚਾਹੁੰਦਾ ਹਾਂ ਮੇਰੀ ਲਿਖਤ ਭੀ ਉਵੇਂ ਹੀ ਪੜ੍ਹੀ ਜਾਵੇ। ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਤ ਜੀ ਦੇ ਲਿਖੇ ਪੁਸਤਕ ਨੂੰ ਸੋਹਣੇ ਤੇ ਪੱਕੇ ਕਾਗਤ ਉਤੇ ਲਿਖਵਾਇਆ ਤੇ ਟਾਇਪ ਕਰਾਇਆ। ਪਰ ਕਰਤੇ ਦੀ ਕੁਦਰਤ ਉਹ ਅਜੇ ਤਕ ਛਪ ਨਹੀਂ ਸਕਿਆ। ਮੈ ਭੀ ਇਸੇ ਡਰੋਂ ਹੁਣ ਸੁਥਰਾ ਕਰਕੇ ਲਿਖਣ ਲਗਾ ਹਾ ਕਿ ਕੋਈ ਪੜ੍ਹ ਤਾਂ ਸਕੇ ਜੇ ਨਾ ਛਪ ਸਕੇ।

ਸੰਤ ਨਿਧਾਨ ਸਿੰਘ ਜੀ 'ਆਲਿਮ' ਨੇ ਛੋਟੇ ਛੋਟੇ ਹੋਰ ਕਈ ਪੁਸਤਕ ਲਿਖਣ ਤੋਂ ਬਾਅਦ ਜੋ ਤਿੰਨ ਹਿੱਸੇ 'ਗੁਰੂ ਪਦ ਪ੍ਰਕਾਸ਼' ਤੇ 'ਜੁਗ ਪਲਟਾਊ ਸਤਿਗੁਰੂ' ਪੁਸਤਕ ਲਿਖ ਨਾਮਧਾਰੀਆਂ ਨੂੰ ਪ੍ਰਸ਼ਨ ਉੱਤਰ ਤੇ ਇਤਿਹਾਸ ਜੋਗ ਲਿਖ ਦਿੱਤਾ ਹੈ, ਉਹ ਆਲਿਮ ਜੀ ਦਾ ਮਹਾ ਉਪਕਾਰ ਹੈ।

ਸੰਤ ਇੰਦਰ ਸਿੰਘ ਜੀ 'ਚੱਕਰਵਰਤੀ' ਜਿਨ੍ਹਾਂ ਨੇ ਸਤਿਜੁਗ 'ਚ ਬਹੁਤ ਨਾਮਧਾਰੀ ਇਤਿਹਾਸ ਤੇ ਬਸੰਤ ਨੰਬਰਾਂ 'ਚ ਬਹੁਤ ਅਸਰ ਭਰਿਆ ਜੋਰ ਲਿਖਿਆ ਤੇ ਗੁਰੂ ਬਾਲਕ ਸਿੰਘ ਜੀ ਦਾ ਜੀਵਨ 'ਨਾਮਧਾਰੀ ਇਤਿਹਾਸ' ਹਿੱਸਾ ਪਹਿਲਾ ਤੇ ਹੋਰ ਪੁਸਤਕਾਂ ਲਿਖ ਬਹੁਤ ਨਾਮਧਾਰੀਆਂ ਨੂੰ ਇਤਿਹਾਸ ਦਿੱਤਾ ਹੈ। ਇਹਨਾਂ ਦਾ ਅਨੁਭਵੀ ਸਿੱਕਾ ਵਿਰੋਧੀ ਭਾਈ ਵੀਰ ਸਿੰਘ ਜੀ ਸਿੰਘ ਸਭਾ ਦੇ ਵਡੇ ਲਿਖਾਰੀ ਭੀ ਜੋਰਾ ਮੰਨਦੇ। ਤੇ ਸਰਕਾਰ ਅੰਗਰੇਜ਼ੀ ਨੇ ਇਹਨਾਂ ਦੇ ਲਿਖੇ 'ਗੁਰ ਅਵਤਾਰ', 'ਅਪੂਰਬ ਬਲੀ ਦਾਨ' ਨੂੰ ਵੇਖ, ਭੈ-ਭੀਤ ਹੋ ਇਹਨਾਂ ਦੀਆਂ ਲਿਖਤਾਂ ਤੇ ਪਾਬੰਦੀ ਲਾ ਦਿੱਤੀ, ਬਸੰਤ ਨੰਬਰ ਜ਼ਬਤ ਕੀਤੇ। ਸੰਤ ਜੀ ਨੇ ਹੀ 'ਚਾਨਣ ਮੁਨਾਰਾ' ਲੇਖ ਲਿਖ ਗੁਰੂ ਗੋਬਿੰਦ ਸਿੰਘ ਜੀ ਦਾ ਪਸ਼ੌਰ ਕਾਬਲ ਵਲ ਜਾਣ ਸਮੇਂ ਗੁਰੂ ਬਾਲਕ ਸਿੰਘ ਜੀ ਨੂੰ ਮਿਲਣਾ ਤੇ ਸਤਿਗੁਰੂ ਰਾਮ ਸਿੰਘ ਜੀ ਜੋਗ ਗੁਰਤਾ ਅਮਾਨਤ ਸੌਪਣੀ, ਪਹਿਲੇ ਇਤਿਹਾਸਕਾਰਾਂ ਦੇ ਪੁਸਤਕਾਂ ਵਿਚੋਂ ਹੀ ਲਿਖਤੀ ਪ੍ਰਕਰਨ ਲੈ ਜੋ ਸਿਧ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨਦੇੜ ਕੌਤਕੋਂ ਬਾਅਦ ੧੮੬੯ ਬਿ: ਨੂੰ ਹਰੋ ਨਦੀ ਸਿੰਧ ਵਿਚ ਜਿਥੇ ਮਿਲਦੀ ਏ, ਸਰਵਾਲੇ ਦੇ ਨੇੜੇ ਗੁਰੂ ਬਾਲਕ ਸਿੰਘ ਜੀ ਨੂੰ ਮਿਲੇ ਸੀ। ਤੇ ੧੮੬੯ ਬਿ: ਜੇਠ ਸੁਦੀ ਪੰਜ ਨੂੰ ਨਾਭੇ ਓਹੋ ਵੱਖੀ ਦੇ ਤੱਪੇ ਤੁਟੇ ਨੌਬਤ ਵਜਾਣ ਕਰ ਤੇ ਗੁਰੂ ਜੀ ਜੋਤੀ ਜੋਤ ਸਮਾਏ।

ਮੈਂ ਸੰਤ ਜੀ ਦੀ ਸੰਗਤ ਤੇ ਲਿਖਤਾਂ ਦੇ ਅਧਾਰ ਤੇ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਮਿਲੇ ਪੁਸਤਕ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਹੱਥ ਲਿਖੇ ਤੋਂ ਲੈ ਕੇ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਨਦੇੜੋਂ ਬਾਅਦ ਦਾ ਲਿਖ ਸਕਿਆ ਹਾਂ। ਸੰਤ ਜੀ ਦਾ ਇਹ ਲਿਖਤੀ ਉਪਕਾਰ ਸਦਾ ਅਮਰ ਰਹੇਗਾ।

ਮੈਂ ਇਹ ਥੋੜਾ ਜਿਹਾ ਗੁਰੂ ਘਰ ਦਾ ਇਤਿਹਾਸ ਲਿਖਣ ਵਾਲਿਆਂ ਦਾ ਧੰਨਵਾਦ ਇਸ ਲਈ

ਕੀਤਾ ਹੈ ਕਿ ਇਹ ਆਪ ਭੀ ਅਮਰ ਹੋਏ ਹਨ ਤੇ ਗੁਰੂ ਘਰ ਦੇ ਸੇਵਕਾਂ, ਸੂਰਮਿਆਂ ਧਰਮੀਆ ਨੂੰ ਭੀ ਇਹਨਾ ਅਮਰ ਕੀਤਾ ਹੈ। ਤੇ ਇਹੋ ਜਿਹੀਆਂ ਪ੍ਰੇਰਨਾ ਹੀ ਅਗੋਂ ਇਤਿਹਾਸ ਲਿਖਣ ਦੀ ਲਗਨ ਲਾਂਦੀਆ ਹਨ। ਜਿਵੇਂ ਮੈਨੂੰ ਲਗੀ ਹੈ ਤੇ ਗੁਰਵਾਕ "ਲਿਖੇ ਬਾਝਹੁ ਸੁਰਤਿ ਨਾਹੀ" ਦੀ ਵਰਤੋਂ ਕਰਨ ਲਗਾ ਹਾਂ।

---

## ਕਿਵੇਂ ਲਿਖਣਾ

ਮੇਰਾ ਲਿਖਣ ਦਾ ਸੁਭਾ ਸੀ। ਮੈਂ ਸਤਿਗੁਰੂ ਪਰਤਾਪ ਸਿੰਘ ਜੀ ਅਗੇ ਅਰਜ ਕੀਤੀ ਕਿ ਕਈ ਗੁਰ ਕੇ ਬਚਨ, ਕੌਤਕ, ਉਪਕਾਰ ਤੇ ਗੁਰਸਿੱਖਾਂ ਦੇ ਕਾਰਨਾਮੇ ਹੁੰਦੇ ਤੇ ਬਹੁਤ ਲਿਖਣ ਜੋਗ ਹਨ, ਪਰ ਸੰਮਤ, ਪਿੰਡ, ਨਾਮ, ਦਿਨ ਦਾ ਪਤਾ ਨਹੀਂ ਮਿਲਦਾ। ਉਸ ਬਾਬਤ ਕੀ ਕੀਤਾ ਜਾਵੇ। ਤਾਂ ਸਤਿਗੁਰੂ ਜੀ ਬਚਨ ਕੀਤਾ। ਉਸ ਥਾਂ "ਏਕ ਸਮੇਂ, ਲਿਖ ਦੇਣਾ।" ਜਿਵੇਂ ਭਾਈ ਬਾਲਾ ਜੀ ਵਾਲੀ ਗੁਰ ਨਾਨਕ ਜੀ ਦੀ ਜਨਮ ਸਾਖੀ ਵਿਚ ਆਉਂਦਾ ਏ। ਤੇ ਸੰਤ ਸੰਤੋਖ ਸਿੰਘ ਜੀ ਨੇ ਭੀ ਸਤਿਗੁਰੂ ਬਿਲਾਸ ਵਿਚ ਗੁਰੂ ਬਾਲਕ ਸਿੰਘ ਜੀ ਤੋਂ ਲਿਖ ਗੁਰੂ ਹਰੀ ਸਿੰਘ ਜੀ ਤਕ ਕਈ ਥਾਈਂ ਏਕ ਸਮੇਂ ਲਿਖਿਆ ਹੈ। ਪਰ ਲਿਖਣਾ ਸਭੋ ਸਚ। ਮਨਘੜਤ ਦਲੀਲ ਤੇ ਕਦੇ ਲਿਖਣ ਲਈ ਖਿਆਲ ਨਾ ਦੇਣਾ। ਹਾਂ! ਜੇ ਨਾ ਜਚੇ ਜਾਂ ਪੂਰਾ ਪਤਾ ਨਾ ਮਿਲੇ ਉਹ ਉਂਵੀ ਛਡ ਦੇਣੀ ਪਰ ਝੂਠ ਨਹੀਂ ਲਿਖਣਾ। ਹੋ ਚੁੱਕੇ ਇਤਿਹਾਸਕਾਰਾਂ ਨੂੰ ਭੀ ਕਿਹੜੀਆਂ ਸਾਰੀਆਂ ਕਥਾ-ਵਾਰਤਾ ਮਿਲੀਆਂ ਹਨ। ਜਿੰਨੀਆਂ ਕਿਸੇ ਨੂੰ ਮਿਲੀਆਂ ਉਸ ਲਿਖ ਰਖੀਆਂ। ਤੇ ਜਿਨ੍ਹਾਂ ਮਨਘੜਤ ਲਿਖੀਆਂ ਉਹ ਵੇਦ ਸ਼ਾਸਤ੍ਰ ਦੋਨਾਂ ਗ੍ਰੰਥ ਸਾਹਿਬਾਂ ਤੇ ਭਾਈ ਗੁਰਦਾਸ ਦੀ ਬਾਣੀ ਨਾਲ ਮੇਲ, ਸੋਧਿਆਂ ਝਟ ਪਤਾ ਲਗਦਾ ਹੈ ਕਿ ਇਹ ਮਨਘੜਤ ਹਨ। ਕੂੜੁ ਨ ਪਹੁੰਚੇ ਸਚ ਨੇ ਸਉ ਘਾੜਤ ਘੜੀਐ ਅਨੁਸਾਰ।

ਸਤਿਗੁਰੂ ਜੀ ਦਸਿਆ ਜਿਵੇਂ ਸਿੰਘ ਸਤੀਏ ਸਾਬਤ ਕਰਦੇ ਹਨ ਕਿ ਗੁਰੂ ਦਸਮ ਜੀ ਦਾ ਸਿੱਖੀ ਸਾਜਨ ਸਮੇਂ ਦਾ ਕੌਤਕ ਤੇ ਨਦੇੜੋਂ ਅਲੋਪ ਹੋਣਾ। ਗੁਰੂ ਜੀ ਦਾ ਗ੍ਰੰਥ ਸਾਹਿਬ ਨੂੰ ਗੁਰੂ ਥਾਪਣਾ ਲਿਖਿਆ ਹੈ। ਪਰ ਗੁਰਬਾਣੀ ਤੇ ਇਤਿਹਾਸ ਦੀ ਕਸੌਟੀ ਤੇ ਕੋਈ ਇਹਨਾਂ ਘਟਨਾ ਵਿਚੋਂ ਸੱਚ ਸਮਾਨ ਝੂਠ ਵਾਰਤਾ ਵਾਰਾ ਨਹੀਂ ਖਾਂਦੀਆਂ। ਦਸਮ ਜੀ ਸਿੱਖਾਂ ਦੇ ਸੀਸ ਮੰਗੇ ਸੀ ਤੇ ਕੱਟ ਕੇ ਪਿਉਂਦ ਤਰ੍ਹਾਂ ਸੁਰਜੀਤ ਕੀਤੇ ਸੀ। ਤੇ ਨਦੇੜ ਨਾ ਗ੍ਰੰਥ ਸਾਹਿਬ ਕੋਈ ਨਾਲ ਲੈ ਗਏ ਸੀ ਤੇ ਨਾ ਹੀ ਗੁਰਤਾ ਕਹੀ ਸੀ। ਜੇ ਹੋਵੇ ਤਾਂ ਹੁਣ ਕੋਈ ਦਿਖਾਵੇ, ਆਹ ਜੇ ਸਾਡਾ ਗੁਰੂ। ਤੇ ਨਦੇੜ ਰਾਤ ਕਨਾਤ ਤਨਾ, ਸਿਖਾਂ ਨੂੰ ਕੰਡਾਂ ਕਰ ਬਹਾ, ਤੇ ਅੰਗੀਠਾ ਨਾ ਫੋਲਣ ਦਾ ਹੁਕਮ ਲਾ, ਆਪ ਅਲੋਪ ਹੋ, ਤਬੇਲੇ ਵਿਚੋਂ ਘੋੜਾ, ਕਹਿ ਕਾਠੀ ਪਵਾਈ ਵਾਲਾ ਲੈ ਗਏ ਸੀ। ਤੇ ਬਾਦ ਕਈਆਂ ਨੂੰ ਮਿਲੇ ਭੀ ਇਤਿਹਾਸ ਹੀ ਸਾਬਤ ਕਰਦੇ ਹਨ। ਇਸ ਲਈ ਝੂਠ ਲਿਖਣਾ ਹੀ ਕਿਉਂ।

Sri Satguru Jagjit Singh Ji Elibrary NamdhariElibrary@gmail.com



ਸੰਤ ਤਰਨ ਸਿੰਘ ਜੀ 'ਵਹਿਮੀ'

(੧੯੦੨-੧੯੭੮)

Sri Satguru Jagjit Singh Ji Elibrary NamdhariElibrary@gmail.com

## *ਨਿਜੀ ਵਾਰਤਾ*

ਮੈਂ ਕਵਿਤਾ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਦੇ ਮਿਲਾਪ ਤੋਂ ਪਹਿਲਾਂ ਲਿਖਦਾ ਬੋਲਦਾ ਸਾਂ। ਮੈਨੂੰ ਛੋਟੀ ਉਮਰੇ ਸੰਤ ਮਸਤ ਦਿਆਲ ਜੀ ਬ੍ਰਹਿਮਣ ਮੇਰੇ ਪਿੰਡ ਹਿੰਦੂ ਚੱਕ ਜ਼ਿ: ਗੁਜਰਾਂਵਾਲਾ ਦੇ ਆਪ ਕਵਿਤਾ ਲਿਖ ਸੰਤ ਮਾਰਗ ਦੀ ਮੈਨੂੰ ਸੁਣਾ ਢੰਗ ਸਮਝਾਇਆ ਕਰਦੇ ਸੀ, ਮੇਰੀ ਕਾਵਿ ਬੁਧੀ ਵੇਖ। ਆਪ ਉਹ ਬਾਅਦ ਸੰਨਿਆਸ ਧਾਰਨ ਕਰ ਸੰਤ ਮੰਡਲੀ ਸਾਥ ਪਿੰਡੋਂ ਨਿਕਲ ਗਏ ਸੀ। ਮੇਰੇ ਦਾਦਾ ਸੰਤ ਦਿਆਲ ਸਿੰਘ ਜੀ ਸਵਾ ਪਹਿਰ ਰਾਤ ਰਹਿੰਦੀ ਇਸ਼ਨਾਨ ਕਰ ਉੱਚੀ ਸੁਰ ਵਿਚ ਸੁਖਮਨੀ ਸਾਹਿਬ ਦਾ ਪਾਠ ਕੀਤਾ ਕਰਦੇ ਸੀ ਕੰਠਾਗਰ। ਤੇ ਮਸਤ ਦਿਆਲ ਜੀ ਰੋਜ਼ ੨੫ ਪਾਠ ਉਹਨਾਂ ਨਾਲ ਇਸ਼ਨਾਨ ਕਰ ਜਪੁਜੀ ਦੇ ਕੀਤਾ ਕਰਦੇ ਸੀ।

ਮੇਰੇ ਬਾਬਾ ਪੜਦਾਦਾ ਅਤਰ ਸਿੰਘ ਜੀ ਦਾ ਨਾਮ ਭੀ ਉਘੇ ਨਾਮਧਾਰੀਆਂ ਵਿਚ ਸਰਕਾਰੀ ਕਾਗਤਾਂ ਵਿਚ ਆਉਂਦਾ ਹੈ ਤੇ ਨਾਹਰ ਸਿੰਘ ਜੀ ਐਮ. ਏ. ਨੇ ਨਾਮਧਾਰੀ ਇਤਿਹਾਸ ਵਿਚ ਲਿਖਿਆ ਹੈ। ਜਿਵੇਂ ਦਾਦਾ ਦਿਆਲ ਸਿੰਘ ਜੀ ਦਾ ਸੰਤ ਸੰਤੋਖ ਸਿੰਘ ਜੀ ਨੇ ਗੁਰੂ ਹਰੀ ਸਿੰਘ ਜੀ ਦੇ ਦੌਰੇ ਵਿਚ ਲਿਖਿਆ ਹੈ।

ਮੈਨੂੰ ਸਤਿਗੁਰੂ ਪਰਤਾਪ ਸਿੰਘ ਜੀ ਪੁਛਿਆ, ਤਰਨ ਸਿੰਘ ! ਤੇਰੇ ਪਿਤਾ ਜੀ ਦਾ ਨਾਮ ਤੇ ਵਾਕਫੀ ਦਾ ਸਮਾਂ ਮੈਨੂੰ ਉੱਕਾ ਪਤਾ ਨਹੀਂ, ਉਹ ਕਿਵੇਂ ਦਾ ਹੋਇਆ ਹੈ ? ਮੈਂ ਗੁਰੂ ਹਰੀ ਸਿੰਘ ਜੀ ਦੇ ਦੌਰੇ ਤੋਂ ਬਾਅਦ ਤੇਰੇ ਪਿਤਾ ਦੀ ਚੜ੍ਹਾਈ ਦੇ ਮੇਲੇ ਕੀਤੇ ਤੇ ਹੀ ਤੇਰੇ ਵਲੋਂ ਸੱਦੇ ਤੇ ਸਮੇਤ ਦੋਨਾਂ ਮਾਤਾਵਾਂ ਤੇ ਸੰਤ ਮੋਹਣ ਸਿੰਘ ਜੀ ਵਡਾਲੇ ਜੋਹਲਾਂ ਵਾਲਿਆਂ ਦੇ, ਹਿੰਦੂ ਚੱਕ ਗਿਆ ਹਾਂ।

ਮੈਂ ਅਰਜ ਕੀਤੀ, ਸੱਚੇ ਪਾਤਸ਼ਾਹ ! ਮੇਰੇ ਪਿਤਾ ਸੰਤ ਸਿੰਘ ਜੀ ਬੜੇ ਲੋਕ-ਲਾਜੀ ਤੇ ਦੁਨੀਆਦਾਰ ਹੋਏ ਹਨ। ਉਹ ਖਾਸਾਂ ਵਾਂਗੂੰ ਨਾ, ਆਮ ਜਾਤਰੂਆਂ ਵਾਂਗੂੰ ਹੋਲਾ ਜਾਂ ਹੋਰ ਮੇਲਾ ਵੇਖ ਤੇ ਆਪ ਜੀ ਨੂੰ ਮੱਥਾ ਟੇਕ ਜਾਂਦੇ ਸੀ। ਪਰ ਗੁਰੂ ਘਰ ਦੇ ਉਗਰਾਹੀ ਵਾਲੇ ਸਾਧਾਂ ਦਾ ਡੇਰਾ ਆਦਰ ਨਾਲ ਆਪਣੇ ਖੂਹ ਤੇ ਲਵਾਂਦੇ ਸੀ ਛੀ ਮਹੀਨੀ ਆਇਆਂ ਦਾ, ਤੇ ਹਰ ਆਏ ਸਿੱਖ ਸਾਧ ਦਾ ਬੜਾ ਸਤਿਕਾਰ ਤੇ ਸੇਵਾ ਆਦਰ ਕਰਦੇ ਸੀ। ਉਹਨਾਂ ਦੇ ਵੇਲੇ ਹਿੰਦੂ ਚੱਕ ਵਿਚ ਇਕ ਦੋ ਘਰ ਹੀ ਨਾਮਧਾਰੀਆਂ ਦੀ ਰੀਤੀ-ਖਾਸ ਵਾਲੇ ਹੋਰ ਸੀ। ਸੱਚੇ ਪਾਤਸ਼ਾਹੋ ! ਇਹ ਆਪ ਦੀ ਦਇਆ ਦਾ ਫਲ ਹੈ ਕਿ ਹੁਣ ਹਿੰਦੂ ਚੱਕ ਵਿਚ ੨੫—੩੦ ਘਰ ਕੂਕਿਆਂ ਦੇ ਪੱਕੇ ਹਨ ਤੇ ਖਾਸ ਸਾਰੇ ਨਗਰ ਵਿਚ ਸੰਗਤ ਦੀ ਸੇਵਾ ਤੇ ਗੁਰੂ ਕੇ ਲੰਗਰ ਦੀ ਉਗਰਾਹੀ ਦੀ ਪਈ ਹੋਈ ਏ। ਪਰ ਸਾਡੇ ਘਰ ਦੀ, ਬ੍ਰਾਦਰੀ ਨਾਲ ਰੀਤ, ਬਾਬਾ ਅਤਰ ਸਿੰਘ ਜੀ ਤੋਂ ਕੱਚੀ ਰੋਟੀ ਲੈਣ ਦੀ ਪਈ ਹੋਈ ਏ, ਖੁਸ਼ਿਆਂ ਵਲੋਂ ਸ਼ਾਦੀਆਂ ਸਮੇਂ।

ਮੈਨੂੰ ਮੇਰੇ ਦਾਦਾ ਜੀ, ਪਿੰਡ ਦੇ ਹਟੀ ਵਾਲੇ ਬਾਬੇ ਚੰਦਾ ਸਿੰਘ ਜੀ ਪਾਸ ਪੜ੍ਹਨੇ ਪਾਇਆ। ਅਜੇ ਮੈਂ ਸੁਖਮਨੀ ਸਾਹਿਬ ਵਿਚ ਪੰਜ ਗੁੱਥੀ ਤੇ ਅਪੜਿਆਂ ਸਾਂ। ਪਿਤਾ ਜੀ ਨੇ ਉਰਦੂ ਪੜ੍ਹਨ ਮੈਨੂੰ ਬੁਤਾਲੇ ਸਰਮ ਸਿੰਘ ਦੇ, ਗੁਰਮੁਖੀ ਛੁਡਾ, ਭੇਜ ਦਿੱਤਾ। ਦਾਦਾ ਜੀ ਬਿਰਧ ਬੀਮਾਰ ਪਏ ਸੀ। ਮੈਂ ਆ ਕੇ ਸਤਿ ਸ੍ਰੀ ਅਕਾਲ ਕਹੀ। ਤਾਂ ਉਹਨਾਂ ਕਿਹਾ, ਤਾਈ ਤੂੰ ਹੁਣ ਕੁਝ ਬਨਣ ਲਈ ਸਰਕਾਰੀ ਸਕੂਲੇ ਪਿਤਾ ਨੇ ਪਾਇਆ ਹੈ। ਮੇਰੇ ਸਤਿਗੁਰੂ ਜੀ ਦੀ ਮਤ ਉਲੰਘਣ ਨਾ ਸੀ ਕਰਨੀ। ਜਿਵੇਂ ਮੈਂ ਮਸੀਤ ਵਿਚ ਜਾ ਪੜ੍ਹਿਆ ਹਾਂ ਤੂੰ

Sri Satguru Jagjit Singh Ji Elibrary NamdhariElibrary@gmail.com

ਭੀ ਜੇ ਜ਼ਰੂਰ ਲੋੜ ਸੀ ਤਾਂ ਪੂਰੀ ਕਰਦੇ। ਹੱਛਾ ਹੁਣ ਮੇਰਾ ਤੇਰੇ ਤੇ ਕੀ ਜ਼ੋਰ ਏ। ਸੰਤ ਸਿੰਘ ਜਾਣੇ, ਕਿਹੋ ਨੇ।

ਦਾਦਾ ਜੀ ਚੜ੍ਹਾਈ ਕਰ ਗਏ ਤੇ ਮੈਂ ਪੰਜ ਜਮਾਤਾਂ ਪੜ੍ਹ ਲਈਆਂ ਤੇ ਪਿਤਾ ਜੀ ਇਹ ਕਹਿ ਪੜ੍ਹਨੋ ਹਟਾ ਲਿਆ। ਇਕ ਪੁੱਤਰ ਹੈ। ਅਸਾਂ ਕਿਹੜੀ ਨੌਕਰੀ ਕਰਾਣੀ ਹੈ। ਮਾਮਲੇ ਦੀਆਂ ਰਕਮਾਂ ਜੋ ਮੈਨੂੰ ਨੰਬਰਦਾਰੀ ਦੇ ਮਾਮਲੇ ਪਾਰੋਂ ਕਿਸੇ ਤੋਂ ਪੜ੍ਹਾਣੀਆਂ ਪੈਂਦੀਆਂ ਹਨ। ਤੇ ਖਤ ਆਇਆ ਪੜ੍ਹਾਣਾ ਤੇ ਪਾਣ ਲਈ ਕਿਸੇ ਤੋਂ ਲਿਖਾਣਾ ਪੈਂਦਾ ਏ, ਉਹ ਕੰਮ ਤੂੰ ਹੁਣ ਟੋਰ ਹੀ ਲਵੇਂਗਾ। ਮੈਂ ਵਜ਼ੀਫੇ ਵਾਲੇ ਲਾਇਕ ਮੁੰਡਿਆਂ ਵਿਚ ਗੁਜਰਾਂਵਾਲੇ ਜਾ ਨੰਬਰ ਲਏ ਸਨ ਤੇ ਪੜ੍ਹਨ ਦਾ ਸ਼ੌਕ ਸੀ। ਪਰ ਪਿਤਾ ਜੀ ਦੀ ਨਾ ਆਗਿਆ ਹੋਈ।

ਗੁਰਸਿੱਖ ਨਾਮਧਾਰੀ ਸਾਡੇ ਘਰ ਆਉਂਦੇ, ਸ਼ਬਦ ਪੜ੍ਹਦੇ, ਮੈਨੂੰ ਚਾ ਉਗਿਆ, ਮੈਂ ਭੀ ਕੁਝ ਗੁਰਮੁਖੀ ਸਰਲ ਕਰਾਂ। ਮੈਂ ਗੁਰਮੁਖੀ ਵਿਚ ਪੂਰਨ ਭਗਤ ਦਾ ਕਿੱਸਾ ਕਾਦਰ ਯਾਰ ਵਾਲਾ ਲੈ ਸਵੇਰੇ ਹੀ ਨ੍ਹਾ ਕੇ, ਸੀਏ ਬਹਿ ਪੜ੍ਹਦਾ ਤੇ ਕੰਠ ਭੀ ਕਰਦਾ। ਪਿਤਾ ਜੀ ਕੁਝ ਦਿਨ ਬਾਅਦ ਦੇਖ ਕਿਹਾ, ਤੇਰੇ ਦਾਦਾ ਜੀ ਨੇ ਮਸੀਤੇ ਫਾਰਸੀ ਪੜ੍ਹੀ ਤੇ ਇਕ ਸਿੱਖ ਤੋਂ ਤੁਕਾਂ ਲੈ ਸੁਖਮਨੀ ਕੰਠ ਕੀਤੀ ਜੋ ਉਮਰ ਤਕ ਨਿਭਾਈ ਤੂੰ ਭੀ ਗੁਰਬਾਣੀ ਹੀ ਕੰਠ ਕਰ। ਮੈਂ ਕਿੱਸਾ ਛਡ ਗੁਟਕਾ ਲਿਆ। ਜਪੁਜੀ, ਸ਼ਬਦ ਹਜਾਰੇ, ਰਹਿਰਾਸ, ਕੀਰਤਨ ਸੋਹਿਲਾ ਕੰਠ ਕੀਤੇ। ਤਾਂ ਪਿਤਾ ਜੀ ਕਿਹਾ, ਤੂੰ ਹੁਣ ਸੁਖਮਨੀ ਕੰਠ ਕਰ। ਮੈਂ ਰੋਜ਼ ਇਕ ਅਸਟਪਦੀ ਕੰਠ ਕਰਦਾ।

ਇਕ ਕਿਸ਼ਨ ਸਿੰਘ○ ਪਿੰਡ ਦੇ ਸਿਆਣੇ ਪੁਰਸ਼ ਮੈਨੂੰ ਪੁੱਛ ਮਤ ਦਿੱਤੀ। ਜੋ ਮੇਰੇ ਦਾਦਾ ਜੀ ਤੋਂ ਔਖੀ ਸੁਖਮਨੀ ਕੰਠ ਕਰ ਕਦੇ ਪੜ੍ਹਿਆ ਕਰਦਾ ਸੀ ਕਿ ਤੂੰ ਜੇ ਕਾਹਲ ਨਾਲ ਕੰਠ ਕੀਤੀ ਤਾਂ ਵਿਸਰ ਭੀ ਛੇਤੀ ਹੀ ਜਾਵੇਗੀ ਜੇ ਸਹਿਜ ਨਾਲ ਘੋਟਾ ਦੇ ਕਰੇਂਗਾ ਤਾਂ ਵਿਸਰੇ ਗੀ ਭੀ ਘਟ।

ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ ਦੇ ਇਕ ਜਮਾਤੀ ਹਾਣੀ ਮੁੰਡੇ ਨੇਹਮਤੁੱਲਾ ਤੇ ਉਸ ਦੇ ਪਿਤਾ ਮੀਆਂ ਗੁਲਾਮ ਮੁਹੰਮਦ ਤੋਂ ਮਾਇਨੇ ਪੁਛੇ ਤੇ ਪਿੰਡ ਦੇ ਕੁਲ ਦੇ ਪੰਡਤ ਰਲਾ ਰਾਮ ਜੀ ਤੋਂ ਹਿੰਦੀ ਦੇ ਅੱਖਰ ਸਿਖੇ। ਤੇ ਮਿਰਾਸੀ ਅਰੂੜੇ ਤੋਂ ਕੁਰਾਨ ਸ਼ਰੀਫ਼ ਪੜ੍ਹਿਆ। ਵਡੀ ਮਾਲਕੀ ਕਰ ਘਰੋਂ ਵੇਹਲ ਸੀ। ਅਭਿਆਸ ਨਾਲ ਸਭ ਵਿੱਦਿਆ ਵਧੀਆਂ। ਪਿੰਡ ਦੇ ਹਾਣੀ ਕਠੇ ਕਰ ਦੀਵਾਨ ਲਾਣਾ। ਗੁਰਬਾਣੀ ਦੀ ਪ੍ਰੀਤ ਨੇ ਪਿਤਾ ਜੀ ਦੀ ਚੜ੍ਹਾਈ ਤੇ ਭੀ ਡੋਲਣ (ਰੋਣ) ਨਾ ਦਿੱਤਾ। ਭਜਨ ਬਾਣੀ ਦੀ ਲਗਨ ਨੇ ਰਾਮ ਵਲ ਰੁਝਾਈ ਰਖਿਆ।

ਹਿੰਦੂ ਚੱਕੋਂ ਤਿੰਨ ਕੋਹ ਲਹਿੰਦੇ ਗੁਜਰਾਂਵਾਲੇ ਸੰਤ ਕੇਸਰ ਸਿੰਘ ਜੀ 'ਚੁਪ'● ਤੇ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਰਹਿੰਦੇ ਸੀ। ਤੇ ਮੈਂ ਸੰਤ 'ਚੁਪ' ਜੀ ਤੋਂ ਛੋਟੇ ਹੁੰਦੇ, ਹੋਸ਼ ਸੰਭਲੀ ਸਮੇਂ ਭਜਨ ਲਿਆ ਹੋਇਆ ਸੀ। ਇਹ ਪਿਤਾ ਜੀ ਦਾ ਮਹਾਂ ਉਪਕਾਰ ਮੇਰੇ ਤੇ ਹੋਇਆ ਹੋਇਆ ਸੀ। ਮੈਨੂੰ ਸੰਤ 'ਚੁਪ' ਜੀ ਦੀ ਸੰਗਤ ਤੋਂ ਰੇਖੀ ਰਾਤ ਜਾਗਣਾ ਤੇ ਇਸ਼ਨਾਨ ਕਰ ਭਜਨ ਕਰਨਾ ਮਿਲੇ ਹੋਏ ਸੀ। ਇਹ ਸੰਤ ਜੀ ਸਾਡੇ ਨਗਰ ਭੀ ਤੇ ਹੋਰ ਦੁਆਲੇ ਦੀ ਨਗਰੀ ਭੀ ਜਾ, ਕਈ ਦਿਨ ਰਹਿ, ਕਥਾ ਦੀਵਾਨ ਸੁਨਣ ਭਜਨ ਕਰਨ ਦੀ ਪਰਪਾਟੀ ਪਾਂਦੇ ਸੀ ਮੇਰੇ ਤੋਂ ਭੀ ਪਰਚੀਆਂ ਭਗਤਾਂ ਦੀਆਂ ਦੀ ਕਥਾ ਸੁਣਦੇ ਸੀ ਤੇ ਇਸ਼ਨਾਨ

---

○ਇਹਨਾਂ ਦੇ ਪੋਤਰ ਹੁਣ ਬੁਹਾਪਨੀ ਬਰਨਾਲੇ ਨੇੜੇ ਹਨ ਅਨੂਪ ਸਿੰਘ ਹੋਰੀਂ ਤਿੰਨ ਭਾਈ।

●ਚੁਪ ਜੀ ਸੇਖਵਾਂ ਜ਼ਿਲ੍ਹਾ ਸਿਆਲਕੋਟ ਦੇ ਸੀ।

Sri Satguru Jagjit Singh Ji Elibrary NamdhariElibrary@gmail.com

ਸਮੇਂ ਉਠਾ ਨੁਹਾ ਭਜਨ ਕਰਾਂਦੇ ਸੀ ।

(ਗੁਜਰਾਂਵਾਲੇ) ਸੰਤਾਂ ਇਹਨਾਂ ਦੋਨਾਂ ਦੇ ਭਜਨ ਬੰਦਗੀ ਦੇ ਪ੍ਰਤਾਪ ਕਾਰਨ ਬਹੁਤ ਸੰਗਤ ਦਾ ਜੋੜ-ਮੇਲਾ ਹੁੰਦਾ ਰਹਿੰਦਾ ਸੀ ਤੇ ਦੁਸਹਿਰੇ ਦਾ ਮੇਲਾ ਸੰਤ ਕੇਸਰ ਸਿੰਘ ਜੀ 'ਚੁਪ' ਸਦਾ ਆਪਣੇ ਡੇਰੇ ਖਿਆਲੀ ਵਾਲੇ ਦਰਵਾਜੇ ਤੋਂ ਬਾਹਰ ਕਰਦੇ ਸੀ । ਦੁਆਲੇ ਦੇ ਨਗਰਾਂ ਨੂੰ ਇਹ ਬੜਾ ਸਬਬ ਸੀ ਮੈਂ ਭੀ ਬੜਾ ਲਾਭ ਇਹਨਾਂ ਦੋਨਾਂ ਸੰਤਾਂ ਦੀ ਸੰਗਤ ਤੋਂ ਹੀ ਪ੍ਰਾਪਤ ਨਾਮਧਾਰੀ ਧਰਮ ਦਾ ਕੀਤਾ ।

੧੯ ਸਾਲ ਦੀ ਉਮਰ ਵਿਚ ਪਿਤਾ ਜੀ ਚੜ੍ਹੇ ਸੀ ਮੇਰੇ, ਤੇ ਮੇਰੀ ਸ਼ਾਦੀ ੧੫ ਸਾਲਾਂ ਦੀ ਉਮਰ ਵਿਚ ਹੀ ਉਹਨਾਂ ਕਰ ਦਿੱਤੀ ਸੀ । ਤੇ ਮੇਰੇ ਮਾਤਾ ਜੀਵਾਂ ਜੀ ਦਸਦੇ ਸੀ ਮੈਂ ਸੰਮਤ ੧੯੫੯ ਬਿ: ਮਘਰ ਦੇ ਪਹਿਲੇ ਸੋਮਵਾਰ ਦਾ ਜੰਮ ਹਾਂ । ਹੁਣ ੨੩—੨੪ ਸਾਲ ਦੀ ਉਮਰ ਵਿਚ ਸਤਿਗੁਰੂ ਜੀਉ ! ਆਪ ਜੀ ਤੇ ਸੰਤ ਇੰਦਰ ਸਿੰਘ ਜੀ ਨਾਲ ਪਿਆਰ ਪਿਆ ਹੈ । ਸੰਤ ਜੀ ਸਿੱਖਿਆ ਦਿੱਤੀ ਕਿ ਜੇ ਲਿਖਣਾ ਸਿਖਣਾ ਹਈ ਤਾਂ ਹਰ ਸਭਾ, ਮਜ਼ਬ ਵਿਚ ਜਾ ਉਹਨਾਂ ਦੇ ਖਿਆਲ ਸੁਣ ਤੇ ਉਹਨਾਂ ਦੀਆਂ ਕਿਤਾਬਾਂ ਪੜ੍ਹ । ਕੀ ਪਤਾ ਕਿਥੋਂ, ਕਿਹੜੇ ਵੇਲੇ ਜ਼ਿੰਦਗੀ ਦੀ ਮੰਜਲ ਦਾ ਪਰਚਾ, ਪੂਰਨ ਆਦਰਸ਼ ਦੀ ਸਲਾਹ ਸਮਗ੍ਰੀ ਮਿਲ ਜਾਵੇ ।

ਮੈਂ ਜਦ ਸਮਾਂ ਮਿਲੇ ਮੁਸਲਮਾਨਾਂ ਨਾਲ ਜਾ ਖਾਨਗਾਹਾਂ ਤੇ ਕਵਾਲੀਆਂ ਸੁਣਦਾ ਤੇ ਮਸੀਤਾਂ ਵਿਚ ਜੁੰਮੇ ਦੀ ਨਮਾਜ ਪੜ੍ਹੀਦੀ ਦੇਖਦਾ, ਬੁਤਾਲੇ ਗੁਜਰਾਂਵਾਲੇ ਤੇ ਏਮਨਾਬਾਦ ਈਸਾਈਆਂ ਦੇ ਗਿਰਜੇ ਜਾਂਦਾ ਐਤਵਾਰ । ਗੁਜਰਾਂਵਾਲੇ ਸਿੰਘ ਸਭੀਆਂ ਦੇ ਯਤੀਮਖਾਨੇ ਜਾਂਦਾ । ਹਰ ਥਾਉਂ ਪੁਸਤਕਾਂ ਲੈ ਪੜ੍ਹਦਾ ਤੇ ਫੀਰੋਜ਼ਵਾਲੇ ਜਾ, ਜੋ ਪਿੰਡੋਂ ਪਹਾੜ ਵਲ ਦੋ ਕੋਹ ਹੈ, ਜਿਵੇਂ ਏਮਨਾਬਾਦ, ਰੋੜੀ ਸਾਹਿਬ ਤਿੰਨ ਕੋਹ ਚੜ੍ਹਦੇ ਦਖਨ ਹੈ, ਜਾ ਅਹਿਲ ਸੁੰਨਤ ਤੇ ਅਹਿਮਦੀਆਂ ਦੇ ਮੁਬਾਹਿਸੇ ਭੀ ਸੁਣਦਾ । ਤੇ ਆਪ ਇਸ਼ਨਾਨ ਕਰ ਭਜਨ ਬਾਣੀ ਕਰਨੀ ਤੇ ਕਵਿਤਾ ਭੀ ਕੋਈ ਲਿਖਣੀ । ਸਤਿਜੁਗ ਵਲ ਲਾਹੌਰ ਭੇਜ ਦੇਣੀ ਤੇ ਖਾਨਗਾਹਾਂ ਦੇ ਮੇਲਿਆਂ ਤੇ ਸੁਣਾਨੀ ਭੀ ।

ਇਸੇ ਸਮੇਂ ਹੀ ਮੈਂ 'ਅਖੀਆਂ' ਤੇ 'ਪ੍ਰੇਮ ਅੱਖਰ' ਦੋ ਪੁਸਤਕ ਲਿਖੇ । ਇਸ ਤੋਂ ਬਾਅਦ ਮੈਂ ਸੰਤ ਕੇਸਰ ਸਿੰਘ ਜੀ ਚੁਪ ਤੇ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦੇ ਜੀਵਨ ਦਾ ਮਸਾਲਾ ਉਹਨਾਂ ਦੀ ਨਗਰੀ ਜ਼ਿਲ੍ਹੇ ਸਿਆਲਕੋਟ ਵਿਚੋਂ ਜਾ ਇਕੱਠਾ ਕੀਤਾ । ਜੋ ਸਮਾਂ ਮਿਲਣ ਤੇ ਬਹੁਤ ਚਿਰ ਪਿਛੋਂ ਮੈਂ ਸਤਿਜੁਗ ਤੇ ਬਸੰਤ ਨੰਬਰਾਂ ਤੇ ਭੈਣੀ ਸਾਹਿਬ ਆਉਣ ਸਮੇਂ ਲਿਖ ਦਿੱਤਾ ।

ਇਹ ਮੇਰੀ ਨਿਜੀ ਵਾਰਤਾ ਸੁਣ ਸਤਿਗੁਰੂ ਜੀ ਬਚਨ ਕੀਤਾ, ਤੇਰੀ ਕੁਲ ਭੀ ਚੰਗੀ ਹੈ ਤੇ ਜਾਗਾਂ ਭੀ ਚੰਗੀਆਂ ਹੀ ਲਗੀਆਂ ਹਨ । ਤੇ ਇਸ ਸਮੇਂ ਤੋਂ ਬਾਅਦ ਸਤਿਗੁਰੂ ਪਰਤਾਪ ਸਿੰਘ ਜੀ ਮੈਨੂੰ ਨੇੜੇ ਸੱਦ ਬਹੁਤ ਪਿਆਰ ਕਰਦੇ । ਤੇ ਕਦੀ ਕਦੀ ਹੋਰ ਮਤਾਂ ਦੀ ਬੋਲੀ ਤੇ ਵਾਕਫੀ ਦੇ ਬਚਨ ਭੀ ਛੇੜਦੇ, ਦੱਸਦੇ, ਪੁਛਦੇ । ਜਿਵੇਂ ਉਹਨਾਂ ਦਾ ਸੁਤੇ ਸੁਭਾ ਸੀ, ਹਰ, ਕੁਝ ਗੁਣ ਰਖਦੇ ਨੂੰ ਪਿਆਰਨਾ ਤੇ ਪਰਖਣਾ । ਏਕ ਸਮੇਂ ਸਤਿਗੁਰੂ ਜੀ ਮੈਨੂੰ ਪੁਛਿਆ, ਕੁਝ ਸਿੱਖ ਇਤਿਹਾਸ ਭੀ ਜਾਣਿਆਂ ਦੇਖਿਆ ਈ । ਮੈਂ ਅਰਜ ਕੀਤੀ, ਪੜ੍ਹਿਆ ਤੇ ਹੈ ਪਰ ਬੜਾ ਰੌਲਾ ਜਿਹਾ ਪਿਆ ਹੋਇਆ ਹੀ ਸਿੱਖ ਇਤਿਹਾਸ ਵਿਚ ਜਾਪਦੈ । ਪਰ ਹੁਣ ਕੁਝ ਨਖੇੜਾ ਤੇ ਨਿਰਣਾ ਹੋ ਰਿਹਾ ਹੈ । ਜੇ ਆਪ ਚਾਹੋ ਤਾਂ ਮੈਂ ਆਪ ਦਾ ਸਮਾਂ ਨਾਲੇ

Sri Satguru Jagjit Singh Ji Elibrary NamdhariElibrary@gmail.com

ਨਾਲ ਹੀ ਲਿਖਦਾ ਜਾਵਾਂ। ਕਿਉਂਕਿ ਮੈਂ ਜਾਣਿਆ ਹੈ ਸਿੱਖ ਇਤਿਹਾਸ ਸਮੇਂ ਸਿਰ ਨਾ ਲਿਖਿਆ ਜਾਣ ਕਰਕੇ ਹੀ ਬਹੁਤਾ ਗਵਾੜਾ ਹੋਇਆ ਏ। ਤੇ ਆਪ ਤੋਂ ਸੁਣ ਪੁਛ ਭੀ ਬਹੁਤ ਪਿਛਲੇ ਇਤਿਹਾਸ ਦਾ ਸਹੀ ਨਿਰਣਾ ਹੋ ਸਕਦਾ ਹੈ। ਜੇ ਚਾਹੋ ਤਾਂ ਮੈਂ ਜਿਹੀ ਸੇਵਾ ਹੋ ਸਕੇ ਪਿਛਲੇ ਇਤਿਹਾਸ ਦੀ ਸੁਧਾਈ ਤੇ ਅਗੋਂ ਨਵੀਂ ਜੋੜਨ ਦੀ ਕਰਾਂ।

ਸਤਿਗੁਰੂ ਜੀ ਮੇਰੀ ਕੰਡ ਤੇ ਹੱਥ ਫੇਰ ਕਿਹਾ, ਜੇ ਇਹ ਸੇਵਾ ਹੋ ਸਕੀ ਤਾਂ ਹੋਰ ਤੈਨੂੰ ਕੀ ਚਾਹੀਦੈ। ਜਿੰਨੀ ਹੋ ਆਵੇ ਤੇਰੀ ਮਦਦ ਮੈਂ ਕਰਾਂਗਾ। ਪਰ ਤੂੰ ਸੱਚ ਲਿਖੀਂ। ਨਾ ਮਿਲੀ ਨਾ ਜਚੀ ਵਾਰਤਾ ਉਕਾ ਤੇ ਭਾਵੇਂ ਛਡ ਦੇਵੀਂ ਪਰ ਝੂਠ ਨਾ ਲਿਖੀਂ। ਤੇ ਕਿਹੋ ਨੇ ਮਾਤਾ ਜਿਉਣ ਕੌਰ ਤੇ ਫਤਹ ਕੌਰ ਜੀ ਤੋਂ ਬਚਨ ਪੁਛ ਤੂੰ ਲਿਖੀਂ, ਉਹਨਾਂ ਨੂੰ ਪੁਰਾਣੇ ਬਚਨ ਪਿਤਾ ਜੀ ਆਪਣੇ ਤੋਂ ਤੇ ਸਾਧਾਂ ਬਿਰਧਾਂ ਤੋਂ ਸੁਣੇ ਬੜੇ ਯਾਦ ਹਨ। ਰਤਨ ਸਿੰਘ, ਭਾਈ ਵਜੀਰ ਸਿੰਘ ਤੇ ਲਾਲ ਸਿੰਘ ਡਰਾਈਵਰ ਤੋਂ ਤੂੰ ਸਾਡੇ ਬੀਤੇ ਬਾਬਤ ਪੁਛ ਲਈਂ। ਮੈਂ ਭੈਣੀ ਸਾਹਿਬ ਸੰਤ ਇੰਦਰ ਸਿੰਘ ਜੀ ਤੋਂ ਕਾਪੀ ਲਈ ਤੇ ਮਾਤਾ ਜਿਉਣ ਕੌਰ ਜੀ ਪਾਸ ਜਾ ਮੱਥਾ ਟੇਕ ਪੁਛ ਲਿਖਣਾ ਸ਼ੁਰੂ ਕੀਤਾ। ਇਹ ਮੇਰੀ ਪਹਿਲੀ ਲਿਖਤ ਤੇ ਸਿਧ ਪਿਧ ਲਿਖਿਆ ਮੇਰੇ ਕੋਲ ਏ।

— — — —

ਮੇਰੀ ਵਿੱਦਿਆ ਤੇ ਥੋੜੀ ਹੈ ਪਰ ਮਹਾਂ ਪੁਰਖਾਂ ਦੀ ਸੰਗਤ ਧਰਮ ਪੁਸਤਕਾਂ ਦਾ ਅਭਿਆਸ ਤੇ ਬਿਰਧਾਂ ਦੀ ਸੰਗਤ ਬਹੁਤੀ ਹੋਈ ਹੈ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਿਆਰ ਦੇ ਭਰੋਸੇ ਮੈਂ ਇਹ ਗੁਰਵਾਕ—

ਸਾਰੰਗ ਮਹਲਾ ੫ ॥ ਊਤਮ ਕਥਾ ਸੁਣੀਜੈ ਸ੍ਰਵਣੀ ਮਇਆ ਕਰਹੁ ਭਗਵਾਨ ॥
ਆਵਤ ਜਾਤ ਦੋਊ ਪਖ ਪੂਰਨ ਪਾਈਐ ਸੁਖ ਬਿਸ੍ਰਾਮ ॥

ਕਾਨੜੇ ਕੀ ਵਾਰ ॥ ਪਉੜੀ ॥ ਮਹਲਾ ੪ ॥
ਧਨੁ ਧਨੁ ਸੁਹਾਵੀ ਸਫਲ ਘੜੀ ਜਿਤੁ ਹਰਿ ਸੇਵਾ ਮਨਿ ਭਾਣੀ ॥
ਹਰਿ ਕਥਾ ਸੁਣਾਵਹੁ ਮੇਰੇ ਗੁਰਸਿਖਹੁ ਮੇਰੇ ਹਰਿ ਪ੍ਰਭ ਅਕਥ ਕਹਾਣੀ ॥
ਕੋਈ ਗਾਵੈ ਕੋ ਸੁਣੈ ਕੋ ਉਚਰਿ ਸੁਨਾਵੈ ॥
ਜਨਮ ਜਨਮ ਕੀ ਮਲੁ ਉਤਰੈ ਮਨ ਚਿੰਦਿਆ ਪਾਵੈ ॥

ਸਲੋਕ ਮਹਲਾ ੨ ॥ ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ ॥

ਮਲਾਰ ਮਹਲਾ ੪ ॥ ਹਉ ਜੀਵਾਂ ਸਦਾ ਹਰਿ ਕੇ ਗੁਣ ਗਾਈ ॥

ਲਿਖ ਜੱਸ-ਜੀਵਨ ਆਰੰਭ ਕੀਤਾ ਹੈ।

ਧਨੁ ਧਨੁ ਸੋਹਣੀ ਸਫਲ ਘੜੀ, ਜਿਸ ਵੇਲੇ ਇਹ ਹਰਿ ਸੇਵਾ ਗੁਰ ਸੇਵਾ ਕਰਨੀ ਮੇਰੇ ਮਨ ਨੂੰ ਚੰਗੀ ਲਗੀ। ਤੇ ਮੈਂ ਜਾ ਅਰਜ ਕੀਤੀ ਇਕ ਬਿਰਧ ਗੁਰਸਿਖ ਪਾਸ ਤੇ ਮਾਤਾ ਜੀਵਨ ਕੌਰ ਜੀ ਅਗੇ ਕਿ ਮੈਨੂੰ ਸਤਿਗੁਰੂ ਜੀ ਦੀ ਵਾਰਤਾ, ਕਥਾ ਤੇ ਜੀਵਨ ਦੇ ਬਚਨ ਸੁਣਾਵੋ। ਤੇ ਮੈਂ ਗੁਰੂ ਕੇ ਗੁਣ ਗਾ, ਉਚਰ, ਲਿਖ ਕੇ ਸੰਗਤ ਨੂੰ ਸੁਨਾਣ ਦਾ ਉਦਮ ਅਰੰਭ ਕੀਤਾ। ਤੇ ਜਨਮ ਜਨਮ ਦੀ ਮੈਲ ਉਤਾਰਨ ਵਾਲੀ ਗੁਰ ਕੀ ਕਥਾ

Sri Satguru Jagjit Singh Ji Elibrary NamdhariElibrary@gmail.com

ਅਰੰਭੀ। ਤੇ ਮਨੋ-ਚਿੰਦਿਆ ਫਲ, ਕਿ ਮੈਂ ਭੀ ਗੁਰੂ ਕੇ ਜੱਸ ਲਿਖਣ ਵਾਲਿਆਂ ਵਿਚ ਪਰੁਚ ਸਕਾਂ। ਇਹ ਗੁਰੂ ਕੀ ਕਥਾ ਬੇਦਾ ਅਨੁਸਾਰ ਗੁੰਥਾਂ, ਗੁਰਪ੍ਰੋਟਾਂ ਅਨੁਸਾਰ ਪਾਪ ਪੁੰਨ ਦੀ ਵਿਚਾਰ ਦੇਣ ਵਾਲੀ ਲਿਖਾਂ। ਮੈਂ ਇਹ ਸਦ-ਜੀਵੀ ਗੁਰ ਕੇ ਗੁਣ ਗਾ ਕੇ ਲਿਖ ਕੇ ਅਮਰ ਹੋਣ ਵਾਲੀ ਸੇਵਾ ਆਰੰਭ ਕੀਤੀ।

ਮੈਂ ਅੰਤਰ ਆਤਮੇ ਅਰਜ ਕੀਤੀ। ਇਹ ਉਤਮ ਕਥਾ ਸ੍ਵਨੀ ਤਾਂ ਹੀ ਗੁਰਸਿੱਖ ਸੁਣਨਗੇ ਹੇ ਸਤਿਗੁਰੂ ਪਰਤਾਪ ਸਿੰਘ ਜੀ ਮੇਰੇ ਭਗਵਾਨ ਜੀਉ! ਤਾਂ ਹੀ ਮੇਰੇ ਆਉਣ ਜਾਣ ਦਾ ਸੰਸਾਰ ਤੇ ਪੰਧ ਸਫਲ ਤੇ ਲੇਖੇ ਵਿਚ ਪੂਰਨ ਹੋਵੇਗਾ ਤੇ ਮੇਰੀ ਮਨਸਾ ਨੂੰ, ਰੂਹ ਨੂੰ ਸੁਖ ਦਾ ਸਦਾ ਅਸਥਾਨ ਮਿਲਿਆ ਰਹੇਗਾ। ਕਿਉਂਕਿ ਆਪ ਹੀ ਮੇਰੇ ਭਗਵਾਨ ਹੋ, ਅਤੇ ਵਿਦਵਾਨਾ ਨੇ ਸਰਗੁਣ ਨੂੰ ਹੀ ਭਗਵਾਨ ਮੰਨਿਆ ਹੈ।

"ਜਸ, ਐਸ਼ਵਰਜ, ਵੈਰਾਗ, ਉਦਾਰ। ਲਛਮੀ, ਗਿਆਨ, ਸੁ ਪੂਰਨ ਧਾਰ।
ਈਸ਼ਵਰ ਕੇ ਗੁਣ ਖਟ ਇਹ ਜਾਣ। ਯਾ ਤੇ ਕਹੀਅਤ ਹੈ ਭਗਵਾਨ।

(ਸੂਰਜ ਪ੍ਰਕਾਸ਼ ਕਰਤਾ)

ਜੇ ਆਪ ਕਿਰਪਾ ਕਰੋਗੇ ਕਿਉਂਕਿ ਜੇ ਆਪ ਦੀ ਮੇਰੇ ਤੇ ਮੇਹਰ ਹੋਵੇਗੀ। ਹੇ ਸਚੇ ਪਾਤਸਾਹੇ! ਮੈਂ ਸਤਿਗੁਰੂ ਰਾਮ ਸਿੰਘ ਜੀ ਦਾ ਈਸ਼ਵਰ ਰੂਪ ਉਹਰ ਆਪ° ਨੂੰ ਹੀ ਮੰਨ ਕੇ ਮਨ ਦੀ ਧਿਆਨ ਧਾਰਨਾ ਧਾਰੀ ਹੈ। ਆਪ ਵਿਚੋਂ ਹੀ ਉਹਨਾ ਦਾ ਦਰਸਨ ਕਰਨ ਹਿਤ, ਜਿਚਰ ਉਹ ਬਦੇਸੋਂ ਨਹੀਂ ਆਉਂਦੇ।

## ਜੱਸ-ਜੀਵਨ ਦਾ ਸਾਰ

ਕਬਿਤ॥ ਮਿਲੇ ਨ ਸੰਮਤ ਜਿਸ ਵਾਰਤਾ ਕੇ ਗਾਮ ਥਾਮ,
ਨਾਮ ਸਿਖ ਸੰਤ ਕਾਜ ਤਾਹਿ ਲਿਖੋ ਏਕ ਸਮੇਂ।
ਜੈਸੇ ਭਾਈ ਕਾਲਾ ਔ ਸੰਤੋਖ ਸਿੰਘ ਸੰਤ ਜੀ ਨੇ,
ਲਿਖਾ ਲਿਖਣ ਵਾਰ ਪਾਸ ਦਾਸਨ ਹਰੇਕ ਸਮੇਂ।
ਖਰੇ ਸੋਊ ਤਰੇ ਸੋਊ ਅਮਰ ਨ ਮਰੇ ਸੋਊ,
ਜਿਨ ਮਾਨ ਗੁਰੂ ਆਨ ਲੀਉ ਮਾਥ ਟੇਕ ਸਮੇਂ।
ਤਿਨ ਹੀ ਕੀ ਗਾਥ ਸਾਥ ਅਦਬ ਇਤਿਹਾਸ ਮਾਹਿ,
ਜਾਹਿ ਸਤਿਗੁਰ ਕੀ ਸੁਮਤਿ ਧਾਰੀ ਮੇਕ ਸਮੇਂ।

ਮੇਰੀ ਜੋ ਸੰਤਾਲ ਪਹਿਲੋਂ, ਨਾਲ ਰਹੇ ਗੁਰਾਂ ਕਹੇ,
ਬਾਲ ਔ ਜਵਾਨੀ ਕਾਲ ਜੈਸ ਸੰਗ ਸਰਨ ਸਿੰਘ।
ਦਰਸ ਮਿਲਾਪ ਹਿਤ ਪੁੰਨ ਔ ਨ ਪਾਪ ਹਿਤ,
ਮੁਕਤ ਚਾਊ ਉਕਤ ਨ ਲਾਊ ਮਿਹਰ ਕਰਨ ਸਿੰਘ।
ਸਤਿ-ਕੰਤ ਧਾਰੀ ਜਿਮ ਸਦਾ ਜੋ ਸੁਹਾਗਵੰਤ,
ਤਿਨ ਕੇ ਸਰਾਹੂ ਜੋ ਨ ਮਾਹਿ ਜਨਮ ਮਰਨ ਸਿੰਘ।
ਵਡਪ੍ਰਤਾਪੀ ਗੁਰੂ ਸਿਖਨ ਕੇ ਜੱਸ ਕਰ,
ਵਿਦਿਆ ਕੀ ਸੇਵਾ ਚਹੇ ਸਫਲ ਕਰਨ ਤਰਨ ਸਿੰਘ।

°ਲਿਖਿਆ ਹੈ, ਜੈਸੇ ਦਰਪਨ ਵਿਚੇ ਵਦਨ ਦਿਸੰਦੜਾ ਤੈਸੇ ਸਤਗੁਰ ਸਾਖੀ ਗੁਰ ਮੁਖ ਦਿਸਾਵਦਾ ਹੈ। (ਭਾਈ ਗੁਰਦਾਸ ਜੀ)

Sri Satguru Jagjit Singh Ji Elibrary NamdhariElibrary@gmail.com

## ਸੌਂਹ ਲਿਖਣ ਦਾ ਪ੍ਰਣ

ਮਤ ਗੁਰਬਾਣੀ ਸਤਿਗੁਰ ਦਿੜ ਭਾਣੀ ਮੇਰੇ,
ਟੇਰੇ ਕੇ ਉਲਟ ਓਰੇ ਤੇਰੇ ਸਮ ਜਾਊਂ ਨਹਿ।
ਗੁਰਮਤ ਕਾਰ ਕਰੂੰ ਸਤਿ ਸਤਿਕਾਰ ਕਰੂੰ,
ਨਿੰਦ ਨਿਰਵਾਰ ਕਰੂੰ ਮਰੂੰ ਬਿਖ ਖਾਊਂ ਨਹਿ।
ਉਤਮ ਕੀ ਘੁਰ ਸਹੂੰ ਮੱਧਮ ਸੇ ਦੂਰ ਰਹੂੰ,
ਅਧਮੇਂ ਜਰੂਰ ਕਹੂੰ ਤੁਝ ਤੇ ਤੁਲਾਊਂ ਨਹਿ।
ਖੋਟੇ ਵਟੇ ਤੋਲ ਦਸ, ਘਟੇ ਬੋਲੂ ਬੋਲ ਰਸ,
ਐਂਧੇ ਦਸ ਮਾਣਿਕ ਪਾ ਮੋਲ ਮੈ ਵੰਞਾਊਂ ਨਹਿ।

ਜਿਸ ਵਾਰਤਾ ਦਾ ਸੰਮਤ, ਜਗ੍ਹਾ, ਨਾਮ ਨਾ ਮਿਲੇਗਾ, ਏਕ ਸਮੇਂ ਲਿਖਾਂਗਾ। ਤੇ ਜਿਸ ਤਰ੍ਹਾਂ ਭਾਈ ਬਾਲਾ ਜੀ ਤੇ ਸੰਤ ਸੰਤੋਖ ਸਿੰਘ ਜੀ ਨੇ ਵਾਰਤਕ ਸਰਲ ਪੰਜਾਬੀ ਲਿਖੀ ਹੈ, ਲਿਖਾਂਗਾ। ਤੇ ਜਿਨ੍ਹਾਂ ਸਮੇਂ ਦੇ ਸਤਿਗੁਰੂ ਨੂੰ ਸਰਧਾ ਧਾਰ ਮੰਨ ਲਿਆ ਹੈ। ਗੁਰ ਨਾਨਕ ਤੋਂ ਲੈ ਸਤਿਗੁਰੂ ਰਾਮ ਸਿੰਘ ਜੀ ਤਕ ਸਮੇਂ ਅਨੁਸਾਰ ਜਿਵੇਂ ਉਹਨਾਂ ਦੇ ਇਤਿਹਾਸ ਵਿਚ ਨਾਮ ਆਏ ਹਨ, ਤਿਵੇਂ ਹੀ ਹੁਣ ਮੈਂ ਲਿਖਾਂਗਾ। ਤੇ ਮੇਰੀ ਸੰਭਾਲ ਤੋਂ ਪਹਿਲਾਂ ਜੋ ਸਤਿਗੁਰੂ ਜੀ ਤੇ ਸੰਗ ਤੇ ਸਰਨ ਵਿਚ ਸਿਖ ਰਹੇ ਹਨ। ਉਹਨਾਂ ਦੀ ਸਹੀ ਵਾਰਤਾ ਮਨੋ ਉਕਤ ਨਾ ਕੋਈ ਲਾ, ਨਾ ਮੁਕਤੀ ਦੇ ਚਾ ਨੂੰ ਮੁਖ ਰਖ ਸਿਰਫ ਦਰਸਨ ਗੁਰ ਮਿਲਾਪ ਨੂੰ ਹੀ ਸਤ ਤੇ ਕੰਤ ਪਿਆਰ ਵਾਲੀਆਂ, ਸਦਾ ਸੁਖ ਵਾਲੀਆਂ ਵਾਂਗੂ ਹੋਏ ਸਿੰਖਾਂ ਦੀ ਸਿਫਤ ਲਿਖਾਂਗਾ। ਸਤਿਗੁਰੂ ਪਰਤਾਪ ਸਿੰਘ ਜੀ ਦਾ ਜੱਸ ਲਿਖਾਂਗਾ, ਵਿੱਦਿਆ ਦੀ ਸੇਵਾ ਕਰਨ ਅਰਥ।

ਗੁਰਬਾਣੀ ਦੇ ਮਤ ਅਨੁਸਾਰ, ਸਤਿਗੁਰੂ ਜੀ ਤੇ ਵਿਸ਼ਵਾਸ ਪ੍ਰਤੀਤ ਰਖ ਕਿਸੇ ਦੇ ਕਹੇ, ਮਨ ਦੇ ਕਹੇ ਲਗ ਉਲਟ ਨਹੀਂ ਟੁਰਾਂਗਾ ਲਿਖਣ ਵਿਚ। ਤੇ ਗੁਰਮਤ ਦੀ ਕਾਰ ਕਰਦਾ ਸਤ ਧਰਮ ਦਾ ਸਤਿਕਾਰ ਕਰਦਾ। ਜਾਣ ਕੇ ਕਿਸੇ ਦੀ ਨਿੰਦਾ ਕਰਨ ਵਾਲੀ ਬਿਖ ਨਹੀ ਖਾਵਾਂਗਾ। ਹਾਂ ਸੁਮਤ ਹਿਤ ਉਤਮ ਪੁਰਸ਼ਾਂ ਦੀ ਘੁਰ ਭੀ ਸਹਾਂਗਾ ਤੇ ਦਰਮਿਆਨੇ ਮੇਲੋਂ ਦੂਰ ਰਹਾਂਗਾ ਤੇ ਨੀਚ ਪੁਰਸ਼ ਨੂੰ ਕਹਾਂਗਾ, ਮੈਨੂੰ ਤੇਰੀ ਸਲਾਹੁਤਾ ਪਰਖ ਦੀ ਲੋੜ ਹੀ ਨਹੀਂ। ਕਿਉਂਕਿ ਤੂੰ ਖੋਟੇ ਵੱਟੇ ਨਾਲ ਤੋਲ ਕਰ ਉਤਮ ਬਚਨ ਬੋਲੂ ਦਾ ਮੁਲ ਆਪਣੀ ਮੰਦ-ਮਤ ਨਾਲ ਘਟ ਪਾਵੇਂਗਾ। ਮੈਂ ਇਹ ਗੱਲ ਕਰ ਆਪਣੀ ਸਹੀ ਕੀਮਤ ਗੁਰੂ ਸਰਧਾ ਨਹੀਂ ਘਟਾਣੀ।

(ਤਰਸ ਸਿੰਘ ਧੁਰਾਣਿਆ, ਸ੍ਰੀ ਰਾਮਪੁਰ)

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

## ਜਗਤ ਮਾਤਾ

ਏਕ ਸਮੇਂ ਭੈਣੀ ਸਾਹਿਬ ਸਤਿਗੁਰੂ ਪਰਤਾਪ ਸਿੰਘ ਜੀ ਤੋ ਕਥਾ ਕਰਦਿਆਂ ਮੈਂ ਸੁਣਿਆ ਕਿ ਗੁਰੂ ਨਾਨਕ ਦੇਵ ਜੀ ਦੀ ਮਾਤਾ ਤ੍ਰਿਪਤਾ ਨ ਤ੍ਰਿਪਤੀ ਤੇ ਗੁਰੂ ਹਰਿਗੋਬਿੰਦ ਜੀ ਦੇ ਮਹਿਲ ਦਮੋਦਰੀ ਜੀ ਭੀ ਗੁਰਵਾਕ ਉਲਟ ਕਿਹਾ, 'ਮੈਂ ਕੁੜਮਾਂ ਤੋਂ ਪਹਿਲਾਂ ਸਿੱਖਾਂ ਨੂੰ ਮਠਿਆਈ ਨਹੀਂ ਦੇਣੀ।' ਤੇ ਸਰਾਪ ਲੈ ਲਿਆ, 'ਇਹ ਮਠਿਆਈ ਤੁਰਕ ਹੀ ਖਾਣਗੇ' ਤੇ ਦਸਮ ਜੀ ਤੋਂ ਭੀ ਮਾਤ ਗੁਜਰੀ, ਊਜਰੀ ਅਖਵਾ ਲਿਆ। ਮੇਰੀ ਮਾਤਾ ਜੈਸੀ ਮਾਤਾ ਕਿਸੇ ਗੁਰੂ ਨੂੰ ਨਹੀ ਮਿਲੀ। ਮਾਤਾ ਜੀ ਐਸੇ ਹੁੰਦੇ ਭੀ ਕਿਉਂ ਨਾ। ਸਤਿਗੁਰੂ ਰਾਮ ਸਿੰਘ ਜੀ ਨੇ ਮਾਤਾ ਜਿਉਣ ਕੌਰ ਜੀ ਨੂੰ "ਇਹ ਜਗਤ ਮਾਤਾ ਹੈ" ਕਿਹਾ ਸੀ। ਸੋ ਸੱਚ ਹੀ ਹੈ। ਮਾਤਾ ਜੀ ਮੇਰੇ ਤੋਂ ਭੀ ਵਧ ਸਭ ਨੂੰ ਇਕ ਰਸ ਵਰਤਦੇ ਹਨ। ਮਾਤਾ ਜੀ ਪਾਸੋਂ ਘੁਮੰਡੇ ਕੇ ਗੁਰੂ ਦੇ ਵਿਰੋਧੀ ਭੀ ਪਦਾਰਥ ਲੈ ਵਰਤਦੇ ਹਨ। ਮਾਤਾ ਜੀ ਠੀਕ ਹੀ ਜਗਤ ਮਾਤਾ ਹੀ ਹਨ।

ਮੈਂ ਅਗਲੇ ਦਿਨ ਹੀ ਮਾਤਾ ਫਤਹ ਕੌਰ ਜੀ ਪਾਸ ਜਾ ਅਰਜ ਕੀਤੀ ਕਿ ਮਾਤਾ ਜੀ ਉਹ ਵਾਰਤਾ ਕਿਵੇਂ ਹੈ ਜੋ ਕਲ੍ਹ ਸਤਿਗੁਰੂ ਜੀ ਕਥਾ ਸਮੇਂ ਕਹੀ ਹੈ ਕਿ ਮਾਤਾ ਜਿਉਣ ਕੌਰ ਜੀ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਹੈ। "ਇਹ ਜਿਉਣ ਕੌਰ ਤਾਂ ਜਗਤ ਮਾਤਾ ਹੈ।"

ਮਾਤਾ ਫਤਹ ਕੌਰ ਜੀ ਕਿਹਾ, ਬੀਰਾ ਰਹਿਮੀਆਂ! ਅਸੀਂ ਦੋਵੇਂ ਭੈਣਾਂ ਏਕ ਸਮੇਂ ਪਿਤਾ ਖੁਸ਼ਾਲ ਸਿੰਘ ਜੀ ਨਾਲ ਛੋਟੀਆਂ ਹੁੰਦੀਆਂ ਭੈਣੀ ਸਾਹਿਬ ਦਰਸਨ ਸਤਿਗੁਰੂ ਰਾਮ ਸਿੰਘ ਜੀ ਦਾ ਕਰਨ ਆਈਆਂ। ਪਿਤਾ ਜੀ ਮੈਨੂੰ ਬਾਣੀ ਕੰਠ ਕਰਾਂਦੇ ਸੀ ਤੇ ਜਿਉਣ ਕੌਰ ਤੋਂ ਭਜਨ ਹੀ ਕਰਾਂਦੇ ਸੀ ਵੇਹਲੇ ਵੇਲੇ। ਆਪ ਸਾਲ ਵਿਚ ਬਹੁਤ ਵਾਰੀ ਜਾਂ ਹਰ ਮਹੀਨੇ ਭੈਣੀ ਸਾਹਿਬ ਸਤਿਗੁਰਾਂ ਦੇ ਦਰਸਨ ਨੂੰ ਆਉਂਦੇ ਹੁੰਦੇ ਸੀ।

ਸਤਿਗੁਰੂ ਜੀ ਜੋਗ ਭੇਟਾ ਭੀ ਲਿਆਂਦੀ ਸੀ ਤੇ ਪਿਤਾ ਜੀ ਮੈਨੂੰ ਸਬਦ, ਰਾਗ ਗੂਜਰੀ ਮਹਲੇ ਪੰਜਵੇਂ ਦਾ "ਤੁਧੁ ਧਿਆਇਨਿ ਬੇਦ ਕਤੇਬਾ ਸਣੁ ਖੜੇ।" ਸਾਰਾ ਕੰਠ ਕਰਾ ਪੱਕੀ ਭੀ ਕੀਤੀ ਹੋਈ ਸੀ ਤੂੰ ਇਹ ਸਤਿਗੁਰੂ ਜੀ ਦੇ ਹਜ਼ੂਰ ਹੱਥ ਜੋੜ ਖੜੇ ਸੁਨਾਣਾ। ਸਤਿਗੁਰੂ ਜੀ ਡਿਉਢੀ ਤੋ ਅੰਦਰ ਕੁਰਸੀ ਤੇ ਬੈਠੇ ਹੋਏ ਸੀ ਜਦੋਂ ਅਸੀਂ ਆਏ ਦਰਸਨ ਕਰ ਚਰਨੀ ਲਗੇ। ਤੇ ਮੈਂ ਹੱਥ ਜੋੜ ਖੜੇ ਸਤਿਗੁਰੂ ਜੀ ਦੇ ਸੌਂਹੇ ਸਬਦ ਪੜ੍ਹਿਆ।

ਗੂਜਰੀ ਵਾਰ ਮਹਲਾ ੫ ॥ ਪਉੜੀ ॥ ਤੁਧੁ ਧਿਆਇਨਿ ਬੇਦ ਕਤੇਬਾ ਸਣੁ ਖੜੇ ॥
ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ ॥
ਬ੍ਰਹਮੇ ਤੁਧੁ ਧਿਆਇਨਿ ਇੰਦ੍ਰ ਇੰਦ੍ਰਾਸਣਾ ॥
ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥

ਪੀਰ ਪਿਕਾਬਰ ਸੇਖ ਮਸਾਇਕ ਅਉਲੀਏ ॥
ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ ॥
ਕੂੜਹੁ ਕਰੇ ਵਿਣਾਸੁ ਧਰਮੇ ਤਗੀਐ ॥
ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ ॥ ੨ ॥

ਸਤਿਗੁਰੂ ਜੀ ਮੁਸਕਰਾਂਦੇ ਮੁਖ, ਖਬੇ ਹੱਥ ਮੇਰੇ ਗਲਵਾਲੀ ਰੁਮਾਲੀ ਨੂੰ ਫੜ ਤੇ ਸੱਜਾ ਕਰ ਕਮਲ ਉਚਾ ਉਘਰ ਕਿਹਾ ਫੇਰ ਪੜ੍ਹੇਂਗੀ। ਮੈਂ ਕਿਹਾ ਜਿਵੇਂ ਪਿਤਾ ਜੀ ਸਿਖਾਇਆ ਹੋਇਆ ਸੀ। ਇਹ ਮੇਰਾ ਪਰਮ ਧਰਮ ਹੈ। ਜਰੂਰ ਪੜ੍ਹਾਂਗੀ। ਸਤਿਗੁਰੂ ਜੀ ਬਿਗਸੇ ਤੇ ਇਕ ਸੰਗਤਰਾ ਮੈਨੂੰ ਬਖਸ਼ਿਆ। ਤੇ ਜੀਵਨ ਕੌਰ ਕੋਲ ਚੁੱਪ ਖਲੀ ਦੇ ਸਿਰ ਤੇ ਪਿਆਰ ਭਰਿਆ ਹੱਥ ਧਰ ਕਿਹਾ, "ਇਹ ਜੀਵਨ ਕੌਰ ਤੇ ਜਗਤ ਮਾਤਾ ਹੈ।"

ਜੀਵਨ ਕੌਰ ਜਿਵੇਂ ਮੇਥੋਂ ਮੂਵੇਂ ਘਟ ਬੋਲਣ ਦਾ ਤੇ ਸੇਵਾ ਬਹੁਤੀ ਕਰਨ ਦਾ ਸੁਭਾ ਰਖਦੀ ਸੀ ਤੇ ਸਾਰੇ ਘਰ ਦੇ ਜੀਅ ਉਸ ਨੂੰ ਮੇਥੋਂ ਵੱਡੀ ਹੋਣ ਕਰ, ਤੇ ਗੰਭੀਰ ਸੁਭਾ ਹੋਣ ਕਰ ਸਿਆਣੀ ਸਮਝਦੇ ਸੀ। ਤਿਵੇਂ ਇਸ ਸਮੇਂ ਤੋ ਪਿਛੋਂ ਘਰ ਦੇ ਜੀਅ ਕਹਿੰਦੇ, ਕੀ ਜਾਣੀਏ ਇਹ ਜਿਉਣ ਕੌਰ ਕਿਵੇਂ ਜਗਤ ਮਾਤਾ ਪ੍ਰਸਿੱਧ ਹੋਵੇਗੀ। ਤੇ ਪਿਤਾ ਜੀ ਮੈਨੂੰ ਕਿਹਾ, ਤੈਨੂੰ ਸਬਦ ਕੰਠ ਕਰਾਣ ਦਾ ਸਾਨੂੰ ਸਹੀ ਮੁਲ ਮੁੜ ਗਿਆ ਏ, ਸਤਿਗੁਰੂ ਜੀ ਦੀਆਂ ਖੁਸੀਆਂ।

ਮੈਂ ਇਹ ਵਾਰਤਾ ਅਗੇ ਭੀ ਮਾਤਾ ਜਿਉਣ ਕੌਰ ਜੀ ਦੇ ਜੀਵਨ ਵਿਚ ੨੦੧੩ ਬਿ: ਦੇ 'ਸਤਿਜੁਗ' ਦੇ ਬਸੰਤ ਨੰਬਰ ਤੇ ਲਿਖੀ ਹੋਈ ਹੈ। ਤੇ ਹੋਰ ਹੁਣ ਸੰਤ ਸੰਤੋਖ ਸਿੰਘ ਜੀ ਦੇ ਲਿਖੇ ਪੁਸਤਕ ਵਿਚੋਂ ਅਗੇ ਇਸ ਇਤਿਹਾਸ ਜੋਗ ਲਿਖਤ ਲਿਖਦਾ ਹਾਂ।

## *ਗੁਰੂ ਹਰੀ ਸਿੰਘ ਜੀ ਦੇ ਮਹਿਲ (ਮਾਤਾ ਸਾਹਬੋ ਜੀ)*

ਮਾਤਾ ਸਾਹਬੋ ਜੀ, ਮਾਦ ਪੁਰ ਵਾਲਿਆਂ ਦੀ ਦੇਹ ਜ਼ਾਦੇ ਰੋਗੀ ਰਹਿੰਦੀ ਸੀ ਤੇ ਸੰਤਾਨ ਹੋਣ ਦੀ ਆਸ ਭੀ ਨਾ ਸੀ। ਬਾਬੇ ਜੱਸੇ ਦੀ ਪੋਤ੍ਰਿਆਂ ਵਾਲੀ ਮੰਗ ਨੂੰ ਮੁਖ ਰਖ ਸੰਗਤ ਗੋਣਤੀ ਵਿਚ ਪੈਂਦੀ ਕਿ ਸਤਿਗੁਰੂ ਰਾਮ ਸਿੰਘ ਜੀ ਕਹਿੰਦੇ ਹਨ। ਸਾਡੀ ਸੰਤਾਨ ਸੰਤ ਖਾਲਸਾ ਹੀ ਹੈ ਤੇ ਬਾਬੇ ਜੱਸੇ ਦੀ ਮੰਗ ਪੋਤ੍ਰਿਆਂ ਵਾਲੀ ਪੂਰੀ ਕਿਵੇਂ ਹੋਵੇ, ਸਤਿਗੁਰੂ ਜੀ ਅਗੇ ਅਰਜ ਕਰੀਏ।

ਗੜ੍ਹੀ ਵਾਲੇ ਕਾਨ੍ਹ ਸਿੰਘ ਅਰਜ ਕੀਤੀ, "ਸਚੇ ਪਾਤਸਾਹੋ! ਬਾਬੇ ਜੱਸੇ ਦੀ ਪੋਤ੍ਰਿਆਂ ਵਾਲੀ ਮੰਗ ਕਿਵੇਂ ਪੂਰੀ ਹੋਵੇਗੀ। ਸਾਹਬੋ ਜੀ ਤਾਂ ਬਮਾਰ ਹੀ ਰਹਿੰਦੇ ਹਨ।" ਤਾਂ ਸਤਿਗੁਰੂ ਜੀ ਬਚਨ ਕੀਤਾ, "ਨਵੇਂ ਅਨੰਦ ਹੋਣਗੇ ਤੇ ਪਰਤਾਪ ਸਿੰਘ ਬੜੇ ਪ੍ਰਤਾਪ ਵਾਲਾ ਹੋਵੇਗਾ।"

ਏਕ ਸਮੇਂ ਸਤਿਗੁਰੂ ਰਾਮ ਸਿੰਘ ਜੀ ਭਾਈ ਬੁਧ ਸਿੰਘ ਨੂੰ ਕਿਹਾ, "ਤੇਰਾ ਵਿਆਹ ਕਰ ਦੇਈਏ।" ਤਾਂ ਉਹ ਚੁੱਪ ਕਰ ਰਹੇ। ਸਤਿਗੁਰੂ ਜੀ ਕਿਹਾ "ਇਕ ਤੇ ਜਾਨਾ ਏਂ ਦੋ ਹੋਣਗੀਆਂ।"

Sri Satguru Jagjit Singh Ji Elibrary NamdhariElibrary@gmail.com

"੧੯੨੯* ਬਿ: ਵੈਸਾਖ ਮਾਤਾ ਜਿਉਣ ਕੌਰ ਜੀ ਤੇ ਫਤਹ ਕੌਰ ਦੇ ਅਨੰਦ ਅਥਲ੍ਹ ਹੋਏ ੯-੭ ਬਰਸ ਦੀ ਉਮਰ ਮੈਂ।" ਬਾਬੇ ਖੁਸਹਾਲ ਸਿੰਘ ਜੀ ਸਤਿਗੁਰੂ ਜੀ ਪਾਸ ਅਰਜ ਕੀਤੀ ਦੂਏ ਦੌਰੇ ਸਮੇਂ। ਕੁੜਮ ਗੁਰਮਤ ਧਾਰਨ ਨਹੀਂ ਕਰਦੇ, ਕੁੜੀਆਂ ਦਾ ਕੀ ਕਰੀਏ ? ਸਤਿਗੁਰੂ ਜੀ ਬਚਨ ਕੀਤਾ, "ਇਹ ਜਿਥੇ ਕੀਆ ਤਿਥੇ ਜਾਣਗੀਆਂ ਤੂੰ ਫਿਕਰ ਨ ਕਰ।"

ਸਤਿਗੁਰੂ ਰਾਮ ਸਿੰਘ ਜੀ ਬਦੇਸ ਚਲੇ ਗਏ ਤੇ ਬਾਅਦ ਮਾਤਾ ਸਾਹਬੋ ਜੀ ਭੀ ਚੜ੍ਹਾਈ ਕਰ ਗਏ। ਤੇ ਸਤਿਗੁਰੂ ਜੀ ਦੇ ਕੀਤੇ ਬਚਨ ਅਨੁਸਾਰ, ਮਾਤਾ ਜੀ ਦੋਵੇਂ ਉਚਰਾਂ ਨੂੰ ਜਵਾਨ ਹੋਈਆਂ ਜਾਣ, ਬਾਬੇ ਖੁਸਹਾਲ ਸਿੰਘ ਜੀ ੧੯੪੪ ਬਿ: ਵਿਚ ਗੁਰੂ ਹਰੀ ਸਿੰਘ ਜੀ ਹਜੂਰ ਲਿਆ, ਚਿਰ ਤੋਂ ਸਤਿਗੁਰੂ ਜੀ ਦਾ ਬਚਨ ਹੋਇਆ ਚਿਤ ਵਸਾ ਅਰਦਾਸਾ ਭੈਣੀ ਸਾਹਿਬ ਲਿਆ ਕਰਾਇਆ। ਬਾਲਪਣੇ ਤੋਂ ਹੀ ਕੁੜਮਾਂ ਨਾਲ ਅਜੋੜ ਹੋਈ ਜਾਣ।

ਬਾਬੇ ਜੱਸੇ ਦੀ ਚੜ੍ਹਾਈ ਹੋਣ ਬਾਅਦ ਤੇ ਮਾਤਾ ਸਾਹਬੋ ਦੀ ਚੜ੍ਹਾਈ ਬਾਦ ਸੰਗਤ ਵਿਚ ਭੈਣੀ ਸਾਹਿਬ ਏਕ ਸਮੇਂ ਬਚਨ ਚਲਿਆ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਹੈ—ਬਾਬਾ ਤੇਰੀ ਪੋਤ੍ਰਿਆਂ ਦੀ ਭੀ ਮੰਗ ਪੂਰੀ ਹੋਵੇਗੀ। ਸੋ ਬਚਨ ਹੁਣ ਕਿਸ ਤਰ੍ਹਾਂ ਪੂਰਾ ਹੋਵੇਗਾ ? ਤਾਂ ਮਸਤ ਬਾਬੇ ਸ਼ੇਰ ਸਿੰਘ ਭੜਰਕਿਆਂ ਵਾਲੇ ਕਿਹਾ, 'ਇਕ ਨਾ ਦੋ ਤੇ ਦੋ ਭੀ ਜਣੀਆਂ।' ਤਾਂ ਗੁਰੂ ਹਰੀ ਸਿੰਘ ਜੀ ਕਿਹਾ, 'ਬਸ ਬਸ ਕੁਝ ਹੋਰ ਨ ਕਹੀਂ।' ਸੋ ਉਹ ਭੀ ਮਸਤ ਦਾ ਬੋਲਾ ਸੱਚਾ ਹੋਇਆ। ਤੇ ਇਕ ਤੋਂ ਜਾਨਾਂ ਦੋ, ਦੋ ਹੋਣਗੀਆਂ। ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਸੱਚਾ, ਪੂਰਾ ਤੇ ਪਰਤਖ ਹੋਇਆ।

## *ਮਸਤ ਬਾਬਾ ਸ਼ੇਰ ਸਿੰਘ ਜੀ ਭੜਰਕਿਆਂ ਵਾਲੇ*

ਇਹ ਮਸਤੀ ਵਿਚ ਕਈ ਵਾਰ ਬੋਲਾ ਕਰਦੇ। ਬੜੇ ਪ੍ਰਤਾਪ ਵਾਲਾ ਪਰਤਾਪ ਸਿੰਘ ਹੋਵੇਗਾ, ਜੀਵਨ, ਜੋਤਿ ਹੋਵੇਗਾ। ਭੜਰਕਿਆਂ ਦੀਆਂ ਗਲੀਆਂ ਵਿਚ ਫਿਰਦੇ ਅਤੇ ਕਈ ਵਾਰ ਮਿਲੇ ਨੂੰ ਕਹਿੰਦੇ, 'ਪੁਛ ਜੋ ਪੁਛਣਾ ਈ।' ਜੋ ਬੋਲਾ ਇਹ ਸੰਤ ਜੀ ਮਸਤ ਹੋਏ ਕਰਦੇ, ਸੱਚਾ ਹੁੰਦਾ।

ਗੁਰੂ ਹਰੀ ਸਿੰਘ ਜੀ ਸਾਹਵੇਂ ਖੜੇ ਭੀ ਬੜੇ ਤੇਜ ਚੇਹਰੇ ਤੇ ਸੁਭਾ ਵਿਚ ਕਹਿੰਦੇ, ਜੀਵਨ ਜੋਤੋਂ ਤ੍ਰਮਾਂ ਦੇ ਘਰ ਬੜੇ ਪ੍ਰਤਾਪ ਵਾਲਾ ਪਰਤਾਪ ਸਿੰਘ ਹੋਵੇਗਾ।

ਇਸ ਮਸਤ ਦੇ ਬੋਲੇ ਸੁਣ ਸਭ ਸੋਚਦੇ, ਸੱਚ ਹੁੰਦੇ ਹਨ। ਤੇ ਕਈ ਸਾਧ ਕਹਿੰਦੇ ਭੀ। ਜਿਵੇਂ ਬਾਲਮੀਕ ਰਾਮਚੰਦਰ ਜੀ ਤੋਂ ਪਹਿਲਾਂ ਤੇ ਸੁਖਦੇਵ ਗੁਰ ਨਾਨਕ ਜੀ ਤੋਂ ਲੈ ਦੁਆਦਸ ਗੁਰਿੰਦ ਸਤਿਗੁਰੂ ਰਾਮ ਸਿੰਘ ਤਕ ਬਚਨ ਕੀਤੇ ਹਨ ਤੇ ਜਿਵੇਂ ਦਸਮ ਜੀ ਕਈ ਤਵਿਖਤ ਵਾਕ ਕੀਤੇ ਹਨ। ਜਿਵੇਂ ਗੁਰੂ ਬਾਲਕ ਸਿੰਘ ਜੀ ਦੇ ਸੇਵਕ ਮਸਤ ਬੰਕਾ ਜੀ ਸਤਿਗੁਰੂ ਰਾਮ ਸਿੰਘ ਜੀ ਤੇ ਗੁਰੂ ਹਰੀ ਸਿੰਘ ਜੀ ਬਾਬਤ ਬਚਨ ਕੀਤਾ ਕਰਦੇ ਸੀ। ਜਿਵੇਂ ਬਾਬਾ ਬੁਢਾ ਸਿੰਘ ਜੀ (ਵਾਂ ਡਲ ਵਾਲਿਆਂ) ਸਤਿਗੁਰੂ ਰਾਮ ਸਿੰਘ ਜੀ ਦੇ ਬਦੇਸ ਜਾਣ

---

*ਪ੍ਰੀਤਮ ਸਿੰਘ ਜੀ ਨੂੰ ਮਾਤਾ ਜੀ ਦੀ ਉਮਰ ਬਾਬਤ ਕੁਝ ਉਕ ਗਈ ਹੈ। ਮਾਤਾ ਜਿਉਣ ਕੌਰ ਜੀ ਦੱਸਦੇ ਸੀ। ਮੇਰਾ ਜਨਮ ੧੯੧੬ ਬਿਕ੍ਰਮੀ ਦਾ ਹੈ ਅਨੰਦ ਸਮੇਂ ਮੇਰੀ ਉਮਰ ੧੯੪੪ ਬਿਕ੍ਰ ਨੂੰ ੨੮ ਸਾਲ ਸੀ। ਤੇ ਗੁਰੂ ਹਰੀ ਸਿੰਘ ਜੀ ੬੮ ਸਾਲਾਂ ਦੇ ਸੀ।

Sri Satguru Jagjit Singh Ji Elibrary NamdhariElibrary@gmail.com

ਦਾ ਬੋਲਾ ਪਹਿਲੋਂ ਕੀਤਾ ਸੀ ਤੇ ਜਿਵੇਂ ਸਤਿਗੁਰੂ ਰਾਮ ਸਿੰਘ ਜੀ (ਕਰਮੋ ਗੁਜਰਵਾਲ ਦੀ ਨੂੰ) ਕੰਬਲੀ ਲਿਆ ਭੇਟਾ ਕਰਨ ਸਮੇਂ ਕਿਹਾ ਸੀ, "ਲੈ ਆਈ ਹੈ ਦੇਸ ਨਕਾਲੇ ਦਾ ਬਾਣਾ।"

ਕਰਮੋ ਸੁਣ ਬੜਾ ਦੁਖੀ ਹੋਈ ਤੇ ਵੈਰਾਗ ਕਰਨ ਲਗੀ ਕਹੇ, ਮੈਂ ਤਾਂ ਬੜੀ ਰੀਝ ਨਾਲ ਆਪ ਲਈ ਚੰਗੀ ਚੀਜ, ਰੀਝ ਨਾਲ ਚੁਗ, ਕੱਤ, ਉਣਾ, ਬਣਾ ਲਿਆਈ ਹਾਂ ਤੇ ਆਪ ਨੇ ਇਹ ਕੀ ਬਚਨ, "ਲੈ ਆਈ ਹੈਂ ਦੇਸ ਨਿਕਾਲੇ ਦਾ ਬਾਣਾ" ਕੀਤਾ ਹੈ। ਤਾਂ ਸਤਿਗੁਰੂ ਜੀ ਕਰਮੋ ਨੂੰ ਧੀਰ ਦੇ ਕਿਹਾ ਸੀ, ਜੋ ਤੂੰ ਸਰਧਾ ਧਾਰ ਕੇ ਲਿਆਈ ਹੈਂ ਮੈਂ ਸੋ ਹੀ ਉੱਤਰ ਦਿੱਤਾ ਹੈ। "ਤੇਰੇ ਤੇ ਦੋਸ ਨਹੀਂ। ਮੈਂ ਬਦੇਸ ਜਾਣ ਤੋਂ ਪਹਿਲਾਂ ਭੀ ਤੇਰੀ ਭੇਟਾ ਪ੍ਰਵਾਨ ਕਰ, ਲੈ ਕੇ ਜੰਗਲ ਜਾਇਆ ਕਰਾਂਗਾ ਤੇ ਪ੍ਰਦੇਸ ਜਾਣ ਸਮੇਂ ਪਹਿਰ ਟੁਰਾਂਗਾ ਤੇ ਪ੍ਰਦੇਸ ਵਿਚ ਹੰਢਾਵਾਂਗਾ।" ਜਿਵੇਂ ਉਹ ਸਭ ਵਾਕ ਪੂਰੇ ਹੋਏ ਹਨ। ਹੁਣ ਜਾਪਦੇ ਬੜੇ ਪ੍ਰਤਾਪ ਵਾਲਾ ਪਰਤਾਪ ਸਿੰਘ ਹੋਵੇ ਗਾ ਤੇ ਮਸਤ ਦਾ ਵਾਕ ਭੀ ਪੂਰਾ ਹੋਵੇਗਾ ਤੇ ਜੋ ਸਤਿਗੁਰੂ ਰਾਮ ਸਿੰਘ ਜੀ ਕਾਨ੍ਹ ਸਿੰਘ° ਜੀ ਨਾਲ ਬਚਨ ਕੀਤਾ ਹੋਇਆ ਹੈ ਤੇ ਇਹ ਮਸਤ ਹੁਣ ਬੋਲਾ ਕਰਦਾ ਹੈ। ਬੜੇ ਪ੍ਰਤਾਪ ਵਾਲਾ ਪਰਤਾਪ ਸਿੰਘ ਤੁਹਾਡੇ ਘਰ ਪ੍ਰਗਟ ਹੋਵੇਗਾ।

## ਸਤਿਗੁਰੂ ਪਰਤਾਪ ਸਿੰਘ ਜੀ ਪ੍ਰਗਟੇ

ਸ੍ਰੀ ਭੈਣੀ ਸਾਹਿਬ ੧੯੪੬ ਬਿਕ੍ਰਮੀ ਚੇਤ ਵਦੀ ਤੀਜ ਐਤਵਾਰ ਥੋੜ੍ਹੇ ਦਿਨ ਰਹਿੰਦੇ, ਗੁਰੂ ਹਰੀ ਸਿੰਘ ਜੀ ਦੇ ਗ੍ਰਿਹ ਤੇ ਮਾਤਾ ਜਿਉਣ ਕੌਰ ਜੀ ਦੀ ਕੁਖੋਂ।

ਉਸ ਸਮੇਂ ਨਿਮ੍ਹੀ ਨਿਮ੍ਹੀ, ਮਿੱਠੀ ਮਿੱਠੀ ਮੀਂਹ ਦੀ ਫੁਹਾਰ ਅਕਾਸੋਂ ਫੁਲਾਂ ਵਾਂਗੂ ਬਰਸਦੀ ਸੀ। ਸਿੰਘਾਂ ਨੇ ਗੁਰੂ ਹਰੀ ਸਿੰਘ ਜੀ ਨੂੰ ਰਾਮ ਸਰ ਕੋਠੀ ਵਿਚ ਜਾਏ ਦਸਿਆ।

ਗੁਰੂ ਹਰੀ ਸਿੰਘ ਜੀ ਸਾਹਿਬਜਾਦੇ ਦੇ ਪ੍ਰਗਟ ਹੋਣ ਦਾ ਸੰਦੇਸਾ ਸੁਣਦਿਆਂ ਖੁਸ਼ ਹੋ ਬਿਗਸ ਕੇ ਬਹੁਤ ਬਚਨ ਕੀਤੇ। ਕਰ ਦਿਤੇ, ਪਰਤਾਪ ਸਿੰਘ ਬੜੇ ਪ੍ਰਤਾਪ ਵਾਲਾ ਆਇਆ ਏ। ਘਰ ਦਾ ਮਾਲਕ ਆਇਆ ਏ। ਸਾਥੋਂ ਵੱਡਾ ਬਲੀ ਆਇਆ ਹੈ। ਬੜੇ ਪ੍ਰਤਾਪ ਵਾਲਾ ਹੋਵੇਗਾ। ਏਸ ਬੜੇ ਕੰਮ ਕਰਨੇ ਹਨ। ਇਸ ਦੀ ਛਤਰ ਛਾਇਆ ਸੰਗਤ ਨੂੰ ਬੜੇ ਸੁਖ ਹੋਣਗੇ। ਇਸ ਦੀ ਛਤਰ ਛਾਇਆ ਤਲੇ ਸਾਧ ਸੰਗਤ ਬੜੀਆਂ ਮੌਜਾਂ ਮਾਣੇਗੀ। ਇਤਿ ਆਦ।

ਇਹ ਬਚਨ ਮੈਨੂੰ ਮਾਤਾ ਜਿਉਣ ਕੌਰ ਜੀ ਮਾਤਾ ਫਤਹ ਕੌਰ ਜੀ, ਸੰਤ ਕੰਧਾਰਾ ਸਿੰਘ ਜੀ (ਗੁਰੂ ਹਰੀ ਸਿੰਘ ਜੀ ਦੇ ਗੜਵਈ) ਤੇ ਸੰਤ ਸੇਵਾ ਸਿੰਘ ਜੀ ਡੇਰੇ ਭੈਣੀ ਸਾਹਿਬ ਦੇ ਮਹੰਤ ਬਿਰਧਾਂ ਦਸੇ ਹਨ। ਮਾਤਾ ਜਿਉਣ ਕੌਰ ਜੀ ਤੇ ਮਾਤਾ ਫਤਹ ਕੌਰ ਜੀ ਨੇ ਸੌ ਮਣ ਗੁੜ ਭੈਣੀ ਸਾਹਿਬ ਨਗਰ ਸਾਰੇ ਵਿਚ ਤੇ ਡੇਰੇ ਦੇ ਘਰਾਂ ਵਿਚ, ਜਾਤਰੂਆਂ ਵਿਚ, ਆਉਂਦੇ ਜਾਂਦੇ ਪਾਂਧੀਆਂ ਵਿਚ ਵਧਾਈਆਂ ਲੈਂਦਿਆਂ ਬੁਕ ਭਰ ਭਰ ਟੋਕਰੇ ਧਰ ਧਰ ਵੰਡਿਆ।

---

°ਸੰਤ ਕਾਨ੍ਹ ਸਿੰਘ ਜੀ ਬਾਬੂ ਦੇ ਸੀ, ਜੋ ਰਾਜਪਾਲ ਦੇ ਪਰਵਾਰ ਵਿਚ ਹੈ।

Sri Satguru Jagjit Singh Ji Elibrary NamdhariElibrary@gmail.com

## ਅਸਲ ਸਰਦਾਈ

ਸੰਤ ਕੰਧਾਰਾ ਸਿੰਘ ਜੀ (ਤਖਤ ਹਜਾਰੇ ਦੇ ਅਰੋੜੇ) ਗੁਰੂ ਹਰੀ ਸਿੰਘ ਜੀ ਦੇ ਸੇਵਕ ਨੇ, ਗੁਰੂ ਹਰੀ ਸਿੰਘ ਜੀ ਦੀ ਸੇਵਾ, ਹਰਿ ਵਿਚ ਹਰਿ ਗੁਰੂ ਜੀ ਨੂੰ ਜਾਣ ਕਰ ਖੁਸ਼ੀਆਂ ਲਈਆ ਹੋਈਆ ਸੀ। ਇਹ ਸੰਤ ਜੀ ਆਪਣੀ ਮਿਲੀ ਰਸਤ ਡੇਰੇ ਵਲੋਂ, ਹੋਰ ਆਏ ਮੇਲੀ ਤੇ ਲੋੜਵੰਦ ਸਾਧਾਂ ਨੂੰ ਛਕਾ, ਆਪ ਸੰਤੋਖ ਨਾਲ ਹੀ ਅੰਦਰ ਨੂੰ ਭਰ, ਅਨੰਦ ਰਹਿੰਦੇ।

ਏਕ ਸਮੇਂ ਗੁਰੂ ਹਰੀ ਸਿੰਘ ਜੀ ਵਾਸਤੇ ਇਹ ਸਰਦਾਈ ਰਗੜ, ਪੁਣ, ਗੜਵੇ ਵਿਚ ਪਾ ਗਲਾਸ ਲੈ ਟੁਰੇ। ਅਗੋਂ ਮਿਲੇ ਲੋੜਵੰਦਾਂ ਦੇ ਅਰਜ ਕਰਨ ਤੇ, ਤੇ ਆਪ ਭੀ ਲੋਂ ਜੀ ਸਰਦਾਈ ਛਕੋ ਕਹਿ ਸਭ ਵਾਰੀ ਰਗੜ, ਪੁਣ, ਲੈ ਟੁਰੇ ਗੁਰੂ ਜੀ ਪਾਸ ਪੁਜੇ ਤੇ ਚਿਰ ਹੋਏ ਤੇ ਚਿਤੋਂ ਸ਼ਰਮ ਖਾ ਰੋ ਪਏ ਤਾਂ ਗੁਰੂ ਹਰੀ ਸਿੰਘ ਜੀ ਇਹਨਾਂ ਨੂੰ ਉਚੇਚਾ ਉਠ ਅਗੋ ਮਿਲ ਧੀਰਜ ਦਿੱਤਾ ਤੇ ਕਿਹਾ, ਕੰਧਾਰਾ ਸਿੰਘ ਅਸਲ ਸਰਦਾਈ ਤੂੰ ਮੈਨੂੰ ਅੱਜ ਹੀ ਛਕਾਈ ਹੈ, ਹਰਿ ਵਿਚ ਹਰਿ ਜੀ ਜਾਣ। ਤੇ ਖੁਸ਼ ਹੋ ਵਰ ਦਿਤੇ, ਤੇਰਾ ਇਕ ਦਾ ਦਰਸਨ ਤੇ ਸੇਵਾ ਤੇਰੀ ਇਕ ਦੀ ਕੀਤੀ ਦਾ ਪੰਜਾਹ ਸਿਖਾਂ ਦੀ ਸੇਵਾ ਦਾ ਫਲ ਹੈ।

ਮਹੰਤ ਸੇਵਾ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਭੀ ਦਰਸਨ ਕੀਤੇ ਹੋਏ ਹਨ। ਤੇ ਗੁਰੂ ਹਰੀ ਸਿੰਘ ਜੀ ਸਮੇਂ ਡੇਰੇ ਦੀ ਮਹੰਤੀ ਤੇ ਸੇਵਾ ਭੀ ਬੜੀ ਕੀਤੀ ਹੈ। ਸਤਿਗੁਰੂ ਪਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦਾ ਭੀ ਬਹੁਤ ਸਮਾਂ ਇਸ ਮਹੰਤ ਜੀ ਨੇ ਦਸਤਾਰ-ਬੰਦੀ ਆਦਿ ਦਾ ਦੇਖਿਆ ਹੈ ਤੇ ਹੁਣ ਬਹੁਤ ਬਿਰਧ ਹਨ, ਬਾਬੇ ਬੁਢੇ ਜੀ ਤਰ੍ਹਾਂ। ਇਹਨਾਂ ਦਾ ਨਗਰ ਸੁਧਾਰੀ ਮਾਜਰਾ ਜ਼ਿਲ੍ਹਾ ਅੰਬਾਲਾ ਹੈ। ਤੇ ਰਾਮਗੜ੍ਹੀਏ ਹਨ ਹੁਣ ਭੈਣੀ ਸਾਹਿਬ ਹੀ ੧੦੫-੭ ਸਾਲ ਦੀ ਉਮੱਰ ਦੇ ਹਨ।

## ਚਮਕੌਰ ਸਾਹਿਬੋਂ ਨਿਹੰਗ ਸਿੰਘ ਆਏ

ਸਤਿਗੁਰੂ ਪਰਤਾਪ ਸਿੰਘ ਜੀ ਅਜੇ ਤਿੰਨਾਂ ਦਿਨਾਂ ਦੇ ਹੀ ਹੋਏ ਸਨ। ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਪਾਸ ਦੋ ਨਿਹੰਗ ਚਮਕੌਰ ਸਾਹਿਬੋਂ ਆਇਆਂ ਫਤੇ ਗਜਾ ਕਿਹਾ। (ਇਕ ਕਲਿਆਨ ਸਿੰਘ ਨਿਹੰਗ ਤਰਨਾ ਦਲ ਦਾ ਤੇ ਦੂਜਾ ਕਿਰਪਾਲ ਸਿੰਘ ਨਿਹੰਗ ਬੁਢੇ ਦਲ ਦਾ ਸੀ।) ਸਾਨੂੰ ਦਸਮ ਜੀ ਸਖੋਪਤੀ ਅਵਸਥਾ ਵਿਚ ਅੰਮ੍ਰਿਤ ਵੇਲੇ ਇਸਨਾਨ ਕਰ ਬੈਠਿਆਂ ਨੂੰ ਦਰਸ਼ਨ ਦੇ ਕਿਹਾ ਹੈ, "ਮੈਂ ਭੈਣੀ ਸਾਹਿਬ ਗੁਰੂ ਘਰਾਣੇ ਵਿਚ ਗੁਆਚਾ ਪ੍ਰਤਾਪ ਫੇਰ ਪਰਗਟ ਕਰਨ ਪ੍ਰਫੁਲਤ ਤੇ ਪ੍ਰਸਿੱਧ ਕਰਨ ਲਈ ਪ੍ਰਗਟਿਆ ਹਾਂ। ਮੇਰਾ ਇਹ ਜਾਮਾ, ਹੋਵੇਗਾ ਤੇ ਬੜੇ ਪ੍ਰਤਾਪ ਵਾਲਾ ਤੇਜਵਾਨ। ਪਰ ਮੇਰਾ ਇਹ ਜਾਮਾ ਮਿਲਾਪ ਤੇ ਜਾਪ ਨੂੰ ਮੁਖ ਰਖ ਪੰਥ ਦੇ ਦੁਖ ਦੂਰ ਕਰਨ ਵਾਲਾ ਹੋਵੇਂਗਾ। ਕਿਉਂਕਿ ਕਠਨ ਕਮਾਈਆਂ ਸਿਖ ਸੰਗਤ ਨਿਭਾਈਆਂ ਹਨ। ਜਿਵੇਂ ਮੈਂ ਅਗੇ ਜੁਧ ਕਰ ਪੰਥ ਕਰੜੀ ਘਾਲ ਚੋਂ ਕਢ ਪ੍ਰਸਿੱਧ ਕੀਤਾ ਹੈ। ਹੁਣ ਪ੍ਰਤਾਪ, ਮਿਲਾਪ ਤੇ ਜਾਪ ਦੇ ਆਸਰੇ ਪੰਥ ਦੀ ਪ੍ਰਸਿੱਧਤਾ ਕਰਨੀ ਹੈ।" ਕਲਿਆਨ ਸਿੰਘ ਜੀ ਕਿਹਾ, ਇਹ ਦਰਸਨ ਤੇ ਬੁਝਾਰਤ ਸੁਣੌਤ ਤਾਂ ਮੈਨੂੰ ਹੀ ਹੋਈ ਹੈ। ਤੇ ਇਹ ਨਿਹੰਗ ਸਿੰਘ ਮੇਥੋਂ ਸੁਣ ਨਾਲ ਅਜਮੇਸ਼ੀ ਖਿਆਲ ਨਾਲ ਆਇਆ ਹੈ। ਇਸ ਨਿਹੰਗ ਸਿੰਘ ਨੇ ਧਾਰੀ ਹੈ, ਦਸਮ ਜੀ ਐਤਵਾਰ ਵਲੀ ਰਾਤੇ ਪ੍ਰਗਟੇ ਸੀ। ਜੇ ਐਤਵਾਰ ਹੀ ਹੋਇਆ, ਤਾ ਮੰਨਾਗਾ ਤੇ ਦਰਸਨ ਕਰ ਡੰਡੌਤ ਕਰਾਗਾ।

ਗੁਰੂ ਹਰੀ ਸਿੰਘ ਜੀ ਉੱਤਰ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਦੇ ਘਰਾਣੇ ਵਿਚ ਐਤਵਾਰ ਤੀਜੇ ਦਿਨ ਦਾ ਇਕ ਬਾਲਕ ਪਰਤਾਪ ਸਿੰਘ ਬੜੇ ਪ੍ਰਤਾਪ ਵਾਲਾ ਪ੍ਰਗਟ ਹੋਇਆ ਹੈ। ਭਾਈ ਤੁਸੀਂ ਮੰਦਰਾਂ ਵਿਚ ਜਾ ਦੇਖ ਲਵੋ ਉਹ ਦਸਮ ਜੀ ਦਾ ਜਾਮਾ ਹੈ ਜਾਂ ਹੋਰ ਹੈ।

ਨਾਲ ਦਾ ਨਿਹੰਗ ਤਾਂ ਐਤਵਾਰ ਸੁਣ ਹੀ ਕਹਿਣ ਲਗ ਪਿਆ ਕਿ ਸਾਡਾ ਏਡੀ ਦੂਰੋਂ ਆਉਣਾ ਲੇਖੇ ਲਗਾ ਜਾਪਦਾ ਏ, ਪਰ ਕਲਿਆਨ ਸਿੰਘ ਜੀ ਕਿਹਾ, ਮੈਂ ਦਰਸਨ ਕਰ ਦਸਾਂਗਾ। ਜੇ ਉਹ ਆਤਮਾ ਦਾ ਸੁਖ ਮੈਨੂੰ ਉਹਨਾਂ ਦਾ ਮੁਖ ਦੇਖਦਿਆਂ ਆਇਆ। ਜੋ ਬੁਝਾਰਤ ਵਿਚ ਸੁਖ ਆਇਆ ਸੀ।

ਗੁਰੂ ਹਰੀ ਸਿੰਘ ਜੀ ਸਿੱਖ ਸਾਥ ਭੇਜਿਆ ਤੇ ਮਾਤਾ ਜੀ ਗੁਰੂ ਕਾ ਹੁਕਮ ਮੰਨ ਸਤਿਗੁਰੂ ਪਰਤਾਪ ਸਿੰਘ ਨੂੰ ਗੋਦ ਵਿਚ ਲੈ ਮੰਦਰ ਦੀ ਸਰਦਲੋਂ ਬਾਹਰ ਆਏ। ਕਲਿਆਨ ਸਿੰਘ ਜੀ "ਗੁਰੂ ਮੁਖ ਦੇਖਿ ਗਰੂ ਸੁਖ ਪਾਯੋ" ਕਹਿ। ਦਰਸਨ ਕਰ ਚਰਨਾਂ ਤੇ ਮੱਥਾ ਟੇਕਿਆ ਤੇ ਉਸ ਨਿਹੰਗ ਡੰਡੌਤ ਕੀਤੀ। ਕਲਿਆਨ ਸਿੰਘ ਜੀ ਸ੍ਰੀ ਮੁਖ ਵਲ ਦੇਖ ਕਿਹਾ, ਇਹੋ ਜਿਹਾ ਹੀ ਮੋਟੇ ਲੰਮੇ ਨੇਤ੍ਰਾਂ ਉਚੇ ਤਿਖੇ ਨੱਕ ਵਾਲੇ ਨੱਕ ਤੇ ਖੀਥੇ ਬੁਲ੍ਹਾਂ ਵਾਲਾ ਮਨਮੋਹਣਾ ਦਰਸਨ ਦਿੱਤਾ ਸੀ ਦਸਮ ਜੀ ਸਖੋਪਤੀ ਅਵਸਥੇ। ਸਾਡਾ ਜਨਮ ਮਰਨ ਕਟਿਆ ਗਿਆ। ਜਨਮ ਸਫਲ ਹੋਇਆ, ਜਾਤ੍ਰਾ ਸਫਲ ਹੋਈ, ਧੰਨ ਮਾਤਾ ਧੰਨ ਪਿਤਾ ਧੰਨ ਘਰਾਣਾ ਧੰਨ ਦਰਸਨ ਪਾਣਾ। ਧੰਨ ਨਾਮਧਾਰੀ ਸੰਗਤ ਕਹਿੰਦੇ, ਪਰਤੇ ਤੇ ਮਾਤਾ ਫਤਹ ਕੌਰ ਜੀ ਉਹਨਾਂ ਨੂੰ ਬਦਾਮ ਖੰਡ ਲਾਚੀਆਂ ਮਗਜ ਦਿੱਤੇ ਤੇ ਪ੍ਰਸਾਦੇ ਲੰਗਰੋਂ ਦਵਾਏ ਤੇ ਕਿਹਾ, ਨਿਹੰਗ ਸਿੰਘ ਜੀ ਅਨੰਦ ਹੋ ਕੇ ਛਕੋ ਤੇ ਆਰਾਮ ਕਰੋ ਤੇ ਰਾਮ ਰਾਮ ਜਪੋ।

ਨਿਹੰਗ ਸਿੰਘ ਜੀ ਦੋ ਦਿਨ ਰਹੇ, ਤੀਜੇ ਰੋਜ ਡਿਉਡੀ ਤੇ ਬੰਦਨਾ ਕਰ ਅਨੰਦ ਪੁਰ ਨੂੰ ਚਲੇ ਗਏ।

## ਬਾਲ ਬਿਲਾਸ

ਦੋਹਰਾ॥ ਆਦ ਨੰਨਾ ਨਾਨਕ ਗੁਰੂ ਅੰਤ ਮੰਮਾ ਗੁਰ ਰਾਮ।
ਬਣੇ ਨਾਮ ਕੁੰਡਲ ਕਟਾਹ ਮੰਡਲ ਮਾਹਿ ਤਮਾਮ।
ਕਰ ਗੁਰੂਅਨ ਕੋ ਬੰਦਨਾ ਆਰੰਭ ਗ੍ਰੰਥ ਬਨਾਏ।
ਪ੍ਰਿਥਮ ਧਿਆਏ ਖੰਡ ਹੈ ਗੁਰ ਅਵਲੰਬ ਧਿਆਏ।
ਗੁਰ ਪ੍ਰਨਾਲੀ ਜਗਤ ਮਾਤ ਜੀਵਨ ਕੌਰ ਜੀ ਗਾਥ।
ਵੱਡਪ੍ਰਤਾਪੀ ਪ੍ਰਗਟ ਹੋਣ, ਜੋ ਅਨ ਤਰਨ ਕੋ ਨਾਥ।
ਤਿਨ ਕੀ ਕਥਾ ਲੈ ਤਨਕ ਸੀ ਸੁਰੂ ਕਰਾ ਸ੍ਰੁਤ ਗ੍ਰੰਥ।
ਵਡਪ੍ਰਤਾਪੀ ਮਇਆ ਤੇ ਮਨੋ ਮਾਨਨੀਯ ਪੰਥ।
ਬਾਲ ਬੈਸ ਸਤਿਗੁਰੂ ਕੇ ਲਿਖੋ ਬਿਲਾਸ ਸੁਭਾਉ।
ਗੁਰ ਜਨਨੀ ਗੁਰ ਸਿਖਨ ਤੇ ਮਿਲੇ ਜੈਸ ਮੋਹਿ ਚਾਉ।
ਸੋਰਠਾ॥ ਗੁਰ ਗੋਬਿੰਦ ਸਮੁੰਦ, ਮਹਿਮਾ ਬਿੰਦ ਕਿਆ ਕਰ ਸਕੇ।
ਜਥਾ ਬੁਧ ਗੁਣ ਗੀਦ, ਵਿਦਿਆ ਸੇਵਾ ਕਾਰਨੇ।

੧ੴ ਸਤਿਗੁਰ ਪ੍ਰਸਾਦਿ ॥

## ਸਰਧਾ ਵਿਚ ਸੁਆਦ

ਦੁਧੀ ਦੇਣ ਤੋਂ ਪਹਿਲਾਂ ਪਵਿਤ੍ਰ ਜਲ ਨਾਲ ਧੋ, ਭਾਈ ਵਜ਼ੀਰ ਸਿੰਘ ਜੀ ਪੰਡੋਰੀ (ਜ਼ਿਲ੍ਹਾ ਅੰਮ੍ਰਿਤਸਰ ਵਾਲਿਆਂ ਤੋਂ ਸਾਹਿਬਜ਼ਾਦੇ ਪਰਤਾਪ ਸਿੰਘ ਜੀ ਨੂੰ ਭਜਨ ਦਵਾ ਪੰਜ ਰੁਪੇ ਗਰੀਬਾਂ ਨੂੰ ਦਾਨ ਦੇਣ ਲਈ ਹਥੋਂ ਦੇ ਮਾਤਾ ਜੀ ਨੇ ਥਣ ਦੁਧੀ ਨਚੋੜ ਪਲੇਸ ਦੁੱਧ ਦਿੱਤਾ। ਤੇ ਵਜ਼ੀਰ ਸਿੰਘ° ਨੂੰ ਖੜਾਵੇ ਹੋਣ ਹਾਜ਼ਰ ਰਹਿਣ ਦਾ ਹੁਕਮ ਦਿੱਤਾ।

ਸੰਤ ਉੱਤਮ ਸਿੰਘ ਰਾਏ ਸਰ ਵਾਲਿਆਂ ਨੂੰ ਸਮਾਧੀ ਜੁੜੀ ਸਮੇਂ ਅਵਾਜ਼ਾ ਹੋਇਆ ਕਿ ਜਿਸ ਨਾਮਧਾਰੀ ਪੰਥ ਦੀ ਨੀਂਵ ਮੈਂ ਪਤਾਲੋਂ ਰਖੀ ਹੈ ਹੁਣ ਜ਼ਮੀਨੋਂ ਬਾਹਰ ਆਈ ਹੈ ਤੇ ਉਸ ਦਾ ਪ੍ਰਤਾਪ ਪਰਗਟ ਕਰਨ ਵਾਲਾ ਭੈਣੀ ਸਾਹਿਬ ਪ੍ਰਗਟ ਹੋਇਆ ਹੈ। ਸੰਤ ਜੀ ਫੂਲੇ ਨ ਸਮਾਉਣ। ਉਸੇ ਵੇਲੇ ਘਰ ਦਾ ਵਿਹਾਰ ਬੀਬੀ ਨੂੰ ਸੌਂਪ, ਪੰਜ ਸੇਰ ਘਿਉ ਘਰ ਦਾ ਜੋੜਿਆ ਲੈ ਭੈਣੀ ਸਾਹਿਬ ਆਏ। ਮਾਤਾ ਜਿਉਣ ਕੌਰ ਜੀ ਦੀ ਚਰਨੀ ਮੱਥਾ ਟੇਕਿਆ। ਸਤਿਗੁਰੂ ਜੀ ਉਸ ਸਮੇਂ ਮਾਤਾ ਜੀ ਦੀ ਗੋਦ ਵਿਚ ਸੀ। ਸੰਤ ਜੀ ਦੇ ਉਪਰ (ਚੀਤੇ) ਝਰਲੇ ਦੀ ਝਲਾਰ ਮਾਰੀ। ਸੰਤ ਜੀ ਮਸਤ ਹੋ ਗਏ। ਤੇ ਕਹਿਣ ਮੇਰੀ ਜਨਮ-ਜਨਮ ਦੀ ਮੈਲ ਕੱਟੀ ਹੈ।

ਸਰਧਾ ਵਿਚ ਸੁਆਦ ਏ। ਸਰਧਾ ਹੀ ਮੁਰਾਦ ਏ।
ਸਰਧਾ ਬਿਨਾ ਰੌਨ ਏ। ਜਿਚਰ ਮਨ ਅੜਮੰਨ ਏ।

(ਕਵੀ)

ਸਤਿਗੁਰੂ ਰਾਮ ਸਿੰਘ ਜੀ ਦੇ ਬਦੇਸ ਜਾਣ ਦੇ ਬਾਅਦ ਅਗਲੇ ਰੋਜ਼ ਤੋਂ ਹੀ ਪੁਲਸ ਭੈਣੀ ਸਾਹਿਬ ਦੇ ਬੂਹੇ ਡਿਉੜੀ ਵਿਚ ਬਠਾਈ ਗਈ ਸੀ। ਕੁਝ ਖਾਸ ਸੇਵਕਾਂ ਬਿਨਾਂ ਬਾਕੀਆਂ ਨੂੰ ਕੱਢ ਦਿੱਤਾ ਸੀ। ਗੁਰੂ ਘਰ ਦੀ ਸਭ ਕੀਮਤੀ ਵਸਤ ਹੱਥ ਆਈ ਜ਼ਬਤ ਕੀਤੀ ਗਈ ਸੀ। ਸਿਰਫ ਤਲਾਸ਼ੀ ਕਰਨ ਤੇ ਪੁਟਾਈ ਕਰਨ ਤੋਂ, ਗੁਰੂ ਹਰੀ ਸਿੰਘ ਜੀ ਦੇ ਹੱਥਾਂ ਦੀ ਕੰਙਣਾਂ ਦੀ ਸੋਨੇ ਦੀ ਜੋੜੀ ਤੇ ਗਾਗਰ ਜੋ ਮਾਇਆ ਦੀ ਭਰ ਰਾਤ ਸਮੇਂ ਸਤਿਗੁਰੂ ਰਾਮ ਸਿੰਘ ਜੀ ਗੁਰੂ ਹਰੀ ਸਿੰਘ ਜੀ ਨੂੰ ਨਾਲ ਲੈ ਤਬੇਲੇ ਵਿਚ ਦੱਬੀ ਸੀ, ਸੋ, ਤੇ ਕੁਝ ਅੰਨ ਹੀ ਰਹਿ ਗਿਆ ਸੀ ਜੋ ਇਸੇ ਸੇਵਾ ਦੇ ਅਰਥ ਲੋਹ ਲੰਗਰ ਲਈ ਸੀ।

---

°ਇਹ ਭਾਈ ਵਜ਼ੀਰ ਸਿੰਘ ਜੀ, ਮਾਤਾ ਜੀ ਦੇ ਸੋਦਰੇ, ਬੜੇ ਬੰਦਗੀ ਵਾਲੇ ਤੇ ਸਤ ਸੰਤੋਖ ਵਾਲੇ ਧੀਰੇ, ਨਰਮ ਦਿਲ, ਸਤੀ ਪੁਰਖ ਸੀ। ਜਦ ਕਿਸੇ ਮਾਈ ਦੇ ਬੱਚਾ ਨ ਹੁੰਦਾ, ਜਨੇਪੇ ਦੀ ਦਰਦ ਤੰਗ ਕਰਦੀ ਤਾਂ ਸੰਤ ਜੀ ਦੇ ਕਛਹਿਰੇ ਦਾ ਨਾਲਾ ਧੋ ਪਿਆਣ ਤੇ ਤੁਰਤ ਬੱਚਾ ਹੀ ਪੈਦਾ ਹੁੰਦਾ ਤੇ ਪੇਟ ਪੀੜਾ ਹਟ ਜਾਂਦੀ। ਸਤਿਗੁਰੂ ਪਰਤਾਪ ਸਿੰਘ ਜੀ ਭੀ ਬਚਨ ਕਰਦੇ ਸੀ। ਇਹ ਸੰਤ ਜੀ ਨਰਮ ਦਿਲ ਜੇਕਰ ਕਰ ਆਏ ਦੇ ਦਰਦ ਵਲੋਂ ਹੱਥ ਜੋੜ, ਕਰਤੇ-ਪੁਰਖ ਅਗੇ ਅਰਦਾਸ ਕਰਦੇ। ਹੇ ਸਚੇ ਸਤਿਗੁਰ ਆਪ ਦੇ ਨਾਮ ਵਿਚ ਸਭ ਸਕਤਾਂ ਤੇ ਸੁਖ ਹੈ ਬਖਸ਼ਸ਼ ਕਰੋ ਤੇ ਪਾਪ ਧੀਤਾ ਹਰੋ, ਕਹਿ ਉਸ ਨੂੰ ਨਾਲਾ ਭੀ ਧੋ ਦੇਂਦੇ ਸੀ। ਜਿਸ ਕਾਰਨ ਜਨੇਪੇ ਵਾਲੀ ਦੀ ਦਰਦ ਦੂਰ ਹੁੰਦੀ ਸੀ। ਉਹ ਸੰਤ ਜੀ ਦਾ ਤਰੀਕਾ ਤੇ ਪ੍ਰਕਾਸ਼ ਤੇ ਸਭ ਦੀ ਸ਼ਕਤ ਸੀ। ਤੇ ਕਹਿੰਦੇ, "ਕਰਤ ਮੁਨਤ ਕਿਛੁ ਜਾਤਿ ਨ ਉਪਜਤ ਕਿਛੁ ਬਿਸਾਸ ਕਿਆ ਕੋਊ ॥"

## ਸਿਰ ਕਰਤਾ

ਸਤਿਗੁਰੂ ਜੀ ਬਦੇਸ ਜਾਣ ਸਮੇਂ ਭੀ ਪੱਕੀ ਕੀਤੀ ਸੀ, ਲੋਹ ਨ ਖਲੋਣ ਦੇਣੀ। ਤੇ ਬਾਰ ਬਟਨ ਦੀ ਮੇਮ ਤੋਂ ਪਤਾ ਲਗਣ ਤੇ ਗੁਰੂ ਹਰੀ ਸਿੰਘ ਜੀ ਦੀ ਸਲਾਹ ਨਾਲ ਬਾਬੇ ਦਰਬਾਰਾ ਸਿੰਘ ਜੀ ਰੰਗੂਨੋਂ ਸਤਿਗੁਰੂ ਜੀ ਦਾ ਦਰਸਨ ਕਰ ੧੯੩੧ ਵਿਚ ਜੋ ਪਹਿਲਾ ਹੁਕਮਨਾਮਾ ਲਿਆਂਦਾ ਸੀ। ਜਿਸ ਵਿਚ ਸੰਗਤ ਜੋਗ ਹੁਕਮ ਸੀ। "ਅਜ ਤੋਂ ਇਸ ਨੂੰ ਸਿਰਕਰਤਾ ਜਾਨਣਾ। ਅੱਜ ਤੋਂ ਇਸ ਦਾ ਨਾਮ ਹਰੀ ਸਿੰਘ ਹੋਇਆ। ਮੇਰੇ ਧਕੇ ਨੂੰ ਇਹ ਬਖਸ ਸਕੇਗਾ। ਇਹਦੇ ਧਕੇ ਨੂੰ ਮੈਂ ਨਹੀਂ ਬਖਸ਼ਾਂਗਾ। ਇਸ ਦੇ ਆਸਰੇ ਸਿੱਖੀ ਹਰੀ ਰਹੂਗੀ। ਇਹ ਸੁਕੀ ਸਿੱਖੀ ਨੂੰ ਹਰਿਆਂ ਕਰੇਗਾ। ਟੁਟੀ ਨੂੰ ਮੇਲੇਗਾ।" ਆਦਿ ਹੁਕਮਾ ਤੋਂ ਬਾਦ ਗੁਰੂ ਹਰੀ ਸਿੰਘ ਜੀ ਨੂੰ ਲੋਹ ਦੀ ਸੇਵਾ ਦੀ ਪੱਕੀ ਕੀਤੀ ਹੋਈ ਸੀ। ਤੇ ਲਿਖਿਆ ਹੋਇਆ ਸੀ ਮੇਰਾ ਸਭ ਕੁਝ ਹਰੀ ਦੇ ਲੇਖੇ ਲਾ ਦੇਣਾ। ਤੇ ਇਹ ਹੁਕਮਨਾਮਾ ਸੰਗਤ ਨੂੰ ਸੁਣਾ ਫੂਕ ਦੇਣ ਦਾ ਹੁਕਮ ਸੀ। ਜੋ ਸਭ ਕੁਝ ਹੁਕਮ ਅਨੁਸਾਰ ਕੀਤਾ ਗਿਆ।

ਪੁਲਸ ਨੇ ਪਹਿਲੇ ਦਿਨ ਤੋਂ ਹੀ ਬੂਹੇ ਬਹਿ, ਗੁਰੂ ਜੀ ਦਾ ਬਾਹਰ ਜੂਹੇ ਜਾਣਾ ਤੇ ਸੰਗਤ ਦਾ ਆਉਣਾ ੭–੮ ਸਾਲ ਤਕ ਉੱਕਾ ਰੋਕ ਰਖਿਆ ਸੀ। ਤੇ ਤੁਰਕ ਸਿਪਾਹੀ ਹਵਾਲਦਾਰ ਬਹੁਤ ਕੁਝ ਵਾਧੂ ਭੀ ਲੈ ਖਾਂਦੇ ਸਰਕਾਰੀ ਹੁਕਮੋਂ। ਕਿਉਂਕਿ ਪੁਲਸ ਦਾ ਖਰਚ ਤਾਂ ਸਰਕਾਰ ਜ਼ੁੰਮੇ ਸੀ, ਪਰ ਡੇਰੇ ਵਿਚੋਂ ਭੀ ਡਰਾ, ਲੈਂਦੇ ਸੀ, ਕੁਝ ਆਉਣ ਨ ਅੰਦਰ ਦੇਂਦੇ ਸੀ। ਜੋ ਕੁਝ ਕੋਲ ਸੀ ਸੋ ਸਭ ਲੋਹ ਲੰਗਰ ਤੇ ਖਰਚ ਹੋ ਗਿਆ ਸੀ। ਤੇ ਤੰਗੀ ਹੋ ਰਹੀ ਸੀ।

## ਲੰਗਰ ਦੀ ਉਗਰਾਹੀ

ਲੰਗਰ ਦੀ ਬੁਝ ਸੋਚ, ਬਾਬਾ ਬਘੇਲ ਸਿੰਘ ਜੀ ਨਾਰਲੀ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਨਥਾ ਸਿੰਘ ਜੀ ਗਾਦੜੀਵਾਲ ਜ਼ਿਲ੍ਹਾ ਫੀਰੋਜ਼ਪੁਰ, ਬਾਬਾ ਕਾਨ੍ਹ ਸਿੰਘ ਜੀ ਬੁਰਜ ਜ਼ਿਲ੍ਹਾ ਅੰਮ੍ਰਿਤਸਰ, ਇੱਕ ਇੱਕ ਹਜ਼ਾਰ ਪਾਇਆ ਤੇ ਸੁਬੇਗ ਸਿੰਘ ਜੀ ਮਰ੍ਹਾਣਾ ੫੦੦) ਪਾਇਆ। ਤੇ ਬਾਬਾ ਬੂਟਾ ਸਿੰਘ ਜੀ ਲਾਖਣਾ ਜ਼ਿਲ੍ਹਾ ਲਾਹੌਰ ਵਾਲਿਆਂ ਇਸੇ ਸੇਵਾ ਲਈ ਸਦਾ ਵਾਸਤੇ ਆਪਣਾ ਆਪ ਅਰਦਾਸ ਕਰਾਇਆ। ਇਹਨਾਂ ਪੰਜਾਂ ਮਿਲ ਕਣਕ, ਦਾਲ ਦੇ ਗਡੇ ਭਰ ਘਰੋਂ ਟੁਰ ਭੈਣੀ ਸਾਹਿਬ ਪੁਚਾਏ। ਤੇ ਨਾਮਧਾਰੀ ਪੰਥ ਵਿਚੋਂ ਉਗਰਾਹੀ ਗੁਰੂ ਕੇ ਲੰਗਰ ਦੀ ਕਰਨੀ ਹਰ ਛੀ ਮਹੀਨੀ ਸੁਰੂ ਕੀਤੀ। ਚਾਰ ਸਾਲ ਤਕ ਗੁਰੂ ਜੀ ਨੂੰ ਜੂਹੋਂ ਬਾਹਰ ਨਾ ਜਾਣਾ ਮਿਲਦਾ ਸੀ। ਤੇ ਨਾ ਕਿਸੇ ਸਿੱਖ ਨੂੰ ਭੈਣੀ ਸਾਹਿਬ ਦੀ ਜੂਹ ਦੇ ਅੰਦਰ ਵੜਨ ਦਾ ਹੁਕਮ ਰਿਹਾ। ਗੁਰੂ ਹਰੀ ਸਿੰਘ ਜੀ ਗੜਵਈ ਸਮੇਤ ਬਾਹਰ ਜਾਂਦੇ ਤੇ ਛੁਪਈਏ ਨਾਲ ਸਿਖਾਂ ਨੂੰ ਮਿਲਦੇ ਤੇ ਜਲ ਸਰਦਾਈ ਛਕਾਂਦੇ ਜੋ ਜੂਹੋਂ ਪਾਰ ਆਏ ਦਰਸ ਪਿਆਸੇ ਹੁੰਦੇ ਸੀ, ਕੁਝ ਲਜਾਣਾ, ਛਕਾਣਾ ਤੇ ਮਿਲਣਾ ਲੁਕ ਦਾ ਹੀ ਹੁੰਦਾ ਸੀ। ਪੁਲਸ ਡਿਉੜੀ ਵਿਚ ਦੀ ਤਾੜਦੀ ਰਹਿੰਦੀ ਜਾਣ ਤੇ ਆਉਣ ਸਮੇਂ ਭੀ। ਇਸੇ ਸੰਕਟ ਨੇ ਲੰਗਰ ਦੀ ਲੋੜ ਵੁਜ਼ਦੀ ਕੀਤੀ ਸੀ।

ਗੁਰੂ ਹਰੀ ਸਿੰਘ ਜੀ ਇਕ ਦਿਨ ਝੋਰਾ ਕਰਦੇ ਬਿਰਾਜੇ ਸੀ ਤੇ ਸਤਿਗੁਰੂ ਰਾਮ ਸਿੰਘ ਜੀ ਦਰਸਨ ਦੇ ਕਿਹਾ ਸੀ ਤੂੰ ਝੋਰਾ ਨਾ ਕਰ, ਮੈਨੂੰ ਲੋਹ ਦਾ, ਤੇਰਾ, ਡੇਰੇ ਦਾ, ਤੇ ਪੰਥ ਦਾ ਫਿਕਰ ਹੈ। ਗੱਡੇ ਅੰਨ ਦੇ ਲਦਾ ਭੇਜਦਾ ਹਾਂ। ਇਹਨਾਂ ਉਪਰ ਲਿਖੇ ਸਿੱਖਾਂ ਨੂੰ ਪ੍ਰੇਰ ਪਦਾਰਥ ਭੈਣੀ ਸਾਹਿਬ ਪੁਚਾਇਆ। ਤੇ ਅਗੋਂ ਦਾ ਫਿਕਰ ਮੁਕਾਇਆ। ਦੇਖ ਗੁਰੂ ਹਰੀ ਸਿੰਘ ਜੀ ਬਚਨ ਕੀਤਾ।

ਪ੍ਰਤੀਤ ਵਿਚ ਹੀ ਘਾਟਾ ਏ, ਪ੍ਰੀਤਮ ਵਲੋਂ ਕੋਈ ਫਰਕ ਨਹੀਂ।
ਜੀਆਂ ਨੂੰ ਹੀ ਤੋੜੇ ਨਰਕ ਹਨ, ਸਾਹਿਬ ਵਲੋਂ ਕਦੇ ਤਰਕ ਨਹੀਂ।

ਮੈਂ ਇਹਨਾਂ ਜਿਹੇ ਸਾਧਾਂ ਤੋਂ ਵਾਰਨੇ। ਜੋ ਕਰਦੇ ਐਸੇ ਉਪਕਾਰ ਨੇ।
ਐਸੇ ਨੀਹਾ ਕੌਮਾ ਦੀਆ ਪੱਕੀਆਂ ਕਰਨ। ਨ ਕੌਮਾਂ ਮਰਦੀਆਂ ਤੇ ਨ ਐਸੇ ਮਰਨ।

(ਕਵਿਮੀ)

## ਮਾਤਾ ਜੀ ਨਿਰਭੈ ਹੋਏ

ਪਹਿਲਾਂ ਪੁਲਸ ਡਿਉੜੀ ਦੇ ਅੰਦਰ ਬਾਹਰ ਬੈਠੀ ਸੀ। ਫੇਰ ਬਾਹਰ ਹੋ ਤਬੇਲੇ ਵਲ ਹੀ ਰਹਿਣ ਦਾ ਹੁਕਮ ਹੋਇਆ। ਪਰ ਰਾਤ ਦਿਨੇ ਕਾਂ ਵਾਂਗੂੰ ਤਾੜ ਰਖਦੇ, ਅੰਦਰ ਬਾਹਰ ਜਾਣ ਆਉਣ ਵਾਲੇ ਦੀ, ਤੇ ਬੁਲਾਂਦੇ, ਜੋ ਨ ਸਿਞਾਣ ਵਿਚ ਆਵੇ। ਰਾਤ ਤੇ ਆਮ ਖਿਆਲ ਰਖਦੇ ਅਵਾਜਾ ਕਰਦੇ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਅਜੇ ਥੋੜਿਆਂ ਹੀ ਦਿਨਾਂ ਦੇ ਸੀ। ਮਾਤਾ ਜੀ ਅੰਮ੍ਰਿਤ ਵੇਲੇ ਮੁਨ੍ਹੇਰੇ ਉਠੇ, ਦਰਵਾਜੇ ਕੋਲ ਜਾ ਦੋ ਵਾਰੀ ਇਹ ਸੋਚ ਪਰਤ ਆਉਣ, ਤੇ ਆਵੇ, ਮਤਾਂ ਪੁਲਸ ਵਾਲੇ ਅਵਾਜ ਮਾਰਨ ਜਾ ਰੋਕਣ। ਤੀਜੀ ਵਾਰ ਸਫੇਦ ਬਸਤ੍ਰਾਂ ਵਾਲੇ ਵਡੇ ਆਕਾਰ ਵਾਲੇ ਸਰੀਰ ਦਾ ਦਰਵਾਜੇ ਸੌਹੇ ਸੜਕ ਤੇ ਦਰਸਨ ਹੋਇਆ ਤੇ ਉਸ ਅਵਾਜਾ ਦਿੱਤਾ ਮਾਤਾ ਜੀ ਹੁਣ ਭੈ ਕਰਨ ਦੀ ਕੋਈ ਲੋੜ ਨਹੀ। ਸਭ ਭੈ ਦੂਰ ਕਰਨ ਵਾਲਾ ਹੁਣ ਆਇਆ ਹੋਇਆ ਏ। ਮਾਤਾ ਜੀ ਉਸ ਦਿਨ ਤੋਂ ਬਾਅਦ ਨਿਰਭੈ ਹੋ ਗਏ।

## ਪਾਂਧੀ ਭੁੱਖਾ ਗਿਆ

ਇਕ ਦਿਨ ਮਾਤਾ ਜਿਉਣ ਕੌਰ ਜੀ ਇਕ ਪਾਂਧੀ ਲਈ ਪ੍ਰਸਾਦੇ ਤੇ ਦਾਲਾ ਪਾ ਡਿਉੜੀ ਵਿਚੋਂ ਬਾਹਰ ਹੋ ਦੇਣ ਲਗੇ। ਪੁਲਸੀਏ ਪਾਂਧੀ ਨੂੰ ਝਿੜਕਿਆ, ਤੁਸੀ ਭੁਖੇ ਲੋਕ ਕਿਸੇ ਵੇਲੇ ਬੂਹਾ ਨਹੀਂ ਵੇਹਲਾ ਹੋਣ ਦੇਂਦੇ। ਮਾਤਾ ਜੀ ਕਿਹਾ, ਵੀਰਾ ਪ੍ਰਸਾਦਾ ਲੈ ਲੈਣ ਦੇ ਸੁ ਜਲ ਕਿਤੋਂ ਜਾ ਛਕ ਲਵੇਗਾ। ਪਰ ਪੁਲਸੀਏ ਪ੍ਰਸਾਦਾ ਦਾਲਾ ਉਸ ਪਾਂਧੀ ਨੂੰ ਨਾਂ ਹੀ ਲੈਣ ਦਿੱਤਾ। ਮਾਤਾ ਜੀ ਹਉਕਾ ਭਰ ਅੰਦਰ ਮੰਦਰ ਨੂੰ ਪਰਤ ਗਏ, ਤੇ ਗੁਰੂ ਹਰੀ ਸਿੰਘ ਜੀ ਪਾਸ ਪਿਛਲੇ ਪਹਿਰ ਅਰਜ ਕੀਤੀ। 'ਅੱਜ ਮੈਂ ਬੜੀ ਦੁਖੀ ਹੋਈ ਹਾਂ, ਨ ਭੁਖ ਲਗੀ ਹੈ ਤੇ ਨ ਕੁਝ ਮੂੰਹ ਪਾਇਆ ਏ। ਰਾਮ ਕਦੋਂ ਸਾਡੀ ਫਰਯਾਦ ਸੁਣੇਗਾ ਤੇ ਤੰਗੀ ਪੁਲਸ ਵਲੋਂ ਮਿਲਦੀ ਹਟੇਗੀ।' ਸਚੇ ਪਾਤਸਾਹ! ਅੱਜ ਭੁਖਾ ਪਾਂਧੀ ਨਿਰਾਸ ਝਿੜਕ ਪੁਲਸ ਟੋਰ ਦਿੱਤਾ ਏ। ਮੇਰੇ ਹੱਥਾਂ ਤੇ ਉਹਦੇ ਲਈ ਪ੍ਰਸਾਦਾ ਦਾਲਾ ਲਿਆਂਦਾ ਵੇਖ ਕੇ ਭੀ ਦਰਦ ਨਹੀਂ ਕੀਤਾ ਪੁਲਸ। ਤੇ ਅਰਜ ਕੀਤੀ ਇਸੇ ਤਰ੍ਹਾਂ ਸੰਗਤ ਨੂੰ ਭੀ ਕਈ ਵਾਰ ਬੜੀ ਤੰਗੀ ਹੁੰਦੀ ਏ। ਪ੍ਰਸਾਦ ਲੈਂਦੇ ਦੇਂਦੇ।

## ਪੁਲਸ ਦੂਰ ਹੋਈ

ਗੁਰੂ ਹਰੀ ਸਿੰਘ ਜੀ ਬਚਨ ਕੀਤਾ ਜਿਉਣ ਕੌਰੇ! ਚਿੰਤਾ ਜੀਉ ਕੱਢ ਛੱਡ। ਸਭ ਤੰਗੀਆਂ ਦੂਰ ਕਰਨ ਵਾਲਾ ਬੜੇ ਪ੍ਰਤਾਪ ਵਾਲਾ ਹੁਣ ਘਰ ਦਾ ਮਾਲਕ ਆਇਆ ਹੈ। ਥੋੜਾ ਚਿਰ ਤੁਸੀਂ ਹੌਸਲਾ ਕਰੋ। ਉਸ ਦਿਨ ਤੋਂ ਅਗਲੇ ਰੋਜ ਹੀ ਉਪਰੋਂ ਹੁਕਮ ਆਇਆ ਤੇ ਪੁਲਸ ਨੇ ਤਬੇਲੇ ਤੇ ਡਿਉੜੀ ਵਲੋਂ ਡੇਰਾ ਚੁੱਕ, ਪਰ੍ਹੇ ਪਿਪਲਾਂ, ਬੋਹੜਾਂ ਵਲ ਮੂੰਹ ਵਾਲੇ ਕੋਠੇ ਵਿਚ ਡੇਰਾ ਜਾ ਕੀਤਾ, ਆਖ ਕੇ ਗੁਰੂ ਜੀ ਨੂੰ।

## ਅੰਮ੍ਰਿਤ ਛਕਿਆ

ਮਾਤਾ ਜਿਉਣ ਕੌਰ ਜੀ ਮੈਨੂੰ ਦਸਿਆ, ਮੈ ਅੰਮ੍ਰਿਤ ਸਵਾ ਮਹੀਨੇ (ਚਾਲੀਆਂ ਦਿਨਾਂ) ਬਾਅਦ ਛਕਿਆ ਸੀ, ਜਾ ਰਾਮਸਰ ਕੰਢੇ ਬੋਹੜਾਂ ਪਿਪਲਾਂ ਥਲੇ, ਸਵੇਰੇ ਆਸਾ ਦੀ ਵਾਰ ਦੇ ਭੋਗ ਪੈਣ ਬਾਅਦ। ਰੋਜ ਭੋਗ ਮੁਨ੍ਹੇਰੇ ਹੀ ਪਾਂਦੇ ਸੀ। ਪਰ ਉਸ ਦਿਨ ਹਵਨ ਕਰ, ਸਵਾ ਸੌ ਰੁਪੇ ਦਾ ਕੜਾਹ ਪ੍ਰਸਾਦ ਕਰ ਅੰਮ੍ਰਿਤ ਤਿਆਰ ਕੀਤਾ ਹੋਇਆ ਸੀ, ਪੰਜਾਂ ਰਹਿਤ ਸੁਚ ਵਾਲੇ ਸਾਧਾਂ ਨੇ। ਅੰਮ੍ਰਿਤ ਕੰਧਾਰਾ ਸਿੰਘ ਗੁਰੂ ਕੇ ਗੜਵਈ

ਛਕਾਇਆ ਸੀ, ਮੈਨੂੰ ਤੇ ਪ੍ਰਤਾਪ ਸਿੰਘ ਨੂੰ। ਤੇ ਭਜਨ ਉਹਨਾਂ ਸੰਤ ਵਜੀਰ ਸਿੰਘ ਹੋਰਾ ਤੋਂ ਹੀ, ਗੁਰੂ ਹਰੀ ਸਿੰਘ ਜੀ, ਪਰਤਾਪ ਸਿੰਘ ਹੋਰਾਂ ਨੂੰ ਦਵਾਇਆ ਸੀ। ਉਸ ਦਿਨ ਸੰਗਤ ਭੀ ਬਹੁਤ ਜੁੜੀ ਸੀ ਤੇ ਨਗਰ ਦੇ ਭੀ ਸਭ ਦਰਸਨ ਕਰਨ, ਤੇ ਕੜਾਹ ਪ੍ਰਸਾਦ ਦੇ ਚਾਉ ਪਹੁੰਚੇ ਹੋਏ ਸੀ। ਅੰਮ੍ਰਿਤ ਛਕਾਣ ਪਿਛੋਂ ਸਭ ਨੂੰ ਪਰਤਾਪ ਸਿੰਘ ਹੋਰਾਂ ਦਾ ਦਰਸਨ ਸੰਤ ਵਜੀਰ ਸਿੰਘ ਜੀ ਨੇ ਕੁਛੜ ਚੁੱਕ ਕਰਾਇਆ ਸੀ। ਮਾਤਾ ਜੀ ਦਸਿਆ, ਤਰਨ ਸਿੰਘਾ, ਤੈਨੂੰ ਕੀ ਦਸਾਂ, ਜੋ ਉਸ ਵੇਲੇ ਇਹਨਾਂ ਤੇ ਰੂਪ ਆਇਆ ਸੀ, ਮੋਟੇ ਲੰਮੇ ਨੇਤ੍ਰ ਤਿੱਖਾ ਨੋਕਦਾਰ ਨੱਕ, ਲੰਮਾ ਸਰੀਰ ਸੋਨੇ ਵਾਂਗੂ ਡਲ੍ਹਕਦਾ ਸਰੂਪ ਦੇਖ, ਸੰਗਤ ਨੇ ਧੰਨ ਧੰਨ ਤੇ ਅਕਾਲ ਅਕਾਲ ਦੇ ਬੜੇ ਜੈਕਾਰੇ ਗਜਾਏ ਸੀ। ਉਤਨਾ ਭਰਵਾ ਸੁੰਦਰ ਸਰੂਪ ਫੇਰ ਜਵਾਨ ਹੋਣ ਤੇ ਦੇਖਿਆ ਹੈ। ਉਹ ਮੋਹਣ ਵਾਲਾ ਸਰੂਪ ਸੀ ਤਦੋ।

## ਅੰਮ੍ਰਿਤ ਛਕਣ ਬਾਰੇ

ਮੈਂ ਮਾਤਾ ਜਿਉਣ ਕੌਰ ਜੀ ਪਾਸ ਅਰਜ ਕੀਤੀ। ਸੰਤ ਬਾਬੇ ਸੰਤੋਖ ਸਿੰਘ ਜੀ ਤਾਂ ਤੇਰ੍ਹੀਂ ਦਿਨੀਂ ਅੰਮ੍ਰਿਤ ਛਕਾਇਆ ਲਿਖਿਆ ਹੈ। ਤਾਂ ਮਾਤਾ ਜੀ ਉਤਰ ਦਿੱਤਾ, ਕੁਝ ਅੰਦਰੋਂ ਨਿਕਲਣ, ਹੱਥ ਪਾਣ ਲਈ ਲੋਕ ਰਿਵਾਜ ਵਾਲਾ ਤਾਂ ਮੈਂ ਤੇਰ੍ਹਵੇਂ ਦਿਨ ਹੀ ਛਕਿਆ ਸੀ, ਪਰ ਪੂਰੀ ਸੁਧ ਸੋਧ ਮਰਜਾਦਾ ਵਾਲਾ ਤਾਂ ਚਾਲੀਆਂ ਦਿਨਾਂ ਬਾਦ ਹੀ ਛਕਿਆ ਸੀ।

ਮਾਤਾ ਜਿਉਣ ਕੌਰ ਜੀ ਦੇ, ਤੇ ਮੇਰੇ ਇਹ ਹੁੰਦੇ ਬਚਨ ਸੁਣ ਮਾਤਾ ਫਤਹ ਕੌਰ ਜੀ ਕੋਲੋਂ ਬੋਲ ਕਿਹਾ, ਤੂੰ ਠੀਕ ਬਹਿਮੀ ਹੀ ਹੈਂ। ਹਰ ਗੱਲ ਦੀ ਤਲੇ ਦੀ ਤਹਿ ਭਾਲਦੈਂ। ਓਸ ਸੰਤੋਖ ਸਿੰਘ ਬੜਾ ਔਖ ਕਰ ਭਾਲ ਪੁਛ ਕੀਤਾ ਹੈ, ਜੋ ਕੁਝ ਕੀਤਾ ਹੈ ਕੱਠਾ ਇਤਿਹਾਸ। ਪਰ ਸਾਰੇ ਸਮੇਂ ਦੇ ਬਚਨ ਇਕ ਇਕ ਕਰ ਕੌਣ ਲਿਖ ਸਕਦਾ ਏ ਕਿਸੇ ਗੁਰੂ ਦੇ। ਜਿੰਨੇ ਕਿਸੇ ਨੂੰ ਮਿਲੇ ਉਸ ਲਿਖ ਦਿੱਤੇ। ਤੈਨੂੰ ਕਿਹੜੇ ਹੁਣ ਸਾਰੇ ਮਿਲ ਜਾਣੇ ਨੇ।

ਮਾਤਾ ਜਿਉਣ ਕੌਰ ਜੀ ਕਿਹਾ, ਤੂੰ ਇਸ ਨੂੰ ਜੇ ਹੋ ਸਕਦਾ ਈ ਤਾਂ ਹੋਰ ਕੁਝ ਦਸ, ਬੱਸ ਦੀ ਸਲਾਹ ਕਿਉਂ ਦੇਨੀ ਏਂ। ਇਸ ਤਰ੍ਹਾਂ ਅਨਜਾਣਾਂ ਦਾ ਹੌਸਲਾ, ਹਿੰਮਤ ਨਹੀਂ ਪੂਰੀ ਕਰਦਾ।

ਮੈਂ ਮਾਤਾ ਜਿਉਣ ਕੌਰ ਜੀ ਪਾਸ ਅਰਜ ਕੀਤੀ। ਆਪ ਦੀ ਤੇ ਮਰਜਾਦਾ ਮਹਾਨ ਹੋਈ, ਪਰ ਹਰ ਜਣੇਪੇ ਵਾਲੀ ਨੂੰ ਕਿੰਨੀ ਦਿਨੀਂ ਪਵਿਤ੍ਰਤਾ ਲਈ ਅੰਮ੍ਰਿਤ ਛਕਣਾ ਚਾਹੀਦੈ। ਮਾਤਾ ਜੀ ਉਤਰ ਦਿੱਤਾ, ਤੇਰ੍ਹੀਂ ਜਾਂ ਸਤਾਰ੍ਹੀਂ ਦਿਨੀਂ ਕਿਉਂਕਿ ਜਣੇਪੇ ਵਾਲੀ ਚੁੱਲ੍ਹੇ ਹੀ ਨਾ ਹੋਈ ਬੈਠੀ ਰਹੇ। ਬਹੁਤ ਅਮੀਰੀ ਵਧੀ, ਆਲਸ ਦਾ ਘਰ ਹੀ ਹੁੰਦੀ ਏ ਤੇ ਸਵਾ ਮਹੀਨੇ ਬਾਅਦ ਭੀ। ਕਿਉਂਕਿ ਪੂਰੀ ਸਰੀਰ ਦੀ ਸੁਧਤਾ ਤਿਚਰ ਨੂੰ ਹੀ ਹੁੰਦੀ ਹੈ, ਲੰਗਰ ਲਗਣ ਜੋਗ।

## ਭੂਰੇ ਗਿਲਾਂ ਵਾਲੇ

ਕੁਝ ਕਸ਼ਟ ਅਗੇ ਨਾਲੋਂ ਘਟੇ ਸੁਣ, ਕਿ ਹੁਣ ਜੁੜੇ ਭੀ ਵਜਨ ਤੇ ਘਟ ਰੋਕ ਹੈ ਤੇ ਅੰਦਰ ਭੀ ਰੌਣਤੀ ਰੋਜ ਕਰ ਦਸ ਜਾ ਸਕਦੇ ਹਨ। ਸੰਤ ਲਾਲ ਸਿੰਘ ਜੀ ਭੂਰੇ ਗਿਲਾਂ ਵਾਲੇ ਆਪਣੇ ਜ਼ਿਲ੍ਹੇ ਅੰਮ੍ਰਿਤਸਰ ਚੋਂ ਟੁਰੇ ਰਾਹੇ ਦੀਵਾਨ ਲਾਂਦਿਆਂ, ਨਾਲ ਹੋਰ ਰਲੇ ਸਿੱਖ, ਭੈਣੀ ਸਾਹਿਬ ਆਉਂਦਿਆਂ ਨੂੰ ਬਹੁਤ ਵੱਡਾ ਜਥਾ ਬਿਰਧਾਂ, ਬੱਚਿਆਂ, ਮਾਈਆਂ ਦਾ ਬਣ ਗਿਆ। ਗੁਰੂ ਹਰੀ ਸਿੰਘ ਜੀ ਦਾ ਤੱਖਰਾਂ ਵਲੋਂ ਆਉਂਦੇ ਇਸ ਜਥੇ ਨੂੰ ਨਿੰਮ ਤਲੇ ਹੀ ਸਮਾਧੀ ਲਾ ਭਜਨ ਕਰਦਿਆਂ ਦਾ ਦਰਸਨ ਹੋਇਆ। ਸਭ ਸੰਗਤ ਮੱਥਾ ਟੇਕ ਦੁਆਲੇ ਬੈਠ ਗਈ।

ਥੋੜੇ ਚਿਰ ਬਾਅਦ ਕੰਧਾਰਾ ਸਿੰਘ ਗੁਰੂ ਕਾ ਗੜਵਈ ਸਰਦਾਈ ਲੈ ਕੇ ਪੁੱਜਾ ਤੇ ਉਸ ਦੱਸਿਆ ਅੱਜ ਤੁਰਕ ਹਵਾਲਦਾਰ ਬੜੀਆਂ ਗਰਮ ਗੱਲਾਂ ਕਰਦੈ, ਆਂਹਦਾ ਸੀ, ਅਸੀਂ ਹੁਣ ਦੁਖੀ ਹਾਂ ਤੇ ਇਹ ਸੁਖੀ ਹੋ ਗਏ ਹਨ। ਅਗੇ ਅਸੀਂ ਬੂਹੇ ਵਿਚ ਬਹਿ, ਨਾਲੇ ਖਾਂਦੇ ਸਾਂ ਨਾਲੇ ਦਬਾਂਦੇ ਸਾਂ। ਹੁਣ ਇਹ ਕੋਲ ਦੀ ਲੰਘ ਜਾਂਦੇ ਹਨ। ਜੂਹੇ ਬਹਿ ਸਬਦ ਪੜ੍ਹਦੇ ਹਨ, ਜੇ ਅਸੀਂ ਆਉਂਦੇ ਹਾਂ ਤਾਂ ਕਈ ਡਰਾਕਲ ਵੇਖ ਸ਼ਕਾਰ ਵਾਂਗੂ ਅਗੇ ਭਜਦੇ ਹਨ ਤੇ ਅਸੀਂ ਕੁਤਿਆਂ ਵਾਂਗੂੰ ਮਗਰ। ਪਰ ਪੱਲੇ ਫੇਰ ਭੀ ਕੁਝ ਨਹੀ ਪੈਂਦਾ। ਹੱਛਾ ਹੁਣ ਜਿਹੜਾ ਕਾਬੂ ਆਇਆ ਮੈਂ ਕੋਈ ਕਸਰ ਨਹੀਂ ਰਖਣੀ।

ਗੁਰੂ ਹਰੀ ਸਿੰਘ ਜੀ ਕਿਹਾ, ਮੈਨੂੰ ਹੁਣ ਤ੍ਰੇਹ ਨਹੀਂ ਰਹੀ ਇਹਨਾਂ ਦਾ ਦਰਸਨ ਕਰ, ਤੇ ਜੋ ਹੈ ਉਹ ਇਹਨਾਂ ਦੇ ਨਾਲ ਹੀ ਰਲ ਕੇ ਛਕ ਕੇ ਲਵੇਂਗੀ। ਤੂੰ ਜਿਉਣ ਕੋਰ ਹੋਰਾਂ ਨੂੰ ਜਾ ਕੇ ਆਖ ਛੇਤੀ ਏਨੀ ਸੰਗਤ ਲਈ ਜਲ ਪ੍ਰਸਾਦ ਤਿਆਰ ਕਰੇ। ਅਸੀਂ ਇਹਨਾ ਨੂੰ ਜਲ ਪ੍ਰਸਾਦ ਤੇ ਛਕਾ ਕੇ ਟੋਰਾਂਗੇ ਫੇਰ ਜੋ ਹੋਵੇਗੀ ਸਹਿ ਲਵਾਂਗੇ।

ਕੰਧਾਰਾ ਸਿੰਘ ਆ, ਮਾਤਾ ਜੀ ਨੂੰ ਗੁਰੂ ਕਾ ਹੁਕਮ ਕਿਹਾ ਤੇ ਮਾਤਾ ਜੀ ਹੋਰ ਲਾਂਗਰੀ ਲਾ, ਆਪ ਲਗ ਪਿੰਡ ਚੋ ਮਾਈਆਂ ਸੱਦ, ਲਾ ਝਟ ਲੰਗਰ ਤਿਆਰ ਕਰ ਲਿਆ। ਗੁਰੂ ਜੀ, ਸੰਤ ਜੀ ਤੇ ਸੰਗਤ ਭੀ ਆਈ, ਨਾਲ ਸਬਦ ਪੜ੍ਹਦੀ।

ਤੁਕ ਇਹੋ ਹੀ ਵਾਰ ਵਾਰ ਸੰਤ ਪੜ੍ਹਨ। 'ਸਤਿਗੁਰੂ ਆਇਓ ਸਰਣਿ ਤੁਹਾਰੀ ॥' ਸੰਗਤ ਸਭ ਬੇ-ਰੋਕ ਮਸਤ ਹੋਈ ਜਾ ਮਾਤਾ ਜੀ ਦੇ ਚਰਨੀ ਲਗੀ। ਹਵਾਲਦਾਰ ਉਜਰ ਦੇ ਕਿ ਇਹ ਇਤਨੇ ਬਿਨ ਪੁਛੇ ਕਿਉਂ ਅੰਦਰ ਲੰਘੇ ਹਨ। ਸਭ ਨੂੰ ਧੱਕ ਤਬੇਲੇ ਵਿਚ ਡੱਕ ਦਿੱਤਾ ਤੇ ਕਹੇ, ਮੈਂ ਕਿਸੇ ਨੂੰ ਕੁਝ ਨਹੀ ਛਕਣ ਤੇ ਛਕਾਣ ਦੇਣਾ। ਮਾਤਾ ਜੀ ਲਾਂਡੇ ਕਰ, ਕੁਝ ਦੁੱਧ ਘਿਉ ਆਦਿ ਦੇਣਾ ਕਰ ਮਸਾਂ ਇਤਨਾ ਮਨਾਇਆ ਕਿ ਜਲ ਪ੍ਰਸਾਦ ਛਕਾ ਟੋਰ ਦਿਉ, ਰਾਤ ਨਾ ਏਥੇ ਰਹਿਣ ਦੇਨੇ।

## ਤਖੱਰਾਂ ਦਾ ਖੂਹ

ਗੁਰੂ ਹਰੀ ਸਿੰਘ ਜੀ ਸੰਗਤ ਦੇ ਨਾਲ ਹੀ ਜਲ ਛਕਿਆ, ਤੇ ਪ੍ਰਸਾਦ ਸਮੇਤ ਮਾਤਾ ਜੀ ਦੇ ਮਿਲ ਸਭ ਨੂੰ ਹੱਥੀਂ ਪ੍ਰਸੰਨ ਕਰ ਛਕਾਇਆ, ਤੇ ਨਾਲੇ ਸਾਹਿਬਜ਼ਾਦੇ ਦਾ ਦਰਸਨ ਸਭ ਸੰਗਤ ਨੂੰ ਸੰਤ ਵਜੀਰ ਸਿੰਘ ਜੀ ਖੜਾਵੇ ਨੂੰ ਚੁਕਾ ਕਰਾਇਆ। ਨਾਲੇ ਮਾਤਾ ਜੀ ਦੱਸਿਆ, ਗੁਰੂ ਜੀ ਨੇ ਇਹਨਾਂ ਨੂੰ ਬੜੇ ਵਰ ਪ੍ਰਗਟ ਹੋਣ ਸਮੇਂ ਦਿੱਤੇ ਹਨ। ਜਲ ਪ੍ਰਸਾਦ ਛਕਣ ਬਾਅਦ ਪੁਲਸ ਨੇ ਰਾਤ ਹੋਣ ਤੋਂ ਪਹਿਲਾਂ ਹੀ ਇਸ ਸਾਰੇ ਜਥੇ ਨੂੰ ਭੈਣੀ ਸਾਹਿਬੋਂ ਟੋਰ ਦਿੱਤਾ। ਇਹ ਜਥਾ ਰਾਤ ਤੱਖਰਾਂ ਦੇ ਹੀ ਇਕ ਖੂਹ ਤੇ ਜਾ ਟਿਕਿਆ।

ਤੱਖਰਾਂ ਦੇ ਇਕ ਸਿੱਖ ਪ੍ਰੇਮ ਸਿੰਘ ਆ ਅਰਜ ਕੀਤੀ, ਮੇਰੇ ਘਰ ਚਲੋ। ਕੋਲੋਂ ਨਾਲ ਆਏ ਉਸ ਦੇ ਗਵਾਂਢੀ ਕਿਹਾ, ਕਿਉਂ ਉਜੜਨਾ ਮੰਗਨਾ ਏਂ। ਅਗੇ ਉਸ ਨੰਬਰਦਾਰ ਦੀ ਨੰਬਰਦਾਰੀ ਕਟੀ ਗਈ ਤੇ ੧੦੦) ਜਰਮਾਨਾ ਹੋਇਆ ਸੀ, ਕੂਕਿਆਂ ਦਾ ਜੱਥਾ ਪਿੰਡ ਵਿਚ ਰਾਤ ਜਾਣ ਕਰ। ਲੋਕ ਤੇ ਤਦੋਂ ਦੇ ਪਿੰਡ ਨਹੀ ਵੜਨ ਦੇਂਦੇ, ਤੂੰ ਘਰ ਲਜਾਣ ਦੀ ਅਰਜ ਕਰਦਾ ਹੈਂ। ਸਿੱਖ ਕਿਹਾ, ਕੁਝ ਹੋਵੇ ਮੇਰੇ ਨਾਲ ਤੈਨੂੰ ਕੀ। ਸੰਤ ਜੀ ਕਿਹਾ, ਤੂੰ ਜੋ ਸਰਧਾ ਹੈ ਏਥੇ ਹੀ ਲਿਆ। ਉਹ ਖੂਹ ਤੇ ਹੀ ਲੈ ਆਇਆ ਮਿੱਠਾ ਦੁੱਧ। ਸੰਗਤ ਸਭ ਛਕ ਟਿਕ ਗਈ ਤੇ ਸੰਤ ਜੀ ਦੀਵਾਨ ਲਾ ਦਿੱਤਾ, ਰਾਤ ਕੀਰਤਨ ਕਰ ਗੁਜਾਰੀ।

## ਪੁਲਸ ਦੀ ਤੰਗੀ

ਭੈਣੀ ਸਾਹਿਬ ਇਕ ਸਿਪਾਹੀ ਤਿਖੇ ਸੁਭਾ ਵਾਲਾ ਜੋ ਜ਼ਿਲ੍ਹੇ 'ਚ ਗਿਆ ਹੋਇਆ ਸੀ, ਆਇਆ

ਤੇ ਸਭ ਦਿਨ ਦੀ ਬੀਤੀ ਸੁਣ ਉਸ ਤੇਜੀ ਵਿਚ ਇਕ ਦੋ ਹੋਰ ਸਪਾਹੀ ਨਾਲ ਲੈ, ਤਖਰਾਂ ਤੇ ਜੱਥਾ ਘੇਰ ਲੁਧਿਆਣੇ ਨੂੰ ਟੋਰ ਦਿੱਤਾ ਤੇ ਉਸ ਸਿੱਖ ਨੂੰ ਭੀ ਹਾਲ ਹੀ ਲੈ ਲਿਆ ਤਖਰਾਂ ਦੇ ਨੂੰ। ਥੋੜੇ ਦਿਨ ਰਹਿੰਦੇ ਲੁਧਿਆਣੇ ਜਾ ਜਿਲੇ ਦੇ ਪੇਸ਼ ਕੀਤੇ ਤੇ ਕਿਹਾ, ਦਸ ਅੰਦਰ ਜਾਣ ਦਾ ਹੁਕਮ ਹੈ। ਇਹ ਇਤਨੇ ਕਠੇ ਅੰਦਰ ਜਾਂਦੇ ਸੀ ਤੇ ਰਾਤ ਜਿਥੇ ਰਹਿੰਦੇ ਹਨ, ਸਰਕਾਰ ਦੇ ਖਿਲਾਫ ਬੋਲਦੇ ਹਨ।

ਹਾਕਮ—ਬਚੇ, ਬਿਰਧ ਤੇ ਮਾਈਆਂ ਦੇਖ ਕਿਹਾ, ਜਾਣ ਦਿਓ ਇਹ ਤੇ ਐਸੇ ਨਹੀਂ। ਅੰਦਰ ਗਏ ਇਹ ਕੀ ਵਿਗਾੜਨਗੇ। ਇਹ ਜਥਾ ਰਾਤ ਲੁਧਿਆਣੇ ਕੱਟ, ਸਵੇਰੇ ਫੇਰ ਟੁਰਦਾ ਭੈਣੀ ਸਾਹਿਬ ਆਇਆ ਤੇ ਸੰਤ ਜੀ ਸਬਦ ਮਸਤੀ ਵਿਚ ਹੋ ਪੜ੍ਹਿਆ।

ਸਾਰਗ ਮਹਲਾ ੫ ॥ ਬਿਰਾਜਿਤ ਰਾਮ ਕੋ ਪਰਤਾਪ ॥ ਇਹ ਤੁਕ ਸੰਤਾਂ ਮੁਖ ਧਾਰਨਾ ਰਖੀ ਤੇ ਸਾਰਗ ਰਾਗ ਵਿਚ ਹੀ ਬਾਕੀ ਸਬਦ ਸੁਆਦ ਵਿਚ ਰਚ ਪੜ੍ਹਿਆ।

ਆਧਿ ਬਿਆਧਿ ਉਪਾਧਿ ਸਭ ਨਾਸੀ ਬਿਨਸੇ ਤੀਨੇ ਤਾਪ ॥ ੧ ॥ ਰਹਾਉ ॥
ਤ੍ਰਿਸਨਾ ਬੁਝੀ ਪੂਰਨ ਸਭ ਆਸਾ ਚੂਕੇ ਸੋਗ ਸੰਤਾਪ ॥
ਗੁਣ ਗਾਵਤ ਅਚੁਤ ਅਬਿਨਾਸੀ ਮਨ ਤਨ ਆਤਮ ਧ੍ਰਾਪ ॥ ੧ ॥
ਕਾਮ ਕ੍ਰੋਧ ਲੋਭ ਮਦ ਮਤਸਰ ਸਾਧੂ ਕੈ ਸੰਗਿ ਖਾਪ ॥
ਭਗਤਿ ਵਛਲ ਭੈ ਕਾਟਨਹਾਰੇ ਨਾਨਕ ਕੇ ਮਾਈ ਬਾਪ ॥ ੨ ॥

ਰਾਤ ਇਹ ਜਥਾ ਫੇਰ ਆ ਭੈਣੀ ਸਾਹਿਬ ਹੀ ਰਿਹਾ

ਇਹ ਜੱਥਾ ਸਤਿਗੁਰੂ ਪਰਤਾਪ ਸਿੰਘ ਜੀ ਦਾ ਦਰਸਨ ਕਰ (ਬਿਰਾਜਿਤ ਰਾਮ ਕੋ ਪਰਤਾਪ) ਸਬਦ ਪੜ੍ਹਦਾ ਗੁਰੂ ਹਰੀ ਸਿੰਘ ਜੀ ਤੇ ਮਾਤਾਵਾਂ ਦੀ ਚਰਨੀਂ ਮੱਥਾ ਟੇਕ ਇਕ ਦਿਨ ਰਾਤ ਰਹਿ, ਮਾਤਾ ਜੀ ਪਾਸੋਂ ਮਿਲਿਆ ਕੁਝ ਰਸਤੇ ਦਾ ਸੋਖ ਘਿਉ ਮਿੱਠਾ ਲੈ ਵਿਦਿਆ ਹੋਇਆ।

ਮਾਤਾ ਜਿਉਣ ਕੌਰ ਜੀ ਗਰਮ ਜਲ ਨਾਲ ਇਸ਼ਨਾਨ ਸਿਆਲ ਦੇ ਅੰਤ ਤੋਂ ਕਰਾਂਦੇ ਸੀ ਸਰੋਵਰ। ਲਾਂਗਰੀ ਸਦਾ ਲੰਗਰ ਵਿਚ ਗਰਮ ਜਲ ਜਮ੍ਹਾਂ ਰਖਦੇ ਸੀ! ਕਿਸੇ ਥਕੇ ਆਏ ਜਾਂ ਬਿਰਧ, ਬੱਚੇ ਦੀ ਲੋੜ ਨੂੰ। ਇਕ ਦਿਨ ਸਵੇਰੇ ਹੀ ਲੰਗਰ ਵਿਚ ਰੌਲਾ ਤੇ ਉਚੀ—ਉੱਚੀ ਕੂਣਾ ਸੁਣ ਮਾਤਾ ਜੀ ਇਕ ਸਿੱਖ ਨੂੰ ਪੁੱਛਿਆ, ਲੰਗਰ ਵਿਚ ਉੱਚੀ—ਉਚੀ ਕਿਉਂ ਬੋਲਦੇ ਹਨ ? ਸਿੱਖ ਦੱਸਿਆ, ਲਾਂਗਰੀ ਆਪੋ ਵਿਚ ਲੜਦੇ ਹਨ। ਕ੍ਰੋਧ ਵਿਚ ਚੜ੍ਹ ਚੜ੍ਹ ਕੇ ਬੋਲਦੇ ਹਨ।

## ਲਾਂਗਰੀਆਂ ਨੂੰ ਸ਼ਾਂਤ

ਮਾਤਾ ਜੀ ਪੰਘੂੜੇ ਪਾਸ ਵਜੀਰ ਸਿੰਘ ਜੀ ਨੂੰ ਬਠਾ, ਜਾ ਲਾਂਗਰੀਆਂ ਨੂੰ ਸੁਣ, ਦੇਖ ਤਾੜਨਾ ਕੀਤੀ ਤੇ ਕਿਹਾ, ਗੁਰੂ ਕਾ ਹੁਕਮ ਤਾਂ ਲੰਗਰ ਵਿਚ ਮੂੰਹ ਤੇ ਰੁਮਾਲਾ ਬੰਨ੍ਹ ਕੇ ਬੈਠਣ ਦਾ ਹੈ। ਮਤ ਹਵਾੜ ਜਾਂ ਥੁਕ ਮੁਖੋਂ ਨਿਕਲ ਆਟੇ ਪ੍ਰਸਾਦੇ ਨੂੰ ਲਗੇ, ਤੇ ਸਿੱਖ ਨੂੰ ਬੋਲਣ ਤੋਂ ਚਾਕਾ ਬਣਿਆ ਰਵ੍ਹੇ। ਚੁੱਪ ਕੀਤਾ ਭਜਨ ਤੇ

ਸੇਵਾ ਕਰੇ। ਤੁਸੀਂ ਕ੍ਰੋਧ ਚੰਡਾਲ ਨਾਲ ਜਫੀਆਂ ਮਾਰਦੇ ਹੋ। ਤੁਹਾਡੀ ਸੁਚ ਕਾਹਦੀ ਦੇ। ਨਾਲੇ "ਸੋ ਸੂਚਾ ਜਿ ਕਰੋਧ ਨਿਵਾਰੇ ॥ ਸਬਦੇ ਬੂਝੈ ਆਪੁ ਸਵਾਰੇ ॥" ਤੇ 'ਮੰਜਨ ਝੂਠਾ ਚੰਡਾਲ ਕਾਂ' ਦਾ ਭੀ ਅਰਥ ਸੋਚ, ਮਾਤਾ ਜੀ ਕਿਹਾ ਇਨ੍ਹਾਂ ਵਾਕਾ ਦੀ ਵਿਚਾਰ ਕੀਤਿਆਂ ਤਾਂ ਝਗੜਾ ਖੜਾ ਹੀ ਨਹੀ ਹੁੰਦਾ। ਕਿਉਂਕਿ ਸੋਚ ਵਲ ਧਿਆਨ ਰਖਿਆਂ ਸਚੀ ਸੁਚ ਹੁੰਦੀ ਹੈ। ਜੇ ਸੋਚ ਨੂੰ ਧਿਆਨੋਂ ਹਟਾ ਦਿੱਤਾ ਤੇ ਝਗੜਾ ਕੀਤਾ ਤਾਂ ਸੁਚ ਕਾਹਦੀ। ਸੁਚ ਹੋਵੇ ਤਾ (ਜੇ) ਸਚ ਪਾਈਐ ॥ ਜੇ ਅੰਦਰ ਸਚ ਪਾ ਲਈਏ ਤਾਂ ਝੇੜਾ ਨਹੀ ਹੁੰਦਾ। ਚਿਤ ਵਿਚੋਂ ਹੀ ਸਹੀ ਸਲਾਹ ਮਿਲ ਸੁਧ ਫੈਸਲਾ ਹੋ ਜਾਂਦਾ ਏ। ਲਾਂਗਰੀਆਂ ਤੇ ਸਾਤ ਸਰੂਪ ਮਾਤਾ ਜੀ ਦਾ ਉਪਦੇਸ ਸੁਣ ਆਪੇ ਵਿਚ ਭੁਲ ਮੰਨ ਚਰਨੀਂ ਹੱਥ ਲਾ ਚੁੱਪ ਕੀਤੇ। ਤੇ ਮਾਤਾ ਜੀ ਕਿਹਾ, ਜਲ ਗਰਮ ਦੇਹ ਪਰਤਾਪ ਸਿੰਘ ਦਾ ਇਸ਼ਨਾਨ ਕਰਾਣਾ ਹੈ।

## ਪੰਘੂੜਾ ਦੀ ਜਗਹ

ਮਾਤਾ ਜੀ ਦੇਖਿਆ, ਉਹੋ ਪੰਘੂੜਾ ਤੇ ਉਵੇਂ ਹੀ ਵਿਚ ਸਤਿਗੁਰੂ ਜੀ ਲੰਗਰ ਵਿਚ ਝੂਟਦੇ ਖੇਡਦੇ ਜਾਪੇ। ਤੇ ਚਿਤ ਵਿਚ ਆਈ ਮੇਰੇ ਏਧਰ ਚਿਰ ਹੋਣ ਕਰ ਸਿੱਖ ਏਥੇ ਲੈ ਆਏ ਹੋਣ, ਮੈਂ ਉਹਨਾਂ ਦਾ ਕਛਹਿਰਾ ਲੈ ਆਵਾਂ ਮੰਦਰ ਵਿਚੋਂ। ਮੰਦਰ ਵਿਚ ਆ ਦੇਖਿਆ ਵਜੀਰ ਸਿੰਘ ਜੀ ਪੰਘੂੜੇ ਪਾਸ ਬੈਠੇ ਹਨ ਤੇ ਸਤਿਗੁਰੂ ਜੀ ਵਿਚ ਖੇਡਦੇ ਹਨ ਆਪੇ ਵਿਚ ਮਗਨ। ਫਿਰ ਮਾਤਾ ਜੀ ਲੰਗਰ ਵਲ ਆਏ ਇਕ ਸਿੱਖ ਨਾਲ ਉਸ ਦੀ ਲੋੜ ਦੇ ਅਰਥ, ਰਾਹੇ ਕੁਝ ਅਟਕੇ, ਲੰਗਰ ਵਿਚ ਆਏ ਤੇ ਉਹੋ ਪੰਘੂੜਾ ਦੇਖਿਆ, ਜਾਣਿਆ ਮੈਂ ਰਾਹੇ ਕੁਝ ਚਿਰ ਅਟਕੀ ਹਾਂ ਤਾਂ ਸਿੱਖ ਏਥੇ ਲੈ ਆਏ ਹੋਣ। ਸਿੱਖਾਂ ਦੱਸਿਆ, ਉਹ ਤੇ ਏਥੇ ਕਿਸੇ ਨਹੀਂ ਲਿਆਂਦੇ। ਮਾਤਾ ਜੀ ਪਰਤ ਮੰਦਰ ਵਿਚ ਆਏ, ਜਲ ਲੈ ਤੇ ਪੰਘੂੜੇ ਚੋਂ ਚੁੱਕ ਇਸ਼ਨਾਨ ਕਰਾਇਆ। ਤੇ ਰਾਤ ਗੁਰੂ ਹਰੀ ਸਿੰਘ ਜੀ ਨੂੰ ਸਭ ਕੌਤਕ ਸੁਣਾਇਆ ਤਾਂ ਗੁਰੂ ਜੀ ਬਚਨ ਕੀਤਾ, ਇਹ ਬੜੇ ਪ੍ਰਤਾਪ ਵਾਲਾ ਏ ਕੀ ਜਾਣੀਏ ਕੀ ਕੌਤਕ ਹੋਇਆ ਹੈ।

ਮਾਤਾ ਜੀ ਬਚਨ ਕਰਦੇ, ਪਰਤਾਪ ਸਿੰਘ ਜੀ ਉੱਕਾ ਰੋਂਦੇ ਨ, ਜਾਂ ਖੇਡਦੇ ਰਹਿਣਾ ਜਾਂ ਬਿਰਾਜੇ ਰਹਿਣਾ। ਦੁੱਧ ਭੀ ਮਾਤਾ ਜੀ ਆਪ ਹੀ ਹਿਤੋਂ ਦੇਂਦੇ। ਤੇ ਮਾਤਾ ਜੀ ਕਹਿੰਦੇ ਉਹ ਮਾਂ ਸੁਭ ਵਾਲੀ ਨਹੀਂ ਜੋ ਬੱਚੇ ਨੂੰ ਰੋਇਆਂ ਹੀ ਮੰਮਾ ਦੇਵੇ। ਸੁਭ ਤੇ ਹਿਤ ਐਸਾ ਹੋਵੇ, ਰੋਣ ਦੇਵੇ ਹੀ ਨਾ ਮਾਂ ਬੱਚੇ ਨੂੰ। ਰਖ ਹਰ ਤਰ੍ਹਾਂ ਦੀ ਇਸ ਤਰ੍ਹਾਂ ਦੀ ਰੱਖੇ, ਰੋਗ ਬੱਚੇ ਨੂੰ ਹੋਵੇ ਹੀ ਨਾ।

## ਅਰਦਾਸੇ ਬਾਰੇ

ਏਕ ਸਮੇਂ ਮੈਂ ਸਤਿਗੁਰੂ ਪਰਤਾਪ ਸਿੰਘ ਜੀ ਅਗੇ ਅਰਜ ਕੀਤੀ ਕਿ ਦਸਮ ਜੀ ਦੇ ਉਚਾਰਨ ਕੀਤੇ ਵਾਕ ਤੋਂ ਅਰਦਾਸਾ ਪਾਤਸਾਹੀ ਬਾਰਵੀਂ ਕਹਿਣਾ ਕਦੋਂ, ਕਿਵੇਂ ਤੇ ਕਿਥੇ ਉਚਾਰਨ ਅਰੰਭ ਹੋਇਆ। ਸਤਿਗੁਰੂ ਜੀ ਉਤਰ ਦਿੱਤਾ, "ਗੁਰੂ ਹਰੀ ਸਿੰਘ ਜੀ ਨੂੰ ਸਿਰਕਰਤਾ ਜਾਨਣਾ। ਮੇਰੇ ਧਕੇ ਨੂੰ ਇਹ ਬਖਸ਼ ਲਵੇਗਾ। ਇਹਦੇ ਧਕੇ ਨੂੰ ਮੈਂ ਨਹੀਂ ਬਖਸ਼ਾਂਗਾ। ਇਹਦੇ ਆਸਰੇ ਸਿੱਖੀ ਹਰੀ ਰਹੇਗੀ।" ਆਦਿ ਹੁਕਮ ਵਾਲਾ ਹੁਕਮਨਾਮਾ ਜੋ ਸੰਤ ਦਰਬਾਰਾ ਸਿੰਘ ਜੀ ੧੯੩੧ ਵਿਚ ਰੰਗੂਨੋ ਸਤਿਗੁਰੂ ਜੀ ਤੋਂ ਲਿਆਏ ਸੀ। ਉਸ ਤੋਂ ਬਾਅਦ ਇਕ ਹੁਕਮਨਾਮਾ ਕਾਨ੍ਹ ਸਿੰਘ ਜੀ ਬੁਰਜ ਰਾਏ ਕੇ ਜ਼ਿਲ੍ਹਾ ਅੰਮ੍ਰਿਤਸਰ ਤੇ ਨਥਾ ਸਿੰਘ ਜੀ ਗਾਦੜੀਵਾਲਾ ਜ਼ਿਲ੍ਹਾ ਫੀਰੋਜ਼ਪੁਰ ਵਾਲੇ, ਬਦੇਸ ਜਾ ਲਿਆਏ ਸੀ। ਜਿਹਾ ਵਿਚ ਸੁਬੇਗ ਸਿੰਘ ਜੀ ਸਰਹਾਲੀ ਤੇ ਮੋਹਰ ਸਿੰਘ ਜੀ ਲੋਪੋਕੇ

Sri Satguru Jagjit Singh Ji Elibrary NamdhariElibrary@gmail.com

ਵਾਲਿਆਂ ਨੂੰ ਭੀ ਕੁਝ ਬਚਨ ਹਨ। ਕਿ ਤੁਹਾਡੇ ਪਾਸੋਂ ਹੀ ਕੰਗ ਉਠੀ ਹੈ ਆਦਿ। ਉਸ ਹੁਕਮਨਾਮੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਕਾਲ ਪੁਰਖ ਜੀ ਸਭ ਥਾਈਂ ਹੋਇ ਸਹਾਇ ਲਿਖਿਆ ਹੈ। ਦੇਖ ਗੁਰੂ ਹਰੀ ਸਿੰਘ ਜੀ ਭਗੌਤੀਆਂ ਦੀ ਮਾਲਾ ਵਿਚ ਤੇ ਅਰਦਾਸੇ ਵਿਚ ਪਾਤਸਾਹੀ ਬਾਰ੍ਹਵੀਂ ਕਹਿਣਾ ਅਰੰਭ ਕੀਤਾ ਸੀ ਸ੍ਰੀ ਭੈਣੀ ਸਾਹਿਬ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸਨ ਨਮਿਤ ਭਗੌਤੀਆਂ ਦੀ ਮਾਲਾ ਵਰਨੀਆ ਪਾਠ ਕਰਨ ਸਮੇਂ। ਤੇ ਇਸ ਤੋਂ ਪਹਿਲੇ ਇਕ ਹੁਕਮਨਾਮੇ ਵਿਚ ਹੁਕਮ ਆ ਚੁੱਕਾ ਸੀ ਭਗੌਤੀ ਚੰਡੀ ਦੀ ਵਾਰ ਦੀ ਪਹਿਲੀ ਪੌੜੀ ਦਾ ਨਾਮ ਹੈ। ਬਚਨ ਮੰਨਣ ਵਾਲੇ ਤਾਂ ਅਰਦਾਸਾ ਪਾਤਸਾਹੀ ਬਾਰ੍ਹਵੀਂ ਕਹਿ ਕਰਦੇ ਸੀ, ਤੇ ਕੁਝ ਮਨਮਰਜੀ ਵਾਲੇ ਪਾਤਸਾਹੀ ੧੦ ਹੀ ਕਹਿ ਕੇ ਅਰਦਾਸਾ ਕਰਦੇ ਸੀ। ਕੂਤੀਏ© ਕਿਰਪਾਲ ਸਿੰਘ ਸੌਦਾ ਸਿੰਘ, ਭਗਤ ਸਿੰਘ ਫਰਵਾਹੀ। ਰਾਏ ਸਿੰਘ ਅਤਰ ਸਿੰਘ ਖਟੜੇ। ਪਹਾੜਾ ਸਿੰਘ, ਨਰੈਣ ਸਿੰਘ, ਰਤਨ ਸਿੰਘ ਲਹਿਰਾ ਗਾਗਾ। ਕਿਸ਼ਨ ਸਿੰਘ, ਸਾਹਿਬ ਸਿੰਘ ਭੁੱਮਾਂਬਦੀ ਆਦਿ ਪਾਤਸਾਹੀ ੧੦ ਹੀ ਕਹਿ ਅਰਦਾਸਾ ਕਰਦੇ ਸੀ, ਨਾਮ ਬਾਅਦ ਬਾਰ੍ਹਵੀਂ ਤਕ ਲੈਂਦੇ ਸੀ।

## ਖੂਹੀ ਸਿਧੀ

ਲੰਗਰ ਭੈਣੀ ਸਾਹਿਬ ਵਾਲੀ ਖੂਹੀ ਪਾਣੀ ਘਟ ਦੇਂਦੀ, ਗੁਰੂ ਕੇ ਹੁਕਮ ਨਾਲ ਉਪੇਤ ਢੂੰਘੀ ਪੁੱਟ ਉਸਾਰੀ ਅਰੰਭੀ ਸਿਖਾਂ, ਪਰ ਉਹ ਵਿੰਗੀ ਹੋ ਗਈ। ਗੁਰੂ ਹਰੀ ਸਿੰਘ ਜੀ ਕਿਹਾ, ਅਰਦਾਸਾ ਕਿਸ ਕੀਤਾ ਸੀ ਅਰੰਭ ਸਮੇਂ। ਤਾਂ ਰਾਏ ਸਿੰਘ ਖਟੜਿਆਂ ਵਾਲਾ ਸੁਣ ਨੀਵੀਂ ਪਾ ਚੁੱਪ ਹੋ ਗਿਆ ਕਿਉਂਕਿ ਅਰਦਾਸਾ ਉਸ ਕੀਤਾ ਸੀ। ਗੁਰੂ ਹਰੀ ਸਿੰਘ ਜੀ ਫੇਰ ਗੁਰਦਿਤ ਸਿੰਘ ਮੋਰੋਂ ਵਾਲੇ ਤੋਂ ਵਿਚ ਖੜੇ ਅਰਦਾਸਾ ਕਰਾਇਆ ਤੇ ਕਿਹਾ, ਹੁਣ ਖੂਹੀ ਸਿੱਧੀ ਕਿਉਂ ਨ ਉਤਰੇਗੀ ਤਲੇ ਨੂੰ। ਉਸ ਸਮੇਂ ਬਾਅਦ ਖੂਹੀ ਸੁਧ ਉੱਤਰੀ, ਜੋ ਹੁਣ ਬਹੁਤ ਜਲ ਦੇਂਦੀ ਹੈ।

ਸਤਿਗੁਰੂ ਜੀ ਦੱਸਿਆ ਇਹ ਖੂਹੀ ਦੇ ਵਿੰਗ ਪੈਣ ਤੇ ਸੁਧ ਹੋਣ ਦੇ ਸਮੇਂ ਤੋਂ ਬਾਅਦ ਗੁਰੂ ਹਰੀ ਸਿੰਘ ਜੀ ਪਾਸ ਸਿੰਘਾਂ ਅਰਜ ਕੀਤੀ ਕਿ ਆਪ ਅਰਦਾਸ ਲਿਖ ਕੇ ਇਹ ਦੋਚਿਤੀ ਮੁਕਾਓ, ਜੋ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਮੰਨ ਆਪ ਨੂੰ ਮੰਨੇਗਾ ਤੇ ਆਪ ਦਾ ਹੁਕਮ ਮੰਨ ਪਾਤਸਾਹੀ ਬਾਰ੍ਹਵੀਂ ਕਹੇਗਾ। ਉਹਨੂੰ ਸੰਗਤ ਸਤਸੰਗੀ ਤੇ ਗੁਰਮੁਖ ਜਾਣੇ ਤੇ ਜੋ ਮਨ-ਮਰਜੀ ਫੇਰ ਭੀ ਕਰੇਗਾ, ਉਹ ਜੋ ਜੀ ਆਵੇ ਕਰੀ ਜਾਵੇ, ਮਨ-ਮਰਜੀ ਵਾਲਾ ਤੇ ਜਾਪੇ ਸਾਧ ਸੰਗਤ ਨੂੰ।

---

©ਮੈਂ ਅਰਜ ਕੀਤੀ ਕੂਤੀਏ ਕਿਵੇਂ ਨਾਮ ਪਿਆ ਤੇ ਉਹ ਕਿਹੜੇ ਸਿੰਘ ਸੀ ? ਸਤਿਗੁਰੂ ਜੀ ਉੱਤਰ ਦਿੱਤਾ:-ਸਤਿਗੁਰੂ ਰਾਮ ਸਿੰਘ ਜੀ ਸਮੇਂ ਕੁਝ ਸਿੰਘਾਂ ਕਿਹਾ, ਅਸੀਂ ਆਪਣੇ ਘਰ ਦਾ ਲੰਗਰ ਕਰ ਕਦੋਂ ਛਕਣਾ ਹੈ, ਵਡੇ ਲੰਗਰ ਦੀ ਮਰਯਾਦਾ ਕੁਝ ਖੁਲ੍ਹੀ ਹੈ, ਐਸੀ ਚੰਗੀ ਹੈ। ਤਾਂ ਸਤਿਗੁਰੂ ਜੀ ਇਹਨਾਂ ਨੂੰ ਕਿਹਾ ਸੀ, ਤੁਸੀਂ ਤਾਂ ਫਿਰ ਕੂਤੀਏ ਹੋਏ। ਤਦ ਤੋਂ ਇਹਨਾਂ ਦਾ ਨਾਮ ਕੂਤੀਏ ਪ੍ਰਚਲਤ ਹੋ ਗਿਆ। ਗੁਰੂ ਹਰੀ ਸਿੰਘ ਜੀ ਸਮੇਂ ਇਹ ਕੂਤੀਏ ਨਾਮ ਸਭ ਲੰਗਰ ਕਰ ਰਹੇ ਸੀ। ਗੁਰੂ ਹਰੀ ਸਿੰਘ ਮਦਾਰ ਗਏ ਆਏ ਤੇ ਲੰਗੇ ਦੀ ਕੁੱਤੇ ਦਾ ਜਿਕਰਾ ਕਿਆ ਦੇਖ ਕਿਹਾ, ਤੁਹਾਡੀ ਕੁਝ ਵਧਾਈ ਹੈ, ਐਸਿਆਂ ਉੱਥੋਂ ਉੱਠ ਲੰਗਰ ਤੇ ਬਿਠਾਈਆਂ ਹਨ। ਫਿਰ ਵਡੇ ਲੰਗਰ ਨ ਛਕਣ ਦੀ ਕੁਝ ਮੰਨ ਲੰਗਰੀ ਛਕਣ ਲਗੇ, ਤੇ ਅਰਦਾਸਾ ਭੀ ਪਾਤਸ਼ਾਹੀ ਬਾਰ੍ਹਵੀਂ ਕਹਿ ਕਰਨ ਲਗੇ। ਤਾਂਤੇ ਕਈਆਂ ਚੌਂਕਿਆਂ ਨ ਛਕਿਆ ਹੈ ਨ ਅਰਦਾਸਾ ਕਰਨਾ ਮੰਨਿਆ।

ਕੂਤੀਆਂ ਕਿਹਾ : ਸਾਡਾ ਤੇ ਕਰਮ ਮੁੱਕਾ ਹੈ, ਜੋ ਉਸਦਾ ਘੋਲਣਾ ਮੁੱਕਾ ਹੈ।
ਉਸ ਨਹੀਂ ਉਹ ਗੁਰਮੁਖਤਾ ਨਹੀਂ; ਐਸੀ ਮੁੱਕਾ ਹੈ।
ਉਹ ਗੁਰਮੁਖ ਕਰਨ ਨਹੀਂ ਕਿਸ ਮੁੱਕਾ ਹੈ। (ਵਹਿਮੀ)

Sri Satguru Jagjit Singh Ji Elibrary NamdhariElibrary@gmail.com

## ਅਰਦਾਸਾ ਲਿਖਾਇਆ

ਗੁਰੂ ਹਰੀ ਸਿੰਘ ਜੀ, ੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ। ਸ੍ਰੀ ਭਗੌਤੀ ਜੀ ਸਹਾਇ ਪਾਤਸਾਹੀ ੧੨ਵੀਂ ਲਿਖ। ਸਾਰੀ ਪਉੜੀ ਦਸਮ ਜੀ ਦੀ ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ ਲਿਖ। ਅਗੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਕਾਲ ਪੁਰਖ ਜੀ ਸਭ ਥਾਈਂ ਹੋਇ ਸਹਾਇ ਲਿਖ। ਯਾਰ੍ਹਵੀਂ ਪਾਤਸਾਹੀ ਸ੍ਰੀ ਗੁਰੂ ਬਾਲਕ ਸਿੰਘ ਜੀ ਜਿਨ੍ਹਾ ਮਾਰਗ ਦੀਆ ਬਤਾਏ। ਬਾਰ੍ਹਵੀਂ ਪਾਤਸਾਹੀ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਜਿਨ੍ਹਾਂ ਜਮ ਤੋਂ ਲੀਆ ਛੁਡਾਇ। ਸਭ ਥਾਈਂ ਹੋਇ ਸਹਾਇ। ਲਿਖ ਆਪ ਦੇ ਦਸਖਤ ਕੀਤੇ ਤੇ ਧੰਨਾ ਸਿੰਘ ਗੁਮਟੀ, ਲਾਲ ਸਿੰਘ ਲਤਾਲਾ, ਬੀਰ ਸਿੰਘ ਚੂੰਨੀ, ਮਹੰਤ ਸੇਵਾ ਸਿੰਘ ਸੁਧਾਰੀ ਮਾਜਰਾ, ਨਰੈਣ ਸਿੰਘ ਰੋਡੇ, ਹਜ਼ਾਰਾ ਸਿੰਘ ਪੁਆਲ ਤੇ ਮਾਤਾ ਜਿਉਣ ਕੌਰ ਨੇ ਭੀ ਦਸਖਤ ਕੀਤੇ।

ਤੇ ਸਤਿਗੁਰੂ ਪਰਤਾਪ ਸਿੰਘ ਜੀ ਦੱਸਿਆ, ਗੁਰੂ ਹਰੀ ਸਿੰਘ ਜੀ ਬਚਨ ਕੀਤਾ ਜੇ ਪਹਿਲੇ ਗੁਰੂ ਕੁਝ ਅਖਰ ਹੋਰ ਲਿਖ ਮਹਲਾ ਬਦਲ ਸਕਦੇ ਹਨ। ਤਾਂ ਸਤਿਗੁਰੂ ਰਾਮ ਸਿੰਘ ਜੀ ਜੋ ਦੋ ਗੁਰੂਆਂ ਦਾ ਬਾਅਦ ਸਿਮਰਨ ਕੀਤਾ ਹੈ। ਗੁਰੂ ਬਾਲਕ ਸਿੰਘ ਜੀ ਨੂੰ "ਗੁਰ ਪਰਮੇਸਰ ਏਕੋ ਜਾਣ" ਦੇ ਵਾਕ ਅਨੁਸਾਰ ਅਕਾਲ ਪੁਰਖ ਲਿਖਿਆ ਹੈ। ਤਾ ਸਮਝੋ ਹੁਣ ਇਹ ਪਉੜੀ ਪਾਤਸਾਹੀ ੧੨ਵੀਂ ਦੀ ਉਚਾਰਨ ਕੀਤੀ ਹੋਈ ਤੇ ਮੈਨੂੰ ਭਾਈ ਗੁਰਦਾਸ ਤੇ ਭਾਈ ਮਨੀ ਸਿੰਘ ਜੀ ਜਿਹਾ ਲਿਖਣ ਵਾਲਾ ਹੀ ਸਮਝੋ ਤੇ ਅੱਜ ਤੋਂ ਐਸੇ ਹੀ ਕਹਿ ਅਰਦਾਸਾ ਕਰੋ। ਤੇ ਮਾਤਾ ਜੀ ਨੂੰ ਕਿਹਾ ਇਹ ਕਾਗਤ ਸਾਂਭ ਕੇ ਰਖਣਾ।

ਸਤਿਗੁਰੂ ਪਰਤਾਪ ਸਿੰਘ ਜੀ ਦੱਸਿਆ, ਉਹ ਕਾਗਤ ਅਸਾਂ ਸਾਂਭ ਕੇ ਮੰਡੀ ਤੇ ਰੁਆਲ-ਸਰ ਆਦਿ ਥਾਵਾਂ ਤੇ ਭਾਣੇ ਦੀ ਉਡੀਕ ਵਾਲੇ ਸਮੇਂ ਨੂੰ ਯਾਦ ਕਰ ਰਖਿਆ ਹੋਇਆ ਹੈ ਤੇ ਸਤਿਗੁਰੂ ਜੀ ਦੱਸਿਆ, ਮਾਤਾ ਜੀ ਦਸਦੇ ਸੀ ਤਦੋਂ ਮੈਂ ਸਾਲ ਡੇਢ ਦਾ ਸਾਂ।

ਮੈਂ ਸਤਿਗੁਰੂ ਜੀ ਦੀ ਰਸਨਾ ਤੋਂ ਸੁਣਿਆ ਵੇਰਵਾ ਅਰਦਾਸੇ° ਬਾਬਤ ਸਤਿਗੁਰੂ ਜੀ ਦੀ ਉਮਰ ਸਾਲ ਡੇਢ ੧੯੪੭ ਬਿ: ਦੇ ਸਮੇਂ ਵਿਚ ਸੋਚ ਲਿਖ ਦਿੱਤਾ ਹੈ।

## ਸੀਤਲਾ ਨਿਕਲੀ

ਸਤਿਗੁਰੂ ਪਰਤਾਪ ਸਿੰਘ ਜੀ ਦੋ ਸਾਲ ਦੇ ਮਹੀਨਿਆਂ ਦੇ ਸੀ (ਸੀਤਲਾ, ਠੰਡੀ) ਮਾਤਾ ਨਿਕਲੀ। ਭੈਣੀ ਸਾਹਿਬ ਵਿਚ ਹੋਰ ਬਾਲਾਂ ਨੂੰ ਭੀ ਬਹੁਤ ਨਿਕਲੀ। ਮਾਤਾ ਦਾ ਬਹੁਤ ਛੁਹਾਰਾ ਸੀ।

ਸੀਤਲਾ ਬੜੀ ਸੰਛਣੀ ਕਰੜੀ ਭਾਰੀ ਸੀ। ਇਕ ਮਾਈ ਨਗਰ 'ਚੋਂ ਜਿਸ ਨੂੰ ਸਿਆਣੀ ਕਹਿੰਦੀਆਂ ਸੀ। ਉਹ ਆਈ ਤੇ ਉਸ ਕਿਹਾ, ਸਿੱਖ ਗਿੱਲੇ ਕੇਸੀਂ ਕੋਲ ਆਉਂਦੇ ਹਨ। ਸਿਲਕ ਝਲਕ ਦਾ ਡਰ ਹੁੰਦਾ ਹੈ। ਕੁਝ ਪ੍ਰਹੇਜ ਰਖਿਆ ਕਰੋ।

---

°ਜੇ ਸਾਰੀ ਸਮਝ ਨ ਆਵੇ ਤਾਂ ਮੇਰਾ ਲਿਖਿਆ ਗੁਰ ਪ੍ਰਕਾਸ਼ ਪੁਸਤਕ ਪਈ ਅੰਤਲੇ ਪਤੇ।

Sri Satguru Jagjit Singh Ji Elibrary NamdhariElibrary@gmail.com

ਮਾਤਾ ਜਿਊਣ ਕੌਰ ਜੀ ਕਿਹਾ, ਮੈਂ ਤੇ ਆਪ ਭੀ ਨੁਹਰਦੇ ਕੇਸੀਂ ਕੋਲ ਹੀ ਬੈਠਦੀ ਹਾਂ ਤੇ ਸਿਖਾਂ ਨੂੰ ਸਕੇਸ ਇਸ਼ਨਾਨ ਕਰ ਆਉਣੋ ਕਿਵੇਂ ਵਰਜਾਂ। ਸਾਡੀ ਤੇ ਸਰਧਾ, ਸਭ ਕੁਝ ਸਿਖਾਂ ਤੇ ਹੀ ਆਸਰਾ ਬਣਿਆ ਹੋਇਆ ਏ। ਇਹ ਨਹੀਂ ਸਾਥੋਂ ਹੋ ਸਕਦਾ। ਉਸ ਮਾਈ ਕਿਹਾ, ਇਹ ਵੰਦ ਭੀ ਕ੍ਰੀਰਦਾ ਪੀਸਦਾ ਏ ਪਰਤਾਪ ਸਿੰਘ। ਮਾਤਾ ਸਰਨ ਏਂ। ਕਹਿ ਸਿਰ ਫੇਰ ਚਲੀ ਗਈ। ਮਾਤਾ ਜਿਊਣ ਕੌਰ ਜੀ ਗੁਰੂ ਹਰੀ ਸਿੰਘ ਜੀ ਪਾਸ ਉਸ ਮਾਈ ਦੇ ਖਿਆਲ ਤੇ ਸਿਰ ਫੇਰਨਾ ਦੱਸਿਆ। ਗੁਰੂ ਜੀ ਕਿਹਾ, ਉਸ ਬੁੱਢੀ ਨੂੰ ਕੀ ਪਤਾ ਏ। ਏਸ ਬੜੇ ਪ੍ਰਤਾਪ ਵਾਲੇ ਹੋ, ਬੜੇ ਕੰਮ ਕਰਨੇ ਹਨ। ਕਿਸੇ ਸਿੰਘ ਨੂੰ ਨਹੀਂ ਰੋਕਣਾ। ਮਤ ਉਹਦੇ ਮਨ ਵਿਚ ਆਵੇ ਮੈਨੂੰ ਪਰਾਇਆ ਜਾਣਦੇ ਹਨ। ਤਾਪ ਚੜ੍ਹਨ ਬਾਅਦ ਤੀਜੇ ਦਿਨ ਸੀਤਲਾ ਵਖਾਲੀ ਦਿੱਤੀ ਤੇ ਸਤਵੇਂ ਦਿਨ ਕੁਝ ਮੋੜ ਪਿਆ।

ਸਾਧ ਸੰਗਤ ਅਖੰਡ ਪਾਠ ਤੇ ਸਧਾਰਨ ਪਾਠ ਸਤਿਗੁਰੂ ਜੀ ਨਮਿਤ ਟੋਰੇ ਸੀ। ਕਣਕ ਦੇ ਛਾਣ ਦਾ ਜਲ, ਗੁਰੂ ਕੇ ਦੋਹਤੇ ਹਕੀਮ ਨਰੈਣ ਸਿੰਘ ਜੀ ਥੋੜਾ ਥੋੜਾ ਕਹਿ ਛਕਾਂਦੇ। ਮੋੜ ਪੈਣ ਬਾਅਦ ਆਪ ਸੈਨਤ ਕਰ ਮੰਗ ਜਲ ਛਕਿਆ। ਸੰਗਤ ਦੀ ਦੁਚਿੱਤੀ ਦੂਰ ਹੋਈ। ਹੌਲੀ ਹੌਲੀ ਰਾਜ਼ੀ ਹੋਣ ਲਗੇ। ਇਹਨਾਂ ਪਾਠਾਂ ਵਿਚ ਸੰਤ ਰੂਪ✪ ਜੀ, ਕੇਸਰ ਸਿੰਘ ਜੀ, ਤੇ ਗੁਰੂ ਹਰੀ ਸਿੰਘ ਜੀ ਆਪ ਭੀ ਲਗਦੇ ਰਹੇ ਸੀ। ਸਵਾ ਮਹੀਨੇ ਵਿਚ ਦਸ ਅਖੰਡ ਪਾਠ ਤੇ ੧੨ ਸਧਾਰਨ ਪਾਠਾਂ ਦੇ ਭੋਗ ਪਏ ਸੀ। ਸਤਿਗੁਰੂ ਜੀ ਦਾ ਪੰਘੂੜਾ ਮਹੰਤ ਸੇਵਾ ਸਿੰਘ ਜੀ ਝੁਲਾਂਦੇ ਸੀ।

### *ਸਨੇਹ*

ਇਕ ਰਾਤ ਨੇੜੇ ਦੇ ਘਰ ਬਾਲ ਚੜ੍ਹਿਆ ਸੀ। ਉਹਨਾਂ ਦਾ ਰੋਣ ਸੁਣ ਵਜ਼ੀਰ ਸਿੰਘ ਖਿਡਾਵਾ ਤੜਪ ਚੁਬਾਰਿਉਂ ਤਲੇ ਆ ਪਿਆ। ਵੇਹੜੇ ਮੰਦਰ ਦੇ ਵਿਚ, ਜਿਥੇ ਮਾਤਾ ਜੀ ਲੈ ਸਤਿਗੁਰੂ ਜੀ ਨੂੰ ਮੰਜੇ ਤੇ ਪਏ ਸੀ। ਮਾਤਾ ਜੀ ਧਰਵਾਸ ਦਿੱਤਾ, ਰਾਜ਼ੀ ਹਨ। ਸੁਣ ਉਸ ਨੂੰ ਹੋਸ਼ ਆਈ ਕੋਈ ਸੱਟ ਨਹੀਂ ਸੀ ਲਗੀ। ਸਵਾ ਮਹੀਨੇ ਬਾਅਦ ਰਾਮ ਸਰ ਕੰਢੇ ਆ ਮਾਤਾ ਜੀ ਸਮੇਤ ਸਤਿਗੁਰੂ ਜੀ ਨੇ ਸਭ ਨੂੰ ਦਰਸਨ ਦਿੱਤੇ, ੧੯੪੯ ਬਿ: ।

## *ਸੰਤ ਸੰਤੋਖ ਸਿੰਘ ਜੀ*

੧੯੫੦ ਮੈਂ ਰਾਮਸਰ ਪਰ ਖੂਹੀ ਲਗੀ। ਮਹਾਰਾਜ ਜੀ ਸੇ ਆਗਿਆ ਲੈ ਕੇ ਟੱਕ ਲਾਇਆ ਸੀ। ਦਾਨ ਸਿੰਘ ਨੇ ਇਕ ਦਿਨ ਮੇਂ ਪਹੀਏ ਦਾ ਚੱਕ ਸਿਟ ਕੇ ਉਸਾਰੀ ਕਰਾਇ ਕੇ ਜਲ ਕਢਿਆ। ਸਿੰਘ ਜਲ ਛਕਣ ਲਗੇ। ਸੁਖ ਹੋਇਆ। ਪਹਿਲੇ ਜਲ ਦੂਰੋਂ ਲਿਆ ਕੇ ਛਕਦੇ ਸੀ। ਖੂਹੀ ਉਤਾਰੀ ਬਿੰਗੀ ਹੋਇ ਗਈ। ਮਹਾਰਾਜ ਪਾਸ ਅਰਜ਼ ਕੀਤੀ। ਬਚਨ ਹੋਇਆ। ਵਡੇ ਸਾਹਿਬਜ਼ਾਦੇ ਕੋ ਲੈ ਜਾਉ। ਪਰਤਾਪ ਸਿੰਘ ਜੀ ਮਣ ਪਰ ਖਲੋਇਕੇ ਬਚਨ ਕੀਤਾ, ਖੂਹੀ ਤਾਂ ਸਿੱਧੀ ਹੈ। ਤਾਂ ਖੂਹੀ ਸਿਧੀ ਹੋਇ ਗਈ। ਔਥ ਲਗਾਏ

---

✪ਇਹਨਾਂ ਸੰਤਾਂ ਮੈਨੂੰ ਆਪ ਦੱਸਿਆ ਸੀ ਕਿ ਸੰਮਤ [illegible] ਦੇ ਨੇੜੇ ਕੋਟਲੀ [illegible] ਦੇ ਮੇਲੇ ਵਿਚ ਜਾ ਮੈਂ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕੀਤਾ ਸੀ ਉਮਰ ਮੇਰੀ [illegible]। ਸਤਿਗੁਰੂ ਜੀ ਦੂਹਰੇ ਸਿੰਘ ਤੇਜ ਭਰਿਆ ਜਲਾਲ [illegible], [illegible] ਸੀ, ਕਿਸੇ ਨੀ ਆਪ ਦੀ ਵਡਿਆਈ ਤੇ ਅਸੀਂ ਹੀ ਖਰੀ ਹੈ ਪਰ ਸਭੋਂ ਓ ਸਤਿਗੁਰੂ, [illegible] ਦੀ ਮੋਹਰ [illegible] ਲਾਈ ਹੈ ਮਜ਼ਬੂਤੀ ਲਈ। ਇਕ ਸੰਤ ਜੀ [illegible] ਦੇ ਦਵਾਲੇ ਜਾ ਵੜੇ ਨਗਰਾਂ ਵਿਚ ਸਿੰਘਾਂ ਦੀ ਕੁਟੀ ਕਰਾਂਦੇ ਸੀ। ਤੇ [illegible] ਜੀ ਸਿੰਘਾਂ ਤੋਂ [illegible]।

ਕਈ ਹੋਰ ਬੂਟੇ ਲਗਾਏ। ਮੈਂ ਇਹ ਸੰਤੋਖ ਸਿੰਘ ਜੀ ਦਾ ਲਿਖਿਆ ਸਬੂਤੀ ਲਈ ਲਿਖਿਆ ਹੈ। ਉਗਾਹੀ ਵਜੋਂ।

ਇਹ ਖੂਹੀ ਦੀ ਉਸਾਰੀ ਬੀਰ ਸਿੰਘ ਜੀ ਕੂੰਨ੍ਹੀ ਵਾਲੇ ਕਰਦੇ ਸੀ। ਉਹਨਾਂ ਨੂੰ ਗੁਰੂ ਜੀ ਕਿਹਾ ਸੀ, ਪਰਤਾਪ ਸਿੰਘ ਸਾਹਿਬਜ਼ਾਦੇ ਨੂੰ ਖੂਹੀ ਦਿਖਾਉ। ਸੰਗਤ ਇਹ ਸਭ ਬਚਨ ਤੇ ਖੂਹੀ ਸਿੱਧੀ ਹੋਈ ਵੇਖ ਜਾਣਿਆ। ਜਿਵੇਂ ਸਤਿਗੁਰੂ ਰਾਮ ਸਿੰਘ ਜੀ ਗੰਗਾ ਤੇ ਗੋਲੇ ਨੂੰ ਅੱਗ ਲਗੀ ਸਮੇਂ ਗੋਲੀ ਚੁੱਕ ਕੇ ਗੰਗਾ ਵਿਚ ਸੁੱਟਣ ਵਾਲਾ ਕੌਤਕ ਤੇ ਬਚਨ ਕੀਤਾ ਸੀ। 'ਇਹ ਕੰਮ ਤੇਰਾ ਤੇ ਮੇਰਾ ਹੀ ਹੈ।' ਤਿਵੇਂ ਸੰਗਤ ਨੂੰ ਗੁਰੂ ਜੀ ਜਨਾਇਆ ਹੈ ਕਿ ਸਭ ਵਿੰਗ ਕਸਰ ਪਈ ਨਾਮਧਾਰੀ ਪੰਥ ਵਿਚ ਜੋ ਦਸ਼ਾ ਚੱਕਰ ਕਰ ਹੈ ਸੋ ਸਭ ਇਹ ਪਰਤਾਪ ਸਿੰਘ ਕਸਰਾਂ ਕਢੇਗਾ।

## ਪੜ੍ਹਨੇ ਪਾਏ

ਸਤਿਗੁਰੂ ਜੀ ਦੀ ਬਾਬਤ ਮਾਤਾ ਜਿਉਣ ਕੌਰ ਜੀ ਗੁਰੂ ਹਰੀ ਸਿੰਘ ਜੀ ਪਾਸ ਅਰਜ਼ ਕੀਤੀ ਜਦ ਪੰਜਾਂ ਬਰਸਾ ਦੇ ਹੋਏ ਕਿ ਇਸ ਨੂੰ ਪੜ੍ਹਨੇ ਪਾਈਏ। ਗੁਰੂ ਜੀ ਬਚਨ ਕੀਤਾ ਇਹ ਸਭ ਵਿੱਦਿਆ ਅਗੇ ਹੀ ਪੜ੍ਹਿਆ ਹੋਇਆ ਏ। ਇਹ ਬਚਨ ਮੈਨੂੰ ਮਾਤਾ ਜੀ ਦੱਸੇ ਤੇ ਸਤਿਗੁਰੂ ਜੀ ਆਪ ਭੀ ਕਈ ਵਾਰ ਬਚਨ ਕਰਦੇ ਜੋ ਮੈਨੂੰ ਏਤਨੀ ਸੂਝ ਸਭ ਵਿੱਦਿਆ ਦੀ ਹੈ, ਇਹ ਗੁਰੂ ਹਰੀ ਸਿੰਘ ਜੀ ਦੇ ਬਚਨ ਵਰ ਦਾ ਪ੍ਰਤਾਪ ਏ।

ਮਾਤਾ ਜਿਉਣ ਕੌਰ ਜੀ ਸਾਹਿਬਜ਼ਾਦੇ ਪਰਤਾਪ ਸਿੰਘ ਜੀ ਨੂੰ ਪ੍ਰਸਾਦ ਭੇਟ ਧਰ ਸੰਤੋਖ ਸਿੰਘ ਪਾਸ ਗੁਰਮੁਖੀ ਅੱਖਰ ਪੜ੍ਹਨ ਲਈ ਲਿਆਂਦਾ। ਸੰਤੋਖ ਸਿੰਘ ਕਿਹਾ ਗੁਰੂ ਜੀ ਦਾ ਬਚਨ ਹੈ ਇਹ ਸਭ ਵਿੱਦਿਆ ਅਗੇ ਹੀ ਪੜ੍ਹਿਆ ਹੋਇਆ ਹੈ। ਤਾਂ ਮਾਤਾ ਜੀ ਕਿਹਾ ਜਗਤ ਰੀਤ ਤਾਂ ਫੇਰ ਭੀ ਕਰਨੀ ਹੈ। ਸੰਤੋਖ ਸਿੰਘ ਨੇ ਅਰਦਾਸਾ ਕਰ, ੳ ਅ ੲ ਸ ਹ ਥੋਲੇ ਤੇ ਕਿਹਾ ਜੀ ਤੁਸੀਂ ਮੇਰੇ ਪਿਛੋਂ ਪਿਛੇ ਕਹੋ। ਤਾਂ ਸਤਿਗੁਰੂ ਜੀ ਕਿਹਾ ਇਹ ਤੇ ਮੈਨੂੰ ਅਗੇ ਹੀ ਔਂਦੇ ਹਨ ਤੁਸੀਂ ਹੋਰ ਸਾਰੇ ਦਸੋ। ਸੰਤੋਖ ਸਿੰਘ ਜੀ ਸਭ ਪੈਂਤੀ ਅੱਖਰ ਦਸੇ ਸਤਿਗੁਰੂ ਜੀ ਸੁਣਦੇ ਹੀ ਖੇਡਣ ਨਸ ਗਏ ਤੇ ਕਹਿ ਗਏ। ਮੈਂ ਤੁਹਾਨੂੰ ਸਵੇਰੇ ਸਾਰੇ ਸੁਣਾਵਾਂਗਾ। ਸਭ ਪੈਂਤੀ ਸਵੇਰੇ ਸੁਣਾਈ ਫੇਰ ਲਗਾਂ ਮਾਤ੍ਰਾ ਦੇ ਜੋੜ ਸੁਣੇ। ਸੋ ਭੀ ਅਗਲੇ ਰੋਜ਼ ਸੁਣਾਏ।

ਫੇਰ ਖਡਾਵੇ ਵਜ਼ੀਰ ਸਿੰਘ ਜੀ ਪਾਸੋਂ ਕੁਝ ਪੜ੍ਹੇ ਤੇ ●ਸੰਤ ਧਿਆਨ ਸਿੰਘ ਜੀ ਪਾਸੋ ਪੋਥੀ ਪੰਜ ਗ੍ਰੰਥੀ ਸਰਲ ਕੀਤੀ। ਵਿਚ ਵਿਚ ਕਈ ਭੂਟੇ ਦੇ ●ਸੰਤ ਸੇਵਾ ਸਿੰਘ ਜੀ ਤੋਂ ਭੀ ਜਾ ਸੁਧ ਤੇ ਸਰਲ ਅੱਖਰ ਗੁਰਬਾਣੀ ਦੇ ਕਰਦੇ। ਜਦ ਸੰਤ ਧਿਆਨ ਸਿੰਘ ਜੀ ਭੈਰੋ ਨਾ ਹੁੰਦੇ, ਕਿਤੇ ਪਾਠ ਜਾਂ ਮੇਲੇ ਗਏ ਹੁੰਦੇ। ਜਦ ਅਜੇ ੫–੬ ਸਾਲ ਦੇ ਸੀ ਤਾ ਸੰਤਾ ਸਿੰਘ ਘੁਕੇਵਾਲੀਏ ਤੇ ਵੀਰ ਸਿੰਘ ਭੋਮੇ ਵਡਾਲੀਏ ਦੇ ਵਿਚਾਲੇ ਰਾਤ ਬਿਰਾਜਦੇ ਸੀ। ਰਾਤ ਹੀ ਕਹਿ ਦੇਂਦੇ, ਮੈਨੂੰ ਤੁਸਾਂ ਉਠਾ ਇਸ਼ਨਾਨ ਕਰਾ ਆਸਾ ਦੀ ਵਾਰ ਦੇ ਕੀਰਤਨ ਵਿਚ

●ਸੰਤ ਧਿਆਨ ਸਿੰਘ ਜੀ ਅਰੋੜੇ ਜ਼ਿਲ੍ਹਾ ਮਿੰਟਗੁਮਰੀ 'ਚ ਦੁਲਚੇ ਸ਼ਾਹ ਮਕੀਮ ਦੇ ਖਾਣਾ ਸਨਾਂ ਦੇ ਸੀ। ਤੇ ਪਾਰਬਤੀ ਇਹਨਾ ਦੇ ਘਰੋਂ ਸੀ।

●ਸੇਵਾ ਸਿੰਘ ਜੀ ਭੂਟੇ ਦੇ ਗੁਰੂ ਸਰਨੀਂ ਰਹਿੰਦੇ ਸੀ ਤੇ ਇਨ੍ਹਾਂ ਤੋਂ ਹੀ ਜਟਾਣੇ ਦੇ ਸੰਤ ਲਛਮਣ ਸਿੰਘ ਜੀ ਪੜ੍ਹੇ ਹੋਏ ਸੀ। ਸੰਤ ਲਛਮਣ ਸਿੰਘ ਜੀ ਪੰਥ ਵਿਚ ਮੰਨੇ ਹੋਏ ਗੁਰਬਾਣੀ ਦੇ ਸ਼ੁਧ ਪਾਠੀ ਸੀ। ਇਹ ਇਕੱਲੇ ਹੀ ਅਠਾਂ ਪਹਿਰਾਂ ਵਿਚ ਆਦਿ ਗ੍ਰੰਥ ਸਾਹਿਬ ਦਾ ਪਾਠ ਕਰਦੇ ਹੁੰਦੇ ਸੀ। ਭੈਣੀ ਸਾਹਿਬ ਵਿਚ ਇਨ੍ਹਾਂ ਦੀ ਬਹੁਤ ਮਾਨਤਾ ਸੀ। ਇਹ ਜਟਾਣਾ ਖੰਨੇ ਦੇ ਲਾਗੇ ਹੈ ਸਮਰਾਲੇ ਤੋਂ ੪ ਕੋਹ ਹੈ। ਗੁਰੂ ਸਰ ਜਟਾਂ ਭੈਣੀ ਸਾਹਿਬੋਂ ਤਿੰਨ ਕੋਹ ਹਨ।

Sri Satguru Jagjit Singh Ji Elibrary NamdhariElibrary@gmail.com

ਜ਼ਰੂਰ ਲੈ ਜਾਣਾ ਲਿਹਾਜ਼ ਨਹੀਂ ਕਰਨਾ। ਉਹ ਆਪ ਜੰਗਲ ਹੋ, ਦਾਤਨ ਇਸ਼ਨਾਨ ਕਰ, ਜਗਾਦੇ ਤੇ ਕਹਿੰਦੇ ਜੰਗਲ ਹੋਵੋ, ਦਾਤਨ ਕਰੋ। ਜੇ ਆਲਸ ਕੁਵੇਲਾ ਕਰਨ ਲਗਦੇ, ਤਾਂ ਦੋਵੇਂ ਜਣੇ ਬਾਹਵਾਂ ਤੋਂ ਫੜ ਹੁੰਗਲਾਦਿਆਂ ਤੇ ਹੀ ਜਲ ਦੇ ਗੜਵੇ ਪਾ ਦੇਂਦੇ। ਆਸਾ ਦੀ ਵਾਰ ਦੇ ਕੀਰਤਨ ਵਿਚ ਗੁਰੂ ਹਰੀ ਸਿੰਘ ਜੀ ਨੂੰ ਮਥਾ ਟਿਕਾ, ਪਿਛਲੇ ਪਾਸੇ ਜਾ ਬਿਠਾਲਦੇ। ਸਤਿਗੁਰੂ ਹਰੀ ਸਿੰਘ ਜੀ ਉਸ ਦਿਨ ਉਹਨਾ ਦਾ ਬਹੁਤ ਧੰਨਵਾਦ ਕਰਦੇ।

## ਗ੍ਰੰਥ ਸਾਹਿਬ ਦੇ ਪਾਠ

ਸਤਿਗੁਰੂ ਜੀ ਨੇ ਸੱਤ ਸਾਲ ਦੀ ਉਮਰ ਵਿਚ ਆਦਿ ਤੇ ਦਸ ਸਾਲ ਦੀ ਉਮਰ ਵਿਚ ਦਸਮ ਗ੍ਰੰਥ ਦਾ ਪਾਠ ਚੰਗਾ ਸਰਲ ਕਰ ਲਿਆ ਸੀ।

ਸਤਿਗੁਰੂ ਜੀ ਬਾਬਤ ਮਾਤਾ ਜੀ ਭੀ ਮੈਨੂੰ ਦੱਸਿਆ ਸੀ ਕਿ ਸੰਤ ਧਿਆਨ ਸਿੰਘ ਜੀ ਕਹਿੰਦੇ ਹੁੰਦੇ ਸੀ, ਪਰਤਾਪ ਸਿੰਘ ਪੜ੍ਹਦਾ ਤੇ ਕਿਸੇ ਵੇਲੇ ਵੇਖੀਦਾ ਨਹੀਂ। ਸੰਥਾ ਸੁਣਾਂਦਾ ਬੜੀ ਸੁਥਰੀ ਪਕੀ ਹੋਈ ਏ। ਸਤਿਗੁਰੂ ਜੀ ਆਪ ਮੈਨੂੰ ਦੱਸਿਆ ਸੀ। ਮੈਂ ਜੋ ਸੰਥਾ ਸੁਣਦਾ ਮੇਰੇ ਮਨ ਵਿਚ ਧਸ ਜਾਂਦੀ ਸੀ। ਜਦੋਂ ਸੁਨਾਣ ਦਾ ਖਿਆਲ ਕਰਾਂ ਉਵੇਂ ਦੀ ਉਵੇਂ ਸਹੀ ਸੁਧ ਸੁਨਾ ਸਕਦਾ ਸਾਂ। ਸੁਨਣ ਵਾਲੇ ਅਚਰਜ ਹੁੰਦੇ ਤੇ ਕਹਿੰਦੇ ਇਹ ਗੁਰੂ ਹਰੀ ਸਿੰਘ ਜੀ ਦੇ ਬਚਨਾਂ, ਬੰਦਗੀ ਦੀ ਬਰਕਤ ਏ।

ਮੈਂ ਸਤਿਗੁਰੂ ਜੀ ਦਾ ਆਦਿ ਗ੍ਰੰਥ ਸਾਹਿਬ ਦਾ ਪਾਠ ਪ੍ਰੀਤ ਨਾਲ ਪਾਸ ਬੈਠ ਕੇ ਸੁਣਿਆ ਹੈ ਤੇ ਦਸਮ ਗ੍ਰੰਥ ਸਾਹਿਬ ਦਾ ਭੀ। ਸਤਿਗੁਰੂ ਜੀ ਦਾ ਦਸਮ ਗ੍ਰੰਥ ਦਾ ਪਾਠ ਸੁਣਦਿਆਂ ਮੰਨਣਾ ਪੈਂਦਾ ਸੀ ਕਿ ਮਨੁੱਖ ਇਤਨਾ ਸੁਧ, ਸਰਲ, ਤੇ ਤਿਖਾ ਪਾਠ ਨਹੀਂ ਕਰ ਸਕਦਾ। ਇਹ ਆਪ ਉਚਾਰਨ ਵਾਲੇ ਹੀ ਸ੍ਰੀ ਦਸਮੇਸ਼ ਜੀ ਉਚਾਰਨ ਕਰ ਦੱਸ ਰਹੇ ਹਨ ਕਿ ਇਸ ਰਸ ਵਿਚ ਪੈ ਅਸਾਂ ਇਹ ਬਾਣੀ ਰਚੀ ਹੈ।

ਸਤਿਗੁਰੂ ਜੀ ਮੌਜ ਨਾਲ ਖੇਡਦੇ ਆ ਪੰਘੂੜੇ ਤੇ ਪੈ ਮਹੰਤ ਸੇਵਾ ਸਿੰਘ ਜੀ ਤੋਂ ਹੂਟੇ ਲੈਂਦੇ ਤੇ ਕਹਿੰਦੇ ਇਹ ਰੱਬ ਦੇ ਹੂਟੇ ਹਨ। ਸਿੰਘਾਂ ਨਾਲ ਖੇਡਦੇ ਹੱਸਦੇ ਰਹਿੰਦੇ। ਸੂਬਾ ਸਾਂਤ ਤੇ ਤੇਜ਼ ਭਰਿਆ ਚਿਹਰਾ, ਸੁੰਦਰ ਸਰੂਪ ਸਭ ਨੂੰ ਬਦੋਬਦੀ ਮੋਂਹਦਾ ਸੀ। ਤੇ ਆਪਣੇ ਨਾਲ ਪਿਆਰ ਕਰਨ ਲਈ ਪ੍ਰੇਰਦਾ ਸੀ। ਗੋਰੇ ਗੋਰੇ ਕਪੋਲ, ਨੋਕਦਾਰ ਨੱਕ, ਤਿੱਖੀਆਂ ਅੱਖੀਆਂ, ਕੋਮਲ ਪਤਲੇ ਬੁਲ੍ਹ, ਮਿੱਠਾ ਬੋਲਾ, ਲੰਮੀ ਸੁਝ, ਫੁਰਤੀਲਾ ਸਰੀਰ। ਹੋਣਹਾਰ ਨੁਹਾਰ, ਦਿਲ ਖਿਚਵਾਂ ਰਾ, ਦਰਸਨ ਕਰਨ ਵਾਲਿਆਂ ਨੂੰ ਲੁਭਾਇਮਾਨ ਕਰਦਾ ਸੀ।

ਵਿਆਕਰਣ ਲਘੂ ਕੌਮਦੀ, ਪੰਜ ਸੰਧੀ, ਹਿਤ ਉਪਦੇਸ਼, ਸੰਸਕ੍ਰਿਤ ਹਿੰਦੀ ਦੇ ਅੱਖਰ *ਪੰਡਤ ਬਸੰਤ ਸਿੰਘ ਜੀ ਪਧਾਣਾ ਪਾਸੋਂ ਆਪ ਨੇ ਇਕ ਇਕ, ਦੋ ਦੋ, ਚਾਰ ਚਾਰ ਦਿਨਾਂ ਵਿਚ ਸੁਣੇ, ਸਿਖੇ ਤੇ ਸਰਲ

---

*ਪੰਡਤ ਬਸੰਤ ਸਿੰਘ ਜੀ ਜਿਨ੍ਹਾਂ ਸਤਿਗੁਰ ਦੇ ਬਚਨ ਪਧਾਣਾ ਵਿਚ ਲਗਾਏ ਜਿਨ੍ਹਾਂ ਨੂੰ ਹਰ ਇਕ ਪਾਸੋਂ ਕੁਝ ਲੈਣਾ ਹੀ ਆਉਂਦਾ ਸੀ ਤੇ ਦੇਣਾ ਭੀ ਜਾਣਦਿਆਂ ਸੀ। ਪੰਡਤ ਜੀ ਪਾਸੋਂ ਸਤਿਗੁਰੂ ਜੀ ਭੀ ਛੋਟੀ ਅਵਸਥਾ ਕੁਝ ਚਿਰ ਦੁਆਰੇ ਵਿਚ ਬੈਠ ਨਵਾਂ ਵਿਦਿਆ ਲਈ, ਕਥਾ ਸੁਣੀ ਤੇ ਕੀਰਤਨ ਸੁਣੇ। ਕੁਝ ਵਿਦਿਆ ਪੰਡਤ ਜੀ ਅੰਮ੍ਰਿਤਸਰ ਨਿਰਮਲੇ ਸਿੰਘਾਂ ਤੋਂ ਲਈ ਤੇ ਸੰਸਕ੍ਰਿਤ ਹਰਦੁਆਰ ਜਾ ਪੜ੍ਹੀ ਸੀ, ਤੇ ਨਾਮਧਾਰੀ ਪੰਥ ਵਿਚ ਬਹੁਤਿਆਂ ਨੂੰ ਵਿਦਿਆ ਦਿੱਤੀ। ਪੰਡਤ ਆਸਾ ਸਿੰਘ, ਇੰਦਰ ਸਿੰਘ ਚੱਕਰਵਰਤੀ, ਸੰਤ ਜਗਤ ਸਿੰਘ ਜੀ ਅੰਮ੍ਰਿਤਸਰੀਏ, ਤੇ ਉਹਨਾਂ ਦੇ ਭਰਾ ਭਗਤ ਸਿੰਘ, ਸੇਵਕ+

Sri Satguru Jagjit Singh Ji Elibrary NamdhariElibrary@gmail.com

ਕੀਤੇ। ਕਦੀ ਭੈਣੀ ਸਾਹਿਬ ਆਇਆਂ ਪਾਸੋਂ ਕਦੀ ਪਧਾਰੇ ਜਾ ਮੇਲੇ ਦੌਰੇ ਪਜੋਂ। ਮੈਨੂੰ ਪੰਡਤ ਬਸੰਤ ਸਿੰਘ ਜੀ ਦੱਸਿਆ, ਮੈਂ ਹੈਰਾਨ ਹੋਇਆ ਕਿ ਮੇਰੀ ਸੁਣਾਈ ਸੰਥਾ ਹਿੰਦੀ ਦੀ ਪਰਤਾਪ ਸਿੰਘ ਜੀ ਨੂੰ ਤੁਰਤ ਕੰਠ ਹੀ ਹੋਈ ਸੁਣੀ। ਮੈਂ ਆਪ ਭੀ ਪੜ੍ਹਨ ਸਮੇ ਵੇਖਿਆ ਹੈ ਤੇ ਹੋਰ ਭੀ ਬਹੁਤ ਸਿੱਖਾਂ ਨੂੰ ਸੰਥਾ ਦਿੱਤੀ ਹੈ। ਪਰ ਐਸੀ ਬੁਧੀ ਤੁਰਤ ਗ੍ਰਹਿਣ ਕਰਨ ਤੇ ਯਾਦ ਰਖਣ ਵਾਲੀ ਕਿਸੇ ਦੀ ਵੇਖਣ ਵਿਚ ਨਹੀਂ ਆਈ।

## *ਛੋਟੇ ਭਰਾਵਾਂ ਦਾ ਜਨਮ*

ਮਹਾਰਾਜ ਨਿਹਾਲ ਸਿੰਘ ਜੀ ਜਨਮੇ ੧੯੪੯ ਬਿ: ਕਤਕ ਵਦੀ ਦਸਵੀਂ ਐਤਵਾਰ ਅੰਮ੍ਰਿਤ ਵੇਲੇ। ਗੁਰੂ ਹਰੀ ਸਿੰਘ ਜੀ ਗ੍ਰਿਹਿ ਮਾਤਾ ਜੀਵਨ ਕੌਰ ਜੀ ਦੀ ਕੁਖੋਂ, ਸ੍ਰੀ ਭੈਣੀ ਸਾਹਿਬ

ਮਹਾਰਾਜ ਗੁਰਦਿਆਲ ਸਿੰਘ ਜੀ ਜਨਮੇ ੧੯੫੪ ਬਿ: ਅਸੂ ਵਦੀ ਦਸਵੀਂ ਸਰਾਧਾਂ ਵਿਚ ਸੋਮਵਾਰ। ਸਵੇਰੇ ਤਾਰੇ ਚੜ੍ਹੇ। ਗੁਰੂ ਹਰੀ ਸਿੰਘ ਜੀ ਗ੍ਰਿਹਿ ਮਾਤਾ ਜੀਵਨ ਕੌਰ ਜੀ ਕੁਖੋਂ, ਭੈਣੀ ਸਾਹਿਬ। (ਜਿਉਣ ਕੌਰ ਜੀਵਨ ਕੌਰ ਇਕੋ ਹੈ। ਸਿਰਫ ਲਿਖਣ ਬੋਲਣ ਵਿਚ ਫਰਕ ਪੈਂਦਾ ਹੈ।) ਤਰਨ ਸਿੰਘ

ਸਤਿਗੁਰੂ ਪਰਤਾਪ ਸਿੰਘ ਜੀ ਦੀ ਹੀ ਉਮਰੇ ਲਗ ਪਗ, ਇਹਨਾਂ ਦੋਹਾਂ ਭਰਾਵਾਂ ਨੂੰ ਭੀ ਸੀਤਲਾ ਨਿਕਲੀ ਤੇ ਉਵੇਂ ਹੀ ਮਾਤਾ ਜਿਉਣ ਕੌਰ ਜੀ ਆਪ ਇਸਨਾਨ ਕਰ ਕੋਲ ਰਹੇ ਤੇ ਸਿੱਖ ਭੀ ਆਉਂਦੇ ਤੇ ਸੇਵਾ ਸੁਰਤ ਕਰਦੇ ਰਹੇ। ਤੇ ਪੰਜੀਂ ਪੰਜੀ ਦਿਨੀਂ ਇਹ ਰਾਜੀ ਹੋ ਬਾਲਕਾਂ ਨਾਲ ਜਾ ਬਾਹਰ ਖੇਡਦੇ ਰਹੇ।

---

+ਸਿੰਘ ਜਮਾਂਦੇ, ਮੁਖਤਾਰ ਸਿੰਘ ਕੈਂਠੇ ਦੇ, ਮੂਲਾ ਸਿੰਘ ਬਹਿਰਾਮ, ਰਤਨ ਸਿੰਘ ਕੂਕਾ, ਗੁਰਬਖਸ਼ ਸਿੰਘ, ਉਪਦੇਸ਼ਕ ਸਿੰਘ-ਸਭਾ ਪਟਿਆਲਾ ਆਦਿ ਨੂੰ ਤੇ ਮਨਸਾ ਸਿੰਘ ਜੀ ਕੋਮੀ ਆਦਿ ਅਨੇਕ ਸਿੰਘਾਂ ਵਿਚ ਫਿਰ ਪਰਚਾਰ ਕੀਤਾ। ਬਈ ਕਾਂਗਰਸ ਨਾਲ ਮਿਲ ਜਲਸੇ ਜਲੂਸ ਕਢੇ ਤੇ ਭੈਣੀ ਸਾਹਿਬ ਚਲੇ ਜਾਏ, ੧੯੨੨ ਵਿਚ। ਤੇ ਆਪ ਕੈਦ ਨਾ ਹੋਏ। ਪੰਡਤ ਮਨਸਾ ਸਿੰਘ ਕੋਮੀ ਜਿਨ੍ਹੇ ਇਨ੍ਹਾਂ ਦੇ ਕੋਲਿਆਂ ਕਾਂਗਰਸ ਨਾਲ ਕੰਮ ਕਰਦਿਆਂ ਕੈਦ ਕਟੀ। ਫਿਰ ਸੰਤ-ਸਰੂਪ ਪੰਡਤ ਜੀ ੨੦੨੦ ਨੂੰ ਚਲੇ ਸਨ। ਤੇ ਭਾਰਾ ਮੇਲਾ ਹੋਇਆ ਸੀ ਪਰਚਾਰਦੇ ਰਹੇ। ਇਹਨਾਂ ਦੇ ਮੇਲੇ ਤੇ ਸਤਿਗੁਰੂ ਜਗਜੀਤ ਸਿੰਘ ਜੀ ਦਰਸ਼ਨ ਦਿੱਤੇ ਸਨ।

Sri Satguru Jagjit Singh Ji Elibrary NamdhariElibrary@gmail.com

## ਪੜ੍ਹਾਈ

ਮਹਾਰਾਜ ਨਿਹਾਲ ਸਿੰਘ ਜੀ ਨੇ ਗੁਰਮੁਖੀ ਸਿੱਖਾਂ ਸਾਧਾਂ ਪਾਸੋਂ ਸਿਖੀ, ਤੇ ਉਰਦੂ ਹੌਲਦਾਰ ਮੁਹੰਮਦ ਅਲੀ ਤੋਂ ਪੜ੍ਹਿਆ ਜੋ ਉਸ ਸਮੇਂ ਭੈਣੀ ਸਾਹਿਬ ਸੀ।

ਮਹਾਰਾਜ ਗੁਰਦਿਆਲ ਸਿੰਘ ਜੀ, ਗੁਰਮੁਖੀ ਸਿੱਖਾਂ ਸਾਧਾਂ ਤੋਂ ਸੇਧਾ ਲੈ ਪੜ੍ਹੀ ਤੇ ਹਿੰਦੀ ਅੰਗਰੇਜ਼ੀ ਮਾਸਟਰ ਗੁਰਬਖਸ਼ ਸਿੰਘ ਜੀ ਤੋਂ ਪੜ੍ਹੀ। ਜੋ ਅਕੂਪ ਜ਼ਿਲ੍ਹਾ ਗੁਜਰਾਂਵਾਲਾ ਦੇ ਭਿੰਡਰ ਜ਼ਿਮੀਂਦਾਰ ਸੀ। ਤੇ ਇਹਨਾਂ ਦਾ ਨਾਮ (ਮਾਸਟਰ) ਮਹਾਰਾਜ ਜੀ ਨੂੰ ਪੜ੍ਹਾਨ ਕਰ ਹੀ ਪੈ ਗਿਆ ਹੋਇਆ ਸੀ। ਇਹ ਬੜੇ ਸਾਊ ਤੇ ਸਿਆਣੇ ਧੀਰੇ ਪੁਰਸ਼ ਸੀ। ਇਹਨਾਂ ਨੇ ਮਹਾਰਾਜ ਜੀ ਨਾਲ ਮਿਲ ਅੰਗਰੇਜ਼ ਦੇ ਉਲਟ ਅੰਗਰੇਜ਼ੀ ਕਾਗਤ ਫੋਲ ਤੇ ਬੋਲ, ਕਾਂਗਰਸ ਨਾਲ ਮਿਲ ਬਹੁਤ ਕੰਮ ਕੀਤਾ ਸੀ। ਪਰ ਉਮਰ ਸਾਥ ਥੋੜਾ ਦਿੱਤਾ।

ਮਹਾਰਾਜ ਗੁਰਦਿਆਲ ਸਿੰਘ ਜੀ ਜਿਸ ਲੋੜ, ਲਗਨ ਲਈ ਅੰਗਰੇਜ਼ੀ, ਹਿੰਦੀ ਪੜ੍ਹੇ, ਉਹ ਲਗਨ ਸੀ, ਅੰਗਰੇਜ਼ਾਂ ਵਲੋਂ ਨਾਮਧਾਰੀਆਂ ਤੇ ਹੋਏ ਜ਼ੁਲਮ, ਜਗਤ ਤੇ ਪਰਗਟ ਕਰਨੇ ਤੇ ਨਾਮਧਾਰੀ ਪੰਥ ਦਾ ਇਤਿਹਾਸ ਜਗਤ ਪ੍ਰਸਿੱਧ ਕਰਨਾ। ਉਹਨਾਂ ਉਹ ਲਗਨ ਪੂਰੀ ਕੀਤੀ।

ਤਿੰਨਾਂ ਭਾਈਆਂ ਨੂੰ ਗੁਰੂ ਹਰੀ ਸਿੰਘ ਜੀ ਏਕ ਸਮੇਂ ਮਾਦ ਪੁਰ, ਮਾਈ ਸਾਹਬੋ ਦੇ ਪਿਊਕੇ ਪਿੰਡ ਇਕ ਸ਼ਾਦੀ ਤੇ ਟੋਰਨ ਸਮੇਂ ਕਿਹਾ ਸੀ, "ਐਸੇ ਬਣ ਕੇ ਜਾਉ ਕਿ ਗੁਆਂਢਣ ਪਈ ਮਰਕੇ।" (ਭਾਵ) ਗੁਆਂਢੀ ਭੀ ਮੰਨੇ ਤੇ ਰੀਸ ਕਰੇ। ਇਹੋ ਜਿਹੇ ਹੀ ਸਤਿਗੁਰੂ ਜੀ ਹੋਏ ਕਿ ਸਭ ਗੁਆਂਢੀਆਂ ਨੇ ਰੀਸ ਕਰਨੀ, ਬਰੋਬਰੀ ਕਰਨੀ ਚਾਹੀ, ਪਰ ਨਾ ਕਰ ਸਕੇ। ਇਹ ਬਚਨ ਮੈਨੂੰ ਸਤਿਗੁਰੂ ਜੀ ਆਪ ਸੁਣਾਇਆ ਸੀ।

ੴ ਸਤਿਗੁਰ ਪ੍ਰਸਾਦਿ ॥
ਰਾਗਾ ਬਿਹਾਗੜਾ ਛੰਤ ਮਹਲਾ ੪ ॥
ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥
ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ ਜੋ ਹਰਿ ਜਸੁ ਹਰਿਹਰਿ ਲੇਖਹਿ ਰਾਮ ॥
(ਇਹ ਗੁਰਵਾਕ ਅਗਲੇ ਗੁਰ ਚਰਿਤ੍ਰ ਲਿਖਣ ਦੇ ਮੰਗਲ ਹਿਤ ਲਿਖੇ ਹਨ।)

### *ਖਿਡਾਰੂ ਖੇਡਾਂ ਦਾ*

ਸਤਿਗੁਰੂ ਪਰਤਾਪ ਸਿੰਘ ਜੀ ਦਾ ਸੁਭਾ ਛੋਟੇ ਹੁੰਦਿਆਂ ਤੋਂ ਹੀ ਬੜਾ ਚੁਸਤ ਤੇ ਖਿਡਾਰੂ ਮੰਡਲੀਦਾਰ ਤੇ ਖਿੜ ਖਿੜ ਕੇ ਰਹਿਣ ਵਾਲਾ ਸੀ। ਆਪ ਸਪਾਹੀਆਂ ਨੂੰ ਹਰ ਵੇਲੇ ਤਾਸ਼ ਖੇਡਦਿਆਂ ਦੇਖ ਦੇਖ ਤਾਸ਼ ਦੀ ਜਾਚ ਸਿਖ ਲਈ। ਤੇ ਆਪ ਭੀ, ਖੇਡਣ ਲਗ ਪਏ। ਤਾਸ਼ ਦੇ ਸਾਥੀ ਮਾਘਾ ਸਿੰਘ, ਲਾਲ ਸਿੰਘ, ਮਸਤਾਨ

ਸਿੰਘ, ਦੇਵਾ ਸਿੰਘ ਸੀ। ਸਿੱਖਾਂ ਤਾਸ਼ ਖੇਡਦੇ ਦੇਖ ਕਿਹਾ, ਗੁਰੂ ਜੀ ਤੇ ਮਾਤਾ ਜੀ ਦਾ ਹੁਕਮ ਹੈ, ਕੋਈ ਨਾ ਖੇਡੇ ਤਾਸ਼। ਤੁਸੀਂ ਕਿਉਂ ਖੇਡਦੇ ਹੋ। ਤਾਂ ਇਹ ਸਭ ਰਲ ਤਬੇਲੇ ਵਿਚ ਖੇਡਣ, ਤੇ ਵਿਚੋਂ ਇਕ ਮੋਰੀ ਕੱਢ ਕੰਧ ਵਿਚ ਦੀ, ਇਕ ਜਣਾ ਵਾਰੀ ਨਾਲ ਪਹਿਰੂ ਖੜਾ ਰਖਦੇ।

ਕੁਝ ਚਿਰ ਖੇਡਦੇ ਰਹੇ। ਇਕ ਦਿਨ ਮਾਤਾ ਜੀ ਉੱਤੋਂ ਆ ਦੇਖ ਕਿਹਾ, ਮੈਂ ਸੁਣਦੀ ਸਾਂ ਕਿ ਛੁਪ ਲੁਕ ਕੇ ਤਾਸ਼ ਖੇਡਦੇ ਹਨ ਤੇ ਜੀਉ ਸੋਚਦੀ ਸਾਂ ਅਜੇ ਲੁਕਦੇ ਹਨ ਸ਼ਾਇਦ ਮਤ 'ਚ ਭਾਕਿਉਂ ਰੋਕ ਉਗੇ। ਹੱਛਾ ਜੇ ਸਾਰੇ ਅਗੋਂ ਨਾ ਖੇਡੋ ਤਾਂ ਪਿਛਲੀ ਭੁਲ ਮਾਫ ਸਭ ਨੂੰ। ਆਪ ਨੇ ਉਸੇ ਦਿਨ ਤੋਂ ਸਾਥੀਆਂ ਨੂੰ ਕਹਿ ਦਿੱਤਾ, ਜਿਸ ਮੇਰੇ ਨਾਲ ਮੋਹ ਰਖਣਾ ਹੈ ਉਹ ਇਸ ਤਾਸ਼ ਵਾਧੂ ਬਕਵਾਸ ਕਰਾਣੀ ਤੇ ਵਕਤ ਗਵਾਣੀ ਦੇ ਨੇੜੇ ਨ ਜਾਵੇ। ਹੋਰ ਜੋ ਜੀ ਕਰੇ ਖੇਡੀਏ।

ਫੇਰ ਆਪ ਨੇ ਸਣੇ ਸਾਥੀਆ ਕੌਡੀ ਤੇ ਖਿਦੋ-ਖੂੰਡੀ ਦਾ ਸ਼ੌਕ ਵਧਾ ਲਿਆ। ਇਕ ਆਪਣੀ ਟੋਲੀ ਤੇ ਇਕ ਮਹਾਰਾਜ ਨਿਹਾਲ ਸਿੰਘ ਜੀ ਦੀ ਬਣਾਈ। ਘੋੜੇ ਭੀ ਫੇਰਦੇ ਸੀ।

ਆਪਣੀ ਟੋਲੀ ਵਿਚ ਮਾਘਾ ਸਿੰਘ ਆਲੋੜ ਦੇ, ਲਾਲ ਸਿੰਘ ਝੱਲੂਆਣੀਆ, ਮਸਤਾਨ ਸਿੰਘ ਕਿਆਮ ਪੁਰ, ਭਗਵਾਨ ਸਿੰਘ ਕੁਰਕੀ, ਹਰਨਾਮ ਸਿੰਘ ਸਹਿਸਰੇ ਦਾ, ਗੁਰਬਖਸ ਸਿੰਘ ਡੇਹਰ-ਮੁੰਡੀਆ, ਇਹ ਸਭ ਜ਼ਿਮੀਂਦਾਰ ਮੁੰਡੇ ਸੀ। ਤੇ ਮਹਾਰਾਜ ਨਿਹਾਲ ਸਿੰਘ ਜੀ ਦੀ ਟੋਲੀ, ਨਾਹਰ ਸਿੰਘ, ਉਤਮ ਸਿੰਘ, ਅਮਰ ਸਿੰਘ, ਬਿਸ਼ਨ ਸਿੰਘ, ਜਿਉਣ ਸਿੰਘ, ਤੇਜਾ ਸਿੰਘ ਕਾਰੀਗਰਾਂ ਦੇ ਮੁੰਡੇ ਟੋਲੀ ਬਣਾ ਦਿੰਦੇ।

ਕੁਝ ਚਿਰ ਤੇ ਦੇਵਾ ਸਿੰਘ ਭੈਣੀ ਸਾਹਿਬ ਦਾ ਬ੍ਰਹਿਮਣ ਹੀ ਆਪ ਦੇ ਖਿਦੂ ਲਈ ਘਰੋਂ ਫਲੀਆਂ ਸੂਤ੍ਰ ਚੂਰਾ, ਰੀਝ ਪੂਰੀ ਕਰਦਾ ਰਿਹਾ। ਪਰ ਜਦ ਮਾਤਾ ਜੀ ਨੂੰ ਪਤਾ ਲਗਾ ਤਾਂ ਉਹਨਾਂ ਰੋਜ ਹਰਨਾਮ ਸਿੰਘ ਚੂੰਨ੍ਹੀ ਦੇ ਨੂੰ ਕਿਹਾ ਜੋ ਘੋੜਿਆਂ ਵਿਚ ਹੁੰਦਾ ਸੀ, ਤੂੰ ਪੱਕਾ ਉਣ ਦਿਆ ਕਰ। ਹਰਨਾਮ ਸਿੰਘ ਥੋਹੀ ਦੇ ਸੇਥਿਆਂ ਦਾ ਪਿੜੀਆਂ ਪਾ ਖਿਦੂ ਉਣ ਦੇਂਦਾ।

## ਛੁਟੀ ਨਾ ਦੇਂਦੇ

ਇਹ ਸਭ ਹਾਣੀ ਮੁੰਡੇ ਪ੍ਰੇਮ ਪਾਰੋਂ ਹੀ ਸਮੇਤ ਮਾਪਿਆਂ, ਕਦੀ ਭੈਣੀ ਸਾਹਿਬ ਰਹਿੰਦੇ, ਕਦੀ ਚਲੇ ਜਾਂਦੇ। ਪਰ ਸਤਿਗੁਰੂ ਜੀ ਘੋੜਿਆਂ ਦੀ ਸਵਾਰੀ ਤੇ ਖਿਦੋ ਦੀ ਖੇਡ ਖੁੰਜਣ ਨਾ ਦੇਂਦੇ। ਪਿੰਡ ਜਾਣ ਲਈ ਛੁੱਟੀ ਕਿਸੇ ਨੂੰ ਘਟ ਹੀ ਦੇਂਦੇ। ਇਹ ਪੱਜ-ਵਲਾ ਕਰਦੇ ਤੇ ਡਰਦੇ ਭੀ। ਜਦ ਕੋਈ ਅਰਜ ਕਰਦਾ ਘਰ ਜਾਣ ਦੀ, ਤਾਂ ਰੋਕਦੇ ਸੀ। ਇਕ ਦਿਨ ਮਾਘਾ ਸਿੰਘ ਪਿੰਡ ਜਾਣ ਦੀ ਛੁਟੀ ਮੰਗੀ ਤਾਂ ਨਾ ਦਿਤੀਓ ਨੇ। ਉਹ ਦੂਜੇ ਦਿਨ ਲਾਲ ਸਿੰਘ ਨੂੰ ਕਹਿ ਟੁਰਿਆ ਅਲੋੜ ਨੂੰ, ਲਾਲ ਸਿੰਘ ਦੁਰਾਹੇ ਤਕ ਵਿਦਿਆ ਕਰਨ ਗਿਆ ਹੀ, ਖੇਡ ਦੇ ਵੇਲੇ ਨਾ ਆਇਆ। ਲਾਲ ਸਿੰਘ ਆਏ ਨੂੰ ਕਿਹੋ ਨੇ ਉਹ ਤੇ ਗਿਆ, ਨਾਲ ਤੈਨੂੰ ਭੀ ਕਿਉਂ ਸਪ ਲੜਿਆ। ਅਗਲੇ ਰੋਜ਼ ਗਊਆਂ ਚਾਰਨ ਗਏ ਲਾਲ ਸਿੰਘ ਨੂੰ ਸਪ ਲੜਿਆ। ਉਸ ਨੂੰ ਗਊਆਂ ਮਗਰ ਜਾਣ ਦੀ ਸਜ਼ਾ ਦਿਤੀਓ ਨੇ। ਸਪ ਲੜਨ ਨਾਲ ਉਸਨੂੰ ਕਈ ਰੋਜ਼ ਨੱਕੋ, ਮੂੰਹ ਤੇ ਡੰਗੋਂ ਲਹੂ, ਰਤ ਵਗੀ।

੨੦–੨੫ ਦਿਨੀਂ ਮਸਾਂ ਬਚਿਆ।

ਹੋਰ ਹਿਤੀ ਮਾਘਾ ਸਿੰਘ ਨੂੰ ਚਿਠੀ ਪਾਈ, ਲਾਲ ਸਿੰਘ ਨੂੰ ਸੱਪ ਲੜਿਆ ਹੈ ਤੂੰ ਤੇ ਜਿਊਂਦਾ ਆ, ਮਤ ਤੇਰਾ ਭੀ ਐਸਾ ਹਾਲ ਹੋਵੇ। ਮਾਘਾ ਸਿੰਘ ਸੁਣਦਾ ਹੀ ਆਇਆ ਤੇ ਚਰਨੀਂ ਲਗਾ, ਪਰ ਉਸ ਨਾਲ ਨਾ ਬੋਲੇ ਖੁਸ਼ ਹੋ। ਤੇ ਮਹਾਰਾਜ ਨਿਹਾਲ ਸਿੰਘ ਜੀ ਦੀ ਟੋਲੀ ਵਿਚ ਉਸ ਨੂੰ ਕਰ ਦਿੱਤਾ। ਇਕ ਦਿਨ ਗਿਟੇ ਤੇ ਖੁੰਡੀ ਭੀ ਮਾਰੀ ਉਹ ਕਈ ਦਿਨ ਲੰਗੜਾਂਦਾ ਰਿਹਾ। ਤੇ ਫੇਰ ਮਾਘਾ ਸਿੰਘ ਨੂੰ ਮੋਰਾਂ ਵਿਚ ਫੋੜਾ ਨਿਕਲਿਆ। ਜੋ ਬਹੁਤ ਦਰਦ ਕਰੇ। ਮਹੀਨਾ ਮੂਹਦਾ ਪੈ ਗੁਜ਼ਾਰਿਆ। ਗੁਰੂ ਹਰੀ ਸਿੰਘ ਜੀ ਦੇਖ ਕਿਹਾ, ਇਹ ਫੋੜਾ ਰਾਜਿਆਂ ਦੇ ਨਿਕਲਦਾ ਏ ਤੇ ਬਚਦੇ ਭੀ ਨਹੀਂ। ਤੂੰ ਬਚ ਰਹੇਂਗਾ। ੪੦ ਦਿਨੀਂ ਮਾਘਾ ਸਿੰਘ ਰਾਜ਼ੀ ਹੋਇਆ ਤੇ ਭੁਲ ਬਖਸ਼ਾਈ, ਸਭ ਹਾਣੀਆਂ ਵਿਚ ਹੱਥ ਜੋੜ ਖੜੇ, ਤਾਂ ਆਪਣੀ ਟੋਲੀ ਵਿਚ ਕੀਤੇ ਨੇ।

## ਸਰਾਪ ਨਾ ਦਿਓ

ਇਕ ਦਿਨ ਸੇਵਾ ਸਿੰਘ ਸਮੇਂ ਸਿਰ ਐਣੋਂ ਖੋਲ ਕੀਤੀ ਤਾਂ ਉਸ ਨੂੰ ਕਿਹੇ ਨੇ ਅੱਜ ਤੈਨੂੰ ਕੀ ਸਪ ਲੜ ਗਿਆ। ਉਸ ਨੂੰ ਭੀ ਸਪ ਲੜ ਗਿਆ। ਅਗਲੇ ਸਿਰਿਓਂ ਹੀ ਮੁੜਿਆ, ਬਚਿਆ। ਮਾਤਾ ਜਿਉਣ ਕੌਰ ਜੀ ਐਸੇ ਤੇਜ਼ੀ ਦੇ ਸ੍ਰਾਪ ਦੇਣੋਂ ਤੇ ਸਹਿਜੇ ਬਚਨ ਕਰਨੋਂ ਰੋਕਿਆ ਤੇ ਕਿਹਾ, ਤੁਸੀਂ ਗੁਰੂ ਅੰਸ ਹੋ ਜੋ ਸ੍ਰੀ ਚੰਦ, ਲਖਮੀ ਦਾਸ ਬਾਬੇ ਅਟਲ ਰਾਏ ਵਿਚ ਸਕਤ ਸੀ ਤਾਂ ਆਪ ਵਿਚ ਵੀ ਹੈ, ਪਰ ਜਰਨ-ਸਕਤੀ ਤੇ ਸਹਿਜ-ਵਿਚਾਰ ਲੋੜੀਦੀ ਏ। "ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥"

ਸਤਿਗੁਰੂ ਜੀ, ਉਸ ਦਿਨ ਤੋਂ ਸਹਿਜ ਸੁਭਾਇ ਭੀ ਕਰੜਾ ਵਾਕ ਕਰਨਾ ਤਿਆਗ ਦਿੱਤਾ। ਮੈਂ ਇਹ ਖੇਡਣ ਦੇ ਤੇ ਸਪ ਲੜਨ ਦੇ ਸਿੱਖਿਆ ਦੇ ਬਚਨ ਮਾਤਾ ਜੀ ਤੇ ਉਹਨਾਂ ਗੁਰੂ ਕੇ ਹਾਣੀਆਂ ਤੋਂ ਸੁਣ, ਪੁਛ ਲਿਖੇ ਹਨ। ਜਿਨ੍ਹਾਂ ਵਿਚੋਂ ਅਜੇ ਭੀ ਕਈ ਜਿਊਂਦੇ ਹਨ। ਮਾਘਾ ਸਿੰਘ ਜੀ ਤੇ ¹ਸੇਵਾ ਸਿੰਘ ਜੀ ਆਦਿ।

ਸਤਿਗੁਰੂ ਪਰਤਾਪ ਸਿੰਘ ਜੀ ਹਾਣੀਆਂ ਨਾਲ ਖੇਡਦੇ ਘੋੜਿਆਂ ਤੇ ਚੜ੍ਹਦੇ ਗੁਰੂ ਸਰ ਲੱਲਾਂ ਤਕ ਭੀ ਹੋ ਆਉਂਦੇ। ਛੇਵੀਂ ਪਾਤਸ਼ਾਹੀ ਤੇ ਦਸਵੀਂ ਦੇ ਗੁਰਦੁਆਰੇ ਦਾ ਦਰਸ਼ਨ ਕਰਦੇ ਤੇ ਸੰਤ ਸੇਵਾ ਸਿੰਘ ਨੂੰ ਮਿਲਦੇ। ਕੋਈ ਤੁਕ ਸ਼ਬਦ ਪੜ੍ਹ ਅਰਥ ਦੀ ਪਾਓ, ਕਦੇ ਝਟ ਬੈਠ ਬਚਨ ਭੀ ਕਰਦੇ।

## ਹਾਣੀਆਂ ਨੂੰ ਪਦਾਰਥ

ਹਾਣੀਆਂ ਨੂੰ ਬਹੁਤ ਵਾਰੀ ਬੜੇ ਵਧੀਆ ਵਧੀਆ ਪਦਾਰਥ ਮਾਤਾ ਜੀ ਨੂੰ ਕਹਿ ਬਣਵਾ ਖੋਆ,

---

¹ਸੰਤ ਸੇਵਾ ਸਿੰਘ ਜੀ ਨੂੰ 'ਝਾਬਰੀਂ' ਕਿਹਾ ਕਰਦੇ ਸੀ। ਤਦ ਤੋਂ ਇਸ ਦਾ ਨਾਮ ਸੇਵਾ ਸਿੰਘ 'ਝਾਬਰੀਂ' ਹੀ ਪ੍ਰਸਿੱਧ ਹੋ। [illegible] ਘੋੜਿਆਂ ਦਾ [illegible] ਵਿਚ [illegible] ਹੈ। ਮਾਘਾ ਸਿੰਘ [illegible] ਹੈ। [illegible]।

ਲੱਡੂ, ਪੇੜੇ, ਬਰਫੀ, ਮਠਿਆਈ ਛਕਾਂਦੇ ਤੇ ਝੋਲੀਆਂ ਭਰ ਬਾਹਰ ਲਿਆ ਹੋਰਨਾਂ ਰਾਹੀਆਂ ਤੇ ਸਿਪਾਹੀਆਂ ਨੂੰ ਭੀ ਦੇਂਦੇ। ਬਹੁਤੀ ਵਾਰ ਗਲੀ ਤੇ ਬਣੇ ਪੁਲ ਤੋਂ ਹੀ ਲੰਘਦੇ ਮੰਦਰ ਤੇ ਅੰਦਰ ਨੂੰ। ਕਿਉਂਕਿ ਸਪਾਹੀ ਕਈ ਵਾਰ ਬਹੁਤੇ ਮੁੰਡੇ ਨਾਲ ਵੇਖ ਰੋਕ ਭੀ ਦੇਂਦੇ ਸੀ। ਕਈ ਸਿੱਖਾਂ ਦੇ ਪੁਤ੍ਰ ਮਾਪਿਆਂ ਤੋਂ ਨਿਖੜ ਭੀ ਇਹਨਾਂ ਦੇ ਆਸਰੇ ਅੰਦਰ ਆ ਪਦਾਰਥ ਛਕਦੇ ਸੀ। ਤੇ ਮਾਪੇ ਅੰਦਰ ਆਉਣ ਦੀ ਵਾਰੀ ਨਾਲ ਹੀ ਅੰਦਰ ਆ ਸਕਦੇ ਸੀ।

ਸੰਤ ਸੰਤੋਖ ਸਿੰਘ ਜੀ ਲਿਖਦੇ ਹਨ। "ਗਲੀ ਪਰ ਪੁਲ ਸੀ। ੧੯੫੮ ਸੰਮਤ ਫਰੰਗੀ ਆਇਆ। ਦਾਨ ਸਿੰਘ ਕਿਹਾ ਸਾਹਿਬਜਾਦੇ ਪਰਤਾਪ ਸਿੰਘ ਦਾ ਉਸ ਤੇ ਆਸਣ ਹੈ। ਤੇ ਜਾਣ ਵਾਸਤੇ ਪਾਇਆ ਹੈ। ਜੋ ਪਹਿਲੇ ਛਤੀਰ ਸੀ, ਟੁਟ ਗਿਆ ਸੀ। ਹੁਣ ਲਟੈਣ ਪਾਈ ਹੈ। ਹੌਲਦਾਰ ਦੇ ਸਖਾਏ ਫਰੰਗੀ ਕਿਹਾ, ਸਿੰਘ ਲੰਘਣ ਨੂੰ ਬਣਾਇਆ ਹੈ। ਇਹ ਕਹਿ, ਰੋਕ ਦਿੱਤਾ।

"ਮਹਾਰਾਜ ਪਰਤਾਪ ਸਿੰਘ ਤੇ ਮਹਾਰਾਜ ਨਿਹਾਲ ਸਿੰਘ ਏਕ ਮੁੰਡੇ ਕੋ ਬਚਾਲੇ ਦੇ, ਚਲੇ ਅੰਦਰ ਨੂੰ। ਤੁਰਕ ਨੇ ਮੁੰਡਾ ਅੰਦਰ ਨਾ ਜਾਣ ਦੀਆ।"

## *ਸਿਪਾਹੀ ਨੂੰ ਧੱਕਾ*

ਸਤਿਗੁਰੂ ਪਰਤਾਪ ਸਿੰਘ ਜੀ ਇਕ ਦਿਨ ਕੁਝ ਮੁੰਡਿਆਂ, ਹਾਣੀਆਂ ਸਮੇਤ ਗਲੀ ਵਿਚੋਂ ਬਚਨ ਕਰਦੇ ਤੇ ਹੱਸਦੇ ਖੇਡਦੇ ਆ ਰਹੇ ਸੀ। ਇਕ ਤੁਰਕ ਸਪਾਹੀ ਅਗੋਂ ਹੋ ਕਿਹਾ, ਪਿਛੇ ਨੂੰ ਪਰਤ ਜਾਉ। ਸਤਿਗੁਰੂ ਜੀ ਉਸ ਨੂੰ ਕਿਹਾ, ਹਟ ਅਗੋਂ, ਉਹ ਨਾ ਹਟਿਆ। ਤਾਂ ਧੱਕਾ ਮਾਰ ਪਰ੍ਹੇ ਕਰ ਸਭ ਸਾਥੀ ਹਾਣੀਆਂ ਸਮੇਤ ਉਸੇ ਰੌ ਵਿਚ ਹੱਸਦੇ ਖੇਡਦੇ ਬਾਹਰ ਨੂੰ ਚਲੇ ਗਏ।

ਉਹ ਸਪਾਹੀ ਮਾਤਾ ਜੀਵਨ ਕੌਰ ਜੀ ਪਾਸ ਆਇਆ। ਤੇ ਕਿਹੋ ਸੂ, ਅੱਜ ਤੁਹਾਡੇ ਵਡੇ ਪੁੱਤ੍ਰ ਮੇਰੀ ਕਈਆਂ ਦੇ ਸਾਹਵੇਂ ਧੱਕਾ ਮਾਰ ਹੱਤਕ ਕੀਤੀ ਹੈ। ਅਸੀਂ ਆਪ ਦਾ ਬੜਾ ਲਿਹਾਜ਼ ਕਰਦੇ ਹਾਂ। ਕਈ ਸਿੱਖਾਂ ਨੂੰ ਵਧ ਅੰਦਰ ਆਉਣ ਦੇਂਦੇ ਹਾਂ। ਜਿਵੇਂ ਉਪਰੋਂ ਬਰਤਾ ਹੁਕਮ ਹੈ ਸਾਨੂੰ, ਜੇ ਤਿਵੇਂ ਵਰਤੀਏ ਤਾਂ ਤੁਹਾਨੂੰ ਬਹੁਤ ਤੰਗੀ ਹੋਵੇ। ਜੇ ਕਿਸੇ ਨੂੰ ਅੱਠਾਂ ਪਹਿਰਾਂ ਤੋਂ ਬਿਨਾਂ ਬੰਨੇ ਨਾ ਨਿਕਲਣ ਦੇਈਏ। ਮੈਂ ਬੜਾ ਜੇਰਾ ਕਰ ਰਖਿਆ ਹੈ ਏਦੂੰ ਅਗੇ ਨਹੀਂ ਜਰਾਂਗਾ। ਮਾਤਾ ਜੀ ਉਸ ਨੂੰ ਧੀਰਜ ਦਿੱਤਾ ਤੇ ਕਿਹਾ ਉਹਨਾਂ ਆਇਆਂ ਨੂੰ ਭੀ ਸਮਝਾਵਾਂਗੀ, ਅਗੋਂ ਐਸਾ ਨਾ ਕਰਨ।

ਭਾਵੇਂ ਪੁਲਸ ਨੂੰ ਕੁਝ ਰਿਆਸਤਾਂ ਵਲੋਂ ਖਰਚ ਤਨਖਾਹ ਮਿਲਦੀ ਸੀ। ਇਸ ਪੁਲਸ ਦੇ ਹੌਲਦਾਰ ਤੇ ਸਪਾਹੀਆਂ ਦੀ। ਇਹ ਭਾਰ ਅੰਗਰੇਜ਼ਾਂ ਸਿੱਖ ਰਿਆਸਤਾਂ ਤੇ ਪਾਇਆ ਹੋਇਆ ਸੀ। ਪਰ ਫੇਰ ਭੀ ਲੋੜ ਨੂੰ ਮੁਖ ਰਖ ਮਾਤਾ ਜੀ, ਪੁਲਸ ਦੇ ਮੂੰਹ ਵਿਚ ਕੁਝ ਨਾ ਕੁਝ ਪਾਂਦੇ ਰਹਿੰਦੇ। ਪ੍ਰਸਾਦੇ, ਕੜਾਹ ਪ੍ਰਸਾਦ, ਘਿਉ, ਦੁੱਧ ਆਦਿ।

ਮਾਤਾ ਜੀ ਘਰ ਆਇਆਂ ਨੂੰ ਘੂਰਿਆ ਤੇ ਧੱਪਾ ਭੀ ਉਗਰਿਆ ਤੇ ਕਿਹਾ, ਤੂੰ ਅੱਜ ਸਪਾਹੀ ਨੂੰ ਧੱਕਾ ਮਾਰ ਮੈਨੂੰ ਭਾਰਾ ਉਲਾਂਭਾ ਦਵਾਇਆ ਹੈ। ਜੇ ਉਹ ਉਤੇ ਨੂੰ ਏਸੇ ਤਰ੍ਹਾਂ ਲਿਖ ਰਪੋਟ ਕਰਨ ਤਾਂ ਤੰਗੀ ਹੋਵੇ। ਸਾਨੂੰ ਭੀ ਸਿਖਾਂ ਸਾਧਾਂ ਨੂੰ ਭੀ। ਜੋ ਡੇਰੇ ਰਹਿੰਦੇ ਹਨ ਤੇ ਦੂਰੋਂ ਜੋ ਦਰਸਨ ਕਰਨ ਆਉਂਦੇ ਹਨ।

ਸਤਿਗੁਰੂ ਪਰਤਾਪ ਸਿੰਘ ਜੀ ਮਾਤਾ ਜੀ ਨੂੰ ਉੱਤਰ ਦਿੱਤਾ। ਤੁਸੀਂ ਭਾਵੇਂ ਮੈਨੂੰ ਮਾਰ ਲਉ ਤਾਂ ਭੀ ਰਤਾ ਤਕਲੀਫ ਨਹੀਂ ਹਿਰਦੇ ਨੂੰ ਹੋਣੀ। ਪਰ ਜਦ ਇਹ ਤੁਰਕ ਸਪਾਹੀ ਮੇਰੇ ਹਾਣੀਆਂ ਨੂੰ ਮੇਰੇ ਨਾਲ ਅੰਦਰ ਆਉਂਦਿਆਂ ਦੇਖ ਰੋਕਦੇ ਹਨ ਤਾਂ ਮੈਨੂੰ ਬਹੁਤ ਔਖ ਹੁੰਦਾ ਹੈ। ਮੈਂ ਪਦਾਰਥ ਛਕਾਣ ਲਿਆਉਂਦਾ ਹਾਂ ਤੇ ਸਪਾਹੀ ਰੋਕ ਦੇਂਦੇ ਹਨ। ਮੈਨੂੰ ਉਸ ਦਿਨ ਬੜਾ ਰੋਹ ਆਇਆ ਸੀ, ਜਿਸ ਦਿਨ ਮੇਰੇ ਤੇ ਮਹਾਰਾਜ ਜੀ ਦੇ ਵਿਚਾਲੇ 'ਚੋਂ ਮੁੰਡੇ ਨੂੰ ਸਪਾਹੀ ਅੰਦਰ ਆਉਣੋ ਰੋਕ ਦਿੱਤਾ ਸੀ। ਮੈਂ ਉਸ ਨਾਲ ਕੁਝ ਛਕਾਣ ਦਾ ਕਰਾਰ ਕੀਤਾ ਹੋਇਆ ਸੀ।

ਮਾਤਾ ਜੀ ਦੇ ਸਾਹਮਣੇ ਖੜੋ, ਸਤਿਗੁਰੂ ਜੀ ਬੜੇ ਤੇਜ਼ ਹੋ ਬਚਨ ਕੀਤੇ। ਮੇਰਾ ਉੱਤੋਂ ਦੀ ਆਉਣ ਵਾਲਾ ਚੁਬਾਰੇ ਦਾ ਰਾਹ ਇਹਨਾਂ ਸਪਾਹੀਆਂ ਕਹਿ ਰੁਕਾ ਦਿੱਤਾ ਹੈ, ਮੇਰੀ ਛੜਪਾ-ਛੜਪ ਆਉਣ ਦੀ ਖੁਲ੍ਹ ਘਟ ਗਈ ਏ।

ਮੈਨੂੰ ਸਤਿਗੁਰੂ ਪਰਤਾਪ ਸਿੰਘ ਜੀ ਆਪ ਦਸਿਆ। ਗੁਰੂ ਹਰੀ ਸਿੰਘ ਜੀ ਦਾ ਸੁਭਾ ਤੇ ਮਨ ਤਾਂ ਚੁਪ, ਸ਼ਾਂਤ ਤੇ ਭਜਨ ਕਰਨ ਵਿਚ ਹੀ ਲਗਾ ਰਿਹਿੰਦਾ ਸੀ ਤੇ ਮਾਤਾ ਜੀ ਨੂੰ ਬਹੁਤ ਜਤਨ ਸਿੰਘਾਂ ਤੇ ਸਪਾਹੀਆ ਦੇ ਵਿਚਾਲੇ ਹੁੰਦੇ ਵਰਤਾਉ ਬਾਬਤ ਕਰਨੇ ਪੈਂਦੇ ਸੀ। ਮੈਨੂੰ ਕਚੀਚੀਆਂ ਤੇ ਖਰੀਆਂ ਚੜ੍ਹਦੀਆਂ ਸੀ, ਪਰ ਅਜੇ ਅੰਞਾਣਾ ਸਾਂ, ਮਨੋਂ ਸੋਚ, ਜਰ, ਚੁਪ ਰਹਿੰਦਾ ਸਾਂ। ਜਦ ਮੈਂ ਧੱਕਾ ਮਾਰ ਪਰ੍ਹੇ ਕਰਨ ਜੋਗਾ ਹੋਇਆ ਤਦ ਸਪਾਹੀ ਨੂੰ ਪਰ੍ਹੇ ਕਰ ਹਾਣੀਆਂ ਸਾਥੀਆਂ ਸਮੇਤ ਸੁਚੇਤ ਮਨ ਦੀ ਮਨਸ਼ਾ ਪੂਰੀ ਹੋਈ।

ਸਤਿਗੁਰੂ ਜੀ ਮਾਤਾ ਜੀ ਨੂੰ ਇਹ ਭੀ ਕਿਹਾ, ਜੋ ਸਿੰਘ ਘਰ ਘਾਟ ਛਡ ਸਾਡੇ ਕੋਲ ਟਿਕੇ ਹਨ। ਉਹਨਾਂ ਦਾ ਔਖ ਦੇਖ ਮੈਨੂੰ ਔਖ ਹੁੰਦਾ ਏ। ਤੇ ਜੋ ਦੂਰੋਂ ਆਏ ਦਰਸ਼ਨ ਕਰਨ ਵਾਲਿਆਂ ਨੂੰ ਰੋਕ ਹੁੰਦੀ ਏ ਉਹ ਭੀ ਮੈਨੂੰ ਬੜੀ ਚੁਭਦੀ ਏ। ਮੇਰਾ ਜਦੋਂ ਭੀ ਵਸ ਚਲਿਆ ਇਸ ਪੁਲਸ ਨੂੰ ਉਠਾਵਾਂਗਾ ਏਥੋਂ, ਤੇ ਤਦੋਂ ਹੀ ਮੇਰੀ ਤੇ ਸੰਗਤ ਦੀ ਖੁਸ਼ੀ ਹੋਵੇਗੀ।

ਮਹਾਰਾਜ ਗੁਰਦਿਆਲ ਸਿੰਘ ਜੀ ਦਾ ਸੁਭਾਵ ਚੁੱਪ ਰਹਿਣਾ ਤੇ ਸਹਿਜ ਵਾਲਾ ਸੀ। ਮਹਾਰਾਜ ਨਿਹਾਲ ਸਿੰਘ ਜੀ ਦਾ ਸਿਆਣਾ, ਦਾਨਾਂ ਤੇ ਪੱਕਾ ਸੁਭਾਵ ਸੀ। ਸਤਿਗੁਰੂ ਜੀ ਦਾ ਤਿੱਖਾ ਚਿਹਰਾ ਤੇ ਤੇਜ ਸੁਭਾਵ, ਰੋਹਬ ਰਖਣ ਵਾਲਾ ਫੁਰਤੀਲਾ ਸੀ।

ਮਾਤਾ ਜੀ, ਬਾਹਰੋਂ ਬੰਦਗੀ ਕਰ ਘਰ ਆਏ ਗੁਰੂ ਹਰੀ ਸਿੰਘ ਜੀ ਨੂੰ ਜਲ ਪ੍ਰਸਾਦ ਛਕਣ ਬਅਦ ਰਾਤ, ਦਿਨ ਦੀ ਬੀਤੀ ਦੱਸੀ ਤਾਂ ਗੁਰੂ ਜੀ ਕਿਹਾ, ਸਪਾਹੀਆਂ ਨੂੰ ਤੂੰ ਭਾਵੇਂ ਧੀਰਜ ਦੇਣ ਲਈ ਕਿਹਾ ਸੀ, ਪਰ ਪਰਤਾਪ ਸਿੰਘ ਨੂੰ ਕੁਝ ਨਹੀਂ ਸੀ ਕਹਿਣਾ ਕਿਉਂਕਿ ਏਸ ਨੇ ਵਡੇ ਹੋ ਬੜੇ ਤਗੜੇ ਭਾਰੇ ਕੰਮ ਕਰਨੇ ਹਨ। ਜੇ ਹੁਣ ਤੋਂ ਇਸ ਦਾ ਹੌਸਲਾ ਮਾਰੀ ਹੀ ਰਖਿਆ ਜਾਵੇ ਤਾਂ ਵਧੇਗਾ ਕਿਵੇਂ ?, ਪੁੱਤ ਤੇਜ ਤੇ ਧੀ ਪ੍ਰਹੇਜ। ਇਹਨਾਂ ਦੀ ਜੋ ਪੱਕੇ ਰੀਜ। ਤਾਂ ਹੀ ਹੁੰਦਾ ਏ ਜੱਸ ਆਮੇਜ।

ਗੁਰੂ ਹਰੀ ਸਿੰਘ ਜੀ ਕਿਹਾ, ਐਸੇ ਹੋਣਹਾਰ ਬਚੇ ਦੇ ਮਨ ਤੇ ਅਗੇ ਹੀ ਪੁਲਸ ਦਾ ਭਾਰ, ਚਾਹੇ ਬਾਹਰ ਜਾਣ ਵੇਲੇ, ਪਿਆ ਰਹਿੰਦਾ ਹੈ ਤੇ ਪੁਲਸ ਸਾਡੀ ਕਿਹੜੀ ਸਕੀ ਹੈ। ਤੁਸਾਂ ਏਦੂੰ ਅਗੇ ਐਸਾ ਨਹੀਂ ਕਰਨਾ। ਪਰਤਾਪ ਸਿੰਘ ਨੂੰ ਕੀ ਮੈਨੂੰ ਭੀ, ਤਦੇ ਹੀ ਸੁਖ ਹੋਵੇਗਾ ਜਦ ਸਾਧ ਸੰਗਤ ਖੁਲ੍ਹੀਆਂ ਖੁਸ਼ੀਆਂ ਮੇਲੇ ਮਾਣੇਗੀ।

ਮਾਤਾ ਜੀਵਨ ਕੌਰ ਜੀ ਰੋਜ਼ ਰਾਤ ਤਿੰਨਾਂ ਭਰਾਵਾਂ ਨੂੰ ਸੌਣ ਤੋਂ ਪਹਿਲਾ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਤੇ ਸ਼ਹੀਦਾਂ ਦੇ ਕਾਰਨਾਮੇ, ਪੂਰਨ ਸਿਖਾਂ ਦੀਆਂ ਸਾਖੀਆਂ ਸੁਣਾਂਦੇ ਤੇ ਕਦੀ ਕਦੀ ਇਹ ਭੀ ਪੁੱਛਦੇ, ਦਸੋ ਭਾਈ ! ਫਲਾਣੇ ਦਿਨ ਮੈਂ ਕਿਹੜੀ ਸਾਖੀ ਸੁਣਾਈ ਸੀ ਤੇ ਫਲਾਣੀ ਸਾਖੀ ਕਿਸ ਤਰ੍ਹਾਂ ਏ ? ਕੀਰਤਨ ਸੋਹਿਲੇ ਦੇ ਪਾਠ ਸੁਨਣ ਬਾਅਦ ਭਜਨ ਕਰਦਿਆਂ ਚੁਪ ਕਰਕੇ ਸੌਂ ਜਾਵੋ, ਸਿਖਾਂਦੇ ਸੀ।

## ਸੰਤ ਉੱਤਮ ਸਿੰਘ ਜੀ ਰਾਏਸਰ

ਗੁਰੂ ਹਰੀ ਸਿੰਘ ਜੀ ਦੇ ਦਰਸਨ ਨੂੰ ਸਰਧਾਲੂ ਬਹੁਤ ਦੂਰ ਦੂਰ ਹਾ ਭੀ ਆਉਂਦੇ ਸੀ। ਸੰਤ ਉੱਤਮ ਸਿੰਘ ਜੀ ਪਿੰਡ ਰਾਏਸਰ ਜ਼ਿਲ੍ਹਾ ਲੁਧਿਆਣਾ (ਗੋਤ ਸ਼ੇਰ ਗਿਲ) ਜ਼ਿਮੀਂਦਾਰ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸਿਖਾਂ ਵਿਚੋਂ ਬਲੀ, ਸੇਵਕ ਤੇ ਸਰਧਾਲੂ ਸੀ। ਇਹ ਔਠੀਂ ਦਿਨੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਸ੍ਰੀ ਭੈਣੀ ਸਾਹਿਬ ਚਾਲੀ ਕੋਹਾਂ ਤੋਂ ਆਇਆ ਕਰਦੇ ਸੀ ਸਾ ਦਿਹਾੜੀ, ਰਾਤ ਸੇਵਾ ਤੇ ਦਰਸਨ ਮੇਲਾ ਕਰ, ਸਵੇਰੇ ਸਹਿਜੇ ਹੀ ਜਾ ਵਿਹਾਰੇ ਲਗਦੇ ਸੀ। ਇਹ ਗੁਰੂ ਹਰੀ ਸਿੰਘ ਜੀ ਪਾਸ ਆਏ ਭੈਣੀ ਸਾਹਿਬ। ਗੁਰੂ ਜੀ ਕਿਹਾ, ਹੁਣ ਪਰਤਾਪ ਸਿੰਘ ਹੁਸ਼ਿਆਰ ਹੋ ਗਿਆ ਹੈ। ਇਸ ਨੂੰ ਭਜਨ ਦਿਉ। ਉੱਤਮ ਸਿੰਘ ਜੀ ਅਰਜ਼ ਕੀਤੀ, ਮੇਰੀ ਤੇ ਇਹਨਾਂ ਤੇ ਪਰਗਟ ਹੋਣ ਤੋਂ ਹੋਰ ਸਰਧਾ ਹੈ। ਤਾਂ ਗੁਰੂ ਜੀ ਕਿਹਾ, ਸਰਧਾ ਤੁਸੀਂ ਉਚ ਰਖੋ ਤੇ ਮਰਜਾਦਾ ਮੇਰੇ ਕਹੇ ਪੂਰੀ ਕਰੋ। ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਭੀ ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਛਕਿਆ ਸੀ ਤੇ ਸਤਿਗੁਰੂ ਰਾਮ ਸਿੰਘ ਜੀ ਭੀ ਸੰਤ ਜਵਾਹਰ ਸਿੰਘ ਤੋਂ ਛਕਿਆ ਸੀ°। ਤੇ ਇਹ ਮਰਜਾਦਾ ਭਜਨ ਦੀ ਭੀ ਉਹਨਾਂ ਦੀ ਟੋਰੀ ਏ।

ਸੰਤ ਬਾਬੇ ਉੱਤਮ ਸਿੰਘ ਜੀ ਪਾਸੋਂ ਆਸਾ ਦੀ ਵਾਰ ਦੇ ਭੋਗ ਬਾਅਦ, ਭਜਨ ਦਵਾਇਆ ਸਤਿਗੁਰੂ ਪਰਤਾਪ ਸਿੰਘ ਜੀ ਨੂੰ। ਗੁਰੂ ਹਰੀ ਸਿੰਘ ਜੀ ਨੇ ਬਚਨ ਕੀਤਾ, ਜੇ ਕੰਮ ਦਾ ਭਜਨ ਵਾਲਾ ਹੋਵੇ ਤਾਂ ਗਿਲਾਨਤਾ ਨਹੀ ਫੁਰਦੀ। ਜੇ ਫੁਰੇ ਤਾਂ ਮਾੜੀ ਹੁੰਦੀ ਏ ਤੇ ਇਹ ਭੀ ਬਚਨ ਕੀਤੇ ਨੇ, ਇਹ ਭਜਨ ਦੱਸਣ ਦੀ ਮਰਜਾਦਾ ਸਤਿਗੁਰੂ ਜੀ ਇਸੇ ਲਈ ਸੂਬਿਆਂ ਸਾਧਾਂ ਤੋਂ ਟੋਰੀ ਸੀ ਕਿ ਸਾਡੇ ਆਉਣ ਤਕ ਇਹ ਕੰਮ ਨਾ ਰੁਕੇ ਤੇ ਹੋਰ ਕੋਈ ਆਪਣੇ ਆਪ ਨੂੰ ਮਾਲਕ ਨਾ ਮੰਨੇ ਸ਼ਬਦ ਵਰਤਣ ਦਾ। ਮਹਾਰਾਜ ਗੁਰਦਿਆਲ ਸਿੰਘ ਜੀ ਨੂੰ ਭੀ ਭਜਨ ਇਹਨਾਂ ਸੰਤਾਂ ਤੋਂ ਹੀ ਦਵਾਇਆ ਤੇ ਮਹਾਰਾਜ ਨਿਹਾਲ ਸਿੰਘ ਜੀ ਨੂੰ ਸੰਤ ਲਾਲ ਸਿੰਘ ਜੀ ਲਤਾਲੀਏ ਤੋਂ ਦਵਾਇਆ ਸੀ ਇਸ ਸਮੇਂ ਤੋਂ ਪਹਿਲਾਂ।

ਇਹ ਸੰਤ ਉੱਤਮ ਸਿੰਘ ਜੀ ਪਹਿਲੀ ਉਮਰੇ ਸ਼ਰਾਬ ਪੀਂਦੇ ਸੀ। ਛੰਨੇ ਭਰ ਕਢਦਾ। ਬੜੇ ਬਲੀ ਸੀ। ਸਤਿਗੁਰੂ ਰਾਮ ਸਿੰਘ ਜੀ ਇਹਨਾਂ ਨੂੰ ਬੀਰ ਹੀ ਕਹਿੰਦੇ ਸੀ, ਬਵੰਜਾਂ ਵਿਚੋਂ ਇਕ ਹਨ।

ਪਹਿਲਾਂ ਇਹਨਾਂ ਦਮਦਮਿਉਂ ਅੰਮ੍ਰਿਤ ਛਕਿਆ ਸੀ। ਫੇਰ ਅਨੰਦਪੁਰ ਦੇ ਹੋਲੇ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਦਰਸਨ ਕਰ, ਮੋਹਤ ਹੋ, ਅਰਜ਼ ਕਰ, ਭਜਨ ਲਿਆ ਸੀ। ਤੇ ਬਾਦ ਔਠੀਂ ਦਿਨੀ ਆ

---

°ਇਹਨਾਂ ਸੰਤਾਂ ਦਾ ਨਾਮ ਇਕ ਹੁਕਮਨਾਮੇ ਵਿਚ ਸਤਿਗੁਰੂ ਰਾਮ ਸਿੰਘ ਜੀ ਖਤੋਂ ਲਿਖਿਆ ਹੈ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਤਰਲੇ ਪਿੰਡ ਲਿਖਾਇਆ ਹੋਇਆ ਹੈ ਧਰ ਵਿਚ ਦਾ। ਇਹ ਹੁਕਮਨਾਮਾ ਸੂਬਿਆਂ ਵਲ ਤਦੋਂ ਲਿਖਿਆ ਸੀ ਜਦ ਗੋਰਮਿੰਟ ਦੌਰਾ ਕਰਨ ਤੋਂ ਰੋਕਿਆ ਸੀ।

Sri Satguru Jagjit Singh Ji Elibrary NamdhariElibrary@gmail.com

ਦਰਸਨ ਕਰਨ ਦਾ ਨੇਮ ਬਣਾਇਆ ਸੀ। ਫੇਰ ਆਪ ਭੈਣੀ ਸਾਹਿਬ ਹੀ ਰਹਿਣ ਲਗੇ। ਜਾ ਦੌਰੇ ਨਾਲ ਰਹਿੰਦੇ।

ਭੈਣੀ ਸਾਹਿਬ ਮੰਦਰਾਂ ਤੇ ਤਬੇਲੇ ਦੀ ਉਸਾਰੀ ਸ਼ੁਰੂ ਹੋਈ ਸਮੇਂ ਇਹ ਨਗਰ ਜਾ ਟਿਕੇ ਹੋਏ ਸੀ। ਪਰ ਜ਼ਿਲ੍ਹੇ ਦੀ ਸੰਗਤ ਆ ਸੇਵਾ ਕਰਦੀ ਸੀ। ਪੰਜ ਪੰਜ ਸੌ ਦਾ ਜੱਥਾ ਰਲ। ਤਿੰਨਾਂ ਦਿਨਾ ਬਾਅਦ ਜਾਣ ਦਾ ਹੁਕਮ ਹੁੰਦਾ ਸੀ। ਗੁਪਾਲ ਸਿੰਘ ਹਟੀ ਵਾਲੇ ਦੀ ਮੁਖਤਾਰੀ ਵਿਚ ਸਭ ਕੰਮ ਹੁੰਦਾ ਸੀ।

ਇਹ ਸੰਤ ਜੀ ਧੜੀ (ਪੰਜ ਸੇਰੀ) ਘਿਉ ਦਾ ਕੜਾਹ ਪ੍ਰਸਾਦ ਤੇ ਹੋਰ ਪ੍ਰਸਾਦਾ ਦਾਲਾ ਛਕ ਲੈਂਦੇ ਸੀ। ਜੇ ਨ ਮਿਲੇ ਤਾ ਕਈ ਦਿਨ ਸਬਰ ਨਾਲ ਭੀ ਗੁਜ਼ਾਰ ਦੇਂਦੇ ਸੀ। ਸਤਿਗੁਰੂ ਜੀ ਇਹਨਾ ਨੂੰ ਕਹਿ ਕੇ ਨੇਮ ਅੱਠੀਂ ਦਿਨੀਂ ਆਉਣ ਦਾ ਹਟਾਇਆ ਸੀ, ਕਿ ਸਹਿਜ-ਪਦ ਦੀ ਪ੍ਰਾਪਤੀ ਤਦੇ ਹੁੰਦੀ ਹੈ ਜਦ ਮਿਹਨਤ ਤੋਂ ਉਤਰ ਕੇ ਬਖਸ਼ਿਸ਼ ਦੇ ਆਸਰੇ ਸ਼ਾਂਤ ਰਹੀਏ। ਨੇਮ ਨਿਭਣ ਤੇ ਮਨ ਗੁਮਾਨ ਕਰਦਾ ਏ ਹੁਣ ਤੂੰ ਸੁਤੇ ਤੇ ਰਹਿਣ ਦੇ।

ਲੰਗਰ ਤਬੇਲੇ ਦੀ ਉਸਾਰੀ ਸਮੇਂ ਇਹ ਚਾਲੀ ਸਿੰਘਾਂ ਦਾ ਜਥਾ ਲੈ ਨਗਰੋਂ ਆਏ ਸੀ ਤੇ ਮਰਯਾਦਾ ਬਣੀ ਅਨੁਸਾਰ ਤੀਜੇ ਦਿਨ ਬਿਨਾਂ ਪੁਛੇ ਜਾਣ ਦੀ ਸਲਾਹ ਕੀਤੀਉ ਨੇ। ਸਤਿਗੁਰੂ ਜੀ ਸੱਦ ਕਿਹਾ, ਤੁਸਾਂ ਕੰਮ ਸਿਰੇ ਚਾਹੜ ਕੇ ਜਾਣਾ। ਜਥੇ ਦੇ ਮੁਖੀ ਬਾਬਾ ਸਰਮੁਖ ਸਿੰਘ ਜੀ ਨਥਾਣਾ, ਮਾਨ ਸਿੰਘ ਸੈਦੋਕੇ, ਗੁਰਬਖਸ ਸਿੰਘ, ਹਜ਼ਾਰਾ ਸਿੰਘ ਰਾਏਸਰ ਸਨ। ਕਾਰ ਇਨ੍ਹਾਂ ਜਿੰਨੀ ਕੋਈ ਨਾ ਕਰ ਸਕਦਾ ਸੀ। ਦੋਹ ਸੀਰਾਂ ਦਾ ਵਰਤਾਰਾ ਇਨ੍ਹਾਂ ਨੂੰ ਮਿਲਦਾ ਸੀ। ਕੰਮ ਸਿਰੇ ਚਾੜ੍ਹ ਕੇ ਗਏ, ਤਬੇਲੇ ਦੀਆਂ ਚੋਤੀਆਂ ਕੰਧਾਂ ਇਨ੍ਹਾਂ ਦੀ ਯਾਦ ਏ।°

ਉਤਮ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਪਾਸ ਏਕ ਸਮੇਂ ਅਰਜ ਕੀਤੀ। ਆਪ ਦੇ ਲੜ ਲਗਿਆਂ ਭੀ ਕਰਮ ਕਿਉਂ ਸਤਾਂਦੇ ਹਨ। ਤਾਂ ਸਤਿਗੁਰੂ ਜੀ ਉਤਰ ਦਿੱਤਾ ਸ਼ੁਕਰ ਕਰ ਸੋਝੀ ਪਈ ਹੈ ਹਟ ਭੀ ਜਾਣਗੇ।

## ਅਕਾਲ ਪੁਰਖ ਕੈਸਾ ਹੈ

ਸੰਤ ਜੀ ਅਰਜ ਕੀਤੀ ਆਪ ਦਾ ਦਰਸਨ ਕਿਸ ਪੁੰਨ ਕਰ ਪ੍ਰਾਪਤ ਹੋਇਆ ਹੈ। ਸਤਿਗੁਰੂ ਜੀ ਉੱਤਰ ਦਿੱਤਾ, 'ਤਰਸ ਪਇਆ ਮਿਹਰਮਤਿ ਹੋਈ॥' ਇਹ ਉਤਮ ਸਿੰਘ ਜੀ ਰਾਏਕੋਟ ਵਾਲੇ ਸਾਕੇ ਵਿਚ ਫੜੇ ਗਏ ਸੀ। ਪਰ ੧੫ ਦਿਨਾਂ ਬਾਅਦ ਛੁਟ ਗਏ ਸੀ। ਏਕ ਸਮੇਂ ਇਕ ਲੜਾਈ ਵਿਚ ਘਿਰ ਗਏ ਤੇ ਹੌਂਸਲਾ ਧਾਰ ਬਹੁਤਿਆਂ ਨੂੰ ਮਾਰ ਭਜਾਇਆ। ਤੇ ਸਤਿਗੁਰੂ ਜੀ ਪਾਸ ਅਰਜ ਕੀਤੀਓ ਨੇ, ਅਕਾਲ ਪੁਰਖ ਸਿਰ ਤੇ ਢਾਲ ਰਖੀ ਹੈ ਤਾਂ ਬਚਾ ਰਿਹਾ ਹੈ। ਸਤਿਗੁਰੂ ਜੀ ਪੁਛਿਆ, ਅਕਾਲ ਪੁਰਖ ਤੂੰ ਦੇਖਿਆ ਹੈ ਕੈਸਾ ਹੈ? ਤਾਂ ਸੰਤ ਜੀ ਕਿਹਾ, "ਜੈਸਾ ਮੇਰੇ ਸੋਂਢੇ ਹੈ ਐਸਾ ਹੀ।" ਸਤਿਗੁਰੂ ਜੀ ਇਹਨਾਂ ਸੰਤਾਂ ਨੂੰ ਜਫੀ ਵਿਚ ਲੈ ਕਿਹਾ, "ਮਾਰੋ, ਹੰਕਾਰੋ ਤੇ ਵਿਕਾਰੋ ਤੇ ਗੁਰੂ ਹੀ ਰਖੇ ਤਾਂ ਰਹੀਦਾ ਏ।"

ਮਲੇਰਕੋਟਲੇ ਦੇ ਸ਼ਹੀਦਾਂ ਦੇ ਸਾਥ ਜਾਣ ਦੀ ਭੀ ਇਹਨਾਂ ਅਰਜ ਕੀਤੀ ਸੀ ਤਾਂ ਸਤਿਗੁਰੂ

°ਏਦਾਂ ੨੦੨੪ ਬਿ: ਵਿਚ ਢਾਹ ਪਕੀ ਚੁਰੇਰੇ ਦੁਆਲੇ ਕਰ, ਦਰਬਾਰਾ ਚੌੜਾ ਰਾਮਸਰ ਨੂੰ ਕਰ, ਸਤਿਗੁਰੂ ਜਗਜੀਤ ਸਿੰਘ ਜੀ ਪੱਕੇ ਖੂਹ ਅੰਦਰ ਕਰ, ਆਮ ਜਨਤਾ ਲੇਖ, ਫਿਰਨੀ ਅਗੇ ਇਕੋ ਚੌੜਾ ਬਰਾਂਡਾ ਕੀਤਾ ਹੈ। ੨੦੨੨-੨੩ ਵਿਚ ਰਾਮਸਰ ਦੇ ਕਰੇ ਕੋਠੇ ਮਜ਼ਦੂਰੀਆਂ ਵਾਲੇ ਤੇ ਹੋਰ ਬਾ ਪਕੇ ਕੋਠੇ ਪਾਏ ਹਨ। ਤੇ ਸੰਤ ਇੰਦਰ ਸਿੰਘ ਜੀ ਚਕਰਵਰਤੀ ਦੀ ਪੁਸਤਕਾਲੇ ਭੀ ਬਣਾਈ ਹੈ ਜੋ ਉਹਨਾਂ ਭੇਟ ਕੀਤੀ ਸੀ।

Sri Satguru Jagjit Singh Ji Elibrary NamdhariElibrary@gmail.com

ਜੀ ਕਿਹਾ ਸੀ ਤੇਰੀ ਉਹੋ ਵਾਰੀ ਸੀ।

## ਕੋਹੜ ਹਟਿਆ

ਉਤਮ ਸਿੰਘ ਜੀ ਸਤਿਗੁਰੂ ਜੀ ਦੇ ਬਦੇਸ ਜਾਣ ਬਾਅਦ ਸਭ ਮਾਲਕੀ ਸਾਧ ਸੰਗਤ ਦੀ ਸੇਵਾ ਦੇ ਲੇਖੇ ਲਾ ਦਿੱਤੀ ਸੀ। ਸਿਰਫ ਚਾਰ ਕਨਾਲਾਂ ਰਹੀਆ ਸਨ ਜਿਨ੍ਹਾਂ ਵਿਚ ਗਾਜਰਾਂ, ਸਬਜ਼ੀਆਂ, ਸਾਗ ਬੀਜ ਕਹੀ ਨਾਲ ਗੋਡ ਗੁਜ਼ਾਰਾ ਕਰਦੇ ਸੀ। ਇਹਨਾਂ ਦੇ ਸਪੁੱਤ੍ਰ ਸੂਬਾ ਮਸਤਾਨ ਸਿੰਘ ਜੀ ਹੋਏ ਤੇ ਜ਼ਮੀਨ ਛੁਡਾਈ ਕਿਰਤ ਕਰ। ਉਹਨਾ ਇਹ ਵਾਰਤਾ ਸਭ ਸੁਣਾਈ ਸੀ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਨਾਲ ਮੈਂ ਸਭ ਬਿਰਧਾਂ ਤੋਂ ਐਸੀਆਂ ਵਾਰਤਾਵਾਂ ਪੁਛ ਲਿਖਦਾ ਰਿਹਾ ਹਾਂ।

ਏਕ ਸਮੇਂ ਇਹਨਾਂ ਨਾਲ ਬੇਲਾ ਸਿੰਘ ਪਿੰਡੋਂ ਗਿਆ ਉਹਨਾਂ ਦੀ ਕੁਲ ਵਿਚ ਕੋਹੜ ਸੀ। ਸਤਿਗੁਰੂ ਜੀ ਸਿਰ ਤੇ ਹੱਥ ਰਖ ਭਜਨ ਦਸ ਕਿਹਾ, ਤੈਥੋਂ ਭਜਨ ਨਹੀ ਹੋਣਾ। ਜਦ ਹਉਕਾ ਨਿਕਲੇ ਬਖਸ਼ਿਸ਼ ਮੰਗਣੀ। ਅਰੋਗ ਹੋ ਨਗਰ ਆ ਥੋੜੇ ਚਿਰ ਬਾਅਦ ਚੜ੍ਹ ਗਿਆ। ਕੁਲ ਵਿਚੋਂ ਕੋਹੜ ਨਿਕਲ ਗਿਆ।

## ਪਰਤਾਪ ਸਿੰਘ ਨੂੰ ਕੁਝ ਨਹੀ ਕਹਿਣਾ

ਜੋ ਵਾਰਤਾ ਸਿਪਾਹੀ ਤੇ ਸਤਿਗੁਰੂ ਜੀ ਦੀ ਦੋ ਵਾਰ ਵਰਤੀ, ਹਾਣੀ ਨੂੰ ਨਾਲ ਲਈ ਆਉਂਦਿਆਂ ਸਪਾਹੀ ਰੋਕ ਪਰਤਾ ਦਿੱਤਾ ਤੇ ਗਲੀ ਵਿਚੋਂ ਰੋਕਿਆ ਸੀ ਸਪਾਹੀ, ਤੇ ਧਕਾ ਮਾਰ ਸਿਪਾਹੀ ਨੂੰ ਪਰੇ ਕੀਤਾ ਸੀ। ਮਾਤਾ ਜੀ ਘੂਰਿਆ ਤੇ ਗੁਰੂ ਜੀ ਸੁਣ ਕਿਹਾ ਸੀ, ਜਿਉਣ ਕੌਰੇ ਤੂੰ ਪਰਤਾਪ ਸਿੰਘ ਨੂੰ ਕੁਝ ਨਹੀ ਕਹਿਣਾ।

## ਪੁਲਿਸ ਢਪੀਕੀ

ਸੰਤ ਸੰਤੋਖ ਸਿੰਘ ਜੀ ਇਤਨਾ ਹੀ ਲਿਖਿਆ ਹੈ ਕਿ ਢੋਲਕੀ ਭੀ ਏਦੂੰ ਪਹਿਲੇ ਫੂਕੀ ਸੀ। ਉਹ ਵਾਰਤਾ ਇਸ ਤਰ੍ਹਾਂ ਹੋਈ ਸੀ ਮੈਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੱਸਿਆ। ਮੈਂ ਵਡੇ ਹਾਣੀਆਂ ਨੂੰ ਨਾਲ ਲੈ ਸ਼ਬਦ ਰਾਤ ਚੁਬਾਰੇ ਕੋਲ ਪੜ੍ਹਦਾ ਸਾਂ। ਸਪਾਹੀਆਂ ਕਿਹਾ, ਕਿਉਂ ਮੁੰਡੇ ਸ਼ੋਰ ਪਾਂਦੇ ਹਨ। ਅਸੀਂ ਉਪਰ ਰਪੋਟ ਕਰਾਂਗੇ। ਇਹ ਅੰਗਰੇਜ਼ ਦੇ ਖਿਲਾਫ਼ ਰਲ ਗੌਣਾਂ ਤੇ ਪ੍ਰਚਾਰ ਕਰਦੇ ਹਨ। ਮਾਤਾ ਜਿਉਣ ਕੌਰ ਜੀ ਸਵੇਰੇ ਸਿਖਾਂ ਹੱਥ ਹੋਰ ਭੈੜੀ ਜੇਹੀ ਢੋਲਕੀ ਦਿਖਾ ਪੁਲਸ ਦੇ ਸਾਹਵੇਂ ਫੂਕ ਦਿੱਤੀ ਸੀ ਤੇ ਮੈਨੂੰ ਕਿਹਾ ਸੀ, ਤੁਸੀਂ ਐਵੇਂ ਹੀ ਸ਼ਬਦ ਜੋਟੀਆਂ ਦੇ ਪੜ੍ਹ ਲਿਆ ਕਰੋ ਰਲ।

## ਧੌਂਸ ਨਹੀ ਸਹਿਣੀ

ਸਤਿਗੁਰੂ ਪਰਤਾਪ ਸਿੰਘ ਜੀ ਇਕ ਦਿਨ ਪੁਲਸ ਨੂੰ ਸੁਣਾ ਕੇ ਕਿਹਾ, ਤੁਸਾਂ ਮੇਰਾ ਉਤੋਂ ਆਉਣ ਜਾਣ ਵਾਲਾ ਪੁਲ ਭੀ ਹਟਵਾਇਆ ਏ ਤੇ ਗਲੀਆਂ ਵਿਚੋਂ ਭੀ ਰੋਕਦੇ ਹੋ। ਮਾਤਾ ਜੀ ਤੇ ਭਾਵੇਂ ਮੈਨੂੰ ਮਾਰਨ ਮੈਂ ਤੁਹਾਡੀ ਧੌਂਸ ਨਹੀਂ ਸਹਿਣੀ। ਤੁਸੀਂ ਏਦੂੰ ਉਤੇ ਕੀ ਕਰ ਲਵੋਗੇ। ਮਾਤਾ ਜੀ ਸੁਣਿਆਂ ਤੇ ਸਪਾਹੀਆਂ ਨੂੰ ਕੁਝ ਛਕਣ ਲਈ ਦੇ ਕੇ ਕਿਹਾ, ਤੁਸੀਂ ਉਸ ਦੀ ਨਾ ਸੁਣੋ। ਮੇਰੇ ਨਾਲ ਗੱਲ ਕਰੋ। ਮਹਾਰਾਜ ਨਿਹਾਲ ਸਿੰਘ ਜੀ ਮੁਹੰਮਦ ਅਲੀ ਹੌਲਦਾਰ ਨੂੰ ਪੜ੍ਹਾਈ ਵਲੋਂ ਕੁਝ ਦੇ ਰਾਜ਼ੀ ਕੀਤੀ ਰਖਦੇ।

---

ੳਸਤਿਗੁਰੂ ਜੀ ਦਾ ਇਤਿਹਾਸ ਲਿਖਣ ਦੀ ਲਾਲਸੈ ਮੈਂ ਜੋ ਬਾਬਾ ਕਾਬੇ ਸੰਤੋਖ ਸਿੰਘ ਜੀ ਖੋਜ ਕਰ ਲਿਖੇ ਹਨ ਤਕਰੀਬਨ ਤੇ ਬਾਬੂ ਹਰੀ ਸਿੰਘ ਜੀ ਨਾਲ ਹੋਏ ਸਿੱਖਾਂ ਲਾਲ ਤੇ ਰਾਜੂ ਜੀ ਸਤਿਗੁਰੂ ਜੀ ਬਾਬਤ ਕੀਤੇ ਹਨ। ਮੈਂ ਉਹ ਸਭ ਪੁਸਤਕ ਵਿਚੋਂ ਢੂੰਡ ਕੇ ਜਿਉਂ ਤਿਉਂ ਲਿਖਦਾ ਹਾਂ, ਜਿਥੇ ਮਿਲੇ ਤਾਂ ਲਿਖੇ ਹਨ। +

## +ਸੰਤ ਸੰਤੋਖ ਸਿੰਘ ਜੀ ਲਿਖਿਆ ਹੈ

"ਜਿਸ ਦਿਨ ਸੇ ਮਹਾਰਾਜ ਪਰਤਾਪ ਸਿੰਘ ਜੀ ਪੈਦਾ ਹੋਏ ਉਸ ਦਿਨ ਸੇ ਦਰਵਾਜ਼ੇ ਪਰ ਨਰਮਾਈ ਹੋਈ ਅਗੇ ਚੋਰੀ ਪ੍ਰਸਾਦੇ ਦੇਂਦੇ ਸੇ। ਫਿਰ ਸ਼ਾਹਦੀ ਦੇਣ ਲਗੇ। ਰਾਮਸਰ ਤੇ ਅਕਾਲ ਬੁੰਗੇ ਸਿੰਘਾਂ ਨੂੰ ਨਾ ਸੀ ਰਹਿਣ ਦੇਂਦੇ। ਸੋ ਭੀ ਰਹਿਣ ਲਗੇ। ਰਾਮਸਰ ਤੇ ਕੋਠੇ ਮੈਂ। ਏਕ ਬਹਾਦਰ ਸਿੰਘ ਸਾਧ ਬਠਾਇਆ। ਫੇਰ ਸਿੰਘ ਰਹਿਣ ਲਗੇ। ਰਾਮਸਰ ਭੀ ਰਹਿਣ ਲਗੇ। ਕੋਠਾ ਥਾ ਫੇਰ ਝੁਗੀਆਂ ਪਾਏ ਲਈਆ। ਫੇਰ ਖੂਹੀ ਲਗੀ ਫੇਰ ਕੋਠੇ ਪੈਣ ਲਗ ਪਏ ਬਾਗ਼ ਲਗਾਏ ਦੀਆ। ਦਿਨੋ ਦਿਨ ਰੌਣਕ ਹੁੰਦੀ ਗਈ ਤੀਹ ਚਾਲੀ ਘਰ ਚਲੇ ਗਏ। ਅਗੇ ਪਟੜੀ ਕੇ ਅੰਦਰ ਨਾ ਸੀ ਰਹਿਣ ਦੇਂਦੇ, ਸੋ ਭੀ ਰਹਿਣ ਲਗੇ।"

ਬਾਬੇ ਜੱਸੇ ਨਾਲ ਬਚਨ—"ਮੇਰੇ ਤੇ ਨਹੀਂ ਭਾਈ ਬੁਧ ਸਿੰਘ ਦੇ ਘਰ ਹੋਣਗੇ ਤੇਰੇ ਪੋਤਰੇ, ਪਰ ਤੂੰ ਨਹੀਂ ਵੇਖੇਂਗਾ।"

"ਸਾਹਬੇ ਚੌਂ ਨਹੀਂ, ਨਵੇਂ ਅਨੰਦ ਹੋਣਗੇ।" ਗੁਰੂ ਹਰੀ ਸਿੰਘ ਜੀ ਸੇ ਬਚਨ ਕੀਤਾ, ਤੇਰਾ ਹੋਰ ਵਿਆਹ ਕਰ ਦੇਈਏ। ਚੁੱਪ ਕਰ ਰਹੇ ਤਾਂ ਕਿਹਾ, "ਇਕ ਵੀ ਜਾਣਾ ਏਂ, ਸਮਾਂ ਪਾਇਕੇ ਦੋ ਹੋਣਗੀਆਂ।" ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਬੁਧ ਸਿੰਘ ਨ ਪੁੱਤ੍ਰ ਤੇਰੇ ਹੈ ਨ ਮੇਰੇ। ਮੈਂ ਤਾਂ ਜਾਣਾ ਹੈ ਪ੍ਰਦੇਸ ਨੂੰ, ਤੂੰ ਤਾਂ ਵਿਵਾਹ ਕਰਵਾਇ ਲੈ ਹੋਰ। ਮਹਾਰਾਜ ਜੀ ਚੁੱਪ ਕਰ ਰਹੇ, ਕੋਈ ਉਤਰ ਨ ਦੀਆ ਉਸ ਵਕਤ।

"ਏਕ ਸਮੇਂ ਕਾਨ੍ਹ ਸਿੰਘ ਗੜ੍ਹੀ ਵਾਲੇ ਜ਼ਿਲ੍ਹਾ ਜਲੰਧਰ ਨੂੰ ਬਚਨ ਕੀਤਾ, ਪਰਤਾਪ ਸਿੰਘ ਹੋਵੇਗਾ ਵਡੇ ਪ੍ਰਤਾਪ ਵਾਲਾ। ਬਾਬੇ ਕਾਨ੍ਹ ਸਿੰਘ ਨੇ ਪੁਛਿਆ, ਕਿਥੋਂ ਹੋਵੇਗਾ ? ਗੁਰੂ ਜੀ ਬਚਨ ਕੀਤਾ, ਏਕ ਸਮੇਂ ਮੈਂ ਬਾਬੇ ਜੱਸਾ ਸਿੰਘ ਨੂੰ ਪੁਛਿਆ ਸੀ, ਬਾਬਾ ਤੂੰ ਰਾਜ਼ੀ ਖੁਸ਼ੀ ਹੈਂ। ਬਾਬੇ ਨੇ ਕਿਹਾ, ਤਾਂ ਮੈਂ ਰਾਜ਼ੀ ਖੁਸ਼ੀ ਹਾਂ ਤੁਹਾਡੇ ਘਰ ਬਾਲਕ ਹੋਵੇ ਜਾਂ ਬੁਧ ਸਿੰਘ ਦੇ ਘਰ ਖੇਡਦਾ ਦੇਖਾਂ, ਤਾਂ ਮੈਂ ਰਾਜ਼ੀ ਖੁਸ਼ੀ ਹਾਂ। ਤਾਂ ਮੈਂ ਕਿਹਾ, ਬਾਬਾ ਮੇਰੇ ਤਾਂ ਨਹੀਂ ਪਰ ਬੁਧ ਸਿੰਘ ਦੇ ਦਿਨ ਪਾ ਕੇ ਹੋਵੇਗਾ।"

"੧੯੪੬ ਸੰਮਤ ਚੇਤ ਵਦੀ ਤੀਜ ਐਤਵਾਰ ਦਿਨ ਦੇ ਹੂਪਾ। ਕਣੀਆਂ ਭੀ ਓਸ ਵਕਤ ਵਰ੍ਹੀਆਂ। ਮਾਨੋਂ ਦੇਵਤੇ ਦਰਸਨ ਕੋ ਆਏ ਹੈਂ। ਸਿੰਘਾਂ ਨੇ ਜੈਕਾਰਾ ਬੁਲਾਇਆ। ਮਹਾਰਾਜ ਜੀ ਉਸੀ ਵਕਤ ਇਹੋ ਬਚਨ ਕੀਤਾ, ਕਿ ਇਸ਼ਨਾਨ ਕਰਾਏ ਦੇਵੋ ਐਸੇ ਵੇਲੇ ਜਗਤ ਕੀ ਰੀਤੀ ਨਹੀਂ ਰਖਣੀ। ਅਗਲੇ ਦਿਨ ਦੀਦਾਰ ਕਰਾਏ ਦੀਆ। ਮਹਾਰਾਜ ਹਰੀ ਸਿੰਘ ਜੀ ਬਚਨ ਕੀਤਾ, ਬੜੇ ਬਲੀ ਤੇ ਪ੍ਰਤਾਪ ਵਾਲੇ ਹੋਣ। ਭੋਗ ਗ੍ਰੰਥ ਸਾਹਿਬ ਦਾ ਰਖਿਆ ਤੇ ਪਾਇਆ। ਤੇਰ੍ਹਾਂ ਦਿਨ ਦੇ ਹੋਇ ਅੰਮ੍ਰਿਤ ਛਕਾਇਆ, ਮਾਤਾ ਜਿਉਣ ਕੌਰ ਜੀ ਤੇ ਮਹਾਰਾਜ ਪਰਤਾਪ ਸਿੰਘ ਜੀ ਕੋ।"

"ਜਿਸ ਦਿਨ ਕੇ ਪਰਤਾਪ ਸਿੰਘ ਜਨਮੇ ਨਰਮਾਈ ਹੋਈ। ਜੋ ਪ੍ਰਸਾਦੇ ਦੀ ਬੰਦਸ਼ ਸੀ ਸਭ ਹਟ ਗਈ। ਜੋ ਆਵੇ ਅੰਦਰ ਕਰ ਲੈਣਾ। ਬਾਹਰ ਨ ਰਹਿਣ ਦੇਣਾ।"

---

+ ਸਤਿਗੁਰੂ ਰਾਮ ਸਿੰਘ ਜੀ ਤੋਂ ਲੈ ਹੁਣ ਤਕ ਦੇ ਜੋ ਜੋ ਉਹਨਾਂ ਨੂੰ ਮਿਲੇ ਹਨ। ਜੋ ਉਹਨਾਂ ਨੂੰ ਨਹੀਂ ਮਿਲ ਸਕੇ ਮੈਨੂੰ ਮਿਲੇ ਹਨ ਉਹ ਭੀ ਲਿਖਦਾ ਹਾਂ। ਜੋ ਆਪਣੇ ਵਲੋਂ ਲਿਖਾਂਗਾ ਉਹਨਾਂ ਨਾਲ ਆਪਣੇ ਦਸਖਤ ਕਰਾਂਗਾ। ਪਾਠਕਾਂ ਨੂੰ ਪੂਰਾ ਧਿਆਨ ਨਾਲ ਨਾਲ ਰਖਣਾ ਚਾਹੀਦਾ ਹੈ, ਕਿਉਂਕਿ ਲਿਖਣ ਵਾਲੇ ਤੇ ਮੁਲਕ ਪੜ੍ਹਨ ਵਾਲਾ ਦਾ ਸੁਰ ਰਖ, ਪੂਰਾ ਗਿਆਨ ਪਾ ਸਕਦਾ ਹੈ। ਜਿਥੇ ਆਪਣੇ ਹਨ—ਔਣਾ ਠੀਕ ਕਰੇ ਤੇ ਲਿਖਣਾ ਕਿਆਸ ਕਰੇ। ਗਿਆਨੀ ਲਿਖ ਧਰੇ ਤੇ ਪਾਠਕ ਪ੍ਰਕਾਸ਼ ਕਰੇ।

Sri Satguru Jagjit Singh Ji Elibrary NamdhariElibrary@gmail.com

"ਮਾਈ ਜਿਉਣ ਕੌਰ ਜੀ ਬਚਨ ਕੀਤਾ, ਜਦ ਪਰਤਾਪ ਸਿੰਘ ਹੋਰੀਂ ਦੋ ਬਰਸ ਕੇ ਸੇ ਦੋ ਮਹੀਨੇ ਉਪਰ ਤਾ ਮਾਤਾ ਨਿਕਲੀ ਪੁਰ ਪੁਰ। ਜਗ੍ਹਾ ਕੋਈ ਨ ਖੇਹਲੀ ਰਹੀ ਤੇ ਰਗਾਂ ਖੁਸ਼ਕ ਹੋਈਆਂ। ਨਾਲੇ ਦੰਦਾਂ ਨਾਲ ਕਿਰਚ ਕਿਰਚ ਕਰਨਾ। ਚਾਰ ਦਿਨ ਪਾਣੀ ਅੰਦਰ ਨ ਲੰਘਿਆ। ਜਿਹੜੀ ਤੀਵੀਂ ਆਵੇ ਸਿਰ ਫੇਰ ਕੇ ਚਲੀ ਜਾਵੇ। ਕਹੇ ਇਹ ਨਹੀਂ ਬਚਦੇ ਹੈ। ਮਹਾਰਾਜ ਜੀ ਕੋਲ ਆ ਕੇ ਅਰਜ ਕੀਤੀ। ਬਚਨ ਹੋਇਆ ਪੰਜ ਅਖੰਡ ਪਾਠ ਕਰੋ। ਰਾਜ਼ੀ ਹੋ ਜਾਏਗਾ। ਤਿਆਰੀ ਕਰਕੇ ਅੰਮ੍ਰਿਤ ਵੇਲੇ ਪਾਠ ਟੋਰ ਦਿੱਤਾ। ਜਾਂ ਅੱਧਾ ਪਾਠ ਹੋਇਆ ਤਾਂ ਜਲ ਅੰਦਰ ਲੰਘਿਆ। ਪੰਜ ਭੋਗ ਪੈਂਦਿਆਂ ਆਪੇ ਹੀ ਰਾਜ਼ੀ ਹੋ ਮਾਤਾ ਦੇ ਦਾਗ਼ ਸੁਕੇ, ਬੜੀ ਖੁਸ਼ੀ ਹੋਈ। ਦਿਨੋ ਦਿਨ ਸ਼ੇਰ ਕੀ ਮਨਿੰਦ ਗਜਨ ਲਗੇ। ਪਾਪ ਧਰਾ ਕੇ ਭੁਜਣ ਲਗੇ। ਦਰਵਾਜੇ ਕੇ ਅਗੇ ਗਾਰਦ ਕੀਤੀ। ਨਰਮਾਈ ਹੋਈ ਕਰੜਾਈ ਨਹੀਂ ਹੋਈ। ਮਾਨੋਂ ਧਰਮ ਕੀਆਂ ਜੜਾਂ ਪ੍ਰਗਟ ਹੋਈਆਂ ਹੈਂ।"

"ਮਹਾਰਾਜ ਨਿਹਾਲ ਸਿੰਘ ਜੀ ਜਨਮੇ ੧੯੪੯ ਬਿ: ਕਤਕ ਵਦੀ ਦਸਵੀਂ ਐਤਵਾਰ ਅੰਮ੍ਰਿਤ ਵੇਲੇ।"

"੧੯੫੪ ਮੈਂ ਗੁਰਦਿਆਲ ਸਿੰਘ ਜੀ ਜਨਮੇ ਅਸੂ ਸੁਦੀ ਦਸਮੀ, ਪਹਿਰ ਰਾਤ ਰਹੀ ਤੇ ਸੋਮਵਾਰ। ਦੌਰੇ ਮੈਂ ਸੇ। ਕਰਤਾਰ ਸਿੰਘ ਨਾਮ ਧਰਿਆ। ਸੁਣ ਗੁਰੂ ਜੀ ਕਿਹਾ, ਗੁਰਦਿਆਲ ਸਿੰਘ ਕਹੋ। ਸਭ ਹੀ ਕਹਿਣੇ ਲਗੇ ਗੁਰਦਿਆਲ ਸਿੰਘ।"

"੧੯੫੬ ਸੌਣ ਬਦੀ ਦਸਮੀ ਮਾਤਾ ਜਿਉਣ ਕੌਰ ਕੋ ਕੁੰਜੀਆਂ○ ਮਿਲੀਆਂ। ਮਾਤਾ ਜੀ ਪਿੰਡ ਬਰਾਜ ਜ਼ਿਲ੍ਹਾ ਫੀਰੋਜ਼ਪੁਰ। ਪਿਤਾ ਖੁਸ਼ਹਾਲ ਸਿੰਘ ਦੰਦੀ ਵਾਲਾ, ਮਾਤਾ ਭਾਗਭਰੀ, ਭਾਈ ਬੂਹੜ ਸਿੰਘ ਸੰਤ ਸਰੂਪ ਸੇ।

## ਜ਼ਮੀਨ ਲੈਣੀ

"੧੯੫੪ ਮੈਂ ਰਾਮਸਰ ਦੀ▼ ਕਾਰ ਕਢਣ ਲਗੇ ਸਭ ਸਾਹਿਬਜ਼ਾਦੇ ਤੇ ਮਾਈਆਂ ਭੀ। ਹਵਨ-ਕੁੰਡ ਤ੍ਰਿਕੋਨਾਂ ਤੇ ਕੋਲੇ ਖਿੰਦੇ ਨਿਕਲੇ ਫਲਾਹੀ ਤਲਿਉਂ।"

ਸਤਿਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ

---

○ਇਸ ਸਮੇਂ ਤੋਂ ਪਹਿਲਾਂ ਕੁੰਜੀਆਂ ਮਾਈ ਅੜੀ ਆਪਣੇ ਵਾਲੀ ਤੇ ਹੋਰ ਸਿੰਘਾਂ ਕੋਲ ਸਨ। ਭਾਵੇਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਅਠਾਰ੍ਹਵੇਂ ਦਿਨ ਗੁਰੂ ਹਰੀ ਸਿੰਘ ਜੀ ਨੂੰ ਮਿਲੀਆਂ ਹੋਈਆਂ ਸਨ। ਤਰਨ ਸਿੰਘ

▼ਜੋ ਗੁਰੂ ਹਰੀ ਸਿੰਘ ਜੀ ਡੇਰੇ ਦਾ ਦੂਹਾਂ ਭਾਈਆਂ ਦਾ ਹਵਨ ਦਾ ਸਬੂਤ ਕਿਹਾ ਸੀ। ਜ਼ਿਮੀਦਾਰਾਂ ਦੇ ਹਾਕਮ ਕਿਆ ਕਹਿਣ ਤੇ, ਕਿ ਇਹਨਾਂ ਕੂਕਿਆਂ ਸਾਡੀ ਜ਼ਮੀਨ ਲੈਣੀ ਮਨ ਲਈ ਹੈ। ਸਤਿਗੁਰੂ ਜੀ ਦਾ ਪੁਰਾਤਨ ਹਵਨ ਕਰਨਾ ਪ੍ਰਗਟ ਹੋਇਆ। ਜਿਸ ਕਰਕੇ ਰਾਮਸਰ ਨਾਮ ਕਿਹਾ ਸੀ ਸਤਿਗੁਰੂ ਜੀ। (ਰਹਿਮੀ)

Sri Satguru Jagjit Singh Ji Elibrary NamdhariElibrary@gmail.com

ਜਿਵੇਂ ਜਿਵੇਂ ਜ਼ਮੀਨ ਮਿਲੀ, ਜਿਨ੍ਹਾਂ ਵਲੋਂ ਮਿਲੀ, ਜਿਵੇਂ ਕਬਜ਼ੇ ਨਾਮਧਾਰੀ ਸਾਧ ਸੰਗਤ ਦੇ ਆਈ, ਜੋ ਹੁਣ ਦਾ ਸਮਾਂ ਹੈ, ਇਸ ਤਰ੍ਹਾਂ ਜਿਵੇਂ ਸੁਹਾਵੀ ਹੋਈ। ਪਾਠਕਾਂ ਤੇ ਸੰਗਤ ਦੀ ਗਿਆਤ ਹਿਤ ਤੇ ਦੇਣ ਵਾਲਿਆ ਦੀ ਯਾਦ ਹਿਤ, ਕੁਝ ਸੰਤੋਖ ਸਿੰਘ ਜੀ ਦੇ ਗ੍ਰੰਥ ਤੋਂ ਕੁਝ ਬਿਰਧਾ ਤੋਂ ਪਤਾ ਲੈ, ਕੁਝ ਸਤਿਗੁਰੂ ਪਰਤਾਪ ਸਿੰਘ ਜੀ ਪਾਸੋਂ ਪਤਾ ਲੈ, ਲਿਖਦਾ ਹਾਂ।

## *ਬਾਬਾ ਲਹਿਣਾ ਸਿੰਘ ਜੀ*

ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜ ਵਿਘੇ ਜ਼ਮੀਨ, ਬਾਬੇ ਲਹਿਣਾ ਸਿੰਘ ਜੀ, ਅਕਾਲ ਬੁੰਗੇ ਦੁਆਲੇ ਦਿੱਤੀ ਸੀ। ਲੰਗਰ ਦਾ ਬਾਲਣ ਅੰਦਰ ਹੀ ਹੋਣ ਕਰ ਇਕ ਵੇਰ ਅੱਗ ਲਗ ਗਈ ਸੀ। ਗੁਰੂ ਹਰੀ ਸਿੰਘ ਜੀ ਦੇ ਸਮੇਂ ਬਾਬੇ ਲਹਿਣਾ ਸਿੰਘ ਜੀ ਦੇ ਪੁੱਤ੍ਰਾਂ ਪੰਜ ਵਿਘੇ ਬਾਹਰ ਵਾੜੇ ਵਾਲੀ ਜਗ੍ਹਾ ਚੜ੍ਹਦੇ ਭੈਣੀ ਸਾਹਿਬੋਂ ਦਿੱਤੀ ਸੀ। ਬਿਸ਼ਨ ਸਿੰਘ, ਸੁੰਦਰ ਸਿੰਘ, ਭੂਮਣ ਸਿੰਘ, ਕਿਸ਼ਨ ਸਿੰਘ, ਸੜਕ ਲਾਗੇ। ਮੱਲਾ ਸਿੰਘ° ਜ਼ਿਮੀਂਦਾਰ ਨੇ ਗੁਰੂ ਹਰੀ ਸਿੰਘ ਜੀ ਸਮੇਂ ਆਪਣੀ ਸਾਰੀ ਮਾਲਕੀ ਹੀ ਅਰਦਾਸਾ ਕਰ ਦਿੱਤੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਲੰਗਰ, ਗੁਰਦੁਆਰੇ ਦੇ ਨਾਮ। ਚਾਲੀ ਵਿਘੇ ਤੇ ਘਰ ਡੇਰਾ।

ਲਹਿਣਾ ਸਿੰਘ ਜੀ ਭੈਣੀ ਸਾਹਿਬ ਦੇ ਪੁਜਦੇ ਜ਼ਿਮੀਂਦਾਰ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਹਾਣੀ ਤੇ ਖਾਸ ਯਾਰ ਸੀ। ਇਹਨਾਂ ਨੇ ਹੀ ਰਾਈਆਂ ਤੋਂ ਭੈਣੀ ਸਾਹਿਬ ਲਿਆਂਦਾ ਸੀ, ਸਤਿਗੁਰੂ ਜੀ ਨੂੰ। ਇਹਨਾਂ ਦੇ ਪੋਤਰੇ ਗਜਨ ਸਿੰਘ, ਲਾਲ ਸਿੰਘ ਡਰਾਈਵਰ ਸਪੁੱਤਰ ਸੁੰਦਰ ਸਿੰਘ, ਗੁਰਬਖਸ਼ ਸਿੰਘ ਸਪੁੱਤਰ ਕਿਸ਼ਨ ਸਿੰਘ ਆਦਿ ਹਨ।

ਲਹਿਣਾ ਸਿੰਘ ਨੰਬਰਦਾਰ ਸੀ। ਉਸ ਸਤਿਗੁਰੂ ਜੀ ਨੂੰ ਕਿਹਾ, ਤੁਸੀਂ ਆਪਣੇ ਨਾਮ ਅਕਾਲ ਬੁੰਗੇ ਵਾਲੀ ਜ਼ਮੀਨ ਸਰਕਾਰੇ ਜਾ ਕਰਵਾ ਲਵੋ। ਸਤਿਗੁਰੂ ਜੀ ਕਿਹਾ, ਸਾਡੀ ਅੰਗਰੇਜ਼ ਦੀ ਅਦਾਲਤ ਨਾਲ ਤੇ ਹਰ ਮੰਦੀ ਹਰਕਤ ਨਾਲ, ਨਾ-ਮਿਲਵਰਤਨ ਹੈ, ਤੂੰ ਦਿੱਤੀ ਤੇ ਅਸਾਂ ਲਈ ਸੋ ਸਾਨੂੰ ਮਿਲ ਗਈ। ਕਚਹਿਰੀ ਕਿਉਂ ਖਰਚ ਕਰੀਏ ਤੇ ਗੋਰੇ ਦਾ ਖਜ਼ਾਨਾ ਭਰੀਏ। ਹਾਂ ਤੂੰ ਕਾਗਜ਼ ਤੇ ਕਬਜ਼ਾ ਲਿਖਾ ਦਿਆ ਕਰੀਂ, ਪਟਵਾਰੀ ਨੂੰ। ਲਹਿਣਾ ਸਿੰਘ ਜੀ ਸਤਿਬਚਨ ਕੀਤਾ। ਸੁਖ ਨਾਲ ਗੱਲ ਕੀਤੀ, ਤੂੰ ਮੈਥੋਂ ਨੰਬਰਦਾਰੀ ਲੈ ਲੈ। ਰਾਮਸਰ ਵਾਲੀ ਜਗ੍ਹਾ ਜਿਤਨੀ ਸਤਿਗੁਰੂ ਜਾਰ ਕਹਿਣ, ਦੇ ਦੇਹ, ਪਰ ਜ਼ਬਾਨੀ ਹੀ ਸੌਦਾ ਕਰਨਾ ਹੈ। ਇਹ ਦੋਵੇਂ ਬਚਨ ਸਤਿਗੁਰੂ ਜੀ ਦੇ ਆਖੇ ਤੋਂ ਅਨੁਮਾਨ ਲਾ ਹੀ ਲਹਿਣਾ ਸਿੰਘ ਜੀ ਨੇ ਸੁਖ ਨਾਲ ਕੀਤੇ। ਕਿਉਂਕਿ ਉਸ ਦੀ ਸਤਿਗੁਰੂ ਜੀ ਨਾਲ ਅੰਦਰੋਂ ਪ੍ਰੀਤ ਸੀ। ਉਸ ਇਕ ਸਮੇਂ ਸਤਿਗੁਰੂ ਜੀ ਪਾਸੋਂ ਸੁਣਿਆ ਸੀ, ਬੋਹੜਾਂ, ਪਿਪਲਾਂ ਨੂੰ ਜਲ ਪਾਣ ਸਮੇਂ ਕਿ ਏਥੇ ਸਾਡਾ ਪੁਰਾਣਾ ਹਵਨ-ਕੁੰਡ ਪ੍ਰਗਟ ਕਰਨਾ ਤੇ ਰਾਮਸਰ ਨਾਮ ਪ੍ਰਸਿੱਧ ਕਰਨਾ ਹੈ।

ਲਹਿਣਾ ਸਿੰਘ ਸੋਚਿਆ, ਮਿਤ੍ਰ ਨੂੰ ਜੋ ਲੋੜੀਦਾ ਏ ਉਹ ਮਿਲੇ ਤੇ ਜੋ ਨਹੀਂ ਭਾਉਂਦਾ ਉਹ ਮੈਂ ਭੀ ਕਿਉਂ ਵਾਹ ਰਖਣਾ ਹੈ। ਅਰਥਾਤ—ਜੇ ਸਤਿਗੁਰੂ ਜੀ ਗੋਰੇ ਦੀ ਕਚਹਿਰੀ ਨੂੰ ਨਹੀਂ ਚੰਗਾ ਜਾਣਦੇ ਤਾਂ ਮੈਂ ਭੀ ਨੰਬਰਦਾਰੀ ਕੀ ਕਰਨੀ ਹੈ। ਰਾਮਸਰ ਦੀ ਜਗ੍ਹਾ ਜੋ ਸਤਿਗੁਰੂ ਜੀ ਲੋੜਦੇ ਹਨ, ਉਹ ਜਿਵੇਂ ਕਿਵੇਂ ਲੈਣੀ ਜੋਗ ਹੈ।

---

°ਇਸ ਮੱਲਾ ਸਿੰਘ ਦਾ ਨਾਮ ਭੀ ਇਕ ਹੁਕਮਨਾਮੇ ਵਿਚ ਸਤਿਗੁਰੂ ਰਾਮ ਸਿੰਘ ਜੀ ਲਿਖਿਆ ਹੈ।

Sri Satguru Jagjit Singh Ji Elibrary NamdhariElibrary@gmail.com

ਜੋ ਮਿਤ੍ਰ ਨੂੰ ਭਾਂਵਦੀ ਸੋ ਲੈ ਜ਼ਰੂਰ ।
ਜੋ ਮਿਤ੍ਰ ਨਾ ਚਾਂਹਵਦਾ ਤਿਸਤੇ ਹ ਦੂਰ ।

ਵਿਚਾਰ, ਸੁਖੁ ਨਾਲ ਸੌਦਾ ਜਰ ਲਿਆ ਤੇ ਸਤਿਗੁਰੂ ਜੀ ਨੂੰ ਕਿਹਾ, ਮੈਂ ਸੌਦਾ ਕਰ ਲਿਆ ਹੈ। ਤਾਂ ਸਤਿਗੁਰੂ ਜੀ ਰਾਮਸਰ⁰ ਪੁਟਾਣਾ ਸ਼ੁਰੂ ਕੀਤਾ ਸੀ। ਬੋਹੜਾਂ, ਪਿਪਲਾਂ ਨੂੰ ਲਾ ਸਤਕਾ ਤੇ, ਰਾਮਸਰ ਵਲ ਸਰਕਦੇ ਵਿਚ, ਸਤਿਗੁਰੂ ਜੀ ਇਸ ਸਮੇਂ ਤ ਭੀ ਪਹਿਲੋਂ ਪਾਣੀ ਮਸ਼ਕਾਂ ਤੇ ਗੜਵਿਆਂ ਨਾਲ ਪਾਂਦੇ ਹੁੰਦੇ ਸੀ।

## ਰਾਮਸਰ ਵਿਚੋਂ ਹਵਨ ਕੁੰਡ

ਸਤਿਗੁਰੂ ਜੀ ਸਮੇਂ ਰਾਮਸਰ ਨਾਮ ਰਖ ਤਲਾਬ ਪੁਟਿਆ ਗਿਆ ਸੀ ਤੇ ਵਾੜ ਭੀ ਦੁਆਲੇ ਵਲੀ ਹੋਈ ਸੀ, ਪਰ ਬਾਅਦ ਪੰਥ ਤੇ ਦਬਾਉ ਚੱਕਰ ਆਉਣ ਕਰ ਤੇ ਅਬਾਦੀ ਹੋਣ ਕਰ ਗੁਰੂ ਹਰੀ ਸਿੰਘ ਜੀ ਸਮੇਂ ਸੁਖੁ ਤੇ ਘੁਮੰਡੇ-ਕੇ ਹਕ ਜਤਾਉਂਦੇ ਸੀ। ਕੋਠੀ ਪੈਣ ਬਾਅਦ ਮੱਲਾ ਸਿੰਘ ਵਾਲੀ ਜ਼ਮੀਨ ਵਿਚ ਕੁਝ (ਕੋਠੇ) ਵਲੋਂ ਵਧੀ ਸੀ ਤੇ ਭਾੜ ਸਿੱਖਾਂ ਕੁਝ ਪੁਟੇ ਸੀ, ਪਰ ਰਾਮਸਰ ਨਾ ਪੂਰਾ ਪੁਟਣ ਦੇਂਦੇ ਸੀ, ਸਗੋਂ ਰੋਕਦੇ ਤੇ ਵਿਚ ਪਸ਼ੂ ਵਾੜਦੇ ਸੀ। ਸਿੰਘਾਂ ਨਾਲ ਝੇੜਾ ਹੋਇਆ। ਪਟਵਾਰੀ, ਕਾਨੂੰਗੋ ਮੌਕੇ ਤੇ ਆਏ, ਕਾਗਜ਼ਾਤ ਦੇਖ ਘੁਮੰਡੇ ਦਾ ਪੱਖ ਪੂਰਨ। ਗੁਰੂ ਕੇ ਪੱਖ ਨੇ ਭੀ ਸਰਕਾਰੇ ਉਜ਼ਰ ਕੀਤਾ, ਸਾਡਾ ਚਿਰ ਦਾ ਕਬਜ਼ਾ ਹੈ। ਗੁਰੂ ਹਰੀ ਸਿੰਘ ਜੀ ਕਹਿਣ, ਅਸੀ ਦੋਵੇ ਭਾਈ ਏਥੇ ਤ੍ਰੈਤੇ 'ਚ ਹਵਨ ਕੀਤਾ ਕਰਦੇ ਸਾਂ। ਇਹ ਥਾਂ ਸਤਿਗੁਰੂ ਜੀ ਦੇ ਵੇਲੇ ਦੀ, ਲਹਿਣਾ ਸਿੰਘ ਜੀ ਦੇ ਕੋਲੋਂ ਸਾਨੂੰ ਮਿਲੀ ਹੋਈ ਹੈ। ਇਹ ਰਾਮਸਰ ਸਤਿਗੁਰੂ ਜੀ ਦਾ ਖੁਦਾਇਆ ਹੋਇਆ ਹੈ। ਬੋਹੜ, ਪਿਪਲ ਸਤਿਗੁਰੂ ਜੀ ਦੇ ਲਾਏ, ਪਾਲੇ ਹੋਏ ਹਨ। ਪਰ ਕੋਈ ਜ਼ਬਾਨੀ ਗੱਲਾਂ ਨਹੀਂ ਸੀ ਮੰਨਦਾ ਤੇ ਕਾਗਜ਼ੀ ਸਬੂਤ ਹੈ ਨਹੀਂ ਸੀ।

ਮੁਖਤਾਰ ਭੇਜ, ਮੌਕੇ ਤੇ ਹਾਕਮ ਦੇ ਆਉਣ ਦੀ ਤ੍ਰੀਕ ਲਈ ਹੋਈ ਸੀ, ਗੁਰੂ ਹਰੀ ਸਿੰਘ ਜੀ ਇਕ ਦਿਨ ਜੀ ਵਿਚ ਸੋਚ, ਅਰਜ਼ ਕੀਤੀ ਕਿ ਪੁਲਸ ਤੇ ਘੁਮੰਡੇ ਕੇ ਪੁਟਣ ਨਹੀਂ ਦੇਂਦੇ ਦਿਨੇ। ਕਾਗਜ਼ੀ ਕਬਜ਼ਾ ਕੋਈ ਨਹੀਂ ਤੇ ਹਵਨ ਕੁੰਡ ਕਿਥੇ ਹੈ ਮੈਨੂੰ ਪਤਾ ਨਹੀਂ। ਇਹ ਵਿਚਾਰ ਕਿਹਾ, ਹੁਣ ਹੇ ਰਾਮ ਤੂੰ ਆਪ ਮਦਦ ਕਰੇਂ ਤਾਂ ਹੀ ਪਤ, ਗੱਲ ਤੇ ਰਾਮਸਰ ਰਹਿੰਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਉਸੇ ਰਾਤ ਅਵਾਜ਼ਾ ਤੇ ਦਰਸਨ ਦੇ ਕਿਹਾ, "ਆਏ ਹਾਕਮ ਨੂੰ ਮੇਰੇ ਲਾਏ ਰੁਖ ਭੀ ਦਿਖਾਣੇ ਤੇ ਕੁੰਡ ਭੀ। ਮੈਂ ਮੌਕਾ ਦੇਖਣ ਆਏ ਹਾਕਮ ਤੋਂ ਕਬਜ਼ਾ ਕਰਾ ਦੇਵਾਂਗਾ।"

ਹਾਕਮ ਮੌਕੇ ਤੇ ਆਇਆ ਤੇ ਸਾਧਾਂ ਨੇ ਉਸ ਦੇ ਸਾਹਵੇਂ ਉਹ ਹਵਨ ਕੁੰਡ ਕਢ ਦਿਖਾਇਆ ਪੁਰਾਣਾ ਤੇ ਵਿੱਚੇ ਕੋਲੇ। ਉਹ ਦੇਖ ਅਸਚਰਜ ਹੋਇਆ ਤੇ ਕਿਹੇ ਸੁ, ਇਹ ਕੁੰਡ ਕਦੋ ਦਾ ਏ ? ਤਾਂ ਗੁਰੂ ਹਰੀ ਸਿੰਘ ਜੀ ਕਿਹਾ, ਇਹ ਤ੍ਰੈਤੇ ਜੁਗ ਦਾ ਰਾਮ ਜੀ ਦਾ ਤੇ ਮੇਰਾ ਹਵਨ ਕੁੰਡ ਹੈ, ਦੇਖੋ ਮੇਰੇ ਮਥੇ ਦੇ ਵਾਲ ਤਦੋਂ ਦੇ ਜਲੇ ਝਲੂਸੇ ਹੋਏ ਹਨ। ਹਾਕਮ ਦੇਖਿਆ ਮਥੇ ਉਪਰਲੇ ਕੇਸ ਝਲੂਸੇ ਹੀ ਭਾਸੇ ਤੇ ਪਾਸੇ ਦੇਖ ਪੁਛਿਓ ਸੁ, ਇਹ ਬਿਰਛ ਕਿਸ ਕੇ ਲਾਏ ਹੈਂ ? ਗੁਰੂ ਹਰੀ ਸਿੰਘ ਜੀ ਕਿਹਾ, "ਇਹ ਮੇਰੇ ਚੀਨੀ ਵਾਲੇ ਪਾਤਸ਼ਾਹ ਨੇ ਬੋਹੜਾਂ, ਪਿਪਲਾਂ ਨੂੰ ਪਾਣੀ ਪਾ ਪਾਲੇ ਹੋਏ ਹਨ, ੪੦ ਸਾਲ ਤੋਂ ਪਹਿਲਾਂ ਦੇ" ਤਾਂ ਹਾਕਮ ਨੇ ਪਟਵਾਰੀ ਪਾਸੋ

---

⁰ਰਾਮਸਰ ਤੇ ਹੋਰ ਦੁਆਲੇ ਦੀ ਜਗ੍ਹਾ ਚੱਕ ਚੱਕ ਪਾਣੇ ਸੀ, ਚੱਕ ਚੱਕ ਹੀ ਲਈ ਸੀ।

ਪੁਛਿਆ, ਇਹ ਬਿਰਛ ਕਿਸ ਕੇ ਲਾਏ ਹੈਂ ? ਤਾਂ ਉਸ ਭੀ ਮਜਬੂਰ ਹੋ ਕਿਹਾ, "ਬਾਬੇ ਰਾਮ ਸਿੰਘ ਇਨ ਕੇ ਭਾਈ ਕੇ ਲਾਏ ਲੋਕ ਆਖਦੇ ਹਨ।"

ਹਾਕਮ ਮੌਜ ਤੇ ਖੜੋ, ਰਾਮਸਰ ਬੋਹੜਾਂ, ਪਿਪਲਾਂ ਦੀ ਜਗ੍ਹਾ ਸਭ ਗੁਰਦੁਆਰੇ ਦੇ ਨਾਮ ਲਿਖ ਘੁਮੰਡੇ-ਕਿਆਂ ਨੂੰ ਕਿਹਾ, "ਤਬ ਤੁਮ ਕਹਾਂ ਗਏ ਥੇ ਅਬ ਤੰਗੀ ਕਰਤੇ ਹੋ, ਇਹ ਕਬਜਾ ਇਨ ਕਾ ਹੀ ਰਹੇਗਾ।"

ਸਤਿਗੁਰੂ ਪਰਤਾਪ ਸਿੰਘ ਜੀ ਭੀ ਦੱਸਦੇ ਸੀ, "ਮੈਂ ਭੀ ਤਦੋਂ ਅਠਵੇਂ ਸਾਲ ਦੀ ਉਮਰ ਵਿਚ ਗੁਰੂ ਹਰੀ ਸਿੰਘ ਜੀ ਦੇ ਨਾਲ ਸਾਂ, ਕੂੜ ਤੇ ਕੋਲੇ ਖਿੰਦੇ ਅੱਖੀਂ ਦੇਖੇ ਸੀ।"

ਹਾਕਮ ਜ਼ਿਲ੍ਹੇ 'ਚੋਂ ਆਇਆ ਕੇਸੋ ਦਾਸ ਸੀ ਤੇ ਪਟਵਾਰੀ ਨੰਦ ਰਾਮ ਅਹੀਰਾਂ ਦਾ ਸੀ। ਉਸ ਦਿਨ ਤੋਂ ਬਾਅਦ *ਘੁਮੰਡੇ ਕੇ ਤੰਡੇ ਗਏ ਤੇ ਗੁਰੂ ਕੇ ਝੰਡੇ ਗਡੇ ਗਏ। ਗੁਰੂ ਹਰੀ ਸਿੰਘ ਜੀ ਭੀ ਕੁਝ ਤੇ ਸਤਿਗੁਰੂ ਪਰਤਾਪ ਸਿੰਘ ਜੀ ਭੀ ਕੁਝ ਮੱਲਾ ਸਿੰਘ ਵਾਲੀ ਜ਼ਮੀਨ ਵਿਚੋਂ ਦੇ, ਇਹ ਨੇੜੇ ਦੇ ਖੇਤ ਬਾਗ, ਦੀਵਾਨ, ਬਿਰਛਾਂ ਜੋਗ ਕਰ ਲਏ ਤੇ ਕਿਹਾ, ਅਸਾਂ ਕਿਸੇ ਦੀ ਜਗ੍ਹਾ ਐਵੇਂ ਨਹੀਂ ਮੱਲਣੀ।

ਸਤਿਗੁਰੂ ਪਰਤਾਪ ਸਿੰਘ ਜੀ ਸਮੇਂ ਹੌਲੀ ਹੌਲੀ ਅਬਾਦੀ ਹੋਈ, ਝਾੜਾਂ, ਬੂਝੇ ਪੁੱਟ ਜੋ ਭੈਣੀ ਸਾਹਿਬ ਲਾਗੇ ਬੋਹੜਾਂ ਵਾਲਾ ਥਾਂ ਹੈ।

ਇਹ ਦੇਵਾ ਸਿੰਘ ਕੇ ਜ਼ਿਮੀਂਦਾਰ ਆਪਣਾ ਜਾਣਦੇ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੂੰ ਪਤਾ ਲਗਾ ਕਿ ਸੁਖ ਕ੍ਰਿਆਂ ਚੌਕੀ ਪੈਣ ਸਮੇਂ ਗੁਰੂ ਕਾ ਲਿਖਾਇਆ ਹੋਇਆ ਹੈ। ਇਹ ਜਾਣ ਕਬਜਾ ਕੀਤਾ। ਦੇਵਾ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਲੈ ਕੁਬਚਨ ਬੋਲੇ ਤੇ ਕਿਹਾ, ਸਤਿਗੁਰੂ ਜੀ ਜ਼ੋਰ ਕਰ ਰੋਖੀ ਥਾਂ ਮੱਲੀ ਹੈ, ਉਸ ਮੁਕੱਦਮਾ ਕੀਤਾ। ਮਾਤਾ ਜਿਉਣ ਕੌਰ ਜੀ ਰੋਕਣ। ਸਤਿਗੁਰੂ ਜੀ ਮਾਤਾ ਜੀ ਨੂੰ ਕਿਹਾ, "ਮੈਂ ਆਪਣੀ ਹੱਤਕ ਜਰ ਸਕਦਾ ਹਾਂ ਪਰ ਸਤਿਗੁਰੂ ਜੀ ਦੀ ਬੇਅਦਬੀ ਨਹੀਂ ਜਰ ਸਕਦਾ, ਇਸ ਦੀ ਦਰੁਸਤੀ ਕਰਨੀ ਹੈ।" ਮੁਕਦਮੇ ਦੇ ਕਾਰਨ ਉਹ ਮਿਸਲ ਪੁਟਾਈ ਤੇ ਸੁਖ ਦੇ ਬਿਆਨਾਂ ਤੇ ਬੋਹੜਾਂ ਵਾਲਾ ਥਾਂ ਗੁਰੂ ਕਾ ਸਾਬਤ ਹੋਇਆ। ਦੇਵਾ ਸਿੰਘ ਬੜਾ ਸ਼ਰਮਿੰਦਾ ਹੋਇਆ। ਉਸ ਵਾਸਤੇ ਤਾਂ ਮੰਦਾ ਹੋਇਆ, ਪਰ ਗੁਰੂ ਪੰਥ ਅਗੋਂ ਲਈ ਅਨੰਦ ਹੋਇਆ।

"ਇਹ ਬਚਨ ਮੈਂ ਹੁਣੇ ਇਥੇ ਇਸ ਲਈ ਲਿਖ ਦਿੱਤਾ ਹੈ, ਜੇ ਮੈਂ ਉਸ ਸਮੇਂ ਤਕ ਨਾ ਜਿੰਦਾ ਰਿਹਾ, ਮਤ ਇਹ ਗੁਪਤ ਹੀ ਨਾ ਰਹਿ ਜਾਵੇ। ਮੈਂ ਉਤਲੇ ਬਚਨ ਦੇ ਪ੍ਰਸੰਗ ਦਾ ਰਹਿੰਦਾ ਬਚਨ ਹੁਣ ਲਿਖਦਾ ਹਾਂ।"

---

*ਇਹ ਘੁਮੰਡ ਨੰਬਰਦਾਰ ਦੀ ਪੋਤੀ ਦੀ ਸਮਝਾਣਾ ਸੀ, ਪ-੬ ਘੁਮਾਂ। ਘੁਮੰ ਨੰਬਰਦਾਰ ਦੀ ਪੋਤੀ ਅਕਾਲ ਚਲਾਣਾ ਕਰ ਗਏ ਹੈ। ਜੀਤਾ ਨੰਬਰਦਾਰ ਪ੍ਰਧਿਮਾਨ ਹੈ। ਅਸਾਂ ਜਗਤੀ ਸੁਰਿੰਦਰ ਸਿੰਘ ਖੁਸ਼ੀ ਦਾ ਦਿੱਤੀ ਸੀ। ਤੇ ਸੁਲੱਖੇ ਗਈ ਗੁਰੂ ਦੀ ਮੱਤੇ ਸਹੀਆਂ ਦੀ ਮਾਰ ਬਾਅਦ ਦਿਖਾਈ ਸੀ।

[illegible]

ਭੈਣੀ ਸਾਹਿਬ ਵਿਚ ਮੁਖਬਰ ਰਹਿੰਦੇ ਸੀ ਚੁਗਲ, ਸਿੱਖ ਬਣ। (੧) ਠਾਕਰ ਸਿੰਘ ਛੀਬਾ ਸਢੌਰਾ ਜ਼ਿਲ੍ਹਾ ਅੰਬਾਲਾ। (੨) ਈਸਰ ਸਿੰਘ ਬੌਣਾ ਦੁਰਗਾ ਪੁਰ ਜ਼ਿਲ੍ਹਾ ਜਲੰਧਰ। (੩) ਕਰਮੋ ਜੱਟੀ ਲੋਹਗੜ੍ਹ ਜ਼ਿਲ੍ਹਾ ਲੁਧਿਆਣਾ। ਦਸ ਦਸ ਰੁਪੈ ਮਹੀਨਾ ਲੈਂਦੇ ਸੀ ਸਰਕਾਰੋਂ।

ਮਾਤਾ ਜਿਊਣ ਕੌਰ ਜੀ ਨੂੰ ਹਮੀਰੇ ਸਿਪਾਹੀ ਨੇ ਜਾਣ ਸਮੇਂ ਦੱਸਿਆ ਸੀ ਕਿ ਤੁਹਾਡਾ ਨਿਮਕ ਖਾਂਦੇ ਰਹੇ ਹਾਂ। (ਇਹ ਹਮੀਰਾ ਕੋਟਲੀ ਡੇਰੇ ਬਾਬੇ ਨਾਨਕ ਦੇ ਪਾਸ ਦਾ ਸੀ।) ਗੁਰੂ ਹਰੀ ਸਿੰਘ ਜੀ ਸਭ ਚੁਗਲਾਂ, ਮੁਖਬਰਾਂ ਨੂੰ ਡੇਰੇ ਵਿਚ ਰਹਿੰਦੇ ਵੇਖ ਸੁਣ, ਨ ਕਢਦੇ ਸੀ। ਕਹਿੰਦੇ ਸੀ, ਜੋ ਇਹਨਾਂ ਦਾ ਪਹਿਰਾ ਹੈ ਭੁਗਤ ਲਵੇ। ਪਛੋਤਾਵਾ ਕਰਨਗੇ ਤਾਂ ਇਹ ਭੀ ਬਖਸ਼ੇ ਜਾਣਗੇ। ਇਹਨਾਂ ਸਭ ਚੁਗਲਾਂ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਭੁਲ ਮੰਨ ਮਾਫ਼ੀਆਂ ਮੰਗੀਆਂ ਸੀ ਤੇ ਅਗੋਂ ਚੰਗੇ ਹੋ ਗਏ ਸੀ।

## *ਸੰਤ ਜੀ ਲਿਖਦੇ ਹਨ*

ਸੰਤ ਸੰਤੋਖ ਸਿੰਘ ਜੀ ਵਡ ਤੀਰਥ ਦੀ ਸਾਖੀ ਦਸਮ ਜੀ ਦੀ ਲਿਖਤ ਵਿਚੋਂ ਭੀ ਵਾਕ ਲਿਖੇ ਹਨ। ਸਤਿਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਬਾਬਤ—

"ਤਬ ਵੋਹ ਜਾਇ ਬਾਰਵੇਂ ਗੁਰੂ ਕੇ ਅਨੁਜ ਮਝਾਰੀ।
ਤੇਜ ਸਮਾਇਆ ਤਾਕੇ ਤਨ ਮੈ ਬੇਸੁਮਾਰੀ।
ਤਾਕੋ ਸਿਮਰੇ ਸੁਰ ਕਿਆ ਨਰ ਨਾਰੀ।
ਕੋਈ ਦਿਨ ਬੀਤ ਜਬ ਜਾਵੇ। ਤਾਕੇ ਸੁਤ ਮੈ ਵਹੀ ਤੇਜ ਆਏ ਸਮਾਏ।
ਤੀਨੋ ਕਾ ਤਨ ਏਕ ਸਰੂਪ ਕਰ ਜਾਨੋ। ਬਾਰ੍ਹਵੇਂ ਗੁਰੂ ਕਾ ਰੂਪ ਕਰ ਮਾਨੋ।"

ਅਗੋ ਸੰਤ ਜੀ ਗੁਰੂ ਕੇ ਦੌਰੇ ਵਿਚ ਜਾਣਾ ਤੇ ਜਿਵੇਂ ਵਰਤਦੇ ਰਹਿੰਦੇ ਸੀ ਲਿਖਦੇ ਹਨ, ਤਿੰਨਾਂ ਭਾਈਆਂ ਸਬੰਧੀ।

"ਇਕ ਦਿਨ ਗੁਰਦਿਆਲ ਸਿੰਘ ਜੀ ਦੇ ਹਾਥ ਮੈਂ ਖਡੌਣਾ ਸੀ। ਮੂੰਹ ਵਿਚ ਪਾਇਆ। ਗੁਰੂ ਜੀ ਬਚਨ ਕੀਤਾ, ਨਾ ਪਾਉ ਮੂੰਹ ਵਿਚ ਲਾਲ ਜੀ। ਤਤਕਾਲ ਫੇਂਕ ਦੀਆ। ਫੇਰ ਨਹੀਂ ਕਦੇ ਫੜਿਆ। ਬਘੀਆਂ, ਘੋੜੇ, ਗੱਡੇ, ਬੈਲ ਮਿੱਟੀ ਕੇ ਸੀ। ਫੇਰ ਮਹਾਰਾਜ ਜੀ ਬਚਨ ਕੀਤਾ, ਅੱਖਰ ਲਿਖਿਆ ਕਰੋ। ਫੇਰ ਅੱਖਰ ਲਿਖਣ ਲਗੇ। ਤਾਂ ਪੜ੍ਹ ਗਏ।" .

"ਮਹਾਰਾਜ ਨਿਹਾਲ ਸਿੰਘ ਜੀ ਕੋ ਦਸਤ ਲਗੇ। ਜਰੀ ਰਖਿਆ, ਸੀ ਨ ਕੀਤੀ। ਮਹੰਤ ਗੁਰਦਿੱਤ ਸਿੰਘ ਅੰਮ੍ਰਿਤਰੋਂ ਰਾਮਦਾਸ ਪੁਰੇ ਲੈ ਆਇਆ।

ਦਿੜ੍ਹ ਰਾਗੀ ਅੰਮ੍ਰਿਤਸਰ ਚੜ੍ਹਿਆ। ਉਸ ਦਾ ਸਸਕਾਰ ਕੀਤਾ ਤਾਂ ਸਿੰਘ ਸਭੀਆਂ ਨੇ ਛਾਪਿਆ, ਜੋ ਜਲਨਾ ਮੰਨੇ ਸੋ ਸਬਦ ਪੜ੍ਹੇ ਦਰਬਾਰ ਸਾਹਿਬ, ਤੇ ਸੰਗਤ ਮੈਂ।"

ਸਿੰਘ ਸਭੀਏ ਅਨੰਦ ਮਰਜਾਦਾ ਦੀ ਤਰ੍ਹਾਂ ਜੁਗਤ ਜੋੜੀ ਸਤਿਗੁਰੂ ਰਾਮ ਸਿੰਘ ਜੀ ਨੂੰ ਪੂਰਾ ਗੁਰੂ ਤੇ ਨਹੀਂ ਮੰਨਦੇ। ਪਰ ਉਸ ਦੀ ਮਰਜਾਦਾ ਦੀ ਨਕਲ ਕਰ ਅਸਲ ਦੇ ਕੁਝ ਉਲਟ ਕੁਝ ਉਂਝਿਆਂ ਦੇ ਅਨੰਦ ਉਧੇੜ ਜਿਵੇ ਕੀਤੇ ਸਾਣੇ। ਕਈ ਥਾਈਂ ਲਿਖਿਆ ਮਿਲਦਾ ਹੈ। ਹੋਰ ਭੀ ਗੁਰਮਤ ਲੀਹਾਂ ਸੁਣ, ਵੇਖ ਟੋਰ ਕੇ ਰਾਗੀਆਂ ਨੂੰ 'ਜਲੋ ਤਾਂ ਸਬਦ ਪੜ੍ਹੋ' ਕਹਿਣਾ ਆਦਿ ਕਰਦੇ ਹਨ।

## ਮੇਲੇ ਜਾਣੋ ਰੋਕਿਆ

ਮੈਂ ਸੰਤ ਸੰਤੋਖ ਸਿੰਘ ਜੀ ਦੀ ਲਿਖਤ ਹੀ ਜਿਉਂ ਕੀ ਤਿਉਂ ਲਿਖਦਾ ਹਾਂ—

"੧੯੫੮ ਦੇ ਦੌਰੇ ਵਿਚ ਹਿੰਦੂ ਚੱਕ ਜ਼ਿਲ੍ਹਾ ਗੁਜਰਾਂਵਾਲੇ ਵੈਸਾਖੀ ਦੇ ਦਿਨ ਏਮਨਾਬਾਦ ਮੇਲਾ ਦੇਖਣ ਵਾਲਿਆਂ ਦੇ ਨਾਲ ਜਾਣ ਦੀ ਸਾਹਿਬਜ਼ਾਦਿਆਂ ਅਰਜ ਕੀਤੀ, ਜੀ ਮੇਲਾ ਦੇਖ ਆਵੀਏ। ਬਚਨ ਹੋਇਆ, ਚਲੇ ਜਾਵਣ। ਪਰ ਪੈਰੀਂ ਟੁਰ ਕੇ ਜਾਵਨ।" ਕਿਉਂਕਿ ਰੋੜੀ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਤੇ ਇਹ ਮੇਲਾ ਲਗਦਾ ਸੀ। ਮੇਰੇ ਪਿੰਡ ਹਿੰਦੂ ਚੱਕ ਤੋਂ ਤਿੰਨ ਕੋਹ ਦਾਮਨ। ਦਹੂਰੇ ਦੀ ਗੁਠੇ। (ਤਰਨ ਸਿੰਘ)

"ਫੇਰ ਨ ਮੁੜਕੇ ਆਵਨ ਡੇਰੇ ਸੰਗਤ ਨਾਲ। ਰਾਮ ਦਾਸ ਪੁਰੇ ਨੂੰ ਚਲੇ ਜਾਵਨ।" (ਕਿਉਂਕਿ ਸੰਗਤ ਛੱਡ ਕੇ ਸਾਧਾਂ ਦੀ, ਲੋਕ ਮੇਲਾ ਦੇਖਨ ਨੂੰ ਜਾਣਾ ਚਾਹੁੰਦੇ ਸੀ॥ (ਤਰਨ ਸਿੰਘ)

"ਪਰਤਾਪ ਸਿੰਘ ਨਿਹਾਲ ਸਿੰਘ ਜੀ ਨ ਗਏ। ਹੋਰ ਕਈ ਸਿੰਘ ਨ ਗਏ। ਜਿਹੜੇ ਗਏ ਉਹਨਾਂ ਨੂੰ ਸੌ ਸੌ ਮਾਲਾ ਭਜਨ ਦੀ ਤਨਖਾਹ ਲਾਈ। ਕਿ ਚੁਰਾਸੀ ਕਾ ਮੇਲਾ ਕੋਈ ਸਿੱਖ ਨ ਦੇਖੇ ਸੁਣੇ।"

"ਨਾਭੇ ਵਾਲਾ ਹੀਰਾ ਸਿੰਘ ਆਇਆ ਸੀ। ਤਿਸ ਨੇ ਕਿਹਾ ਸੀ ਮੈਨੂੰ ਸਾਹਿਬਜ਼ਾਦੇ ਦਰਸਨ ਦੇ ਜਾਣ। ਤਿੰਨੇ ਗਏ ਦੋ ਦੋ ਮੋਹਰਾਂ ਦਿੱਤੀਆਂ ਕਹਾ ਕੁਛ ਪੜ੍ਹੇ ਹੋ। ਮਹਾਰਾਜ ਗੁਰਦਿਆਲ ਸਿੰਘ ਜੀ ਕਿਹਾ ਗੁਰਮੁਖੀ ਪੜ੍ਹੇ ਹੈਂ। ਕੁਰਸੀਆਂ ਪਰ ਬਠਾਲੇ। ਕਹਾ ਬੜੇ ਹੁਸ਼ਿਆਰ ਹੈਂ।" ਇਹ ਸੰਮਤ ੧੯੬੦ ਦਾ ਸਮਾਂ ਜਾਪਦਾ ਏ। (ਤਰਨ ਸਿੰਘ)

"ਮਾਨਾਂਵਾਲੇ ਵਾਲਾ ਸਰਦਾਰ ਸੁੰਦਰ ਸਿੰਘ ਅਰਜ ਕਰਕੇ ਲੈਣ ਆਇਆ। ੬੨ ਦੇ ਹੋਲੇ ਮੇਲੇ ਲਈ। ਮਹਾਰਾਜ ਜੀ ਬਚਨ ਕੀਤਾ ਹੁਣ ਤੁਸੀਂ ਦੌਰੇ ਕਰੋ। ਅਸੀਂ ਕਰ ਚੁੱਕੇ ਹੈਂ। ਤਿੰਨੇ ਸਾਹਿਬਜ਼ਾਦੇ ਨਾਲ ਮਾਈ ਜਿਉਣ ਕੌਰ ਜੀ ਗਏ। ਸਿੰਘ ਆਉਣ ਨ ਦੇਣ ਬੜਾ ਪ੍ਰੇਮ ਕਰਨ। ਸੁਖ ਸਾਂਤ ਨਾਲ ਮੁੜ ਆਏ ਰਾਮਦਾਸ ਪੁਰੇ। ਅਗੋਂ ੬੩ ਸੰਮਤ ਲਗਾ ਸੀ।"

ਨੇਤ੍ਰਾਂ ਦੀ ਖੇਡ ਵਰਤੀ ਕਰ ਗੁਰੂ ਹਰੀ ਸਿੰਘ ਜੀ ਨ ਗਏ ਸੀ ਇਸ ਹੋਲੇ ਤੇ।

### ਬਾਲ ਲੀਲਾ

ਸਤਿਗੁਰੂ ਪਰਤਾਪ ਸਿੰਘ ਜੀ ਦੇ ਪ੍ਰਤਾਪ ਕਰ ਗੁਰੂ ਹਰੀ ਸਿੰਘ ਜੀ ਭੀ ਹੁਣ ਇਹੋ ਜਿਹੇ ਵਾਕ ਕਰਦੇ ਜੋ ਭਵਿਖਤ ਦੇ ਲਖਾਇਕ ਹੁੰਦੇ। 'ਵਹਿਮੀ'

"ਬਚਨ ਹੋਇਆ—ਨੰਬਰਦਾਰਾਂ ਕੀ ਲੈ ਕੇ ਸਾਡੇ ਨਾਲ ਕੀਤੀਆਂ, ਪਰ ਅਸੀਂ ਕਿਸੇ ਨੂੰ ਕੁਝ ਨਹੀਂ ਕਿਹਾ। ਕਿਸੇ ਕੋ ਕੈਦ ਹੋਣ ਲਗਣੀ ਉਸ ਨੇ ਬੇਨਤੀ ਕਰਨੀ ਅਸਾਂ ਛੁਡਾਏ ਦੇਣਾ। ਅਸੀਂ ਤਾਂ ਪੁਠੇ ਟੋਪੇ ਵਾਲੀ ਗੱਲ ਕੀਤੀ ਰਖੀ ਹੈ। ਕਿਸੇ ਨੂੰ ਦੁਖ ਨਹੀਂ ਦਿੱਤਾ। ਸਾਡੇ ਨਾਲ ਨੇੜੇ ਦੂਰਦਿਆਂ ਪੁਜ ਕੇ ਕੀਤੀ ਹੈ। ਪਰ ਹੁਣ ਹਾਰ ਕੇ ਹਟ ਗਏ ਹੈਂ। ਹੁਣ ਕੋਈ ਬੋਲ ਨਹੀਂ ਸਕਦਾ।"

Sri Satguru Jagjit Singh Ji Elibrary NamdhariElibrary@gmail.com

"ਖੇਤ ਦੇ ਬੰਨੇ ਪਰ ਸਰਕੜਾ ਸੀ। ਸਿੰਘ ਨੇ ਜਾਇ ਬਢਿਆ। ਜਿਮੀਂਦਾਰ ਕਹੇ, ਮੇਰਾ ਹੈ। ਮਹਾਰਾਜ ਜੀ ਕੇ ਹਜ਼ੂਰ ਅਰਜ਼ ਕੀਤੀ। ਬਚਨ ਹੋਇਆ, ਇਹਨਾਂ ਕੀਆਂ ਗਰਦਨਾਂ ਮੇਂ ਕੀਲੇ ਠੁਕੇ ਹੋਏ ਹੈਨ। ਸੋ ਤੰਨਣੇ ਹਨ ਹੰਕਾਰ ਕੇ ਕੀਲੇ। ਤੰਨ ਕੇ ਛਡਾਂਗੇ। ਸਾਡੀ ਗਰਦਨ ਬੱਤੀ ਸਾਲ ਦੀ ਨੀਵੀਂ ਹੋਈ ਹੋਈ ਹੈ। ਇਹਨਾਂ ਦੀ ਨੀਵੀਂ ਕਰਾਂਗੇ।"

"ਹੁਣ ਉਹ ਵੇਲਾ ਨਹੀਂ—ਜੂਹ ਮੇਂ ਨ ਵੜਨ ਦੇਂਦੇ ਸੀ। ਹੁਣ ਤੇ ਰਾਮਸਰ ਪਰ ਹੀ ਪਿੰਡ ਬਸ ਗਿਆ ਹੈ, ਜਿਥੇ ਖੜੇਨ ਨ ਦੇਂਦੇ ਸੀ। ਉਹ ਭੀ ਵੇਲਾ ਸੀ ਜਦੋਂ ਸਿੰਘ ਕੰਧਾਂ ਟੱਪ ਕੇ ਉਤੋਂ ਦੀ ਛਾਲਾਂ ਮਾਰਦੇ ਹੁੰਦੇ ਸੀ।"

"੭) ਰੁਪੈ ਮਹੀਨਾ ਮੁਕਬਲੀ ਦਾ ਲੈਂਦਾ ਸੀ ਨੰਬਰਦਾਰ ਕਟਾਣੀ ਦਾ। ਉਸ ਦਾ ਮੁੰਡਾ ਰੋਜ਼ ਆਇਆ ਕਰੇ। ਟਾਕੂਆ ਸਿਕਲ ਕਰਕੇ ਹੱਥ ਵਿਚ ਰਖਿਆ ਕਰੇ। ਤੀਏ ਦਿਨ ਖੂੰਡ ਉਤੇ ਆਏ ਬੈਠਿਆ ਕਰੇ। ਇਕ ਦਿਨ ਟਾਕੂਆ ਸੀ ਖੋਹ ਲਿਆ। ਮੁਕੇ ਮਾਰੇ। ਚੁੱਪ ਕੀਤਾ ਹੀ ਚਲਾ ਗਿਆ। ਹੁਣ ਸਭ ਮਰ ਗਏ ਹਨ ਬਦੀਆਂ ਕਰਨ ਵਾਲੇ। ਉਹਨਾਂ ਦੇ ਖਾਨੇ ਖਰਾਬ ਹੋਏ ਹਨ। ਹੁਣੇ ਹਾਰੇ ਹਨ। ਹੁਣ ਸਗੋਂ ਅਦਬ ਰਖਦੇ ਹਨ।"

"ਜਦ ਬਚਨ ਕਰਨਾ ਇਹੋ ਕਰਨਾ। ਬੜੇ ਰੰਗ ਦਿਖਾਵਾਂਗੇ। ਬੜੇ ਸੁਖ ਹੋਣਗੇ।"—"ਇਕ ਸਮੇਂ ਪਰਤਾਪ ਸਿੰਘ ਜੀ ਖੇਡਦੇ ਸੀ। ਦੇਖ ਕੇ ਬਚਨ ਕੀਤਾ ਸ਼ਤਾਬੀ ਸ਼ਤਾਬੀ ਬਡਾ ਹੋ।" ਏਕ ਵੇਰ ਬਚਨ ਕੀਤਾ—"ਇਹੀ ਪੁਛਣਗੇ ਜਿਸ ਨੂੰ ਪੁਛਣਾ ਹੈ।" —ਗੁਰਦਿੱਤ ਸਿੰਘ ਗੰਢੇ ਵਾਲੇ ਦੇ ਲੜਨ ਦਾ ਕਹਿਣ ਤੇ ਗੁਰੂ ਹਰੀ ਸਿੰਘ ਜੀ ਹੁਕਮ ਕੀਤਾ।—

"ਕਿ ਕੰਮ ਕਰਾਇਆ ਕਰੋ ਜਵਾਨ ਹੋਏ ਹੋ। ਤੁਹਾਡਾ ਹੁਣ ਅਸਰ ਹੈ। ਫੇਰ ਭੀ ਤੇ ਆਪ ਹੀ ਸਭ ਕਰਾਨੇ ਹੈਂ। ਤੁਹਾਡਾ ਬਚਨ ਜਿਸ ਨਹੀਂ ਮੰਨਣਾ ਹੁੰਦਾ ਉਹ ਭੀ ਮੰਨ ਲੈਂਦਾ ਹੈ ਹੁਣ।" "ਨਹਿਰ ਦੇ ਬਾਬੂ ਤੇ, ਕਟਾਣੀ ਦੇ ਵਰਿਆਮ ਸਿੰਘ ਨੰਬਰਦਾਰ ਸ਼ਕਾਇਤ ਕੀਤੀ ਕਿ ਨਹਿਰ ਵਾਲੇ ਬਾਬੂ ਨੇ ਬੜੀਆਂ ਮੋਟੀਆਂ ਲਕੜੀਆਂ ਦਿੱਤੀਆਂ ਹੈਣ ਕੂਕਾ ਭੈਣੀ ਨੂੰ। ਜਿਲੇ ਨੇ ਬਾਬੂ ਨੂੰ ਪੁਛਿਆ, ਕਿ ਕਿਆ ਕਰਦੇ ਹੈਂ ਲਕੜੀਆਂ? ਬਾਬੂ ਨੇ ਕਿਹਾ, ਲੰਗਰ ਮੇਂ ਜਲਦੀਆਂ ਹੈਂ। ਨਹਿਰ ਵਾਲੇ ਫਰੰਗੀ ਨੇ ਦਿੱਤੀ ਹੈ ਲਕੜੀ। ਜੇ ਉਹ ਕੂਕਾ ਹੈ ਤਾਂ ਹਮ ਭੀ ਕੂਕੇ ਹੈਂ। ਸੁਣ ਕੇ ਜਿਲਾ ਚੁੱਪ ਕਰ ਰਿਹਾ। ਕੋਈ ਉਤਰ ਨ ਦੀਆ। ਨਿੰਦਕਾਂ ਕੇ ਮੂੰਹ ਕਾਲੇ ਹੋਏ। ਸੁਣ ਕੇ ਮਹਾਰਾਜ ਜੀ ਚੁੱਪ ਕਰ ਰਹੇ। ਘੜੀ ਬਾਅਦ ਬਚਨ ਕੀਤਾ—ਕਿਤਨੀ ਛੱਖ ਮਾਰਨ ਹੁਣ ਪੇਸ਼ ਨਹੀਂ ਜਾਂਦੀ। ਹੁਣ ਉਹ ਸਮਾਂ ਬੀਤ ਗਿਆ ਹੈ। ਹੁਣ ਖੇਹ ਖਾਇ ਕੇ ਸਭ ਹਟ ਜਾਣਗੇ।"

੧੯੫੬ ਸੰਮਤ ਵਿਚ ਗੁਰੂ ਹਰੀ ਸਿੰਘ ਜੀ ਉਟਾਲੀਂ ਦਰਸ਼ਨ ਦਿੱਤੇ, ਨਾਲ ਸਤਿਗੁਰੂ ਪਰਤਾਪ ਸਿੰਘ ਜੀ ਭੀ ਸੀ, ਇਸ ਦੌਰੇ ਵਿਚ ਤੇ ਹੋਰ ਕੁਝ ਸੰਗਤ ਭੀ।

ਬਾਬੇ ਦੀਦਾਰ ਸਿੰਘ ਜੀ ਉਟਾਲਾਂ ਵਾਲਿਆਂ ਨੇ ਆਸਾ ਦੀ ਵਾਰ ਦੇ ਭੋਗ ਪੈਣ ਸਾਰ ਇਕ ਰੇਸ਼ਮ ਦੀ ਮਾਲਾ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਮੱਥਾ ਟੇਕ ਭੇਟਾ ਕੀਤੀ ਤੇ ਉਚੀ ਉਚੀ ਹੋਕਾ ਦੇ ਕੇ ਸੰਗਤ ਨੂੰ ਸੁਣਾ ਕੇ ਕਿਹਾ, "ਮੇਰੀ ਮੰਗ ਸੀ ਕਿ ਮੈਂ ਮਾਲਾ, ਹੇ ਸੱਚੇ ਪਾਤਸ਼ਾਹ ਸਤਿਗੁਰੂ

ਰਾਮ ਸਿੰਘ ਜੀ ! ਆਪ ਦੇ ਦਰਸਨ ਕਰਕੇ ਏਸੇ ਜਨਮ ਵਿਚ ਭੇਟਾ ਕਰਾ । ਮੈ ਰੀੜ ਨਾਲ ਬਣਾ ਰਖੀ ਸੀ ।" ਰਾਤ ਅਰਦਾਸਾ ਕੀਤਾ ਸੀ ਤੇ ਸਤਿਗੁਰੂ ਜੀ ਦਰਸਨ ਦੇ ਹੁਕਮ ਕੀਤਾ ਹੈ, "ਮੇਰਾ ਦਰਸਨ ਸਾਖਿਆਤ ਅਜੇ ਛੇਤੀ ਨਹੀਂ ਦੇਸ 'ਚ ਹੋਣਾ, ਪਰ ਮੇਰੇ ਕਹੇ ਕਈ ਬਚਨਾਂ ਨੂੰ ਪੂਰੇ ਕਰਨ ਵਾਲੇ ਪਰਤਾਪ ਸਿੰਘ ਨੂੰ ਇਹ ਭੇਟਾ ਕਰ, ਜਾਣ ਮੈਨੂੰ ਹੀ ਪਹਿਨਾਈ ਹੈ ।" ਮੈਂ ਸਤਿਗੁਰੂ ਜੀ ਪਾਸੋ ਪੁਛਿਆ, ਇਹ ਦੀਦਾਰ ਸਿੰਘ ਜੀ ਕੈਸੀ ਕਰਨੀ ਵਾਲੇ ਸਾਧੂ ਸੀ ? ਤਾਂ ਸਤਿਗੁਰੂ ਪਰਤਾਪ ਸਿੰਘ ਜੀ ਦੱਸਿਆ, "ਇਹਨਾਂ ਸੰਤਾਂ ਨੂੰ ਹੀ ਸਤਿਗੁਰੂ ਜੀ ਸਭ ਤੋਂ ਪਹਿਲਾਂ ਉਨ ਦੀ ਮਾਲਾ ਬਨਾਣ ਦੀ ਜਾਚ ਦੱਸੀ ਸੀ ।" ਸਤਿਗੁਰੂ ਜੀ ਬਚਨ ਕੀਤਾ, "ਇਹ ਸੁਨਿਆਰੇ ਸੀ ਤੇ ਉਸ ਦਿਨ ਪਹਿਲੀ ਹਾੜ ਦੀ ਸੀ ।" ਮੈ ਸੁਣ ਹੈਰਾਨ ਹੋਇਆ ਤੇ ਕਿਹਾ, "ਆਪ ਦਾ ਚੇਤਾ ਖੜਾ ਪੱਕਾ ਹੈ ।" ਪਊਏ, ਗੜਵੇ, ਕਛਹਿਰਿਆਂ ਦੀ ਕਾਟ ਸਿੱਖਣ ਵਾਲੇ ਸਿੱਖਾਂ ਦੇ ਭੀ ਆਪ ਨੂੰ ਨਾਮ ਚੇਤੇ ਹੋਣਗੇ । ਸੋ ਭੀ ਦਸੋ । ਤਾਂ ਬਚਨ ਕੀਤੇ ਨੇ, "ਸੁਣੋ ਤੇ ਪੜ੍ਹੋ ਕੰਮ ਦੇ ਬਚਨ ਮੈਨੂੰ ਘੱਟ ਹੀ ਭੁਲਦੇ ਹਨ ਤੇ ਤੈਨੂੰ ਦੱਸਦਾ ਹਾਂ ।"

## ਪਵਿਆਂ ਦੀ ਜਾਚ

ਸਤਿਗੁਰੂ ਰਾਮ ਸਿੰਘ ਜੀ ਨੇ ਪਵਿਆਂ ਦੀ ਜਾਚ ਸ਼ੇਰ ਪੁਰ ਵਾਲੇ ਚਰਨ ਦਾਸ ਨੂੰ ਦੱਸੀ ਸੀ । ਸ਼ਾਮ ਸਿੰਘ ਦਰਜੀ ਫਲੌਰ ਦੇ ਨੂੰ ਕਛਹਿਰਿਆਂ ਦੀ ਕਾਟ ਤੇ ਸਿਊਣਾ ਦੱਸਿਆ ਸੀ । ਗੜਵੇ ਦੀ ਜਾਚ ਵਸਾਖਾ ਸਿੰਘ ਜੀ ਭੋਮੇ ਵਡਾਲੇ ਦੇ ਜ਼ਿਲ੍ਹਾ ਅੰਮ੍ਰਿਤਸਰ ਨੂੰ ਦੱਸੀ ਸੀ ਤੇ ਪਾਸ ਬੈਠ ਕੇ ਸਤਿਗੁਰੂ ਰਾਮ ਸਿੰਘ ਜੀ ਬਣਵਾਇਆ ਸੀ ਉਹ ਸਿੱਖ ਸਜ, ਭੈਣੀ ਸਾਹਿਬ ਹੀ ਆ ਰਿਹਾ ਸੀ ।

ਸਤਿਗੁਰੂ ਜੀ ਵਲੋਂ ਹੁਕਮ ਸੀ, ਹੋਰ ਜੋ ਸਿੱਖ ਪੁਛੇ ਤੁਸੀਂ ਖੁਸ਼ ਹੋ ਜਾਚ ਦਸੋ ਸਭ ਨੂੰ । ਵਸਾਖਾ ਸਿੰਘ ਜੀ ਭੈਣੀ ਸਾਹਿਬ ਹੀ ਰਹੇ ਸੀ ਤੇ ਉਹਨਾਂ ਤੋਂ ਭੈਣੀ ਸਾਹਿਬ ਦੇ ਸੰਗਤ ਸਿੰਘ ਤੇ ਹੁਕਮ ਸਿੰਘ ਸਿਖੇ, ਗੜਵੇ ਤੇ ਆਪ ਬਣਾਂਦੇ ਪਰ ਖੂਟੀਆਂ ਰੋਹਣੋਂ ਤੋਂ ਹੀ ਲਿਆਉਂਦੇ ਪਿਤਲ ਦੀਆਂ, ਪਵਿਆਂ ਵਾਸਤੇ ।

## ਗੜਵੇ ਨੂੰ ਕੁੰਡਾ

ਸਤਿਗੁਰੂ ਰਾਮ ਸਿੰਘ ਜੀ ਇਹਨਾਂ ਨੂੰ ਦੌਰੇ ਨਾਲ ਰਖ, ਉਪਦੇਸ਼ ਦਿੱਤਾ ਕਿ ਤੁਸੀਂ ਖੂਟੀਆਂ ਭੀ ਆਪ ਬਣਾਵੋ, ਪਰ ਇਹ ਗੁਰੂ ਹਰੀ ਸਿੰਘ ਜੀ ਤਕ ਰੋਹਣੋਂ ਤੋਂ ਹੀ ਖੂਟੀਆਂ ਬਣਵਾ ਲਿਆਉਂਦੇ ਰਹੇ । ਸਤਿਗੁਰੂ ਪਰਤਾਪ ਸਿੰਘ ਜੀ ਦੱਸਿਆ, ਇਹ ਲੱਕੜ ਦੀਆਂ ਖੂਟੀਆਂ ਤੇ ਅਸਾਂ ਆਪਣੀ ਵਰਕਸ਼ਾਪ ਵਿਚ ਬਣਾ ਟੋਰੀਆਂ ਹਨ । ਕਿਉਂਕਿ ਪਿੱਤਲ ਦੀਆਂ ਤੇ ਕਾਲੀ ਘਾਸ ਭੀ ਪਾਂਦੀਆਂ ਹਨ । ਪਿਤਲ ਲੋਹੇ ਦੀਆਂ ਖੂਟੀਆਂ ਮਰਦਮੀ ਤਾਕਤ ਦਾ ਹਰਜ ਭੀ ਕਰਦੀਆਂ ਹਨ, ਇਸ ਲਈ ਬੰਦ ਕੀਤੀਆਂ ਹਨ । ਸਤਿਗੁਰੂ ਜੀ ਬਚਨ ਕੀਤਾ, ਪਹਿਲੋਂ ਗੜਵੇ ਨੂੰ ਕੁੰਡਾ ਨਹੀ ਹੁੰਦਾ ਸੀ । ਇਹ ਭੀ ਗੁਰੂ ਹਰੀ ਸਿੰਘ ਜੀ ਸਮੇਂ ਹੀ ਪ੍ਰੱਚਲਤ ਹੋਇਆ ਹੈ । ਮੈਂ ਅਰਜ਼ ਕੀਤੀ, ਕੁੰਡੇ ਕਿਉਂ ਨਹੀਂ ਸੀ ਲਾਂਦੇ ? ਤਾਂ ਸਤਿਗੁਰੂ ਜੀ ਬਚਨ ਕੀਤਾ, ਕੁੰਡੇ ਦੇ ਅੰਦਰ ਬਾਹਰ ਮੈਲ, ਮਿੱਟੀ ਰਹਿਣ ਦਾ ਖਿਆਲ ਕਰਕੇ । ਸਤਿਗੁਰੂ ਰਾਮ ਸਿੰਘ ਜੀ ਮੁੰਜ ਦੇ ਬੁਗਨੇ ਹੀ ਰਖਾਂਦੇ ਸੀ । ਗੁਰੂ ਹਰੀ ਸਿੰਘ ਜੀ ਨੇ ਕੁੰਡੇ ਤੇ ਲਵਾ ਲੈਣ ਦਾ ਹੁਕਮ ਦਿੱਤਾ ਸੀ ਪਰ ਪੂਰੀ ਤਰ੍ਹਾਂ ਅੰਦਰੋ ਬਾਹਰੋਂ ਸਾਫ ਕਰਨ ਦਾ ਭੀ ਹੁਕਮ ਕੀਤਾ ਸੀ ।

ਸਤਿਗੁਰੂ ਪਰਤਾਪ ਸਿੰਘ ਜੀ ਦੱਸਿਆ, ਇਸ ਦੌਰੇ ਉਟਾਲਾਂ ਦੇ ਸਮੇਂ, ਸਾਥ ਬਾਬਾ ਜੈਮਲ

Sri Satguru Jagjit Singh Ji Elibrary NamdhariElibrary@gmail.com

ਸਿੰਘ ਮਾਂਗੋ ਦੇ ਖੂਹ ਵਾਲਾ, ਸੰਤ ਸੇਵਾ ਸਿੰਘ ਕਕੜਾਂ ਵਾਲੇ ਤੇ ਸੰਤ ਉੱਤਮ ਸਿੰਘ ਜੀ ਰਾਇਸਰ ਵਾਲੇ ਭੀ ਸੀ । ਮੈਂ ਸੰਤ ਉੱਤਮ ਸਿੰਘ ਜੀ ਦੀ ਚਰਨੀਂ ਹੱਥ ਲਾਇਆ ਤੇ ਉਹਨਾਂ ਮੇਰੀ ਚਰਨੀਂ ਹੱਥ ਲਾਇਆ । ਮੈਂ ਗੁਰੂ ਹਰੀ ਸਿੰਘ ਜੀ ਪਾਸ ਅਰਜ ਕੀਤੀ ਕਿ ਮੈਂ ਤੇ ਇਸ ਲਈ ਚਰਨੀਂ ਹੱਥ ਲਾਇਆ ਹੈ ਕਿ ਉਹਨਾ ਮੈਨੂੰ ਭਜਨ ਦੱਸਿਆ ਹੈ ਤੇ ਗੁਰੂ ਜੀ ਆਪ ਨੂੰ ਚੰਗੇ ਕਮਾਈ ਮਨਜ਼ੂਰੀ ਵਾਲੇ ਸਾਧੂ ਜਾਣਦੇ ਹਨ । ਦੱਸੋ, ਇਹਨਾਂ ਕਿਉਂ ਲਾਇਆ ਹੈ ? ਸੰਤ ਜੀ ਕਿਹਾ, ਤੁਸੀਂ ਗੁਰੂ ਕੀ ਅੰਸ ਹੋ ਗੁਰੂ-ਅੰਸ ਦਾ ਗੁਰੂ ਭੀ ਅਦਬ ਕਰਦੇ ਰਹੇ ਹਨ । ਮੈਂ ਭਜਨ ਉਸ ਤਰ੍ਹਾਂ ਹੁਕਮ ਨਾਲ ਦੱਸਿਆ ਹੈ, ਜਿਵੇ ਨੌਕਰ ਖੇਤ ਵਿਚ ਬੀਜ ਦਾ ਛੱਟਾ ਮਾਲਕ ਦੇ ਕਹੇ ਦੇਂਦਾ ਹੈ । ਖੇਤ ਦਾ ਮਾਲਕ ਤੇ ਬੀਜ ਵਾਲਾ ਹੀ ਹੁੰਦਾ ਹੈ ।

ਗੁਰੂ ਹਰੀ ਸਿੰਘ ਜੀ ਬਚਨ ਕੀਤਾ, ਤੁਸੀਂ ਦੋਵੇਂ ਹੀ ਸੱਚੇ ਹੋ । ਪਰ ਇਹੋ ਜਿਹਾ ਜਾਨਣਾ ਤੇ ਬਣੇ ਰਹਿਣਾ ਸਦਾ ਬੜੀ ਸਰਧਾ ਵਾਲਿਆਂ ਦਾ ਕੰਮ ਹੈ ।

ਮੈਂ ਇਹ ਬਚਨ ਸੁਣ ਅਰਜ ਕੀਤੀ, ਆਪ ਨੂੰ ਬੜੇ ਪੁਰਾਣੇ ਬਚਨ ਯਾਦ ਹਨ । ਮੈਂ ਸੁਣਿਆ ਹੈ ਪਹਿਲੇ ਪੋਥੀ ਭੀ ਮੋਢੇ ਦੇ ਉੱਤੇ ਹੀ ਬੰਨ੍ਹ ਰਖਦੇ ਸੀ ਸਾਧ । ਤਾਂ ਸਤਿਗੁਰੂ ਜੀ ਬਚਨ ਕੀਤਾ ਸਤਿਗੁਰੂ ਜੀ ਸਮੇਂ ਪਹਿਲੇ ਤੇ ਇਸ ਤਰ੍ਹਾਂ ਹੀ ਮੋਢੇ ਤੇ ਰਖਦੇ ਸੀ ਪਰ ਬਾਅਦ ਸਤਿਗੁਰੂ ਜੀ ਹੀ ਗਾਤਰੇ ਬਣਵਾਏ ਤੇ ਕਿਹਾ ਸੀ, ਇਸ ਤਰ੍ਹਾਂ ਔਖ ਘੱਟ ਹੁੰਦਾ ਹੈ । ਭਾਵੇਂ ਬਾਣੀ ਬਗਲ ਤਲੇ ਆ ਜਾਂਦੀ ਹੈ । ਹੁਕਮ ਭੀ ਕੀਤਾ ਸੀ ਕਿ ਮਾਲਾ ਦੀ ਤਰ੍ਹਾਂ ਪੋਥੀ ਦੀ ਬੇਅਦਬੀ ਕਦੀ ਨਾ ਹੋਵੇ । ਜੰਗਲ ਨਾ ਲਿਜਾਣੀ ਸਾਥ, ਪਵਾਂਦੀ ਨਾ ਧਰਨੀ ਤੇ ਅਪਵਿਤ੍ਰ ਹੱਥ ਨਾ ਲਾਣੇ । ਮੈਂ ਅਰਜ ਕੀਤੀ ਇਹ ਓਟਾਲਾਂ ਕਿਥੇ ਕੁ ਹਨ ? ਤਾਂ ਕਿਹੋ ਨੇ, ਲੁਧਿਆਣੇ 'ਚ ਹੀ ਭੈਣੀ ਸਾਹਿਬ ਨੇੜੇ ਹੈ ।

## ਸਤਿਗੁਰੂ ਜੀ ਦੀ ਰਸਨਾ ਤੋਂ

ਸਤਿਗੁਰੂ ਜੀ ਦੀ ਯਾਦ ਦੇ, ਸੰਗਤ ਦੇ ਲਾਭ ਲਈ ਬਚਨ—੧੯੫੩ ਦਰਤਪ ਵੱਲੋਂ ਗੁਰੂ ਹਰੀ ਸਿੰਘ ਜੀ ਦੀ ਬਾਬਤ, ੩੧ ਜੇਠ ੨੦੧੩ ਨੂੰ ਮੰਡੀ, ਬਿਆਸ ਕੰਢੇ, ਕੋਠੀ ਵਿਚ ਬੈਠਿਆਂ, ਸਤਿਗੁਰੂ ਪਰਤਾਪ ਸਿੰਘ ਜੀ ਬਚਨ ਸੁਣਾਏ ।

ਗੁਰੂ ਹਰੀ ਸਿੰਘ ਜੀ ਦਾ ਸਿਆਲਕੋਟ ਦੇ ਜ਼ਿਲ੍ਹੇ ਵਿਚ ਹੱਤੇਵਾਲ ਦੌਰਾ ਸੀ । ਗਿਲਾਂ ਬਾਬਾ ਜਮੀਤ ਸਿੰਘ ਵਾਲਿਆਂ ਤੋਂ, ਜਮੀਤ ਸਿੰਘ ਜੀ, ਲਾਲੇ ਦੇ ਗੰਗਾ ਸਿੰਘ ਜੀ ਤੇ ਜੇਠਾ ਸਿੰਘ ਜੀ ਚਪਈ, ਸਾਉਣ ਸਿੰਘ ਜੀ ਸਦੋਵਾਲ, ਰਲੇ ਤੇ ਹੱਤੇਵਾਲ ਜਾ ਮਿਲੇ । ਰਾਹੇ ਜਾਂਦਿਆਂ ਗੰਗਾ ਸਿੰਘ ਨੇ ਬਾਬੇ ਜਮੀਤ ਸਿੰਘ ਨੂੰ ਕਿਹਾ, ਬਾਬੇ ਬਾਲਕ ਸਿੰਘ ਜੀ ਦਾ ਸਿੰਘ ਦੋਕਾ, ਮਸਤ, ਚਾਦਰ ਵਿਛਾ ਜੋ ਖੇਲਾ ਕਰਦਾ ਹੁੰਦਾ ਸੀ । "ਬੈਠੇ ਗੁਰੂ ਬਾਲਕ ਸਿੰਘ, ਬੈਠੇ ਗੁਰੂ ਰਾਮ ਸਿੰਘ, ਬੈਠੇ ਬਾਬਾ ਬੁੱਧ ਸਿੰਘ ਜੀ ।" ਇਹ ਉਹੋ ਬੁੱਧ ਸਿੰਘ ਹੀ ਨਾ ਹੋਵੇ । ਬਾਬੇ ਜਮੀਤ ਸਿੰਘ ਜੀ ਕਿਹਾ, ਇਹੋ ਹੀ ਤਾਂ ਵੇਖਣ ਤੁਰੇ ਹਾਂ ।

## ਸਭ ਦੀ ਨਿਸ਼ਾ ਕੀਤੀ

ਜਾਂ ਦੀਵਾਨ ਦਾ ਰਸ ਬਣਿਆ ਤਾਂ ਬਾਬੇ, ਗੁਰੂ ਹਰੀ ਸਿੰਘ ਜੀ ਦੇ ਕੋਲ ਹੋ ਪੁੱਛਿਆ, ਪੰਜਾਂ ਦਾ ਕੀ ਹਾਲ ਦੇ ਵੱਸ ਹੋਏ ਜੇ । ਗੁਰੂ ਜੀ ਕਿਹਾ, ਜਮੀਤ ਸਿੰਘ ਜੀ, ਜੇ ਇਕ ਹੀ ਵਸ ਆ ਜਾਵੇ ਤਾਂ ਥੋੜਾ ਹੈ ? ਜਾਣੋ ਸਭੇ ਵਸ ਹੋ ਗਏ । ਸੁਣ ਸਭ ਦੀ ਨਿਸ਼ਾ ਹੋਈ ਤੇ ਚਰਨੀ ਲਗੇ । ਬਾਬੇ ਨੇ ਮਾਇਆ ਭੇਟਾ ਹੁੰਦੀ ਤੇ ਮਾਨ ਪੂਜਾ ਹੁੰਦੀ ਵੇਖ ਟੋਹ ਕੀਤੀ ਸੀ, ਪਾਜ ਹੀ ਤੇ ਨਹੀਂ ਬਣਿਆ ਹੋਇਆ ? ਤਾਂ ਗੁਰੂ ਜੀ ਉਤਰ ਦਿੱਤਾ ਸੀ, ਜੇ ਇਕੋ ਮਨ ਹੀ ਵਸ ਆ ਜਾਵੇ ਤਾਂ ਪੰਜਾਂ ਦੀ ਕੀ ਗੱਲ ਏ, ਸਭ ਇੰਦ੍ਰੀਆਂ ਤੇ ਸੰਸਾਰ ਹੀ ਵਸ ਹੋਇਆ ਜਾਣੋ ।

ਆਪਣੀ ਨਗਰੀ ਚਰਨ ਪਵਾਉਣ ਦੀ ਸਭ ਨੇ ਅਰਜ ਕੀਤੀ ਤੇ ਫੇਰ ਮਨ ਕਦੇ ਗਿਣਤੀ ਨਾ ਕੀਤੀ । ਦੌਰਾ ਗਿਲੀ ਗਿਆ । ਸੰਤ ਲਾਲ ਸਿੰਘ ਜੀ ਤੇ ਕਾਲੂ ਰਾਗੀ ਹੋਰੀ ਨਾਲ ਸੀ ।

ਦੀਵਾਨ ਲਗਾ, ਰਸ ਬਣਿਆ । ਜਦ ਕਾਲੂ ਪ੍ਰਮਾਨ ਲਾਣ ਸਮੇਂ ਪੜ੍ਹਿਆ—

ਮਾਨ ਅਭਿਮਾਨ ਅਸਾਂ ਦੋਵੇਂ ਛਿਠੇ ਖੂਬੀ ਖੱਤੀ ਜਾਂਦੇ ।
ਨੀਵਿਆਂ ਰੁਖਾਂ ਦੇ ਫਲ ਮਿਠੇ ਫਿਕੇ ਊਚ ਕਹਾਂਦੇ ।
ਪਾਣੀ ਢਲ ਨੀਵੀਂ ਥਾਂ ਆਇਆ ਟਿਬੇ ਰਹੇ ਹੁੜਾਂਦੇ ।
ਸਤਿਗੁਰੂ ਰਾਮ ਸਿੰਘ ਜੇ ਸਾਨੂੰ ਨਾ ਮਿਲਦਾ ਤਾ ਅਸੀਂ ਭੀ ਔਤਰ ਜਾਂਦੇ ।

ਇਹ ਸੁਣ, ਬਾਬਾ ਜਮੀਤ ਸਿੰਘ ਜੀ ਮਸਤ ਹੋ ਵੈਰਾਗੀ ਹੋਏ ਕਹੀ ਜਾਂਦੇ, ਹੁਣ ਕਿਤੇ ਸਾਨੂੰ ਰਹਿਣ ਭੀ ਦੇਣਾ ਜੇ ਕਿ ਨਾ । ਅਸਾਂ ਮਾਨ ਭੀ ਛਡਿਆ ਜੋ ਮਨ ਸੰਸਾਰ ਪਾਸੇ ਮੰਗਾਦਾ ਸੀ । ਅਸਾਂ ਅਭਿਮਾਨ ਭੀ ਛਡਿਆ ਜੋ ਕੁਝ ਹੋ ਆਉਣ ਤੇ ਅੰਦਰ ਆਉਂਦਾ ਸੀ । ਤੁਹਾਨੂੰ ਮੰਨਿਆਂ ਮਨੂਏ ਨੂੰ ਡੰਨਿਆ । ਸਭ ਭੁਲਾਂ ਹੀ ਭੁਲਾਂ ਭਾਸਦੀਆਂ ਹਨ । ਇਸ ਆਪ ਦੀ ਦਿੱਤੀ ਨੀਵੀਂ ਤੋਂ ਨੀਵੀਂ ਸੋਚੀ ਤੋਂ ਬਿਨਾਂ, ਤੇ ਕਿਹਾ, ਤੂੰ ਸਦਾ ਹੀ ਬਖਸ਼ਿੰਦ ਹੈਂ, ਬਖਸ਼ ! ਬਖਸ਼ ! ਮੈਨੂੰ ਬੰਦੇ ਨੂੰ ਆਪਣੀ ਬੰਦ ਵਿਚ ਰਖ ਤੇ ਮੈਂ ਮਨ ਦੇ ਬੰਧਨਾਂ ਤੋਂ ਮੁਕਤ ਰਹਾਂ । ਸਭ ਬਾਬੇ ਦੇ ਸਰਧਾਲੂਆਂ ਭੀ ਗੁਰੂ ਜੀ ਤੇ ਸਰਧਾ ਧਾਰੀ ਤੇ ਦਰਬਾਰ ਦਾ ਦੌਰਾ ਕਰ ਭੈਣੀ ਸਾਹਿਬ ਆਏ ਸੀ ।

ਸਤਿਗੁਰੂ ਜੀ ਦੱਸਿਆ, ਇਹ ਮੇਰੇ ਸੁਣੇ, ਸਾਧਾਂ ਪਾਸੋਂ ਬਚਨ ਯਾਦ ਹਨ । ਹਾਂ, ੧੯੫੪ 'ਚ ਦਰਬਾਰ ਦੇ ਦੌਰੇ ਸਮੇਂ ਮੈਂ ਨਾਲ ਸਾਂ । ਗੁਰੂ ਸਿੰਘ ਜੀ ਸੋਹੇ ਤੇ ਨਾਲ ਕਈ ਜੋੜੀਆਂ ਰਾਗੀਆਂ ਦੀਆਂ ਹੁੰਦੀਆਂ ਸੀ । ਤਾਊਸਾਂ ਨੇ ਸਬਦ ਪੜ੍ਹਦੇ । ਕਿਰਪਾਲ ਸਿੰਘ ਮਜ਼ਬੀ ਭਦੌੜ ਦਾ, ਖਜਾਨ ਸਿੰਘ ਛਾਪੇ ਦਾ (ਮਲੇਰ ਕੋਟਲੇ ਕੋਲ ਦਾ), ਨਥਾ ਸਿੰਘ, ਕਥਾ ਸਿੰਘ, ਹਜਾਰਾ ਸਿੰਘ ਭਾਨਾਂ ਗੋਂਦ-ਕੇ ਜ਼ਿਲਾ ਗੁਜਰਾਂਵਾਲਾ ਦੇ, ਕਾਲੂ, ਮਤੂ, ਵਡੂ ਹਵੇਲੀ ਕੋਟਲੀ ਤੇ ਬਲੋਤੋਲੇ ਦੇ ਜ਼ਿਲ੍ਹਾ ਸਿਆਲਕੋਟ, ਗੁਰਦਿੱਤ ਸਿੰਘ ਧੁਲੇਤੇ ਦਾ ਜ਼ਿਲ੍ਹਾ ਜਲੰਧਰ, ਠਾਕਰ ਸਿੰਘ ਕਿਸ਼ਨ ਸਿੰਘ ਇੰਦਰ ਸਿੰਘ ਰਾਏ ਪੁਰ, ਜ਼ਿਲ੍ਹਾ ਲੁਧਿਆਣਾ, ਵਾਜੀ ਫਤੇ ਸਿੰਘ ਤਲਵੰਡੀ ਮੋਗੇ ਕੋਲ, ਗੜ੍ਹ ਉਸ ਦਾ ਪੁੱਤ ਤੇ ਮਾਧੋ ਸਿੰਘ ਜੋ ਹੁਣ ਹੈ । ਲਾਭ ਸਿੰਘ ਵਾਜੀ ਸੰਗ ਢੇਸੀਆਂ ਜ਼ਿਲ੍ਹਾ ਜਲੰਧਰ, ਅਰੂੜਾ ਕਲੱਸ ਵਾਲੇ ਦਾ ਜ਼ਿਲ੍ਹਾ ਸਿਆਲਕੋਟ । ਰਾਗੀ ਜਥੇ ਛੈ ਤੇ ਵਾਜੀ ਜਥੇ ਤਿੰਨ, ਵਾਰੀ ਵਾਰੀ ਕਦੇ ਮੌਜ ਮੇਲੇ ਲੋਚੀ ਇਕੱਠੇ ਭੀ ਲਾ ਸੁਣਦੇ ਸੀ ।

## ਰਾਗੀ

ਮੈਂ ਅਰਜ ਕੀਤੀ, ਰਾਗ ਤੇ ਸਾਜ ਕਿਵੇ ਕਿਵੇਂ ਗੁਰੂਆਂ ਸਮੇਂ ਰਹੇ ਹਨ ? ਸਤਿਗੁਰੂ ਜੀ ਬਚਨ ਕੀਤਾ, ਗੁਰੂ ਨਾਨਕ ਜੀ ਪਾਸ ਰਬਾਬ ਮਰਦਾਨੇ ਵਜਾ ਗੁਰਬਾਣੀ ਸੁਣਾਈ। ਸਰੰਦਾ ਗੁਰੂ ਅਰਜਨ ਦੇਵ ਜੀ ਆਪ ਵਜਾਉਂਦੇ ਸੀ ਤੇ ਸੁਣਦੇ ਸੀ। ਢੋਲਕੀ ਨਾਲ ਬੈਠ ਰਾਗ ਵਿਚ ਸਬਦ ਕੀਰਤਨ ਕਰਨਾ ਭੀ ਸੰਗਤ ਵਿਚ ਉਹਨਾ ਤੇ ਹੀ ਟੁਰਿਆ ਹੈ। ਢਾਡੀ ਸੂਰਮਿਆ ਦੀਆਂ ਵਾਰਾ ਆਮ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੋਹੇ ਸੁਣਾਦੇ ਸੀ, ਭਾਵੇ ਕੀਰਤਨ ਨਾਲ ਸਬਦ ਭੀ ਹੁੰਦਾ ਸੀ ਨੌਵੇਂ ਗੁਰੂ ਜੀ ਤੱਕ । ਦਸਮ ਜੀ ਸਾਹਵੇ ਭੀ ਸੂਰਮਿਆ ਦੀਆ ਵਾਰਾਂ ਢਾਡੀ ਪੜ੍ਹਦੇ ਤੇ ਸਬਦ ਕੀਰਤਨ ਹੁੰਦਾ ਸੀ ।

ਗੁਰੂ ਬਾਲਕ ਸਿੰਘ ਜੀ ਗ੍ਰੰਥ ਸਾਹਿਬ ਦੀ ਬਾਣੀ ਦੇ ਆਸਰੇ ਕਥਾ ਕਰਦੇ ਤੇ ਸੁਣਦੇ ਭੀ । ਆਸਾ ਦੀ ਵਾਰ ਦਾ ਕੀਰਤਨ ਸੰਗਤ ਰਲ ਕਰਦੀ ਸੀ ।

ਸਤਿਗੁਰੂ ਰਾਮ ਸਿੰਘ ਜੀ ਸਾਹਵੇਂ ਤਾਊਸ ਨਾਲ ਹੀ ਸਬਦ ਕੀਰਤਨ ਹੁੰਦਾ ਸੀ । ਕਈ ਵਾਰ ਪੰਦਰ੍ਹਾਂ ਪੰਦਰ੍ਹਾਂ, ਸੋਲ੍ਹਾਂ ਸੋਲ੍ਹਾਂ ਜੋੜੀਆ ਇਕੱਠੀਆ ਹੀ ਰਾਗੀਆਂ ਦੀਆਂ ਵਜਦੀਆਂ, ਗਜਦੀਆ, ਸਜਦੀਆ ਸੀ ਤੇ ਤਾਊਸ ਵਜਦੇ ਸੀ । ਸਰੋਤੇ ਰਜਦੇ ਸੀ, ਪਾਪ ਦੁੱਖ ਭਜਦੇ ਸੀ ।'

ਮੈਂ ਅਰਜ ਕੀਤੀ, ਗੁਰੂ ਹਰੀ ਸਿੰਘ ਜੀ ਪਾਸ ਭੈਣੀ ਸਾਹਿਬ, ਕਿਵੇਂ ਆਮ ਜੋੜ ਮੇਲਾ ਪਰਚਾ ਰਹਿੰਦਾ ਸੀ ? ਸਤਿਗੁਰੂ ਜੀ ਬਚਨ ਕੀਤਾ, ਗੁਰੂ ਹਰੀ ਸਿੰਘ ਜੀ ਸੂਰਜ ਪ੍ਰਕਾਸ਼ ਦੀ ਕਥਾ ਜ਼ਰੂਰ ਸੁਣਦੇ ਸੀ, ਰਾਮਸਰ ਕੰਢੇ ਬੋਹੜ, ਪਿਪਲਾਂ ਥਲੇ। ਕਦੀ ਕਦੀ ਮੰਦਰਾਂ ਤੇ ਚੁਬਾਰੇ ਕੋਲ ਬਰਾਂਡੇ 'ਚ ਮੇਰੇ ਕੋਲੋਂ ਜਾਂ ਮਹਾਰਾਜ ਨਿਹਾਲ ਸਿੰਘ ਜੀ ਕੋਲੋਂ ਗੁਰੂ ਨਾਨਕ ਜੀ ਦੀ ਜਨਮ ਸਾਖੀ ਦੀ ਕਥਾ ਭੀ ਸੁਣਦੇ ਸੀ ।

## ਕਥਾ

ਇਕ ਦਿਨ ਗੁਰੂ ਹਰੀ ਸਿੰਘ ਜੀ ਦੇ ਸਾਹਵੇਂ ਮੈਂ (ਸਤਿਗੁਰੂ ਪਰਤਾਪ ਸਿੰਘ ਜੀ) ਸੂਰਜ ਪ੍ਰਕਾਸ਼ ਦੀ ਕਥਾ ਕਰਨ ਲਗਾ ਸਾਂ ਕਿ ਇਕ ਤੁਰਕ ਸਿਪਾਹੀ ਵਿਚ ਆ ਬੈਠਾ । ਗੁਰੂ ਜੀ ਕਿਹਾ, ਅੱਜ ਜੰਗ ਦੀ ਕਥਾ ਨਾ ਹੋਵੇ । ਜਪੁਜੀ ਸਾਹਿਬ ਤੋਂ ਕਰੋ । ਮੈਂ ਪੋਥੀ ਖੋਲ੍ਹੀ, "ਅਸੰਖ ਮੂਰਖ ਅੰਧ ਘੋਰ" ਵਾਲੀ ਪੌੜੀ ਦੀ ਕਥਾ ਕੀਤੀ ਤੇ "ਅਸੰਖ ਗਲ ਵਢ ਹਤਿਆ ਕਮਾਹਿ" ਦਾ ਅਰਥ ਕੀਤਾ । ਜੋ ਗਲ ਵੱਢਦਾ ਹੈ, ਹੱਤਿਆ ਕਰਦਾ ਹੈ । ਤੁਰਕ ਸੁਣ ਚਲਾ ਗਿਆ । ਤਾਂ ਗੁਰੂ ਜੀ ਕਿਹਾ, ਜੋ ਮੈਂ ਕਿਹਾ ਸੀ, ਗੱਲ ਨਾ ਹੋਵੇ ਸੋ ਹੀ ਹੋਈ। ਤੁਰਕ ਨੂੰ ਤਰਕ ਲਗੀ ਹੈ ਤਾਂ ਹੀ ਵਿਚੋਂ ਉਠ ਚਲਾ ਗਿਆ ਹੈ। ਜਾਪਦੈ ਹੁਣ ਤੁਰਕਾ ਦਾ ਤੇਜ ਏਥੇ ਤੇਰੇ ਵੇਲੇ ਨਹੀਂ ਰਹੇਗਾ ।

## ਵਿੱਦਿਆ

ਮੈਂ ਅਰਜ ਕੀਤੀ, ਆਪ ਨੇ ਬਾਣੀ ਤੇ ਹੋਰ ਵਿੱਦਿਆ ਕਿਵੇਂ ਪ੍ਰਾਪਤ ਕੀਤੀ ਹੈ ? ਸਤਿਗੁਰੂ ਜੀ ਦੱਸਿਆ, ਗੁਰਮੁਖੀ ਦੇ ਅੱਖਰ ਪਹਿਲਾਂ ਵਜੀਰ ਸਿੰਘ ਖੜਾਮੇ ਤੋਂ ਪੜ੍ਹੇ ਤੇ ਫੇਰ ਸੰਤ ਸੰਤੋਖ ਸਿੰਘ ਜੀ ਤੋਂ ਸੁਖਮਨੀ ਤਕ ਪੋਥੀ । ਸੰਤ ਧਿਆਨ ਸਿੰਘ ਜੀ ਤੋਂ ਕੁਝ ਅਰਥ-ਬੋਧ । ਸੁਰਤ ਸਿੰਘ (ਗੁਰੂ ਕੇ ਦੋਹਤੇ) ਤੋਂ ਹਨੂਮਾਨ ਨਾਟਕ ਪੜ੍ਹਿਆ । ਆਪ ਫੇਰ ਜ਼ਬਾਨ ਸਫਲ ਕਰਨ ਲਈ ੧੧ ਪਾਠ ਕੀਤੇ । ਕਈ ਪਤਰੇ ਕੰਠ ਹੀ ਹੋ ਜਾਏ । ਟਹਿਲ ਸਿੰਘ ਜੀ ਬਿਲਾਸਪੁਰ ਵਾਲਿਆਂ ਤੋਂ ਅਕਾਲ ਉਸਤਤ ਤੇ ਬਚਿਤ੍ਰ ਨਾਟਕ ਪੜ੍ਹੇ ਤੇ ਨਾਲੇ ਅਰਥ ਭੀ। ਸੇਵਾ ਸਿੰਘ ਜੀ ਖੂਏ ਵਾਲਿਆਂ ਤੋਂ ਭੀ ਵਿਚ ਵਿਚ ਜਾ ਪੜ੍ਹਦਾ

ਕਿਹਾ । ਸੁਧ ਪਾਠ ਸੰਤ ਲਛਮਣ ਸਿੰਘ ਜੀ ਜਟਾਣੇ ਵਾਲਿਆਂ ਪਾਸੋਂ ਕੀਤਾ ਤੇ ਦੱਸਿਆ, ਇਹ ਸੰਤ ਜੀ, ਸੰਤ ਸਿੰਘ ਗਿਆਨੀ ਅੰਮ੍ਰਿਤਸਰ ਵਾਲੇ ਤੋਂ ਬੜੇ ਜਤਨ ਨਾਲ ਪੜ੍ਹੇ ਸੀ । ਸੰਤਾਂ ਦੀ ਨਾਂਹ ਕਰਨ ਤੇ ਉਹਨਾਂ ਦੀ ਸਿੱਖਣੀ ਤੇ ਪੁੱਤ੍ਰਾਂ ਨਾਲ ਪ੍ਰੇਮ ਪਾ, ਹਾਂ ਕਰਾਈ ਤੇ ਵਿੱਦਿਆ ਲਈ ਸਾ ਨੇ । ਪੰਡਿਤ ਬਸੰਤ ਸਿੰਘ ਜੀ ਪਧਾਣਾ ਤੋਂ ਲਘੂ-ਕੋਮਦੀ ਪੰਜ-ਸੰਧੀ ਹਿਤ੍ਰ-ਉਪਦੇਸ਼ ਪੜ੍ਹੇ । ਹੋਰ ਵਿੱਦਿਆ ਅੰਗਰੇਜ਼ੀ, ਉਰਦੂ ਮੈਂ ਘੋੜਿਆਂ ਦੀ ਰੇਸ ਦੇ ਸ਼ੌਕ, ਟੋਹ ਟੋਹ ਭੀ ਪੜ੍ਹ ਲੈਂਦਾ ਹਾਂ । ਤਾਊਸ ਮਸਤਾਨ ਸਿੰਘ ਜੀ ਪਾਸੋਂ ਸਿਖਿਆ ਸੀ ਕੁਝ, *ਅਤੇ ਹੋਰ ਢੋਲਕ, ਵਾਜਾ ਸੁਣ ਵੇਖ ਹੀ ਵਜਾਣੇ ਆ ਗਏ ਹਨ । ਹਿਕਮਤ ਤੇ ਹੋਰ ਜੋਤਸ਼ ਤੇ ਰੇਖਾ ਭੀ ਮਿਲੇ ਲੋਕਾਂ ਤੋਂ, ਤੇ ਮਾਤਾ ਜੀ ਤੋਂ ਸੁਣੀਆਂ ਗੁਣੀਆਂ ਦੀਆਂ ਪਲੇ ਬੱਧੀਆਂ ਹਨ । ਜਿਵੇਂ—ਪੰਡਿਤ ਬ੍ਰਹਮਚਾਰੀ ਵੈਦ ਤਿਲਕ ਰਾਮ ਅੰਮ੍ਰਿਤਸਰੀ ਤੋਂ 'ਚਵਨ ਪ੍ਰਾਸ਼' । ਵੈਦ ਮੋਹਨ ਸਿੰਘ ਜੀ ਤਰਨ ਤਾਰਨ ਵਾਲਿਆਂ ਤੋਂ 'ਕਸਤੂਰੀ ਆਦਿ ਬਟੀਂ' ਆਦਿ । (ਵੈਦ ਜੀ ਨੂੰ ਸਿਰੋਪਾ ਵੀ ਭੇਟ ਕੀਤਾ ਸੀ) ਸੰਤ ਰਾਮ ਖੁਰੀ ਵਾਲੇ ਤੇ ਮੋਹਣਾ ਰਾਮ ਕਰਾਤੇ ਵਾਲੇ ਤੋਂ ਭੀ ਕਈ ਨੁਸਖੇ ਸਿਖੇ । ਸਤਿਗੁਰੂ ਜੀ ਇਕ ਦਿਨ ਮੈਂਡੀ ਇਕ ਖੇਡ ਕਰ ਵਿਖਾਈ । ਕੁਝ ਮਿੱਟੀ ਦੀਆਂ ਟਾਹਣਾਂ ਦੀਆਂ ਪਾਲਾਂ ਕਰ ਕਿਹਾ, ਇਕ ਟਾਹਣੂ ਮੱਲ ਲੈ । ਮੈਂ ਇਕ ਮੱਲੀ ਤੇ ਪੁਛਿਓ ਨੇ, ਕਿਹੜੀ ਪਾਲ ਵਿਚ ਏ ? ਮੈਂ ਪਾਲ ਦੱਸੀ । ਫੇਰ ਏਧਰ ਓਧਰ ਟਾਹਣੂ ਕਰ ਕਿਹੋ ਨੇ, ਹੁਣ ਕਿਹੜੀ ਪਾਲ ਵਿਚ ਏ ? ਮੈਂ ਕਿਹਾ, ਇਸ ਵਿਚ । ਫੇਰ ਟਾਹਣੂ ਚੁੱਕ ਧਰ ਦੱਸ ਦਿਤੇ ਨੇ, ਤੇਰੀ ਇਹ ਟਾਹਣ ਏ । ਮੈਂ ਪੁੱਛਿਆ, ਇਸ ਵਿਚ ਭੇਦ ਕੀ ਏ ? ਤਾਂ ਕਿਹੋ ਨੇ, ਹਿਸਾਬ ਹੈ । ਜੋ ਕਰਦਿਆਂ, ਸੋਚਦਿਆਂ, ਸਿਖਦਿਆਂ ਜੋਤਸ਼ ਤਕ ਅਪੜ ਜਾਂਦਾ ਏ । ਨਾ ਜਾਨਣ ਵਾਲੇ ਨੂੰ ਅਸਚਰਜਤਾ ਜਾਪਦੀ ਏ ।

ਸਤਿਗੁਰੂ ਜੀ ਦੱਸਿਆ, ਸਭ ਮਿਹਨਤ, ਵਿਚਾਰ ਤੇ ਅਭਿਆਸ ਤੋਂ ਵਸਤਾਂ ਪ੍ਰਾਪਤ ਹੋ ਸਕਦੀਆਂ ਹਨ, ਸੁਰਤ ਟਿਕਾ ਕੀਤਿਆਂ ।

## ਦਵਾਈਆਂ

ਸਤਿਗੁਰੂ ਜੀ ਦਸਿਆ, ਅਸਲ ਗੋਦੰਤੀ ਦੀ ਪਛਾਣ ਇਹ ਹੈ । ਗਊ ਦੇ ਗਲ ਬਧਿਆਂ ਗਊ ਦੇ ਦੰਦ ਹਿਲਣ ਲਗ ਪੈਂਦੇ ਹਨ ਤੇ ਖੋਲ੍ਹਣ ਤੇ ਖਲੋ ਜਾਂਦੇ ਹਨ ।

ਪੱਥਰ ਹੌਲ-ਦਿਲੀ ਜੋ ਇਸਤ੍ਰੀਆਂ ਗਲ ਪਾਂਦੀਆਂ ਸੀ । ਦਿਲ ਦਾ ਹੌਲ, ਡੋਬੂ, ਘੇਰ, ਮੂੰਹ ਵਿਚ ਪਾਣ ਕਰ ਘੱਟ ਜਾਂਦਾ ਏ । ਬੱਚੇ ਦਾ ਦਿਲ, ਪੇਟ ਵਿਚ ਘਾਬਰਦਾ ਏ ਤਾਂ ਗਰਭਵਤੀ ਦਾ ਘਾਬਰਦਾ ਏ । ਦਿਲ ਤੇ ਪਾ ਰਖਦੀਆਂ ਸੀ ਏਸੇ ਲਈ । ਹੌਲ-ਦਿਲੀ ਦੀ ਪਛਾਣ—ਹੌਲ-ਦਿਲੀ ਤੇ ਕਪੜਾ ਪਾ ਕੋਲਾ ਧਰੀਏ । ਕੋਲਾ ਠੰਡਾ ਹੋ ਜਾਂਦਾ ਏ ਸਾੜਦਾ ਨਹੀਂ ।

ਅਫੀਮ ਵਿਚ ਹਿੰਗ ਪਾਣ ਨਾਲ ਸੱਤਾ ਘੱਟ ਜਾਂਦੀ ਏ । ਅਫੀਮ ਬਹੁਤ ਖਾ ਗਏ ਨੂੰ ਹੰਡੋਲੇ ਦੇ ਪਤਿਆਂ ਦਾ ਪਾਣੀ ਪਿਆਣ ਕਰ, ਕੈ ਆ, ਬਚ ਜਾਂਦਾ ਏ ।

ਸੱਪ ਕਟਿਆ, ਰੇਠੇ ਖਾਣ ਨਾਲ ਬਚ ਜਾਂਦਾ ਏ । ਰੇਠਾ ਤਦੋਂ ਕੌੜਾ ਲਗਣ ਲਗ ਪੈਂਦਾ ਏ ਜਦ ਜ਼ਹਿਰ ਦਾ ਅਸਰ ਘਟੇ । ਪਿਪਲ ਦੇ ਪੱਤੇ ਸਮੇਤ ਡੰਡੀ ਲਿਆ, ਸੱਪ ਜਿਸ ਨੂੰ ਲੜਿਆ

---

*ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ੍ਰੀ ਮਸਤਾਨ ਸਿੰਘ ਨੇ ਤਾਊਸ ਭੇਟ ਕਰ ਸ਼ਾਗਿਰਦ ਬਣਾਇਆ ।

Sri Satguru Jagjit Singh Ji Elibrary NamdhariElibrary@gmail.com

ਹੋਵੇ, ਪੱਤਾ ਤੋੜ ਦਵੱਲੀ ਕੰਨਾਂ ਵਿਚ ਡੰਡੀਆਂ ਪੱਤਿਆਂ ਵਾਲੇ ਪਾਸਿਓਂ ਦੇਣੀਆਂ, ਜਿਥੋਂ ਤਕ ਜਾ ਸਕਣ, ਪੰਦਰ੍ਹਾਂ ਪੰਦਰ੍ਹਾਂ ਮਿੰਟ ਕੰਨ ਵਿਚ ਰਖਣੀਆਂ। ਉਹ ਕਾਹਲਾ-ਪਿਆ ਪਵੇ, ਪਰ ਤਿੰਨ ਵਾਰ ਦੇਣ ਨਾਲ ਅਰਾਮ ਹੋ ਜਾਂਦਾ ਏ।

ਪਿਸ਼ਾਬ ਦਾ ਬੰਨ੍ਹ—ਖਖੜੀ ਦੀਆਂ ਛਿਲਾਂ ਦੇ ਚਾਰ ਤੋਲੇ ਸਰਦੀ ਵਿਚ ਕਾੜ੍ਹ, ਤੇ ਗਰਮੀ ਵਿਚ ਠੰਡਾ ਜਲ ਪਾ ਰਗੜ ਪੀਤਿਆਂ ਪਿਸ਼ਾਬ ਖੁਲ੍ਹ ਜਾਂਦਾ ਏ।

ਹਲਕਾਇਆ—ਅੱਕ ਤੇ ਜਵੈਣ। ਚਾਰ ਛਟਾਂਕ ਦੁੱਧ ਅੱਕ, ਇਕ ਛਟਾਂਕ ਜਵੈਣ ਰਗੜ, ਦੇਣ ਨਾਲ ਬਚ ਜਾਂਦਾ ਏ। ਬਿਛੂ, ਨ੍ਹਾਂਹੋਂ ਲੜੇ ਦੇ ਡੰਗ ਤੇ ਇੰਬਲੀ ਦੀ ਗਿਟਕ ਰਗੜ, ਚਿੱਟੀ ਛਿਲ ਨਿਕਲੀ ਤੇ, ਦਾਣਾ ਡੰਗ ਤੇ ਲਾਇਆਂ ਚੰਬੜ ਜਾਂਦਾ ਹੈ ਤੇ ਜ਼ਹਿਰ ਘੱਟ ਅਰਾਮ ਹੋ ਜਾਂਦਾ ਏ।

ਜਿਸ ਨੂੰ ਬੰਨ੍ਹ ਪੈ ਜਾਵੇ—ਫਟਕੜੀ ਫੂਲ ਕਰ ਖੰਡ ਵਿਚ ਖਵਾਣੀ ਤੇ ਸਾਬਣ ਦੀ ਬੱਤੀ ਬਣਾ, ਗੁਦਾ ਵਿਚ ਦੇਣ ਨਾਲ ਬਰ ਜਾਂਦਾ ਏ। ਨੱਕ ਘੁਟ ਲਿਆਂ ਤੁਰਤ ਮੱਖੀ ਮੂੰਹ ਵਿਚ ਪਈ ਨਿਕਲ ਜਾਂਦੀ ਹੈ। ਅੱਖ ਦੀ ਚੋਟ ਨੂੰ ਹਾਲਿਓਂ ਸਾਫ ਕਰ ਪਾਇਆਂ ਅਰਾਮ ਹੋ ਜਾਂਦਾ ਏ। ਦੋ ਤਿੰਨ ਵਾਰ ਨਾਲ।

## *ਹੱਟੀ ਦਾ ਲੇਖਾ*

ਸਤਿਗੁਰੂ ਰਾਮ ਸਿੰਘ ਜੀ ਦੀ ਵਹੀ ਤੋਂ ਮੈਂ ਇਹ ਉਸੇ ਦਿਨ ਨੋਟ ਕੀਤੇ। ਪੰਨਾ ੨੭। "੩੦੦) ਗ੍ਰੰਥ ਸਾਹਿਬ ਦੇ ਲੈ ਗਿਆ ਸਾਹਿਬ ਸਿੰਘ ਸਾਉਣ ਸੁਦੀ ੧੧। ਬੂਟਾ ਸਿੰਘ ਦਵਾਨ ਨੂੰ ੨੦੦) ਅੰਮ੍ਰਿਤਸਰ ਜੀ ਰੋਕ ਦਿੱਤਾ। ਸਿੱਖਣੀ ਨੂੰ ਕਤਕ ਬਦੀ ੧੫ ਸਾਲ ੧੯੨੭ ਮਾਘੀ ਨੂੰ।

੨੦੦) ਦੂਵਾ ਨੂੰ ਰੁਪਏ ਗ੍ਰੰਥ ਸਾਹਬਾਂ ਦੇ, ਹਟੇ ਗੁਪਾਲ ਸਿੰਘ ਨੇ ਦਿੱਤੇ।

੩੭੦) ਦੂਵਾ ਨੂੰ ਰੁਪਏ ਗੁਪਾਲ ਸਿੰਘ ਹਟੇ। ਹਾੜ ਬਦੀ ੧੫, ੧੯੨੮। ਗ੍ਰੰਥ ਸਾਹਿਬ ਪੋਥੀਆਂ ਦਾ ਸਭ ਹਿਸਾਬ ਮੁਕਾ ਗੁਪਾਲ ਸਿੰਘ ਹਥੀਂ।"

ਮੇਰਾ ਏਥੇ ਲਿਖਣ ਦਾ ਮਤਲਬ ਇਹ ਹੈ ਕਿ ਉਸ ਵਕਤ ਗੁਰੂ ਕੀ ਹੱਟੀ ਦਾ ਲੇਖਾ ਐਸੇ ਚਲਦਾ ਸੀ ਗੁਪਾਲ ਸਿੰਘ ਹੱਥੀਂ। ਇਹ ਗੁਪਾਲ ਸਿੰਘ ਜੀ ਮੌੜਿਆਂ ਦੇ ਸੀ ਤੇ ਇਹਨਾਂ ਪਾਸੋਂ ਹੀ ਗੁਰੂ ਹਰੀ ਸਿੰਘ ਜੀ ਗੁਰਮੁਖੀ ਅੱਖਰ ਪੜ੍ਹੇ ਸੀ, ਸਤਿਗੁਰੂ ਜੀ ਦਾ ਹੁਕਮ ਸੁਣ।

ਸਤਿਗੁਰੂ ਪਰਤਾਪ ਸਿੰਘ ਜੀ ਭਾਣੇ ਨੂੰ ਮੁਖ ਰਖ, ਪੁਰਾਤਨ ਪੁਸਤਕਾਂ ਤੇ ਲਿਖਤਾਂ ਨੋਹਰ ਮੰਡੀ, ਰੁਆਲਸਰ ਆਦਿ ਥਾਵਾਂ ਤੇ ਰਖੇ ਹਨ, ਕਿ ਪੁਰਾਤਨ ਸਮੱਗਰੀ ਬਚ ਜਾਵੇ। ਪਤਾ ਨਹੀਂ ਉਹ ਭਾਣਾ ਕੀ ਕੀ ਸੰਕਟ ਵਰਤਾਏ। ਨੋਹਰ ਵਾਲੇ ਗ੍ਰੰਥ ਜਲ ਦੇ ਕਾਰਨ ਕੁਝ ਗੁਆਚ ਗਏ ਸੀ। ਏਧਰ ਵਾਲੇ ਤੇ ਸੰਦੂਕਾਂ ਵਿਚ ਸਾਂਭੇ ਹੋਏ ਹਨ।

## ਬਾਲ ਬਿਲਾਸ

ਮੈਂ ਵਹਿਮੀ ਜੁ ਹੋਇਆ ਆਪ ਦਾ ਕਿਤਨਾ ਸਮਾਂ ਹੋਰੀਂ ਪਾਸੇ ਧਿਆਨ ਲਾ ਦਿੱਤਾ ਹੈ। ਹੁਣ ਸਤਿਗੁਰੂ ਜੀ ਦੀ ਬਾਲ-ਅਵਸਥਾ ਦੇ ਸਮੇਂ ਵਲ ਹੀ ਆਪ ਫੇਰ ਆਉ।

ਸਤਿਗੁਰੂ ਪਰਤਾਪ ਸਿੰਘ ਜੀ ੯—੧੦ ਸਾਲ ਦੀ ਉਮਰੇ ਹੀ, ਪਿਛਲੀ ਰਾਤ ਉਠ ਹੋਰ

Sri Satguru Jagjit Singh Ji Elibrary NamdhariElibrary@gmail.com

ਖੂਹ ਤੇ ਜਲ ਲੈ, ਜੰਗਲ ਜਾ, ਦਾਤਨ ਇਸ਼ਨਾਨ ਕਰ, ਰਾਮਸਰ ਵਿਚ ਗਲ ਤਕ ਜਲ ਵਿਚ ਖੜ੍ਹੇ ਪੰਜ ਪਾਠ ਜਪੁਜੀ ਦੇ ਕੰਠਾਗਰ ਕਰਦੇ । ਰੋਜ ਪੰਜ ਗ੍ਰੰਥੀ ਪੋਥੀ ਦਾ ਪਾਠ ਕਰ ੧।) ਭੇਟਾ ਧਰ, ਸੇਰ ਘਿਉ ਦਾ ਰੋਜ ਕੜਾਹ ਪ੍ਰਸਾਦ ਕਰ ਹਾਜਰ ਹੁੰਦਿਆਂ ਨੂੰ ਵਰਤਾਂਦੇ । ਗੁਰੂ ਹਰੀ ਸਿੰਘ ਜੀ ਨੂੰ ਕਥਾ (ਜਿਸ ਗ੍ਰੰਥ ਦੀ ਕਹਿਣ) ਸੁਣਾਂਦੇ । ਰਹਿਰਾਸ ਦਾ ਪਾਠ ਭੀ ਕੰਠੋ ਸੁਣਾਂਦੇ । ਕਿਸੇ ਦਿਨ ਕਥਾ ਮਹਾਰਾਜ ਨਿਹਾਲ ਸਿੰਘ ਜੀ ਸੁਣਾਂਦੇ ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਵਾਰ ਪੜ੍ਹਨ, ਸੁਨਣ ਦੇ ਨੇਮੀ । ਹੀਰਾ ਸਿੰਘ ਜੀ ਟਿਕਾ ਮੁੰਡੀਆਂ, ਥੀਰ ਸਿੰਘ ਜੀ ਚੂੰਨ੍ਹੀ, ਦਾਨ ਸਿੰਘ ਜੀ ਰੋੜੇ, ਗੋਧਾ ਸਿੰਘ ਜੀ ਅਬਲੂ, ਰਾਗਾ ਸਿੰਘ ਮਹੰਤ, ਗੁਰਦਿੱਤ ਸਿੰਘ ਗੱਡੇ ਵਾਲਾ ਤੇ ਵਸਾਵਾ ਸਿੰਘ, ਬੂਟਾ ਸਿੰਘ ਉਗਰਾਹਿਆ ਲਾਖਣੇ ਦਾ, ਮੇਹਰ ਸਿੰਘ ਲੋਪੋਕੇ (ਜੋ ਅੰਮ੍ਰਿਤਸਰ ਵਾਲੇ ਸਾਕੇ ਵਿਚ ਸੀ) ਪਰ ਸੰਤ ਸਿੰਘ ਨਾਮ ਧਰਾ ਭੈਣੀ ਸਾਹਿਬ ਹੀ ਰਿਹਾ, ਕੁਝ ਚਿਰ ਲੁਕਣ ਬਾਅਦ । ਹੁਕਮੀ ਵਰਿਆਹਾ, ਘੁਲੀ, ਜਿਹਦਾ ਜਨਮ ਤੇ ਉਤਮੀ ਨਾਮ ਸੀ ਤੇ ਅੰਨ੍ਹਿਆ ਦੇ ਚੱਕ ਜ਼ਿਲ੍ਹਾ ਜਲੰਧਰ ਦੀ ਜੰਮ ਸੀ, ਆਦਿ ਸਭ ਸਬਦ ਸੁਆਦ ਮਾਣਦੇ ਮਗਨ ਰਹਿੰਦੇ ਸੀ ਵਾਰ ਸਮੇਂ । ਹਰ ਸਮਾਗਮ 'ਚ ਹਾਜ਼ਰ ਰਹਿੰਦੇ ਸੀ ।

ਸਤਿਗੁਰੂ ਜੀ ਸੰਜਮ ਸਾਧਨਾ ਦਾ ਇਹ ਉਤੇ ਲਿਖਿਆ ਨੇਮ, ਜਦ ਭੈਣੀ ਸਾਹਿਬ ਹੁੰਦੇ ਸਿਆਲੇ ਕਰਦੇ, ਚਾਰ ਮਹੀਨੇ, ਕੱਤਕ ਪੂਰਨਮਾਸ਼ੀ ਤੋਂ ਹੋਲੇ ਤਕ । ਫੇਰ ਚਾਲੀਆ ਅਰੰਭਿਆ ਨਹਿਰ ਤੇ, ਇਹ ਸਮਾਂ ਅਗੇ ਆਵੇਗਾ ।

ਸਤਿਗੁਰੂ ਪਰਤਾਪ ਸਿੰਘ ਜੀ, ਸੰਤ ਲਛਮਣ ਸਿੰਘ ਜੀ ਨੂੰ ਇਕੱਲਿਆਂ, ਅੱਠਾਂ ਪਹਿਰਾਂ ਵਿਚ ਇਕੋ ਚੌਕੜੇ ਅਖੰਡ ਪਾਠ ਕਰਦਿਆਂ ਦੇਖ । ੧੨ ਸਾਲ ਦੀ ਉਮਰ ਵਿਚ 'ਕੱਠੀ, ਆਦਿ ਗ੍ਰੰਥ ਸਾਹਿਬ ਦਾ ਅਖੰਡ ਪਾਠ ਅਰੰਭਿਆ, ਜੋਤ ਧੂਪ ਦੀਪ ਸਹਿਤ । ਅੱਧਾ ਪਾਠ ਹੋਣ ਉਪਰੰਤ, ਸੁਣ, ਗੁਰੂ ਹਰੀ ਸਿੰਘ ਜੀ ਹੋਰ ਸਿੱਖ ਨੂੰ ਪਾਠ ਤੇ ਲਾਏ ਕਿਹਾ, ਤੁਸੀਂ ਨਾ ਇਕੱਲੇ ਕਰੋ । ਸਤਿਗੁਰ ਜੀ ਅਰਜ ਕੀਤੀ, ਮੇਰੀ ਰੀਝ ਹੈ ਕਿ ਕੀ ਮੈਂ ਭੀ ਕਰ ਸਕਦਾ ਹਾਂ ? ਤਾਂ ਗੁਰੂ ਜੀ ਕਿਹਾ, "ਗੁਰਬਾਣੀ ਤਾਂ ਨਿਰਮਾਨਤਾ ਲਈ ਪੜ੍ਹੀਂਦੀ ਹੈ । ਪਰ ਜੇ ਇਕੱਲਾ ਅਖੰਡ ਪਾਠ ਕਰ ਲਵੇ ਉਸ ਦੇ ਮਨ ਹੰਕਾਰ ਉਮਗਦਾ ਏ । ਨਾਲੇ ਕਾਹਲ ਨਾਲ ਕਈ ਅੱਖਰ ਭੀ ਰਹਿ ਹੀ ਜਾਂਦੇ ਹਨ । ਇਸ ਲਈ ਐਸਾ ਕੋਈ ਕਰਮ ਭੀ ਨਹੀਂ ਕਰਨਾ ਚਾਹੀਦਾ, ਜਿਸ ਕਾਰਨ ਮਨ ਵਿਚ ਸੂਖਮ ਭੀ ਮਾਨ ਉਮਗੇ ।"

ਸਤਿਗੁਰੂ ਪਰਤਾਪ ਸਿੰਘ ਜੀ ਦੱਸਦੇ, ਜਦ ਮੈਨੂੰ ਸੂਖਮ ਭੀ ਮਨ ਵਿਚ ਹੰਕਾਰ ਫੁਰੇ ਤਾਂ ਗੁਰੂ ਹਰੀ ਸਿੰਘ ਜੀ ਦਾ ਉਹ ਬਚਨ ਸਾਹਵੇਂ ਆ ਨਿਰਮਾਨਤਾ ਦੇਂਦਾ ਏ ਤੇ ਬਾਲਿਆ ਤੋਂ ਧਉਲੇ ਹੋਏ ਹਨ, ਪਰ ਗੁਰਬਾਣੀ ਦੇ ਗੌਹਜ ਭਾਵ ਸਹਿਜ ਨਾਲ ਪੜ੍ਹਿਆ ਭੀ ਕਦੀ ਕਦੀ ਗੁਰੂ ਕਿਰਪਾ ਨਾਲ ਹੀ ਪੱਲੇ ਪੈਂਦੇ ਹਨ । ਜੋ ਅੜੱਕ ਹੋ, ਅੱਖਰ ਮਲੀ ਜਾਂਦੇ ਹਨ, ਉਹ ਭਾਰੀ ਭੁਲ ਕਰਦੇ ਹਨ ।

## ਪਰਖ

ਏਕ ਸਮੇਂ ਗੁਰੂ ਹਰੀ ਸਿੰਘ ਜੀ ਦਾ ਅੰਬਾਲੇ ਦੇ ਜ਼ਿਲ੍ਹੇ ਦਾ ਦੌਰਾ ਸੀ ਤੇ ਨਾਲ ਸਾਹਿਬਜ਼ਾਦਿਆ

Sri Satguru Jagjit Singh Ji Elibrary NamdhariElibrary@gmail.com

ਦੇ ਰੂਪ ਵਿਚ ਸਤਿਗੁਰੂ ਪਰਤਾਪ ਸਿੰਘ ਤੇ ਮਹਾਰਾਜ ਨਿਹਾਲ ਸਿੰਘ ਜੀ ਭੀ ਸਨ। ਇਕ ਦੂਰੋਂ ਆਇਆ (ਭਾਣੇ ਖੇੜੀ ਤੋਂ) ਕੁਝ ਥਕੇਵਾਂ ਹਈ ਜਾਣੀ। ਦੂਜਾ ਪਰਖ ਹਿਤ ਮੰਜਿਆ ਤੇ ਬੈਠਣ ਸਮੇਂ ਗੁਰੂ ਹਰੀ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਨੂੰ ਕਿਹਾ, ਤੂੰ ਪਰਤਾਪ ਸਿੰਘ ਨੂੰ ਘੁਟ ਤੇ ਥਕੇਵਾਂ ਲਾਹ ਦੇਹ। ਉਹ ਚੁੱਪ ਕਰ ਰਹੇ ਤੇ ਨੀਵੀਂ ਪਾਈ ਰਖੀ। ਫੇਰ ਗੁਰੂ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਕਿਹਾ, ਤੂੰ ਹੀ ਉਸ ਨੂੰ ਘੁਟ। ਤਾਂ ਸਤਿਗੁਰੂ ਜੀ ਤੁਰਤ ਘੁਟਨ ਲਗੇ। ਗੁਰੂ ਹਰੀ ਸਿੰਘ ਜੀ ਦੋ ਤਿੰਨ ਵਾਰੀ ਖੁਸ਼ ਹੋ ਕਿਹਾ, "ਲੈ ਭਾਈ! ਪਰਤਾਪ ਸਿੰਘ ਬਾਜੀ ਲੈ ਗਿਆ ਹੈ। ਵੇਖੋ ਭਾਈ ਪਰਤਾਪ ਸਿੰਘ ਬਾਜੀ ਲੈ ਗਿਆ ਹੈ ਤੇ ਨਿਹਾਲ ਸਿੰਘ ਰਹਿ ਗਿਆ ਹੈ।" ਸਭ ਸੰਗਤ ਸੁਣ ਜਾਣਿਆ, ਇਹ ਭਵਿਖਤ ਵਾਕ ਗੁਰੂ ਨਾਨਕ ਜੀ ਦੇ ਲਹਿਣੇ ਨੂੰ ਤੇ ਗੁਰੂ ਅਮਰਦਾਸ ਜੀ ਦੇ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਦੇ ਵਾਕਾਂ ਵਰਾ ਤਰ੍ਹਾ ਹਨ। ਸੋ ਸਮਾ ਪਾਏ ਸਭ ਨੇ ਦੇਖੇ, ਕਿਸੇ ਭੁਲੇਖੇ ਬਿਨਾਂ ਪਰਤੱਖ ਸਮਰੱਥ ਪੂਰੇ ਹੋਏ।

### *ਇਸ ਦੀ ਮੰਨੋ*

੧੯੬੨ ਵਿਚ, ਏਕ ਸਮੇਂ ਮਾਘਾ ਸਿੰਘ ਬਿਲਾਸਪੁਰ, ਗੁਰਦਿੱਤ ਸਿੰਘ ਮੋਰੋ ਤੇ ਮਹੰਤ ਸੇਵਾ ਸਿੰਘ ਜੀ ਸੁਧਾਰੀ ਮਾਜਰਾ ਨੂੰ ਗੁਰੂ ਹਰੀ ਸਿੰਘ ਜੀ ਨੇ ਨੇੜੇ ਸੱਦ ਕਿਹਾ, "ਹੁਣ ਤੁਸੀਂ ਸਭ ਹੀ ਪਰਤਾਪ ਸਿੰਘ ਦੇ ਕਹੇ ਚਲਿਆ ਕਰੋ।" ਸਤਿਗੁਰੂ ਪਰਤਾਪ ਸਿੰਘ ਜੀ ਨੂੰ ਕਿਹਾ, "ਤੂੰ ਸਭ ਨੂੰ ਕੰਮ ਦੱਸ ਕਰਵਾਇਆ ਕਰ। ਸਭ ਨੂੰ ਕਿਹਾ, ਤੁਸੀਂ ਇਸ ਨੂੰ ਮੰਨਿਆ ਕਰੋ।"

ਇਸ ਸਮੇਂ ਤੋਂ ਪਹਿਲਾਂ ਸਤਿਗੁਰੂ ਪਰਤਾਪ ਸਿੰਘ ਜੀ ਏਕ ਸਮੇਂ ਲੰਗਰ ਪਾਸ ਕੁਝ ਹਾਣੀਆਂ ਨਾਲ ਹੱਸਦੇ ਖੇਡਦੇ ਸੀ। ਗੁਲਾਬ ਸਿੰਘ, ਕਾਲਾ ਸਿੰਘ ਖਮਾਣੋ-ਦਿਆਂ ਕਿਹਾ, "ਇਹ ਰੌਲਾ ਕਿਓਂ ਪਾਂਦੇ ਹਨ ?" ਗੁਰੂ ਹਰੀ ਸਿੰਘ ਜੀ ਕਿਹਾ, "ਇਹਨਾ ਭੋਲਿਆਂ ਨੂੰ ਕੀ ਪਤਾ ਏ ? ਇਹ ਬੜੇ ਪ੍ਰਤਾਪ ਵਾਲੇ ਹੋਣਗੇ, ਸਭ ਇਹਨਾਂ ਨੂੰ ਨਿਵੇਗੀ ਸ੍ਰਿਸਟੀ ਤੇ ਇਸ ਦੇ ਹੱਸਣ ਖੇਡਣ ਨੂੰ ਕਈ ਤਰਸਣਗੇ, ਸੁਨਣ ਵੇਖਣ ਵਾਲੇ ਪ੍ਰੇਮੀ।"

ਏਕ ਦਿਨ ਡੇਰੇ ਦੇ ਕੰਮ ਕਰਨ ਵਾਲੇ ਮੰਗਲ ਸਿੰਘ, ਗੁਰੂ ਹਰੀ ਸਿੰਘ ਜੀ ਨੂੰ ਕਿਹਾ ਕਿ ਮੇਰੇ ਘੋੜੇ ਨੂੰ ਪਰਤਾਪ ਸਿੰਘ ਉਤੇ ਚੜ੍ਹ ਲਾਗਾ ਲਾ ਦਿੱਤਾ ਹੈ। ਤਾਂ ਗੁਰੂ ਹਰੀ ਸਿੰਘ ਜੀ ਸਤਿਗੁਰੂ ਜੀ ਨੂੰ ਨੇੜੇ ਸਦ ਕਿਹਾ "ਤੂੰ ਮੇਰੇ ਵਾਲੀ ਕੁਲੀ ਘੋੜੀ ਤੇ ਚੜ੍ਹਿਆ ਕਰ।" ਉਹ ਮੰਗਲ ਸਿੰਘ ਸੜਿਆ, ਘਲਿਆ ਡੇਰਿਉਂ ਹੀ ਚਲਿਆ ਗਿਆ।

ਏਕ ਸਮੇਂ ਰਾਮਸਰ ਦੀ ਕਾਰ ਕਢਦੇ ਸੀ। ਗੁਰੂ ਹਰੀ ਸਿੰਘ ਜੀ ਬੋਹੜ ਤਲੇ ਬੈਠੇ ਦੇਖ ਰਹੇ ਸੀ ਸਭ ਸੰਗਤ ਦੀ ਸੇਵਾ ਹੁੰਦੀ। ਸਤਿਗੁਰੂ ਪਰਤਾਪ ਸਿੰਘ ਜੀ ਟੋਕਰੀ ਭਰਾ, ਟੀਸੀ ਕਢਾ, ਸਿਰ ਤੇ ਚੁੱਕ ਉਪਰ ਲਜਾ ਸੁਟਦੇ ਸੀ। ਗੁਰੂ ਜੀ ਦੇਖ ਕਿਹਾ "ਇਹ ਸਭ ਭਾਰ ਸੰਗਤ ਤੇ ਪਏ, ਲਾਹ ਦੂਰ ਸੁਟੇਗਾ।" ਇਹ ਬਚਨ ਮੈਂ ਮਹੰਤ ਸੇਵਾ ਸਿੰਘ ਜੀ ਸੁਧਾਰੀ ਮਾਜਰਾ ਵਾਲੇ ਬਿਰਧਾਂ ਤੋਂ ਤੇ ਹੋਰ ਬਿਰਧਾਂ ਤੋਂ ਸੁਣ ਸਹੀ ਕਰ ਲਿਖੇ ਹਨ। ਮਹੰਤ ਜੀ ੧੦੯-੧੦ ਦੀ ਉਮਰ ਵਿਚ ਅਜੇ ਭੈਣੀ ਸਾਹਿਬ ਜਿਊਂਦੇ ਹਨ।

ਨੋਟ : ਚੜ੍ਹਾਈ ਕਰ ਗਏ ਹਨ

Sri Satguru Jagjit Singh Ji Elibrary NamdhariElibrary@gmail.com

ਬਾਵੇ ਸੰਤੋਖ ਜੀ ਦੇ ਸਤਿਗੁਰੂ ਬਿਲਾਸ ਵਿਚੋਂ ਜਿਉਂ ਕੇ ਤਿਉਂ ਬਚਨ ਲੈ ਹੁਣ ਮੈਂ ਲਿਖਦਾ ਹਾਂ।

"ਏਕ ਦਿਨ ਗੁਰੂ ਹਰੀ ਸਿੰਘ ਜੀ ਬਚਨ ਕੀਤਾ। ਸੰਤੋਖ ਸਿੰਘ ਧੰਨ ਜਨਮ ਹੈ ਤੇਰਾ। ਤੈਨੇ ਸਾਖੀਆਂ ਲਿਖੀਆਂ ਹੈਂ ਗੁਰੂ ਜੀ ਕੀਆਂ। ਸੰਤੋਖ ਸਿੰਘ ਕਿਹਾ ਮਾਰੇ ਗਰੀਬਾ ਨੂੰ। ਧੰਨ ਜਨਮ ਤਾਂ ਤੁਹਾਡਾ ਹੈ। ਜਿਨ੍ਹਾਂ ਦੇ ਦਰਸਨ ਨਾਲ ਸਾਂਤ ਆਉਂਦੀ ਹੈ। ਤੇ ਲਖਾ ਜੀਵ ਧਰਮ ਵੰਨੀ ਲਾਏ ਹਨ।"

## ਗੁਰੂ ਹਰੀ ਸਿੰਘ ਜੀ ਦੇਹ ਤਿਆਗੀ

"ਗੁਰੂ ਜੀ ਦੀ ਦੇਹ ਢਿਲੀ ਰਹਿੰਦੀ ਸੀ। ਗੁਰੂ ਜੀ ਕਿਹਾ, ਜਿਉਣ ਕੌਰੇ! ਗੁਰਦੇਈ ਫੁਲਕੇ ਜਿਹੇ ਬਨਾਏ ਕੇ ਲਿਔਂਦੀ ਹੈਂ। ਤੂੰ ਮੋਟਾ ਜਿਹਾ ਪ੍ਰਸਾਦਾ ਬਨਾਏ ਲਿਆਇਆ ਕਰ, ਦਸ ਦਿਨ ਛਕਣਾ ਹੈ।"

"ਅੱਠ ਦਿਨ ਅਗਾਊਂ ਅਵਾਜਾ ਕੀਤਾ ਅੱਧੀ ਰਾਤ ਦੇ ਸਮੇਂ, ਕੋਈ ਹੈ ਜਾਗਦਾ! ਨਰੈਣ ਸਿੰਘ ਨੇ ਕਿਹਾ, ਹੈਣ ਤਾਂ ਸਹੀ ਪਰ ਘੁਰਾੜੇ ਹੋਏ ਹੈਨ। ਮਹਾਰਾਜ ਜੀ ਬਚਨ ਕੀਤਾ, ਅਸੀਂ ਤੈਨੂੰ ਕਿਹਾ ਹੈ, ਨਾ ਦੱਸੀਂ ਕਿਸੇ ਨੂੰ। ਅਸਾਂ ਅੱਠਵੇਂ ਦਿਨ ਨੂੰ ਚੜ੍ਹਾਈ ਕਰ ਜਾਣੀ ਹੈ। ਸਾਡੇ ਚੜ੍ਹੇ ਥੀਂ ਮਗਰੋਂ ਦੱਸੀਂ।"

"ਮਾਈ ਜੀਉਣ ਕੌਰ ਜੀ ਪੁੱਛਿਆ ਭਾਈ ਜੀ ਤੁਹਾਡਾ ਸਰੀਰ ਸੁਕਦਾ ਕਿਉਂ ਜਾਂਦਾ ਹੈ। ਕਹੇ ਤੇ ਨਾ ਕਿ ਮਹਾਰਾਜ ਜੀ ਇਉਂ ਕਿਹਾ ਹੈ, ਪਰ ਰੋਣ ਲਗ ਪਵੇ।"

"ਚੜ੍ਹਾਈ ਥੀਂ ਤਿੰਨ ਦਿਨ ਅਗਾਊਂ *ਖੇਮ ਕੌਰ ਨੂੰ ਮਹਾਰਾਜ ਜੀ ਬਚਨ ਕੀਤਾ, ਪਰਤਾਪ ਸਿੰਘ ਨੂੰ ਸਦ ਲੈ ਆਉ। ਆਏ ਕੇ ਮਥਾ ਟੇਕਿਆ, ਜੀ ਕੀ ਹੁਕਮ ਹੈ? ਮਹਾਰਜਾ ਜੀ ਬਚਨ ਕੀਤਾ, ਹੁਣ ਤੂੰ ਸਾਂਭਿਆ ਕਰ ਸਭ, ਕੰਮ ਕਰਵਾਣ ਵਾਲਿਆਂ ਨੂੰ ਭੀ ਤੂੰ ਹੀ ਕਿਹਾ ਕਰ।"

ਸੰਤੋਖ ਸਿੰਘ ਜੀ ਲਿਖਦੇ ਹਨ। "ਹੋਰ ਸਿਖ ਵਾ ਨਾਮਧਾਰੀਆ ਉਸ ਨੇ ਲਿਖਿਆ। ਪਟਵਾਰੀ ਨੇ ਨਾ ਲਿਖਿਆ," "ਜਿਉਣ ਕੌਰ ਤੇ ਪਰਤਾਪ ਸਿੰਘ, ਨਿਹਾਲ ਸਿੰਘ ਤੇ ਗੁਰਦਿਆਲ ਸਿੰਘ ਏਹ ਮਾਲਕ ਹੈਨ।"

"ਸੇਵਾ ਸਿੰਘ ਤੇ ਪਰਤਾਪ ਸਿੰਘ ਸਮਰਾਲੇ ਗਏ। ਜਿਲਾ, ਉਤਰਿਆ ਹੋਇਆ ਸੀ। ਉਸ ਕੋ ਕਾਗਤ ਜਾਇ ਫੜਾਇਆ। ਜਿਲੇ ਨੇ ਕਹਾ, ਜਾਉ ਕਲ ਕੋ ਡਿਪਟੀ ਆਵੇਗਾ। ਅਗਲੇ ਦਿਨ ਸਵੇਰੇ ਹੀ ਆਇਆ ਡਿਪਟੀ। ਭਗਵਾਨ ਸਿੰਘ ਡਿਪਟੀ ਸੀ। ਕਿਹਾ ਭਜਨ ਦਾ ਉੱਚੀ ਨਾਮ ਲਵੇ। ਸਿੰਘਾਂ ਕਿਹਾ ਉੱਚੀ ਨਹੀਂ ਲੈਂਦੇ ਹੋ। ਹੁਕਮ ਨਹੀਂ। ਮਹਾਰਾਜ ਜੀ ਬਚਨ ਕੀਤਾ। "ਜਿਉਣ ਕੌਰ, ਪਰਤਾਪ ਸਿੰਘ, ਨਿਹਾਲ ਸਿੰਘ, ਗੁਰਦਿਆਲ ਸਿੰਘ।"

---

*ਖੇਮ ਕੌਰ ਕਿਸ਼ਨਪੁਰ (ਜ਼ਿਲ੍ਹਾ ਸਿਆਲਕੋਟ) ਦੀ ਬੜੀ ਸੇਵਕ ਸੀ। ਇਸ ਮਾਈ ਨੇ ਸਾਧ ਸੰਗਤ ਨੂੰ ਦੱਸ ਦਿੱਤਾ। ਸੰਗਤ ਤੇ ਮਾਤਾ ਜੀ ਨੂੰ ਫ਼ਿਕਰ ਪੈ ਗਿਆ। ਤੇ ਸਭੇ ਦੇ ਅਰਾਮ ਹੋਣ ਤਕ ਕਾਗਤ ਡਿਪਟੀ ਦੀ ਚੋਲ ਜਾਈ। ਪਟਵਾਰੀ ਸਹਿਆ ਉਸ ਕਾਗਤ ਦਾ ਲਿਖਿਆ।

Sri Satguru Jagjit Singh Ji Elibrary NamdhariElibrary@gmail.com

"ਪੰਜਵਾਂ ਅਖੰਡ ਪਾਠ ਟੋਰਿਆ ਛਨਿਛਰਵਾਰ ਵਾਲੇ ਦਿਨ। ਅੰਤ ਸਮੇਂ ਗੁਲਾਬ ਸਿੰਘ ਅਰਦਾਸਾ ਕੀਤਾ। ੧੯੬੩ ਬਿ: ਜੇਠ ਵਦੀ ਦਸਵੀਂ ਛਨਿਛਰਵਾਰ ਪੰਜ ਵਜ ਚਾਰ ਮਿੰਟ ਊਪਰ ਪ੍ਰਾਣ ਪੂਰੇ ਹੋਏ।" ਗੁਰੂ ਹਰੀ ਸਿੰਘ ਜੀ ਜੇਠ ਵਦੀ ਦਸਵੀਂ ਸਮਾਏ। ਚੜ੍ਹਾਈ ਬਾਦ ਜੇਠ ਸੁਦੀ ਇਕਾਦਸੀ (ਜਿਸ ਨੂੰ ਨਿਮਾਣੀ ਇਕਾਦਸੀ ਤੇ ਨਿਰਜਲਾ ਇਕਾਦਸੀ ਵੀ ਕਹਿੰਦੇ ਨੇ) ਤੋਂ ਸ਼ੁਰੂ ਹੋ ਜੇਠ ਸੁਦੀ ਤ੍ਰੋਦਸੀ ਮੇਲੇ ਦਾ ਭਗ ਪਿਆ। ਵਹਿਮੀਂ

ਸਵੇਰੇ ਇਸਨਾਨ ਕਰਾਏ ਸਸਕਾਰ ਕਰਾਣ ਸਮੇਂ ਜਾਂਦਿਆਂ, ਬਚਨ ਬਾਅਦ ਦੇ ਲਿਖਦਿਆਂ ਸੰਤੋਖ ਸਿੰਘ ਜੀ ਲਿਖਦੇ ਹਨ। "ਪਰਤਾਪ ਸਿੰਘ ਜੀ ਬਬਾਨ ਪਰ ਚੌਰੀ ਕਰਦੇ ਜਾਂਦੇ ਹੈਂ।" ਸਸਕਾਰ ਬਾਅਦ ਆਏ ਕੜਾਹ ਪ੍ਰਸਾਦ ਵਰਤਾਇਆ। ਮਿਰਤਕ ਸੰਸਕਾਰ ਵਾਲਾ ਸੰਗਤ ਨੇ, ਪੰਜਵਾਂ ਅਖੰਡ ਪਾਠ ਜੋ ਟੋਰਿਆ ਹੋਇਆ ਸੀ। "ਵੈਰਾਗ ਸੇ ਅਖੰਡ ਪਾਠ ਕਾ ਭੋਗ ਮਸਾਂ ਪਾਇਆ। ਨਿਮਾਣੀ ਕਾ ਮੇਲਾ ਰਖਿਆ। ਚਿਠੀਆਂ ਪਾਈਆਂ।"

## ਦਸਤਾਰ ਬੰਦੀ

ਅਗਲੇ ਸਵੇਰੇ ਆਸਾ ਦੀ ਵਾਰ ਦੇ ਭੋਗ ਸਮੇਂ ਹੀਰਾ ਸਿੰਘ ਜੀ ਟਿਕਾ, ਮੁੰਡੀਆਂ। ਤੇ ਬੀਰ ਸਿੰਘ ਜੀ ਢੁੰਨ੍ਹੀ ਨੇ ਆਸਣ ਵਛਾ ਅਰਜ ਕਰ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਪਹਿਲੋਂ ਸਭ ਤੋਂ ਮੱਥਾ ਟੇਕਿਆ। ਕਿਉਂਕਿ ਬੀਰ ਸਿੰਘ ਜੀ ਬੜੇ ਸਮਾਈ ਵਾਲੇ, ਸਿਦਕ ਵਾਲੇ ਸਾਧ ਸੇਵਕ ਸੀ ਤੇ ਹੀਰਾ ਸਿੰਘ ਜੀ ਨੂੰ ਟਿਕਾ ਇਸੇ ਕਰਕੇ ਸੰਗਤ ਕਹਿੰਦੀ ਸੀ, ਜਦੋਂ ਮਾਪਿਆਂ ਇਸ ਦਾ ਅਰਦਾਸਾ ਗੁਰੂ ਹਰੀ ਸਿੰਘ ਜੀ ਨੂੰ ਕਰਾਇਆ ਸੀ○। ਅਗੋਂ ਜੇ ਗੁਰੂ ਕੀ ਅੰਸ 'ਚੋਂ ਕੋਈ ਜੋਗ ਨਾ ਜਾਪਿਆ ਤਾਂ ਇਸ ਨੂੰ ਹੀ ਟਿਕਿਆ ਜਾਵੇਗਾ। ਡੇਰੇ ਦੀ ਸੰਭਾਲ ਲਈ ਇਹਨਾਂ ਦੋਨਾਂ ਨੇ ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਗੁਰਗੱਦੀ ਵਾਲੀ ਕਾਰ ਨੂੰ ਆਪਣੇ ਵਲੋਂ ਗੁਰੂ ਕਾ ਹੁਕਮ ਮੰਨ ਮਥਾ ਟੇਕਿਆ। ਜੋ ਉਹਨਾਂ ਸਤਿਗੁਰੂ ਜੀ ਦੇ ਪ੍ਰਗਟ ਹੋਣ ਤੋਂ ਲੈ ਸੁਣਿਆ ਸੀ ਹੁਣ ਤਕ, ਜਿਵੇਂ ਫੇਰ ਭੀ ਕਈ ਵਾਰੀ ਹੁਕਮ ਹੁੰਦਾ ਰਿਹਾ ਸੀ।

ਤੇ ਕਈ ਸ਼ੋਕ-ਆਤਰ ਹੋਏ ਹੀ ਨਾ ਦੀਵਾਨ ਸਬਦ ਆਸਾ ਦੀ ਵਾਰ ਵਿਚ ਗਏ, ਕਈਆਂ ਦੀ ਰੌ ਹੋਰ ਹੋਰ ਸੋਚਾਂ ਵਿਚ ਪਈ ਰਹੀ। ਕਈ ਗਿਣਤੀਆਂ ਸਮੇਂ ਦੇ ਸੁਭਾਵ ਪ੍ਰਭਾਵ ਤਲੇ ਗਿਣਦੇ ਭੀ ਨਾ ਆਏ। ਤੇ ਸੰਗਤ ਨੂੰ ਸੋਗ-ਵਸ ਕੁਝ ਨਾ ਸੁਝਿਆ। ਕਿਉਂਕਿ ਗੁਰੂ ਹਰੀ ਸਿੰਘ ਜੀ ਜੋਗ ਹੁਕਮ-ਨਾਮਾ ਸੰਤ ਦਰਬਾਰਾ ਸਿੰਘ ਜੀ ਦੀ ਹਥੀਂ ਔਣ ਤੇ ਭੀ ਬੀਬੀ ਨੰਦਾਂ ਬੜੇ ਕਰੜੇ ਕੁਬਚਨ ਬੜਾ ਚਿਰ ਬੋਲਦੀ ਰਹੀ ਸੀ ਤੇ ਹੁਣ ਭੀ ਹੋਰ ਦਾ ਹੋਰ ਰੰਗ ਹੋਣ ਦਾ ਭਰਮ ਖਤਰਾ ਸੀ। ਕਿਉਂਕਿ ਸੁਰਤ ਸਿੰਘ ਬੀਬੀ ਦਾ ਪੁੱਤ੍ਰ ਸਿੰਘ-ਸਤੀਆਂ ਦਾ ਮੇਲੀ ਮੰਦੇ ਬਚਨ ਸਦਾ ਕਢਦਾ ਰਹਿੰਦਾ ਸੀ। ਤੇ ਹੁਕਮਨਾਮਿਆਂ ਵਿਚ ਰਲੇ ਰਲਾਂਦਾ ਤੇ ਬੇਸਰਧੀ ਗੁਰੂ ਘਰ ਤੇ ਫੈਲਾਂਦਾ ਰਹਿੰਦਾ ਸੀ, "ਗੱਦੀ ਲਾਣੀ ਤੇ ਇਸਤਰੀ

○ਤਦ ਮਾਤਾ ਜਿਉਣ ਕੌਰ ਜੀ ਅਜੇ ਆਏ ਨ ਸੀ ਤੇ ਹੀਰਾ ਸਿੰਘ ਬਹੁਤ ਸੋਚਣਾ, ਹੁਸ਼ਿਆਰ ਤੇ ਗੁਰਮੁਖ ਮਤਿ ਦਾ ਸੀ। ਗੁਰੂ ਜੀ ਨਾਲ ਬੜਾ ਚਿਰ ਇਤਬਾਰ ਦੇਖ ਸਾਧ ਇਸੇ ਨੂੰ ਟਿਕਾ ਕਹਿੰਦੇ। ਅਖ਼ਬਾਤ ਸਤਿਗੁਰੂ ਰਾਮ ਸਿੰਘ ਜੀ ਦੇ ਭਵਿੱਖਤ ਵਾਕ ਸੋ ਉਹਨਾਂ ਮਾਤਾ ਜੀ ਤੇ ਸਤਿਗੁਰੂ ਸਬੰਧੀ ਕਹੇ ਹੋਏ ਸੀ ਸੋ ਬੁਝ ਇਹ ਸੋਚਦੇ ਸੀ।

ਜਨਾਨੇ ਤੋਂ ਪ੍ਰਹੇਜ ਦਾ. ਉਹਨਾ ਹੁਕਮ ਭੇਜਿਆ ਹੋਇਆ ਏ ।" ਪਰ ਹੈ ਸੀ ਏਸ ਆਪ ਹੀ ਸਿੱਖਾਂ ਤੇ ਮਿਨ੍ਹਾ ਬਣ ਹੁਕਮਨਾਮਾ ਲੈ, ਲਿਖ ਦਿੱਤਾ ਹੋਇਆ । (ਤਰਨ ਸਿੰਘ)

ਮਾਤਾ ਜਿਊਣ ਕੌਰ ਜੀ ਤੇ ਚੰਗੇ ਚੰਗੇ ਸਾਧੂਆ, ਨਰੈਣ ਸਿੰਘ, ਗੁਰਦਿੱਤ ਸਿੰਘ, ਹੀਰਾ ਸਿੰਘ ਜੀ ਟਿਕਾ, ਬੀਰ ਸਿੰਘ, ਸੇਵਾ ਸਿੰਘ ਜੀ ਆਦਿ ਨੇ ਅਗਲੇ ਦਿਨ ਬੀਬੀ ਨੰਦਾ ਦੇ ਪੁੱਤ੍ਰ ਬਸੰਤ ਸਿੰਘ, ਹਰਨਾਮ ਸਿੰਘ, ਸੁਰਤ ਸਿੰਘ ਨੂੰ ਅੰਦਰ ਮੰਦਰ ਵਿਚ ਸੱਦ, ਬਹਾ ਕਿਹਾ, ਗੁਰ ਮਰਯਾਦਾ ਅਨੁਸਾਰ "ਖਾਲੀ ਤਖਤ ਨ ਰਹੇ ਹੈ ਮਹਾ ਪੁਰਖ ਹੈ ਜੋਇ ॥" ਇਸ ਗੁਰ-ਤਖਤ ਤੇ ਹੁਣ ਪਰਤਾਪ ਸਿੰਘ ਨੂੰ ਮੰਨ, ਸਾਰੀ ਸੰਗਤ ਨੂੰ ਮੱਥਾ ਟੇਕਣਾ ਚਾਹੀਦਾ ਏ । ਕਿਉਂਕਿ ਗੁਰੂ ਹਰੀ ਸਿੰਘ ਜੀ ਇਹਨਾ ਦੇ ਪ੍ਰਗਟ ਹੋਣ ਸਮੇਂ ਭੀ ਕਿਹਾ ਸੀ, ਘਰ ਦਾ ਮਾਲਕ ਆਇਆ ਏ, ਬੜੇ ਪ੍ਰਤਾਪ ਵਾਲਾ । ਬਾਅਦ ਕਈ ਐਸੇ ਬਚਨ ਉਹਨਾ ਜੋਗ ਕੀਤੇ ਹਨ ਤੇ ਸਮਾਉਣ ਤੋਂ ਤਿੰਨ ਦਿਨ ਪਹਿਲਾਂ ਖੇਮ ਕੌਰ ਨੂੰ ਬੁਲਾ, ਕਹਿ ਸਭ ਉਹਨਾਂ ਨੂੰ ਪੱਕੀ ਕਰ ਦਿੱਤੀ ਸੀ ਗੁਰੂ ਜੀ । ਸਭ ਦਾ ਮਤਾ ਮਿਲ ਗਿਆ ਕਿ ਕਲ੍ਹ ਨੂੰ ਕੁਝ ਜਗਤ ਪ੍ਰਸਿਧਤਾ ਲਈ ਜੁਗਤ ਜ਼ਰੂਰ ਕੀਤੀ ਜਾਵੇ । ਭਾਵੇਂ ਹੀਰਾ ਸਿੰਘ ਜੀ ਤੇ ਬੀਰ ਸਿੰਘ ਜੀ ਅੱਜ ਆਸਾ ਦੀ ਵਾਰ ਦੇ ਭੋਗ ਸਮੇਂ ਆਸਣ ਤੇ ਬੈਠਾ ਉਹਨਾਂ ਨੂੰ ਆਪ ਮੱਥਾ ਟੇਕ, ਚੌਰ ਕਰ, ਸਭ ਸੰਗਤ ਨੂੰ ਕਿਹਾ ਹੈ, ਹੁਣ ਨਾਮਧਾਰੀ ਸੰਗਤ ਦਾ ਮਾਲਕ, ਵਡੇ ਪ੍ਰਤਾਪ ਵਾਲਾ ਪਰਤਾਪ ਸਿੰਘ ਹੈ । ਜਿਸ ਦੀ ਬਾਬਤ ਸਤਿਗੁਰੂ ਰਾਮ ਸਿੰਘ ਜੀ, ਕਾਨ੍ਹ ਸਿੰਘ ਗੜ੍ਹੀਵਾਲੇ ਨੂੰ ਕਿਹਾ ਸੀ, "ਪਰਤਾਪ ਸਿੰਘ ਹੋਵੇਗਾ ਬੜੇ ਪ੍ਰਤਾਪ ਵਾਲਾ ।"

## ਸਫ਼ੀ ਮੁਹੰਮਦ ਦਾ ਹੋਕਾ

ਦੂਜੇ ਦਿਨ ਚੜ੍ਹਦੇ ਸਾਰ ਹੀ ਖਿਜਲੀਪੁਰ ਜ਼ਿਲ੍ਹਾ ਲੁਧਿਆਣਾ ਦਾ ਫ਼ਕੀਰ, ਸਫ਼ੀ ਮੁਹੰਮਦ ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਸੁਪਨੇ ਵਿਚ ਦਰਸਨ ਦੇ ਕਿਹਾ ਸੀ ਤੇ ਜਾਗੇ ਨੂੰ ਭੀ ਇਹੋ ਅਵਾਜ਼ਾ ਹੋਇਆ ਸੀ, "ਇਹੋ ਸਰੂਪ ਤੈਨੂੰ ਮੇਰਾ ਭੈਣੀ ਸਾਹਿਬ ਦਿਸੇਗਾ । ਤੂੰ ਦਰਸਨ ਕਰ, ਹੋਕਾ ਦੇਹ । ਇਹ ਸਮੇਂ ਦਾ ਮਾਲਕ ਵਡੇ ਪ੍ਰਤਾਪ ਵਾਲਾ ਸਤਿਗੁਰੂ ਜੇ, ਸਭ ਇਸ ਨੂੰ ਮੰਨੋ । ਸੰਗਤ ਕਿਉਂ ਸੋਚਾਂ ਵਿਚ ਪਈ ਹੈ । ਤੂੰ ਜਾਹ ਤੇ ਹੌਸਲਾ ਦੇਹ ।" ਉਹ ਆਇਆ ਤੇ ਉਸ ਸਤਿਗੁਰੂ ਪਰਤਾਪ ਸਿੰਘ ਜੀ ਦਾ ਦਰਸਨ ਕੀਤਾ ਤਾਂ ਜੇਹਾ ਦਰਸਨ ਰਾਤ ਹੋਇਆ ਸੀ, ਤੇਹਾ ਹੀ ਸਾਖਿਆਤ ਹੋਇਆ । ਉਸ ਭੈਣੀ ਸਾਹਿਬ ਉਚੀ ਅਵਾਜੇ, ਪਲ੍ਹ ਵੇਰ ਹੋਕਾ ਦਿੱਤਾ, "ਗੁਰੂ ਕੀਏ ਸੰਗਤੇ, ਕਿਉਂ ਸੋਚਾਂ ਵਿਚ ਪਏ ਹੋ । ਅੱਜ ਰਾਤ ਮੈਨੂੰ ਦਰਸਨ ਦੇ ਸਤਿਗੁਰੂ ਰਾਮ ਸਿੰਘ ਜੀ ਕਿਹਾ ਹੈ, ਤੂੰ ਭੈਣੀ ਸਾਹਿਬ ਜਾ ਕੇ ਹੋਕਾ ਦੇਹ ਕਿ ਮੇਰਾ ਜੋ ਦਰਸਨ ਤੈਨੂੰ ਹੋਇਆ ਹੈ, ਉਥੇ ਹੋਵੇਗਾ । ਗੁਰੂ ਕੀਏ ਸੰਗਤੇ, ਸਮੇਂ ਦਾ ਮਾਲਕ ਤੇ ਵਡੇ ਪ੍ਰਤਾਪ ਵਾਲਾ ਸਤਿਗੁਰੂ ਇਹੋ ਜੇ, ਸਭ ਇਸ ਨੂੰ ਮੰਨੋ । ਮੈਨੂੰ ਜੋ ਹੁਕਮ ਹੋਇਆ, ਸੋ ਦਰਸਨ ਹੋਇਆ ਹੈ ਤੇ ਮੈਂ ਹੋਕਾ ਦੇ ਦਿੱਤਾ ਹੈ ।"

ਸਫ਼ੀ ਮੁਹੰਮਦ ਦਾ ਹੋਕਾ ਸੁਣਦਿਆਂ ਸਭ ਨੂੰ ਪ੍ਰਤੀਤ ਹੋ ਗਈ ਕਿ ਇਹ ਅਗੰਮੀ ਖੇਲਾ, ਗੋਬਿੰਦ ਦਾ ਖੇਲਾ, ਉਹਨਾ ਲਾਹੁਣ ਲਈ ਆਇਆ ਹੈ । ਤੀਜੇ ਦਿਨ ਗੁਰੂ ਹਰੀ ਸਿੰਘ ਜੀ ਦੇ ਦੁਬਾਰੇ ਵਿਚ ਬੀਰ ਸਿੰਘ ਜੀ ਬੂੰਹੀ ਜ਼ਿਲ੍ਹਾ ਅੰਬਾਲਾ, ਨਰੈਣ ਸਿੰਘ ਜੀ ਰੋੜੇ ਜ਼ਿਲ੍ਹਾ ਫੀਰੋਜ਼ਪੁਰ, ਮਹੰਤ ਗੁਰਦਿੱਤ ਸਿੰਘ ਮੋਰੋ ਜ਼ਿਲ੍ਹਾ ਜਲੰਧਰ, ਹਜ਼ਾਰਾ ਸਿੰਘ ਧਮਾਲ ਜ਼ਿਲ੍ਹਾ ਲੁਧਿਆਣਾ, ਮਹੰਤ ਸੇਵਾ ਸਿੰਘ ਸੁਧਾਰੀ-ਮਾਜਰਾ ਜ਼ਿਲ੍ਹਾ ਅੰਬਾਲਾ ਤੇ ਦੋਨੋਂ ਮਾਤਾ ਜਿਊਣ ਕੌਰ ਤੇ ਫਤਹ ਕੌਰ ਜੀ ਰਲ ਅਰਦਾਸਾ ਕਰ, ਸਤਿਗੁਰੂ ਪਰਤਾਪ ਸਿੰਘ ਜੀ ਨੂੰ ਦਸਤਾਰ ਬੰਨ੍ਹਾਈ । ਫਕੀਰ ਸਫ਼ੀ ਮੁਹੰਮਦ ਤੇ ਗੁਰਬਖਸ਼ ਸਿੰਘ ਚੱਕ, ਮਲੋਹ

ਕੋਟਲੇ ਦਾ, ਤੇ ਹੋਰ ਹਾਣੀ ਮੇਲੀ ਭੀ ਸਤਿਗੁਰੂ ਜੀ ਦੇ ਕੁਝ ਹਾਜਰ ਸੀ। ਵੈਰਾਗੀ ਨੇੜ੍ਹੀਂ ਸਤਿਗੁਰੂ ਜੀ ਦਸਤਾਰ ਬੱਧੀ ਜੇਠ ਵਦੀ ਤੇਰਾ।

## ਗੱਦੀ ਪਰਤਾਪ ਸਿੰਘ ਕੀ

ਸੰਤ ਸੰਤੋਖ ਸਿੰਘ ਜੀ ਲਿਖਦੇ ਹਨ, "ਜਿਲਾ, ਅਰੋੜਾ ਸੀ ਰਾਮਦਾਸ ਪੁਰੇ ਸਾਹਿਬ ਆਇਆ, ਅਫਸੋਸ ਕਰ ਪੂਛਾ, ਗਦੀ ਕਿਸ ਕੋ ਦਿੱਤੀ ਹੈ ? ਨਰੈਣ ਸਿੰਘ ਰੋੜਿਆਂ ਦੇ ਕਿਹਾ, ਪਰਤਾਪ ਸਿੰਘ ਸਾਹਿਬਜਾਦੇ ਕੋ ਕਹਿ ਗਏ ਹੈਂ। ਸੰਗਤ ਨੇ ਭੀ ਇਹਨਾਂ ਕੋ ਦਈ ਹੈ ਗੱਦੀ। ਬਸੰਤ ਸਿੰਘ, ਸੁਰਤ ਸਿੰਘ, ਹਰਨਾਮ ਸਿੰਘ ਭੀ ਕਿਹਾ। ਜਿਲੇ ਨੇ ਕਿਹਾ, ਗੱਦੀ ਪਰਤਾਪ ਸਿੰਘ ਕੀ ਹੈ। ਦਸਖਤ ਕਰਾ ਲੀਏ ਅਰ ਚਲਾ ਗਿਆ।"

"ਗਾਗਰ ਮੈ ਬਿਭੂਤ ਪਾਏ ਕੇ ਊਪਰ ਮੰਦਰ ਪਾਇਆ।"

"ਜਾ ਸਤ ਦਿਨ ਹੋਏ ਗੁਰੂ ਹਰੀ ਸਿੰਘ ਜੀ ਦੀ ਚੜ੍ਹਾਈ ਨੂੰ, ਉਪਰੋਂ ਹੁਕਮ ਆਇਆ ਹੁਣ ਪੁਲਸ ਚੌਕੀ ਦਾ ਪਹਿਰਾ ਦੂਰ ਹੋ ਰਹਿਣਾ ਚਾਹੀਦਾ ਏ। ਆਪੇ, ਬਿਨਾਂ ਕਹੇ ਹੀ ਪੁਲਸ ਨੇ ਆਖ ਦੂਰ ਕੋਨੇ ਮੈਂ ਡੇਰਾ ਜਾਏ ਲਾਇਆ।"

"ਤੇਖ ਬਰਸ ਬਾਅਦ ਗਾਰਦ ਉਠਾਏ ਪਰ੍ਹੇ ਕੀਤੀ। ਜੋ 'ਚੌਤੀ ਬਰਸ ਰਹੇਗਾ ਥਾਨਾ' ਵਾਕ ਸੀ ਪੂਰਾ ਹੋਇਆ, ਸਤ ਦਿਨ ਗੁਜਰਿਆਂ ਬਾਅਦ।"

ਸੋਰਠਾ ॥ ਸ੍ਰੀ ਸਤਿਗੁਰੂ ਪ੍ਰਸਾਦ, ਆਦ ਰੀਤ ਪੂਰੀ ਭਈ।
ਤੈਸੇ ਅਬ ਅਹਿਲਾਦ, ਭਇਆ, ਪੁਲਸ ਦੂਰੀ ਭਈ।

ਦੋਹਰਾ ॥ ਭਰਤ ਵਿਤਾਈ ਹਰੀ ਹਰਿ ਜੀ ਗੁਰ ਜਸ ਮਰਜਾਦ।
ਬਰਸ ਸਤਾਸੀ ਤੈਗ ਕੇ ਭਏ ਰੂਪ ਬਿਸਮਾਦ।
ਚੈਨ ਗਿਆ ਗਏ ਰਾਮ ਕੇ ਨੈਨ ਗਵਾਏ ਰੋਏ।
ਭਾਇਉ ਧਿਆਏ ਸਾਂਤ ਤਿਸ ਭਾਇਉ ਧਿਆਏ ਸੋਏ।

੧੫ ਵੈਸਾਖ ੨੦੨੧ ਬਿ.—ਗਜਨ ਸਿੰਘ°

## ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਸਮਾਂ

ਹੁਣ ਮੈਂ ਅਗੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਇਤਿਹਾਸ ਸ਼ੁਧ ਕਰਨਾ ਸ਼ੁਰੂ ਕਰਦਾ ਹਾਂ, ਆਪਣੇ ਨਿਤ ਕਰਮ ਦੇ ਸੁਭਾ ਅਨੁਸਾਰ। ਆਰੰਭ ਹਿਤ ਮੰਗਲ ਗੁਰਬਾਣੀ ਦੀਆਂ ਤੁਕਾਂ ਲਿਖਦਾ ਹਾਂ—

ਆਸਾ ਮਹਲਾ ੫ ॥ ਆਵਹੁ ਸੰਤ ਮਿਲਾਹ ਹਰਿ ਕਥਾ ਕਹਾਣੀਆ ॥
ਅਨਦਿਨੁ ਸਿਮਰਹੁ ਨਾਮੁ ਤਜਿ ਲਾਜ ਲੋਕਾਣੀਆ ॥

ਆਸਾ ਮਹਲਾ ੧ ॥ ਸਚੀ ਤੇਰੀ ਕਾਰ ਦੇਹਿ ਦਇਆਲ ਤੂੰ ॥
ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਅਧਾਰੁ ਤੂੰ ॥

---

°ਮੈਂ ਨਿਧਾਨ ਸਿੰਘ ਜੀ ਅਲਿਫ 'ਸਤਗੁਰ ਹਰਿ ਸਤ ਕੇ ਉਪਦੇਸ਼ ਸਤ ਆਨੰਦ ॥' ਪੁਸਤਕ ਲਿਖੀ ਹੈ, ਇਸ ਸਾਲ ਹੋਏ, ਕਰੀ ਵਾਲੇ ਹੋਏ ਤੇ, ਜੋ ੧੯ ਫਗਣ ੨੦੨੦ ਬਿ. ਗੁਰੂ ਜੀ ਕਰ ਹੁਕਮ ਹੋਇਆ ਸੀ ਤੇ ਇਤਿਹਾਸਕ ਵਰਤਿਆਂ ਦਾ ਸੰਗ੍ਰਹਿ ਪੁਸਤਕ ਪੂਰਾ ਕੀਤਾ ਹੈ। ਅੱਜ ੩੨ ਹਾੜ ੨੦੨੧ ਤਕ।

Sri Satguru Jagjit Singh Ji Elibrary NamdhariElibrary@gmail.com

ਗੂਜਰੀ ਮਹਲਾ ੪ ॥ ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ ॥
ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤ ਪਾਵੈ ॥ ੨ ॥

ਗੂਜਰੀ ਮਹਲਾ ੫ ॥ ਸਾਸਿ ਸਾਸਿ ਨ ਬਿਸਰੁ ਕਬਹੂੰ ਬ੍ਰਹਮ ਪ੍ਰਭ ਸਮਰਥ ॥
ਗੁਣ ਅਨਿਕ ਰਸਨਾ ਕਿਆ ਬਖਾਨੈ ਅਗਨਤ ਸਦਾ ਅਕਥ ॥

ਇਹਨਾਂ ਤੁਕਾਂ ਦਾ ਅਰਥ ਨਹੀਂ ਕੀਤਾ ਤੇ ਜੋ ਅਗੇ ਹੈ।

ਸੋਰਠ ਵਾਰ ਮਹਲਾ ੪ ॥ ਪਉੜੀ ॥ ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥
ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥
ਨਿਰੰਕਾਰੁ ਨਿਰੰਜਨੁ ਹਰਿ ਅਗਮੁ ਹੈ ਕਿਆ ਕਹਿ ਗੁਣ ਗਾਈਐ ॥
ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥
ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥

ਇਸ ਦਾ ਅਰਥ—ਜਿਵੇਂ ਪਰਤੱਖ ਹੈ ਕਿ ਗੁਰੂ ਰਾਮਦਾਸ ਜੀ ਨੂੰ ਪੂਰੇ ਗੁਰੂ ਅਮਰਦਾਸ ਜੀ ਨੇ ਹੀ ਉਸ, ਅਗੰਮ, ਅਦ੍ਰਿਸਟ, ਨਿਰੰਕਾਰ, ਨਿਰੰਜਨ ਦਾ ਮਾਰਗ ਵਿਖਾਇਆ, ਤਿਵੇਂ ਮੈਨੂੰ ਉਸ ਰਮੇ ਰਾਮ ਜੀ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਮਾਰਗ ਦੀ ਮਤ, ਸਤਿਗੁਰੂ ਪਰਤਾਪ ਸਿੰਘ ਜੀ ਨੇ ਹੀ ਬਖਸ਼ੀ ਹੈ। ਮੈਂ ਹਰੀ ਸੇਵਾ ਸਤਿਗੁਰੂ ਰਾਮ ਸਿੰਘ ਜੀ ਦੇ ਮਾਰਗ ਤੇ ਚਲਣ ਦੇ ਕੰਮ ਜੋਗ, ਉਸ ਦੇ ਮਾਰਗ ਦੇ ਬਚਨ ਕੀਤੇ, ਸੁਣੇ, ਵੇਖੇ, ਲਿਖਣ ਦੇ ਜੋਗ ਹੋਇਆ ਹਾਂ। ਅਗੋਂ ਜੋ ਗੁਰ ਕਥਾ ਲਿਖਣ ਦੀ ਮੇਰੀ ਮਨਸਾ ਹੈ, ਮੈਂ ਉਸ ਦੇ ਜੋਗ ਹੋਣ ਲਈ ਸਤਿਗੁਰੂ ਜੀ ਦਾ ਧਿਆਨ ਹਿਰਦੇ ਧਾਰਦਾ ਹਾਂ।

ਸਤਿਗੁਰੂ ਪਰਤਾਪ ਸਿੰਘ ਜੀ, ਸਤਿਜੁਗ ਤੋਂ ਲੈ ਹੁਣ ਤਕ ਦੇ ਹੋਏ ਮਹਾਨ ਪੁਰਖਾਂ ਦੇ ਮਤਾਂ ਦੀ ਬਾਬਤ ਮੈਨੂੰ ਇਹੋ ਮਤ ਦਿੱਤੀ ਹੈ। ਕਿ "ਦੁਆਦਸ ਪੁਰਖ ਹੈ ਆਦ ਸੋ ਸਭਹਨ ਕੇ ਸਿਰ ਮੌਰ ॥ ਸਕਤ ਅਨੰਤੀ ਆਹਿ ਹੈਂ ਆਦ ਇਹੀ ਨਹੀਂ ਔਰ ॥" ਅਰਥਾਤ—ਸਤਿਗੁਰੂ ਰਾਮ ਸਿੰਘ ਜੀ ਹੀ ਐਸੇ ਸਤਿਗੁਰੂ ਜੀ ਹੋਏ ਹਨ। ਜਿਨ੍ਹਾਂ ਨੇ ਗੁਰੂ ਨਾਨਕ ਜੀ ਤੋਂ ਲੈ ਗੁਰੂ ਬਾਲਕ ਸਿੰਘ ਜੀ ਤਕ ਤੇ ਸਭ ਮਹਾਨ ਪੁਰਖਾਂ ਦੇ ਮਤਾਂ ਵਿਚੋਂ ਤਤ ਸਾਰ ਲੈ ਨਾਮਧਾਰੀ ਪੰਥ ਨੂੰ ਗੁਰਮਤ ਬਖਸ਼ੀ ਹੈ। ਇਸ ਲਈ ਉਹ ਆਦਿ ਤੋਂ ਆਪ ਹੀ ਸਭ ਸਤ-ਮਤਾਂ ਦੇ ਮਾਲਕ ਹਨ ਤੇ ਕਿਸੇ ਮਤ ਨੂੰ ਤੇ ਮਹਾਂਪੁਰਖ ਨੂੰ ਮੰਦਾ ਕਹਿਣਾ, ਉਹਨਾਂ ਦਾ ਮਤ ਨਹੀਂ। ਮੈਂ ਭੀ ਸਤਿਗੁਰੂ ਜੀ ਦੀ ਇਹੋ ਮੱਤ ਲੈ, ਸਤਿਗੁਰੂ ਜੀ ਦਾ ਸਮਾਂ, ਆਉਣ ਵਾਲੀਆਂ ਐਸਾਂ ਦੇ ਭਲੇ ਅਰਥ ਲਿਖਦਾ ਹਾਂ। ਇਹੋ ਮਤ ਉਹਨਾਂ ਦੀ ਵਿਚਾਰਦਾ ਹਾਂ ਤੇ ਉਚਾਰਦਾ ਹਾਂ। "ਹੈ ਭਉ ਸਹੀ ਲਖੇ ਜਉ ਕੋਈ" "ਜੋ ਖੋਜੈ ਸੋ ਪਾਵੈ ॥" ਦੀ ਸਿਖਿਆ ਦਾ ਸਾਥ ਤੇ "ਮਨਿ ਪ੍ਰਗਾਸੁ ਗੁਰ ਤੇ ਮਤਿ ਲਈ" ਦੇ ਆਸਰੇ ਟੁਰਿਆ ਹਾਂ "ਕਹੁ ਨਾਨਕ ਤਾਕੀ ਪੂਰੀ ਭਈ" ਆਪਣਾ ਵਾਕ ਸਤਿਗੁਰੂ ਜੀ ਆਪ ਪੂਰਾ ਕਰਨਗੇ। ਇਹ ਆਪਣੀ ਉਪਮਾ ਤੇ ਜੀਵਨ ਦਾ ਗ੍ਰੰਥ ਸਿਰੇ ਚੜ੍ਹਾਉਣਗੇ, ਮੇਰੀ ਘਾਲ ਲੇਖੇ ਲਾਉਣਗੇ।

ਬਿਲਾਵਲ ਮਹਲਾ ੪ ॥ ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ ਹਰਿ ਦੇਹੁ ਮਤੀ ਜਸੁ ਕਰਾਂ ॥
ਤੁਮਰੈ ਸੰਗਿ ਲਗੇ ਸੇ ਉਧਰੇ ਜਿਉ ਸੰਗਿ ਕਾਸਟ ਲੋਹ ਤਰਾ ॥

ਗੁਰਵਾਕ ਅਨੁਸਾਰ ਮੈਂ ਅਰਜ਼ ਕਰਦਾ ਹਾਂ, ਮੇਰੇ ਪਿਤਾ ਸਤਿਗੁਰੂ ਪਰਤਾਪ ਸਿੰਘ ਜੀਉ, ਮੈਨੂੰ ਐਸੀ ਮਤ

Sri Satguru Jagjit Singh Ji Elibrary NamdhariElibrary@gmail.com

ਦੇਹੁ, ਮੈਂ ਆਪ ਦਾ ਜੱਸ ਕਰ ਸਕਾਂ। ਕਿਉਂਕਿ ਜੋ ਆਪ ਦਾ ਜੱਸ ਹੈ, ਉਹ ਐਸਾ ਹੈ ਜੋ ਉਸ ਦੇ ਸੰਗ ਲੋਹੇ ਵਰਗੇ ਸੁਭਾ ਵਾਲੇ ਜੀਵ ਭੀ ਲਗਦੇ ਹਨ, ਉਹ ਭਵਜਲੋਂ ਪਾਰ ਹੋ ਜਾਂਦੇ ਹਨ। ਜਿਵੇਂ ਕਾਸਟ ਦੇ ਨਾਲ ਲੋਹਾ ਤਰ ਸਮੁੰਦਰੋਂ ਪਾਰ ਹੋ ਜਾਂਦਾ ਹੈ। ਅਰਥਾਤ—ਗੁਰੂ ਦੇ ਸੰਗ ਸੇਵਕ, ਜੱਸ ਕਰਨ ਵਾਲੇ ਦਾ ਨਾਮ ਭੀ ਅਮਰ ਹੋ ਜਾਂਦਾ ਹੈ। ਜੈਸੇ ਗੁਰੂ ਨਾਨਕ ਜੀ ਨਾਲ ਭਾਈ ਬਾਲੇ● ਦਾ ਤੇ ਸੂਰਜ ਪ੍ਰਕਾਸ਼ ਗੁਰੂ ਜਸ ਲਿਖਣ ਕਰ ਭਾਈ ਸੰਤੋਖ ਸਿੰਘ● ਜੀ ਤੇ ਪੰਥ ਪ੍ਰਕਾਸ਼ ਦੇ ਲਿਖਣ ਕਰ ਗਿਆਨੀ ਗਿਆਨ ਸਿੰਘ● ਜੀ ਅਤੇ ਸਤਿਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਦਾ ਜੱਸ ਲਿਖਣ ਕਰ ਬਾਬੇ ਸੰਤੋਖ ਸਿੰਘ● ਜੀ ਹੋਰੀਂ ਭੀ ਅਮਰ ਤੇ ਪੰਨਤਾ ਦੇ ਜੋਗ ਹੋ ਗਏ ਹਨ। ਜੈਸਾ ਕਿ ਗੁਰੂ ਹਰੀ ਸਿੰਘ ਜੀ ਸੰਤੋਖ ਸਿੰਘ ਜੀ ਤੋਂ ਗੁਰੂ-ਜੱਸ ਸੁਣ ਕਿਹਾ ਸੀ, "ਸੰਤੋਖ ਸਿੰਘ ਜੀ ਤੁਹਾਡਾ ਧੰਨ ਜਨਮ ਹੈ ਜਿਨ੍ਹਾਂ ਗੁਰੂ ਕੀ ਸਾਖੀਆਂ ਲਿਖੀਆਂ ਹਨ।"

ਤੈਸੇ ਮੈਂ ਭੀ ਗੁਰਵਾਕ—

ਸਲੋਕ ਮਹਲਾ ੩ ॥ ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥
ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥

ਅਨੁਸਾਰ ਡਿਠੇ ਪੂਰੇ ਸਤਿਗੁਰੂ ਦਾ ਜੱਸ ਤੇ ਉਸ ਪਾਸੋਂ ਗਿਆਨ ਲੈ ਸੋਝੀ ਪਾਇ, ਉਸ ਦੇ ਵਾਕ ਪਛਾਣ ਤੇ ਨਾਮ ਨੂੰ ਮਨ ਵਸਾ ਗੁਰੂ ਨਾਨਕ ਸਤਿਗੁਰੂ ਰਾਮ ਸਿੰਘ ਜੀ ਹਰੀ ਹਰਿ ਸਕਤਿ ਰੂਪ ਪ੍ਰਮਾਤਮਾ ਦਾ ਜੱਸ ਤੇ ਪ੍ਰਮੇਸਰ ਦਾ ਨਾਮ ਲੈਣ ਵਾਲਿਆਂ ਦਾ ਜੱਸ ਇਹ ਗੁਰਵਾਕ—

ਮਹਲਾ ੪ ॥ ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥

ਜੋ ਲਿਖਿਆ ਹੈ। ਜਿਸ ਦਾ ਸਾਰ ਇਹੋ ਹੈ ਕਿ ਜੋ ਹਰੀ ਦੇ ਜਨਾਂ ਦੀ ਉਸਤਤਿ ਹੈ ਉਹ ਹਰੀ ਦੀ ਹੀ ਉਸਤਤਿ ਹੈ ਤੇ ਪ੍ਰਭੂ ਉਸ ਨੂੰ ਚੰਗਾ ਜਾਣ ਜਗਤ ਤੇ ਪ੍ਰਗਟ ਕਰਦਾ ਹੈ, ਜਨਾਂ ਦਾ ਜੈਕਾਰ ਕਰਾਂਦਾ ਹੈ।

ਸੋਰਠ ਮਹਲਾ ੧॥ "ਗੁਰਸਾਖੀ ਅੰਤਰਿ ਜਾਗੀ ॥ ਤਾ ਚੰਚਲ ਮਤਿ ਤਿਆਗੀ ॥ ਗੁਰਸਾਖੀ ਕਾ ਉਜੀਆਰਾ ॥ ਤਾ ਮਿਟਿਆ ਸਗਲ ਅੰਧ੍ਯਾਰਾ ॥ ਗੁਰਵਾਕ ਅਨੁਸਾਰ ਮੈਂ ਗੁਰਸਾਖੀ ਭਾਵ ਡਿਠੇ ਗੁਰੂ ਜੀ ਦੀ ਦਿੱਤੀ ਮਤ ਅੰਦਰ ਜਗਾ, ਚੰਚਲ ਮਤ ਤਿਆਗ ਭਾਵ ਉਲ ਜਲੂਲ ਹੋਰ ਲਿਖਣਾ ਛਡ, ਸਾਖੀ ਗੁਰੂ ਜੀ ਤੋਂ ਉਜੀਆਰਾ ਚਾਨਣਾ ਲੈ ਕੇ ਟੁਰਦਾ ਹਾਂ। ਜੋ "ਬਿਨ ਡਿਠੇ ਅੰਧ ਕਮਾਣਾ ॥" ਅਰਥਾਤ "ਬੇਖਬਰ ਬਾਦ ਬਕਾਹਿ" ਝੂਠੀਆਂ ਖਿਆਲੀ ਕਹਾਣੀਆਂ, ਨਾਵਲ, ਨਾਟਕ ਆਦਿ ਛੱਡ ਸਚਾ ਗੁਰੂ ਜੱਸ ਲਿਖਣਾ ਅਰੰਭਿਆ ਹੈ।

ਗੁਰੂ ਕੀ ਸਾਖੀ ਮੇਰੇ ਅੰਦਰ ਆ ਚਾਨਣਾ ਕੀਤਾ ਹੈ ਤੇ ਮੈਂ ਹੋਰ ਖਿਆਲ ਝੂਠੇ ਛੱਡ ਦਿਤੇ ਹਨ। ਉਹ ਅੰਧੇਰਾ ਮੈਂ ਤਾਂ ਢੋਵਾਂ ਜੇ ਮੈਨੂੰ ਸੱਚ ਨਾ ਮਿਲਿਆ ਹੋਵੇ, ਸੱਚੇ ਸਤਿਗੁਰੂ ਜੀ ਪਾਸੋਂ। ਮੇਰੇ ਤੇ ਉਸ

---

●ਰਾਏ ਭੋਏ ਦੀ ਤਲਵੰਡੀ, ਨਨਕਾਣਾ ਸਾਹਿਬ। ●[illegible] ਦੀ ਸਰਾਂ, ਤਰਨ ਤਾਰਨ ਦੇ ਲਾਗੇ।

●[illegible], ਜ਼ਿਲ੍ਹਾ ਅੰਮ੍ਰਿਤਸਰ। ●[illegible] ਤਹਿਸੀਲ ਪਾਸ, [illegible] ਦੇ ਕਰੀਬ।

ਆਪ ਕਿਰਪਾ ਕੀਤੀ ਹੈ। ਕਿਹਾ ਹੈ—ਡ: ਮ: ੫ ॥ ਕਥੜੀਆ ਸੰਤਾਹ ਤੇ ਸੁਖਾਊ ਪੰਧੀਆ ॥ ਭਾਵ ਜੋ ਕਥਾ ਸੰਤਾਂ ਦੀਆਂ ਹਨ ਉਹ ਸੁਖ ਵਾਲਾ ਪੰਧ ਦਖਾਉਣ ਦੱਸਣ ਵਾਲੀਆ ਹਨ।

## ਜੱਸ ਲਿਖਣ ਦੀ ਮਹਿਮਾ

ਜਿਵੇਂ ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਕਰ ਗੁਰੂ ਜੱਸ ਲਿਖਿਆ ਹੈ। ਜਿਵੇਂ ਕਿਸੇ ਸਿੱਖ ਇਕ ਗੁਰੂ ਦਾ, ਕਿਸੇ ਛੇਵੇਂ ਗੁਰੂ ਜੀ ਤਕ ਪਹਿਲੀ ਪਾਤਸਾਹੀ ਤੇ ਲੈ ਕਿਸੇ ਦਸਾ ਪਾਤਸਾਹੀਆਂ ਤਕ, ਕਿਸੇ ਬਾਰ੍ਹਵੇ ਗੁਰੂ ਤੇ ਗੁਰੂ ਹਰੀ ਸਿੰਘ ਜੀ ਤੱਕ, ਤੇ ਕੁਝ ਬਾਲ ਚਰਿਤ੍ਰ ਨਾਲ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਭੀ ਲਿਖਿਆ ਹੈ। ਮੈ ਤਿਵੇ ਸਾਖੀ ਸਤਿਗੁਰੂ ਜੀ ਦਾ ਜੱਸ ਨਵੇ ਪੁਰਾਣੇ ਸੰਤਾ ਦੇ ਬਚਨ: ਗੁਰੂ ਘਰ ਦਾ ਹਾਲ ਲਿਖਣਾ ਹੈ ਭਾਵੇਂ ਨਾਲ ਨਾਲ ਸਮੇ ਦਾ ਭੀ ਕੁਝ ਇਤਿਹਾਸ ਹੋ ਸਕਿਆ ਤਾਂ ਉਦਮ ਸੋਝੀ ਰੱਖ ਲਿਖ ਹੀ ਦੇਵਾਗਾ। ਪਰ ਮੇਰੇ ਅੰਦਰ ਹਰ ਸਿੱਖ ਦੇ ਘਰ ਭਾਈ ਬਾਲੇ ਵਾਲੀ ਗੁਰੂ ਨਾਨਕ ਦੀ ਜਨਮ ਸਾਖੀ ਪੜ੍ਹੀਦੀ ਦੇਖ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਹੱਥ ਲਿਖਤ ਹੀ ਪੁਸਤਕ ਸੰਤੋਖ ਸਿੰਘ ਜੀ ਦਾ ਲਿਖਿਆ ਦੇਖ, (ਜਿਸ ਨੂੰ ਇਤਨਾ ਆਦਰ ਮੇਰੇ ਸਤਿਗੁਰੂ ਜੀ ਦਿੱਤਾ ਕਰਦੇ ਸੀ ਕਿ ਸਿੱਖ ਗ੍ਰੰਥ ਲਈ ਆਉਂਦੇ ਨੂੰ ਦੇਖ ਅਗੋ ਉਠ ਖਲੋਂਦੇ ਸੀ) ਇਹ ਲਿਖਣ ਦਾ ਚਾਅ ਪੈਦਾ ਕੀਤਾ ਹੈ ਤੇ ਮੇਰ ਮਨ ਚਾਹਿਆ ਹੈ ਜਿਵੇ ਸੰਤ ਜੀ ਨੇ ਆਪਣਾ ਨਾਮ, ਕਈ ਸਿੱਖਾਂ ਦੇ ਜੀਵਨ ਤੇ ਗੁਰੂ ਕੇ ਕਾਰਨਾਮੇ ਉਜਾਗਰ ਕੀਤੇ ਹਨ ਤਿਵੇਂ ਮੈਂ ਭੀ ਇਹ ਸੇਵਾ ਕਰਾਂ, ਗੁਰੂ ਕੇ ਸੰਗ ਲਗ ਪਾਰ ਪਰਾਂ। ਅਮਰ ਹੋਵਾਂ ਮਲਾ ਧੋਵਾਂ।

ਮੈ ਸਤਿਗੁਰੂ ਪਰਤਾਪ ਸਿੰਘ ਜੀ ਪਾਸ ਅਰਜ ਕਰ ਮੰਗ ਮੰਗੀ, ਕਿ ਮੈ ਚਾਹੁੰਦਾ ਹਾ ਜਿਥੋ ਤੱਕ ਸੰਤ ਸੰਤੋਖ ਸਿੰਘ ਜੀ (ਸਤਿਗੁਰੂ ਬਿਲਾਸ) ਲਿਖ ਗਏ ਹਨ ਮੈਂ ਉਸ ਤੋਂ ਅਗੇ ਆਪ ਦਾ ਸਮਾਂ ਤੇ ਸੰਤਾਂ ਦੀਆਂ ਸਾਖੀਆਂ ਲਿਖਾਂ, ਜਿਨ੍ਹਾਂ ਬਾਬਤ ਗੁਰਵਾਕ ਏ—

ਡਖਣੇ ਮਹਲਾ ੫ ॥ "ਨਾਨਕ ਲਧੜੀਆ ਤਿੰਨਾਹ ਜਿਨਾ ਭਾਗੁ ਮਥਾਹੜੈ ॥"

ਅਰਥਾਤ ਮੈਂ ਭੀ ਵਡਭਾਗਾ ਬਣਾਂ।

ਮੇਰੀ ਇਹ ਅਰਜ ਸਤਿਗੁਰੂ ਜੀ ਪ੍ਰਵਾਨ ਕਰ ਕਿਹਾ। "ਤੂੰ ਲਿਖ ਅਸੀ ਤਾਂ ਚਾਹੁੰਦੇ ਹਾ ਹਰ ਸਿੱਖ ਲਿਖੇ। ਜਿਵੇ ਦਸਮ ਜੀ ਦੇ ਦੌਰੇ ਦੀਆਂ ਪੰਜ ਸੌ ਸਾਖੀਆਂ ਸਿੱਖਾਂ ਲਿਖੀਆਂ ਸੀ। ਜਿਨ੍ਹਾਂ ਵਿਚੋ ਮਸਾਂ ਸੌ ਸਾਖੀ ਭੀ ਸਹੀ ਹੁਣ ਕਿਤੇ ਮਿਲਦੀ ਏ। ਪਰ ਵੇਖੀਂ ਪੱਖ ਪਾਤ ਤੇ ਝੂਠ ਤੋ ਬਚ ਕੇ ਰਹੀਂ। ਤਾਂ ਮੇਰਾ ਲਿਖਿਆ ਪ੍ਰਵਾਨ ਹੋਵੇਗਾ ਸਾਧ ਸੰਗਤ ਵਿਚ ਭੀ ਤੇ ਸਾਰੇ ਸੰਸਾਰ ਵਿਚ ਭੀ।"

ਮੈਨੂੰ ਸਤਿਗੁਰੂ ਜੀ ਦੇ ਬਚਨ ਤੇ ਪ੍ਰਤੀਤ ਏ। ਜੇ ਮੈਂ ਉਹਨਾ ਦੇ ਬਚਨ ਅਨੁਸਾਰ ਪੱਖ ਪਾਤ ਤੇ ਝੂਠ ਤੋਂ ਬਚ ਕੇ ਰਿਹਾ ਤਾਂ ਮੇਰੀ ਅਰਜ ਭੀ ਪ੍ਰਵਾਨ ਹੋਵੇਗੀ ਤੇ ਲਿਖਿਆ ਭੀ ਪ੍ਰਵਾਨ ਹੋਵੇਗਾ।

ਹੁਣ ਮੈਂ ਸਤਿਗੁਰੂ ਜੀ ਦਾ ਜੱਸ ਤੇ ਸਮਾਂ ਲਿਖਣਾ ਅਰੰਭਦਾ ਹਾਂ ਤੇ ਅਰਜ ਕਰਦਾ ਹਾਂ।

ਦੋਹਰਾ—ਹੇ ਸਤਿਗੁਰੂ ਪਰਤਾਪ ਸਿੰਘ ਜਪ ਸਿਦਕ ਦਾਤਾਰ।
ਦਇਆ ਕਰੋ ਇਹ ਦਾਸ ਪਰ ਦਿਓ ਸਹਿਜ ਜੱਸ ਪਿਆਰ।
ਜਿਉਂ ਬਾਲੇ ਮਨੀ ਸਿੰਘ ਜੀ, ਸਿੰਘ ਸੰਤੋਖ ਗਿਆਨ—
ਹਰਿ ਜੀ ਨੇ ਗੁਰ ਜੱਸ ਕਹੇ, ਮੈਂ ਭੀ ਧਰ ਗੁਰ ਧਿਆਨ।

Sri Satguru Jagjit Singh Ji Elibrary NamdhariElibrary@gmail.com

ਜੱਸ ਕਰਾਂ ਪੱਖ ਪਾਤ ਤੇ, ਡਰਾਂ ਡਰਾਂ ਗੁਰ ਭਾਇ ।
ਤੁਮਰੀ ਮਤ ਵਿਸਾਰ ਕਹੀਂ, ਮਰਾਂ ਨਹੀਂ ਬਿਖ ਖਾਇ ।
ਜਿਉਂ ਸੋ ਪਏ ਪ੍ਰਵਾਨ ਦਰ, ਵਰ ਮਾਗਉਂ ਕਰ ਜੋਰ ।
ਜਨ ਸੇਵਾ ਪ੍ਰਵਾਨ ਪਏ, ਰਹਿ ਮੁਖ ਤੁਮਰੀ ਓਰ ।
ਕੀਤਾ ਲੋੜੇ ਕਾਜ ਇਹ, ਸਾਖੀ ਸਤਿਗੁਰ ਭਾਇ ।
ਤਰਨ ਸਿੰਘ ਸਰਨੀ ਸਦਾ, ਕਰਨੀ ਆਪ ਸਹਾਇ ।
ਸਾਧ ਸੰਗਤ ਸਤਿਗੁਰੂ ਕੀ, ਭੁਲਾਂ ਬਖਸ਼ਣ ਜੋਗ ।
ਦਇਆ ਕਰੇ ਇਹ ਦਾਸ ਪਰ, ਬਖਸ਼ੇ ਰਿਦਾ ਅਰੋਗ ।

ਧਨਾਸਰੀ ਮਹਲਾ ੫ ॥

ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ ॥
ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥

ਗੁਰਵਾਕ ਦਾ ਜੋ ਅਰਥ ਹੈ ਕਿ ਨੇਤ੍ਰ ਪਵਿਤ੍ਰ ਦਰਸਨ ਸਤਿਗੁਰੂ ਜੀ ਦਾ ਕਰ ਕੇ ਜਿਵੇਂ ਹੋਏ ਹਨ ਤੇ ਧੂੜ ਭੀ ਮਥੇ ਤੇ ਲਾਈ, ਪਾਈ ਹੈ । ਮੈਂ ਅਰਜ ਕਰਦਾ ਹਾਂ ਹੇ ਗਊਆਂ ਦੇ ਪਾਲਣ ਵਾਲੇ ਸਤਿਗੁਰੂ ਜੀਉ ਐਸੀ ਕਿਰਪਾ ਕਰੋ । ਮੈਂ ਠਾਕੁਰ (ਸਤਿਗੁਰੂ ਰਾਮ ਸਿੰਘ ਜੀ) ਦੇ ਗੁਣ, ਰਸ ਲੈ ਲੈ ਗਾਉਂ ਸਕਾਂ । ਮੇਰੇ ਹਿਰਦੇ ਵਿਖੇ ਆਪ ਵਸੋ ।

## *ਨਿਮਾਣੀ ਦਾ ਮੇਲਾ*

ਗੁਰੂ ਹਰੀ ਸਿੰਘ ਜੀ ਜੋ ਨਿਮਾਣੀ ਇਕਾਦਸ਼ੀ ਦਾ ਮੇਲਾ ਕਰਦੇ ਹੁੰਦੇ ਸੀ ਸੋ ਜੇਠ ਵਦੀ ਦਸਵੀਂ ਤੋਂ ੧੬ ਦਿਨ ਬਾਅਦ ਔਂਦਾ ਹੈ । ਗੁਰੂ ਨਾਨਕ ਜੀ ਨੂੰ ਮੰਨਣ ਵਾਲਿਆਂ ਵਿਚ ਇਸ ਦਿਨ ਦਾ ਵੱਡਾ ਮਹਾਤਮ ਛੇਵੀਂ ਪਾਤਸ਼ਾਹੀ ਤੋਂ ਅਰੰਭ ਹੋਇਆ ਹੈ । ਗੁਰੂ ਹਰਿਗੋਬਿੰਦ ਜੀ, ਕਸ਼ਮੀਰ, ਭਾਗਭਰੀ ਨੂੰ ਦਰਸਨ ਦੇ ਤੇ ਮਹੀਨਾ ਵੈਸਾਖ ਦਾ ਰਹਿ, ਕੁਝ ਦਿਨ ਜੇਠ ਦੇ ਗਏ ਟੁਰੇ ਸੀ । ਗੁਰ ਬਿਲਾਸ ਛੇਵੀਂ ਪਾਤਸਾਹੀ ਦੇ ਨੌਵੇਂ ਧਿਆਏ 'ਚ ੨੨੦ ਅੰਗ ਤੇ ਇਹ ਪ੍ਰਸੰਗ ਏ । ਵਾਪਸ ਔਂਦਿਆਂ ਹਾਫਜ਼ਾਬਾਦ ਕਰਮ ਚੰਦ ਨੂੰ ਸਿੱਖੀ ਦਾਨ ਦੇ, ਜੇਠੇ ਛਿਪੀਏ ਦੀ ਅਰਜ ਕਾਰਨ ਗੁਰੂ ਨਾਨਕ ਜੀ ਦੇ ਜਨਮ ਅਸਥਾਨ ਤੇ ਇਸ ਦਿਨ ਦਰਸਨ ਦਿੱਤੇ ।

ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤਿ ਸਮੌਣ ਤੇ ਨਿਮਾਣੀ ਇਕਾਦਸ਼ੀ ਦੇ ਵਿਚਲੇ ਦਿਨਾਂ ਵਿਚ ਹੀ ਜੇਠ ਸੁਦੀ ਚੌਥ (ਮੇਲਾ ਜੋ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਤੇ ਲਾਹੌਰ ਹੁੰਦਾ ਹੈ) ਔਂਦਾ ਹੈ । ਜਿਵੇਂ ਗੁਰੂ ਅਰਜਨ ਦੇਵ ਜੀ ਠੰਡੀ ਮੂਰਤੀ ਅਤਿ ਤਸੀਹੇ ਸਹਿ ਜਹਾਂਗੀਰ ਵਲੋਂ, ਜੋਤੀ ਜੋਤਿ ਸਮਾਇ ਸੀ, ਤਿਵੇਂ ਗੁਰੂ ਹਰੀ ਸਿੰਘ ਜੀ ਠੰਡੀ ਮੂਰਤੀ ਗੋਰਿਆਂ ਬਦੇਸ਼ੀਆਂ ਦੇ ਰਾਜ ਵਲੋਂ ਅਤਿ ਤਸੀਹੇ ਸਹਿ, ਮਿਤ੍ਰ ਵਿਛੋੜੇ ਵਿਚ ਵੈਰਾਗ ਕਰ ਕਰ ਨੇਤ੍ਰ ਗਵਾ ਜੋਤੀ ਜੋਤਿ ਸਮਾਏ ।

ਜਿਵੇਂ ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਜੀ ਦੀ ਸੰਗਤ ਨੂੰ ਸਦਾ ਜ਼ਿੰਦਾ ਰਖਣ ਲਈ ਗੁਰਬਾਣੀ ਦੀ ਬੀੜ ਬੰਨ੍ਹੀ ਸੀ । ਤਿਵੇਂ ਗੁਰੂ ਹਰੀ ਸਿੰਘ ਜੀ ਸਤਿਗੁਰੂ ਨਾਨਕ ਜੀ, ਦਸਮ ਜੀ, ਤੇ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਨੂੰ ਸਦਾ ਜਿਉਂਦੇ ਰੱਖਣ ਲਈ ਆਪਣੇ ਸਿਦਕ, ਭਜਨ ਤੇ ਗੁਰੂ ਹੁਕਮ ਦੀ ਹਰ ਕਾਰ ਸਖਤੀਆਂ ਵਿਚ ਜਾਰੀ ਰਖੀ । ਤੇ ਜਿਵੇਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਪੁੱਤ੍ਰ ਤੇ ਜਾ-ਨਸ਼ੀਨ, ਪ੍ਰਤਾਪੀ

ਗੁਰੂ ਹਰਿਗੋਬਿੰਦ ਜੀ ਦੇ ਲੜ ਲਾ ਸੰਗਤ ਦੇ ਦੁਖ ਦੂਰ ਕੀਤੇ ਸੀ। ਤਿਵੇਂ ਗੁਰੂ ਹਰੀ ਸਿੰਘ ਜੀ ਸੰਗਤ ਨੂੰ ਆਪਣੇ ਪ੍ਰਤਾਪੀ ਸਪੁੱਤ੍ਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਲੜ ਲਾ ਤੇ "ਘਰ ਦਾ ਮਾਲਕ ਬੜੇ ਪ੍ਰਤਾਪ ਵਾਲਾ" ਆਦਿ ਵਰ ਦੇ "ਸੰਗਤ ਦੇ ਸਭ ਦੁਖ ਦੂਰ ਕਰਨ ਵਾਲਾ" ਕਹਿ ਆਪ ਜੋਤੀ ਜੋਤਿ ਸਮਾਏ। ਜਿਵੇਂ ਗੁਰੂ ਅਰਜਨ ਦੇਵ ਜੀ ਦੇ ਹਰਿਗੋਬਿੰਦ ਜੀ ਹੋਏ ਤੇ ਗੁਰੂ ਤੇਗ ਬਹਾਦਰ ਜੀ ਦੇ ਪ੍ਰਤਾਪੀ ਸਪੁੱਤ੍ਰ ਗੁਰੂ ਗੋਬਿੰਦ ਸਿੰਘ ਜੀ ਹੋਏ, ਤਿਵੇਂ ਗੁਰੂ ਹਰੀ ਸਿੰਘ ਜੀ ਦੇ ਬੜੇ ਪਰਤਾਪ ਵਾਲੇ ਸਪੁੱਤ੍ਰ ਸਤਿਗੁਰੂ ਪਰਤਾਪ ਸਿੰਘ ਜੀ ਹੋਏ।, ਜਿਨ੍ਹਾਂ ਸੰਗਤ ਦੇ ਸਭ ਦੁੱਖ ਖੋਏ। ਆਪ ਵਡੇ ਪ੍ਰਤਾਪ ਵਾਲੇ ਦੀ ਕਥਾ ਅਗੇ ਸਰਵਨ ਕਰੋ। ਤੇ ਜਨਮ ਜਨਮ ਦੇ ਆਪਣੇ ਸੰਕਟ ਦੁੱਖ, ਭਜਨ, ਕਰ ਹਰੋ।

*ਚਿਠੀਆਂ ਪਾਈਆਂ ਸਭ ਜ਼ਿਲ੍ਹਿਆਂ 'ਚ ਸੂਬਿਆਂ ਨੂੰ ਤੇ ਕਈ ਥਾਈਂ ਸਿੰਘ ਭੀ ਭੇਜੇ, ਹਰ ਸਾਲ ਨਿਮਾਣੀ ਦੇ ਹੁੰਦੇ ਮੇਲੇ ਤੇ ਔਣ ਦੀਆਂ ਤੇ ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤਿ ਸਮੌਣ ਦੀਆਂ। ਸੰਗਤ ਸਦਾ ਨਾਲੋਂ ਬਹੁਤੀ ਆਈ। ਗੁਰੂ ਜੀ ਦੇ ਸਮੌਣ ਕਾਰਨ ਬਹੁਤ ਇਕੱਠ ਹੋਇਆ। ਬਹੁਤ ਜਿਲਿਆਂ ਦੀ ਸਾਧ ਸੰਗਤ ਦਾ ਤੇ ਦੁਆਲੇ ਦੇ ਨਗਰਾਂ ਦਾ।

## *ਤਿੰਨ ਦਸਤਾਰੇ*

ਮਾਤਾ ਜਿਊਣ ਕੌਰ ਜੀ ਦੇ ਸਖੀ ਸੁਭਾ ਕਾਰਨ ਖਲਕਤ ਖੁਦਾ ਦੀ ਤੇ ਹੋਰ ਸਾਕ ਸਬੰਧ ਹਿਸਾਰ ਜ਼ਿਲ੍ਹੇ ਬਰਾੜ ਦੇ ਵਲ ਦੇ, ਬਹੁਤ ਆਏ ਤੇ ਪਦਾਰਥ ਭੀ ਬਹੁਤ ਹੀ ਲਿਆਏ। ਮਾਤਾ ਜੀ ਨੂੰ ਮੱਥਾ ਟੇਕ ਭੇਟਾ ਕਰਦੇ। ਤਿੰਨ ਦਿਨ ਮੇਲਾ ਬਹੁਤ ਹੋਇਆ। ਜਥੇਦਾਰ ਤੇ ਰਾਗੀ, ਰਬਾਬੀ ਤੇ ਸਬਦੀ ਪੁਰਾਣੇ ਮੇਲੀ ਆਏ। ਬਰਾੜ ਵਾਲਿਆਂ ਤਿੰਨ ਦਸਤਾਰੇ ਤੇ ਬੇਗਿਣਤ ਪਦਾਰਥ ਮਾਤਾ ਜੀ ਦੋਵਾਂ ਤੇ ਤਿੰਨਾਂ ਸਾਹਿਬਜਾਦਿਆਂ ਜੋਗ ਭੇਟਾ ਧਰੇ, ਸਮੇਤ ਬਹੁਤ ਬਸਤ੍ਰਾਂ ਦੇ। ਪੰਜ ਪਾਠ ਭੀ ਕਰ ਕਰਾ ਆਂਦੇ ਬਰਾੜ ਵਾਲਿਆਂ, ਹੋਰ ਸਾਧ ਸੰਗਤ ਤੇ ਮਾਤਾ ਜੀ ਵਲੋਂ ਭੀ ਆਦ ਤੇ ਦਸਮ ਗ੍ਰੰਥ ਸਾਹਿਬ ਦੇ ਪਾਠ ਕੀਤਿਆਂ ਦੇ ਭੋਗ ਪਾਏ। ਤਿੰਨੋ ਭਾਈ ਸੰਗਤ ਵਿਚ ਬੈਠਦੇ ਸੀ। ਆਸਣ ਤੇ ਸਤਿਗੁਰੂ ਜੀ, ਪਾਸ ਖੱਬੇ ਮਹਾਰਾਜ ਨਿਹਾਲ-ਸਿੰਘ ਜੀ ਤੇ ਨਾਲ ਗੁਰਦਿਆਲ ਸਿੰਘ ਜੀ ਬੈਠਦੇ ਸੀ। ਦੀਵਾਨ ਵਿਚ ਹੱਥਾਂ ਵਿਚ ਸੋਹਣੀਆਂ ਸਫੈਦ ਊਨੀ ਮਾਲਾ ਲੈ। ਸਤਿਗੁਰੂ ਪਰਤਾਪ ਸਿੰਘ ਜੀ ਜਿਤਨੇ ਖੜ੍ਹਲੇ ਤੇ ਖੁਲ੍ਹੇ ਸੁਭਾ ਵਾਲੇ ਸੀ, ਉਤਨੇ ਹੀ ਇਕਦਮ ਅਬੋਲ ਤੇ ਮਗਨ ਬਿਰਤੀ ਵਾਲੇ ਹੋਏ। ਚੁੱਪ ਕੀਤੇ ਹੀ ਰਹਿੰਦੇ ਤੇ ਰਸਨਾ ਰਸਭਰੀ ਹਰ ਘੜੀ ਭਜਨ ਟੱਕ ਟੱਕ ਕਰਦੀ। ਆਪੇ ਚਲਦੀ ਰਹਿੰਦੀ, ਸਰੂਪ ਹਰ ਦਰਸਨ ਕਰਨ ਵਾਲੇ ਨੂੰ ਮੋਹ ਲੈਂਦਾ ਤੇ ਉਸ ਦਾ ਮਨ ਚਹਿੰਦਾ ਕਿਵੇਂ ਹੋਵੇ ਕਿ ਇਹ ਮੇਰੇ ਨਾਲ ਬੋਲਣ।

ਕੋਈ ਕੋਈ ਸਬੰਧੀ ਤੇ ਸਾਧ ਚਾਹਦੇ ਤੇ ਆਂਹਦੇ ਭੀ ਕਿ ਗੁਰੂ ਜੀ ਦੀ ਚੜ੍ਹਾਈ ਦੀ ਤੇ ਗੁਰੂ ਪਦਵੀ ਦੀ ਦਸਤਾਰ ਸਭ ਸੰਗਤ ਸੌਹੇ ਸਜਾਉਣ, ਵਡੇ ਸਾਹਿਬਜਾਦੇ ਸਤਿਗੁਰੂ ਪਰਤਾਪ ਸਿੰਘ ਜੀ, ਪਰ

---

*ਇਸ ਨਿਮਾਣੀ ਦੇ ਮੇਲੇ ਤੇ ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ ਮਾਤਾ ਜਿਸ ਤੇ ਬੇਕੀਆਂ ਤੇਜ ਕਚਹਿਰਾ ਪੈਰਾਂ ਤੋਂ ਠੰਡੇ ਸੂਕੇ ਦੇ ਦੋਵਲੋਂ ਦੂਰ ਤਤੀ ਰੇਤ 'ਚ ਆਏ ਪਹਿਲੋਂ ਅਕਾਲ ਬੁੰਗੇ ਦੀ ਦਲੀਜ ਤੇ ਸਿਰ ਧਰ ਮੱਥਾ ਟੇਕਿਆ ਫੇਰ ਡੇਰੀ ਸਾਹਿਬ ਦੀ ਡਿਉੜੀ ਦੀ ਸਰਦਲ ਤੇ ਸਿਰ ਰਖ ਬਹੁਤ ਚਿਰ ਉਥੇ ਉਸ ਬੈਠੇ ਰਹੇ। ਮਾਤਾ ਜਿਉਣ ਕੌਰ ਜੀ ਸੁਣ, ਆ ਬਾਹੋਂ ਫੜ ਮੰਦਰ 'ਚ ਲੈ ਜਾ ਸਭ ਮੂੰਹ ਨਾਲ ਦਾ ਵਖਾਇਆ ਤੇ ਮਲੇ ਦੁਖ ਕਟਾਇਆ। ਸੰਤ ਹਰਨਾਮ ਸਿੰਘ ਜੀ ਵਾਰੇ ਵਾਰੀਏ। ਅਕਾਲ ਬੁੰਗੇ ਤੇ ਰਾਮਸਰ ਤਕ ਦੋਰੜੇ ਬੁਲੰਦੇ ਮਾਰਦੇ ਸਿੰਘ ਬੈਠੇ ਰਹਦੇ ਰੋਜ ਸਾਰੀ ਰੋਤੇ ਰਹਦੇ। ਤੇ ਕਹਦੇ ਜਿਨਾਂ ਦੀਦਾਰ ਨਾਲ ਦੇ ਨਾਂ ਕਿਸੇ ਨਾਲ ਨੀ, ਇਹ ਬਚਨ ਉਨ੍ਹਾਂ ਸਦਾਂ ਸੰਤ ਚੰਡੂਕਰ ਜੀ ਜਿਨਾਂ ਦਸੇ ਹਨ ਜਿਨ੍ਹਾਂ ਅੱਖੀਂ ਦੇਖੇਸੀ।

ਮਾਤਾ ਜੀ ਦੇਵੇਂ, ਸੰਤ ਦਾਨ ਸਿੰਘ ਜੀ ਰੋੜਿਆਂ ਵਾਲੇ, ਖੇਮ ਕੌਰ, ਮਹੰਤ ਸੇਵਾ ਸਿੰਘ ਜੀ, ਹੀਰਾ ਸਿੰਘ ਜੀ ਟਿਕਾ, ਬੀਰ ਸਿੰਘ ਜੀ ਚੂੰਨ੍ਹੀ ਆਦਿ ਕਹਿ ਦੇਂਦੇ, ਗੁਰੂ ਹੁਕਮ ਦੀ ਦਸਤਾਰ ਤਾਂ ਤੀਜੇ ਦਿਨ ਹੀ ਬੰਨ੍ਹਾਈ ਗਈ ਹੋਈ ਹੈ। ਹੁਣ ਉਹ ਉਤਾਰ, ਜਗਤ ਕਾਰ ਦੀ ਨਹੀਂ ਬੰਨ੍ਹਣੀ ਚਾਹੀਦੀ।

ਮਾਤਾਵਾ ਤੇ ਮੁਖਤਾਰ ਸਭ ਸੇਵਾ ਦਾ ਪ੍ਰਬੰਧ ਕਰਦੇ। ਸਤਿਗੁਰੂ ਜੀ ਮਗਨ ਹੀ ਰਹਿੰਦੇ। ਮਹਾਰਾਜ ਦੋਵੇਂ ਹਾਣੀਆਂ ਨਾਲ ਤੇ ਜਾਣੂਆ ਪਛਾਣੂਆਂ ਸੰਗਤਾ ਦੇ ਮੇਲੀਆਂ ਨਾਲ ਹੱਸਦੇ ਖੇਡਦੇ, ਬੋਲਦੇ ਫਿਰਦੇ ਭੀ। ਸਤਿਗੁਰੂ ਜੀ ਦਾ ਤੇਜ ਮਸਤਕ ਸਭ ਦਰਸ਼ਕਾ ਨੂੰ ਮੋਹਦਾ ਸੀ ਤੇ ਚੁਅੱਖਰੇ ਜਾਪ ਵਿਚ ਆਪਣੇ ਆਪ ਰਸਨਾ, ਟੱਕ ਟੱਕ ਚਲਦੀ ਦੇਖਣ ਵਾਲਿਆਂ ਦਾ ਮਨ ਮਲੋ-ਮਲੀ ਆਪਣੇ ਵਲ ਖਿੱਚਦੀ ਸੀ।

ਪੁਲਸ ਭਾਵੇਂ ਬਹੁਤ ਆਈ ਹੋਈ ਸੀ, ਪਰ ਜਿਲੇ ਵਿਚ ਅਰਜ਼ੀ ਦੇਣ ਕਰ ਤੇ ਮਾਤਾ ਜੀ ਦੇ ਸਖੀ ਸੁਭਾ ਕਰ ਕਿਸੇ ਨੇ ਕਿਸੇ ਨੂੰ ਨਾ ਪੁੱਛਿਆ, ਨਾ ਲਿਖਿਆ। ੫੦ ਤੋਂ ਵਧ ਭੋਗ ਭੈਣੀ ਸਾਹਿਬ ਰਾਮਸਰ ਕੰਢੇ ਬੋਹੜ, ਪਿਪਲਾਂ ਤਲੇ ਸਲੋਕ ਪੜ੍ਹ ਤੇ ਸੌਦ ਪੜ੍ਹ ਗੁਰੂ ਹਰੀ ਸਿੰਘ ਜੀ ਨਮਿੱਤ ਕੀਤੇ ਮੇਲੇ ਦਾ ਭੋਗ ਜੇਠ ਤ੍ਰੋਦਸੀ ਨੂੰ ਪਾਇਆ। ੧ੳ ਸ੍ਰੀ ਵਾਹਿਗੁਰੂ ਜੀ ਕੀ ਫਤਹ ਪਾਤਸਾਹੀ ਬਾਰ੍ਹਵੀਂ ਕਹਿ, ਗੁਰੂ ਹਰੀ ਸਿੰਘ ਜੀ ਤੱਕ ਨਾਮ ਲੈ। ਇਸ ਮੇਲੇ ਤੇ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਬਦੇਸ ਗਵਨ ਬਾਅਦ ਭੈਣੀ ਸਾਹਿਬ ਨਹੀਂ ਆਏ ਸੀ, ਗੁਰੂ ਹਰੀ ਸਿੰਘ ਜੀ ਤੇ ਪੂਰਾ ਨਿਸਚਾ ਨਹੀਂ ਰਖਦੇ ਸੀ, ਉਹ ਭੀ ਆਏ ਤੇ ਸਰਧਾਲੂ ਭੀ ਬਹੁਤ ਹੀ ਆਏ। ਸਤਿਗੁਰੂ ਜੀ ਦਾ ਤੇਜ ਪ੍ਰਤਾਪ ਚਿਹਰਾ ਤੇ ਇਕ ਰਸ ਜਾਪ ਤੇ ਅਡੋਲ ਬਿਰਤੀ ਦੇਖ ਬਿਰਧ ਸਾਧੂ ਕਹਿੰਦੇ, ਇਹ ਤਾਂ ਕੋਈ ਅਵਤਾਰ ਹੀ ਆਏ ਹਨ। ਨਹੀਂ ਤੇ ਏਤਨੇ ਰੋਲੇ ਵਿਚ, ਇਸ ਉਮਰ ਵਿਚ ਇਸ ਤਰ੍ਹਾਂ ਦੀ ਬਿਰਤੀ ਰਹਿਣੀ ਬਹੁਤ ਔਖੀ ਹੈ। ਮੈਂ ਬਿਰਧਾਂ ਤੋਂ ਐਸੇ ਬਚਨ ਸਤਿਗੁਰੂ ਜੀ ਬਾਬਤ ਸੁਣੇ, ਤਾਂ ਸਤਿਗੁਰੂ ਜੀ ਪਾਸੋਂ ਅਰਜ ਕਰ ਪੁੱਛਿਆ, ਆਪ ਜੀ ਦਾ ਸੁਤੇ ਹੀ ਐਸਾ ਸੁਭਾ ਸੀ ਜਾਂ ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਹੀ ਐਸਾ ਹੋ ਟੁਰਿਆ ਸੀ ?

## ਰਸਨਾ ਆਪੇ ਰੱਲੀ

ਸਤਿਗੁਰੂ ਜੀ ਬਚਨ ਕੀਤਾ, "ਗੁਰੂ ਹਰੀ ਸਿੰਘ ਜੀ ਮੈਨੂੰ ਕੁਝ ਹੋਸ ਸੰਭਲੀ ਸਮੇਂ, ਭਜਨ ਸੰਤ ਉਤਮ ਸਿੰਘ ਜੀ ਰਾਇਸਰ ਵਾਲਿਆਂ ਤੋਂ ਦਵਾ ਸਮਝਾਇਆ ਸੀ ਕਿ ਕਾਕਾ ! ਮੈਨੂੰ ਭਜਨ ਦੱਸਣ ਦਾ ਹੁਕਮ ਸਤਿਗੁਰੂ ਰਾਮ ਸਿੰਘ ਜੀ ਵਲੋਂ ਬੰਦ ਏ। ਪਰ ਜੋ ਸੂਬਿਆਂ ਜਾਂ ਸਾਧਾਂ ਦੁਆਰਾ ਗੁਰਮੰਤਰ ਵਰਤਾਣ ਦੀ ਰੀਤ ਗੁਰੂ ਰਾਮ ਸਿੰਘ ਜੀ ਏਧਰ ਹੁੰਦਿਆਂ ਤੋਂ ਟੋਰੀ ਹੈ। ਇਹ ਰੀਤ ਉਹ ਆਪ ਆ ਹੀ ਪਰਤਾਣਗੇ। ਪਰ ਜੋ ਸਤਿਗੁਰੂ ਜੀ ਦਾ ਬਚਨ ਹੈ, "ਜੋ ਹਲ ਵਾਹ ਭੀ ਪ੍ਰਤੀਤ ਕਰ ਪੱਧਰ ਤੇ ਸੁਟੇਗਾ, ਇਹ ਸਬਦ ਉਥੇ ਭੀ ਜੰਮੇਗਾ।" ਸੋ ਜਦੋਂ ਇਸ ਸਬਦ ਦੀ ਕਮਾਈ ਕੀਤੀ ਜਾਵੇ ਤਦੋਂ ਹੀ ਫਲੀਭੂਤ ਹੋ ਆਉਂਦਾ ਹੈ। ਤੂੰ ਇਹ ਸੰਤਾਂ ਦੀ ਰਸਨਾ ਤੋਂ ਲਿਆ ਭਜਨ ਸਤਿਗੁਰੂ ਰਾਮ ਸਿੰਘ ਜੀ ਤੋਂ ਹੀ ਲਿਆ ਜਾਣਨਾ। ਕਿਉਂਕਿ ਉਹਨਾਂ ਦਾ ਹੁਕਮ ਹੀ ਐਸੇ ਹੈ।" ਮੈਨੂੰ ਉਹ ਗੁਰੂ ਜੀ ਦਾ ਵਾਕ ਗੁਰੂ ਜੀ ਦੀ ਚੜ੍ਹਾਈ ਸਮੇਂ ਯਾਦ ਆਇਆ ਤੇ ਸਮਝ ਆਈ ਜੋ ਮੈਨੂੰ ਉਹ ਤਿੰਨ ਦਿਨ ਚਲਣੋਂ ਪਹਿਲਾਂ ਇਕਾਂਤ ਸੱਦ ਕਹਿ ਗਏ ਹਨ, "ਹੁਣ ਤੂੰ ਸਾਂਤਿਆ ਕਰ ਸਭ ਕੰਮ ਕਰਨ ਵਾਲਿਆਂ ਨੂੰ ਭੀ ਤੂੰ ਹੀ ਕਹਿਆ ਕਰ।" ਮੈਂ ਉਸ ਸਵੇਰੇ ਅੰਮ੍ਰਿਤ ਵੇਲੇ ਇਸਨਾਨ ਕਰ ਅਰਦਾਸਾ ਕੀਤਾ। ਹੇ ਸੱਚੇ ਪਾਤਸਾਹ ! ਜੋ ਤੇਰੀ ਕਾਰ, ਇਸ ਸਬਦ ਸਕਤ ਦੀ ਚਲਾਈ ਹੈ, ਇਹ ਤੁਧ ਆਪ ਹੀ

ਭੁਗਤਾਵਣੀ ਹੈ। ਜਿਵੇਂ ਆਪ ਦੀ ਰਜ਼ਾ ਹੋਵੇ ਚਲਾਵੋ। ਚੌਂਕੜਾ ਮਾਰ ਬੈਠਿਆਂ ਇਹ ਅਰਜ਼ ਕਰਨ ਸਾਰ ਮੇਰੀ ਰਸਨਾ ਆਪੇ ਚਲਣ ਲਗੀ ਤੇ ਸੁਰਤ ਜੁੜ ਗਈ। ਤਦ ਤੋਂ ਐਸੀ ਜੁੜੀ, ਬਹਿੰਦਿਆਂ, ਉਠਦਿਆਂ, ਟੁਰਦਿਆਂ, ਸੁੱਤਿਆਂ, ਜਾਗਦਿਆਂ ਇਕ ਰੌਂਸ ਜਾਰੀ ਰਹੇ, ਸ਼ਬਦ ਦਾ ਸੁਆਦ ਤੇ ਰਸਨਾ ਦਾ ਚਲਣਾ। ਮੇਰੇ ਮਨ ਵਿਚ ਬੇ-ਫ਼ਿਕਰੀ ਏਨੀ ਹੋ ਗਈ ਕਿ ਜੇ ਮੇਰੇ ਕੋਲ ਕੋਈ ਕਿਸੇ ਕੰਮ ਦਾ ਜ਼ਿਕਰ ਭੀ ਕਰੇ ਤਾਂ ਮੇਰਾ ਮਨ ਉਸ ਤੋਂ ਚੋਰ ਹੋ ਆਪਣੀ ਲੋਰ ਵਿਚ ਹੀ ਲਗਾ ਰਹਿੰਦਾ ਸੀ। ਮੈਨੂੰ ਪ੍ਰਤੀਤ ਹੋ ਗਈ, ਜਿਸ ਦੀ ਇਹ ਕਾਰ ਏ ਉਸ ਨੂੰ ਹੀ ਇਸ ਦਾ ਆਹਰ ਏ। ਜਿਵੇਂ ਉਸ ਦੀ ਰਜ਼ਾ ਏ ਹੋਵੇ, ਮੈਂ ਮਜ਼ਾ ਲਈ ਜਾਵਾਂ ਤੇ ਆਪਾ ਨਾ ਜਾਣਾਂ।

ਮੈਨੂੰ ਉਸੇ ਦਿਨ ਤੋਂ ਹੌਂਥੀਂ ਛਾਵਾਂ ਉਸ ਸ਼ਬਦ, ਸੁਆਦ ਤੇ ਸਤਿਗੁਰੂ ਜੀ ਦੀ ਯਾਦ ਆਸਰੇ ਹੋ ਰਹੀਆਂ ਹਨ ਤੇ ਸੰਗਤ ਨੇ ਭੀ ਮੌਜਾਂ ਉਸੇ ਆਸਰੇ ਹੀ ਲਈਆਂ ਹਨ। ਨਹੀਂ ਤਾਂ ਮੈਂ ਕੀ ਚੀਜ਼ ਹਾਂ ਜੇ ਗੁਰ ਕਾ ਬਚਨ ਤੇ ਸ਼ਬਦ ਨਾ ਮੇਰੇ ਸਾਥ ਹੁੰਦੇ।

ਕਈ ਸਿੱਖ ਆਪਣੇ ਨਗਰੀ ਦਰਸ਼ਨ ਦੇਣ ਦੀਆਂ ਭੀ ਅਰਜ਼ਾਂ ਕਰਦੇ। ਮਾਤਾ ਜਿਉਣ ਕੌਰ ਜੀ ਉਤਰ ਦੇਂਦੇ, ਜ਼ਰੂਰ ਆਵਾਂਗੇ। ਸਾਡਾ ਹੋਰ ਸੰਗਤ ਬਿਨਾਂ ਕੋਈ ਸਨੇਹ ਤੇ ਨਾਤਾ ਨਹੀਂ, ਸਾਧ ਸੰਗਤ ਜਿਵੇਂ ਚਾਹੇਗੀ ਤਿਵੇਂ ਚੱਲਾਂਗੇ। ਮਹਾਰਾਜ ਨਿਹਾਲ ਸਿੰਘ, ਗੁਰਦਿਆਲ ਸਿੰਘ ਜੀ ਭੀ ਕਹਿੰਦੇ ਜ਼ਰੂਰ ਆਵਾਂਗੇ। ਪਰ ਸਤਿਗੁਰੂ ਪਰਤਾਪ ਸਿੰਘ ਜੀ ਚੁਪ ਤੇ ਮਗਨ ਹੀ ਰਹਿੰਦੇ। ਜੇ ਕੋਈ ਬਹੁਤੀ ਹੀ ਜ਼ੋਰ ਦੇ ਜ਼ਰੂਰ ਜ਼ਰੂਰ ਦੀ ਅਰਜ਼ ਕਰਦਾ ਤਾਂ ਸਹਿਜੇ ਨੀਵੀਂ ਪਾਈ ਧੀਮੀ ਅਵਾਜ਼ੇ ਉਤਰ ਦੇਂਦੇ, ਜਿਵੇਂ ਸਤਿਗੁਰੂ ਕਰਤੇ ਜੀ ਨੂੰ ਭਾਵੇਗਾ ਜਾਂ ਮਾਤਾ ਜੀ ਦਾ ਹੁਕਮ ਹੋਵੇਗਾ, ਕਰਾਂਗੇ।

ਆਈਆਂ ਸੰਗਤਾਂ ਦੀ ਸੇਵਾ ਭਾਵਨੀ ਮਾਤਾ ਜੀ ਨੇ ਬਹੁਤ ਕੀਤੀ ਤੇ ਕਰਾਈ, ਵਿਦਾ ਹੋਣ ਸਮੇਂ ਵਾਪਸੀ ਰਾਹ ਦੀ ਲੋੜ ਜੋਗਾ ਰਸਤ ਮਾਤਾ ਜੀ ਵਡੇ ਵਡੇ ਤਰਵੇਂ ਬੁਕਾਂ ਨਾਲ ਖੰਡ, ਗੁੜ, ਬਦਾਮ ਦੇ ਵਿਦਾ ਕੀਤਾ। ਕਈ ਮਹਾਨ ਪੁਰਸ਼ਾਂ ਨੂੰ ਬਾਹਰ ਦੂਰ ਤਕ ਨਾਲ ਹੋ ਵਿਦਾ ਕਰਨ ਭੀ ਜਾਂਦੇ। ਸਤਿਗੁਰੂ ਜੀ ਅਗੇ ਵਾਂਗੂੰ ਨਾ ਘੋੜਿਆਂ ਤੇ ਚੜ੍ਹਦੇ, ਨਾ ਘੁਲਦੇ ਖੇਡਦੇ। ਚੁਪ ਰਹਿੰਦੇ ਤੇ ਕਦੀ ਬਾਹਰ ਜਾ, ਕਿਸੇ ਬਿਰਖ ਤਲੇ ਬਹੁਤ ਚਿਰ ਇਕਾਂਤ ਬੈਠਦੇ ਜਾਂ ਨਹਿਰ ਤੇ ਚਲੇ ਜਾਂਦੇ ਬਹੁਤੀ ਵਾਰ। ਰਾਤ ਮਾਤਾ ਜਿਉਣ ਕੌਰ ਜੀ ਪਾਸ ਆ, ਜ਼ਰੂਰ ਅਰਜ਼ ਕਰ, ਗੁਰੂ ਕੀਆਂ ਸਾਖੀਆਂ ਤੇ ਬਿਰਧਾਂ ਸਾਧਾਂ ਦੇ ਕਰਤਬਾਂ ਦੇ ਬਚਨ ਸੁਣਦੇ। ਮਾਤਾ ਜੀ ਭੀ ਜਿਵੇਂ ਅਗੇ ਆਪੇ ਹੋਸ਼ ਸੰਭਲੀ ਤੇ ਕੁਝ ਸਮਝ ਟੁਰੀ ਤੋਂ ਰਾਤ ਇਹਨਾਂ ਨੂੰ ਗੁਰੂ ਕੀਆਂ ਸਾਖੀਆਂ ਸੁਣਾਂਦੇ ਹੁੰਦੇ ਸੀ। ਹੁਣ ਉਸ ਤੋਂ ਭੀ ਬਹੁਤਾ ਸਮਾਂ ਇਹਨਾਂ ਦੇ ਆਖਣ ਪਰ ਏਧਰ ਸਾਖੀਆਂ ਸੁਨਾਣ ਵਲ ਰਾਤ ਲਾਂਦੇ।

## ਤਪੱਸਿਆ

ਸਤਿਗੁਰੂ ਜੀ ਮਾਤਾ ਜੀ ਨੂੰ ਕਹਿੰਦੇ। ਮੈਨੂੰ ਜੋ ਪੱਕੀ ਗੁਰੂ ਹਰੀ ਸਿੰਘ ਜੀ ਉਚੇਚੇ ਸੌਂਪ ਕੀਤੀ ਹੈ। "ਹੁਣ ਤੂੰ ਸਾਂਭਿਆ ਕਰ ਸਭ ਕੰਮ, ਕਰਵਾਣ ਵਾਲਿਆਂ ਨੂੰ ਭੀ ਤੂੰ ਹੀ ਕਿਹਾ ਕਰ।" ਜੇ ਮੇਰੇ ਵਿਚ ਕੋਈ ਜੋਗਤਾ ਨਾ ਹੋਈ ਤਾਂ ਕਿਸੇ ਨੂੰ ਕੀ ਕਹਿ ਸਕਾਂਗਾ। ਤੇ ਕੋਈ ਮੇਰੇ ਕਹੇ ਕਿਵੇਂ ਚਲੇਗਾ। ਇਸ ਲਈ ਹੁਣ ਮੇਰਾ ਮਨ ਇਸੇ ਸੋਚ ਵਿਚ ਰਹਿੰਦਾ ਏ, ਮੈਂ ਪਹਿਲੋਂ ਆਪਣੇ ਵਿਚ ਕੁਝ ਜੋਗਤਾ ਪ੍ਰਾਪਤ ਕਰਾਂ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਆਦਿ ਤੇ ਦਸਮ ਗ੍ਰੰਥ ਸਾਹਿਬ ਦਾ ਪਾਠ ਤੇ ਭਾਈ ਗੁਰਦਾਸ ਜੀ ਦੀ ਬਾਣੀ ਦਾ ਪਾਠ ਭੀ ਇਕਾਂਤ ਬੈਠ ਕਰਦੇ। "ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥ ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥" ਭੈਰਉ ਮਹਲਾ ੫ ਤੇ ਸੁਖਮਨੀ ਸਾਹਿਬ ਵਿਚ "ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥" ਪੜ੍ਹਦੇ ਤੇ "ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥" ਆਦਿ ਭਾਵ ਦੀਆਂ ਤੁਕਾਂ ਪੜ੍ਹਦਿਆਂ ਅਜਿਹੇ ਨਾਮ ਰਸ ਵਿਚ ਮਗਨ ਹੁੰਦੇ ਕਿ ਬਹੁਤ ਬਹੁਤ ਚਿਰ ਮੋਨ ਹੀ ਧਾਰੀ ਰਖਦੇ ਤੇ ਮਨ ਵਿਚ ਧਾਰਦੇ ਕਿ ਮੈਂ ਨਾਮ ਸਿਮਰਨ ਸਿਰੋਂ ਪਰੇ ਹੋ ਕਰਾਂ ਤਾਂ ਮੈਨੂੰ ਸਭ ਜੁਗਤਾਂ ਅੰਦਰੋਂ ਫੁਰ ਆਉਣਗੀਆਂ। ਇਹ ਸੂਝਾ ਬਣੇ ਕਰ ਭੈਣੀ ਸਾਹਿਬ ਦਾ ਡੇਰਾ ਤੇ ਰੌਣਕ-ਮੇਲਾ ਇਕ ਤਰ੍ਹਾਂ ਦਾ ਆਪ ਨੂੰ ਝਮੇਲਾ ਜਿਹਾ ਲਗਦਾ। ਇਸ ਲਈ ਆਪ ਨਹਿਰ ਤੇ ਜਾ, ਹਰੇ ਘਾਹ, ਜਲ ਤੇ ਬਿਰਛ ਸਾਧਾਂ ਦੀ ਆਮ ਸੰਗਤ ਕਰਦੇ, ਇਹ ਇਕਾਂਤ ਮੇਲਾ ਉਹਨਾਂ ਨੂੰ ਰਾਮ-ਰਸ ਵਿਚ ਵਾਧਾ ਕਰਦਾ ਜਾਪਦਾ। ਸੰਘਣੇ ਬਿਰਛਾਂ ਦੀ ਛਾਂ ਤੇ ਇਕਾਂਤ ਚੋਕੜੇ ਦਾ ਸੁਆਦ ਹੋਰ ਵਧਾ ਲੈਣ ਲਈ ਚਿਤ ਕਰਦਾ ਰਹਿੰਦਾ। ਪਰ ਡੇਰੇ ਦੇ ਵਿਹਾਰ ਵਾਲੇ ਤੇ ਦਰਸਨਾਂ ਵਾਲੇ ਫੇਰ ਭੀ ਕਦੀ ਕਦੀ ਇਸ ਇਕਾਂਤ ਰਸ ਵਿਚ ਕਿਸੇ ਨਾ ਕਿਸੇ ਭਾਂਤ ਦਾ ਰੌਲਾ ਰਲਾ ਹੀ ਦੇਂਦੇ।

## ਜੰਮਿਆ ਦੇ ਦੁਖ

ਸਤਿਗੁਰੂ ਜੀ, ਪੰਡਿਤ ਬਸੰਤ ਸਿੰਘ ਜੀ ਭਦਾਣਾ ਜ਼ਿਲ੍ਹਾ ਜਲੰਧਰ ਵਾਲਿਆਂ ਨੂੰ ਕਿਹਾ, ਤੁਸੀਂ ਆਪ ਭੀ ਕੁਝ ਕਮਾਈ ਕੀਤੀ ਹੈ ਤੇ ਦੂਰ ਨੇੜੇ ਜਾ ਕੁਝ ਉਚੇ ਜਪੀ, ਤਪੀਆਂ ਦੀ ਭੀ ਸੰਗਤ ਕੀਤੀ ਹੈ, ਸੋ ਮੇਰੇ ਨਾਲ ਮਿਲੋ ਤਾਂ ਮੈਂ ਭੀ ਕੁਝ ਚਿਰ ਰੱਜ ਕੇ ਨਾਮ ਰਸ ਮਾਣ ਲਵਾਂ, ਪਹਾੜਾਂ ਤੇ ਇਕਾਂਤ ਵਿਚ ਜਾ ਕੇ। ਪੰਡਿਤ ਜੀ ਉਤਰ ਦਿੱਤਾ, ਆਪ ਨੂੰ ਤੇ ਅਜਿਹੇ ਉਗਰ ਤਪ ਕਰ, ਰਾਜ ਸੁਖ ਪ੍ਰਭਤਾ, ਪੂਜਾ, ਵਡਿਆਈ, ਜੱਸ ਦੀ ਲੋੜ ਏ। ਤੁਸੀਂ ਤਾਂ ਐਸਾ ਕੁਝ ਇਹਨਾਂ ਦੀ ਪ੍ਰਾਪਤੀ ਲਈ ਪਏ ਕਰੋ। ਮੈਂ ਜਿਹਾ ਹਾਂ ਤੇਹਾ ਹੀ ਅਰਮਾਨ ਨਾਲ ਰਹਿਣਾ ਚਾਹੁੰਦਾ ਹਾਂ। ਤਾਂ ਸਤਿਗੁਰੂ ਜੀ ਬਸੰਤ ਸਿੰਘ ਹੋਰਾਂ ਨੂੰ ਕਿਹਾ, ਤੂੰ ਮੇਰੇ ਵਾਸਤੇ ਹੀ ਕੁਝ ਮੇਰਾ ਸਾਥ ਦੇ। ਤਾਂ ਪੰਡਿਤ ਜੀ ਕਿਹਾ, ਮਾਤਾ ਜੀ ਮੈਨੂੰ ਗੁੱਸੇ ਹੋਣਗੇ, ਉਜਰ ਦੇਣਗੇ। ਸਤਿਗੁਰੂ ਜੀ ਕਿਹਾ, ਮੈਂ ਮੰਨਾਂਗਾ ਸਭ ਮੇਰਾ ਕਸੂਰ ਹੈ, ਪਰ ਤੁਸੀਂ ਜਰੂਰ ਮੇਰੇ ਆਖੇ ਲਗੋ। ਬਸੰਤ ਸਿੰਘ ਜੀ ਸਤਿਬਚਨ ਤੇ ਕਹਿ ਦਿੱਤਾ, ਪਰ ਨਾਲ ਇਹ ਭੀ ਕਿਹੋ ਨੇ, ਮੈਨੂੰ ਰੋੜਾਂ ਤੇ ਐਵੇਂ ਹੀ ਪਹਾੜਾਂ ਵਿਚ ਰੋਲਣਾ ਤੇ ਮਾਤਾ ਜੀ ਵਲੋਂ ਉਲਾਭਾਂ ਦਿਵਾਣਾ ਜੇ, ਜਦ ਮੈਨੂੰ ਇਹਨਾਂ, ਤਪਾਂ ਦੀ ਲੋੜ ਨਹੀਂ, ਪਰ ਤੁਹਾਡੇ ਕਹੇ ਟੁਰ ਪਵਾਂਗਾ।

ਇਕ ਦਿਨ ਸਤਿਗੁਰੂ ਜੀ ਤੇ ਬਸੰਤ ਸਿੰਘ ਜੀ ਦੋਵੇਂ ਚੁਪੀਤੇ, ਭੈਣੀ ਸਾਹਿਬੋਂ ਨਿਕਲ ਤੁਰੇ। ਮਾਤਾ ਜੀ ਤੇ ਸਿਖਾਂ, ਪਿਛੋਂ ਸੋ ਲੈ ਅੱਧ ਮੀਲ ਤੇ ਗੁਸਾਈਂ-ਆਣੇ ਕੋਲ ਜਾ ਅਰਜ ਕਰ ਮੋੜ ਲਿਆਂਦੇ, ਰਾਮਸਰ ਲਾਗੇ ਕੋਠੀ ਪਾਸ ਕਮਰਕਸੇ ਲਗਿਆਂ ਹੀ। ਮਾਤਾ ਜੀ ਪੁੱਛਿਆ, ਕਿਉਂ ਜਾਂਦੇ ਹੋ ? ਸਤਿਗੁਰੂ ਜੀ ਕਿਹਾ, ਮੇਰਾ ਤਪ ਕਰਨ ਨੂੰ ਚਿਤ ਕਰਦਾ ਏ। ਮਾਤਾ ਜੀ ਕਿਹਾ, ਤੂੰ ਪਰਤਾਪ ਸਿੰਘਾ ਅਗੋ ਬੜਾ ਤਪ ਕੀਤਾ ਹੋਇਆ ਏ। ਤਾਂ ਉਤਰ ਦਿਤੇ ਨੇ, ਮੈਂ ਕਿਹਾ ਹੀ ਨਹੀਂ ਖਾਣਾ, ਜਮ੍ਹਾਂ ਹੋਇਆ ਬਹਿ, ਵਰਤ ਨਹੀਂ ਮੁਕਾਣਾ। ਤਾਂ ਮਾਤਾ ਜੀ ਬਸੰਤ ਸਿੰਘ ਵਲ ਹੱਥ ਕਰ ਕਿਹਾ, ਤੇਰਾ ਸਭ ਕਸੂਰ ਏ ਤੇ ਕਿਹਾ, ਵੇ ਪੰਡਿਤਾ ! ਜੰਮਿਆਂ ਦੇ ਦੁੱਖ ਬੜੇ ਹੁੰਦੇ ਨੇ। ਤਾਂ ਸਤਿਗੁਰੂ ਜੀ ਕਿਹਾ, ਇਹਨਾਂ ਨੂੰ ਤੇ ਮੈਂ ਲੈ ਚਲਿਆ ਸਾਂ, ਇਹ ਤੇ ਨਹੀਂ ਸੀ ਜਾਂਦੇ। ਤਾਂ ਮਾਤਾ ਜੀ ਕਿਹਾ, ਜੋ ਪਹਾੜਾਂ ਵਿਚ ਜਾ ਤਪ ਕਰਨਾ ਜੇ, ਏਥੇ ਹੀ ਕਰੋ ਜਿਥੇ ਚਿਤ ਕਰ-ਜੇ। ਤਾਂ ਪੰਡਿਤ ਜੀ ਕਿਹਾ, ਪਾਤਸ਼ਾਹ ! ਨਹਿਰ ਤੇ ਚਲੋ ਚਲੋ। ਮੈਨੂੰ ਮਲੋ-ਮਲੀ ਕਿਉਂ ਰੋੜਾਂ ਤੇ

ਰਾਹ ਵਿਚ ਰੋਲ ਕੇ ਮਾਰਦੇ ਓ। ਨਾਲੇ ਭੁੱਖਾ ਮਰਾਂਗਾ, ਨਾਲੇ ਉਲਾਂਭੇ ਜਰਾਂਗਾ। ਸਤਿਗੁਰੂ ਜੀ ਮੰਨ ਗਏ ਅਤੇ ਨਹਿਰ ਤੇ ਜਾ ਕੱਖਾਂ ਦੀ ਵਖਰੀ ਝੁੱਗੀ ਪਾ ਲਈ। ਪਿਛਲੀ ਰਾਤ ਉਠ ਸੌਚ, ਇਸਨਾਨ ਕਰ, ਨਹਿਰ ਦੇ ਕੰਢੇ ਤੇ ਸਿਰ ਪਰਨਾ, ਤੇੜ ਕਛਹਿਰਾ ਰਖ ਨੰਗੇ ਬੈਠ, ਸਵਾ ਪਹਿਰ ਦਿਨ ਆਉਂਦੇ ਤਕ ਇਕ ਚੌਕੜੇ ਬੈਠੇ ਰਹਿਣਾ ਅਰੰਭਿਆ। ੧੨੫ ਪਾਠ ਪੈਂਤੀਸ ਅੱਖਰੀ ਦੇ ਕੰਠੋਂ ਕਰਨੇ। ਸਾਰੀ ਪੰਜ ਗ੍ਰੰਥੀ ਦਾ ਪਾਠ ਕਰਨਾ, ਕਿਸੇ ਦਿਨ ਕੰਠੋਂ ਕਿਸੇ ਦਿਨ ਉਤੋਂ। ਭੁੰਜੇ ਸੌਣਾ। ਅੱਠੀਂ ਪਹਿਰੀਂ ਛੋਲ ਫਟਾਕੀ ਚੌਲ ਹੀ ਛਕਣੇ। ਪੰਡਿਤ ਜੀ ਪੰਜਵੇਂ ਦਿਨ ਮੰਜਾ ਮੰਗ ਲਿਆ ਤੇ ਕਿਹਾ, ਮੈਂ ਨਾ ਕੁਝ ਅਗੋਂ ਬਣਨਾ ਤੇ ਲੈਣਾ ਹੈ। ਨਾ ਐਸੇ ਤਪ ਵਰਤ ਰਖਦਾ ਹਾਂ, ਨਾ ਤਪ ਤਪਨ ਵਿਚ ਪੈ ਤਪਦਾ ਹਾਂ। ਇਸੇ ਤਰ੍ਹਾਂ ਹੋਰ ਸਾਥੀ ਭੀ ਸਭ ਪ੍ਰਸਾਦ ਛਕਣ ਲਗ ਪਏ। ਸਤਿਗੁਰੂ ਜੀ ਪੂਰੇ ਚਾਲੀ ਦਿਨ ਇਹੋ ਧਾਰਿਆ ਨੇਮ ਨਿਭਾਇਆ।

## ਕਰੜਾ ਤਪ

ਸਰੀਰ ਹੱਡੀਆਂ ਹੀ ਹੋ ਗਿਆ ਜਾਪਦਾ ਸੀ, ਪਰ ਮੁਖ ਮਸਤਕ ਦਾ ਤੇਜ ਸਵਾਇਆ ਸੀ ਅਗੇ ਨਾਲੋਂ ਭੀ। ਲਾਂਗਰੀ ਇਸ ਸਮੇਂ ਹਰਨਾਮ ਸਿੰਘ ਪੱਖੋ ਸੀ। ਸੱਪ ਬਹੁਤ ਨਹਿਰ ਤੇ ਫਿਰਦੇ ਸੀ ਰਾਤ ਦਿਨ। ਭੁੰਜੇ ਪੈਣਾ ਡਰ ਦੇਂਦਾ ਸੀ।

ਇਕ ਦਿਨ ਤਪ ਕਰਦਿਆਂ, ਸਤਿਗੁਰੂ ਜੀ ਵੱਲ ਨਹਿਰ ਵਿਚੋਂ ਫੁੰਕਾਰੇ ਮਾਰਦਾ ਇਕ ਸੱਪ ਆਇਆ। ਪਾਸ ਆ ਚਰਨਾਂ ਵਲੋਂ ਚੜ੍ਹ, ਸਿਰ ਮਸਤਕ ਤੇ ਫਿਰ, ਫੁੰਕਾਰੇ ਮਾਰਦਾ ਸਾਧਾਂ ਦੇ ਡੇਰੇ ਵਲ ਚਲਾ ਗਿਆ। ਸਤਿਗੁਰੂ ਜੀ ਇਸ ਦਾ ਨਾਮ ਫੁੰਗਰ ਦਾਸ ਰਖਿਆ। ਇਕ ਦਿਨ ਦਾਲੇ ਵਾਲੇ ਭਾਂਡੇ ਵਿਚੋਂ ਨ ਨਿਕਲੇ। ਸਗੋਂ ਅਗੋਂ ਫੁੰਕਾਰੇ ਮਾਰੇ। ਲਾਂਗਰੀ ਦੀ ਅਰਜ ਤੇ ਸਤਿਗੁਰੂ ਜੀ ਜਾ ਕਿਹਾ, ਸਾਧ ਸੰਗਤ ਲਈ ਦਾਲਾ ਲੈਣਾ ਹੈ, ਪਰੇ ਹੋ ਜਾ ਤਾਂ ਪਰੇ ਨਿਕਲ ਗਿਆ।

ਵੀਸ ਦਿਨ ਤਪ ਕਰਦਿਆਂ, ਮੱਛਰ, ਸੱਪ, ਕੀੜੇ, ਪੌਣ ਪਾਲਿਓਂ ਉਪਰ ਬਿਰਤ ਹੋ ਗੁਜਾਰਦਿਆਂ, ਰਾਤ ਕਈ ਮੋਹਣੀਆਂ ਤੇ ਰਾਗਾਂ ਦੇ ਅਵਾਜੇ ਆਏ ਤੇ ਦਰਸਨ ਹੋਏ। ਸਤਿਗੁਰੂ ਜੀ ਸਵੇਰੇ ਪੰਡਿਤ ਬਸੰਤ ਸਿੰਘ ਜੀ ਨੂੰ ਦੱਸਿਆ। ਜੋ ਤੁਸੀਂ ਦੱਸਿਆ ਕਰਦੇ ਹੋ, ਯਾਰ ਦੇ ਰਸਤੇ ਵਿਚ ਕਈ ਹਜਾਰ ਵਸਤੇ ਅਟਕਾਂ ਆਉਂਦੀਆਂ ਹਨ। ਅੱਜ ਰਾਤ ਉਹਨਾਂ ਚੋ ਇਕ ਆਈ ਸੀ। ਪਰ ਮੇਰਾ ਮਨ ਭਜਨ ਭੁੱਲ ਕੇ ਉਹਨਾਂ ਦੇ ਸਬਦ ਰਾਗ ਨੂੰ ਸੁਨਣ ਵਲ ਨਾ ਗਿਆ ਤੇ ਗੁਰ ਮੂਰਤ ਨੂੰ ਅੰਤਰ ਅੱਖਾਂ ਦੇ ਧਿਆਨ ਤੋਂ ਓਝਲ ਕਰ, ਨਾ ਉਹ ਦਰਸਨ ਹੀ ਕੀਤੇ ਤੇ ਨਾ ਉਹਨਾਂ ਵਲ ਚਿੱਤ ਲਗਾ। ਤਾਂ ਪੰਡਿਤ ਜੀ ਕਿਹਾ, ਇਹ ਤੇ ਗੁਰੂ ਹਰਿਗੋਬਿੰਦ ਜੀ ਤਰ੍ਹਾਂ ਇੰਦਰ ਦੀਆਂ ਅਪਛਰਾਂ ਆਪ ਦੀ ਹਾਜਰੀ ਭਰਨ ਆਈਆਂ ਸਨ। ਆਪ ਅਭੁੱਲ ਹੋ, ਹਾਂ ਸੰਸਾਰ ਦੇ ਜੀਵ ਇਹਨਾਂ ਵਸਤਿਆਂ ਵਿਚ ਫਸ ਅਸਲੀ ਰਸ ਮੁਸਾ ਬਹਿੰਦੇ ਹਨ, ਐਸੀਆਂ ਨਿਰਤ-ਕਾਰੀਆਂ ਦੇ ਦੇਖਣ ਵਿਚ ਪੈ।

ਇਹ ਪਹਿਲਾ ਤਪ ਚਾਹਲੀਆ, ਸਤਿਗੁਰੂ ਜੀ ਕੱਖਾਂ ਦੀ ਝੁੱਗੀ ਵਿਚ ਹੀ ਨਹਿਰ ਤੇ ਕੀਤਾ ਸੀ। ੧੦ ਸਾਉਣ ਤੋਂ ਲੈ ੨੦ ਭਾਦਰੋਂ ਤਕ ਨਹਿਰ ਰੋਪੜ ਵਾਲੀ ਤੇ ੧੯੬੩ ਬਿ: ਵਿਚ। ਇਹ ਸਭ ਵਾਰਤਾ ਮੈਨੂੰ ਪੰਡਿਤ ਬਸੰਤ ਸਿੰਘ ਜੀ ਤੋਂ ਮਿਲੀ ਸੀ। ਭੈਣੀ ਸਾਹਿਬ, ੨੪ ਭਾਦਰੋਂ ੨੦੧੮।

ਇਨ੍ਹਾਂ ਪੰਡਿਤ ਜੀ ਪਾਸ ਕਈ ਸਿੱਖ ਪੜ੍ਹਦੇ ਸੀ। ਪੰਡਿਤ ਅਮਰ ਸਿੰਘ ਭੈਣੀ ਸਾਹਿਬ ਦਾ ਪ੍ਰੇਮ ਸਿੰਘ ਜੀ ਵਜੀਦੇ ਦਾ, ਮੁਨਸ਼ਾ ਸਿੰਘ ਜੀ 'ਕੌਮੀ' ਤਰਖਾਣੇ ਦਾ, ਰਤਨ ਸਿੰਘ 'ਭੁਕਾਂ' ਸੰਧਵਾਂ, ਭਗਤ ਸਿੰਘ ਖੰਨੂੰਵਾਲੀ, ਸੋਹਣ ਸਿੰਘ ਜਾਮ ਕੇ ਆਦਿ। ਏਕ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਭੀ ਤਦਾਣੇ

Sri Satguru Jagjit Singh Ji Elibrary NamdhariElibrary@gmail.com

ਗਏ, ਇਹਨਾਂ ਵਿਦਿਆਰਥੀਆਂ ਵਲੋਂ ਵੇਖ ਕਿਹਾ, ਪੰਡਿਤ ਜੀ ਮੈਨੂੰ ਭੀ ਪੜ੍ਹਾਉ। ਪੰਡਿਤ ਜੀ ਕਿਹਾ, ਮੈਂ ਤਾਂ ਆਪ ਤੋਂ ਸਗੋਂ ਪੜ੍ਹਨਾ ਹੈ। ਤੁਸੀਂ ਮੈਨੂੰ ਪੜ੍ਹਾਉ। ਤਾਂ ਸਤਿਗੁਰੂ ਜੀ ਕਿਹਾ, ਜੇ ਏਡੀ ਸਰਧਾ ਏ ਤਾਂ ਬਚਨ ਮੰਨੋ। ਪੰਡਿਤ ਜੀ ਸਤਿਬਚਨ ਕੀਤਾ। ਤਿੰਨਾਂ ਘੰਟਿਆਂ ਵਿਚ ਪੰਜ ਸੰਧੀ ਸਣੇ ਅਰਥਾਂ ਸਤਿਗੁਰੂ ਜੀ ਨੂੰ ਸੁਣਾਈ। ਆਪ, ਪਾਸ ਬੈਠ ਸੁਣਦੇ ਰਹੇ। ਛੇ ਮਹੀਨਿਆਂ ਬਾਅਦ ੧੯੬੭ ਲਾਹੌਰ ਦੇ ਹੋਲੇ ਤੇ ਮਿਲੇ, ਤੇ ਹੌਲਿਉਂ ਮਾਤੇ ਵਲ ਦੌਰੇ ਟੁਰਿਆਂ ਘੋੜੇ ਤੇ ਚੜ੍ਹਿਆਂ ਹੀ ਸਾਧ, ਭਦਾਣੇ ਸੁਣੀ ਸੰਧੀ ਸਾਰੀ ਪੰਡਿਤ ਜੀ ਨੂੰ ਸੁਣਾਈ ਤੇ ਕਿਹਾ, ਮੈਨੂੰ ਆਪ ਤੋਂ ਸੁਣਦਿਆਂ ਤਦੋਂ ਨਾਲੋਂ ਨਾਲ ਹੀ ਕੰਠ ਹੁੰਦੀ ਗਈ ਸੀ। ਇਹ ਵਰ ਮੈਨੂੰ ਗੁਰੂ ਹਰੀ ਸਿੰਘ ਜੀ ਦਿੱਤਾ ਹੋਇਆ ਏ ਕਿ ਇਹ ਸਭ ਵਿੱਦਿਆ ਅਗੇ ਹੀ ਪੜ੍ਹਿਆ ਹੋਇਆ ਏ। ਮੈਂ ਦੇਖਦਾ ਹਾਂ ਜੋ ਵਿੱਦਿਆ ਰਾਗ, ਸੁਰ ਤਾਲ, ਤੁਕ ਸਬਦ, ਠੁਮਰੀ, ਸਾਜ਼, ਆਦਿ ਗੁਣ ਵਿੱਦਿਆ ਹਿਕਮਤ ਆਦਿ ਹਨ। ਜੋ ਮੈਂ ਚਿਤੋਂ ਲੈਣੇ ਚਾਹਦਾ ਸੁਨਣ ਵੇਖਣ ਜਾਚਣ ਨਾਲ ਹੀ ਅੰਦਰ ਉਤਰ ਜਾਂਦੇ ਹਨ। ਇਹ ਕਹਿ ਪੰਡਿਤ ਜੀ ਮੈਨੂੰ ਦੱਸਿਆ ਸਤਿਗੁਰੂ ਜੀ ਕਿੰਨੀ ਵਾਰ ਹੀ ਕਿਹਾ, "ਧੰਨ ਗੁਰੂ ਹਰੀ ਸਿੰਘ ਜੀ, ਧੰਨ ਗੁਰੂ ਹਰੀ ਸਿੰਘ ਜੀ, ਧੰਨ ਗੁਰੂ ਹਰੀ ਸਿੰਘ ਜੀ।"

ਮੈਂ ਤਰਨ ਸਿੰਘ ਇਹ ੧੯੬੭ ਦੇ ਬਚਨ ਏਥੇ ਇਸ ਲਈ ਲਿਖ ਦਿੱਤੇ ਹਨ ਜੇ ਮੈਂ ਚੜ੍ਹ ਜਾਵਾਂ, ਜਾਂ ਚੇਤਿਓਂ ਭੁਲ ਜਾਵਾਂ, ਤਾਂ ਇਹ ਬਚਨ ਤੇ ਨਾ ਗੁਰੂ ਕੇ ਰਹਿ ਜਾਣ ਲਿਖਣੋ ਬਿਨਾਂ ਹੀ।

### *ਨੀਲੋਂ ਨਹਿਰ ਦਾ ਡੇਰਾ*

ਇਹ ਡੇਰਾ ਸਾਧਾਂ ਦਾ ਰੋਪੜ ਵਾਲੀ ਨਹਿਰ ਤੇ ਜੋ ਭੈਣੀ ਸਾਹਿਬੋਂ ੨–੩ ਮੀਲ ਦੱਖਣ ਚੜ੍ਹਦੇ ਕੋਨੇ ਵਲ ਪੁਲੋਂ ਨੇੜੇ ਪਾਣੀ ਔਂਦੇ ਵਲ ਨੂੰ ਹੈ ਜਿਵੇਂ ਬਣਿਆਂ, ਮੈਂ ੨੦੦੩ ਬਿ: ਵਿਚ ਸਤਿਗੁਰੂ ਪਰਤਾਪ ਸਿੰਘ ਜੀ ਸਾਧ ਜਾ ਦਰਿਆਫਤ ਕਰ ਲਿਖਿਆ ਹੈ। ਹੋ ਸਕਦੇ ਮੈਥੋਂ ਇਸ ਵਿਚ ਕੋਈ ਫਰਕ ਭੀ ਪਿਆ ਹੋਵੇ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਨਹਿਰ ਕੁਝ ਮੀਲ ਨੀਲਾਮ ਹੁੰਦੀ ਸਰਕਾਰ ਵਲੋਂ, ਮਝਾਂ, ਗਊਆਂ ਲਈ ਲੈਂਦੇ, ਘਾਹ ਚਾਰਦੇ ਤੇ ਕੋਈ ਚੰਗਾ ਪੁਰਸ਼ ਸੁਕਾ ਰੁਖ ਭੀ ਆਪੋ ਕਹਿ ਲੰਗਰ ਦੇ ਬਾਲਣ ਲਈ ਭੇਜ ਦੇਂਦਾ, ਤੇ ਕਾਨੇ, ਸਰਕੜਾ ਭੀ ਸਿੰਘ ਲੋਹ ਦੀ ਭੇਟੀ ਲਈ ਵਢ ਲੈ ਔਂਦੇ ਸੀ। ਪਰ ਬਹੁਤ ਔਖ ਹੁੰਦਾ ਸੀ ਰੋਜ ਔਣ ਜਾਣ ਤੇ ਉਥੇ ਰਤੇ ਬਹਿਣ ਦਾ।

ਪਹਿਲਾਂ ਸਭ ਤੋਂ ਬਾਬੇ ਸੁੰਦਰ ਸਿੰਘ ਜੀ ਮਸਤਾਨੇ (ਬੁਰਜਾਂ) ਦੇ ਤੇ ਸੰਤਾ ਸਿੰਘ ਜੀ ਘੁੱਕੇਵਾਲੀਆ ਪੁੰਨੀਆਂ ਦੀ ਜ਼ਮੀਨ ਵਿਚ ਵਾੜਾ ਵਲਿਆ ਸੀ। ਇਕ ਹੀਰਾ ਸਿੰਘ ਪੁੰਨੀਆਂ ਦੇ (ਜੋ ਪਿਛੋਂ ਕਨੇਜਾਂ ਦਾ ਸੀ) ਨੇ ਦੋ ਘੁਮਾਂ ਗਊਆਂ ਦੇ ਵਾੜੇ ਲਈ ਦਿੱਤੀ। ਉਸ ਨੂੰ ਗੋਬਰ ਮਲਤ੍ਰ ਦਾ ਸੁਖ ਹੋ ਗਿਆ ਤੇ ਸਾਧਾਂ ਨੂੰ ਟਿਕਣ ਦਾ। ਕੁਝ ਚਿਰ ਇਸ ਤਰ੍ਹਾਂ ਕਬਜਾ ਰਿਹਾ, ਇਹ ਜਿਮੀ ਗੈਰ ਅਬਾਦ ਸੀ, ਨਹਿਰ ਤੇ ਜਿਥੇ ਹੁਣ ਡੇਰਾ ਏ, ਏਥੋਂ ਲਹਿੰਦੇ ਸੀ। ਉਹ ਥਾਂ ਅੱਧ ਮੀਲ ਪਰ੍ਹੇ ਸੀ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਇਕ ਮਾਈ ਧੰਡਿਆਂ ਦੀ ਨੰਦ ਕੌਰ ੫–੭ ਘੁਮਾਂ ਜ਼ਮੀਨ ਦਿੱਤੀ। ਇਕ ਪੁੰਨੀਆਂ ਦੇ ਹੋਰ ਜ਼ਿਮੀਦਾਰ ਭੀ ਤਿੰਨ ਘੁਮਾਂ ਜ਼ਮੀਨ ਦਿੱਤੀ। ਸਿੰਘ ਅਬਾਦ ਕਰ ਕੁਝ ਫਸਲ ਭੀ ਕਰਨ ਲਗੇ। ਹੀਰਾ ਸਿੰਘ ਦੇ ਪੁੱਤ੍ਰਾਂ ਸਿੰਘਾਂ ਨੂੰ ਉਠਾਣ ਲਈ ਸਰਕਾਰੇ ਮੁਕਦਮਾ ਕੀਤਾ। ਪਰ ਕਬਜਾ ਨਾ ਟੁਟਾ ਤੇ ਉਹ ਹਾਰ ਗਏ। ਫੇਰ ਭੀ ਸਿੰਘਾਂ ੫੦੦) ਦੇ, ਸਰਕਾਰੇ

ਜਾ ਡੇਰੇ ਦੇ ਨਾਮ, ਮੁਲ ਖਰੀਦੀ ਭੀ ਲਿਖਾ ਲਈ ਤੇ ਉਹ ਮਾਈ ਵਾਲੀ ਭੀ ਵਟਾ ਏਥੇ ਲੈ ਆਂਦੀ। ਕੁਝ ਹੋਰ ਖਰੀਦੀ ਤੇ ਇਕ ਦੋ ਕੋਠੜੇ ਬਣੇ ਪਾਏ ਖੂਹੀ ਲਾਈ। ਹੁਣ ਡੇਰਾ ਚੰਗਾ ਵਸਦਾ ਏ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ੧੯੬੪ ਤੋਂ ੬੬ ਤਕ ਇਹ ਡੇਰਾ ਨਹਿਰ, ਤੇ ਲਾਗੇ ਚੰਗਾ ਅਬਾਦ ਹੋਇਆ। ਇਹ ਦੁਆਲੇ ਦੇ ਪਿੰਡਾਂ ਨਾਲ ਰਲ ਪ—੬ ਮੀਲ ਨਹਿਰ ਨੀਲਾਮ ਹੁੰਦੀ ਲੈ ਲੈਂਦੇ। ਏਕ ਸਮੇਂ ਲੋਕਾਂ ਸਾਹਵੇਂ ਖਲੋ ਬੋਲੀ, ਇਕ ਸੌ ਦੇ ਥਾਂ ਵਧਾ ਸੋਲਾਂ ਸੌ ਤਕ ਚਾਹੜ ਦਿੱਤੀ। ਪਰ ਫੇਰ ਭੀ ਡੇਰੇ ਦੇ ਨਾਮ ਹੀ ਬੋਲੀ ਖਤਮ ਹੋਈ। ਸਿੱਖਾਂ ਦੁਆਲੇ ਦੇ ਪਸੂ ਰੋਕੇ, ਚੁਗਾਏ, ਛਾਵੇਂ ਬਹਿਣ ਤੇ ਪਾਣੀ ਪਿਆਣ ਲਈ ਔਂਦੇ। ਅੰਤ ਪੂੰਨੀਆਂ, ਚੀਤਿਆਂ, ਖੋਖਰ, ਤੱਖਰ, ਨੀਲੋਂ ਛੋਟੀ ਵਡੀ ਆਦ ਦੇ ਸਿਆਣੇ ਪੁਰਸ਼ਾਂ ਰਲ ਉਗਰਾਹੀ ਕਰ ਕੇ ਉਹ ਗੁਰੂ ਕੇ ਲੰਗਰ ਦੀ ਰਕਮ ਹਥ ਜੋੜ ਆ ਦਿੱਤੀ ਤੇ ਆਪਣੇ ਬੰਦਿਆਂ ਮੰਦੇ ਵਰਤਾ ਵਾਲਿਆਂ ਤੋਂ ਮਾਫੀ ਭੀ ਮੰਗਾਈ ਕਿ ਇਹਨਾਂ ਕੁਮਤ ਕਰ ਉਸ ਲੰਗਰ ਦੀ ਮਾਇਆ ਸਰਕਾਰੇ ਘਲਾਈ ਏ ਜਿਥੋਂ ਹਰ ਆਏ ਨੂੰ ਬਿਨਾਂ ਵਿਤਕਰੇ ਸਦਾ ਜਲ ਪ੍ਰਸਾਦਾ ਮਿਲਦਾ ਏ। ਸਤਿਗੁਰੂ ਜੀ ਤੇ ਸਾਧ ਸੰਗਤ ਨੇ ਭੀ ਆਦਰ ਕਰ ਅਗੋਂ ਰਲ ਟੁਰਨ ਦਾ ਦਿਲਾਸਾ ਦਿੱਤਾ।

## *ਜਿਗਰਾ ਸਿੰਘ*

ਬਾਬੇ ਸੰਤਾ ਸਿੰਘ ਦੀ ਸਿਖਣੀ ਗੁਰੂ ਹਰੀ ਸਿੰਘ ਜੀ ਸਮੇਂ, ਹਰਚੰਦ, ਜ਼ਿਲ੍ਹੇ ਗੁਜਰਾਂਵਾਲੇ ਦਾ ਪ੍ਰਤਾਪ ਸਿੰਘ, ਕਢ ਕੇ ਲੈ ਗਿਆ ਸੀ, ਤੇ ਇਸ ਦੇ ਦੁਆਲੇ ਦੇ ਨਗਰ, ਬ੍ਰਾਦਰੀ ਦੇ ਜ਼ੋਰਾਵਰ ਤੇ ਅਣਖੀਆਂ ਉਸ ਨੂੰ ਤਿਆਰ ਕੀਤਾ, ਕਿ ਜ਼ੋਰ ਨਾਲ ਜਾ ਪ੍ਰਤਾਪ ਸਿੰਘ ਨੂੰ ਮਾਰ, ਨਾਰ ਲੈ ਔਂਦੇ ਹਾਂ। ਗੁਰੂ ਹਰੀ ਸਿੰਘ ਜੀ ਇਹ ਮਤਾ ਸੁਣ ਸਭ ਨੂੰ ਘੁੱਕੇਵਾਲੀ, ਖਤਰਾਂ, ਉਚੇ ਨੀਵੇਂ, ਡੂਰੇ ਗਿਲ, ਕਿਆਮਪੁਰ, ਸੰਡੂ ਨੰਗਲ, ਭੰਡੇਰ, ਭੋਮਾਂ ਵਡਾਲਾ, ਆਦਿ ਨੂੰ ਸਮਝਾਇਆ। ਕਿ ਰੌਂਕਿਉਂ ਨਿਕਲੀ ਕੁਹਰਿਆਂ ਜੋਗੀ ਹੋਈ ਨੂੰ ਲਿਔਣ ਲਈ ਮਰਨ ਮਾਰਨ ਲਈ ਤਿਆਰ ਹੁੰਦੇ ਹੋ? ਤੁਸੀਂ ਆਪ ਭੀ ਰੁਕੋ ਤੇ ਇਸ ਨੂੰ ਭੀ ਸ਼ਾਂਤ ਦਿਉ। ਕਿਉਂਕਿ ਸੁਮਤ ਦੇਣੀ ਸਹੀ ਸਜਨੈਗੀ ਹੁੰਦੀ ਏ। ਤੇ ਫਸਾਦ ਕਰ ਫਸਾਣਾ ਵੈਰ ਵਧਾਣਾ ਵੱਡੀ ਦੁਸ਼ਮਨੀ ਹੁੰਦੀ ਏ। ਜੋ ਸਾਊ ਸਿਆਣਿਆਂ ਨੂੰ ਸਜਨਾਂ ਨਾਲ ਨਹੀਂ ਕਰਨੀ ਚਾਹੀਦੀ।

ਕੁਝ ਸਿਆਣੇ ਤੇ ਰੁਕਣ ਪਰ ਬਹੁਤੇ ਜਵਾਨ, ਬਲਵਾਨ, ਉੱਕਾ ਗਲ ਦਿਲ ਹੀ ਨਾ ਲਾਣ। ਤਾਂ ਗੁਰੂ ਜੀ ਸਹਿਜ ਨਾਲ ਸੰਤਾ ਸਿੰਘ ਨੂੰ ਸਮਝਾਇਆ। ਹਰਚੰਦੀਆ ਚੰਮ ਦੇਂਦਾ ਰਿਹਾ ਹੈ ਗੁਰੂ ਘਰ ਨੂੰ। (ਭਾਵ—ਘੋੜੀਆਂ ਮਥੇ ਟੇਕਦਾ ਰਿਹਾ ਹੈ।) ਤੇ ਚੰਮ ਹੀ ਲੈ ਗਿਆ ਏ। ਤੂੰ ਸਚਹੁ ਸੁਰੋ ਧਰਮੋਂ ਗਈ ਮੁਰਦਾ ਹੋਈ ਮੁਰਦਾਰ ਪਿਛੇ ਸਾਂਤ ਦਾ ਪਿਆਰ ਨਾ ਛਡ ਜਿਗਰਾ ਕਰ। ਸੰਤਾ ਸਿੰਘ ਜਿਗਰਾ ਕਰ ਸਭ ਤੋਂ ਵਧ ਗੁਰੂ ਕੇ ਬਚਨ ਤੇ, ਸਤਿ ਬਚਨ ਕੀਤਾ। ਗੁਰੂ ਜੀ ਸੰਤਾ ਸਿੰਘ ਦਾ ਜਿਗਰਾ ਸਿੰਘ ਨਾਮ ਰਖਿਆ। ਇਹ ਜਿਗਰਾ ਸਿੰਘ ਮਨ ਲਾ, ਹਰ ਸੇਵਾ ਗੁਰੂ ਘਰ ਦੀ ਕਰਦਾ ਸੀ ਤੇ ਧੁਣ ਵਿਚ ਭਰਿਆ ਰਹਿੰਦਾ ਸੀ। ਮਾਤਾ ਜਿਉਣ ਕੌਰ ਜੀ ਇਸ ਨੂੰ ਬਾਬੇ ਬੁੱਢਾ ਜੀ ਦਾ ਅਵਤਾਰ ਕਿਹਾ ਕਰਦੇ ਸੀ। ਇਹ ਗੁਰੂ ਕੇ ਲੰਗਰ ਦੀ ਉਗਰਾਹੀ ਕਰਦੇ ਹਰਚੰਦ ਭੀ ਜਾਂਦੇ ਜੇ ਉਹ ਜੋੜਾ ਇਹਨਾਂ ਤੋਂ ਅੱਖ ਚੁਰਾਂਦਾ ਤਾਂ ਇਹ ਜਿਗਰਾ ਸਿੰਘ ਜੀ ਉਚੀ ਬੋਲ ਆਂਹਦੇ, ਡੋਲਿਓ। ਜਿਸ ਗੱਲ ਦੀ ਗੁਰੂ ਜੀ ਪ੍ਰਵਾਨਗੀ ਦੇ ਦੇਣ ਫੇਰ ਮੇਹਣਾ ਤੇ ਲਾਜਮੀ ਕੇਹੀ। ਅਨੰਦ ਭੀ ਗੁਰੂ ਕੀ ਪ੍ਰਵਾਨਗੀ ਦੀ ਇਕ ਤੰਦ ਏ। ਜਿਵੇਂ ਉਸ ਨੂੰ ਪਕੀ ਜਾਣ ਸਭ ਧਰਮ ਪ੍ਰਵਾਨ ਕਰਦੇ ਨੇ, ਓਵੇਂ ਹੁਣ ਤੁਸੀਂ ਕਿਉਂ ਸ਼ਰਮ ਕਰ ਮੇਥੋਂ ਝਕਦੇ ਹੋ?

Sri Satguru Jagjit Singh Ji Elibrary NamdhariElibrary@gmail.com

ਏਕ ਸਮੇਂ ਇਸ ਜਿਗਰਾ ਸਿੰਘ ਜੀ ਨੇ ਕਿਸੇ ਦੇ ਭਾਂਡੇ ਵਿਚ ਭੁਲੇਖੇ ਨਾਲ ਜਲ ਛਕ ਲਿਆ, ਉਹ ਭਾਡਾ ਬਹੁਤ ਕੁਰਹਿਤੀ ਦਾ ਸੀ ਤੇ ਇਹ ਸੋਧੀ ਸਨ। ਇਹਨਾਂ ਮਨ ਵਿਚ ਗੁਰੂ ਜੀ ਦੇ ਸੀਤ ਪ੍ਰਸਾਦ ਦੀ ਇੱਛਾ ਧਾਰੀ, ਕਿ ਹੁਣ ਮੈਂ, ਤਾਂ ਸੁਧ ਹੁੰਦਾ ਹਾਂ। ਗੁਰੂ ਹਰੀ ਸਿੰਘ ਜੀ ਸਰਦਾਈ ਛਕ ਇਹਨਾਂ ਨੂੰ ਜੋੜਿਆਂ ਵਿਚ ਖੜਾ ਦੇਖ, ਇਹਨਾ ਵਲ ਗਲਾਸ ਸੁਟਿਆ ਤੇ ਇਹਨਾਂ ਚੁੱਕ ਉਸ ਵਿਚ ਸਰਦਾਈ ਪਾ ਛਕੀ, ਜੇ ਕਿਸੇ ਕੋਲੋਂ ਕਿਹਾ, ਇਹ ਕੀ ਕੀਤਾ ਜੇ ਤਾਂ ਉੱਤਰ ਦਿਤੇ ਨੇ ਖੁਲ੍ਹਾ ਹੋ ਗਿਆ ਸਾਂ ਅੰਮ੍ਰਿਤ ਛਕਿਆ ਹੈ। ਅਰਥਾਤ, ਇਸ ਸੰਤਾ ਸਿੰਘ, ਤੇ ਗੁਰੂ ਜੀ ਦਾ, ਸਿਦਕ, ਸਾਕ ਭਰਿਆ, ਰੂਹ ਰਲਿਆ ਹੋਇਆ ਸੀ।

## ਪਿਆਰ ਦੀ ਸਕਤ

ਏਕ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਤਾਪ ਬਹੁਤ ਤੇਜ ਚੜ੍ਹਿਆ ਹੋਇਆ ਸੀ। ਇਸ ਸੰਤਾ ਸਿੰਘ ਜੀ ਨੇ ਸੁਣ, ਧੂੜ ਲਪੇਟੇ, ਆ, ਚਰਨ ਚੁੰਮ, ਆਪਣੇ ਕਲੇਜੇ ਨਾਲ ਲਾਏ ਤੇ ਕਿਹਾ ਤੁਹਾਨੂੰ ਤਾਪ ਕਿਉਂ ਚੜ੍ਹਿਆ ਏ ? ਤੁਸੀਂ ਤੇ ਸਭ ਦੇ ਤਾਪ ਲਾਹੁਣ ਵਾਲੇ ਹੋਏ। ਮੈਨੂੰ ਸਤਿਗੁਰੂ ਪਰਤਾਪ ਸਿੰਘ ਜੀ ਆਪ ਦੱਸਿਆ ਸੀ "ਉਹਨਾਂ ਦਾ ਸਰੀਰ ਠੰਡਾ ਬਰਫ ਵਾਂਗੂੰ ਲਗਾ ਜਾਪਦਾ ਸੀ। ਤੇ ਘੁਟਦਿਆਂ ਘੁਟਦਿਆਂ ਉਹਨਾਂ ਮੇਰਾ ਤਾਪ ਉਤਾਰ ਹੀ ਦਿੱਤਾ ਸੀ। ਇਹ ਪਿਆਰ ਵਿਚ ਸਕਤ ਏ। ਜੋ ਤਪਦਿਆਂ ਨੂੰ ਫੁਰਤ ਠੰਡਾ ਕਰ ਦੇਂਦਾ ਏ।"

## ਪ੍ਰੇਮ ਹੀ ਸੋਧ

ਏਕ ਸਮੇਂ ਨਹਿਰ ਰੋਪੜ ਵਾਲੀ ਦੇ ਕੰਢੇ ਤੇ ਇਹ ਸੰਤਾ ਸਿੰਘ ਜੀ ਖੇਤਾਂ 'ਚੋਂ ਕਾਰ ਕਰਦੇ ਆਏ। ਭਾਈ ਵਜੀਰ ਸਿੰਘ ਜੀ, ਸਤਿਗੁਰੂ ਪਰਤਾਪ ਸਿੰਘ ਜੀ ਦਾ ਇਸਨਾਨ ਕਰਾ ਰਹੇ ਸੀ। ਇਹ ਸੰਤ ਜੀ ਆ ਕੇ ਸਤਿਗੁਰੂ ਜੀ ਦੇ ਚਰਨ ਮਲਣ ਲਗ ਪਏ। ਭਾਈ ਜੀ ਹੋਰ ਗੜਵਾ ਜਲ ਦਾ ਉਪਰੋਂ ਪਾਣ ਕਿ ਸਤਿਗੁਰੂ ਜੀ ਸੋਧ ਦਾ ਇਸਨਾਨ ਕਰ ਨੇਮ ਕਰਨਾ ਹੈ। ਸੰਤ ਜੀ ਚਰਨਾਂ ਤੋਂ ਮਲਦੇ ਮਲਦੇ ਗੋਡਿਆਂ ਤੋਂ ਪੌਣ ਪਿੰਡੇ ਤਕ ਪਹੁੰਚ ਗਏ ਤੇ ਭਾਈ ਜੀ ਸੋਧ ਦੇ ਖਿਆਲੋਂ ਹੋਰ ਜਲ ਦਾ ਗੜਵਾ ਉਪਰੋਂ ਪਾਈ ਗਏ। ਸਤਿਗੁਰੂ ਜੀ ਕੁਝ ਚਿਰ ਬਾਅਦ ਕੰਬਣ ਲਗ ਪਏ ਤੇ ਭਾਈ ਜੀ ਨੂੰ ਕਿਹੋ ਨੇ, ਤੂੰ ਸੋਧ ਪਾਰੋਂ ਹੋਰ ਜਲ ਪਾਈ ਜਾਂਦਾ ਹੈਂ ਤੇ ਸੰਤ ਜੀ ਪ੍ਰੇਮ ਪਾਰੋਂ ਪਿੰਡਾ ਮਲੀ ਜਾਂਦੇ ਹਨ। ਇਨ੍ਹਾਂ ਮੌਜ ਦੇ ਮਾਲਕਾਂ ਨੂੰ ਮੈਂ ਮੋੜ ਨਹੀ ਸਕਦਾ ਭਾਵੇਂ ਠਰ ਹੀ ਰਿਹਾ ਹਾਂ। ਤੂੰ ਮੈਨੂੰ ਦੂਜਾ ਕਛਹਿਰਾ, ਚਾਦਰ, ਪਰਨਾ ਦੇਹ ਤੇ ਕੋਈ ਫਿਕਰ ਨਾ ਕਰ। ਇਹਨਾਂ ਆਪੋਂ ਤੇ ਹਟਣਾ ਨਹੀਂ ਮਜਨੂੰ ਦੇ ਖੂਹ ਗੇੜਨ ਵਾਂਗੂੰ, ਜਿਵੇਂ ਲੇਲੀ ਨਹਾ ਕੇ ਚਲੀ ਗਈ ਸੀ ਤੇ ਉਹ ਖੂਹ ਗੇੜਦਾ ਹੀ ਰਿਹਾ ਸੀ। ਤੂੰ ਕੋਈ ਸੰਕਾ ਨਾ ਕਰ, ਮੈਂ ਇਹੋ ਜਿਹਾਂ ਦੇ ਨਾਲ ਛੋਹਿਆਂ ਖੁਲ੍ਹਾ ਨਹੀਂ ਹੁੰਦਾ ਸਗੋਂ ਸੋਧ ਦਾ ਹੀ ਹੁੰਦਾ ਹਾਂ। ਸਤਿਗੁਰੂ ਜੀ ਤਉਲੀਆ ਲੈ ਕਛਹਿਰਾ ਬਦਲਿਆ ਤੇ ਇਹ ਸੰਤ ਜੀ ਆਪੇ ਪਰ੍ਹੇ ਹੋ ਖਲੇ ਤੇ ਕਿਹੋ ਨੇ, ਸਤਿਗੁਰੋ ਤੁਸੀਂ ਧੰਨ ਹੋ, ਜੋ ਸਾਡੇ ਜਿਹੇ ਕਮਲੇ ਰਮਲਿਆਂ ਨਾਲ ਕੱਟਦੇ ਹੋ। ਸਤਿਗੁਰੂ ਜੀ ਕਿਹਾ, ਮੈਂ ਪਰਚਦਾ ਹੀ ਆਪ ਜੈਸਿਆਂ ਨਾਲ ਹਾਂ।

ਇਹ ਬਚਨ ਭੀ ਮੈਂ ਅਗਲੇ ਸਮੇਂ ਦਾ ਇਸੇ ਖਿਆਲ ਨਾਲ, ਔਵਲ ਲਿਖ ਦਿੱਤਾ ਹੈ, ਮਤ ਮੈਂ ਹੀ ਚੜ੍ਹ ਜਾਵਾਂ। ਜਾਂ ਚੇਤਾ ਭੁਲ ਜਾਵਾਂ ਤਾਂ ਇਹ ਬਚਨ ਗੁਰੂ ਜੀ ਤੇ ਸਿੱਖਾਂ ਦੇ ਪ੍ਰੇਮ ਦਾ ਲਿਖਣੇ ਬਿਨਾਂ ਹੀ ਨਾ ਰਹੇ।

Sri Satguru Jagjit Singh Ji Elibrary NamdhariElibrary@gmail.com

## ਸੇਵਕ ਸੰਤ

ਦੂਰ ਨੇੜੇ ਸਿੱਖਾਂ ਵਲੋਂ ਅਰਜ਼ ਕਰਨ ਤੇ ਮਾਤਾਵਾਂ ਹੀ ਜਾਂਦੀਆਂ, ਕਦੀ ਕਦੀ ਮਹਾਰਾਜ ਨਿਹਾਲ ਸਿੰਘ ਜੀ ਤੇ ਗੁਰਦਿਆਲ ਸਿੰਘ ਜੀ ਭੀ ਸਾਥ ਚਲੇ ਜਾਂਦੇ। ਸਤਿਗੁਰੂ ਪਰਤਾਪ ਸਿੰਘ ਜੀ ਭੈਣੀ ਸਹਿਬ ਦੇ ਡੇਰੇ, ਤੇ ਨਹਿਰ ਤੋਂ ਸਿਵਾ, ਹੋਰਦੇ ਖਿਆਲ ਨ ਦੇਂਦੇ। ਭਜਨ, ਕੀਰਤਨ, ਬਾਣੀ ਨੇਮ, ਕਥਾ ਵੱਲ ਹੀ ਚਿਤ ਰਖਦੇ। ਜੋ ਨੇਮ ਗੁਰੂ ਹਰੀ ਸਿੰਘ ਜੀ ਤੋਂ ਲੈ ਚਲਦਾ ਸੀ; ਸਗੋਂ ਉਸ ਨੂੰ ਕਈ ਗੁਣਾ ਵਧਾ ਦਿੱਤਾ ਤੇ ਆਪਣੇ ਮੇਲੀਆਂ ਨੂੰ ਭੀ ਉਸੇ ਪਾਸੇ ਲਾ ਦਿੱਤਾ। ਪਿਛਾ ਰਾਤ ਜਾਗ, ਜੰਗਲ ਦਾਤਨ ਇਸ਼ਨਾਨ ਕਰ, ਚੌਕੜਾ ਲਾ ਭਜਨ ਕਰਨਾ, ਬਾਣੀ ਪੜ੍ਹਨੀ, ਲੰਮੀ ਹੇਕ ਸ਼ਬਦ ਪੜ੍ਹਨੇ, ਧਰਮ ਗ੍ਰੰਥਾਂ ਦਾ ਪਾਠ ਤੇ ਕਥਾ ਸੁਣਨੀ ਕਰਨੀ। ਰਹਿਰਾਸ, ਕੀਰਤਨ ਸੋਹਿਲਾ ਸਭ ਨੇ ਮਿਲ ਪੜ੍ਹਨਾ, ਸੁਣਨਾ। ਆਸਾ ਦੀ ਵਾਰ ਦਾ ਕੀਰਤਨ ਜ਼ਰੂਰ ਕਰਨਾ, ਸੁਣਨਾ। ਪੰਥ ਵਿਚੋ ਮਹਾਂ ਪੁਰਖਾਂ, ਗੁਣੀਆਂ ਨੂੰ ਸੱਦ ਪਾਸ ਰੌਣਕ ਰਖਣੀ। (ਤੇ ਜਿਸ ਦਾ ਚਿਤ ਨਾ ਚਾਹਵੇ, ਉਸ ਨੂੰ ਚਲੇ ਜਾਣ ਤੋਂ ਉੱਕਾ ਅਟਕ ਨਾ ਪਾਉਣੀ) ਆਦਿ ਰੌ ਅਗੇ ਨਾਲੋਂ ਕਈ ਗੁਣਾ ਵਧਾ, ਧਾਰਨ ਕੀਤੀ ਤੇ ਸੰਜਮ ਨੇਮ ਰਖਣਾ ਸਭ ਮੇਲੀਆਂ ਨੂੰ ਕਹਿ ਦਿੱਤਾ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਪਹਿਲੇ ਮੇਲੀ—ਮਾਘਾ ਸਿੰਘ ਅਲੋੜ ਖੰਨੇ ਪਾਸ, ਗੁਰਬਖਸ਼ ਸਿੰਘ ਚੱਕ ਮਲੇਰ ਕੋਟਲੇ ਕੋਲ, ਲਾਲ ਸਿੰਘ ਬਲੂ ਆਣੀਆਂ, ਜੰਗ ਸਿੰਘ, ਰੇਹਰ ਸਿੰਘ ਇਰਾਕ, ਸਰਵਨ ਸਿੰਘ ਪੂਨੀਆਂ , ਦੇਵਾ ਸਿੰਘ ਭੈਣੀ ਸਾਹਿਬ, ਮਸਤਾਨ ਸਿੰਘ ਕਿਆਮ ਪੁਰ, ਧਰਮ ਸਿੰਘ ਵਡਾਲਾ ਜੌਹਲ, ਹਰਨਾਮ ਸਿੰਘ ਨਵਾਣੀ, ਹਰਨਾਮ ਸਿੰਘ ਪੰਖੇ, ਇੰਦਰ ਸਿੰਘ ਲੱਲਾਂ, ਲਛਮਣ ਸਿੰਘ ਜੀ ਜਟਾਣੇ ਦੇ ਤੇ ਸੇਵਾ ਸਿੰਘ ਜੀ ਗੁਰੂ ਸਰ ਲੱਲਾਂ ਦੇ ਆਦਿ ਸੀ।

ਇਹ ਸੇਵਾ ਸਿੰਘ ਜੀ ਬੁਏ ਦੇ ਸੀ, ਜਿਨ੍ਹਾਂ ਤੋਂ ਸਤਿਗੁਰੂ ਜੀ ਕੁਝ ਚਿਰ ਸੰਥਾ ਲੈਂਦੇ ਰਹੇ ਸੀ ਤੇ ਲਛਮਣ ਸਿੰਘ ਜੀ ਤੋਂ ਪੜ੍ਹੇ ਸੀ, ਜੋ ਬਹੁਤ ਵਿਦਵਾਨ ਤੇ ਸੁਧ ਪਾਠੀ ਮੰਨੇ ਹੋਏ ਸੀ। ਲੱਲੀ ਦੋਵੇਂ ਤੇ ਦਸਮ ਗੁਰੂ ਜੀ ਦੇ ਡੇਰੇ ਮਹੰਤ ਸੀ ਸੇਵਾ ਸਿੰਘ ਜੀ।

ਸੰਤ ਮੰਡਲੀ—ਸੰਤ ਲਛਮਣ ਸਿੰਘ ਜੀ, ਸੰਤ ਬਸੰਤ ਸਿੰਘ ਜੀ, ਸੰਤ ਧਿਆਨ ਸਿੰਘ ਜੀ ਸੰਤ ਲਾਲ ਸਿੰਘ ਜੀ ਡੂਰੇ ਗਿਲ ਆਦਿ ਨੂੰ ਪਾਸ ਬੁਲਾ, ਵਿੱਦਿਆ ਦਾ ਤੇ ਬੰਦਗੀ ਦਾ ਅਭਿਆਸ ਵਧਾਉਣ ਲਈ ਕੋਲ ਰਖਦੇ ਤੇ ਗੁਣ ਹਾਸਲ ਕਰਦੇ ਸਤਿਗੁਰੂ ਜੀ। ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਸਾਧੂਆਂ ਦਾ ਆਦਰ ਕਰਦੇ, ਸੰਗਤ ਕਰਦੇ, ਬਚਨ ਪੁਛਦੇ, ਸੁਣਦੇ ਉਚੇਚੇ।

ਜੋ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਸਾਧੂ ਸੀ, ਜੋ ਸਦਾ ਭੈਣੀ ਸਾਹਿਬ ਰਹਿੰਦੇ ਤੇ ਡੇਰੇ ਦੀ ਹਰ ਸੇਵਾ ਨੂੰ ਆਪਣੇ ਘਰ ਵਾਂਗੂੰ ਸਮਝ, ਕਰਦੇ ਸੀ। ਇਸ਼ਨਾਨ, ਦੀਵਾਨ ਤੇ ਦੋ ਵੇਲੇ ਦਾ ਭਜਨ, ਬਾਣੀ ਕੀਰਤਨ ਨ ਖੁੰਝਾਂਦੇ ਸੀ। ਹਰ ਸੇਵਾ ਭੀ ਮਿਲੀ ਪੂਰੇ ਦਿਲ ਨਾਲ ਨਿਭਾਂਦੇ ਸੀ।

ਹੀਰਾ ਸਿੰਘ ਜੀ ਟਿਕਾ, ਮੁੰਡੀਆਂ ਤੇ ਬੀਰ ਸਿੰਘ ਜੀ ਚੂਨ੍ਹੀ ਇਹ ਆਸਣ ਚੌਰੀ ਦੀ ਸੇਵਾ ਕਰਦੇ ਸੀ। ਸੰਤਾ ਸਿੰਘ ਘੁੱਕੇਵਾਲੀ, ਬੂਟਾ ਸਿੰਘ ਲਾਖਣਾ, ਸੁੰਦਰ ਸਿੰਘ ਬੱਬੂ, ਇੰਦਰ ਸਿੰਘ, ਵੀਰ ਸਿੰਘ ਘੁੱਕੇਵਾਲੀ, ਲਾਲ ਸਿੰਘ ਲਤਾਲਾ, ਸੰਤਾ ਸਿੰਘ ਬੁਰਜ, ਸੁਰਜਨ ਸਿੰਘ, ਵੀਰ ਸਿੰਘ ਭੋਮਾ ਵਡਾਲਾ, ਆਦਿ ਉਗਰਾਹੀ ਕਰਦੇ ਨਾਮਧਾਰੀ ਸੰਗਤ ਵਿਚੋਂ।

Sri Satguru Jagjit Singh Ji Elibrary NamdhariElibrary@gmail.com

ਸੰਤ ਵਸਾਖਾ ਸਿੰਘ ਜੀ, ਹਰਨਾਮ ਸਿੰਘ ਗੁਜਰਾਂਵਾਲਾਂ, ਹੀਰਾ ਸਿੰਘ ਰਾਜੇ ਦਾ, ਵਸਾਵਾ ਸਿੰਘ ਸੇਖਵਾਂ, ਰਾਘੋ ਸਿੰਘ ਮਾਲਵੇ, ਗੰਧਾ ਸਿੰਘ ਅਬਲੂ, ਸੁਹੇਲ ਸਿੰਘ ਬਿਲਗਾ, ਮਹੰਤ ਗੁਰਦਿੱਤ ਸਿੰਘ ਮੋਰੋਂ, ਅਰਖੇਲ ਸਿੰਘ, ਘਨਈਆ ਸਿੰਘ ਬਿਲਗੇ ਦੇ, ਹਰਨਾਮ ਸਿੰਘ ਨਥਾਣੀਏ, ਮੇਹਰ ਸਿੰਘ ਲੋਪੋਕੇਵਾਲਾ, ਜੋ ਅੰਮ੍ਰਿਤਸਰ ਵਾਲੇ ਸਾਕੇ ਵਿਚੋਂ ਭਗੌੜਾ ਹੀ ਰਿਹਾ ਤੇ ਸੰਤਾ ਸਿੰਘ ਨਾਮ ਰਖ ਭੈਣੀ ਸਾਹਿਬ ਹੀ ਰਿਹਾ। ਗੁਰਮਖ ਸਿੰਘ ਸੂਰਮਾ, ਹੁਕਮੀ ਵਰਿਆਹ ਤੇ ਮਾਈ ਘੁਲੀ ਕਦੀ ਕਠੇ, ਕਦੀ ਅੱਡ ਅੱਡ, ਵਾਰ ਦਾ ਕੀਰਤਨ ਕਰਦੇ। ਮੰਗਲ ਸਿੰਘ ਗਹਿਲਾ, ਗੁਪਾਲ ਸਿੰਘ ਮੌੜੇ, ਭਾਬਾ ਸਿੰਘ ਗਹਿਲਾਂ ਹੀਰਾ ਸਿੰਘ ਦੋਨਿਆ ਵਾਲਾ, ਹਰਨਾਮ ਸਿੰਘ, ਨੌਰੰਗ ਸਿੰਘ ਚੂੰਨ੍ਹੀ, ਗੁਜਰ ਸਿੰਘ ਰਾਏ ਪੁਰ, ਅਰੂੜ ਸਿੰਘ ਥੱਲ੍ਹਆਣਾ, ਰੌਲਾ ਸਿੰਘ ਮੌਲੀ ਬੈਦਵਾਂ, ਜੈ ਸਿੰਘ ਗੜ੍ਹੀ ਦੁਆਬਾ, ਸੋਹਣ ਸਿੰਘ ਸੈਂਹਸਰਾ ਵਾਲਾ ਆਦਿ। ਲੰਗਰ, ਕੜਾਹ ਪ੍ਰਸਾਦ, ਕਾਰੀਗਰੀ, ਗਡੇ ਬੈਲਾਂ ਉਗਰਾਹੀ ਘੋੜੇ, ਊਠਾਂ ਦੀ ਸੇਵਾ ਕਰਦੇ।

ਮਜ਼੍ਹਬੀ ਨਥਾ ਸਿੰਘ ਸਰਹਾਲੀ, ਇਸ ਦਾ ਪੁੱਤ੍ਰ ਸਮੁੰਦ ਸਿੰਘ ਤੇ ਇਸ ਦਾ ਭਣਵਈਆ ਸੁੰਦਰ ਸਿੰਘ ਤੇ ਉਸ ਦਾ ਪੁੱਤ੍ਰ ਸਰਧਾ ਸਿੰਘ। ਇਹ ਊਠਾਂ ਉਤੇ ਘਾਹ ਤੇ ਬਾਲਣ ਦੀ ਸੇਵਾ ਕਰਦੇ ਜਾਂ ਉਗਰਾਹੀ ਦੀ ਸੇਵਾ ਕਰਦੇ। ਰਵਿਦਾਸੀਏ ਮਾਘਾ ਸਿੰਘ, ਸਾਧੂ ਸਿੰਘ, ਚੰਦਾ ਸਿੰਘ ਵਲਟੋਹੇ ਦੇ ਸੁਖਈ, ਚੇਤ ਸਿੰਘ ਆਸਲੇ ਦਾ ਇਸ ਦਾ ਸੇਵਕ ਆਲਾ ਸਿੰਘ ਦਾਲਮ ਦਾ, ਆਦਿ ਸਭ ਦੀਵਾਨ ਤੇ ਸੇਵਾ ਵਿਚ ਪੂਰੀ ਹਾਜਰੀ ਭਰਦੇ। ਪੂਰੀ ਭਜਨ ਬਾਣੀ ਸੁਚ ਸੋਚ ਸੰਜਮ ਦੇ ਧਾਰਨੀ ਰਹੇ।

ਸੰਤ ਮੰਡਲੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੀ–ਸੰਤ ਜਿਊਣ ਸਿੰਘ ਜੀ ਸਰਹਾਲੀ, ਬਾਬਾ ਕੇਸਰ ਕਿੱਲੀ ਮੁਹਾਵਾ, ਬਾਬਾ ਮਿੱਤ ਸਿੰਘ ਜੀ ਜਿਊਣ ਭਿੰਡਰ, ਸੰਤ ਭਗਤ ਸਿੰਘ ਜੀ ਦਾਤੇ ਵਾਲ, ਸੰਤ ਮੰਗਲ ਸਿੰਘ ਜੀ ਵੜ੍ਹਹੀ ਚੱਕ, ਲਾਲ ਸਿੰਘ ਜੀ ਭੂਰੇ ਗਿਲ, ਮਹੰਤ ਖੁਸ਼ਾਲ ਸਿੰਘ ਜੀ ਖੜ੍ਹਾ ਬਾਬਾ ਜੋਣ ਸਿੰਘ ਸੌਂਦੇਵਾਲ, ਹਰਨਾਮ ਸਿੰਘ ਰਾਗੀ ਚਵਿੰਡਾ, ਸੰਤ ਕੇਸਰ ਸਿੰਘ ਜੀ ਚੂਪ ਤੇ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ, ਸੰਤ ਬਾਬਾ ਜਵੰਦ ਸਿੰਘ ਜੀ ਜਿੰਦਾ ਸ਼ਹੀਦ ਖਿਹਾਲਾ, ਹਾਕਮ ਸਿੰਘ ਜੀ ਘੁੱਕਲ, ਬੁੱਢਾ ਸਿੰਘ ਜੀ ਖਾਨਪੁਰ, ਕਾਲੂ ਰਾਗੀ ਕੋਟਲੀ ਰਮਦਾਸ, ਸ੍ਰ: ਸੁੰਦਰ ਸਿੰਘ ਮਾਨਾਂਵਾਲਾ, ਸ੍ਰ: ਭਗਵਾਨ ਸਿੰਘ ਸੰਤਾਂ ਵਾਲੀ, ਜਿਊਣ ਸਿੰਘ ਝੱਬਰ, ਸੁੰਦਰ ਸਿੰਘ ਪੁੰਗ ਆਦਿ ਸਭ ਗੁਰੂ ਹਰੀ ਸਿੰਘ ਜੀ ਤੋਂ ਲੈ ਸਤਿਗੁਰੂ ਪਰਤਾਪ ਸਿੰਘ ਜੀ ਤਕ ਸਰਧਾ ਰਖਦੇ ਤੇ ਮਾਤਾ ਜਿਊਣ ਕੌਰ ਜੀ ਦੀ ਮੁਖਤਾਰੀ ਭੀ ਹੁਣ ਉਸੇ ਤਰ੍ਹਾਂ ਮੰਨਦੇ।

(ਮਾਈਆਂ) ਹੁਕਮੀ ਵਰਿਆਂਹ ਦੀ, ਜ਼ਨਾਨਿਆਂ ਦੀ ਜਥੇਦਾਰੀ ਤੇ ਕੀਰਤਨ ਦੀ ਆਗਿਆ ਇਸਨੂੰ ਸਤਿਗੁਰੂ ਰਾਮ ਸਿੰਘ ਜੀ ਵਲੋਂ ਸੀ। ਇਹ ਸੰਤ ਨੈਣਾ ਸਿੰਘ ਜੀ, ਚੈਨ ਸਿੰਘ ਜੀ ਦੀ ਭੈਣ ਸੀ।

ਘੁਲੀ। ਇਸ ਦਾ ਪਹਿਲਾ ਨਾਮ ਉਤਮੀ ਸੀ। ਅੰਨ੍ਹਿਆਂ ਦੇ ਚੱਕ ਦੀ ਜੰਮ ਤੇ ਕੁਸੰਗੀਆਂ ਵਲ ਵਿਆਹੀ ਰਾਤ ਰਹਿ ਪੇਕੇ ਆਈ ਤੇ ਅਰਦਾਸ ਕੀਤੀ, ਮੈਂ ਰੰਡੀ ਹੋ ਜਾਵਾਂ। ਤਾਂ ਰੰਡੀ ਹੋ ਭੈਣੀ ਸਾਹਿਬ ਹੀ ਸਾਰੀ ਉਮਰ ਗੁਜਾਰੀ। ਸਤਿਗੁਰੂ ਰਾਮ ਸਿੰਘ ਜੀ ਦੇ ਬਦੇਸ ਜਾਣ ਬਾਅਦ ਇਸ ਮੰਜਾ ਤਿਆਗ ਦਿੱਤਾ ਕਿ ਖੀ ਜਾਣੀਏ ਸਤਿਗੁਰੂ ਜੀ ਨੂੰ ਮਿਲਦਾ ਹੈ ਕਿ ਨਾ।

ਖੇਮ ਕੌਰ ਕਿਆਮਪੁਰ ਵਾਲੀ ਖੁਲ੍ਹੇ ਮੋਨਿਆਂ ਵਲ ਵਿਆਹੀ ਸੀ। ਚੋਰੀ ਹੀ ਨਿਕਲ ਆਈ ਗੁਰੂ ਹਰੀ ਸਿੰਘ ਜੀ (ਲੱਖਾ ਪਿੰਡ) ਲੈਂਧੇ ਅਨੰਦ ਕਰਾ ਦਿੱਤਾ। ਇਕ ਧੀ ਹੋਈ। ਪਰ ਪਤੀ ਚੰਗਾ ਨਾ ਸੀ। ਨਾ

ਸਾਧ ਘਰ ਆਏ ਦੀ ਸੇਵਾ ਕਰਨ ਦੇਂਦਾ ਸੀ ਨਾ ਸੰਗਤ ਦੇ ਮੇਲਿਆਂ ਤੇ ਜਾਣ ਦੇਂਦਾ ਸੀ ਤੇ ਖੇਮ ਕੌਰ ਨੂੰ ਸੰਗਤ ਦੀ ਸੇਵਾ ਦਾ ਸ਼ੌਕ ਸੀ। ਭੈਣੀ ਸਾਹਿਬ ਹੀ ਆ ਟਿਕੀ।

ਇਤ-ਆਦਿਕ ਹੋਰ ਵਿਧਵਾ ਭੈਣੀ ਸਾਹਿਬ ਆ ਟਿਕੀਆਂ, ਤੇ ਮਸਤਾਨੀਆਂ ਨੂੰ ਗੁਰੂ ਹਰੀ ਸਿੰਘ ਜੀ ਕਦੇ ਕਦੇ ਮਤ ਦੇਂਦੇ ਕਿ ਬੁਰਾ ਕਰਮ ਨਹੀਂ ਕਰਨਾ। ਮਸਤਾਨੀਆਂ ਕਹਿਣਾ ਜੇ ਆਪ ਹੀ ਸਿਰ ਤੇ, ਅੰਦਰ ਹੱਥ ਰਖੋਗੇ ਤਾਂ ਹੀ ਆਪ ਦੀ ਮਤ ਕਾਰਨ ਮਨ, ਧਰਮ ਰਹਿਣ ਦੇਵੇਗਾ। ਗੁਰੂ ਜੀ ਕਹਿਣਾ ਜੇ ਮੇਰਾ ਕਿਹਾ ਮੰਨੇਗਾ ਮੈਂ ਉਸਦਾ ਆਪ ਰਾਖਾ ਰਹੂੰਗਾ।

ਜਿਸ ਦੀ ਵਾਸਨਾ ਭੋਗ ਵਲ ਉਠਦੀ ਉਸ ਦਾ ਅਨੰਦ ਕਰਵਾ ਦੇਂਦੇ। ਜੋ ਸੇਵਾ ਤੇ ਬੰਦਗੀ ਵਿਚ ਮਗਨ ਰਹਿਣ ਉਹਨਾਂ ਨੂੰ ਕੁਝ ਨਾ ਕਹਿੰਦੇ। ਸਗੋਂ ਕਹਿਣ, ਇਹ ਕਿਉਂ ਜੰਜਾਲਾ ਵਿਚ ਪੈਣ।

ਬਾਬੇ ਦਾਨ ਸਿੰਘ ਰੌੜਿਆਂ ਵਾਲੇ ਦਰਵਾਜਾ ਚਾਹਿਆ ਕਿ ਬਾਲਣ ਨਹੀਂ ਸੌਖਾ ਲੰਘਦਾ। ਤੇ ਨਾਲੇ ਗੁਰੂ ਕੇ ਦਰ ਦੀ ਕੁਝ ਸ਼ਾਨ ਭੀ ਜਾਪੇ। ਗੁਰੂ ਹਰੀ ਸਿੰਘ ਜੀ ਕਿਹਾ ਸਾਨੂੰ ਇਕੋ, ਲੰਗਰ ਹੀ ਚਲੌਣ ਦਾ ਹੁਕਮ ਹੈ। ਹੋਰ ਲਾਂਭੇ ਪਦਾਰਥ ਕਿਉਂ ਖਰਚ ਕਰਨਾ ਅਰੰਭਿਆ ਹੈ ਤੂੰ।

ਇਹ ਉਪਰ ਲਿਖੇ ਬਚਨ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਨਾਲ ਮੈਂ ਮਾਈ *ਦਿਆਲਾਂ ਢਕਾਂ ਵਾਲੀ ਤੋਂ ਲਿਖੇ ਹਨ। ਏਕ ਸਮੇਂ ਭੈਣੀ ਸਾਹਿਬ।

ਸਤਿਗੁਰੂ ਜੀ ਬਚਨ ਕਰਦੇ ਸੀ ਜੋ ਬਚਨ ਲਿਖਿਆ ਜਾਵੇ ਉਹ ਕਿਸੇ ਵੇਲੇ ਕੋਈ ਕੰਮ ਹੀ ਦੇਂਦਾ ਹੈ। ਕਿਸੇ ਨੂੰ ਕੁਝ ਕਰਨ ਲਈ ਪ੍ਰੇਰਦਾ ਏ।

ਸਤਿਗੁਰੂ ਜੀ ਨਹਿਰ ਤੇ ਭੈਣੀ ਸਾਹਿਬ ਉਪਰ ਲਿਖੇ ਸੰਤਾਂ ਜਾਂ ਵਿਦਵਾਨਾਂ ਵਿਚੋਂ ਉਚੇਚਾ ਸੱਦ, ਸੰਗਤ ਤੇ ਸੇਵਾ ਕਰਦੇ, ਗੋਸ਼ਟ ਕਰਦੇ, ਸੁਝ, ਸਿੱਖਿਆ ਲੈਂਦੇ। ਪਾਠ ਸਰਲ ਕਰਨ ਲਈ ਦਸਮ ਗ੍ਰੰਥ ਤੇ ਹਨੂਮਾਨ ਨਾਟਕ ਪੜ੍ਹਦੇ। ਤੇ ਪ੍ਰੇਮ ਸਾਰ ਪਾਣ ਲਈ ਆਪ ਰਾਮਾਇਣ ਸੁਣਦੇ ਤੁਲਸੀ ਜੀ ਕ੍ਰਿਤ, ਜਾਂ ਅਧਿਆਤਮ ਰਾਮਾਇਣ ਸੰਤ ਗੁਲਾਬ ਸਿੰਘ ਜੀ ਕ੍ਰਿਤ। ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਤੇ ਬਾਣੀ ਆਪ ਨੇ ਸਿੱਖੀ ਜੀਵਨ ਦੀ ਜੀਵਕਾ ਹੀ ਜਾਣ ਰਖੀ। ਭਾਈ ਗੁਰਦਾਸ ਜੀ ਦੀ ਬਾਣੀ ਇਤਿਹਾਸ ਪੁਰਾਤਨ ਤੇ ਸਿੱਖੀ ਆਦਰਸ਼ ਦੇ ਨਮੂਨੇ ਲਈ ਵੇਖਣੀ ਮੁਖ ਰਖੀ। ਜੇ ਕਦੀ ਭਜਨ ਤੇ ਚਿਤ ਉਚਾਟ ਹੁੰਦਾ। ਤਾਂ ਬਾਣੀ ਵਲ ਜੀਅ ਜੋੜਦੇ ਤੇ ਚੁਣ ਚੁਣ ਸਬਦ ਕੰਠ ਕਰਦੇ। ਮਹਾਂ ਪੁਰਖਾਂ ਦੀ ਸੰਗਤ ਜਾਂ ਭਜਨ ਕਰਨਾ ਜਾਂ ਧਰਮ ਪੁਸਤਕ ਪੜ੍ਹਨੇ, ਸੁਣਨੇ, ਵਿਚਾਰਨ ਦਾ ਹੀ ਆਹਰ ਰਖਦੇ। ਹਾਣੀਆਂ ਮੇਲੀਆਂ ਨੂੰ ਭੀ ਅਜਿਹਾ ਹੀ ਕਰਨ ਦੀ ਸਲਾਹ ਦੇਂਦੇ। ਜੋ ਨਾ ਮੰਨਦਾ ਜਾਂ ਔਖਾ ਰਹਿਣਾ ਕਹਿੰਦੇ ਜਾਂ ਨਾ ਆਇਆ ਕਰ ਕਹਿ ਦੇਂਦੇ। ਸੰਤ ਲਾਲ ਸਿੰਘ ਜੀ ਕੂਰੇ ਗਿਲ ਵਾਲਿਆਂ ਨੂੰ ਤੇ ਰਾਗੀ ਕਾਲੂਕਿਆਂ ਨੂੰ ਕਈ ਵਾਰ ਸੱਦ ਕੋਲ ਰਖਦੇ ਕੀਰਤਨ, ਰਾਗ ਸੁਣਦੇ। ਅਰਥਾਤ, ਸਭ ਅਗਲੀਆਂ ਆਦਤਾਂ ਹੁਣ ਇਬਾਦਤ ਵਿਚ ਹੀ ਬਦਲ ਦਿੱਤੀਆਂ ਜਾਪਦੀਆਂ ਸੀ।

---

[illegible]

Sri Satguru Jagjit Singh Ji Elibrary NamdhariElibrary@gmail.com

ਹਰ ਮੇਲੀ ਓਮੀ ਨੂੰ ਜਾਪੇ ਕਿ ਗੁਰ ਕਾਰ ਹੁਣ ਇਹਨਾਂ ਵਿਚ ਵਰਤਦੀ ਹੈ ਜੋ ਗੁਰੂ ਹਰੀ ਸਿੰਘ ਜੀ ਕਹਿੰਦੇ ਸੀ । "ਇਹਨਾ ਬੜੇ ਕੰਮ ਕਰਨੇ ਹਨ ।" ਸਕਤਵਾਨ ਹੋ, ਪ੍ਰਗਟ ਹੋ ਸਤ ਕਰਨਗੇ । ਤੇ ਸਾਧ ਸੰਗਤ ਦੇ ਦੁਖ ਦਰਿਦਰ ਹਰਨਗੇ ।

## ਹੋਲੇ-ਮੇਲੇ

ਬਿ: ੧੯੬੩ ਇਸ ਸਾਲ ਹੋਲਾ ਪਹਿਲਾ, ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦਾ, ਨੁਸ਼ਹਿਰੇ ਜ਼ਿਲ੍ਹੇ ਗੁਜਰਾਤ ਵਿਚ ਸੀ । "ਸਤਿਗੁਰੂ ਰਾਮ ਸਿੰਘ ਜੀ ਜਿਵੇਂ ਅਨੰਦ ਮਰਯਾਦਾ ੧੯੨੦ ਬਿ: ਵਿਚ ਖੋਟੀ, ਜ਼ਿਲ੍ਹੇ ਫੀਰੋਜ਼ਪੁਰੋ ਟੋਰੀ ਸੀ ਤਿਵੇ ਹੋਲੇ ਦਾ ਅਰੰਭ ਭੀ ਖੋਟਿਆਂ ਤੋਂ ਹੀ ੧੯੨੨ ਬਿ: ਨੂੰ ਕੀਤਾ ਸੀ । ੨੩ ਦਾ ਅਨੰਦਪੁਰ ਹੋਲਾ ਕੀਤਾ । ੨੪ ਭੈਣੀ ਸਾਹਿਬ, ੧੯੨੫ ਮਾਨਾਂ ਵਾਲੇ, ਜ਼ਿਲ੍ਹਾ ਸਿਆਲਕੋਟ, ਭੈਣੀ ਸਾਹਿਬ ੧੯੨੬, ਫੇਰ ਅਨੰਦਪੁਰ ਹੋਲਾ ਕੀਤਾ ੧੯੨੭ ਬਿ: ਨੂੰ, ਤੇ ੧੯੨੮ ਬਿ: ਮਾਘੀ ਤੇ ਸ਼ਹੀਦਾਂ ਅੰਮ੍ਰਿਤਸਰ ਤੇ ਰਾਇ ਕੋਟ ਦੇ ਸਾਕੇ ਵਾਲਿਆ ਬਾਬਤ ਤੇ ਮਾਤਾ ਜੱਸਾਂ ਦੀ ਚੜ੍ਹਾਈ ਦਾ ਮੇਲਾ ਕੀਤਾ । ਡੇਰਾ ਪਾਏ ਭੈਣੀ ਸਾਹਿਬ । ਤੇ ੫ ਮਾਘ ਅੰਮ੍ਰਿਤ ਵੇਲੇ ਲੁਧਿਆਣਿਉਂ ਪ੍ਰਾਗਰਾਜ ਨੂੰ ਬਦੇਸ ਗਵਨ ਕਰ ਗਏ । ਸਮੇਤ ਕੁਝ ਸੂਬਿਆਂ ਤੇ ਸੇਵਕਾਂ ਦੇ ।

ਗੁਰੂ ਹਰੀ ਸਿੰਘ ਜੀ ਜੋਗ ੧੯੩੧ ਬਿ: ਵਿਚ ਸੰਤ ਦਰਬਾਰਾ ਸਿੰਘ ਜੀ ਹਥੀਂ ਹੁਕਮਨਾਮਾ ਰੰਗੂਨੋਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਆਇਆ । ਕਿ "ਅੱਜ ਤੋਂ ਇਸ ਦਾ ਨਾਮ ਹਰੀ ਸਿੰਘ ਹੋਇਆ ।" ਇਸ ਨੂੰ ਸਿਰਕਰਤਾ ਜਾਣਨਾ । ਮੇਰੇ ਧੌਂਕੇ ਨੂੰ ਇਹ ਬਖਸ਼ ਸਕੇਗਾ । ਇਹਦੇ ਧੋਕੇ ਨੂੰ ਮੈਂ ਨਹੀ ਬਖਸ਼ਾਂਗਾ । ੬ ਵਰ੍ਹੇ ਗੁਰੂ ਹਰੀ ਸਿੰਘ ਜੀ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਨਾ ਜਾ ਸਕੇ । ਬਿੱਲਿਆਂ ਵਲੋਂ ਕਰੜੀ ਨਿਗਰਾਨੀ ਦੇ ਹੁਕਮ ਕਰ । ਬੂਹੇ ਵਿਚ ਪੁਲਸ ਬੈਠੀ ਕਰ । ਭਾਵੇਂ ਡੇਰੇ ਦਾ ਕੀਮਤੀ ਸਾਮਾਨ ਤੇ ਹੋਰ ਗੁਪਤ ਪਦਾਰਥ ਜੋ ਸਤਿਗੁਰੂ ਰਾਮ ਸਿੰਘ ਜੀ ਤਬੇਲੇ ਵਿਚ, ਦਿਖਾ ਗੁਰੂ ਹਰੀ ਸਿੰਘ ਜੀ ਹਥੀਂ ਗਾਗਰ ਦਬਾਈ ਹੋਈ ਸੀ, ਤੇ ਸੋਨੇ ਦੇ ਕੜੇ ਭੀ ਗੁਰੂ ਜੀ ਦੇ ਹਥਾਂ ਦੇ ਵਿਕ, ਲੰਗਰ 'ਚ ਹੀ, ਵਰਤੇ ਗਏ ਸੀ । ਤਾਂ ਭੀ ਲੰਗਰ ਚਲਦਾ ਸੀ । ਗੁਰੂ ਪ੍ਰੇਰੇ ਸਾਧਾਂ ਸੰਤ ਬਘੇਲ ਸਿੰਘ ਜੀ ਨਾਰਲੀ, ਬਾਬਾ ਕਾਹਨ ਸਿੰਘ ਜੀ ਬੁਰਜ, ਬਾਬਾ ਨਥਾ ਸਿੰਘ ਜੀ ਗਾਦੜੀਵਾਲਾ (ਹਜਾਰ ਹਜ਼ਾਰ ਤੇ ੫੦੦) ਸੁਬੇਗ ਸਿੰਘ ਜੀ ਮਰ੍ਹਾਣਾ ਨੇ ਪਾਇਆ ਤੇ ਬੂਟਾ ਸਿੰਘ ਜੀ ਲਾਖਣਾ ਨੇ ਆਪਣਾ ਜੀਵਨ ਹੀ ਅਰਦਾਸ ਇਸ ਉਗਰਾਹੀ ਤੇ ਲੰਗਰ ਹਿਤ ਕਰ, ਲੰਗਰ ਨੂੰ ਨਵੇਂ ਸਿਰੇ ਤਾਜ਼ਾ ਕਰ ਦਿੱਤਾ ਤੇ ਸਦਾ ਲਈ ਚਲਦੇ ਰਹਿਣ ਦਾ ਬਾਨ੍ਹਣੂੰ ਬੰਨ੍ਹ ਦਿੱਤਾ । ਪਹਿਲਾਂ ਘਰੋਂ ਦਾਣੇ ਗੱਡੇ ਭਰ ਲੈਂਦ ਭੈਣੀ ਸਾਹਿਬ ਪੂਰਾ ।

੧੯੩੭ ਤਕ ਦੇ ਹੁਕਮਨਾਮੇ, ਸਤਿਗੁਰੂ ਰਾਮ ਸਿੰਘ ਜੀ ਵਲੋਂ ਆਏ ਮਿਲੇ, ਜੋ ਸਤਿਗੁਰੂ ਪਰਤਾਪ ਸਿੰਘ ਜੀ ਭਾਲ ਸੰਭਾਲ ਰਖੇ ਹਨ । ਉਨ੍ਹਾਂ ਤੇ ਭੀ ਲੰਗਰ ਭੈਣੀ ਸਾਹਿਬ ਦੇ ਚਲਾਣ, ਭਜਨ ਬਾਣੀ ਤੇ ਪਾਠ ਕਰਾਣ ਦੀ ਬੜੀ ਬਾਰ ਬਾਰ ਪੱਕੀ ਕੀਤੀ ਹੋਈ ਹੈ । ਜੋ ਗੁਰੂ ਹਰੀ ਸਿੰਘ ਜੀ ਜਿਵੇਂ ਕਿਵੇਂ ਨਿਭਾਹੀ ।

ਨਾਮਧਾਰੀਆਂ ਵਲੋਂ, ਸਰਕਾਰੇ ਅਰਜ਼ੀਆਂ ਦੇ ਕੇ, ਸ਼ਾਦੀ ਗਮੀ ਪਾਰੋਂ, ਭਾਵੇਂ ਥੋੜੇ ਵਿਰਲੇ ਇਕੱਠ ਹੁੰਦੇ, ਪਰ ਉਹ ਕਿਤੇ ਗਿਣਤੀ ਵਿਚ ਨਹੀ ਆਏ । ਇਸੇ ਤਰ੍ਹਾਂ ਹੋਲੇ ਭੀ ਕੁਝ ਹੋਏ । ਮੈਂ ਬਿਰਧਾਂ ਤੋਂ ਪੁੱਛ, ਖੋਜ ਕਰ ਲਿੱਠਾ ਹੈ । ਜੇ ਇਕੱਠ ਕੁਝ ਹੁੰਦਾ ਭੀ ਤਾਂ ਪ੍ਰਚਾਰ ਖੁਲ੍ਹ ਕੇ ਨਾ ਕਰਨਾ ਮਿਲਦਾ ।

Sri Satguru Jagjit Singh Ji Elibrary NamdhariElibrary@gmail.com

## ਹੋਲਾ ੨੭ ਸਾਲ ਨਾ ਹੋਇਆ

ਗੁਰੂ ਹਰੀ ਸਿੰਘ ਜੀ ੨੭ ਸਾਲ ਹੋਲਾ ਨਾ ਕਰ ਤੇ ਨਾ ਵੇਖ ਸਕੇ, ਸਰਕਾਰੀ ਪਾਬੰਦੀ ਕਰ। ਸੰਗਤ ਵਲੋਂ ਕਿਤੇ ਕਿਤੇ ਥੋੜਾ ਜਿਹਾ ਮੇਲਾ ਹੋ ਜਾਂਦਾ। ਜਿਹਾ ਕਿ ੧੯੪੪ ਬਿ ਨੂੰ ਕੰਗੀਂ ਜ਼ਿਲ੍ਹਾ ਸਿਆਲਕੋਟ ਤੇ ੧੯੪੫ ਭਰੋਵਾਲੀ ਜਿਲਾ ਅੰਮ੍ਰਿਤਸਰ, ਮਸੀਕੇ ਵਾਲੀ, ਹਿੰਦੂ ਚੱਕ ਤੇ ਰੋੜੀ ਸਾਹਿਬ ਜ਼ਿਲ੍ਹਾ ਗੁਜਰਾਂਵਾਲਾ ਵਿਚ ਭੀ ਥੋੜੀ ਥੋੜੀ ਨਾਮਧਾਰੀ ਸੰਗਤ ਜੁੜ-ਮੇਲਾ ਕੀਤਾ।

## ਹੋਰ ਹੋਲੇ ਮੇਲੇ

ਇਹ ਮੇਲੇ ਥੜੇ ਜਤਨ ਅਰਜੀਆਂ ਨਾਲ ਥੋੜੀ ਸੰਗਤ ਜੋਗਾ ਹੀ ਇਕ ਜਾਂ ਦੋ ਦਿਨ ਦੇ ਇਕੱਠ ਦੇ ਹੁੰਦੇ ਸੀ, ਪ੍ਰਤਾਪੀ ਸਿੱਖਾਂ ਦੇ ਜਤਨ ਕਰ, ਪਰ ਗੁਰੂ ਜੀ ਨਾ ਜਾ ਸਕਦੇ ਸੀ। ਇਹ ਕਰੜੇ ਸਮੇਂ ਦਾ ਵਕਤ ਸੀ। ੧੯੫੬ ਬਿਕ੍ਰਮੀ ਗੁਰੂ ਹਰੀ ਸਿੰਘ ਜੀ ਗੁਰੂ ਚੱਕ ਜਿਲਾ ਸਿਆਲਕੋਟ ਦੇ ਹੋਲੇ ਤੇ ਦਰਸਨ ਦਿੱਤੇ। ੧੯੫੭ ਬਿ: ਨੂੰ ਸੱਦੋਵਾਲ° ਜਿਲਾ ਲਾਇਲਪੁਰ, ੧੯੫੮ ਮਟਵੀਂ ਜਿਲਾ ਗੁਜਰਾਂਵਾਲਾ, ੧੯੫੯ ਨੂੰ ਗਿੱਲਬਾਰ ਜਿਲਾ ਸ਼ੇਖਪੁਰਾ ਵਿਚ ਹੋਲਾ ਹੋਇਆ। ੧੯੬੦ ਫੇਰ ਗੁਰੂ ਚੱਕ ਹੋਲਾ ਹੋਇਆ। ੧੯੬੧ ਬਿ: ਹੋਲਾ ਭੈਣੀ ਸਾਹਿਬ ਹੋਇਆ ਤੇ ੧੯੬੨ ਮਾਨਾਂਵਾਲੇ ਬਾਰ ਜਿਲਾ ਸ਼ੇਖਪੁਰ ਹੋਲਾ ਹੋਇਆ, ਪਰ ਗੁਰੂ ਹਰੀ ਸਿੰਘ ਜੀ ਨੇਤ੍ਰਾਂ ਦੇ ਭਾਣੇ ਵਰਤੇ ਕਰ ਨਾ ਜਾ ਸਕੇ ਸੀ। ਦੋਵੇਂ ਮਾਤਾਵਾਂ ਜਿਉਣ ਕੌਰ ਤੇ ਫਤਹ ਕੌਰ ਜੀ ਤੇ ਤਿੰਨੇ ਭਾਈ ਸਤਿਗੁਰੂ ਪਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਮਾਨਾਂਵਾਲੇ ਹੋਲੇ ਤੇ ਗਏ ਸੀ।

ਸਤਿਗੁਰੂ ਰਾਮ ਸਿੰਘ ਜੀ ੨੨ ਤੋਂ ੨੭ ਤਕ ੬ ਹੋਲੇ ਕੀਤੇ। ਗੁਰੂ ਹਰੀ ਸਿੰਘ ਜੀ ੫੬ ਤੋਂ ੬੧ ਤਕ ੬ ਹੋਲੇ ਆਪ ਵਿਚ ਹੋ ਕੀਤੇ ਤੇ ਦਰਸਨ ਦਿੱਤੇ। ਪਰ ਗੁਰੂ ਹਰੀ ਸਿੰਘ ਜੀ, ਬੁੱਧ ਸਿੰਘੋਂ ਹਰੀ ਸਿੰਘ ਨਾਮ ਹੋਣ ਤੋਂ ਲੈ, ਨਿਮਾਣੇ ਮਨ, ਨਿਮਾਣੀਆਂ ਗਊਆਂ ਜਾਣ, ਨਾਮਧਾਰੀਆਂ ਨੂੰ ਹਰਿਆ ਕਰਨ ਹਿਤ, ਨਿਮਾਣਾ ਜਿਹਾ ਜਤਨ ਕਰ, ਨਿਮਾਣੀ ਦਾ ਮੇਲਾ ਅਰੰਭ ਕੀਤਾ ਜੋ ਪੂਰੇ ੩੦ ਸਾਲ ਬੀਤਾ ਤੇ ਸੰਗਤ ਨੂੰ ਹਰਿਆਂ ਕਰ, ਟੁਟੀ ਨੂੰ ਮੇਲ, ਪ੍ਰਤਾਪੀ ਸਤਿਗੁਰੂ ਜੀ ਦੇ ਲੜ ਲਾ ਸਮਾਏ।

ਸਤਿਗੁਰੂ ਪਰਤਾਪ ਸਿੰਘ ਜੀ ੧੯੬੨ ਬਿ: ਤੋਂ ਹੋਲਿਆਂ ਤੇ ਦਰਸਨ ਦੇਣ ਲਗੇ ਅਤੇ ਨਾਮਧਾਰੀ ਪੰਥ ਤੋਂ ਪਾਬੰਦੀਆਂ ਘਟਨ ਲਗੀਆਂ। ਆਸਣ ਤੇ ਚੌਰ ਤਾਂ ਸਤਿਗੁਰੂ ਜੀ ਜੋਗ ਸੀ, ਜੋ ਗੁਰੂ ਹਰੀ ਸਿੰਘ ਜੀ ਦੇ ਸਮਾਉਣ ਤੋਂ ਅਗਲੇ ਰੋਜ ਹੀ ਸੰਗਤ ਵਲੋਂ ਮਥਾ ਟੇਕਣਾ ਸ਼ੁਰੂ ਹੋ ਗਿਆ, ਪਰ ਮੇਲਿਆਂ ਤੇ ਤਿੰਨੇ ਭਾਈ ਬੈਠਦੇ ਸੀ। ਸਾਧ ਸੰਗਤ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਭੇਟਾ ਧਰ, ਮੱਥਾ ਟੇਕ, ਬਾਅਦ ਮਹਾਰਾਜ ਜੀ ਦੋਨਾਂ ਨੂੰ ਭੀ ਸੀਸ ਨਿਵਾਂਦੀ ਸੀ ਤੇ ਕਈ ਸਿੱਖ ਸਾਧ ਮਾਤਾ ਜਿਉਣ ਕੌਰ ਜੀ ਤਕ ਹੀ ਸਰਧਾ ਰਖਦੇ ਸੀ ਤੇ ਆਖਦੇ ਸੀ, ਅਗੋਂ ਜਿਸ ਵਿਚ ਸਕਤ ਵੇਖਾਂਗੇ ਉਸ ਨੂੰ ਹੀ ਮੱਥਾ ਟੇਕਾਂਗੇ ਜਾਂ ਜਿਸ ਨੂੰ ਮਿਲ ਕੇ ਅਨੰਦ ਪ੍ਰਾਪਤ ਹੋਵੇਗਾ। ਗੁਰ ਵਾਕ-"ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥" ਦੇ ਅਨੁਸਾਰ। ਮਾਤਾ ਜਿਉਣ ਕੌਰ ਜੀ ਸੰਗਤ ਨੂੰ, ਸਾਧਾਂ ਨੂੰ ਦਸਦੇ ਤੇ ਸਹੀ, ਕਿ ਗੁਰੂ ਹਰੀ ਸਿੰਘ ਜੀ ਦਾ ਹੁਕਮ ਇਹਨਾਂ ਨੂੰ ਮੰਨਣ ਦੇ ਜੋਗ ਹੈ, ਪਰ ਜੋਰ ਨਾ ਦੇਂਦੇ। ਕਿਉਂਕਿ ਉਹ ਜਾਣਦੇ ਹਨ, ਗੁਰਸਿਖੀ ਸੋ ਥਾਨ ਆਪੇ ਹੀ ਭਾਲ ਲੈਂਦੀ ਹੈ ਜਿਥੇ ਸਕਤ ਹੋਵੇ ਤੇ ਉਥੋਂ ਦੀ ਧੂੜ ਆਪੇ ਲੈ ਕੇ ਮਥੇ ਲਾ ਲੈਂਦੀ ਹੈ। ਇਹ ਕਹਿਣ ਸੁਨਣ ਦੀ ਕਾਰ ਨਹੀਂ।

੧੯੬੨ ਬਿਕ੍ਰਮੀ ਦਾ ਹੋਲਾ ਮਾਨਾਂਵਾਲੇ, ਸ੍ਰ: ਸੁੰਦਰ ਸਿੰਘ, ਸ੍ਰ: ਰਘਬੀਰ ਸਿੰਘ, ਸ੍ਰ: ਉਜਾਗਰ ਸਿੰਘ, ਸ੍ਰ: ਭਗਵਾਨ ਸਿੰਘ ਦੇ ਪੁੱਤ੍ਰਾਂ ਕਰਾਇਆ ਸੀ। ਸੇਵਾ ਸਾਰੇ ਸ਼ੇਖੂਪੁਰੇ ਦੇ ਜ਼ਿਲ੍ਹੇ ਦੀ ਸੰਗਤ ਕੀਤੀ

°ਸਦੋਵਾਲ ਤੇ ਲੇਲੀ ਸਾਹਿਬ, ਦੋ ਹੋਲੇ ਇਕ ਸਾਲ ਹੋਏ ਸੀ।

Sri Satguru Jagjit Singh Ji Elibrary NamdhariElibrary@gmail.com

ਸੀ। ਮਨ ਬੁਧੀ ਤੇ ਸਰੀਰ ਕਰਕੇ।

## *ਹੋਲਾ ਗੰਗਾ ਸਿੰਘ ਤੇ ਗੰਗੋ ਦਾ*

੧੯੬੩ ਬਿ. ਦਾ ਹੋਲਾ ਨੁਸਹਿਰੇ, ਜ਼ਿਲਾ ਗੁਜਰਾਤ ਵਿਚ ਗੰਗਾ ਸਿੰਘ○ ਤੇ ਗੰਗੋ, ਦੋ ਜੋੜੇ ਅਰੋੜ ਬੰਸੀਆ ਨੇ ਕਰਾਇਆ। ਸਤਿਗੁਰੂ ਪਰਤਾਪ ਸਿੰਘ ਜੀ ਗੁਰੂ-ਰੂਪ ਵਿਚ ਪਹਿਲੇ ਇਸ ਹੋਲੇ ਤੇ ਸਮੇਤ ਮਾਈਆ ਤੇ ਭਾਈਆਂ ਦੇ ਦਰਸਨ ਦਿੱਤੇ। ਇਹ ਗੰਗਾ ਸਿੰਘ ਤੇ ਮਾਈ ਗੰਗੋ ਗੁਰੂ ਦਰਸਨ ਤੇ ਗੁਰੂ ਸਬਦ ਦਾ ਆਸ਼ਕ ਜੋੜਾ ਸੀ। ਗੁਰੂ ਹਰੀ ਸਿੰਘ ਜੀ ਇਹਨਾਂ ਤੋਂ ਉਚੇਚਾ ਆਖ ਕੇ ਸਬਦ ਸੁਣਿਆ ਕਰਦੇ ਸੀ। ਹੋਰ ਦੂਰ ਨੇੜੇ ਦੀ ਸੰਗਤ ਭੀ ਇਸ ਹੋਲੇ ਵਿਚ ਤਨ ਮਨ ਕਰਕੇ ਬਹੁਤ ਸੇਵਾ ਤੇ ਮਦਦ ਕੀਤੀ ਤੇ ਰੌਣਕ ਭੀ ਕੀਤੀ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਹੋਲੇ ਨੁਸਹਿਰੇ ਦੇ ਤੋਂ ਆ, ਭੈਣੀ ਸਾਹਿਬ ਕੁਝ ਦਿਨ ਰਹਿ, ਨਹਿਰ ਤੇ ਜਾ ਠਹਿਰੇ। ਕਿਉਂਕਿ ਉਥੇ ਕੱਖਾਂ ਦੀ (ਕੁੱਲੀ) ਝੁੱਗੀ ਵਿਚ ਆਪ ਇਕਾਂਤ ਰਹਿ, ਭਜਨ ਕਰਦੇ ਤੇ ਰਾਤ ਪਿਛਲੀ ਉਠ ਜੰਗਲ ਦਾਤਨ ਇਸ਼ਨਾਨ ਕਰ ਚੌਕੜਾ ਲਾ, ਚਾਰ ਘੰਟੇ ਭਜਨ ਕਰਦੇ। ਸੂਰਜ ਚੜ੍ਹਾ ਨਾਲ ਚੰਡੀ ਦੀ ਵਾਰ ਦਾ ਪਾਠ ਕਰ ਹੀ ਕਿਸੇ ਨਾਲ ਬੋਲਦੇ। ਘੰਟਾ ਜੰਗਲ, ਦਾਤਨ, ਇਸ਼ਨਾਨ ਤੇ ਲਗਦਾ ਸੀ। ਥੋੜਾ ਛਕਦੇ, ਥੋੜਾ ਬੋਲਦੇ, ਥੋੜਾ ਹੀ ਬਿਰਾਜਦੇ। ਬਾਣੀ ਦੇ ਅਭਿਆਸ ਤੇ ਮਹਾਂਪੁਰਖਾਂ ਦੀ ਸੰਗਤ ਤੇ ਗੋਸ਼ਟ ਬਿਨਾਂ ਚਿੱਤ ਕਿਤੇ ਨ ਦੇਂਦੇ। ਤਨ ਤੇ ਮਨ ਨਿਰਮਲ ਕਰ ਰਖਿਆ ਸੀ। ਨੀਵੀਂ ਪਾਈ ਸਦੀਵੀ ਗੁਰੂ ਹਰੀ ਸਿੰਘ ਜੀ ਦੇ ਸੁਭਾ ਵਾਂਗੂ ਹੀ ਹੋਏ ਰਹੇ ਜਾਂ ਮਾਲਾ ਫੜ ਭਜਨ ਕਰਦੇ ਜਾਂ ਇਕਾਂਤ ਸਾਂਤ ਮਗਨ ਰਹਿੰਦੇ।

ਇਸ ਸਮੇਂ ਇਕ ਪਹਾੜਾ ਸਿੰਘ ਨਾਮ ਵਾਲਾ ਸੇਵਕ ਆਪੇ ਨੇੜੇ ਕੁਝ ਰਹਿਣ ਲਗਾ। ਜੇ ਕੋਈ ਬਿਰਧ ਰਾਤ ਜਾਂ ਦਿਨੇ ਆਪ ਦੀ ਸੇਵਾ ਕਰਨੀ ਚਾਹਦਾ ਤਾਂ ਕਹਿੰਦੇ, ਮੈਂ ਬੱਚਾ ਹਾਂ ਤੁਸੀਂ ਮੇਰੇ ਤੇ ਇਹ ਭਾਰ ਨਾ ਚਾੜ੍ਹੋ। ਸਾਰੀ ਕਿਰਿਆ ਆਪਣੀ ਆਪ ਹੀ ਗੜਵਾ ਮਾਂਜਣ, ਬਸਤ੍ਰ ਧੋਣ ਦੀ ਸਾਰਦੇ। ਪਰ ਸਦਾ ਦੀ ਰੁਹੀ ਬਣਾ ੪੦ ਦਿਨ ਸਾਧਾਂ ਨੂੰ ਕੋਲ ਸੱਦ ਕਥਨ ਨੇਮ ਕਰਦੇ। ਆਪ ਜਾਗ, ਸਭ ਸਾਥੀਆਂ ਨੂੰ ਜਗਾਂਦੇ। ਡੇਰੇ ਭੈਣੀ ਸਾਹਿਬ ਦੀ ਮੁਖਤਾਰੀ ਤੇ ਕਾਰ ਮਾਤਾ ਜਿਉਣ ਕੌਰ ਹੀ ਮੁਖਤਾਰਾਂ ਨੂੰ ਆਹਰ ਤੇ ਆਦਰ ਦੇ ਭੁਗਤਾਂਦੇ ਹਰ ਆਏ ਨਾਮਧਾਰੀ ਤੇ ਓਮੀਂ ਨੂੰ ਖੁਸ਼ ਕਰ ਥਕੇਵਾਂ ਲਾਂਹਦੇ।

ਨਿਮਾਣੀ ਦਾ ਮੇਲਾ ਭੀ ਸਦਾ ਵਾਂਗੂ ਇਸ ਸਾਲ ਰੌਣਕ ਵਾਲਾ ਹੋਇਆ। ਪਰ ਸਤਿਗੁਰੂ ਜੀ ਸਭ ਸਬਦ, ਰਾਗ ਰੰਗ, ਸਤਿਸੰਗ ਸੁਣਦੇ ਤੇ ਸਹੀ, ਪਰ ਕਿਸੇ ਨਾਲ ਖੁਲ੍ਹ ਕੇ ਬੋਲਦੇ ਬਿਲਕੁਲ ਹੀ ਘੱਟ।

---

○ਇਸ ਜੋੜੀ ਦੇ ਪ੍ਰਵਾਰ ਵਿਚੋਂ ਹੀ ਭਤੀਜੇ ਹਰ ਡਾਕਟਰ ਕੌਰ, ਸੰਤ ਜੋਧ ਸਿੰਘ ਜੀ ਤੇ ਪ੍ਰੋਫੈਸਰ ਇੰਦਰ ਸਿੰਘ ਜੀ ਹਨ। ਗੰਗਾ ਸਿੰਘ ਜੀ ਤੇ ਗੰਗੋ ਜੀ ਦਾ ਪ੍ਰਵਾਰ ਸੰਤ ਬੁਧ ਸਿੰਘ ਜੀ ਅਤੇ ਪੁੱਤਰਾਂ ਰਾਹੀਂ ਕਹਿਲਗਾਉਂ ਬਿਹਾਰ ਵਿਚ ਰਹਿੰਦੇ ਹਨ।

Sri Satguru Jagjit Singh Ji Elibrary NamdhariElibrary@gmail.com

## ਅਰਸ਼ੀ ਫਰਿਸ਼ਤਾ

ਬਿਰਧ ਸਾਧਾਂ ਦੱਸਿਆ ਹੈ, ਜਿਨ੍ਹਾਂ ਵਿਚ ਹੈ ਇਹ ਮੇਲਾ ਵੇਖਿਆ ਹੈ, ਮਾਨਾਂਵਾਲੇ-ਬਾਰ, ਜ਼ਿਲ੍ਹਾ ਸ਼ੇਖੂਪੁਰਾ, ਸ: ਕਿਰਪਾਲ ਸਿੰਘ, ਸਿੰਘ ਸਭਾ ਦੇ ਵੱਡੇ ਵੱਡੇ ਮੁਖੀ ਤੇ ਸ੍ਰਦਾਰ ਸੱਦ ਕਰਾਇਆ ਸੀ, ਦੂਰ ਨੇੜੇ ਇਸ਼ਤਿਹਾਰ ਭੀ ਫੇਰੇ ਕਿ ਸਭ ਆਉ। ਕੁਝ ਸ੍ਰਦਾਰ ਜੋ ਨਾਮਧਾਰੀ ਸੀ, ਸਿੱਖਾਂ ਸਾਧਾਂ ਨੂੰ ਉਹਨਾਂ ਭੀ ਸੁਨੇਹੇ ਘੱਲ ਸਦਿਆ। ਇਹ ਕੂਕੇ ਸਰਦਾਰ, ਸੰਤ ਬਾਬੇ ਘੋੜੀਆ ਵਾਲੇ ਨਰੈਣ ਸਿੰਘ ਜੀ ਸੰਤ ਪੁਰੇ ਵਾਲਿਆ ਦੀ ਕਿਰਪਾ ਤੇ ਸੰਗਤ ਤੋਂ ਸਿੱਖ ਸਜੇ ਹੋਏ ਸੀ, ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ। ਨਾਮਧਾਰੀਆਂ ਉਹਨਾਂ ਵਲ ਡੇਰੇ ਲਾਏ।

ਅਰਜਨ ਸਿੰਘ ਬਾਗੜੀਆਂ ਇਸ ਮੇਲੇ ਦੇ ਪ੍ਰਧਾਨ, ਕਿਰਪਾਲ ਸਿੰਘ ਨੇ ਥਾਪੇ ਤੇ ਪ੍ਰਧਾਨ ਨੇ ਪਹਿਲੇ ਦਿਨ ਹੀ ਬੋਲ ਕਿਹਾ, ਇਕ ਨੂੰ ਅੰਗਰੇਜ਼ ਲੈ ਗਏ ਹਨ। ਇਕ ਚੜ੍ਹ ਗਿਆ ਹੈ। ਹੁਣ ਕੂਕੇ ਮੁਕੇ ਜਾਣੋ। ਵਧਣੋ ਤੇ ਅਗੇ ਹੀ ਰੁਕ ਗਏ ਹੋਏ ਨੇ।

ਅਰਜਨ ਸਿੰਘ ਕਿਹਾ, ਅਸਾਂ ਸੁਣਿਆ ਹੈ, ਕੁਝ ਕੂਕੇ ਭੀ ਆਏ ਹੋਏ ਹਨ। ਜੇ ਕੋਈ ਗੱਲ ਕਰ ਸਕਦਾ ਹੈ ਤਾਂ ਸਾਡੇ ਨਾਲ ਆ ਕੇ ਕਰੇ। ਜੇ ਇਹਨਾਂ ਕੋਲ ਕੋਈ ਗੱਲ ਸਾਨੂੰ ਉੱਤਰ ਦੇਣ ਵਾਲੀ ਹੈ ਤਾਂ ਆ ਦੇਵੇ, ਜੇ ਨਹੀਂ ਤਾਂ ਸਣੇ ਸਰਦਾਰਾਂ ਸਭ ਕੂਕੇ ਭੁੱਲ ਮੰਨ ਕੇ ਸਾਥੋਂ ਅੰਮ੍ਰਿਤ ਆ ਛਕਣ। ਇਹਨਾਂ ਦੇ ਗੁਰੂ ਦੀ ਬਾਣੀ ਨਹੀਂ, ਜਿਸ ਦੀ ਬਾਣੀ ਨਹੀਂ ਉਹ ਗੁਰੂ ਨਹੀਂ ਹੋ ਸਕਦਾ। ਜੇ ਉਹ ਹੀ ਗੁਰੂ ਨਹੀਂ ਤਾਂ ਇਹ ਸਿੱਖ ਕਿਵੇਂ ਹੋਏ?

## ਸਿੰਘ ਸਭੀਏ ਨਿਰੁੱਤਰ

ਸੰਤ ਭਗਤ ਸਿੰਘ ਜੀ ਦਾਤੇ ਵਾਲੀਏ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋ ਮਸਤ ਸੀ। ਰੰਗੇ ਕਪੜੇ ਤੇ ਘੁੰਗਰੂ ਰਖਦੇ ਸੀ, ਕਦੀ ਦਾਨੀ ਬਿਰਤੀ ਭੀ ਰਖਦੇ ਸੀ। ਸੰਤ ਮੰਗਲ ਸਿੰਘ ਫਤੂਹੀ ਚੱਕੀਏ ਭੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਮਸਤ (ਅਰਸ਼ੀ ਫਰਿਸ਼ਤੇ) ਅਖਵਾਦੇ ਸੀ। ਇਹ ਦੋਵੇਂ ਭੀ ਮਾਨਾਂ ਵਾਲੇ ਗਏ ਹੋਏ ਸੀ। ਇਹਨਾਂ ਤੇ ਭੀ ਇਹ ਰੰਗ ਸੀ ਕਿ ਹਾਜ਼ਰ ਜਵਾਬ ਤੇ ਸ਼ਬਦ ਦਾ ਸੁਆਦ ਇਹਨਾਂ ਦੇ ਜਿਹਾ ਕੋਈ ਕਿਤੇ ਨਾ ਮਿਲਦਾ ਸੀ। ਇਹਨਾਂ ਆ ਦੀਵਾਨ ਵਿਚ ਖੜੇ ਉਤਰ ਦੇਣਾ ਸ਼ੁਰੂ ਕੀਤਾ। ਸੰਤ ਮੰਗਲ ਸਿੰਘ ਜੀ ਕਿਹਾ ਲੋਕੋ ਕੰਨਾਂ ਤੋ ਪੱਗਾਂ ਚੁੱਕ ਕੇ ਮੇਰੀ ਗੱਲ ਸੁਣੋ। ਜੇ ਮੇਰਾ ਉਤਰ ਸਹੀ ਨਾ ਹੋਵੇ ਤਾਂ ਮੈਂ ਭੁਲ ਮੰਨ ਅੰਮ੍ਰਿਤ ਇਹਨਾਂ ਤੋਂ ਛੱਕ ਲਵਾਂਗਾ, ਤੇ ਜੇ ਮੇਰਾ ਉੱਤਰ ਸਹੀ ਹੋਵੇ, ਤਾਂ ਇਹ ਸਿੰਘ ਸਭੀਏ ਮਾਫੀ ਨਾ ਮੰਗਣ, ਤੇ ਸੰਗਣ ਭੀ ਨਾ, ਸਿਰਫ ਸਾਡੇ ਕੂਕਿਆਂ ਕੋਲੋਂ ਇਹ ਕੰਨ ਕਰਕੇ ਭਜਨ ਹੀ ਪੁੱਛ ਲੈਣ, ਜੇ ਨਾ ਸੁਆਦ ਆਵੇ ਤਾਂ ਜੋ ਜੀਅ ਔਣੇ ਸਾਨੂੰ ਕਹਿਣ। ਸੁਣੋ ਤੇ ਵੇਖ ਲੌ ਗ੍ਰੰਥ ਸਾਹਿਬ ਫੋਲ ਕੇ, ੬-੭-੮ ਵੇਂ ਗੁਰੂ ਦੀ ਬਾਣੀ ਹੈ ਨਹੀਂ। ਤਾਂ ਫਿਰ ਉਹ ਗੁਰੂ ਨਾ ਹੋਏ? ਤੇ ਤੁਸੀਂ ਸਿੱਖ ਨਾ ਹੋਏ? ਸਭ ਸੁਣ ਹੈਰਾਨ ਹੋਏ ਤੇ ਕਿਹਾ ਭਲਕੇ ਉੱਤਰ ਦਿਆਂਗੇ।

ਅਗਲੇ ਭਲਕ ਸਿੰਘ ਸਭੀਆਂ ਕਿਹਾ, ਇਹਨਾਂ ਕੂਕਿਆਂ ਨੂੰ ਭੂਤ ਦਾ ਭੂਤ ਚਮੜਿਆ ਹੋਇਆ ਏ, ਜੋ ਇਹਨਾਂ ਦੇ ਨੇੜੇ ਜਾਏ ਉਸ ਨੂੰ ਭੀ ਚੰਬੜ ਜਾਂਦਾ ਏ, ਤੇ ਜੇ ਉਸ ਦੇ ਨੇੜੇ ਜਾਏ ਉਹ ਭੀ ਗਲ ਪੈਣ ਲਗ ਪੈਂਦਾ ਏ ਰੋਕੋ ਇਹਨਾਂ ਦੇ ਨੇੜੇ ਗਿਆਂ। ਸੰਤ ਜੀ ਉੱਤਰ ਉਸੇ ਵੇਲੇ ਉਠ ਕੇ ਦਿੱਤਾ, ਕਿ ਜਿਸਨੂੰ ਤੁਸੀਂ ਗੁਰੂ ਮੰਨਦੇ ਹੋ ਉਸ ਵਿਚ ਤੇ "ਨਿਤ ਉਠ ਕੋਰੀ ਗਾਗਰ" ਦਾ ਉਪਦੇਸ਼ ਦਿੱਤਾ ਹੋਇਆ ਏ। ਤੇ ਅਸੀ ਉਹ ਹੀ ਮੰਨਦੇ ਹਾਂ। ਤੁਸੀਂ ਨਾ ਮੰਨੋ ਤੇ ਖਾਓ ਪੈ ਚੂਹੜੀਆਂ ਚੁਮਾਰੀਆਂ ਨਾਲ। ਸਭ ਸੁਨਣ ਵਾਲੇ ਤਾਲੀਆਂ ਮਾਰ

Sri Satguru Jagjit Singh Ji Elibrary NamdhariElibrary@gmail.com

ਹੱਸ ਪਏ ਤੇ ਕਿਹਾ, ਸੰਤਾਂ ਠੀਕ ਉੱਤਰ ਦਿੱਤਾ ਹੈ।

ਇਕ ਸਿੰਘ ਸਭੀਆ ਬੋਲਿਆ ਤੁਸਾਂ ਕੂਕਿਆਂ ਦਸਾਂ ਗੁਰੂਆਂ ਤੋਂ ਉਪਰ ਗੁਰੂ ਐਵੇਂ ਬਣਾ ਲਏ ਹਨ ਕੋਈ ਉਹਨਾਂ ਬਾਬਤ ਲਿਖਤ ਵਿਖਾਉ।

ਸੰਤ ਭਗਤ ਸਿੰਘ ਜੀ ਸੁੰਦਰ ਸਿੰਘ ਜੀ ਵਲੋਂ ਉਸੇ ਵੇਲੇ ਗੁਰੂ ਨਾਨਕ ਜੀ ਦੀ ਜਨਮਸਾਖੀ ਲਿਆ ਅਜਿੱਤੇ ਰੰਧਾਵੇ ਦੀ ਗੋਸਟ ਵਿਚੋਂ ਗਿਆਰ੍ਹਵੇਂ ਬਾਰ੍ਹਵੇਂ ਗੁਰੂ ਬਾਬਤ ਲਿਖੇ ਬਚਨ ਕੱਢ ਵਿਖਾਏ। ਤੇ ਸੌਤਰ ਜਾਮੇ ਭਗਤ ਜਨ ਚੌਦਾਂ ਸਤਿਗੁਰ ਰਾਇ, ਵਾਕ ਵਿਖਾ, ਆਪ ਉਹਨਾਂ ਦੇ ਦੀਵਾਨ ਵਿਚ ਖੜੇ, ਪੜ੍ਹਨ ਲਗ ਪਏ।

ਰਾਮ ਸਿੰਘ ਮੇਰੋ ਹੋਏ ਨਾਮਾ। ਬਾਢੀ ਸੁਤ ਭੈਣੀ ਕੇ ਧਾਮਾਂ।

ਤੇ ਹੌਲੇ ਦਾ ਧੜਲੇਦਾਰ ਦੀਵਾਨ ਲਾ,

ਰਾਮ ਸਿੰਘ ਹੋਹਿ ਮਮ ਸਾਰਾ। ਦੇਸ ਮਾਲਵੇ ਮਹਿ ਅਵਤਾਰਾ।<br>
ਫੇਰ ਗਿਆਰ੍ਹਵੀਂ ਜਬ ਹਮ ਆਵਹਿੰ। ਤਬਤੇ ਹਮੇ ਕੋਇਕ ਲਖ ਪਾਵਹਿੰ।<br>
ਪੰਥ ਖਾਲਸਾ ਖੇਤੀ ਮੇਰੀ। ਕਰੋਂ ਸੰਭਾਲਨ ਮੈਂ ਤਿਸ ਬੇਰੀ।<br>
ਗੁਪਤ ਗਿਆਰ੍ਹਵਾਂ ਖੇਲਸੀ ਕੋਇ ਨ ਪਾਵੈ ਪਾਰ।...<br>
ਮੈਂ ਫੇਰ ਕਰੂੰਗਾ ਖਾਲਸਾ ਵੱਸੇ ਵਿਚ ਪੰਜਾਬ।<br>
ਬੇਈਮਾਨ ਕੁਸੁਮਤੀ ਦੇਖ ਨਾ ਸਕਣ ਪਰਤਾਪ।...<br>
ਸਾਰਾ ਕਲਜੁਗ ਭੋਗਸੀ ਨਾਨਕ ਧਰ ਅਵਤਾਰ।<br>
ਖਾਲੀ ਤਖਤ ਨਾ ਰਹੇ ਹੈ, ਮਹਾਂ ਪੁਰਖ ਹੈ ਜੋਇ।...<br>
ਦੀਵੇ ਤੇ ਦੀਵਾ ਬਲੇ ਜੋਤੀ ਘੱਟ ਨ ਹੋਇ।<br>
ਗੁਰੁ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।<br>
ਜੋਤੀ ਜੋਤਿ ਜਗਾਈਅਨ ਦੀਵੇ ਤੇ ਜਿਉ ਦੀਵਾ ਬਲਿਆ।...<br>
ਸਚ ਸਬਦੁ ਗੁਰਿ ਸਉਂਪਿਆ ਸਚ ਟਕਸਾਲਹੁੰ ਸਿਕਾ ਚਲਿਆ।...<br>
ਸਦ ਪੀੜ੍ਹੀ ਗੁਰੂ ਚਲੰਦੀ।...<br>
ਗੁਰ ਰਸਨਾ ਅੰਮ੍ਰਿਤ ਬੋਲਦੀ।...

ਆਦਿ ਵਾਕ, ਆਦਿ ਗ੍ਰੰਥ ਸਾਹਿਬ, ਗੁਰਿੰਡ ਨਾਮੇ, ਕਰਨੀ ਨਾਮੇ, ਮੱਕੇ ਮਦੀਨੇ ਦੀ ਗੋਸਟ ਆਦਿ ਦੇ ਉਥਾਰਨ ਕਰ ਸਿੰਘ ਸਭੀਆਂ ਦੇ ਮੂੰਹ ਬੰਦ ਕਰ ਦਿੱਤੇ, ਹੋਰ ਸੁਨਣ ਵਾਲਿਆਂ ਨੂੰ ਦੰਗ ਕਰ ਦਿੱਤਾ। ਤੇ ਗੱਜ ਗੱਜ ਕੇ ਬੋਲ ਬੋਲੇ।

ਅਗਰ ਹਮਲ ਹੋਤਾ ਅੰਗੁਸ਼ਤੋ ਸੇ, ਤੋ ਸ਼ੌਹਰ ਕਿਉਂ ਰਵਾਂ ਹੋਤਾ।<br>
ਅਗਰ ਖੁਦਾ ਮਿਲਤਾ ਕਿਤਾਬੋ ਸੇ, ਤੋ ਰਹਬਰ ਕਿਉਂ ਰਵਾਂ ਹੋਤਾ।

ਤੇ ਕਿਹਾ ਭਾਈ ਗੁਰਦਾਸ ਜੀ ਨਿਰਨਾ ਕਰ ਗਏ ਹੋਏ ਹਨ।

ਬੇਦ ਗ੍ਰੰਥ ਗੁਰ ਹੱਟ ਹੈ ਜਿਤ ਲਗ ਭਵਜਲ ਪਾਰ ਉਤਾਰਾ।<br>
ਸਤਿਗੁਰ ਬਾਝ ਨਾ ਬੁਝੀਐ ਜਿਚਰ ਧਰੇ ਨ ਗੁਰ ਅਵਤਾਰਾ।

Sri Satguru Jagjit Singh Ji Elibrary NamdhariElibrary@gmail.com

ਆਦਿ ਆਦਿ ਪ੍ਰਮਾਣ ਦੇ ਸਭ ਦੀਵਾਨ ਵਿਚ ਬੈਠੇ ਸਰੋਤਿਆਂ ਨੂੰ ਮੋਹਤ ਕਰ ਹੋਕਾ ਦਿੱਤਾ ਆਉ ਜਿਸ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਬਾਣੀ ਦੇ ਜਹਾਜ ਵਿਚ ਸਵਾਰ ਹੋ ਭਵਜਲੋਂ ਪਾਰ ਹੋਣਾ ਹੈ, ਆਉ ਭਜਨ ਪੁੱਛੋ ।

## ਮਾਨਾਂ ਵਾਲੀਏ ਸਿੱਖ ਸਜੇ

ਇਹਨਾ ਸ੍ਰ: ਕਿਰਪਾਲ ਸਿੰਘ ਤੇ ਸਿੰਘ ਸਤੀਆਂ ਨੂੰ ਚਾ ਸੀ ਕਿ ਏਦੂੰ ਅਗੇ ਇਸ ਮਾਨਾਂ ਵਾਲੇ ਵਿਚ ਨਾਮਧਾਰੀ ਨਾ ਵਰਤਨਗੇ । ਉਥੇ ਸਗੋਂ ਸਭ ਨੇੜੇ ਦੇ ਸਰਦਾਰਾਂ ਦੇ ਵਾਹੀਵਾਨ, ਜ਼ਿਮੀਂਦਾਰ, ਕੰਬੋ, ਸੈਣੀ, ਭਜਨ ਪੁੱਛ ਕੂਕੇ ਹੋ ਗਏ । ਹੋਰ, ਗੁਰਾਏ ਵਾਲਾ, ਦੀਵਾਨ ਵਾਲਾ, ਲੰਡੇ ਦਾ ਹਾਤਾ ਬਾਮ੍ਹਣੀ ਵਾਲਾ, ਸੰਤਾਂ ਵਾਲੀ, ਰੋੜਾਂ ਵਾਲੀ ਆਦਿ ਠੱਟੇ ਮਾਨਾਂ ਵਾਲੇ ਦੀ ਬੁਰਜੀ ਦੇ ਬਸ਼ਿੰਦੇ । ਇਹਨਾਂ ਸੰਤਾਂ ਕਈ ਭੇਰੀ ਏਥੇ ਉਠ ਦੀਵਾਨ ਭੀ ਲਾਏ । ਇਸੇ ਸਾਲ ਸੰਤ ਭਗਤ ਸਿੰਘ ਜੀ ਸੰਥੜਿਆਲ ਸਿਆਲਕੋਟ ਦੇ ਜ਼ਿਲ੍ਹੇ 'ਚੋਂ ਆਪਣੇ ਸਾਲੇ ਨੂੰ ਵਿਆਹਣ ੧੨ ਚੱਕ ਬਡਿਆਣੇ ਟੇਸਨ ਤੇ ਉਤਰ ਗਏ । ਪਰ ਸ਼ਰਤ ਕਰ ਗਏ ਸੀ ਜੇ ਢੋਲਕ ਦਾ ਦੀਵਾਨ ਹੀ ਹੋਵੇ, ਹੋਰ ਮਨਮਤ ਨਾ ਵਰਤੇ । ਕਿਸੇ ਜਾਵੀ ਗੋਲੇ ਚਲਾਏ ਤੇ ਮੋਤਿਆ ਭੀ ਨਾ ਮੁੜੇ । ਸੰਤ ਜੀ ਆਪਣਾ ਜਥਾ, ੧੫ ਚੱਕ ਸੰਤ ਜੁਆਲਾ ਸਿੰਘ ਜੀ ਵੱਲ, ਢੋਲਕ ਵਜਾ ਲੈ ਗਏ । ਰਾਤ ਦੀਵਾਨ ਲਾਇਆ ਬਹੁਤ ਸਿੰਘ ਸਜੇ । ਇਹ ਸੰਤ ਜੁਆਲਾ ਸਿੰਘ ਜੀ ਸੂਬਾ ਵਰਿਆਮ ਸਿੰਘ ਜੀ ਸਮਸੇ ਵਾਲਿਆਂ ਦੇ ਪਿਤਾ ਸੀ । ਤੇ ਇਹਨਾਂ ਨੇ ਸੰਤ ਬੂਟਾ ਸਿੰਘ ਜੀ ਲਾਖਣੇ ਵਾਲਿਆਂ ਤੋਂ ਭਜਨ ਪੁੱਛਿਆ ਹੋਇਆ ਸੀ । (ਲਾਖਣੇ ਵਾਲੇ ੧੯ ਚੱਕ ਦਰੀਰਾਂ ਤੇ ਸੰਤ ਅਤਰ ਸਿੰਘ ਲਾਲੋ ਜੀ ਪਾਸੋਂ, ਗੁਰੂ ਕੀ ਉਗਰਾਹੀ ਲੈ ਜਾ ਰਹੇ ਸੀ । ਜੁਆਲਾ ਸਿੰਘ ਜੀ ਭੀ ਸੰਤ ਸੇਵੀ ਸੀ ਇਹਨਾਂ ਕਿਹਾ ਸਾਥੋਂ ਭੀ ਗੁਰੂ ਕੇ ਲੰਗਰ ਲਈ ਹਿੱਸਾ ਪਵਾਉ । ਸੰਤ ਜੀ ਕਿਹਾ ਤੂੰ ਭਜਨ ਪੁੱਛ ਲੈ ਤਾਂ ਲੈਂਦੇ ਹਾਂ ਉਨ੍ਹਾਂ ਭਜਨ ਪੁੱਛ ਲਿਆ ਤੇ ਉਗਰਾਹੀ ਦਿੱਤੀ) ।

## ਹੋਰ ਸਾਧ ਸੰਤ

ਜੁਆਲਾ ਸਿੰਘ ਜੀ ਸਬਦ ਦੀ ਕਮਾਈ ਕਰ ਬੜੇ ਉਚੇ ਸਾਧੂ ਹੋਏ । ਸਭ ਕੁਟੰਬ ਸਿੱਖ ਸਜਾਏ । ਅੰਤ ਦਿਨ ਅਗਦੀਂ ਦੱਸ, ਕਿ ਅਸਾਂ ਫਲਾਣੇ ਦਿਨ ਚੜ੍ਹਨਾ ਹੈ, ਕਹਿ ਆਪਣੇ ਕੁਟੰਬ ਨੂੰ ਸਿੱਖਿਆ ਦੇ, ਕਿ ਧੀ ਲੋੜਵੰਦ ਨੂੰ ਦੇਣੀ, ਗੁਰੂ ਵਲੋਂ ਮੁਖ ਨਹੀਂ ਮੋੜਨਾ । ਹੰਕਾਰੀ ਨਹੀਂ ਹੋਣਾ, ਸੁਖਾਲੀ ਸੁਾਸੀਂ ਵਰਤੇ ਗੜਾ ਬਿਰਾਜ ਗਏ ਤੇ ਚੜ੍ਹ ਗਏ ਸੀ ।

ਸੰਤ ਜੁਆਲਾ ਸਿੰਘ ਜੀ ਕਹਿੰਦੇ ਹੁੰਦੇ ਸੀ, ਜੇ ਸੰਤ ਬੂਟਾ ਸਿੰਘ ਜੀ ਮੈਨੂੰ ਨਾ, ਉਸ ਬ੍ਰਹਮਚਾਰੀ ਵਾਂਗੂੰ, (ਜਿਸ ਗੁਰੂ ਅਮਰਦਾਸ ਜੀ ਨੂੰ ਕਿਹਾ ਸੀ, 'ਤੂੰ ਨਿਗੁਰਾ ਹੈਂ ।') ਕਹਿੰਦੇ, ਤਾਂ ਮੈਂ ਭੀ ਐਵੇਂ ਹੀ ਸੰਸਾਰ ਤੋਂ ਜਾਣਾ ਸੀ, ਪਰ ਹੁਣ ਸਮੇਂ ਦੇ ਸਤਿਗੁਰੂ ਦੀ ਮੇਹਰ ਨਾਲ ਤੇ ਸੰਗਤ ਦੀ ਸੇਵਾ ਕਰ, ਕੋਈ ਕਸਰ ਨਹੀਂ ਰਹਿ ਗਈ, ਮੈਂ ਜੀਵਨ ਮੁਕਤ ਹਾਂ ।

ਸੰਤ ਭਗਤ ਸਿੰਘ ਜੀ ੧੫ ਚੱਕ, ਸੰਤ ਜਵਾਲਾ ਸਿੰਘ ਜੀ ਦੇ ਭਰਾ ਸੁਚਾ ਸਿੰਘ ਨੂੰ ਪਿਰ ਵਿਚ

ਘੁਲਦਾ ਵੇਖਿਆ, ਬਹੁਤ ਸੁੰਦਰ ਤਿਆਰ ਬਰ ਤਿਆਰ ਚੁਸਤ ਸਰੀਰ ਦੇਖ ਤਰਸ ਆਇਆ ਤੇ ਕਿਹਾ, ਤੈਨੂੰ ਕੇਹੀ ਸੋਹਣੀ ਦਾਤ ਕਰਤੇ ਦਿੱਤੀ ਹੈ, "ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥" ਤੂੰ ਭਜਨ ਪੁੱਛ ਲੈ ਤੇ ਜਨਮ ਸਫਲਾ ਕਰ। ਉਸ *ਸੁਚਾ ਸਿੰਘ ਭਜਨ ਪੁੱਛ ਲਿਆ, ਬੜਾ ਸ਼ਬਦੀ ਸਿਦਕੀ ਹੋਇਆ, ਉਸੇ ਰੰਗ ਵਿਚ ਹੁਣ ਉਮਰ ਗੁਜ਼ਾਰ ਸੰਤ ਨਗਰ (ਜੀਵਨ ਨਗਰ ਕੋਲ) ਗੁਰੂ ਆਸਰੇ ਰਹਿੰਦਾ ਹੈ ਤੇ ਸੰਤ ਜਵਾਲਾ ਸਿੰਘ ਜੀ ਦਾ ਪ੍ਰਵਾਰ, ਸੂਬਾ ਵਰਿਆਮ ਸਿੰਘ ਜੀ, ਇੰਦਰ ਸਿੰਘ ਜੀ ਤੇ ਹਰਨਾਮ ਸਿੰਘ ਜੀ ਭੀ ਸੰਤ ਨਗਰ ਹੀ ਹਨ।

ਸੰਤ ਅਤਰ ਸਿੰਘ ੧੯ ਚੱਕ ਦੁਗੇਚਾਂ ਵਾਲੇ ਜੋ ਲਾਲੋ ਜੀ ਕਰਕੇ ਪ੍ਰਸਿਧ ਸੀ। ਇਹ ਇਕੱਲੇ ਹੀ ਹਰ ਰੋਜ਼ ਆਸਾ ਦੀ ਵਾਰ ਦਾ ਕੀਰਤਨ ਕਰਦੇ ਸੀ। ਬੜੇ ਰਸ-ਭਿੰਨੇ ਸਿਦਕੀ ਸੇਵਕ ਸੀ। ਇਹਨਾਂ ਦੀ ਅੰਸ ਹੁਣ ਹਰਨਾਮ ਸਿੰਘ ਜੀ ਵੈਦ ਭੀ ਸੰਤ ਨਗਰ ਹਨ।

ਸੰਤ ਮੰਗਲ ਸਿੰਘ ਜੀ ਤੇ ਸੰਤ ਭਗਤ ਸਿੰਘ ਜੀ ਜੋ ਨਾਮਧਾਰੀ ਪੰਥ ਦਾ ਮਨ ਦੀ ਲਗਨੋਂ ਹੋ ਪ੍ਰਚਾਰ, ਸ੍ਰਕਾਰ ਅੰਗਰੇਜ਼ੀ ਤੇ ਸਿੰਘ ਸਭੀਆਂ ਦੇ ਵਾਧੇ ਜਰਦਿਆਂ, ਮੁਕਾਬਲੇ ਕਰਦਿਆਂ ਕੀਤਾ ਹੈ, ਉਹ ਬੇ-ਮਿਸਾਲ ਹੈ। ਸੰਤ ਜੀ ਦੇ ਉਪਦੇਸ਼ ਤੇ ਭਜਨ ਦੱਸਣ ਦੇ ਸਦਕਾ, ਨਾਮਧਾਰੀ ਪੰਥ ਨੂੰ ਸੰਤ ਆਲਾ ਸਿੰਘ ਜੀ ਵਰਨ ਤੇ ਸੰਤ ਫਤੇ ਸਿੰਘ ਜੀ ਮਾਂਗਾ ਜਿਹੇ ਕਈ ਸ਼ਬਦੀ ਤੇ ਪ੍ਰਚਾਰਕ ਪ੍ਰਾਪਤ ਹੋਏ, ਜੋ ਪਹਿਲੇ ਬਹੁਤ ਚੋਰ, ਚੰਚਲ ਤੇ ਖਿਲਾਫ ਸੀ ਕੂਕਿਆਂ ਦੇ।

*ਮਾਨਾਂ ਵਾਲੀਏ*

ਏਕ ਸਮੇਂ ਮਾਨਾਂ ਵਾਲੇ ਗੁਰੂ ਹਰੀ ਸਿੰਘ ਜੀ ਦੇ ਸਮੇਂ, ਸੰਤ ਲਾਲ ਸਿੰਘ ਜੀ ਡੂਰੇਗਿਲਾਂ ਵਾਲਿਆਂ, ਸ੍ਰਦਾਰ ਸੁੰਦਰ ਸਿੰਘ ਦੇ ਡੇਰੇ ਦੀਵਾਨ ਲਾਇਆ ਹੋਇਆ ਸੀ, ਬਹੁਤ ਸਾਧੂ ਮਸਤ ਹੋਏ, ਬਹੁਤ ਮਾਇਆ ਭੇਟਾ ਹੋਈ। ਪਰ ਸੰਤ ਜੀ ਭੀ ਬਹੁਤ ਤਿਆਗ ਬਿਰਤੀ ਰਖਦੇ, ਗਲ ਅਲਫੀ ਤੇ ਮੋਢੇ ਤੇ ਉਨ ਦਾ ਆਸਣ, ਗਲ ਮਾਲਾ ਹੀ। ਹੋਰ ਪ੍ਰਸਾਦ ਜਲ ਬਿਨਾਂ ਛਾਕਦੇ ਹੀ ਨਾ। ਸਾਰੀ ਮਾਇਆ ਰਾਗੀ ਕਾਨ੍ਹ ਕੇ ਹੀ ਲੈਂਦੇ। ਗੁਰੂ ਹਰੀ ਸਿੰਘ ਜੀ ਹੋਲੀ ਜਿਹੀ ਨੇੜੇ ਸੱਦ ਕਿਹਾ, ਕੁਝ ਤੂੰ ਭੀ ਮਾਇਆ ਬਸਤ੍ਰ, ਜੋੜੇ, ਭਾਡੇ ਲਈ ਲੈ ਲਿਆ ਕਰ। ਸਾਰੀ ਰਾਗੀਆਂ ਦਾ ਹੀ ਹੱਕ ਨਹੀ। ਸੰਤ ਜੀ ਨਾ ਮੰਨੇ। ਗੁਰੂ ਜੀ ਕਿਹਾ, ਤੂੰ ਦੋ ਹਿਸੇ ਵੰਡਾਣੇ ਕਰਨੇ ਨੇ, ਹੁਣ ਧੇਲੀ ਨਹੀਂ ਲੈਂਦਾ। ਇਹ ਵਾਕ ਗੁਰੂ ਕਾ ਬਾਦ ਮਸਤੀ ਦਾ ਅਮਲ ਉਤਰਿਆਂ, ਸੰਤ ਜੀ ਤੇ ਵਰਤਿਆ।

ਕੁਝ ਮਾਨਾਂਵਾਲੀਏ ਸ੍ਰਦਾਰ ਸੰਤਾਂ ਡੂਰੀ ਵਾਲਿਆਂ ਤੋ ਸਿੱਖੇ ਸੀ। ਇਹ ਸੰਤ ਜੀ ਜ਼ਿਲ੍ਹਾ ਸਿਆਲਕੋਟ ਦੇ ਸ਼ਮੀਰ ਪੁਰ ਦੇ ਜੰਮ ਸੀ। ਪਹਿਲਾਂ ਇਹਨਾਂ ੧੫–੧੬ ਵਰ੍ਹੇ ਵਣ ਤਲੇ ਤਪ ਕੀਤਾ ਮਾਨਾਂ ਵਾਲੇ। ਜਦ ਸ੍ਰ: ਸੁੰਦਰ ਸਿੰਘ ਜੀ ਨੇ ਕੋਠੀ ਉਸਾਰੀ ਤਾਂ ਉਸ ਵਿਚ ੪–੫ ਸਾਲ ਚੁੱਪ ਮਗਨ ਰਹੇ। ਫੇਰ ਕਿਸੇ ਦੀ ਅਰਜ਼ ਤੇ ਘਰੀਂ ਨਗਰੀਂ ਜਾਣ ਲਗੇ। ਇਹਨਾਂ ਸੰਤਾਂ ਨਨਕਾਣੇ ਸਾਹਿਬ ਦਾ ਨਾਮਧਾਰੀ ਡੇਰੇ ਦਾ ਲੰਗਰ ਭੀ ਬਹੁਤ ਚਿਰ ਚੁਕਤਾਇਆ ਹੈ।

---

*[illegible] ਪੀ. [illegible] ਹਨ।

## ਸਿੱਖ, ਸਾਧ, ਸਰਦਾਰ

ਸ੍ਰ: ਸੁੰਦਰ ਸਿੰਘ ਜੀ ਦੀ ਅੰਸ—ਲਾਭ ਸਿੰਘ, ਸਾਹਿਬ ਸਿੰਘ, ਮੂਲਾ ਸਿੰਘ ਤੇ ਕੇਹਰ ਸਿੰਘ ਹੋਏ। ਲਾਭ ਸਿੰਘ ਦੀ ਅੰਸ ਕੂਕੇ ਨਹੀਂ ਰਹੇ, ਹੁਣ ਮਹਿਮਲ ਕਰਨਾਲ ਦੇ ਜ਼ਿਲ੍ਹੇ ਹਨ। ਮੂਲਾ ਸਿੰਘ ਦੀ ਅੰਸ ਉਸੇ ਜ਼ਿਲੇ ਰੰਡੇ ਪਿੰਡ ਏ। ਕੇਹਰ ਸਿੰਘ ਦੀ ਮਾਲਕੀ ਪਠਾਣਾ ਬੱਸੀ ਏ ਤੇ ਆਪ ਮੈਜਿਸਟਰੇਟ ਸੀ ਚੰਡੀਗੜ੍ਹ, ਚੜ੍ਹਿਆਂ ਕੁਝ ਸਾਲ ਹੋਏ ਨੇ ਉਥੇ ਹੀ ਰਹਿੰਦਾ ਸੀ। ਚੰਗਾ ਸਰਧਾਲੂ ਸਿੱਖ ਪੱਕਾ ਕੂਕਾ ਸੀ। ਸ੍ਰ: ਸਾਹਿਬ ਸਿੰਘ ਹੁਣ ਸਰਸੇ ਤਹਿਸੀਲ ਵਿਚ ਕਿਰਪਾਲ ਪਟੀ ਰਹਿੰਦਾ ਹੈ ਤੇ ਨਾਮਧਾਰੀ ਹੈ। ਸ੍ਰ: ਰਘਬੀਰ ਸਿੰਘ ਜੋ ਪਹਿਲੋਂ ਕੂਕਾ ਨਹੀਂ ਸੀ, ਬੜੇ ਜਾਨਵਰ ਫੜ ਮਾਰ ਖਾਂਦਾ ਸੀ ਪਰ ਘਰੋਂ ਵੀਂਡਸੀ ਪੱਕੀ ਕੂਕੀ ਭੂਰੀ ਵਾਲਿਆਂ ਦੀ ਸੇਵਕ ਸੀ। ਇਸ ਮਾਸ ਸ਼ਰਾਬ ਛੁਡਾ ਦਿਤਾ ਤੇ ਇਹ ਸ੍ਰਦਾਰ ਰਾਤ ਜਾਗ ਬੰਦਗੀ ਕਰਦਾ ਤੇ ਕਹਿੰਦਾ ਤੂੰ ਜਾਗ ਕੇ ਨਹੀਂ ਰਹਿੰਦੀ। ਰੱਬ ਸਾਨੂੰ ਕਿੰਨੇ ਸੁਖ ਦਿਤੇ ਹਨ, ਲੋਕ ਅੰਨ ਕਪੜੇ ਤੇ ਕੁੱਲੀ ਲਈ ਪਏ ਕਲਪਦੇ ਨੇ। ਵੀਂਡਸੀ ਕਹਿੰਦੀ, ਤੂੰ ਪਿਛੋਂ ਟੁਰ ਅੱਗੇ ਲੰਘ ਗਿਆ ਹੈਂ ਸ੍ਰਦਾਰਾ, ਮੇਰਾ ਭੀ ਫਿਕਰ ਜੋ ਰਖਦਾ ਹੈਂ ਚੰਗਾ ਹੀ ਕਰਦਾ ਹੈਂ। ਇਸ ਸ੍ਰਦਾਰ ਦਾ ਪੁੱਤ੍ਰ ਵਸਾਖਾ ਸਿੰਘ ਸੀ, ਉਸ ਦਾ ਬੁੱਧ ਸਿੰਘ ਹੁਣ ਕਰਨਾਲ ਜ਼ਿਲ੍ਹੇ 'ਚ ਨੀਸੰਗ ਰਹਿੰਦਾ ਏ ਪਰ ਢਿੱਲਾ ਜਿਹਾ ਸਿੱਖ ਏ।

ਸ੍ਰਦਾਰ ਭਗਵਾਨ ਸਿੰਘ ਦਾ ਉਜਾਗਰ ਸਿੰਘ ਹੁਣ ਮਲਕ ਪੁਰ ਜ਼ਿਲ੍ਹਾ ਕਰਨਾਲ ਵਿਚ ਹੀ ਰਹਿੰਦਾ ਹੈ। ਇਹ ਸਰਦਾਰ ਬੜਾ ਸਾਧੂ ਲੋਕ ਸੀ ਤੇ ਉਜਾਗਰ ਸਿੰਘ ਭੀ ਸਾਧ ਸੰਗਤ ਦਾ ਸੇਵਕ ਮੇਲੀ ਹੀ ਹੈ।

ਸ੍ਰ: ਕਿਰਪਾਲ ਸਿੰਘ ਸਰਦਾਰ ਹੀ ਸੀ ਨਾਮਧਾਰੀ ਨਹੀਂ ਸੀ। ਇਸ ਦਾ ਪੁੱਤ੍ਰ ਮੰਗਲ ਸਿੰਘ ਸੀ, ਉਸ ਦਾ ਨੌਨਿਹਾਲ ਸਿੰਘ ਹੈ ਜੋ ਹੁਣ ਅਜਪਾਲੀ ਜਿਲਾ ਫੀਰੋਜ਼ਪੁਰ ਵਿਚ ਏ। ਇਸੇ ਸ੍ਰਦਾਰ ਦੇ ਤਾਅਨੇ ਮਾਰਨ ਤੇ ਕੰਬੋਆਂ ਮੁਜ਼ਾਰਿਆਂ ਨੂੰ "ਕਿ ਜਿਸ ਗੁਰੂ ਦੇ ਆਖੇ ਵੋਟ ਦੇਂਦੇ ਹੋ ਉਸ ਨੂੰ ਕਹੋ ਮਾਲਕੀ ਭੀ ਲੈ ਦੇਵੇ।" ਮੇਰੇ ਸਤਿਗੁਰੂ ਇਸ ਸਰਸੇ ਤਸੀਲੇ, ਜਿਵੇਂ ਇਹ ਪਿੰਡ ਪੰਜ ਖਰੀਦੇ, ਉਹਨਾਂ ਬੇ-ਮਾਲਕਾਂ ਨੂੰ ਚੰਗੀ ਮਾਲਕੀ ਦਿੱਤੀ। ਇਹ ਸਮੇਂ ਸਿਰ ਹਾਲ ਅਗੇ ਆਵੇਗਾ। ਸ੍ਰ: ਰਣਜੋਧ ਸਿੰਘ ਜੀ ਦੀ ਇਕ ਧੀ ਪ੍ਰਸਿੰਨ ਕੌਰ ਸੀ, ਜੋ ਸ੍ਰਦਾਰ ਸ਼ਾਮ ਸਿੰਘ ਕੁੱਲੇ ਵਾਲੇ ਨਾਲ ਵਿਆਹੀ ਸੀ। ਇਹ ਸ੍ਰਦਾਰ ਸ਼ਾਮ ਸਿੰਘ ਜੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਘੋੜਿਆਂ ਦੀ ਰੇਸ ਵੇਖ, ਸਿੱਖ ਹੋ ਬੜਾ ਚੰਗਾ ਹੁਣ ਤਕ ਏ ਤੇ ਇਸ ਦੀ ਸੌਹਰਿਆਂ ਵਾਲੀ ਜ਼ਮੀਨ ਭੀ ਕਰਨਾਲ ਦੇ ਜ਼ਿਲ੍ਹੇ ਵਿਚ ਹੀ ਪਈ ਹੋਈ ਏ।

ਇਹ ਸਭ ਕੁਝ ਮੈਂ ਗੁਰਸਿੱਖਾਂ ਦੀ ਅੰਸ ਦੀ ਵਾਕਫੀ ਲਈ ਅਗੋਂ ਲਿਖੇ ਹਨ ਕਿ ਪਤਾ ਰਹੇਕੋਈ ਕਿਥੋਂ ਦਾ ਪਾਕਿਸਤਾਨ ਬਨਣ ਤੋਂ ਪਹਿਲਾਂ ਦਾ ਸੀ ਤੇ ਕਿਹਦਾ ਪੁੱਤ੍ਰ ਹੈ।

## ਮਾਈ ਸਾਹਬੋ ਪੱਧਰੀ ਵਾਲੀ

੧੯੯੪ ਬਿ: ਮੇਲੇ ਨਿਮਾਣੀ ਦੇ ਤੇ ਮਾਈ ਸਾਹਬੋ, ਪੱਧਰੀ ਜ਼ਿਲ੍ਹਾ ਅੰਮ੍ਰਿਤਸਰ ਵਾਲੀ ਆਈ ਤੇ ਸਤਿਗੁਰੂ ਪਰਤਾਪ ਸਿੰਘ ਜੀ ਲਈ ਹੱਥੀਂ ਕੱਤ, ਖੱਦਰ ਦਾ ਰੇਜਾ, ਧਨ ਜਿੰਡਾ ਉਣਾ, ਖੁੰਬ ਕਰਾ, ਚਿੱਟਾ ਦੁੱਧ ਵਰਗਾ ਲਿਆਈ ਸੀ।

ਸਤਿਗੁਰੂ ਜੀ ਮਾਈ ਜੀ ਨੂੰ ਦੂਰੋਂ ਦੇਖ ਅਗੋਂ ਹੋ ਮਿਲੇ, ਮਾਈ ਚਰਨੀਂ ਹੱਥ ਲਾਇਆ। ਸਤਿਗੁਰੂ ਜੀ ਭੀ ਨੀਵੇਂ ਹੋ ਚਰਨ ਮਾਈ ਦੇ ਛੋਹਣ ਲਗੇ, ਮਾਈ ਨੇ ਅਗੋਂ ਹੱਥ ਫੜ ਕਿਹਾ, ਤੁਸੀਂ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਤੇ ਜੋਤਿ ਕੇ ਜਾਮੇ ਗੁਰੂ ਹਰੀ ਸਿੰਘ ਜੀ ਦੇ ਤਖਤ ਆਸਣ ਤੇ ਸੋਂਹਦੇ ਹੋ। ਸਤਿਗੁਰੂ ਕੀ ਲੋਹ ਦੇ ਸੇਵਕ ਹੋ। ਆਪ ਦੀ ਚਰਨੀਂ ਹੀ ਸਾਡਾ ਸਭ ਦਾ ਹੱਥ ਲਾਣਾ ਬਣਦਾ ਏ। ਸਤਿਗੁਰੂ ਜੀ ਥੰਮ ਗਏ

ਤੇ ਆਪਣੇ ਆਸਣ ਪਾਸ ਮਾਈ ਨੂੰ ਬੈਠਾ ਅਰਜ ਕੀਤੀ, ਮੈਨੂੰ ਤੁਸੀਂ ਆਪਣੇ ਨਾਲ ਕੀਤੇ, ਸਤਿਗੁਰੂ ਰਾਮ ਸਿੰਘ ਜੀ ਦੇ ਅਗਨ ਭੇਟ ਵਾਲੇ ਕੌਤਕ ਦੀ ਕਥਾ ਸੁਣਾਉ। ਮਾਈ ਕਿਹਾ, ਮੈਂ ਕੀ ਦੱਸਾਂ, ਉਹ ਸੁਆਦ ਤੇ ਮੈਂ ਦੱਸ ਹੀ ਨਹੀਂ ਸਕਦੀ। ਜੋ ਮੈਨੂੰ ਕਮਲੀ ਨੂੰ, ਉਸ ਕੰਬਲੀ ਵਾਲੇ ਮਾਹੀ, ਕੰਬਲੀ ਵਿਚ ਵਲ੍ਹੇਟ, ਕੁਝ ਚਿਰ ਦਿੱਤਾ ਸੀ। ਮਾਈ ਨੇ ਸਾਰੀ ਵਾਰਤਾ ਵੈਰਾਗਣ ਹੋ ਸੁਣਾਈ ਤੇ ਕਿਹਾ, ਮੈਂ ਕਮਲੀ ਨੇ ਅਜ਼ਮਾਉਣ ਲਈ ਉਸ ਕੰਬਲੀ ਵਾਲੇ ਮਾਹੀ ਦੀ ਆਪਣੇ ਉਤੇ ਪਾਈ ਕੰਬਲੀ ਵਿਚੋਂ ਉਂਗਲ ਬਾਹਰ ਨੂੰ ਕੀਤੀ, ਤਾਂ ਬੜਾ ਸੇਕ ਹੀ ਸੇਕ ਜਾਪਿਆ। ਤੇ ਬਾਹਰੋ ਸਤਿਗੁਰੂ ਜੀ ਦਾ ਬੋਲ ਕੰਨਾਂ ਵਿਚ ਪਿਆ ਸੀ। "ਤਾਤੀ ਵਾਉ ਨ ਲਾਗਈ ਪਾਰਬ੍ਰਹਮ ਸਰਣਾਈ॥" ਤੇ "ਆਖੋ ਇਸ ਅੱਗ ਨੂੰ ਮੇਰੇ ਹੁਕਮ ਬਿਨਾਂ ਇਕ ਰੋਮ ਭੀ ਸਾੜੇ।" ਸਭ ਦੁਆਲੇ ਖੜੀ ਸੰਗਤ ਤੇ ਸਤਿਗੁਰੂ ਜੀ ਭੀ ਵੈਰਾਗੀ ਹੋਏ ਰਹੇ, ਜਿੰਨਾ ਚਿਰ ਮਾਈ ਆਪਣੇ ਨਾਲ ਵਰਤੀ ਉਹ ਕਥਾ ਸੁਣਾਂਦੀ ਰਹੀ।

ਬਾਅਦ ਮਾਈ ਜੀ ਨੇ ਉਹ ਖੂਬ ਕੀਤਾ ਰੇਜਾ, ਥਾਨ ਜਿੰਡਾ ਸਤਿਗੁਰੂ ਜੀ ਨੂੰ ਭੇਟਾ ਕੀਤਾ ਤੇ ਕਿਹਾ, ਆਪਣੇ ਤਨ ਪਹਿਨ ਕੇ ਮੇਰੇ ਮਨ ਦੀ ਰੀਝ ਪੂਰੀ ਕਰਨੀ। ਸਤਿਗੁਰੂ ਜੀ ਬੜੇ ਆਦਰ ਨਾਲ ਸਤਿਬਚਨ ਕਹਿ, ਆਪਣੇ ਹੱਥਾਂ ਤੇ ਲੈ ਕਿਹਾ, ਧੰਨ ਭਾਗ ਜੋ ਆਪ ਵਲੋਂ ਮੈਨੂੰ ਇਹ ਪ੍ਰੇਮ ਭੇਟਾ ਮਿਲੀ ਹੈ। ਮੈਂ ਤਨ ਹੰਢਾਵਾਂਗਾ। ਸਤਿਗੁਰੂ ਜੀ ਕੁੜਤਾ ਤੇ ਕਛਹਿਰਾ ਸਵਾਇਆ। ਬਾਣੀ ਸੁਖਮਨੀ ਸਾਹਿਬ ਕੰਠ ੪ ਦਿਨਾਂ ਵਿਚ ਕੀਤੀ। ਸਤਿਗੁਰੂ ਜੀ ਦੱਸਦੇ ਸੀ, ਜਿਚਰ ਉਹ ਬਸਤ੍ਰ ਸਰੀਰ ਸਾਥ ਛੁਹੇ ਰਹਿੰਦੇ ਮੇਰੀ ਦੇਹ ਨੂੰ ਅਸਚਰਜ ਜਿਹਾ ਸੁਆਦ ਭਰਿਆ ਭਰਿਆ ਜਾਪਦਾ, ਤੇ ਮੇਰੇ ਮਖੋਂ ਅਵੱਸ਼ ਕਈ ਵਾਰ :-

"ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ॥
ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰ ਕੇ ਸਿਖ ਮੇਰੇ ਭਾਈ॥"

ਇਹ ਤੁਕਾਂ ਮਾਈ ਸਾਹਿਬੋ ਜੀ ਦੀ ਕਮਾਈ ਤੇ ਪਿਆਰ ਪਾਰੋਂ ਨਿਕਲਦੀਆਂ ਸੀ।

## *ਹੋਲਾ ਭਿੱਲੋਕੀ*

ਇਸ ਨਿਮਾਣੀ ਦੇ ਮੇਲੇ ਤੇ ਸੇਠ ਲਧਾ ਸਿੰਘ ਜੀ ਭਿੱਲੋਕੇ, ਜ਼ਿਲ੍ਹਾ ਗੁਜਰਾਂਵਾਲਾ ਨੇ ਹੋਲੇ ਦੇ ਮੇਲੇ ਦੀ ਅਰਜ ਕੀਤੀ, ਪ੍ਰਵਾਨਗੀ ਭੀ ਮੇਲੇ ਨਿਮਾਣੀ ਦੇ ਸਮੇਂ ਮਿਲ ਸੰਗਤ ਵਿਚ ਸੁਣਾਇਆ ਗਿਆ ਸੀ। ਇਸੇ ਸੇਠ ਲਧਾ ਸਿੰਘ ਜੀ ਦੇ ਉਦਮ ਨਾਲ ਹੋਲਾ ਹੋਇਆ ਭਿਲੋਕੀ ੧੯੯੪ ਬਿਕ੍ਰਮੀ ਦਾ। ਸਤਿਗੁਰੂ ਜੀ, ਮਾਤਾ ਜੀ ਦੋਨੋਂ, ਮਹਾਰਾਜ ਨਿਹਾਲ ਸਿੰਘ ਜੀ ਤੇ ਗੁਰਦਿਆਲ ਸਿੰਘ ਜੀ ਦਰਸਨ ਦਿੱਤੇ। ਸੇਠ ਲਧਾ ਸਿੰਘ ਜੀ ਦੇ ਪ੍ਰਵਾਰ ਵਿਚੋਂ ਸੇਠ ਦਿਆਲ ਸਿੰਘ ਜੀ ਹੁਣ ਸਿਆਮ ਵਲ ਤੇ ਮੰਡੀ ਸਕੇਤ ਵਲ ਰਹਿੰਦਾ ਹੈ। ਸੇਠ ਲਧਾ ਸਿੰਘ ਜੀ ਤੋਂ ਲੈ ਗ਼ਰੀਬਾਂ ਨੂੰ ਧੀਆਂ ਦੇ, ਸਾਵੇਂ ਸੌਖੇ ਕਰ ਲੈਣਾ ਸੁਭਾ ਰਿਹਾ ਹੈ ਸੇਠਾਂ ਦਾ। ਹੁਣ ਸੁਣੀਦਾ ਏ, ਇਕ ਸੇਠ, ਵਿਚੋਂ ਮਾਇਆ-ਧਾਰੀਆਂ ਨਾਲ ਵਾਹ ਪਾ, ਆਪਣੀ ਸੇਠਗੀਰੀ ਵਿਚ ਫਰਕ ਪਾ, ਪਛਤਾਵਾ ਕੀਤਾ ਏ।

ਅਗੋਂ ੧੯੯੫ ਦਾ ਹੋਲਾ ਗਿੱਲ-ਬਾਰ, ਜ਼ਿਲ੍ਹਾ ਸ਼ੇਖੂਪੁਰਾ ਦੀ ਸੰਗਤ ਮੰਗ ਲਿਆ ਤੇ ਭੋਗ ਸਮੇਂ ਸੰਗਤ ਵਿਚ ਸੁਣਾਇਆ ਗਿਆ।

ਸਤਿਗੁਰ ਪਰਤਾਪ ਸਿੰਘ ਜੀ ਆਪਣੇ ਬਣੇ ਨੇਮ, ਸੁਭਾ ਅਨੁਸਾਰ ਕਦੇ ਭੈਣੀ ਸਾਹਿਬ

ਔਂਦੇ, ਬਹੁਤਾ ਨਹਿਰ ਤੇਂ ਹੀ ਠਹਿਰਦੇ । ਕੱਖਾਂ ਦੀ ਝੁੱਗੀ 'ਚ, ਅੰਬਾਂ, ਨਿੰਮਾਂ, ਕਿੱਕਰਾਂ ਦੀ ਛਾਂ, ਨਹਿਰ ਦੇ ਕਿਨਾਰੇ ਇਕਾਂਤ ਨੂੰ ਹੀ ਪਿਆਰਾ ਸਮਝਦੇ । ਥੋੜਾ ਬੋਲਦੇ, ਥੋੜਾ ਛਕਦੇ, ਥੋੜਾ ਹੀ ਬਿਰਾਜਦੇ । ਦਿਨੇ ਕੀ, ਰਾਤ ਕੀ, ਆਪ ਆਮ ਭਜਨ ਬਾਣੀ ਤੇ ਸੰਜਮ ਵਿਚ ਹੀ ਵਕਤ ਗੁਜ਼ਾਰਦੇ ।

ਬਹੁਤੀ ਅਰਜ਼ ਪ੍ਰੇਮ ਕਰਨ ਤੇ ਸਤਿਗੁਰੂ ਜੀ, ਮਨ ਮੇਲੀਆਂ ਦੇ ਨੇੜੇ ਨੇੜੇ ਨਗਰੀਂ ਥੋੜਾ ਚਲੇ ਭੀ ਜਾਂਦੇ । ਇਰਾਕ, ਲੱਲੀ, ਅਲੋੜ ਤੇ ਚੱਕ ਕੁਕਿਆਂ ਆਦਿ ਪਿੰਡੀਂ ।

## *ਗੁਰਬਖਸ਼ ਸਿੰਘ ਜੀ*

ਗੁਰਬਖਸ਼ ਸਿੰਘ ਚੱਕ ਦਾ ਸਤਿਗੁਰੂ ਜੀ ਦਾ ਹਾਣੀ ਹੋਣ ਕਰ, ਏਕ ਦੇ ਸਮੇਂ ਚੱਕ ਕੂਕਿਆਂ ਮਲੇਰ ਕੋਟਲੇ ਪਾਸ ਸਤਿਗੁਰੂ ਜੀ ਨੂੰ ਭੋਗ ਮੇਲੇ ਤੇ ਲੈ ਗਿਆ । ਕਿਉਂਕਿ ਇਸ ਗੁਰਬਖਸ਼ ਸਿੰਘ ਦਾ ਪਿਤਾ ਦੁੱਲਾ ਸਿੰਘ ਗੁਰੂ ਹਰੀ ਸਿੰਘ ਜੀ ਦਾ ਸਰਧਾਵਾਨ ਸਿੱਖ ਸੀ ਤੇ ਗੁਰਬਖਸ਼ ਸਿੰਘ ਸਤਿਗੁਰੂ ਪਰਤਾਪ ਸਿੰਘ ਜੀ ਦਾ ਬਾਲ ਸਖਾਈ ਹਾਣੀ । ਸਿੱਖੀ, ਦੀ ਚੱਕ ਵਿਚ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਬਾਬੇ ਕਾਹਨ ਸਿੰਘ ਜੀ ਤੇ ਰੂਪ ਸਿੰਘ ਜੀ ਤੋਂ ਚੰਗੀ ਲਿਵ ਗੁਰੂ ਘਰ ਨਾਲ ਲਗੀ ਨਿਭ ਰਹੀ ਸੀ । ਬਦੇਸ ਸਤਿਗੁਰੂ ਰਾਮ ਸਿੰਘ ਜੀ ਦੇ ਸਾਥ ਗਿਆਂ ਵਿਚੋਂ, ਇਕ ਇਹ ਕਾਹਨ ਸਿੰਘ ਜੀ ਅਦਨੋਂ ਹੋ, ਮਲਕਾਂ ਦੀ ਬਰਸੀ ਤੇ, ਰਿਹਾ ਕੀਤੇ ਕੈਦੀਆਂ ਵਿਚੋਂ ਦੇਸ ਆਏ ਸੀ, ਤੇ ਇਕ ਸੂ: ਮੰਗਲ ਸਿੰਘ ਜੀ ਬਿਸ਼ਨਪੁਰੀ, (ਜਿਨ੍ਹਾਂ ਚੀਨੀ ਘੋੜੀ ਭੇਟਾ ਕੀਤੀ ਸੀ) ਇਹਨਾਂ ਦੇ ਦਿਲ ਵਿਚ ਕਦੀ, ਦਮਕ ਗੁਮਾਨ ਦੇ ਕਾਰਨ, ਕੁਝ ਕਸਰ ਪਈ ਸੀ ਤੇ ਸਤਿਗੁਰੂ ਜੀ ਮੌਜ 'ਚ ਆ ਬਚਨ ਕੀਤਾ ਸੀ ਬਦੇਸ ਹੀ "ਜੇ ਮੈਂ ਉਹੋ ਹੀ ਰਾਮ ਸਿੰਘ ਹੋਇਆ ਜੋ ਜਾਣ ਤੂੰ ਏਧਰ ਲਗਾ ਸੈਂ ਤਾਂ ਕੁਝ ਦਿਨਾਂ ਨੂੰ ਦੇਸ ਵਾਪਸ ਚਲਾ ਜਾਵੇਂਗਾ ।" ਸੋ ਉਸੇ ਤਰ੍ਹਾਂ ਗੇੜਾ ਆਇਆ ਤੇ ਮੰਗਲ ਸਿੰਘ ਬਿਸਨ ਪੁਰੀਏ ਨੂੰ ਰਿਹਾ ਕਰ ਗਿਆ । ਇਹ ਦੇਸ ਚਲੇ ਆਏ ।

ਜਾਂ ਨਾਨੂੰ ਸਿੰਘ, ਸਤਿਗੁਰੂ ਜੀ ਦੇ ਅਲੋਪ ਹੋ ਜਾਣ ਬਾਅਦ ਪੰਜਾਬ ਦੇਸ ਆ ਗਿਆ ਸੀ ਤਾਂ ਬਹੁਤ ਬੀਤੇ ਬਚਨ ਉਸ ਦੱਸੇ ਸੀ ਸੰਤੋਖ ਸਿੰਘ ਜੀ ਹੁਰਾਂ ਨੂੰ । ਤੇ ਸਤਿਗੁਰੂ ਪਰਤਾਪ ਸਿੰਘ ਜੀ ਭੀ ਉਸ ਤੋਂ ਪੁੱਛਿਆ, ਤਾਂ ਉਸ ਕਿਹਾ, ਉਹ ਅਲੋਪ ਹੋ ਗਏ ਸੀ ।

## *ਭਾਈ ਵਜ਼ੀਰ ਸਿੰਘ ਜੀ*

ਸਤਿਗੁਰੂ ਪਰਤਾਪ ਸਿੰਘ ਜੀ ਜਦ ਮਲੇਰ ਕੋਟਲੇ ਜਾਂਦੇ, ਸੰਤ ਜਿਉਣ ਸਿੰਘ ਚੱਕ ਦੇ (ਛਿਪਾੜਾਂ) ਜ਼ਿਮੀਦਾਰ ਦਾ ਪੁੱਤ੍ਰ ਵਜ਼ੀਰ ਸਿੰਘ, ਸੋਹਣੇ ਸਰੂਪ ਸਰੀਰ ਵਾਲਾ ਭੀ ਸਾਧ ਸੰਗਤ ਦਾ ਦਰਸਨ ਕਰਦਾ । ਪਰ ਸਭ ਤੋਂ ਵਧੇਰਾ ਉਸ ਦਾ ਚਿੱਤ ਸਤਿਗੁਰੂ ਪਰਤਾਪ ਸਿੰਘ ਜੀ ਪਾਸ ਹੀ ਠਹਿਰਨ ਨੂੰ ਕਰਦਾ । ਆਪਣੀ ਮਾਤਾ (ਤੋਲੀ, ਭਰਾ ਕੇਹਰ ਸਿੰਘ, ਗੁਜਰ ਸਿੰਘ, ਧੰਨਾ ਸਿੰਘ, ਆਤਮਾ ਸਿੰਘ ਤੇ ਭੈਣਾਂ ਧਨ ਕੌਰ, ਰਤਨੀ ਦੇ ਪ੍ਰੇਮ ਦਾ ਬੱਧਾ ਔਖਾ ਇਨ ਭੀ ਕੋਲ ਨਾ ਰਹਿ ਸਕਦਾ । ਕੋਈ ਨਾ ਕੋਈ ਘਰ ਦਾ ਆ, ਇਸ ਨੂੰ ਘਰ ਖਿਚ ਲਜਾਂਦਾ । ਇਹ ਘਰ ਤੇ ਚਲਾ ਜਾਂਦਾ ਪਰ ਚਿੱਤ ਸਤਿਗੁਰੂ ਪਰਤਾਪ ਸਿੰਘ ਜੀ ਪਾਸ ਹੀ ਰਹਿੰਦਾ ਤੇ ਕਹਿੰਦਾ, ਕਦੀ ਰੱਜ ਕੇ ਆਪ ਦੀ ਚਰਨ ਰੱਜ ਮੈਨੂੰ ਮਿਲੇਗੀ ? ਕਿਉਂਕਿ ਦੁਚਿੱਤੀ ਉਸ ਨੂੰ ਏ ਤਰਲੋਂ ਸੀ । ਇਕ ਘਰਦਿਆਂ ਵਲੋਂ ਖਿਚ ਦੀ, ਤੇ ਦੂਜੀ, ਸਤਿਗੁਰੂ ਜੀ ਵਲੋਂ ਮਗਨ ਰਹਿਣ ਦੇ ਸੁਭਾ ਤੋਂ ਸੋਚ ਸੀ "ਉਹ ਬੇਪ੍ਰਵਾਹ ਨਾ ਬੋਲਨੀ" ਹੀ ਜੇ ਹਨ, ਜੇ ਰਹਿਣ ਤਾਂ ਮੇਰੀ ਮਨੋਂ ਮੋਹੇ ਜਾਣ ਵਾਲੀ ਲਗਨ ਇਹਨਾਂ

Sri Satguru Jagjit Singh Ji Elibrary NamdhariElibrary@gmail.com

ਦੇ ਬਿਨਾਂ ਬੋਲਿਆਂ ਕਿਵੇਂ ਪੂਰੀ ਹੋਵੇਗੀ।

ਵਜ਼ੀਰ ਸਿੰਘ ਬੇਵੱਸ ਹੋਏ ਮਨੋ, ਭੈਣੀ ਸਾਹਿਬ ਸਤਿਗੁਰੂ ਜੀ ਪਾਸ ਕੁਝ ਦਿਨ ਰਹਿ, ਇਕਾਂਤ ਸਮੇਂ ਅਰਜ ਕੀਤੀ, ਜੇ ਆਪ ਮਨਜ਼ੂਰ ਕਰੋ ਤਾਂ ਮੇਰਾ ਆਪ ਦੇ ਸਾਥ ਰਹਿਣ ਨੂੰ ਜੀ ਕਰਦਾ ਏ, ਪਰ ਡਰਦਾ ਏ, ਜੇ ਮੈਂ ਸੇਵਾ ਕੋਈ ਆਪ ਦੀ ਚਾਹਵਾਂ ਤਾਂ ਮਨਜ਼ੂਰ ਕਰ ਲਵੋਗੇ ?

ਸਤਿਗੁਰੂ ਜੀ ਗੜਵਾ ਫੜਾ, ਜੰਗਲ ਨੂੰ ਸਾਥ ਲੈ ਟੁਰੇ, ਕੁਝ ਚਿਰ ਸਾਥ ਜਾਣ ਤੇ ਗੱਲਾਂ ਕਰਨ ਵਿਚ ਜਾਚ ਲਿਆ ਇਹ ਕੋਲ ਰਖਣ ਜੋਗ ਏ, ਤੇ ਕਹਿ ਦਿੱਤਾ ਮੇਰੇ ਵਲੋਂ ਤੇ ਮਨਜ਼ੂਰੀ ਏ, ਆਪਣੇ ਮਾਪਿਆਂ ਦੀ ਮਰਜ਼ੀ ਤੂੰ ਜਾਣ।

ਵਜ਼ੀਰ ਸਿੰਘ ਕਿਹਾ ਹੋਰ ਸਭ ਪਾਸੇ, ਪਰ੍ਹੇ ਸੁੱਟ ਕੇ ਆਇਆ ਹਾਂ ਜੋ ਕਹੋਗੇ ਮੰਨਾਂਗਾ, ਮੇਰੇ ਤੇ ਆਪ ਦੇ ਮਿਲਾਪ ਵਿਚ ਜੋ ਅੜਿੱਚਨਾਂ ਪੈਣਗੀਆਂ, ਜੇ ਆਪ ਮੇਹਰ ਰਖੋਗੇ ਤਾਂ ਮੈਂ ਭੰਨਕੇ ਆਪ ਦੇ ਚਰਨਾਂ ਦਾ ਸੇਵਕ ਹੀ ਹੋਇਆ ਰਹਾਂਗਾ। ਇਹ ਕਹਿ ਵਜ਼ੀਰ ਸਿੰਘ ਚਰਨਾਂ ਤੇ ਸਿਰ ਧਰ ਦਿੱਤਾ ਤੇ ਉਠ ਕੇ ਗੜਵਾ ਫੜ ਲਿਆ, ਜੇਹੀ ਜਾਚ ਆਵੇ ਸੇਵਾ ਕਰਨੀ ਅਰੰਭ ਦਿੱਤੀ। ਕਦੀ ਮਾਤਾ, ਕਦੀ ਭਰਾ ਆਏ, ਪਰ ਭਾਈ ਕਿਸੇ ਨਾਲ ਚੱਕ ਵਾਪਸ ਨਾ ਜਾਵੇ। ਅੰਤ ਪਿਤਾ ਜਿਊਣ ਸਿੰਘ ਜੀ ਆ, ਵਜ਼ੀਰ ਸਿੰਘ ਜੀ ਨੂੰ ਪੁੱਛਿਆ, ਕੋਈ ਲਾਲਚ ਲੈ ਕੇ ਤੇ ਨਹੀਂ ਲਗਾ ਇਹਨਾਂ ਦੀ ਸੇਵਾ ਵਲ ? ਜਦ ਵਜ਼ੀਰ ਸਿੰਘ ਜੀ ਕਿਹਾ ਇਕੋ ਲਾਲਚ ਏ, ਦਰਸ਼ਨ, ਹਿੱਤ ਤੇ ਸੇਵਾ ਹੀ ਕਰਾਂ। ਤਾਂ ਜਿਊਣ ਸਿੰਘ ਜੀ ਸਤਿਗੁਰੂ ਜੀ ਪਾਸ ਪੁੱਜ ਕਿਹਾ, ਮੈਂ ਤੇ ਜਨਮ ਦਾ ਬਾਪ ਹਾਂ, ਆਪ ਜੀਵਨ ਦੇ ਬਾਪ ਹੋ, ਇਸ ਦੀ ਲਗੀ ਨੂੰ ਤੁਸਾਂ ਆਪ ਹੀ ਨਿਭਾਣਾ ਹੈ, ਸਤਿਗੁਰੂ ਜੀ ਉੱਤਰ ਦਿੱਤਾ, ਮੇਰਾ ਤੇ ਇਸ ਦਾ ਪੁਰਾਣਾ ਨਾਤਾ ਨਿਹੁੰ ਦਾ ਜਾਪਦੈ, ਉਮੇਦ ਹੈ ਉਹ ਜੋੜਨ ਵਾਲਾ, ਤੋੜ ਚਾਹੜ ਹੀ ਦੇਵੇਗਾ, ਦੇਹਾਂ ਤਕ।

ਗੁਰਬਖਸ਼ ਸਿੰਘ ਅਗੇ ਹੀ ਇਸੇ ਚੱਕ ਦਾ ਸਤਿਗੁਰੂ ਜੀ ਦਾ ਮੇਲੀ ਸੀ। ਵਜ਼ੀਰ ਸਿੰਘ ਜੀ ਭੀ ਆ ਟਿਕੇ। ਵਜ਼ੀਰ ਸਿੰਘ ਜੀ ਦਾ ਰੰਗ ਗੋਰਾ, ਕਦ ਦਰਮਿਆਨਾ, ਸਰੂਪ ਬਾਂਕਾ ਤੇ ਸਰੀਰ ਫੁਰਤੀਲਾ ਸੀ।

*ਗੁਰਬਖਸ਼ ਸਿੰਘ ਭੀ ਚੰਗਾ ਸੁਥਰੇ ਸਰੀਰ ਵਾਲਾ ਤੇ ਹਸਣੇ ਮੁਖੜਾ ਵਾਲਾ ਸੀ। ਰਲ ਸਬਦ ਪੜ੍ਹਦੇ, ਨੇਮ ਕਰਦੇ ਤੇ ਸਤਿਗੁਰੂ ਜੀ ਦੇ ਪਾਸ ਦਾਸ ਹੋਏ ਰਹਿੰਦੇ। ਸਤਿਗੁਰੂ ਜੀ ਦਾ ਸੰਜਮੀ ਮੁਖੜਾ

---

*ਗੁਰਬਖਸ਼ ਸਿੰਘ ਜੀ ਨੂੰ ਛੋਟੀ ਉਮਰੇ (ਉਠਣਾ ਬੈਠਣਾ) ਹੋਇਆ ਸੀ। ਪਿਠ ਦੀ ਸਰੀਰ, ਪਾਸ ਤੇ ਮੋਢੇ ਤੇ ਨਿਕਲਿਆ ਸੀ। ਇਸ ਦੇ ਦਾਦਾ ਰੂਪ ਸਿੰਘ ਜੀ ਦੇ ਆਖਣ, ਇਸ ਦੇ ਪਿਤਾ ਉੱਤਮ ਸਿੰਘ ਜੀ ਭੀ ਗੁਰੂ ਘਰ ਤੇ ਬੜੀ ਸਰਧਾ ਰਖਦੇ ਸੀ। ਇਸ ਨੂੰ ਉੱਤਮ ਸਿੰਘ ਜੀ ਭੈਣੀ ਸਾਹਿਬ ਲਿਆਏ। ਗੁਰੂ ਹਰੀ ਸਿੰਘ ਜੀ ਪਾਸ ਅਰਜ਼ ਕੀਤੀ। ਉਹਨਾਂ ਬਚਨ ਕੀਤਾ, ਅਖੰਡ ਪਾਠ ਕਰਾਓ ਤੇ ਦਵਾ ਕਿਸੇ ਸਾਧੂ ਤੇ ਕਰਾਓ। ਇਹ ਬੜਾ ਸਫਲ ਤੇ ਗੁਰੂ ਘਰ ਦਾ ਸੇਵਕ ਹੋਵੇਗਾ। ਪਿਤਾ ਜੀ ਪਿੰਡ ਆ ਅਖੰਡ ਪਾਠ ਕਰਾਇਆ। ਮਾਤਾ ਜੀ ਵਿਚ ਉਠੋਕੀ ਇਕ ਸਾਧ ਕੋਲ ਲੈ ਗਏ। ਉਸ ਇਕ ਦਰਸ਼ਨ ਤੇ ਦਵਾਈ ਲਾਈ ਤੇ ਕਿਹਾ, ਸਾਡੇ ਤਿੰਨ ਸਾਲ ਅਸਰ ਕਰੇਗੀ ਫੇਰ ਆਉਣਾ। ਉੱਤਮ ਸਿੰਘ ਜੀ ਕਿਹਾ, ਗੁਰੂ ਦਾ ਬਚਨ ਹੈ, ਮੈਂ ਮੁੜ ਫੇਰ ਨਹੀਂ ਆਉਣਾ। ਇਹ ਰਾਜ਼ੀ ਹੀ ਹੋਵੇਗਾ। ਸਾਧ ਕਿਹਾ, ਤੁਸਾਂ ਪ੍ਰਤੀਤ ਵਿਚ ਸਭੇ ਬਰਕਤੀਆਂ ਹਨ। ਇਸ ਗੁਰਬਖਸ਼ ਸਿੰਘ ਜੀ ਨੂੰ ਸਤਿਗੁਰੂ ਜੀ ਨੇ ਮੁਖ ਭੀ ਬਖਸ਼ਿਆ। ਸਾਹਿਬਜ਼ਾਦਿਆਂ ਨੂੰ ਤੇ ਮਹਾਰਾਜ ਦਲੀਪ ਸਿੰਘ ਨੂੰ ਇਹਨਾਂ ਗੁਰਮੁਖੀ ਸਿਖਾਇਆ। ਇਹ ਅਗੇ ਸਭ ਥਾਂ ਸਮੇਂ ਸਿਰ ਆਵੇਗੀ।

ਅੰਤ ਦਾ ਦੇਖ, ਪ੍ਰੇਮ ਵੱਸ ਹੋਏ ਸਹਾਰੀ ਜਾਂਦੇ ਤੇ ਰਾਤ ਦਿਨ ਦੀ ਕਰੜੀ ਘਾਲ ਨਾਲ ਹੀ ਧਾਰੀ ਜਾਂਦੇ। ਪਰ ਜੀਉਂ ਚਾਂਹਦੇ ਕੁਝ ਕਸਰਤ ਭੀ ਕੀਤੀ ਲੋੜੀਦੀ ਏ। ਇਹ ਸਤਿਗੁਰੂ ਜੀ ਨੂੰ ਤੇ ਕੁਝ ਨ ਕਹਿ ਸਕਦੇ ਪਰ ਆਪ ਇਹ ਰਹਿ ਭੀ ਨਾ ਸਕਦੇ। ਇਸ਼ਨਾਨ, ਨੇਮ, ਭਜਨ ਬਾਣੀ ਸੇਵਾ ਤੋਂ ਵੇਹਲ ਮਿਲੇ, ਦਿਲ ਪਰਚਾਵੇ ਤੇ ਦੇਹ ਦੀ ਸੰਭਾਲ ਹਿਤ, ਕਿਤੇ ਲੁਕ ਦੌੜ ਲਾਂਦੇ, ਕੁਸ਼ਤੀ ਕਰਦੇ, ਛਾਲ-ਛੜੱਪਾ ਮਾਰ ਲੈਂਦੇ।

## ਖੇਡਾਂ

ਇਕ ਦਿਨ ਸਤਿਗੁਰੂ ਜੀ ਇਹਨਾਂ ਦੇ ਘੋਲ ਤੇ ਛਾਲ ਵਾਲੇ ਪਾਸੇ ਗਏ, ਇਹਨਾ ਅਰਜ ਕੀਤੀ, ਆਪ ਭੀ ਜੇ ਚਾਹੋ ਤਾਂ ਸਾਡੇ ਨਾਲ ਇਸ ਪਾਸੇ ਕੁਝ ਸਮਾਂ ਦਿਆ ਕਰੋ। ਸਤਿਗੁਰੂ ਜੀ ਕਿਹਾ, "ਜਲ ਪ੍ਰਵਾਹ ਸਮ ਮਨ ਕੋ ਅਹੇ ॥ ਕਰਹਿ ਜਿਤੈ ਤਿਤ ਹੀ ਅਤਿ ਵਹੇ ॥" ਮੈਂ ਮਸਾਂ ਮਨ ਨੂੰ ਖੇਡਾਂ ਵਲੋਂ ਵਰਜ, ਸਤਿਗੁਰੂ ਜੀ ਅਗੇ ਅਰਜ ਕਰ, ਇਕਾਂਤ, ਸ਼ਾਤ, ਨੇਮ, ਸੰਜਮ, ਕਮਾਈ ਦੀ ਲਿਵ ਪਾਈ ਹੈ, ਮਤੇ ਮਨ ਫੇਰ ਖੇਡਾਂ ਵਿਚ ਹੀ ਰੁਝ, ਅਗੇ ਵਾਂਗੂ ਦਾ ਕੁਝ ਹੋਰ ਜਿਹਾ ਹੀ ਹੋ ਜਾਵੇ। ਸੰਤ ਲਾਲ ਸਿੰਘ ਜੀ ਭੂਰੇ ਗਿਲਾਂ ਵਾਲੇ ਜੋ ਸਤਿਗੁਰੂ ਜੀ ਦੇ ਸੱਦੇ ਕੁਝ ਦਿਨਾਂ ਦੇ ਨਹਿਰ ਤੇ ਆ ਠਹਿਰੇ ਹੋਏ ਸੀ। ਇਤਨੇ ਬਚਨ ਹੁੰਦਿਆਂ ਪਾਸ ਉਹ ਭੀ ਆ ਪੁੱਜੇ ਤਾਂ ਉਹਨਾਂ ਕਿਹਾ, ਬਿਹਾਗੜੇ ਦੀ ਵਾਰ ਵਿਚ ਮਹਲਾ ੫ ਦਾ ਵਾਕ ਏ—"ਘਟਿ ਵਸਹਿ ਚਰਣਾਰ ਬਿੰਦ ਰਸਨਾ ਜਪੈ ਗੁਪਾਲ ॥ ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥" ਤੇ ਇਹ ਭੀ ਗੁਰਵਾਕ ਹੈ—"ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥" ਜਿਸ ਦਾ ਅਰਥ ਇਹੋ ਜਾਪਦੈ ਕਿ ਮਾਨਸ ਜਨਮ ਤੇ ਇਸ ਦੇਹੀ ਨੂੰ ਚੰਗਾ ਪਾਲ ਸੰਭਾਲ ਕੇ ਕੰਚਨ ਵਤ ਬਣਾ ਰਖਣਾ ਚਾਹੀਦੈ। ਜਿਸ ਦੇ ਪਾਰੋਂ ਹਿਰਦੇ 'ਚ ਗੁਰ ਚਰਨ ਤੇ ਰਸਨਾ ਤੇ ਗੁਰੂ ਪ੍ਰਮੇਸਰ ਦਾ ਨਾਮ ਵਸਦਾ ਏ।

ਸੰਤ ਜੀ ਕਿਹਾ, "ਦੇਹ ਘੋੜੀ ਚੜਿ ਹਰਿ ਪਾਇਆ" ਵਾਕ ਦਾ ਭੀ ਇਹੋ ਅਰਥ ਹੈ ਕਿ ਇਸ ਦੇਹੀ ਕਰ ਹੀ ਹਰੀ ਦੀ ਪ੍ਰਾਪਤੀ ਹੋ ਸਕਦੀ ਹੈ। ਜੇ ਦੇਹ ਹੀ ਢਿਲੀ ਮਾੜੀ ਹੋਵੇ ਤਾਂ ਕੋਈ ਕਿਰਿਆ ਆਪਣੀ ਭੀ ਸੁਥਰੀ ਨਹੀਂ ਹੋ ਸਕਦੀ ਤੇ ਕਿਸੇ ਦੀ ਭੀ ਸੇਵਾ ਸੁਥਰੀ ਸਾਰੀ ਨਹੀਂ ਹੋ ਸਕਦੀ ਅਗੋਂ ਆਪ ਰਜ਼ਾ ਵਾਲੇ ਹੋ। ਮੇਰੀ ਇਹ ਰਾਏ ਹੈ, ਜਦ ਘੋੜਾ ਚਾਲੇ ਚਲ ਪਵੇ, ਬੈਲ ਭਵੀਂ ਨਿਕਲ ਪਵੇ, ਫੇਰ ਉਸ ਨੂੰ ਕਸ਼ਟੋਂ ਮੁਕਤ ਕਰਕੇ, ਉਸ ਦੀ ਸਾਂਭ ਕਰਨੀ ਚਾਹੀਦੀ ਏ ਤੇ ਉਸ ਦਾ ਸੁਭਾ ਬਣਿਆ ਰੁਲਣ ਨਹੀਂ ਦੇਣਾ ਚਾਹੀਦਾ, ਉਹੋ ਜੈ ਉਸ ਦੀ ਬਣਾਈ ਰਖਣੀ ਚਾਹੀਦੀ ਏ। ਸਤਿਗੁਰੂ ਜੀ ਸਤਿਬਚਨ ਕੀਤਾ। ਗੁਰਬਖਸ਼ ਸਿੰਘ ਜੀ ਤੇ ਵਜ਼ੀਰ ਸਿੰਘ ਜੀ, ਗੁਪਤ ਰਿਦੇ ਦੀ ਮੰਗ ਪੂਰੀ ਹੋਈ ਜਾਣ ਜੈਕਾਰਾ ਗਜਾਇਆ।

ਸਤਿਗੁਰੂ ਜੀ ਨਹਿਰ ਤੇ ਰਹਿੰਦੇ, ਮੌਜ ਮੇਲੇ ਕਰਦੇ ਤੇ ਭੈਣੀ ਸਾਹਿਬ ਭੀ ਅਗੇ ਨਾਲੋਂ ਚੋਖਾ ਚਿਰ ਆ ਟਿਕਦੇ। ਬਾਹਰ ਰਾਮਸਰ ਕੋਠੀ ਵਿਚ ਹੀ ਵਸੋਂ ਰਖਦੇ। ਨਹਿਰ ਤੇ ਆ ਆਪ ਅਗੇ ਲਗ, ਦੌੜ ਛਾਲਾਂ ਮਾਰ, ਨਹਿਰ ਵਿਚੋਂ ਦੀ ਤਰ ਸਿਧੇ ਪਾਰ ਹੁੰਦੇ ਤੇ ਹੋਰ ਸਾਥੀਆਂ ਨੂੰ ਭੀ ਕਹਿੰਦੇ, ਇਹ ਤਾਰੂ ਤੇ ਡੋਬੂ ਜਲ ਵਹਿਣ ਵਿਚੋਂ ਬਾਹੀਂ ਬਲ ਤੇ ਸਰੀਰ ਦੀ ਸੰਭਾਲ ਨਾਲ ਤਰ, ਪਾਰ ਹੋਣਾ ਭੀ ਇਕ ਵਿੱਦਿਆ ਹੈ, ਜੋ ਹਰ ਮਨੁਖ ਨੂੰ ਹਾਸਲ ਹੋਣੀ ਚਾਹੀਦੀ ਏ। ਜਿਵੇਂ ਆਖਦੇ ਹਨ, ਗੁਣ ਔਖੇ ਵੇਲੇ ਕੰਮ ਆਉਂਦਾ ਹੈ। ਤਿਵੇਂ ਹਰ ਗੁਣ ਮਨੁੱਖ ਨੂੰ ਹਾਸਲ ਹੋਵੇ ਤਾਂ ਸਮੇਂ ਬਣੇ ਸਾਥ ਦੇਂਦਾ ਹੈ। ਕ੍ਰਿਸ਼ਨ ਜੀ ਤਾਂ ਗੋਪੀਆਂ ਨਾਲ ਜਮਨਾ ਤੇ ਜਲ ਕ੍ਰੀੜਾ ਕਰਦੇ ਸੀ। ਸਤਿਗੁਰੂ ਜੀ ਸਿਖਾਂ ਮਨ-ਮੇਲੀਆਂ ਨਾਲ ਖੂਬ ਖੇਡਦੇ।

Sri Satguru Jagjit Singh Ji Elibrary NamdhariElibrary@gmail.com

## ਅਨੰਦ ਮਰਯਾਦਾ ਬਾਰੇ ਸਬੂਤ

ਸਤਿਗੁਰੂ ਜੀ ਪਾਸ ਭੁਪਿੰਦਰ ਸਿੰਘ ਰਾਜੇ ਪਟਿਆਲੇ ਵਲੋਂ, ਸੰਤ ਜਵਾਲਾ ਸਿੰਘ ਜੀ ਭੈਣੀ ਸਾਹਿਬ ਪੁੱਜੇ। ਇਹ ਪਟਿਆਲੇ ਵਾਲੇ ਦੇ ਵਿੱਦਿਆ ਗੁਰੂ ਸੀ। ਇਹਨਾਂ ਦੱਸਿਆ, ਰਾਜੇ ਨਾਭੇ ਵਾਲੇ ਰਿਪੁਦਮਨ ਸਿੰਘ ਤੇ ਪਟਿਆਲੇ ਵਾਲੇ ਰਾਜਾ ਜੀ ਦਾ ਆਪੋ ਵਿਚ, ਕਿਸੇ ਕਾਰਨ ਝੇੜਾ ਵਧਦਾ ਵੱਡੀਆਂ ਕੌਂਸਲਾਂ ਤਕ ਗਿਆ। ਲਾਹੌਰ ਕੌਂਸਲ ਸਾਹਵੇਂ ਵਡੇ ਵਕੀਲ (ਚੌਧਰੀ ਰਾਮ ਦੱਤ) ਨੇ ਕਹਿ ਦਿੱਤਾ ਕਿ ਸਿੱਖਾਂ ਦੀ ਸੰਤਾਨ ਹੀ ਹਰਾਮ ਦੀ ਏ। ਜਿਸ ਕਾਰਨ ਹੁਣ ਦੋਨਾਂ ਰਾਜਿਆਂ ਨੇ ਉਪਰ ਕੌਂਸਲਾਂ ਵਿਚ ਅਨੰਦ ਸਾਬਤ ਕਰਨ ਦਾ ਤਰੱਦਦ ਕੀਤਾ ਹੋਇਆ ਹੈ। ਰਾਜਾ ਰਿਪੁਦਮਨ ਸਿੰਘ ਜੀ ਨੇ ਕੁਝ ਸਬੂਤ ਪੇਸ਼ ਕੀਤੇ ਹਨ ਤੇ ਕਿਹਾ ਹੈ, ਨਾਮਧਾਰੀ ਪੰਥ ਦੇ ਬਾਨੀ ਗੁਰੂ ਬਾਬਾ ਰਾਮ ਸਿੰਘ ਜੀ ਨੇ ੧੮੬੩ ਈ: ਦੇ ਅਨੰਦ ਜਾਰੀ ਕੀਤੇ ਹੋਏ ਹਨ। ਫੇਰ ਵਕੀਲ ਕਿਹਾ, ਉਹ ਤੇ ੧੮੭੨ ਈ: ਦੇ ਗੁਰੂ ਬਾਬਾ ਰਾਮ ਸਿੰਘ ਜੀ ਦੇ ਬਦੇਸ਼ ਜਾਣ ਬਾਅਦ ਪੰਥ ਹੀ ਦਬਾ 'ਚ ਪੈ ਮਿਟ ਗਿਆ ਹੈ ਤੇ ਉਹ ਮਰਯਾਦਾ ਹੁਣ ਕਿਥੇ ਹੈ ? ਮੈਂ ਪਟਿਆਲਾ-ਪਤ ਤਰਫੋਂ ਆਪ ਪਾਸ ਇਸ ਲਈ ਆਇਆ ਹਾਂ ਕਿ ਤਦ ਤੋਂ ਅਨੰਦ ਮਰਯਾਦਾ ਟੁਰੀ, ਹੁਣ ਤਕ ਪ੍ਰਚਲਤ ਹੈ ਕਿ ਮਿਟ ਜਾਂ ਬਦਲ ਗਈ ਹੈ। ਅੰਗਰੇਜ਼ਾਂ ਦੀਆਂ ਲਿਖਾਈਆਂ ਲਿਖਤਾਂ ਤੇ ਕੂਕਿਆਂ ਦੇ ਆਮ ਉਲਟ ਹੀ ਲਿਖੀਦੀਆਂ ਹਨ। ਪਟਿਆਲਾ-ਪਤ ਆਪ ਪਾਸ ਖਾਸ ਸਬੂਤ ਲਈ ਮੈਨੂੰ ਭੇਜਿਆ ਹੈ।

ਸਤਿਗੁਰੂ ਜੀ, ਸੰਤ ਜੀ ਨੂੰ ਆਪਣੇ ਵਲੋਂ ਲਿਖ ਦਿੱਤਾ, "ਅਸੀਂ ਨਾਮਧਾਰੀ ਪੰਥ ਤੇ ਕੂਕੇ ਤਦੋਂ ਤੋਂ ਹੁਣ ਤਕ ੪੫ ਸਾਲ ਹੋਏ ਹਨ, ਉਸੇ ਤਰ੍ਹਾਂ ਅਨੰਦ ਗੁਰ ਮਰਯਾਦਾ ਅਨੁਸਾਰ ਕਰਦੇ ਹਾਂ।" ਹੇਠਾਂ ਆਪਣੇ ਦਸਖ਼ਤ ਕਰ ਦਿੱਤੇ। ਥੋੜੇ ਦਿਨਾਂ ਬਾਅਦ, ਰਾਜੇ ਨਾਭੇ ਦੇ ਵਲੋਂ ਬਚਨ ਸਿੰਘ ਵਕੀਲ ਲੁਧਿਆਣੇ ਦਾ ਆਇਆ ਕਿ ਜਿਸ ਸਬੂਤ ਲਈ ਪਟਿਆਲਾ-ਪਤ ਨੇ, ਸੰਤ ਜੀ ਨੂੰ ਆਪ ਪਾਸ ਭੇਜਿਆ ਸੀ, ਮੈਂ ਭੀ ਉਸੇ ਅਨੰਦ ਮਰਯਾਦਾ ਦੇ ਸਬੂਤ ਲਈ ਮਸਾਲਾ ਲੈਣ ਆਇਆ ਹਾਂ। ਸਤਿਗੁਰੂ ਜੀ ਇਸ ਵਕੀਲ ਨੂੰ ਕਿਹਾ, ਅਸੀਂ ਸਭ ਸਬੂਤ ਚਿੱਠੀ ਰਾਹੀ ਭੇਜ ਦੇਵਾਂਗੇ ਰਾਜਾ ਜੀ ਪਾਸ। ਸੋ ਸਤਿਗੁਰੂ ਜੀ ਭੇਜ ਦਿੱਤਾ ਸੀ, ਪਰ ਅੰਗਰੇਜ਼ੀ-ਲੋਕ ਜਾਣ ਵਕੀਲ ਤੇ ਨਾ ਦਿਲ ਟਿਕਾਇਆ।

ਸਤਿਗੁਰੂ ਜੀ ਨੇ ਚਿੱਠੀ ਤੇ ਲਿਖ ਭੇਜਿਆ, "੧੮੬੩ ਈ: ਜੂਨ ਵਿਚ ਖੋਟੇ ਜ਼ਿਲ੍ਹਾ ਫੀਰੋਜ਼ਪੁਰ ਵਿਚ, ਸਤਿਗੁਰੂ ਰਾਮ ਸਿੰਘ ਜੀ ਨੇ ਅਨੰਦ ਮਰਯਾਦਾ ਟੋਰੀ ਸੀ, ਤਦ ਤੋਂ ਨਾਮਧਾਰੀ ਪੰਥ ਵਿਚ ਉਹੋ ਹੀ ਮਰਯਾਦਾ ਕਾਇਮ ਹੈ ਤੇ ਅਸੀਂ ਹੁਣ ਤਕ ਕਰਦੇ ਹਾਂ। ਚਿੱਠੀ ਤਲੇ ਆਪਣੇ ਦਸਖ਼ਤ ਸਤਿਗੁਰੂ ਜੀ ਕਰ ਦਿੱਤੇ।

ਸੰਤ ਕਾਲਾ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ। "੧੯੨੦ ਬਿ: ਜੇਠ ਸੁਦੀ ਦਸਮੀ ਨੂੰ, ਖੋਟੇ, ਜ਼ਿਲ੍ਹਾ ਫੀਰੋਜ਼ਪੁਰ ਵਿਚ, ੬ ਅਨੰਦ ਸਤਿਗੁਰੂ ਰਾਮ ਸਿੰਘ ਜੀ ਨਵੇਂ ਸਿਰੇ, ਗੁਰਮਰਯਾਦਾ ਦੇ ਕੀਤੇ (੧) ਸੂਬਾ ਸੰਤ ਸਮੁੰਦ ਸਿੰਘ ਜੀ ਦੀ ਪੁੱਤਰੀ ਜੋ ਠੱਟੀ ਵਿਆਹੀ (੨) ਕਾਲਾ ਸਿੰਘ ਦੀ ਪੁੱਤਰੀ ਦੋਧਰ ਵਿਆਹੀ (੩) ਸੁੰਦਰ ਸਿੰਘ ਦੀ ਪੁੱਤਰੀ, ਉਥੇਕੇ ਵਿਆਹੀ। (੪) ਫਤੇ ਸਿੰਘ ਦੀ ਪੁੱਤਰੀ ਦੇਸ ਕੌਰ ਨਿਹੰਗ ਸਿੰਘ ਵਾਲੇ ਵਿਆਹੀ। (੫) ਬੁੱਧ ਸਿੰਘ ਦੀ ਪੁੱਤਰੀ ਪ੍ਰੇਮ ਕੌਰ ਧੁਲੇਤੇ ਵਿਆਹੀ। ਜੋਗਾ ਸਿੰਘ ਪੁਰਕੋਟ ਵਾਲੇ ਦੀ ਪੁੱਤਰੀ, ਕਿਸ਼ਨ ਕੌਰ ਮਠੌਡੀ ਵਿਆਹੀ ਸੀ।

Sri Satguru Jagjit Singh Ji Elibrary NamdhariElibrary@gmail com

ਖੋਂਟਿਆਂ ਦੇ ਬ੍ਰਾਹਮਣ ਸਾਈਂ ਦਿੱਤਾ ਤੇ ਦੇਵੀ ਦਿੱਤਾ ਬੁਰਾ ਬੋਲਦੇ ਸੀ। ਸਾਹਬਾ ਨੰਬਰਦਾਰ ਏਥੋਂ ਇਹਨਾਂ ਦੀ ਮਦਦ ਕਰਦਾ ਸੀ, ਜਿਸ ਬੁੱਧੂ ਚੌਕੀਦਾਰ ਨੂੰ, ਥਾਂਘੇ ਪੁਰਾਣੇ ਦੇ ਥਾਣੇ ਭੇਜਿਆ ਸੀ। ਅਗੋਂ ਥਾਣੇ ਦੇ ਮੁਨਸ਼ੀ ਤੇ ਹਵਾਲਦਾਰ, ਗਲਤ ਰਪਟ ਸਰਕਾਰ ਦੇ ਖਿਲਾਫ਼ ਲਿਖ, ਫ਼ੀਰੋਜ਼ਪੁਰ ਭੇਜੀ ਸੀ। ਹਾਕਮ ਆ ਸਤਿਗੁਰੂ ਜੀ ਨੂੰ ਥਾਣੇ ਥਾਣੀ ਭੈਣੀ ਸਾਹਿਬ ਭੇਜ ਦਿੱਤਾ ਸੀ ਤੇ ਬਾਅਦ ਨਿਗਰਾਨੀ ਲਾ ਦਿੱਤੀ ਸੀ, ਕਿ ਤੁਸੀਂ ਕਿਤੇ ਜਾ, ਕੂਕਿਆਂ ਦਾ ਇਕੱਠ ਤੇ ਮੇਲਾ ਨਹੀਂ ਕਰ ਸਕਦੇ।

ਸਤਿਗੁਰੂ ਰਾਮ ਸਿੰਘ ਜੀ ਕਈ ਦਿਨ ਜ਼ਿਲੇ ਵਿਚ ਜਾ ਭੁਗਤ ਇਹ ਕਹਿਣ, ਕਿ " ਇਹ ਸਾਡੀ ਆਪਣੀ ਚੀਜ਼ ਗ੍ਰੰਥ ਸਾਹਿਬ ਵਿਚ ਚਉਥੇ ਗੁਰਾਂ ਦੇ ਵੇਲੇ ਦੀ ਸੀ। ਜਦ ਸਾਡਾ ਜੀ ਚਾਹਿਆ, ਅਸਾਂ ਆਪਣੀ ਮਰਯਾਦਾ, ਸਮਾਂ ਵੇਖ ਵਰਤ ਲਈ ਹੈ, ਜਿਵੇਂ ਹਟੀ ਵਿਚੋਂ ਸਉਦਾ ਹਟੀ ਵਾਲਾ ਕੱਢ ਵਰਤਦਾ ਹੈ। ਇਹ ਸੁਣ, ਹਾਕਮ ਨਿਰੁੱਤ੍ਰ ਹੋਇਆ, ਤੇ ਕਿਹਾ ਬਾਬਾ ਜੀ ਜਾਓ, ਐਵੇਂ ਬ੍ਰਾਹਮਣ ਲੋਕ ਖਾਣ ਦੇ ਮਾਰੇ ਪਏ ਵਿਆਹ ਤੇ ਦਾਅਵਾ ਕਰਦੇ ਹਨ। ਉਹਨਾ ਪਾਸ ਲਿਖਤੀ ਸਬੂਤ ਕੋਈ ਨਹੀਂ। ਉਹ ਆਖਦੇ ਹਨ ਬਣੀ ਪਿਰਤ ਹੀ ਸਾਡੀ ਢੇਰ ਚਿਰ ਤੋਂ ਚਲੀ ਆਉਂਦੀ ਹੈ।°

ਸਤਿਗੁਰੂ ਪਰਤਾਪ ਸਿੰਘ ਜੀ ਦਾ ਇਹ ਪਹਿਲਾ ਸਿੱਖ ਪੰਥ ਤੇ ਮਹਾਂ ਉਪਕਾਰ ਸੀ, ਜੋ ਨਾਮਧਾਰੀਆਂ ਤੋਂ ਬਿਨਾਂ ਮੁਖਾਲਫ਼ਾਂ ਲਈ ਭੀ ਲਾਭਦਾਇਕ ਤੇ ਮੇਹਣਾ ਧੋਣ ਵਾਲਾ ਕੰਮ ਕੀਤਾ। ਸਤਿਗੁਰੂ ਜੀ ਦਸਦੇ ਸੀ। ਸ਼ੁਰੂ ਸਮੇਂ ਖੋਂਟਿਆਂ 'ਚ ਜਾਤੀ ਭਿੰਨ ਦੇ ਭੀ ਦੋ ਵਿਆਹ ਹੋਏ ਸੀ ਇਹਨਾਂ ਚੋਂ ਅਨੰਦਾਂ ਵਿਚ।

## ਕੜੇ ਭੇਟ ਕੀਤੇ

ਭੈਣੀ ਸਾਹਿਬ ਨਿਮਾਣੀ ਦਾ ਮੇਲਾ ਹੋਇਆ, ਬਹੁਤ ਸਾਧ ਸੰਗਤ ਨਾਮਧਾਰੀ ਆਈ। ਮਾਤਾ ਜੀਉਣ ਕੌਰ ਜੀ ਸਭ ਦੀ ਆਗਤ ਭਾਗਤ ਸੇਵਾ ਸਦਾ ਤਰ੍ਹਾਂ ਕੀਤੀ। ਹੋਲਾ ਗਿੱਲੀਂ ਬਾਰ ਜ਼ਿਲ੍ਹਾ ਸੇਖੂਪੁਰੇ ਵਿਚ ਹੋਇਆ। ਬਾਬਾ ਜਮੀਤ ਸਿੰਘ ਜੀ ਗਿਲਾਂਵਾਲੇ ਦੀ ਔਸ ਤੇ ਨਗਰ ਦੇ ਸਿੱਖਾਂ ਚਲ ਕੀਤਾ। ਪਰ ਆਮ ਅਗਵਾਨੀ ਇਸ ਹੋਲੇ ਵਿਚ ਸੰਤ ਕਿਸ਼ਨ ਸਿੰਘ ਜੀ ਤੇ ਮਾਈ ਲਛਮੀ ਦੀ ਸੀ। ਇਹਨਾਂ ਨੇ ਸਤਿਗੁਰੂ ਜੀ ਨੂੰ ੫੦੦) ਦੀ ਸੋਨੇ ਦੇ ਕੜਿਆਂ ਦੀ ਜੋੜੀ ਭੇਟਾ ਕੀਤੀ ਸੀ। ਹੋਰ ਸੇਵਾ ਭੇਟਾ ਤੋਂ ਬਿਨਾਂ। ਇਸ ਸਮੇਂ ਸੋਨੇ ਦਾ ਭਾ ੨੨ ਰੁਪੈ ਤੋਂ ੨੫) ਤੋਲਾ ਤਕ ਸੀ।

ਇਸ ਗਿੱਲਾਂ ਦੇ ਹੋਲੇ ਤੇ, ਇਕ ਦਿਨ ਸੰਤ ਲਾਲ ਸਿੰਘ ਜੀ ਕੂਰੇ ਗਿੱਲਾਂ ਵਾਲੇ ਸਮੇਤ ਕਾਲੂ ਰਾਗੀ ਦੇ ਜਥੇ ਦੇ ਪੜ੍ਹਦਿਆਂ, "ਪੁੱਤ੍ਰ ਨੰਦ ਦਾ ਨੀ ਨੰਦ ਦਾ।" ਆਪ ਐਸੇ ਮਸਤ ਹੋਏ ਕਿ ਉਹਨਾਂ ਦਾ ਦਰਸ਼ਨ ਕਰ ਤੇ ਸ਼ਬਦ ਸੁਣ, ਸਭ ਸੰਗਤ ਹੀ ਮਸਤ ਹੋ ਗਈ, ਸਿਆਲਕੋਟ ਦੇ ਜ਼ਿਲ੍ਹੇ ਵਿਚੋਂ ਆਇਆ ਸਾਧੂ ਤੇ ਇਕ ਭੀ ਐਸਾ ਨਾ ਰਿਹਾ ਜਿਸ ਦੇ ਸਿਰ ਤੇ ਪੱਗ ਰਹੀ ਹੋਵੇ।

ਸੰਤ ਜੀ "ਬਿਨ ਚਿਤ ਦੀਨ ਹੱਥ ਨਹੀਂ ਆਵੈ। ਚਾਰ ਬੇਦ ਇਮ ਭੇਦ ਬਤਾਵੈ।" ਦੀ ਵਿਆਖਿਆ ਕਰਦਿਆਂ ਜਦ ਕਿਹਾ ਸਾਧੋ! ਸਿਰ ਦੇਣ ਨਾਲੋਂ ਦਿਲ ਦੇਣਾ ਔਖਾ ਹੈ। ਜੀਂਦੇ ਰਹਿ ਰਗਤ ਸਭ

---

°ਫਲਜੀਤ ਸਿੰਘ (ਮੀਤਲ) ਆਪਣੀ ਲਿਖੀ ਪੁਸਤਕ (ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ) ਦੇ ੧੭ ਪੰਨੇ ਤੇ ਲਿਖਦਾ ਹੈ, ਗੁਰਮਤ ਅਨੁਸਾਰ ਜੋ ਅੰਗ ਕਲ ਸ਼ਾਦੀਆਂ ਹੁੰਦੀਆਂ ਹਨ। ਇਸ ਸਬੰਧੀ ਨਾਮਧਾਰੀ ਆਗੂਆਂ ਦੀਆਂ ਕਰਵਾਈਆਂ ਦੇ ਆਧਾਰ ਤੇ ੨੨-੧੦-੧੯੦੮ ਨੂੰ ਸਰਕਾਰੀ ਤੌਰ ਅਨੰਦ ਵਿਆਹ ਐਕਟ ਕਾਉਂਸਲ ਦੀ ਕੌਂਸਲ ਨੇ ਪਾਸ ਕੀਤਾ।

Sri Satguru Jagjit Singh Ji Elibrary NamdhariElibrary@gmail.com

ਸਹਿਣੀ। ਮੂਲ ਮੂੰਹੋਂ ਸੀ, ਹਾਏ ਨ ਕਹਿਣੀ ਤਾਂ ਸਭ ਸੁਨਣ ਵਾਲੇ ਲੋਟ ਪੋਟ ਹੀ ਹੋ ਗਏ। ਮਸਤਾਨੇ ਬੋਲੇ ਕਰਦੇ, ਇਹ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਲੇਵਾ, ਬਾਬੇ ਜਮੀਤ ਸਿੰਘ ਜੀ ਦੀ ਪ੍ਰੀਤ ਦਾ ਮੇਵਾ ਏ। ਲੁਟ ਲੋ ਕਰਮਾਂ ਵਾਲਿਓ, ਧਰਮਾਂ ਵਾਲਿਓ, ਭਰਮਾ ਵਾਲਿਓ ਭਰਮ ਦੂਰ ਕਰ ਦਿਉ ਤੇ ਮਨ ਨੂੰ ਪ੍ਰੇਮ ਨਾਲ ਭਰਪੂਰ ਕਰ ਦਿਉ, ਤੇ ਕਹਿੰਦੇ। "ਅਥਹਿ ਨ ਮਾਤਾ ਸੁ ਕਥਹੁ ਨ ਮਾਤਾ ॥"

## *ਗਿਲਾਂ ਹੋਲੇ ਦਾ ਭੋਗ*

ਸਤਿਗੁਰੂ ਪਰਤਾਪ ਸਿੰਘ ਜੀ ਬਚਨ ਕੀਤਾ ਕਰਦੇ ਸੀ। ਅਸਾਂ ਸਿਖਰ ਦੀ ਸੇਵਾ ਤੇ ਸਿੱਖੀ ਦੇ ਸੁਆਦ ਦਾ ਮੇਵਾ ਮਸਤੀ, ਜੋ ਗਿੱਲਾਂ ਦੇ ਹੋਲੇ ਤੇ ਵੇਖੀ ਹੈ, ਉਹ ਅੱਜ ਤਕ ਆਪਣੇ ਸੁਆਦ ਵਾਲਾ ਨਜ਼ਾਰਾ, ਪਿਆਰਾ ਪਿਆਰਾ ਮਨ ਵਿਚ ਜਦੋਂ ਚੇਤੇ ਆਉਂਦਾ ਏ, ਝਾਤ ਅੰਦਰ ਪੈਂਦੀ ਏ, ਤਾਂ ਉਸੇ ਤਰ੍ਹਾਂ ਰਸ ਤੇ ਤਰਾਰਾ ਦੇਂਦਾ ਏ। ਤੇ ਕਹਿੰਦੇ ਉਸ ਦਿਨ ਤੋਂ ਮੇਰੇ ਮਨ ਵਿਚ ਐਸਾ ਅਸਰ ਹੋ ਗਿਆ ਏ, ਜਿਵੇਂ ਕੋਰੇ ਭਾਂਡੇ ਵਿਚ ਘਿਉ ਭਰ ਦੇਈਦਾ ਏ, ਤਾਂ ਉਹਦੇ ਰੋਮ ਰੋਮ ਵਿਚ ਰੱਚ ਜਾਂਦਾ ਏ ਤੇ ਉਹ ਫੇਰ ਕੋਰਿਆਂ ਨਾਲ ਸਾਰੀ ਉਮਰ ਨਹੀਂ ਰਲਦਾ। ਮੈਂ ਤਦੋਂ ਤੋਂ ਅਜਿਹਾ ਹੋ ਗਿਆ ਹਾਂ। ਜਿਵੇਂ ਚੰਦਨ ਦੇ ਨੇੜੇ ਦੇ ਰੁੱਖ, ਜਿਸ ਵਿਚ ਉਹ ਵਾਸ਼ਨਾ ਭਰੀ ਜਾਏ, ਉਸ ਦੀਆਂ ਲਕੜੀਆਂ ਵਿਚੋਂ ਭੀ ਉਹ ਸੁਗੰਧੀ ਨਹੀਂ ਜਾਂਦੀ। ਤਿਵੇਂ ਉਹ ਰਸ ਮੇਰੇ ਰੋਮ ਰੋਮ ਵਿਚ ਰੱਚ, ਉਹ ਨਜ਼ਾਰਾ ਮੇਰਾ ਸਾਰਾ ਜਨਮ ਹੀ ਰਸ ਵਾਲਾ ਕਰ ਗਿਆ ਹੈ। ਤੇ ਭੁਲਾਇਆਂ ਭੀ ਭੁਲਦਾ ਨਹੀਂ, ਸਮਾਂ ਆਇਆਂ, ਉਹ ਸਭ ਰਸ ਸਾਹਵੇਂ ਆ ਮੈਨੂੰ ਸਵਾਦ ਸਵਾਦ ਕਰ ਦੇਂਦਾ ਹੈ।

੧੯੯੬ ਬਿ: ਹੋਲੇ ਗਿੱਲਾਂ ਦੇ ਤੇ, ੪੫ ਚੱਕ ਜ਼ਿਲ੍ਹਾ ਸਰਗੋਧਾ ਦੇ ਸੰਤ ਮੂਲਾ ਸਿੰਘ ਜੀ ਤੇ ਕਿਸ਼ਨ ਸਿੰਘ ਜੀ, ਅਗੋਂ ਦੇ ਹੋਲੇ ਦੀ ਮੰਗ ਕੀਤੀ। ਮਾਤਾ ਜੀ ਤੇ ਸਤਿਗੁਰੂ ਜੀ, ਕੁਝ ਸੰਗਤ ਦਾ ਮਤਾ ਸੁਣ ਕਿਹਾ, ਨਿਮਾਣੀ ਦੇ ਮੇਲੇ ਤੇ ਉੱਤਰ ਮਿਲੇਗਾ। ਕਿਉਂਕਿ ਸੰਗਤ ਦੇ ਰਸਤੇ ਤੇ ਖਰਚ ਦੀ ਸਹੂਲਤ ਭੀ ਸੋਚਣੀ ਹੈ।

## ੧੯੯੭ ਬਿ:

੧੯੯੭ ਦਾ ਅਰੰਭ ਕਰਨ ਤੋਂ ਪਹਿਲਾਂ ਮੈਂ ਮੰਗਲ ਗੁਰਬਾਣੀ ਦੀਆਂ ਤੁਕਾਂ

ਆਸਾ ਮਹਲਾ ੧ ॥ ਸਚੀ ਤੇਰੀ ਕਾਰ ਦੇਹਿ ਦਇਆਲ ਤੂੰ ॥
ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਅਧਾਰੁ ਤੂੰ ॥
ਬਸੰਤ ਮਹਲਾ ੫ ॥ ਨੇਤ੍ਰ ਸੰਤੋਖੇ ਦਰਸੁ ਪੇਖਿ ॥ ਰਸਨਾ ਗਾਏ ਗੁਣ ਅਨੇਕ ॥...
ਹਉ ਕਛੂ ਨ ਜਾਨਉ ਤੇਰੀ ਸਾਰ ॥ ਤੂੰ ਰਖਿ ਲੇਹਿ ਮੇਰੀ ਪ੍ਰਭ ਦਇਆਰ ॥

ਚਿਤਾਰ, ਲਿਖ ਕਰਦਾ ਹਾਂ।

ਸਤਿਗੁਰੂ ਜੀ ਭੈਣੀ ਸਾਹਿਬ ਤੇ ਠਹਿਰ ਦਿਨਾਂ, ਥੋੜੇ ਮੇਲੀਆਂ ਦਿਨਾਂ, ਆਪਣੇ ਮਨ ਦੇ ਨੇਮ ਰੋ, ਭਜਨ ਬਾਣੀ, ਸੰਜਮ, ਸੌਣ, ਜਾਗਣ, ਫਕਣ, ਬੋਲਣ ਦੇ, ਬਣੇ ਦਿਨਾਂ, ਹੋਰ ਦੇ ਘੱਟ ਹੀ ਜਾਣੂ ਸਿਆਣੂ ਬਣਦੇ। ਨਿਮਾਣੀ ਦੇ ਮੇਲੇ ਤੇ ਭੈਣੀ ਸਾਹਿਬ ਇਸ ਸਾਲ ਰੌਣਕ ਅਗੇ ਨਾਲੋਂ ਬਹੁਤ ਹੋਈ।

ਕਿਉਂਕਿ ਦਿਨੋ ਦਿਨ ਭੈਣੀ ਸਾਹਿਬ ਦੀ ਰੋਕ ਘੱਟ ਹੋ ਰਹੀ ਸੀ । ਮੇਲਿਆਂ ਤੇ ਪੁਲਸ ਵਲੋਂ ਪੁੱਛਣਾ, ਕਿ "ਤੂੰ ਕਿਥੋਂ ਆਇਆ ਹੈਂ ?" ਸਾਧਾਂ ਨੂੰ ਅਗੇ ਨਾਲੋਂ ਘਟ ਗਿਆ ਸੀ ।

ਹੋਲਾ ੪੫ ਚੱਕ ਸਰਗੋਧੇ ਜ਼ਿਲ੍ਹੇ ਵਿਚ ਚੋਖੇ ਚਿਰ ਪਿਛੋਂ ਸਾਰੇ ਨਾਮਧਾਰੀ ਪੰਥ ਦਾ ਬੜੇ ਚਾ ਤੇ ਮਲ੍ਹਾਰ ਭਰਿਆ ਹੋਇਆ । ਨਵੀਂ ਆਬਾਦੀ ਨਵੀਂ ਸੰਗਤ ਦੀ ਗਹਿਮਾ-ਗਹਿਮੀ ਮੇਲਾ, ਸਤਿਗੁਰੂ ਰਾਮ ਸਿੰਘ ਜੀ ਦੇ ਬਦੇਸ ਜਾਣ ਬਾਅਦ, ਇਹ ਹੀ ਪਹਿਲਾ ਹੋਲਾ ਮੇਲਾ ਸੀ । ਸਾਰੇ ਜਿਲੇ ਦੀ ਸੰਗਤ ਰਲ ਸੇਵਾ ਕੀਤੀ, ਲੰਗਰ ਦਾ ਸੁਖ ਸੁਆਦ ਤੇ ਗਡਿਆਂ ਦੇ ਡੰਗਰਾਂ ਨੂੰ ਪੱਠੇ, ਖੱਰੇ, ਤੂੰਵੇ, ਮਾਈਆਂ ਭਾਈਆਂ ਆਦਿ ਸਭ ਆਈਆਂ ਸੰਗਤਾਂ ਨੂੰ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਜਿਹਾ ਸੁਖ ਪ੍ਰਾਪਤ ਹੋਇਆ ।

ਸੰਤ ਮੰਡਲੀਆਂ ਗੋਸਟ ਕਰਦੀਆਂ, ਸਬਦ ਢੋਲਕ ਛੈਣਿਆਂ ਦੇ ਦੀਵਾਨ, ਰਾਤ ਦਿਨ ਇਕ ਲਗਨ, ਧਿਆਨ ਨਾਲ ਹਰੀ ਚਰਚਾ, ਰਾਮ ਰਸ ਪਰਚਾ ਪਾਈ, ਰੌਣਕ ਲਾਈ ਤਿੰਨ ਦਿਨ ਨਿਭਾਏ । ਜਿਨ੍ਹਾਂ ਸਾਧੂਆਂ ਇਸ ਮੇਲੇ 'ਚ ਦੀਵਾਨ ਸੁਣਿਆ ਤੇ ਰਸ ਮਾਣਿਆ । ਉਹ ਦੱਸਦੇ ਹਨ ਜੋ ਇਕ ਪਾਸੇ ਕਿਸੇ ਮਸਤ ਪੜ੍ਹਨਾ ਅਰੰਭਿਆ ਹੋਇਆ ਸੀ,

ਤੇਰੇ ਪੁਰਬ ਦਾ ਤਾਹੀਉਂ ਸੁਆਦ ਅੜਿਆ, ਜੇ ਤੂੰ ਆਪ ਆਵੇਂ ਤੇ ਦੀਵਾਨ ਲਾਵੇਂ ।
ਰਾਮਦਾਸ ਪੁਰ ਮੁੜ ਆਬਾਦ ਹੋਵੇ, ਭੈਣੀ ਡੂੰਦੜ ਨੂੰ ਆਣ ਕੇ ਭਾਗ ਲਾਵੇਂ ।

ਤਾਂ ਕੋਲ ਸੰਤ ਭਗਤ ਸਿੰਘ ਜੀ ਰਜ ਵੱਜ ਪੜ੍ਹਦੇ ਸੀ—

ਦਿਨ ਤੇ ਰਹਿ ਗਏ ਥੋੜੇ ਹੁਣ ਕੀ ਵੇਖਨੈਂ । ਸਤਿਗੁਰ ਪਾ ਲੈ ਮੋੜੇ ਹੁਣ ਕੀ ਵੇਖਨੈਂ ।

ਅਰਥਾਤ—ਸਾਧ ਸੰਗਤ ਵੈਰਾਗ ਨਾਲ ਭੀ ਭਰੀ ਹੋਈ ਸੀ ਤੇ ਸਤਿਗੁਰੂ ਜੀ ਦੇ ਪ੍ਰਤਾਪ ਨਾਲ, ਇਸ ਹੋਲੇ ਤੇ ਭਾਗ ਨਾਲ ਭੀ ਭਰੀ ਹੋਈ ਸੀ । ਸੰਤ ਮੂਲਾ ਸਿੰਘ ਜੀ ਤੇ ਕਿਸ਼ਨ ਸਿੰਘ ਜੀ ਦੇ ਪਿਆਰ ਵਲੋਂ ਸਭ ਖਿਲ੍ਹੇ, ਤਿਆਰ ਬਰ ਤਿਆਰ ਹੋ ਸੇਵਾ ਕੀਤੀ ਤੇ ਆਈ ਸੰਗਤ ਦੀ ਬਹੁਤ ਖੁਸ਼ੀ ਪ੍ਰੱਸਨਤਾ ਲੀਤੀ । ਖੁਲ੍ਹੇ ਪਦਾਰਥ ਵਰਤੇ । ਜਿਵੇਂ ਸਹਿਮ ਦਾ ਸਮਾਂ ਲੰਘ ਗਿਆ ਜਾਪਦਾ ਸੀ, ਤਿਵੇਂ ਸੇਵਾ ਤੇ ਪਦਾਰਥ ਦਾ ਭੀ ਘਾਟਾ ਨਾ ਜਾਪਦਾ ਸੀ । ਸਾਧ ਸੰਗਤ ਨੇ ਬਹੁਤ ਭੋਗ ਸਤਿਗੁਰੂ ਰਾਮ ਸਿੰਘ ਜੀ ਦੇ ਦਰਸਨ ਨਮਿਤ ਇਸ ਮੇਲੇ ਤੇ ਪਾਏ ਤੇ ਅਗੋਂ ਪਾਠ ਕਰ ਲਿਆਉਣੇ ਨਿਮਾਣੀ ਦੇ ਮੇਲੇ ਤੇ ਸੁਣਾਏ ।

੧੯੬੩–੬੪–੬੫–੬੬ ਇਹ ਚਾਰ ਹੋਲੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ, ਇਕ ਦੂਜੇ ਨਾਲੋਂ ਚੜ੍ਹਦੀ ਰੌਣਕ ਦੇ ਹੋਏ ਜਾਪਦੇ ਸੀ । ਪਰ ਸਾਧ ਸੰਗਤ ਨੂੰ ਇਕ ਕਮੀ ਭਾਸਦੀ ਸੀ । ਜੋ ਆਪਸ ਵਿਚ ਮਿਲ ਬੈਠ, ਸਾਧ ਸਿੱਖ ਵਿਚਾਰਦੇ ਸੀ, ਕਿ ਕਿਵੇਂ ਉਹ ਪੂਰੀ ਹੋਵੇ । ਉਹ ਸੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਘੱਟ, ਹਰ ਸਿੱਖ ਸਾਧ ਵੱਲ ਨਿਗਾਹ ਭਰ ਵੇਖਣਾ ਤੇ ਹਾਸ ਰਸ ਬਚਨ ਬਿਲਾਸ ਨਾ ਕਰਨਾ ।

## *ਹੱਸ ਬੋਲਣ ਦੀ ਬੇਨਤੀ*

ਕੁਝ ਸਾਧੂਆਂ—ਸੰਤ ਭਗਤ ਸਿੰਘ ਜੀ, ਸੰਤ ਮੰਗਲ ਸਿੰਘ ਜੀ ਤੇ ਸੰਤ ਲਾਲ ਸਿੰਘ ਜੀ ਪਾਸ ਇਸ ਦੁਖ ਦੀ ਵਿਰਥਾ ਕੀਤੀ । ਇਹਨਾਂ ਸੰਤਾਂ ਮਾਤਾ ਜਿਉਣ ਕੌਰ ਜੀ ਪਾਸ ਇਹ ਅਰਜ ਕੀਤੀ ਕਿ ਆਪ

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਨੂੰ ਕਹੋ, ਆਏ ਸਾਧੂਆਂ ਨਾਲ ਬਚਨ ਕੀਤਾ ਕਰਨ ਤੇ ਉਹਨਾਂ ਵਲ ਮਨ ਭਰ ਨਿਗਾਹ ਕਰ ਵੇਖਿਆ ਕਰਨ। ਕਿਉਂ ਕਿ ਜੇ ਦੂਰੋਂ ਆਏ ਵਲ ਖੁਸ਼ ਹੋ ਨ ਵੇਖਿਆ ਜਾਵੇ ਤੇ ਨ ਬੋਲ ਬਾਣੀ ਖੁਸ਼ ਹੋ ਕੀਤੀ ਜਾਵੇ ਤਾਂ ਉਸ ਦਾ ਪਿਛਲਾ ਤੇ ਪੰਧ ਦਾ ਥਕੇਵਾਂ ਨਹੀਂ ਲਹਿੰਦਾ ਤੇ ਅਗੋਂ ਮਿਲਣ ਆਉਣ ਦਾ ਪਵਿੰਦ ਦਿਲਾਸਾ ਨਹੀਂ ਪੈਂਦਾ।

ਮਾਤਾ ਜਿਉਣ ਕੌਰ ਜੀ ਉੱਤਰ ਦੇਂਦੇ, ਮੈਂ ਤੇ ਸ਼ੁਕਰ ਕੀਤਾ ਏ ਇਹ ਕੁਝ ਟਿਕੇ ਹਨ। ਨਹੀਂ ਤੇ ਚੁੱਪ ਕੀਤੇ ਕਿਤੇ ਤਪ ਕਰਨ ਨਿਕਲ ਟੁਰੇ ਸੀ। ਮੈਂ ਮਸਾਂ ਹੀ ਮਿੰਨਤ ਕਰ ਮਨਾਏ ਰਖੇ ਹਨ ਤੇ ਕਿਹਾ ਹੋਇਆ ਏ, ਤੁਸੀਂ ਜੋ ਤਪ, ਬੰਦਗੀ ਕਿਤੇ ਜਾ ਕਰਨਾ ਹੈ, ਏਥੇ ਹੀ ਟਿਕ ਕਰੋ। ਮੈਂ ਡਰਦੀ ਹਾਂ ਮਤੇ ਮੇਰੇ ਤੇ ਉਜਰ ਦੇ ਫੇਰ ਨ ਕਿਤੇ ਨੂੰ ਟੁਰਦੇ ਹੋਣ। ਹਾਂ! ਤੁਹਾਡੀ ਉਹ ਇਹ ਅਰਜ ਮੰਨ ਲੈਣ ਤਾਂ ਮੈਂ ਮਨੋ ਬੜੀ ਰਾਜ਼ੀ ਹੋਵਾਂਗੀ।

ਭੈਣੀ ਸਾਹਿਬ ਨਿਮਾਣੀ ਦੇ ਮੇਲੇ ਤੇ ਸਾਧ ਸੰਗਤ ਆਈ, ਰੌਣਕ ਲਾਈ। ਗੁਰਬਖ਼ਸ਼ ਸਿੰਘ ਤੇ ਵਜ਼ੀਰ ਸਿੰਘ ਜੀ ਪਾਸੋਂ ਸਲਾਹ ਲੈ ਸੰਤ ਭਗਤ ਸਿੰਘ ਜੀ ਦਾਤੇਵਾਲ, ਸੰਤ ਮੰਗਲ ਸਿੰਘ ਜੀ ਫਤੂਹੀ ਚੱਕ ਤੇ ਸੰਤ ਲਾਲ ਸਿੰਘ ਜੀ ਤੂਰੇ ਗਿੱਲ ਨੇ, ਸਤਿਗੁਰੂ ਜੀ ਪਾਸ ਖਿੜੇ ਹੋਏ ਹਸਦੇ ਬੋਲਦੇ ਦੇਖ ਅਰਜ ਕੀਤੀ ਕਿ ਸਾਧ ਸੰਗਤ ਦਾ ਮਨ ਉਨਾ ਚਿਰ ਪੂਰਾ ਪ੍ਰਸੰਨ ਨਹੀਂ ਹੁੰਦਾ, ਥਕੇਵਾਂ ਨਹੀਂ ਲਹਿੰਦਾ, ਜਿਚਰ ਆਪ ਖੁਸ਼ ਹੋ, ਨਿਗਾਹ ਭਰ ਵੇਖੋ ਨਾ ਤੇ ਆਇਆਂ ਨਾਲ ਬਚਨ ਬਿਲਾਸ ਖੁਸ਼ ਹੋ ਨਾ ਕਰੋ।

ਸਤਿਗੁਰੂ ਪਰਤਾਪ ਸਿੰਘ ਜੀ ਬੜੇ ਸਹਿਜ ਨਾਲ ਤੇ ਰਸ ਭਰੀ ਰਸਨਾ ਨਾਲ ਉੱਤਰ ਦਿੱਤਾ, ਸੰਤ ਜੀ! "ਸਾਧ ਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ॥" ਗੁਰਵਾਕ ਮੇਰੇ ਮਨ ਵਿਚ ਤੇ ਵਸਦਾ ਏ, ਮੈਂ ਤੁਹਾਨੂੰ ਸੱਚ ਦਸਦਾਂ। ਮੈਨੂੰ ਸੰਗ ਲਗਦੀ ਹੈ ਤੇ ਨਾਲੇ ਮਨ ਦੇ ਵਹਿਣ ਪੈਣ ਤੋਂ ਵਿਸਾਹ ਕਰਨੋ ਡਰਦਾ ਹਾਂ। ਮਤੇ ਇਹ ਹੱਸਣ ਖੇਡਣ ਵਿਚ ਹੀ ਕੁਝ, ਇਕ ਇਕ ਸਵਾਸ ਅਮੋਲਕ ਨੂੰ, ਰਾਮ ਨਾਮ ਦੀ ਲਗਨ ਵਲੋਂ ਠੱਗੇ ਜਾਣ ਵਾਲੇ ਮਾਰਗ ਦੇ ਪੰਧ ਹੀ ਨਾ ਪਾ ਦੇਵੇ। ਬਿਰਧਾਂ ਨਾਲ ਬੋਲਦਾ ਇਸ ਲਈ ਨਹੀਂ, ਮੈਨੂੰ ਉਹਨਾਂ ਦੀ ਉਮਰ ਤੇ ਕਰਨੀ ਆਪਣੇ ਤੋਂ ਉਚੀ ਤੇ ਵੱਡੀ ਵੇਖ, ਬਹੁਤ ਸ਼ਰਮ ਆਉਂਦੀ ਹੈ ਜਦ ਉਹ ਮੇਰੀ ਚਰਨੀਂ ਹੱਥ ਲਾਂਦੇ ਹਨ। ਮੈਂ ਵਿਚੋ ਵਿਚ ਵਿਚਾਰ ਕਰਦਾ ਹਾਂ ਇਹ ਮੈਨੂੰ ਜੋ ਕੁਝ ਮਨੋ ਮੰਨ ਨਿਉਂਦੇ ਹਨ। ਮੈਂ ਭੀ ਉਹ ਕੁਝ ਬਨਣ ਦਾ ਆਪਣੇ ਵਲੋਂ ਜਤਨ ਕਰਾਂ ਜੇ ਗੁਰੂ ਮਿਹਰ ਕਰੇ।

੧੯੬੭ ਬਿ: ਸੰਤ ਭਗਤ ਸਿੰਘ ਜੀ ਤੇ ਹੋਰ ਵਡੇਰੇ ਉਚੇਰੇ ਖਿਆਲ ਵਾਲੇ ਸਾਧੂਆਂ ਕਿਹਾ, ਸਾਡੀ ਹੱਥ ਜੋੜ ਅਰਜ ਹੈ।

"ਆਪ ਬਾਣੀ ਸੁਤ ਗੁਰ ਕਹੀਐ ਜੋਈ। ਮਮਕਲਾ ਤੇ ਅਵਤਾਰ ਹੋਈ।
ਦਸਮ ਗੁਰੂ ਜੀ ਦੇ ਵਾਕ ਵਾਲੇ, ਸਤਿਗੁਰੂ ਰਾਮ ਸਿੰਘ ਜੀ ਦੇ ਆਸਣ ਚੋਰ ਸਿੰਘਾਸਣ ਦੇ, ਉਹਨਾਂ ਦੇ ਹੁਕਮ ਅਨੁਸਾਰ ਉਹਨਾਂ ਦੇ ਬਿਦੇਸੋਂ ਵਾਪਸ ਔਣ ਤਕ ਸੰਭਾਲਣ ਵਾਲੇ ਮਾਲਕ ਹੋ। ਤੇ ਸਾਧ ਸੰਗਤ ਨੂੰ ਆਪ ਦਾ ਦਰਸਨ ਹੀ ਦੁਰਲਭ ਹੈ। ਪਰ ਜੋ—

"ਮਨ ਕੀ ਬਿਰਥਾ ਕੀਚੈ ਸਤਿਗੁਰ ਪਾਸ। ... ਤੇ ਮੇਰਾ ਦੁਖ ਸੁਖ ਤੁਧੁ ਹੀ ਪਾਸੇ।"...
ਵਾਲਾ ਚਾਅ ਸਾਧ ਸੰਗਤ ਦਾ ਉਚਰ ਪੂਰਾ ਨਹੀਂ ਹੁੰਦਾ, ਜਿਚਰ ਆਪ ਸਭ ਸ਼ਰਧਾਵਾਨ ਆਏ ਨੂੰ, ਆਦਰ ਨਾਲ

Sri Satguru Jagjit Singh Ji Elibrary NamdhariElibrary@gmail.com

ਦਰਸ਼ਨ ਦੇ ਨਿਗਾਹ ਭਰ, ਦੇਖ ਬੁਲਾ ਸੁੱਖ ਨਹੀਂ ਪੁੱਛਦੇ।

ਆਪ ਨੇ ਤਿਵੇਂ ਚਾਰ ਸਾਲ ਪੂਰਾ ਤਪ, ਸੰਜਮ, ਨੇਮ, ਆਤਮ ਪ੍ਰੇਮ ਕਰ ਲਿਆ ਹੈ। ਜਿਵੇਂ ਰਾਮ ਜੀ ਵੈਰਾਗ ਬਿਰਤ ਧਾਰ, ਵਸ਼ਿਸ਼ਟ ਜੀ ਦੀ ਗੋਸ਼ਟ ਤੇ ਸੰਗਤ ਕੀਤੀ ਸੀ। ਕ੍ਰਿਸ਼ਨ ਜੀ ਰਿਖੀ ਅੰਗੁਰਾ ਤੇ ਸੰਦੀਪਨ ਪਾਸੋਂ ਵਿੱਦਿਆ ਸਿਖੀਆਂ ਸੀ। ਜਿਵੇਂ ਗੁਰੂ ਨਾਨਕ ਜੀ ਮੋਦੀ ਖਾਨਾ ਛੱਡ ਔਤ ਹੋ ਬੈਠੇ ਸੀ ਕੁਝ ਚਿਰ। ਦਸਮ ਜੀ ਸ਼ਕਤਿ ਦੀ ਅਰਾਧਨਾ ਇਕਾਂਤ ਬ੍ਰਹਮਚਰਜ ਧਾਰ ਕੀਤੀ ਸੀ। ਸਤਿਗੁਰੂ ਰਾਮ ਸਿੰਘ ਜੀ ਭੈਣੀ ਸਾਹਿਬੋਂ ਬਾਹਰ ਇਕਾਂਤ ਬੈਠ, ਜਿਥੇ ਹੁਣ ਅਕਾਲ ਬੁੰਗਾ ਹੈ, ਕਠਨ ਤਪ ਕੀਤਾ ਸੀ ਤੇ ਗੁਰੂ ਹਰੀ ਸਿੰਘ ਜੀ ਉਧਰ ਉਤਾਂਹ ਧੌਣ ਹੀ ਨਾ ਕੀਤੀ ਸੀ, ਜਿਚਰ ਸਤਿਗੁਰੂ ਜੀ ਵਲੋਂ ਹੁਕਮ ਨਾ ਆਇਆ ਸੀ। "ਇਸ ਨੂੰ ਹੁਣ ਸਿਰ ਕਰਤਾ ਕਰ ਕੇ ਜਾਨਣਾ। ਇਸ ਦਾ ਨਾਮ ਹੁਣ ਹਰੀ ਸਿੰਘ ਹੋਇਆ। ਇਹ ਸਿੱਖੀ ਨੂੰ ਹਰੀ ਰਖੇਗਾ, ਟੁਟੀ ਨੂੰ ਗੰਢੇਗਾ। ਇਸ ਦੇ ਆਸਰੇ ਸਿੱਖੀ ਹਰੀ ਰਹੇਗੀ। ਇਸ ਦੇ ਧਕੇ ਨੂੰ ਮੈਂ ਨਹੀਂ ਬਖਸ਼ਾਂਗਾ। ਇਹ ਮੇਰੇ ਧਕੇ ਨੂੰ ਬਖਸ਼ ਸਕੇਗਾ ਆਦਿ। ਜਿਵੇਂ ਗੁਰ ਨਾਨਕ ਜੀ ਚੌ-ਅਖਰੇ ਜਾਪ ਤੇ ਚਾਰ ਜੁਗ ਮਿਹਨਤ ਕੀਤੀ ਸੀ। ਤਿਵੇਂ ਤੁਸਾਂ ਇਸ ਕਲਿਜੁਗ ਵਿਚ ਚਾਰ ਸਾਲ ਕਠਨ ਤਪ, (ਚਾਲੀ ਦਿਨਾਂ ਹੀ ਨਹੀਂ ਸਾਲ ਚਾਰ ਹੀ) ਜਿਵੇਂ ਨਿਰਹਾਰ ਤਪਧਾਰ ਕੀਤਾ ਹੈ। ਹੁਣ ਸਾਧ ਸੰਗਤ ਦੀ ਅਰਜ ਆਪ ਪ੍ਰਵਾਨ ਕਰੋ, ਸਭ ਸਰਨੀ ਆਏ ਸੇਵਕ ਸਰਧਾਲੂ ਦੀ ਮਨਸਾ ਪੂਰੀ ਕਰਨ ਹਿਤ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

ਦਾ ਆਪ ਧਰਮ ਧਾਰਨ ਕਰੋ। ਇਹੋ ਉਪਦੇਸ਼ ਹੀ ਸਾਧ ਸੰਗਤ ਨੂੰ ਦਿਉ।

ਗੁਰੂ ਹਰੀ ਸਿੰਘ ਜੀ ਦਾ ਜੋ ਵਰ ਏ "ਇਹ ਸਭ ਵਿੱਦਿਆ ਅਗੇ ਹੀ ਪੜ੍ਹਿਆ ਹੋਇਆ ਏ। ਮਾਤਾ ਜਿਉਣ ਕੌਰ ਜੀ ਜੋ ਕਿਹਾ ਸੀ। ਪਰਤਾਪ ਸਿੰਘ ਤੂੰ ਤਪ ਅਗੇ ਬਹੁਤ ਕੀਤਾ ਹੋਇਆ ਏ। ਉਹ ਵਾਕ ਹੁਣ ਪੂਰਾ ਕਰ ਕੇ ਵਿਖਾਉ। ਜੋ ਸਤਿਗੁਰੂ ਰਾਮ ਸਿੰਘ ਜੀ ਕਾਹਨ ਸਿੰਘ ਜੀ ਨਾਲ ਬਚਨ ਕੀਤਾ ਸੀ, ਪਰਤਾਪ ਸਿੰਘ ਬੜੇ ਪਰਤਾਪ ਵਾਲਾ ਹੋਵੇਗਾ। ਇਹ ਆਦਿ ਕੀਤੀ ਤੁਸਾਂ ਗੁਰੂਆਂ ਵਾਲੀ, ਗੁਰੂ ਅਮਰਦਾਸ, ਗੁਰੂ ਤੇਗ ਬਹਾਦਰ ਜੀ ਦੀ ਤਰ੍ਹਾਂ ਪੂਰੀ ਤਪ ਕਰਨ ਦੀ ਕਰ ਲਈ ਹੈ। ਪਰ ਹੁਣ ਸੰਗਤ ਸਿੱਖੀ ਨੂੰ ਪਰਫੁਲਤ ਭੀ ਕਰੋ ਜਿਸ ਦੀ ਜੜ੍ਹ ਗੁਰੂ ਹਰੀ ਸਿੰਘ ਜੀ ਕਸ਼ਟ ਦੇ ਸਮੇਂ ਵਿਚ ਕਸ਼ਟ ਦੀ ਘਾਲਣਾ ਕਰ ਹਰੀ ਰਖੀ ਹੈ।

ਸਾਧ ਸੰਗਤ ਦੇ ਇਹ ਬਚਨ ਕਰਦਿਆਂ ਸਮੇਂ ਮਾਤਾ ਜਿਉਣ ਕੌਰ ਜੀ ਭੀ ਪਾਸ ਆਏ ਤੇ ਕਿਹਾ, ਮੈਨੂੰ ਇਹਨਾ ਦੇ ਸੁਭਾ ਦਾ ਮੁੱਢ ਤੋਂ ਪਤਾ ਏ, ਜਿਧਰ ਲਗ ਜਾਂਦੇ ਹਨ, ਸਾਰੇ ਦੇ ਸਾਰੇ ਹੀ ਲਗ ਜਾਂਦੇ ਹਨ।

ਸਤਿਗੁਰੂ ਜੀ ਮਾਤਾ ਜੀ ਦੇ ਕਹਿਣ ਤੇ ਸਾਧ ਸੰਗਤ ਦੇ ਕਹਿਣ ਤੇ ਕਿਹਾ ਸਾਧ ਸੰਗਤ ਤੇ ਮਾਤਾ ਜੀ ਜਿਵੇਂ ਮੈਨੂੰ ਮਨਾਣ ਤੇ ਚਾਹਣ, ਮੈਨੂੰ ਮੋੜ ਪਾਣ ਦੀ ਕੀ ਲੋੜ ਏ।

ਮਾਤਾ ਜਿਉਣ ਕੌਰ ਜੀ ਕਿਹਾ, ਸਾਡਾ ਤੇ ਪ੍ਰਵਾਰ ਹੀ ਸਾਧ ਸੰਗਤ ਏ। ਜੇ ਅਸਾਂ ਇਸ ਦੇ ਨਾਲ ਰਲ ਮਿਲ ਨਹੀਂ ਰਹਿਣਾ ਤਾਂ ਹੋਰ ਸੰਸਾਰ ਦੇ ਪਿਆਰ ਵਿਹਾਰ ਨੂੰ ਕੀ ਕਰਨਾ ਹੈ।

ਸਤਿਗੁਰੂ ਜੀ ਉਸੇ ਵਕਤ ਖਿੜੇ ਮੁਖੋਂ ਬਚਨ ਕੀਤਾ। ਮੈਂ ਭਾਈ ਜੀ ਦੀ ਬਾਣੀ ਵਿਚ ਪੜ੍ਹਿਆ ਹੈ।

"ਸਾਧ ਸੰਗਤ ਮੇਰੇ ਨਿਜ ਰੂਪ ॥...
ਗੁਰ ਮੂਰਤ ਸਤਿਗੁਰ ਸਬਦ, ਸਾਧ ਸੰਗਤ ਸਮਸਰ ਪ੍ਰਵਾਣੇ ॥...
ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ ॥" ...

ਗੁਰ ਵਾਕ ਦੀ ਵਰਤੋਂ ਵਿਚ ਟੁਰਦਿਆਂ ਮੈਨੂੰ ਕੋਈ ਇਨਕਾਰ ਨਹੀਂ। ਪਰ ਮਨ ਦਾ ਭੀ ਕੋਈ ਇਤਬਾਰ ਨਹੀਂ ਸੋਚ, ਮੈਂ ਇਹ ਵਿਚਾਰ ਧਾਰਨ ਕੀਤਾ ਹੈ, ਤੇ ਅਗੋਂ ਜਿਵੇਂ ਸਾਧ ਸੰਗਤ ਦੀ ਰਜ਼ਾ ਏ। ਸੋ ਮੈਨੂੰ ਲਾਹ ਹੀ ਲਾਹ ਏ।

ਇਸ ਨਿਮਾਣੀ ਦੇ ਮੇਲੇ ਤੇ ਸ੍ਰਦਾਰ ਸੁੰਦਰ ਸਿੰਘ ਜੀ (ਮਾਨ) ਅਰਜ਼ ਕੀਤੀ ਮੇਰੇ ਨਗਰ ਮੇਲਾ ਭੀ ਹੋਵੇ ਤੇ ਸਭ ਗੁਰੂ ਪ੍ਰਵਾਰ ਭੀ ਦਰਸਨ ਦੇਵੇ ਤੇ ਸਾਧ ਸੰਗਤ ਸਭ ਦਰਸਨ ਦੇਵੇ। (ਮੇਲਾ ਮਨਜ਼ੂਰ ਹੋ ਗਿਆ।)

ਸਤਿਗੁਰੂ ਜੀ ਕਈਆਂ ਸਿਖਾਂ ਸਾਧਾਂ ਦੇ ਨਗਰਾਂ, ਤੇ ਉਹਨਾਂ ਦੇ ਨਾਮ ਪੁੱਛੇ, ਕੁਛ ਸਾਧ ਸੰਗਤ ਨਾਲ ਵਾਕਫੀ ਪਾਣੀ ਸ਼ੁਰੂ ਕੀਤੀ।

## ਬਾਹੋ ਵਾਲੀਆਂ ਦੇ ਗ੍ਰੰਥ ਬਾਰੇ

ਵਰਖਾ ਉਤਰੀ ਰੁਤੇ ਨਹਿਰ ਤੇ ਸੰਤ ਸੰਤੋਖ ਸਿੰਘ ਜੀ ਬਾਹੋ ਵਾਲੀਆ ਦਾ ਲਿਖਿਆ ਪੁਸਤਕ ਭੈਣੀ ਸਾਹਿਬੋਂ ਲੈ ਜਾ, ਕੁਝ ਸਾਧ ਭਜਨ ਬੰਦਗੀ ਵਾਲੇ ਤੇ ਵਿਦਵਾਨ ਖੋਜੀ ਪੁਰਾਣੇ ਇਤਿਹਾਸ ਜੋੜ, ਜੋਗ ਲੋਕ ਵਾਲੇ, ਸਦਾ ਵਾਲੇ ਰਾਹਲੀਏ ਨੇਮ ਨਾਲ ਉਸ ਗ੍ਰੰਥ ਲਿਖੇ ਦੀ ਭੀ ਕਥਾ ਮੁੱਢ ਤੋਂ ਸੁਣਨੀ ਅਰੰਭੀ, ਤੇ ਜੋ ਬਚਨ ਜਾਪਦੇ ਜਾਂ ਕੋਈ ਸਾਧ ਦੱਸਦਾ ਇਸ ਤਰ੍ਹਾਂ ਨਹੀਂ, ਇਸ ਤਰ੍ਹਾਂ ਬਚਨ ਹੈ, ਉਸ ਦੀ ਸੁਧਾਈ ਕਰਦੇ ਤੇ ਨਿਸ਼ਾਨ ਉਪਰ ਕਾਗਜ਼ ਤੇ ਲਵਾ ਜਾਂ ਕੋਲ ਹੋਰ ਕਾਪੀ ਤੇ ਲਿਖਾਈ ਜਾਂਦੇ।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਲਿਖੇ ਬਚਨਾਂ ਨੂੰ ਸੁਨਣ ਲਈ ਜੋ ਸਿੰਘ ਸਾਧ ਸਾਥ ਰਲੇ ਸੀ। ਸਭ ਨਾਲ ਪਿਆਰ ਕਰਦੇ, ਹਾਲ ਪੁੱਛਦੇ ਲੋੜ ਭੀ ਪੁੱਛਦੇ ਤੇ ਨਵੇਂ ਆਏ ਸਿੰਘ ਸਾਧ ਨੂੰ ਸੁੱਖ ਪੁੱਛਦੇ। ਪਿੰਡ ਪੁੱਛਦੇ, ਜੇ ਭੈਣੀ ਸਾਹਿਬ ਔਦੇ ਤਾਂ ਸਭ ਸੇਵਾ ਕਰਦੇ ਨੂੰ ਮਿਲ ਪਿਆਰ ਕਰ, ਬਰੇਵਾਂ ਲਾਹ ਖ਼ੁਸ਼ੀ ਨਾਲ ਹਿਰਦਾ ਭਰ ਦੇਂਦੇ। ਜੋ ਬਚਨ ਉਸ ਕਥਾ ਵਿਚ ਸੋਚ ਵਿਚਾਰ ਗੌਰਰਾ ਜਾਣ ਲਿਖਾਇਆ ਹੁੰਦਾ ਉਸ ਦੀ ਬਾਬਤ ਬਿਰਧਾਂ ਤੋਂ ਵਾਕਫੀ ਲੈਂਦੇ। ਮਾਤਾ ਜੀ ਤੋਂ ਬਚਨ ਪੁੱਛਦੇ।

ਸੰਤ ਸੰਤੋਖ ਸਿੰਘ ਜੀ ਇਸ ਗ੍ਰੰਥ ਦੀ ਕਥਾ ਆਪ ਭੀ ਕਰਦੇ ਸੀ ਤੇ ਹੋਰ ਆਏ ਸਾਧਾਂ ਤੋਂ ਇਤਿਹਾਸਕ ਮਸਾਲਾ ਪੁੱਛ ਨਾਲੇ ਨਾਲ ਲਿਖਦੇ ਭੀ ਸੀ। ਪਰ ਫੇਰ ਭੀ ਕਈ ਬਚਨ ਲਿਖਣੇ ਰਹਿ ਗਏ ਤੇ ਕਈਆਂ ਵਿਚ ਫਰਕ ਪੈ ਗਏ। ਸਤਿਗੁਰੂ ਜੀ ਦੱਸਦੇ ਸੀ। ਜੀਆਂ ਦਾ ਜਤਨ ਕਰਨਾ ਹੀ ਧਰਮ ਹੈ ਜੋ ਸ੍ਰੇਸ਼ਟ ਪੁਰਸ਼ ਹਰ ਭਲੇ ਕੰਮ ਲਈ ਕਰਦੇ ਹਨ। ਪਰ ਆਪਣੇ ਆਪ ਨੂੰ ਸਹੀ ਤੇ ਸਮਰੱਥ ਸਾਰਾ ਸਮਝਣਾ ਅਲਪੱਗ ਜੀਅ ਦੀ ਮਤ ਹੈ, ਗੁਰੂ ਅਕਾਲ ਪੁਰਖ ਸਰਬੱਗ ਦੀ ਗਤ ਨੂੰ ਸਾਰਾ ਜਾਣ ਸਕਣਾ, ਜਾਂ ਜਾਣ ਲੈਣ ਦਾ ਦਾਅਵਾ ਕਰਨਾ ਭੁੱਲ ਹੈ। ਕਿਉਂਕਿ ਗੁਰਵਾਕ ਹੈ:

"ਗੁਰ ਕੀ ਮਹਿਮਾ ਅਗਮ ਹੈ ਕਿਆ ਕਥੈ ਕਥਨਹਾਰੁ ॥"

ਇਸ ਲਈ ਮਾਣ ਕਰਨਾ ਠੀਕ ਨਹੀਂ। ਸੰਤੋਖ ਸਿੰਘ ਜੀ ਬੜੇ ਨਿਰਮਾਣ ਤੇ ਭਰੋਸੇ ਵਾਲੇ ਤੇ ਉੱਦਮੀ ਹੋਏ ਹਨ ਤੇ ਜੋ ਉਹਨਾਂ ਇਤਿਹਾਸ ਦਾ ਕੰਮ ਕੀਤਾ ਹੈ ਬਹੁਤ ਚੰਗਾ ਕੀਤਾ ਹੈ।

ਸਤਿਗੁਰੂ ਜੀ ਚੰਗੇ ਕਾਗਤ ਤੇ ਸੋਹਣਾ ਲਿਖਾਣਾ, ਪੱਕੀ ਸਿਆਹੀ ਨਾਲ, ਸੰਤ ਜੀ ਦਾ ਲਿਖਿਆ ਪੁਸਤਕ (ਸਤਿਗੁਰੂ ਬਿਲਾਸ) ਸ਼ੁਰੂ ਕੀਤਾ ਤੇ ਮਾਤਾ ਜੀ ਤੇ ਹੋਰ ਬਿਰਧਾਂ ਪਾਸੋਂ ਪੁੱਛੇ ਤੇ ਸੁਣੇ, ਗੁਰੂ ਹਰੀ ਸਿੰਘ ਜੀ ਪਾਸੋਂ ਬਚਨ ਉਸ ਵਿਚ ਜੋ ਨ ਸੀ, ਸੋ ਭੀ ਲਿਖਾਂਦੇ।

## ਦਸਤਾਰਾ ਸਿੱਧਾ

ਅਸੂ ਦੇ ਮੇਲੇ ਤੇ ਮਾਨਾਂਵਾਲੇ ਸਤਿਗੁਰੂ ਜੀ ਮਾਤਾ ਜੀ ਦੇ ਕਹੇ ਟੁਰ ਤੇ ਪਏ, ਪਰ ਕਹਿੰਦੇ, ਮੇਰਾ ਅਜੇ ਕਿਤੇ ਬਹੁਤਾ ਜਾਣ ਨੂੰ ਜੀਅ ਨਹੀਂ ਕਰਦਾ, ਝਮੇਲਾ ਤੇ ਲੋਕ ਪਚਾਰਾ ਹੀ ਜਾਪਦੈ।

ਇਹ ਮੇਲਾ ਹੋਲੇ ਤੇ ਨਿਮਾਣੀ ਦੇ ਮੇਲੇ ਨਾਲੋਂ ਭਾਵੇਂ ਛੋਟਾ ਸੀ, ਪਰ ਸਾਧ ਸੰਗਤ ਤੋਂ ਪਾਬੰਦੀਆਂ ਘਟਣ ਦੀ ਖ਼ੁਸ਼ੀ ਪਾਰੋਂ, ਨਾਮਧਾਰੀ ਸੰਗਤ ਦੇ ਮਨ ਵਿਚ ਇਸ ਦਾ ਉਤਸ਼ਾਹ ਬਹੁਤ ਸੀ। ਮਾਝੇ, ਮਾਲਵੇ, ਬਾਰ, ਦੁਆਬ ਦੇ ਸਾਧੂ, ਸ਼ਬਦੀ, ਰਾਗੀ, ਸੇਵਕ, ਸਰਧਾਲੂ ਬਹੁਤ ਗਿਣਤੀ 'ਚ ਆਏ ਸੀ।

ਇਸ ਮੇਲੇ ਤੇ ਸੰਤ ਮੰਡਲੀ—ਸੰਤ ਜਿਊਣ ਸਿੰਘ ਜੀ ਸਰਹਾਲੀ, ਸੰਤ ਕੇਸਰ ਸਿੰਘ ਜੀ 'ਕਿੱਲੀ' ਮਹਾਰੇ ਵਾਲੇ, ਸੰਤ ਮਿਤ ਸਿੰਘ ਜੀ ਜਿਊਣ ਭਿੰਡਰ, ਸੰਤ ਭਗਤ ਸਿੰਘ ਜੀ ਦਾਤੇ ਵਾਲ, ਸੰਤ ਮੰਗਲ ਸਿੰਘ ਜੀ ਫਤੂਹੀ ਚੱਕ, ਸੰਤ ਲਾਲ ਸਿੰਘ ਜੀ ਭੂਰੇ ਗਿੱਲ, ਸੰਤ ਖੁਸ਼ਾਲ ਸਿੰਘ ਜੀ ਖਡੂਰ, ਬਾਬਾ ਸੋਹਣ ਸਿੰਘ ਤੇ ਟਹਿਲ ਸਿੰਘ ਜੀ ਸੌਂਦੇਵਾਲ, ਸੰਤ ਕੇਸਰ ਸਿੰਘ ਜੀ 'ਚੁੱਪ' ਸੇਖਮ, ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਆਦਿ ਬਹੁਤ ਆਏ ਹੋਏ ਸੀ।

ਇਸ ਸਮੇਂ ਸੰਤ ਮੰਡਲੀਆਂ ਦਾ ਜੁੜ ਬੈਠਣ, ਗੋਸਟ ਦੇ ਨਿਰਨੇ ਬਚਨ ਕਰਨ ਦਾ ਬੜਾ ਪ੍ਰਵਾਹ ਤੇ ਸੁਭਾ ਸੀ ਬਹੁਤ ਅਣਝੱਕ ਹੋ। ਜਿਚਰ ਮਨ ਦੀ ਤਸੱਲੀ ਹੋ ਮੁਕ ਨਾ ਜਾਵੇ, ਕੋਈ ਬਚਨ ਕਰਨੋਂ ਰੁਕਦਾ ਨਾ ਸੀ।

ਸੰਤ ਜਿਊਣ ਸਿੰਘ ਜੀ, ਸੰਤ ਕੇਸਰ ਸਿੰਘ ਜੀ ਕਿੱਲੀ, ਸੰਤ ਭਗਤ ਸਿੰਘ ਜੀ, ਸੰਤ ਮੰਗਲ ਸਿੰਘ ਜੀ ਮਤਾ ਮੇਲ, ਸਤਿਗੁਰੂ ਪਰਤਾਪ ਸਿੰਘ ਜੀ ਦੇ ਡੇਰੇ ਜਾ ਅਰਜ ਕੀਤੀ, ਕਿ ਆਪ ਦਸਤਾਰਾ ਸਿਧਾ ਸਜਾ ਕੇ ਅੱਜ ਸਾਧ ਸੰਗਤ ਵਿਚ ਦਰਸਨ ਦੇਵੋ। ਜੇ ਆਪ ਸਿੱਧਾ ਸਜਾ ਲਵੋਗੇ, ਅਸੀ ਹੋਰਸ ਨੂੰ ਕਹਿ ਸਕਾਂਗੇ ਕਿ ਨਾਮਧਾਰੀਆਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਮਰਯਾਦਾ ਗੁਰਮੁਖੀ ਦੇ ਹੀ ਦਸਤਾਰੇ ਸਜਾਉਣੇ ਚਾਹੀਦੇ ਹਨ। ਸਤਿਗੁਰੂ ਜੀ ਸਤਿਬਚਨ ਕਰ ਕਿਹਾ, ਕਿ ਮੈਂ ਤਾਂ ਕਰ ਲੈਂਦਾ ਹਾਂ ਤੇ ਸਾਧ ਸੰਗਤ ਦੇ ਦੀਵਾਨ ਸਮੇਂ ਸਦਾ ਸਿੱਧਾ ਹੀ ਰਖਾਂਗਾ, ਹੋਰ ਦੀ ਬਾਬਤ ਤੁਸੀਂ ਜਾਣੋ। ਆਪ ਦਸਤਾਰਾ ਸਿੱਧਾ ਕਰ ਲਿਆ ਤੇ ਇਸ਼ਨਾਨ ਕਰ ਦੀਵਾਨ ਵਿਚ ਦਰਸਨ ਦਿੱਤੇ।

ਦੀਵਾਨ, ਸੰਤ ਲਾਲ ਸਿੰਘ ਜੀ ਦਾ, ਰਾਗੀ ਕਾਲੂ, ਮੁੱਢੂ ਜੀ ਸਮੇਤ ਲਗਾ ਹੋਇਆ ਸੀ ਤੇ ਬਹੁਤ

Sri Satguru Jagjit Singh Ji Elibrary NamdhariElibrary@gmail.com

ਸਿੱਖ ਮਸਤਾਨੇ ਭੀ ਹੋਏ ਹੋਏ ਸੀ। ਸੰਤ ਮੰਗਲ ਸਿੰਘ ਜੀ ਦੀ ਇਸ ਸਮੇਂ ਬਹੁਤ ਹੀ ਮਸਤੀ ਦੀ ਚੜ੍ਹਦੀ ਕਾਰ ਸੀ, ਤੇ ਦਲੇਰੀ ਭੀ ਵਧੇਰੀ ਹੀ ਵਰਤਦੇ ਸੀ। ਮਨ ਆਈ ਵਲੋਂ ਘਟ ਹੀ ਰੁਕਦੇ ਸੀ। ਇਸ ਸੰਤ ਜੀ ਨੇ ਸਤਿਗੁਰੂ ਜੀ ਨੂੰ ਮੱਥਾ ਟੇਕ, ਖੜੇ, ਹੱਥ ਜੋੜ ਕਿਹਾ, ਸਭ ਦਸਤਾਰੇ ਸਿਧੇ ਕਰ ਲਵੋ ਤੇ ਇਕ ਦੋਹ ਸਾਧਾਂ ਅਗੇ ਅਰਜ ਕਰ ਦਸਤਾਰੇ ਸਿਧੇ ਕਰਾਏ ਤੇ ਕਿਹਾ, ਦੇਖੋ! ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਬਿਰਧਾਂ ਦੇ ਕੈਸੇ ਗੁਰਮੁਖੀ ਦਸਤਾਰੇ ਹਨ। ਇਕ ਦੋਹ ਦੇ ਉਹਨਾਂ ਦੇ ਨਾਂਹ ਨੁਕਰ ਕਰਦਿਆਂ ਆਪ ਹੱਥੀਂ ਫੇਰ ਸਿਧੇ ਕਰ ਦਿੱਤੇ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਭੀ ਹੱਥੀਂ ਸਿੱਧਾ ਆ ਕਰਨ ਲਗੇ। ਮਹਾਰਾਜ ਜੀ ਸੀਸ ਤਲੇ ਖਿਚਿਆ ਤੇ ਦਸਤਾਰਾ ਉਛਲ ਗਿਆ। ਮਹਾਰਾਜ ਨਿਹਾਲ ਸਿੰਘ ਜੀ ਦਾ ਭੀ ਆ ਦਸਤਾਰਾ ਫੜ ਫੇਰਨ ਲਗੇ। ਮਹਾਰਾਜ ਨਿਹਾਲ ਸਿੰਘ ਜੀ, ਪਾਸ ਪਿਆ ਇਕ ਸਿੱਖ ਦਾ ਸੋਟਾ ਫੜ, ਮੰਗਲ ਸਿੰਘ ਨੂੰ ਲੱਤਾਂ ਤੇ ਮਾਰਿਆ, ਉਹ ਉਛਲ ਸਟੇ ਚਰ ਗਏ, ਪਰ ਸੰਗਤ ਵਿਚ ਰੌਲਾ ਮਚ ਗਿਆ। ਮਹਾਰਾਜ ਗੁਰਦਿਆਲ ਸਿੰਘ ਜੀ ਤੇ ਨਿੱਕਾ ਨਿੱਕਾ ਰੋਣ ਭੀ ਲਗ ਪਏ। ਦੋਵੇਂ ਮਾਤਾ ਜੀ ਦੇਖ ਦੁਖੀ ਹੋਏ। ਮੇਲੇ ਦੀ ਬੇ-ਸਵਾਦੀ ਹੋ ਗਈ ਤੇ ਜਿੰਨੇ ਮੂੰਹ ਓਨੀਆ ਗੱਲਾਂ ਹੋਣ ਲਗ ਪਈਆਂ।

ਕੋਈ ਕਹੇ, ਮੰਗਲ ਸਿੰਘ ਬਹੁਤ ਅਜੋਗ ਗੱਲ ਕੀਤੀ ਹੈ। ਕੋਈ ਕਹੇ ਜੋ ਕੀਤਾ ਹੈ, ਠੀਕ ਕੀਤਾ ਹੈ। ਗੁਰਮਤ ਦੀ ਕਾਰ ਕੀਤੀ ਹੈ। ਕੋਈ ਕਹੇ ਗੁਰਮਤ ਤਾਂ ਹੁੰਦੀ, ਜੇ ਸਤਿਗੁਰੂ ਜੀ ਤੋਂ ਪੁੱਛ ਕਰਦਾ। ਕੋਈ ਕਹੇ, ਉਹ ਗੁਰੂ ਹਰੀ ਸਿੰਘ ਜੀ ਦੇ ਸਮੇਂ ਦਾ ਸਿੱਖ ਹੈ, ਇਹਨਾਂ ਨੂੰ ਥੋੜੇ ਗੁਰੂ ਮੰਨਦਾ ਭੀ ਹੈ ਕਿ ਨਹੀਂ? ਕੋਈ ਕਹੇ, ਸਿੱਖ ਤਾਂ ਉਹ ਹੀ ਹੁੰਦਾ ਹੈ ਜੋ ਸਮੇਂ ਦੇ ਸਤਿਗੁਰੂ ਤੇ ਭਰੋਸਾ ਕਰੇ। ਕੋਈ ਕਹੇ, ਸਾਰੇ ਗੁਰੂਆਂ ਤੋ ਮੁਢੋਂ ਲੈ ਸਾਰੀ ਸਿੱਖੀ ਦਾ ਨਿਹਚਾ ਨਹੀਂ ਬਣਿਆ, ਕੋਈ ਕਿਸੇ ਗੁਰੂ ਤਕ ਰਿਹਾ, ਕੋਈ ਕਿਸੇ ਤਕ ਰਿਹਾ, ਜਿਵੇਂ ਪਿਛੇ ਬੀਤੀ ਹੈ ਬਾਰਾਂ ਗੁਰੂਆਂ ਦੇ ਸਮੇਂ, ਹੁਣ ਦਾ ਕੀ ਪਤਾ ਏ? ਕੋਈ ਕਹੇ, "ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ॥" ਗੁਰਵਾਕ ਤੇ ਜੋ ਨਾਮਧਾਰੀ ਨਿਹਚਾ ਨਹੀ ਰਖਦਾ, ਉਹ ਤੇ ਸਿੱਖ ਸਤੀਆਂ ਵਾਂਗੂ ਹੀ ਹੋਇਆ। ਜਿਵੇਂ ਉਹਨਾਂ ਗੁਰੂ ਨਹੀ ਵੇਖਿਆ ਤੇ "ਗੁਰ ਕੀ ਮੂਰਤਿ ਮਨ ਮਹਿ ਧਿਆਨੁ" ਕਿਵੇਂ ਧਾਰਦੇ ਹੋਣਗੇ। "ਬਿਨੁ ਪੇਖੇ ਕਹੁ ਕੈਸੋ ਧਿਆਨੁ॥" ਗੁਰਵਾਕ ਦਾ ਤੇ ਅਰਥ ਇਹ ਹੀ ਹੈ। ਦੇਖੇ ਗੁਰੂ ਦੀ ਮੂਰਤ ਦਾ ਹੀ ਧਿਆਨ ਧਰਿਆ ਜਾ ਸਕਦਾ ਹੈ।

ਸੂ: ਸੁੰਦਰ ਸਿੰਘ, ਭਗਵਾਨ ਸਿੰਘ ਜੀ ਨੇ ਮਾਤਾ ਜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਗੇ ਹੱਥ ਜੋੜੇ ਕਿ ਮਸਤ ਮੰਡਲੀ, ਬਿਨ ਸਲਾਹੇ ਸਾਥੋਂ ਕੀਤਾ ਹੈ, ਜੋ ਕੀਤਾ ਹੈ। ਮਾਤਾ ਜੀ ਤੇ ਤਿੰਨਾਂ ਭਾਈਆਂ ਕਿਹਾ, ਆਪ ਦਾ ਇਸ ਵਿਚ ਕੀ ਦੋਸ ਹੈ। ਮੇਲਾ ਕਰ, ਭੋਗ ਪਾ, ਭੈਣੀ ਸਾਹਿਬ ਆਏ ਤੇ ਸਤਿਗੁਰੂ ਜੀ ਕਿਹਾ, ਮੈਂ ਏਦੂ ਅਗੇ ਇਸ ਤਰ੍ਹਾਂ ਦੇ ਮੇਲੇ ਤੇ ਦੌਰੇ ਨਹੀਂ ਕਰਨੇ।

## ਕੂਕਾ ਪੰਥ ਸਾਡਾ ਟੱਬਰ ਹੈ

ਮਾਤਾ ਜੀਉਣ ਕੌਰ ਜੀ ਕਿਹਾ, ਇਹ ਕੂਕਾ ਪੰਥ ਸਾਡਾ ਟੱਬਰ ਹੈ, ਅਸਾਂ ਇਸ ਵਿਚ ਰਹਿਣਾ ਤੇ ਇਸੇ ਨਾਲ ਵਰਤਣਾ ਹੈ। ਹਾਂ ਜਿਸ ਦਾ ਦੋਸ ਹੋਵੇ ਉਸ ਨੂੰ ਜਰੂਰ ਕਹੋ। ਸਤਿਗੁਰੂ ਜੀ ਬਚਨ ਕੀਤਾ, ਮਾਤਾ ਜੀ! ਆਪ ਜੀ ਨੂੰ ਪਤਾ ਹੀ ਹੋਵੇਗਾ ਕਿ ਗੁਰੂ ਹਰੀ ਸਿੰਘ ਜੀ ਸਾਨੂੰ ਤਿੰਨਾਂ ਭਰਾਵਾਂ ਨੂੰ ਏਕ ਸਮੇਂ

ਮਾਦਪੁਰ (ਮਾਤਾ ਸਾਹਬੋ ਜੀ ਦੇ ਪੇਕੇ ਪਿੰਡ) ਇਕ ਸ਼ਾਦੀ ਤੇ ਭੋਜਨ ਸਮੇਂ ਕਿਹਾ ਸੀ, "ਐਸੇ ਬਣ ਕੇ ਜਾਓ ਕਿ ਗੁਆਂਢਣ ਪਈ ਧਰਕੇ।" ਮੈਂ ਓਦੋਂ ਤਾਂ ਸਾਰਾ ਭਾਵ ਸਮਝ ਨਾ ਸਕਿਆ, ਪਰ ਹੁਣ ਸਮਝ ਆਉਂਦੀ ਹੈ। ਗੁਰੂ ਜੀ ਕਿਹਾ ਸੀ, ਐਸੀ ਰਹੁਤ ਬਣਾ ਚਲੋ ਕਿ ਦੇਖਣ ਵਾਲੇ ਰੀਸ ਹੀ ਨਾ ਕਰ ਸਕਣ, ਸਗੋਂ ਦੇਖ ਕੇ ਦਬਾ ਮੰਨਣ। ਮਾਤਾ ਜੀ ਕਿਹਾ, ਤੂੰ ਜਾਣ ਤੈਨੂੰ ਹੀ ਗੁਰੂ ਜੀ ਕਹਿ ਗਏ ਹਨ, "ਹੁਣ ਤੂੰ ਸਭ ਨੂੰ ਕਹਿ, ਸਤਿਗੁਰੂ ਜੀ ਕਿਹਾ, ਮੈਂ ਤੇ ਜਿਵੇਂ ਹੁਣ ਕਿਹਾ ਹੈ, ਤਿਵੇਂ ਦਾ ਹੀ ਹੋ ਵਰਤਾਂਗਾ।

## ਮਹਾਵੇ ਵਾਲੇ

(ਸੰਤ ਕੇਸਰ ਸਿੰਘ ਜੀ ਮਹਾਵੇ ਵਾਲੇ) ਮਸਤ ਹੀ ਆਮ ਰਹਿੰਦੇ। ਕਦੀ ਮਸਤ ਹੋਏ ਘਰ ਨਦਾਨ ਹੀ ਆ ਨੂੰਹਾਂ ਨੂੰ ਕਹਿੰਦੇ। ਬੱਚਾ ਮੈਂ ਅੱਜ ਬਾਲ ਰੂਪ ਧਾਰਿਆ ਹੈ। ਕਿਸੇ ਨੂੰ ਗਿਲਾਨ ਨਾ ਔਂਦੀ ਸੀ। ਕਦੀ ਮਸਤ ਹੋ ਬੋਲਦੇ। ਕੂਕੇ ਕਿਉਂ ਡੋਲਦੇ ਹਨ। ਇਹ ਅੰਗਰੇਜ਼ ਜਾਣਗੇ ਖੁਸਰੇ, ਤੇ ਹੁਣ ਮੈਂ ਕਮੇਟੀਆਂ ਦਾ ਰਾਜ ਕਰ ਦੇਣਾ ਹੈ, ਆਉਣਗੇ ਰਾਮ ਤੇ ਰੂਸ ਭੀ ਜ਼ਰੂਰ, ਪਰ ਅਜੇ ਦੂਰ ਪੰਧ ਏ। ਕੋਈ ਕਾਹਲ ਦੀ ਲੋੜ ਨਹੀਂ, ਰਾਮੇ ਨੂੰ ਕਦੇ ਮੋੜ ਨਹੀਂ। ਰਾਰਾ ਰਾਰਾ ਰਾਰਾ। ਇਹ ਰਾਮੇ ਦੀ ਕਾਰ ਏ।

ਸੰਤ ਅੰਕ ਵਿਚ ਸੰਤ ਨਿਧਾਨ ਸਿੰਘ ਜੀ ਆਲਿਮ, ਤੇ ਸਤਿਗੁਰੂ ਬਿਲਾਸ, ਗ੍ਰੰਥ ਵਿਚ ਸੰਤ ਸੰਤੋਖ ਸਿੰਘ ਜੀ, ਇਹਨਾਂ ਸੰਤਾਂ ਦੇ ਬਹੁਤ ਬਚਨ ਲਿਖੇ ਹਨ। ਮੈਂ ਵਿਸਥਾਰ ਦੇ ਡੈ ਤੋ ਵੰਨਗੀ ਹੀ ਵਿਖਾਈ ਹੈ। (ਤਰਨ ਸਿੰਘ)

## ਭਾਈ ਵਜ਼ੀਰ ਸਿੰਘ ਜੀ

ਸਤਿਗੁਰੂ ਪਰਤਾਪ ਸਿੰਘ ਜੀ ਹੁਣ ਵਜ਼ੀਰ ਸਿੰਘ ਜੀ ਤੇ ਗੁਰਬਖ਼ਸ਼ ਸਿੰਘ ਜੀ ਜਿਹੇ ਹੋਰ ਹਾਣੀਆਂ ਮੇਲੀਆਂ ਨਾਲ ਮਿਲ ਖੁੱਲ੍ਹਾ ਖੇਡਦੇ। ਪਿੜ ਵਿਚ ਭੀ ਤੇਲ ਮਲ ਜੋਰ ਕਰਦੇ ਤੇ ਨਹਿਰ ਵਿਚ ਤਰਦੇ। ਪ੍ਰਸਾਦ ਦੇ ਵੇਲੇ ਮਨ ਭੌਂਦਾ ਛਕਦੇ। ਵਜ਼ੀਰ ਸਿੰਘ ਜੀ ਨੂੰ ਤਾਈ ਕਰਕੇ ਬੁਲਾਂਦੇ। ਜਿਸ ਦਾ ਭਾਵ ਬਹੁਤ ਹੇਤ ਵਾਲਾ ਸੀ। ਹੋਰ ਸਾਧੂ ਭੀ ਵਜ਼ੀਰ ਸਿੰਘ ਜੀ ਨੂੰ ਤਾਈ ਹੀ ਕਹਿੰਦੇ। ਵਜ਼ੀਰ ਸਿੰਘ ਜੀ ਗੜਵੇ ਇਸ਼ਨਾਨ, ਮਦਾਨ, ਸਰਦਾਈ ਦਾ ਧਿਆਨ ਹਰ ਸਮੇਂ ਬਿਨਾਂ ਬੁਲਾਣ ਦੇ ਰੂਹ ਰਲੀ ਵਾਂਗੂ ਕਰਦੇ। ਅਰਥਾਤ ਜਿਸ ਵਸਤ ਦੀ ਲੋੜ ਪੈਣੀ ਹੁੰਦੀ ਉਹ ਹੀ ਪਹਿਲੋਂ ਹਾਜ਼ਰ ਤੇ ਤਿਆਰ ਕਰ ਕਰਾ ਰਖਦੇ।

ਸਭ ਡੇਰੇ ਭੈਣੀ ਸਾਹਿਬ ਦੇ ਭੀ, ਜੋ ਨਰਮ ਜਿਹੇ ਵਰਖਾ ਕਰ, ਤੇ ਬੇ-ਧਿਆਨੀ ਕਰ ਗਿਰ ਗਏ ਸੀ, ਤਿਆਰ ਕਰਵਾਏ ਲਿਪਾਏ, ਤੇ ਸਲਾਹ ਬਣਾਈ, ਇਸ ਸਾਲ ਅਨੰਦਪੁਰ ਸਾਹਿਬ ਹੀ ਹੋਲਾ ਕਰੀਏ, ਭਾਵੇਂ ਖੇਚਲ ਤੇ ਹੋਵੇਗੀ ਪਰ ਪ੍ਰਚਾਰ, ਵਾਕਫੀ ਤੇ ਤਜਰਬਾ ਭੀ ਬਹੁਤ ਵਧੇਗਾ।

## ਅਨੰਦ ਪੁਰ ਹੋਲੇ ਦੀ ਤਿਆਰੀ

ਸਤਿਗੁਰੂ ਜੀ, ਨਿਮਾਣੀ ਦੇ ਮੇਲੇ ਤੇ ਸਭ ਸੰਗਤ ਨਾਲ ਵਾਕਫ਼ੀ ਬਣਾਈ ਤੇ ਆਪਣੀ ਸਲਾਹ ਜਣਾਈ ਕਿ ਹੋਲਾ ਅਨੰਦਪੁਰ ਸਾਹਿਬ ਇਸ ਸਾਲ ਕੀਤਾ ਜਾਵੇ। ਜਿਵੇਂ ਸਤਿਗੁਰੂ ਰਾਮ ਸਿੰਘ ਜੀ ਹਜ਼ੂਰ ਸਾਹਿਬੋਂ ਮਰਯਾਦਾ ਮੰਗਾ ਅਰੰਭੀ ਸੀ। ਤਿਵੇਂ ਅਸੀਂ ਭੀ ਸਿੱਖੀ ਦੇ ਸੁੱਖ ਵਾਧੇ ਲਈ ਅਨੰਦਪੁਰੋਂ ਹੀ ਗੁਰੂ ਘਰ ਵਲੋਂ ਹੋਲਾ ਕਰੀਏ, ਤੇ ਨੀਂਹ ਸਾਧ ਸੰਗਤ ਨਾਲ ਨਿਹੁੰ ਵਧਾਣ ਦੀ ਰੋੜੀ ਧਰੀਏ।

ਸਾਧ ਸੰਗਤ ਮੁਕਤਸਰ ਵਲੋਂ ਵੀ ਆਈ, ਅਰਜ਼ ਕੀਤੀ ਮਾਘੀ ਦੇ ਮੇਲੇ ਤੇ ਆਪ ਮੁਕਤਸਰ ਦਰਸਨ ਦਿਓ। ਤਾਂ ਕਿਹੋ ਨੇ, ਸਭ ਸਾਧ ਸੰਗਤ ਐਤਕੀਂ ਅਨੰਦਪੁਰ ਦੇ ਹੋਲੇ ਤੇ ਹੀ ਦਰਸਨ ਦੇਵੇ, ਲਵੇ, ਜੇ ਅਸੀਂ ਉਥੇ ਆਪਣੇ ਮੂੰਹ ਸਿਰ ਮੇਲਾ ਕਰ ਸਕੇ ਤਾਂ ਹੋਰ ਦੌਰੇ ਭੀ ਕੀਤੇ ਜਾਣਗੇ, ਕਿਉਂ ਕਿ ਸੁਣਿਆਂ ਹੈ, ਅਨੰਦਪੁਰ, ਦੁਆਲੇ ਤੋਂ ਆਏ ਲੋਕ, ਬਹੁਤ ਟੋਲੀਆਂ ਬਣ ਗੰਦ ਬਕਦੇ ਹਨ ਤੇ ਹੁੱਕਾ, ਸਰਾਬ ਬਹੁਤ ਹੁੰਦਾ ਏ, ਜੇ ਕੋਈ ਸਿੱਖ ਸਾਧ ਭੁੱਲਾ ਚੁੱਕਾ ਜਾਵੇ, ਤਾਂ ਦੁਖੀ ਹੋ ਦਿਹਾੜੀ ਗਵਾ ਔਂਦਾ ਏ।

ਸਤਿਗੁਰੂ ਜੀ ਅਨੰਦਪੁਰ ਸਿੱਖ ਭੇਜੇ, ਲੰਗਰ, ਜਲ, ਦੀਵਾਨ, ਜੰਗਲ, ਮੈਦਾਨ ਤੇ ਬੋਲੀਆਂ ਗੰਦੀਆਂ ਦੇ ਬੰਦ ਹੋਣ ਦੇ ਸਬੰਧ ਵਿਚ ਸੂਝ ਲੈਣ ਲਈ। ਸਿੱਖਾਂ 'ਹਮਾਇਤੀ ਨਾਲੇ'○ ਤੇ ਚਰਨ, ਗੰਗਾ ਲਾਗੇ ਜਗ੍ਹਾ ਵੇਖੀ ਤੇ ਪਤਾ ਕੀਤਾ, ਕਿਵੇਂ ਸਭ ਤਰ੍ਹਾਂ ਦੀ ਸਤਿਗੁਰੂ ਜੀ ਦੀ ਮਰਜ਼ੀ ਦਾ ਹੋਲਾ ਹੋ ਸਕੇਗਾ। ਨੇੜੇ ਸ਼ਹਿਰ ਵੱਡਾ ਨ ਲਗਦਾ ਸੀ। ਤੇ ਲੋਕ ਪਹਾੜੀ ਦੇ ਦੁਆਲੇ ਦੇ ਜੱਟ ਰਜਵਾਰ ਚਾਰ ਦਿਨ ਆ ਸਗੋਂ ਸੁੱਖ ਵਸਦਿਆਂ ਨੂੰ ਗੰਦ ਬੋਲ, ਧੱਕੇ ਭੀੜ ਕਰ, ਤੰਗ ਕਰ ਜਾਂਦੇ ਸਨ। ਸਤਿਗੁਰੂ ਜੀ ਡੇਰੀ ਸਾਹਿਬ ਹੀ ਉਨ੍ਹਾਂ ਰੌੜਿਆਂ ਤੇ ਤੰਬੂ ਤੇ ਰਸਤਾਂ ਟੋਰੀਆਂ। ਕੁਝ ਦਿਨ ਪਹਿਲੋਂ ਇਸ਼ਤਿਹਾਰ ਛਪਵਾ, ਪਹਾੜਾਂ ਵਲ ਸਿੱਖ ਭੇਜ ਥੰਡੇ, ਕੰਧਾਂ, ਮੋੜਾ, ਅਨੰਦਪੁਰ ਨਗਰ ਤੇ ਗੁਰਦੁਆਰੇ ਲਾਏ। ਕਿ ਕੋਈ ਗੰਦ ਨਾ ਬੋਲੇ, ਸ਼ਰਾਬ, ਹੁੱਕਾ, ਸਿਗਰਟ ਨਾ ਲੈ ਫਿਰੇ, ਗੁਰੂ ਨਗਰ ਸਬਦ ਪੜ੍ਹਦੇ ਆਵੇ।

੧੯੬੪ ਅਨੰਦਪੁਰ ਸਾਹਿਬ ਦੇ ਮੇਲੇ ਹੋਲੇ ਤੋਂ ਪਹਿਲਾਂ, ਸਤਿਗੁਰੂ ਜੀ ਮੇਲੇ ਦੇ ਦਿਨਾਂ ਦੇ ਜ਼ੁਮੇਵਾਰ ਸਿੱਖ, ਪੁਲਸ ਦੇ ਥਾਣੇਦਾਰ ਕੋਲ ਭੇਜੇ ਕਿ ਲੋਕਾਂ ਨੂੰ ਤੁਸੀਂ ਜ਼ੋਰ ਦੇ, ਰੋਕੋ ਕੋਈ ਗੰਦ ਨਾ ਬਕੇ, ਧੱਕੇ ਨਾ ਮਾਰੇ, ਸ਼ਰਾਬ, ਸਿਗਰਟ, ਹੁੱਕਾ ਉਕਾ ਨਾ ਲੈ ਮੇਲੇ ਤੇ ਗੁਰਦੁਵਾਰੇ ਵਿਚ ਆਵੇ। ਥਾਣੇਦਾਰ ਤੇ ਸਿਪਾਹੀਆਂ ਕਿਹਾ, ਸਾਥੋਂ ਆਈਆਂ ਟੋਲੀਆਂ, ਬੋਲੀਆਂ ਪਾਂਦੀਆਂ ਨਹੀ ਰੁਕਦੀਆਂ।

ਸਤਿਗੁਰੂ ਜੀ ਇਕ ਦਿਨ ਪਹਿਲੇ ਆਪ ਅਨੰਦਪੁਰ ਪੁੱਜ, ਕੁਝ ਜਵਾਨ, ਸੁਜਾਨ ਤੇ ਬਲਵਾਨ ਸਿੱਖਾਂ ਨੂੰ ਸੱਦ ਸਲਾਹ ਮਤਾ ਮੇਲ ਕਿਹਾ, ਤੁਸੀਂ ਤਿਆਰ ਬਰ ਤਿਆਰ ਹੋ, ਹਰ ਰਸਤੇ ਮੂਹਰੇ ਖੜੋਵੋ ਤੇ ਮੇਲੇ ਦੇ ਵਿਚ ਭੀ ਫਿਰੋ। ਜੋ ਐਸਾ ਆਵੇ ਪਹਿਲੇ ਸਹਿਜ ਸੁਭਾ ਸਮਝਾਵੋ, ਜੇ ਨਾ ਸਮਝੇ ਤਾਂ ਬਲ ਨਾਲ ਭੀ ਦਬਾਵੋ, ਐਸਾ ਦਰਸ਼ਨੀ ਦਿਖਾਲਾ ਦਿਓ, ਇਕ ਮੁੱਠ ਹੋ, ਕਿ ਗਾਂਡਵੀ ਟੋਲੀ ਕੋਈ ਤੁਸਾਂ ਅਗੇ ਅੜ ਹੀ ਨ ਸਕੇ। ਤੇ ਪੁਲਸ ਪਾਸ ਸਿੱਖ ਭੇਜ ਕੇ ਕਿਹਾ, ਤੁਸਾਂ ਸਾਥੋਂ ਵਧੇ ਗੰਦ, ਬੰਦ ਕਰਨ ਦੀ ਰੋਕ ਕਰਨੀ।

ਸਿੰਘ ਸਭੀਏ, ਜੋ ਸਦਾ ਇਕ ਤੰਬੂ ਸਾਇਵਾਨ ਲਿਆ, ਮਸਾਂ ਗੁਜ਼ਾਰਾ ਕਰ ਗ੍ਰੰਥ ਸਾਹਿਬ ਦੀ

---

○ਇਹ ਹੋਲਾ ਮੇਲਾ ਹਮਾਇਤੀ ਨਾਲੇ ਤੇ ਹੋਇਆ ਸੀ। ਇਹ ਨਾਲਾ ਮਸ਼ਹੂਰ ਨਿਕਲਦਾ ਹੈ ਤੇ ਇਸ ਨੇ ਤੁਰਕਾਂ ਨਾਲ ਜੁਧ ਬਾਹੂ ਜੀ ਦੇ ਸਮੇਂ, ਤੁਰਕੀ ਦਲ ਰੋਕ ਰਖਿਆ ਸੀ, ਜਿਸ ਹਮਾਇਤ ਤੋਂ ਇਸ ਦਾ ਨਾਮ ਹਮੈਤੀ ਹੋਇਆ।

Sri Satguru Jagjit Singh Ji Elibrary NamdhariElibrary@gmail.com

ਰਾਖੀ ਰਖ ਸਕਦੇ ਸੀ, ਉਹਨਾਂ ਨੂੰ ਭੀ ਕਹਾਇਆ ਤੁਸੀਂ ਬੇਫਿਕਰ ਰਹੋ। ਸਾਥੋਂ ਵਧੇ ਕੰਮ ਤੇ, ਜੇ ਅਸੀਂ ਕਹੀਏ ਤਾਂ ਗੁਰੂ ਨਮਿਤ, ਹਿਤ ਸਾਡਾ ਕਰਨਾ। ਗੁਰਦੁਆਰੇ ਦੇ ਸਿੰਘਾਂ ਨੂੰ ਕਹਿ ਭੇਜਿਆ, ਪ੍ਰਸਾਦ ਆਪ ਨੇ ਇਤਨੇ ਦਿਨ ਸਾਡੇ ਵਲੋਂ ਅਰੰਭੇ, ਗੁਰੂ ਕੇ ਲੰਗਰੋਂ ਆ ਛਕਣਾ।

## *ਸੰਗਤ ਵਲੋਂ ਦਸਤਾਰ*

ਸੰਤ ਮੰਡਲੀ—ਸੰਤ ਕੇਸਰ ਸਿੰਘ ਜੀ, ਮਿੱਤ ਸਿੰਘ ਜੀ, ਸੰਤ ਲਾਲ ਸਿੰਘ ਜੀ, ਸੰਤ ਬਾਬੇ ਜਵੰਦ ਸਿੰਘ ਜੀ ਜ਼ਿੰਦਾ ਸ਼ਹੀਦ, ਖਿਹਾਲੇ ਵਾਲਿਆਂ ਨੇ, ਇਕ ਅੱਡਰੇ ਬੈਠ ਮਤਾ ਕੀਤਾ, ਕਿ ਭਾਵੇਂ ਗੁਰੂ ਹਰੀ ਸਿੰਘ ਜੀ ਦੇ ਹੁਕਮ ਕਰ, ਮਹਾਰਾਜ ਪਰਤਾਪ ਸਿੰਘ ਜੀ ਨੂੰ ਦਸਤਾਰ ਗੁਰੂ ਜੀ ਦੇ ਜੋਤੀ ਜੋਤਿ ਸਮੇਣ ਬਾਅਦ ਤੀਜੇ ਦਿਨ ਤੋਂ ਹੀ ਤੇ ਆਸਣ ਚੌਰ ਭੀ ਭਾਵੇਂ ਉਸ ਰੋਜ਼ੋਂ ਸੋਭ ਰਹੇ ਹਨ, ਪਰ ਮਨ ਮਰਜ਼ੀ ਦੇ ਲੋਭ ਵਾਲੇ ਹਾਲੇ ਨਾਲੇ ਨਾਲ ਕਈ ਗੱਲਾਂ ਜੋ ਕਰਦੇ ਹਨ ਉਹ ਬੰਦ ਹੋਣੀਆਂ ਚਾਹੀਦੀਆਂ ਹਨ।

ਕੋਈ ਕਹਿੰਦਾ ਹੈ ਮਹਾਰਾਜ ਨਿਹਾਲ ਸਿੰਘ ਜੀ ਬੜੇ ਸਹਿਜ ਸੁਭਾਈ ਹਨ। ਕੋਈ ਕਹਿੰਦਾ ਹੈ ਮਹਾਰਾਜ ਗੁਰਦਿਆਲ ਸਿੰਘ ਜੀ ਬੜੇ ਕੋਮਲ ਤੇ ਸੂਝ ਵਾਲੇ ਹਨ। ਕੋਈ ਸੰਤ ਜਿਉਣ ਸਿੰਘ ਜੀ ਦੇ ਮੇਲੀ ਸੰਤਾਂ ਦੇ ਬਿਨ ਸਲਾਹੇ ਕਹਿੰਦੇ ਹਨ। ਮਹਾਰਾਜ ਪਰਤਾਪ ਸਿੰਘ ਜੀ ਦਾ ਸੁਭਾ ਤੇਜ ਤੇ ਕਰੜਾ ਏ। ਇਸ ਲਈ ਨਾਮਧਾਰੀ ਸਾਧ ਸੰਗਤ ਦਾ ਇਸ ਮੇਲੇ ਤੇ ਇਕ ਫੈਸਲਾ ਹੋਣਾ ਚਾਹੀਦੈ। ਭਾਵੇਂ ਇਹਨਾਂ ਨੂੰ ਕੁਝ ਸਾਲਾਂ ਦੇ ਹੋਲੇ ਮੇਲਿਆਂ ਤੋਂ ਮਥੇ ਟਿਕਦੇ ਹਨ। ਅੱਜ ਇਹਨਾਂ ਨੂੰ ਸਰਧਾ ਦੀ ਦਸਤਾਰ ਸਾਧ ਸੰਗਤ ਜ਼ਰੂਰ ਦੇਵੇ, ਜਿਵੇਂ ਬਾਬੇ ਜਮੀਤ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੇ ਵਲੋਂ ਸਤਿਗੁਰੂ ਮੰਨ, ਗਿੱਲੀ ਬੰਧਾਈ ਸੀ। ਭਾਵੇਂ ਸਤਿਗੁਰੂ ਜੀ ਪਹਿਲੇ ਭੀ ਸਤਿਗੁਰੂ ਜੀ ਹੀ ਸੀ।

ਸੰਤ ਜਵੰਦ ਸਿੰਘ ਜੀ ਨੇ, ਇਕ ਦਸਤਾਰ ਹੱਥ ਵਿਚ ਲੈ ਹੋਲੇ ਦੇ ਭੋਗ ਸਮੇਂ ਸਭ ਸੰਗਤ ਵਿਚ ਖੜੇ ਉਚੀ ਬੋਲ ਕਿਹਾ, ਭਾਵੇਂ ਅਗੇ ਭੀ ਕੋਈ ਕਮੀ ਨਹੀਂ, ਪਰ ਇਹ ਦਸਤਾਰ, ਸਾਰੀ ਨਾਮਧਾਰੀ ਸਾਧ ਸੰਗਤ ਵਲੋਂ ਸਰਧਾ ਦੀ, ਇਹਨਾਂ ਮਹਾਰਜ ਪਰਤਾਪ ਸਿੰਘ ਜੀ ਨੂੰ ਭੇਟਾ ਕਰਦੇ ਹਾਂ। ਸਭ ਸੰਗਤ ਨੇ ਸੁਣਦਿਆਂ ਜੈਕਾਰਾ ਬੁਲਾਇਆ ਤੇ ਕਈਆਂ ਨੇ ਮਸਤੀ ਵਿਚ ਗਲਾਸ ਵਜਾ, ਦੋਹੜਾ ਭੀ ਲਾਇਆ। ਰਾਮ ਰਾਇਆ। ਰਾਮ ਰਾਇਆ। ਸੰਗਤਾਂ ਦੇ ਦੁਖ ਦੂਰ ਕਰਨੇ, ਗੁਰੂ ਵਡੇ ਪ੍ਰਤਾਪ ਵਾਲਾ ਆਇਆ।

ਸੰਤ ਜਵੰਦ ਸਿੰਘ ਜੀ, ਹੱਥੀਂ ਨਾਮਧਾਰੀ ਸੰਗਤ ਵਲੋਂ ਭੇਟਾ ਹੋਈ ਦਸਤਾਰ, ਸਤਿਗੁਰੂ ਜੀ ਅਗੋਂ ਹੱਥ ਵਧਾ ਲੈ ਮਨਜ਼ੂਰ ਕੀਤੀ ਤੇ ਅਗਲੀ ਸਹਿਜ ਨਾਲ ਉਤਾਰ, ਸੰਤਾਂ ਵਲੋਂ ਮਿਲੀ ਸੀਸ ਤੇ ਸਜਾ ਲਈ। ਇਸੇ ਸਮੇਂ ਸੰਤ ਖਾਲਸਾ (ਨਿਹੰਗ ਸਿੰਘ ਜੀ) ਠੱਟੇ ਵਾਲੇ ਭੀ ਜੋ ਆਏ, ਸੰਗਤ ਵਿਚ ਬੈਠੇ ਸੀ, ਉਹਨਾਂ ਉਠ ਕੇ ਹੱਥ ਜੋੜ, ਮੱਥਾ ਟੇਕ, ਉੱਚਾ ਜੈਕਾਰਾ ਗਜਾਇਆ। ਸਿੰਘ ਸਭਾ ਦੇ ਆਏ ਸਿੰਘਾਂ ਨੇ ਭੀ ਕਿਹਾ, ਬਾਬੇ ਭੈਣੀ ਸਾਹਿਬ ਵਾਲੇ ਦੇ ਪ੍ਰਤਾਪ ਪਾਵੇ, ਅਸਾਂ ਭੀ ਆਰਾਮ ਦਾ ਹੋਲੇ ਦਾ ਦੀਵਾਨ ਕਰ ਸੁਣ ਲਿਆ ਏ। ਪੁਲਸ ਦੇ ਥਾਣੇਦਾਰ ਜੋ ਕੁਝ ਸਿਪਾਹੀਆਂ ਸਣੇ ਉਸ ਸਮੇਂ ਮੇਲਾ ਸੁਣ ਆਇਆ ਸੀ। ਕਿਹਾ, ਕਿ ਕੂਕਿਆਂ ਦੇ ਗੁਰੂ ਦੀ ਹਿੰਮਤ ਨਾਲ ਐਤਕੀ ਕੋਈ ਗੰਦ, ਬੋਲੀ ਨਹੀਂ ਹੋਈ ਤੇ ਕੋਈ ਟੋਲੀ, ਮੁੰਡ ਮੰਡਲੀ ਨਹੀਂ ਬਕਦੀ ਫਿਰੀ।

ਸਤਿਗੁਰੂ ਜੀ ਦੇ ਸਾਹਵੇਂ ਆ, ਸੀਸ ਨਿਵਾ ਊਸ ਕਿਹਾ, ਆਪ ਦੀ ਹਿੰਮਤ ਨਾਲ ਹੋਲਾ ਆਰਾਮ ਦਾ ਨਿਭ ਗਿਆ ਹੈ। ਅਨੰਦ ਪੁਰ ਨਗਰ ਦੇ ਪੰਚੈਤੀਆ ਮਿਲ ਕਿਹਾ, ਆਪ ਦੀ ਦਇਆ ਨਾਲ ਇਸ ਹੋਲੇ ਤੇ ਸਾਨੂੰ ਸੁੱਖ, ਅਰਾਮ ਰਿਹਾ ਏ, ਨਹੀਂ ਤੇ ਇਹਨੀਂ ਦਿਨੀਂ ਸਾਡੀ ਨੀਂਦਰ ਹਰਾਮ ਹੋ ਜਾਂਦੀ ਸੀ, ਦਿਨੇ ਬੂਹੇ ਭੱਜਦੇ, ਲੋਕ ਥਕਦੇ ਸੁਣੀਂਦੇ ਸਨ। ਰਾਤ ਕਿਸੇ ਉਪਾਧ ਦਾ ਖਤਰਾ ਰਹਿੰਦਾ ਸੀ। ਧੀ, ਭੈਣ ਜਵਾਨ ਅਸੀਂ ਬਾਹਰ ਨਹੀਂ ਸਾਂ ਜਾਣ ਦੇਂਦੇ। ਉਮੀਦ ਹੈ, ਅਗੋਂ ਭੀ ਹੁਣ ਅਰਾਮ ਹੀ ਰਹਿਣ ਦੀ ਰੌ ਹੋ ਟੁਰੇਗੀ।

ਸਤਿਗੁਰੂ ਜੀ ਸਭ ਨੂੰ ਸੁਣਾ, ਹੱਥ ਜੋੜ ਕੇ ਬਚਨ ਕੀਤਾ,
ਹਿੰਮਤ ਅਗੇ ਫਤਹ ਬਥੇਰੀ, ਜੇ ਕੋਈ ਸੂਰਾ ਹੋਵੇ।
ਅਟਕਨ ਨਹੀਂ ਅੜਿਚਣਾਂ ਅਗੇ, ਜੇ ਉਦਮੀ ਪੂਰਾ ਹੋਵੇ।

ਜੋ ਪੁਲਸ ਥੋੜਾ ਭਿਤਕ ਭੰਥ, ਉਪਾਧ ਕਰਨ ਵਾਲੇ ਨੂੰ ਫੜ ਦੇਂਦੀ ਸੀ। ਉਹ ਭੀ ਅਗੋਂ ਹਿੰਮਤ ਕਰੇ ਤੇ ਸਾਧ ਸੰਗਤ ਭੀ ਖਿਆਲ ਰਖੇ, ਮੈਂ ਭੀ ਆਪ ਦੇ ਨਾਲ ਹੀ ਏਦੂੰ ਅਗੇ ਭੀ ਹੋਵਾਂਗਾ, ਇਹੋ ਪਧਤੀ ਰਵ੍ਹੇ। ਤਾਂ ਹੀ ਗੁਰ ਅਸਥਾਨ ਆਉਣ ਦਾ ਮਹਾਤਮ ਹੈ।

## ਹੋਲਾ ਫੱਕਰਾਂ ਦਾ

ਹੋਲੇ ਦੇ ਭੋਗ ਸਮੇਂ, ਅਗੋਂ ਹੋਲੇ ਦੀ ਅਰਜ, ਸੰਤ ਸੈਮਾਂ ਸਿੰਘ ਜੀ ਮਾਂਗੇ ਦੇ, ਖੂਹ ਤੰਬੋਲੀ ਵਾਲੇ ਕੀਤੀ। ਨੰਗੇ ਪਿੰਡੇ, ਢਿੱਲੀ ਕੱਛੇ, ਮੋਢੇ ਤੇ ਗੜਵਾ ਡੋਰੀ ਲੈ, ਹਾਜਰ ਹੋਇ। ਇਸ ਸਮੇਂ ਸੰਤ ਮੰਗਲ ਸਿੰਘ ਜੀ ਫਤੂਹੀ ਰਕੀਏ ਬੋਲਣ ਤੇ ਹੁਕਮ ਸੁਨਾਣ ਦੇ ਆਗੂ ਸੀ। ਉਹਨਾਂ ਕਿਹਾ, ਹੋਰ ਭੀ ਇਕ ਦੋ ਜਿਲਿਆਂ ਦੇ ਸਿੱਖਾਂ ਵਲੋਂ ਹੋਲੇ ਦੇ ਕਰਨ ਦੀਆਂ ਚਿੱਠੀਆਂ ਆਈਆਂ ਹਨ। ਤੂੰ ਕੀ ਹੋਲਾ ਕਰਨਾ ਏ। ਜਾਹ ਬੈਠ ਮਸਤਾਨਿਆਂ। ਸੰਤ ਸੈਮਾਂ ਸਿੰਘ ਜੀ ਆਪਣੇ ਥਾਂ ਜਾ ਬੈਠੇ। ਸਤਿਗੁਰੂ ਜੀ ਅਗੇ, ਹੋਰ ਸੰਗਤ ਵਲੋਂ, ਰੋਗਾਂ, ਦੁਬਿਧਾਂ, ਦੁੱਖਾਂ ਸੁੱਖਾਂ ਦੀਆਂ ਅਰਜਾਂ ਸੰਗਤ ਕਰ ਰਹੀ ਸੀ।

ਸੰਤ ਸੈਮਾਂ ਸਿੰਘ ਜੀ ਝਟ ਬਾਅਦ ਫੇਰ ਉਠੇ ਤੇ ਅਰਜ ਕੀਤੀ, ਸਤਿਗੁਰੂ ਜੀਓ ਤੇ ਸਾਧ ਸੰਗਤ ਜੀਓ ਹੋਲਾ ਮੈਨੂੰ ਦਿਓ। ਮੰਗਲ ਸਿੰਘ ਜੀ ਫੇਰ ਕਿਹਾ, ਤੂੰ ਫੇਰ ਜੁ ਘਰ ਘਰ ਗੜਵਾ ਖੜਕਾਂਦਾ ਫਿਰੇਂਗਾ। ਜੇ ਹੋਲਾ ਲੈਣਾ ਈ ਤਾਂ ਕਿਸੇ ਪੁੱਜਦੇ ਪੁਰਸ਼ ਨੂੰ ਨਾਲ ਲਿਆ। ਸੰਤ ਸੈਮਾਂ ਸਿੰਘ ਜੀ ਆਪਣੇ ਨਗਰ ਦੇ ਧਨੀ ਪੁਰਸ਼ ਲੱਧਾ ਸਿੰਘ ਨੂੰ ਨਾਲ ਲੈ ਗਏ। ਫੇਰ ਮੰਗਲ ਸਿੰਘ ਜੀ ਕਿਹਾ, ਰੋਖੇ ਮਿਲ ਕੇ ਆਉ। ਸੰਤ ਸੈਮਾਂ ਸਿੰਘ ਜੀ ਫੇਰ ਆਪਣੇ ਥਾਂ ਜਾ ਬੈਠੇ, ਪਰ ਪ੍ਰੇਮਸਰ ਬਹਿਣ ਨ ਦਿੱਤੇ। ਤੀਜੀ ਵਾਰ ਆਏ ਖੜੇ, ਗਲ ਕਪੜਾ ਪਾਏ। ਸੰਤ ਮੰਗਲ ਸਿੰਘ ਜੀ ਅਜੇ ਉਹਨਾਂ ਨੂੰ ਦੇਖ ਬੋਲਣ ਹੀ ਲਗੇ ਸੀ। ਤੂੰ ਮਸਤਾਨਿਆਂ ਹੋਲਾ ਕੀ ਕਰਨੈ ? ਹੋਲਾ ਕਰਨਾ ਕੋਈ ਖੇਡ ਏ। ਤਾਂ ਸੈਮਾਂ ਸਿੰਘ ਜੀ ਆਪੇ ਬੋਲ ਪਏ ਤੇ ਕਿਹਾ, ਹੋਲੇ ਵਾਲਾ ਤੇ ਮੇਰੀ ਬੁਕਲੇ ਹੈ ਤੇ ਤੂੰ ਕੀ ਆਖਨੈ। ਤਿਚਰ ਨੂੰ ਸੰਤ ਕੇਸਰ ਸਿੰਘ ਜੀ ਢਿੱਲੋ, ਦੀਵਾਨ ਵਿਚ ਕੁੱਦ ਪਏ ਤੇ ਕਹਿਣ ਲਗ ਪਏ, ਇਹ ਹੋਲਾ ਮੰਗ ਤੰਗ ਦਾ, ਟੁਕੜਾਂ, ਫਕਰਾਂ ਦਾ ਏ। ਇਹ ਹੋਲਾ ਅਗੋਂ ਸੈਮਾਂ ਸਿੰਘ ਦਾ ਏ ਤੇ ਹੋਰ ਬਹੁਤ ਮਸਤ ਫੌਜਾਂ ਬੋਲ ਪਈਆਂ, ਹੋਲਾ ਫਕਰਾਂ ਦਾ, ਹੋਲਾ ਮਸਤਾਨਿਆਂ ਦਾ।

੧੯੬੯ ਦਾ ਹੋਲਾ ਮਿਲ ਗਿਆ ਸੁਣ ਮਾਂਗੋ ਦੇ ਸਿੱਖ ਨਰਾਜ ਹੋ ਗਏ ਤੇ ਕਿਹੋ ਨੇ, ਸਾਡੀ ਸਲਾਹ ਬਿਨਾਂ ਹੋਲਾ ਕਿਉਂ ਲਿਆ ਹੈ ? ਸੰਤ ਸੌਮਾਂ ਸਿੰਘ ਜੀ ਉੱਤਰ ਦਿੱਤਾ, ਜਿਹਦੇ ਨਾਲ ਮੇਰੀ ਸਲਾਹ ਸੀ, ਉਸ ਕਿਸੇ ਨੂੰ ਪੁੱਛਣ ਹੀ ਨਹੀਂ ਦਿੱਤਾ। ਹੱਛਾ, ਮੈਨੂੰ ਉਹ ਨ ਜਵਾਬ ਦੇਵੇ, ਹੋਲਾ ਹੋ ਜਾਵੇਗਾ।

ਸਤਿਗੁਰੂ ਪਰਤਾਪ ਸਿੰਘ ਜੀ ਕੇਸਗੜ੍ਹ ਸਾਹਿਬ ਗੁਰਦਵਾਰੇ ਜਾ ਕੁਝ ਭੇਟ ਧਰੀ। ਪੁਜਾਰੀਆਂ ਪ੍ਰਵਾਨ ਕਰ ਆਪਣੀ ਮਰਜੀ ਦਾ ਅਰਦਾਸਾ ਕੀਤਾ।

ਸਤਿਗੁਰੂ ਜੀ ਦਾ ਗੁਰਦੁਆਰਿਆਂ ਦੇ ਅਦਬ ਵਜੋਂ, ਇਹ ਹੋਲਾ, ਇਕ ਪਹਿਲਾ ਵੱਡਾ ਕੰਮ ਸੀ, ਜੋ ਪੂਰੀ ਸਰਧਾ ਤੇ ਹਿੰਮਤ ਨਾਲ ਕੀਤਾ ਤੇ ਅਗੋਂ ਗੰਦ, ਬੋਲੀਆਂ ਤੇ ਮੰਦ-ਟੋਲੀਆ ਦਾ ਵਾਹ ਹਟਾ, ਗੁਰਬਾਣੀ ਦੇ ਕੀਰਤਨ ਦਾ ਲਾਹ ਪ੍ਰਵਾਹ ਆਪ ਨੇ ਅਨੰਦਪੁਰ ਟੋਰਿਆ।

ਅਨੰਦਪੁਰ ਦੇ ਹੋਲੇ ਤੋਂ ਆਉਂਦਿਆਂ ਹੀ ਸਤਿਗੁਰੂ ਜੀ ਆਪਣੇ ਮਨ-ਮੇਲੀਆਂ ਭਾਈ ਵਜੀਰ ਸਿੰਘ ਜੀ, ਗੁਰਬਖਸ਼ ਸਿੰਘ ਜੀ ਚੱਕ, ਮਾਘਾ ਸਿੰਘ ਅਲੌੜ, ਹਰਨਾਮ ਸਿੰਘ ਨਥਾਣਾ, ਕੇਹਰ ਸਿੰਘ, ਜੰਗ ਸਿੰਘ ਰਾਖ, ਨਰੈਣ ਸਿੰਘ ਠੇਡਾ ਜ਼ਿਲ੍ਹਾ ਅੰਮ੍ਰਿਤਸਰ, ਹਰਨਾਮ ਸਿੰਘ ਪੱਖੋ ਆਦਿ ਨੂੰ ਕਹਿ ਦਿੱਤਾ, ਜੋ ਗੁਜਰੀ ਦੀ ਵਾਰ ਵਿਚ ਮਹਲੇ ਪਵੇਂ ਦਾ ਸਲੋਕ ਏ, "ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥" ਉਹ ਅਸਾਂ ਅਜਮਾ ਕੇ ਵੇਖ ਲਿਆ ਹੈ। ਮੇਰੇ ਨਾਲ ਜਿਸ ਮੇਲ, ਵਾਹ ਰਖਣਾ ਹੈ ਉਹ ਬਚਨ ਮੰਨ ਪ੍ਰਸੰਨ ਤੇ ਉਦਮੀ ਹੋ ਰਹੇ। ਸਭ ਨੇ ਸਤਿਬਚਨ ਕੀਤਾ।

## ਸਰੀਰ ਦੀ ਸੰਭਾਲ

ਸਤਿਗੁਰੂ ਜੀ ਸੰਜਮ, ਨੇਮ ਰਖਦਿਆਂ ਸਭ ਤੋਂ ਪਹਿਲਾਂ "ਦੁਰਲਭ ਦੇਹ ਪਾਈ ਵਡਭਾਗੀ" ਦੀ ਸੰਭਾਲ ਵੱਲ ਸੁਰਤ ਦਿੱਤੀ। ਸਭ ਨਾਲ ਖੁਸ਼ ਰਹਿਣਾ, ਹੱਸਣਾ ਖੇਡਣਾ। ਪਿਛਲੀ ਰਾਤੇ ਪਹਿਲੋਂ ਆਪ ਜਾਗ ਸਭ ਨੂੰ ਜਗਾਣਾ। ਜੰਗਲ, ਦਾਤਨ, ਇਸ਼ਨਾਨ ਕਰ, ਚੌਕੜਾ ਲਾ ਭਜਨ ਕਰਨਾ, ਬਾਣੀ ਦਾ ਪਾਠ ਕਰਨਾ, ਸੂਰਜ ਉੱਗੇ ਬਾਦ ਹੀ ਬੋਲਣਾ। ਜਲ ਸਰਦਾਈ ਛਕ, ਪਿੰਡ ਵਿਚ ਤੇਲ ਮਲ, ਡੰਡ ਬੈਠਕਾਂ ਤੇ ਮਲੇਸ਼ ਘੋਲ ਕਰਨੇ। ਸਭ ਨੂੰ ਬਰਾਬਰ ਦੀ ਖੁਰਾਕ ਦੇਣੀ, ਇਕ ਥਾਂ ਲੰਗਰ ਛਕਣਾ। ਰਾਤ ਦਿਨ ਕੱਠੇ ਰਹਿਣਾ। ਕੋਈ ਵਿਕਰਮ ਵਾਸ਼ਨਾ ਦਾ ਬਚਨ ਨ ਕਰਨਾ ਸੁਨਣਾ। ਦੇਹ ਤੇ ਮਨ ਦੀ ਸਾਧਨਾ ਚੰਗੀ ਕਰਨੀ। ਜੋ ਬਚਨੋਂ ਲਾਂਭੇ ਵਰਤੇ, ਰਸਤ ਬੰਦ ਕਰ ਦੇਣੀ, ਜਾਂ ਕੋਲ ਆਉਣਾ ਬੰਦ ਕਰ ਦੇਣਾ।

ਨਹਿਰ ਤੇ ਰਹਿੰਦੇ, ਦੌੜ ਲਾਂਦੇ, ਛਾਲ ਮਾਰਦੇ, ਨਹਿਰ ਵਿਚ ਤਰਦੇ ਤੇ ਗਤਕਾ ਖੇਡਦੇ। ਘੋਲ ਦਾ, ਭਾਈ ਜੀ, ਗੁਰਬਖਸ਼ ਸਿੰਘ ਤੇ ਮਾਘਾ ਸਿੰਘ ਨਾਲ ਜੋੜ ਆਮ ਹੁੰਦਾ। ਗਤਕਾ ਹਰਨਾਮ ਸਿੰਘ ਨਿਥਾਣੀ ਏ ਸਭ ਨੂੰ ਸਿਖਾਂਦੇ। ਘੋੜਿਆਂ ਦੀ ਸਵਾਰੀ ਤੇ ਦੌੜ ਭੀ ਕਰਦੇ। ਇਹ ਸਭ ਕੁਝ ਜਾਂ ਨਹਿਰ ਤੇ ਹੁੰਦਾ ਜਾਂ ਰਾਮਸਰੋਂ ਚੜ੍ਹਦੇ ਭਾੜਾਂ ਵਿਚ ਪਹਿਰਾ ਤਕੜਾ ਲਾ, ਕੋਈ ਜਨਾ ਨ ਦੇਖ ਏਧਰ ਆਵੇ। ਖੂਹਾ ਭੀ ਗੇੜਦੇ। ਡਿੰਨ ਸੇਰ ਦੀ ਟਿੰਡ, ਸਤ ਵੀਹਾਂ ਪਈ ਦੇ ਫੇਰੇ, ਕੱਲਾ ਕੱਲਾ ਲਗ ਲਿਆਉਂਦੇ। ਸਤਿਗੁਰੂ ਜੀ ੫੦–੬੦–੭੦ ਤਕ ਲਿਆਉਂਦੇ। ਉਠ ਉੱਚੇ ਚਲਦੇ ਤੇ ਪੂਛ ਫੜ ਚੜ੍ਹ ਜਾਂਦੇ। ਉੱਚੇ ਘੋੜੇ ਤੇ ਆਪਣੇ ਲੱਕ

ਜਾਂ ਕੰਨਾਂ ਨੂੰ ਫੜ ਉਛਲ ਕੇ ਉਪਰ ਜਾ ਬੈਠਦੇ। ਭਾਵੇਂ ਸਾਰੇ ਸਾਥੀ ਸੁਥਰੇ ਸੀ ਪਰ ਸਤਿਗੁਰੂ ਜੀ ਦੇ ਸਾਹਵੇਂ ਕੋਈ ਨਾ ਉਤਰਦਾ।

ਜੀਰਾ ਸਿੰਘ ਰਾਖ ਦਾ ਬਹੁਤ ਫੁਰਤੀਲਾ ਸੀ। ਪਰ ਸ਼ਰਾਬ ਤੇ ਹੋਰ ਵਿਕਾਰਾਂ ਵਲੋਂ ਨ ਰੁਕਦਾ। ਪਿੜ° ਵਿਚ ਆ ਪੋਲਾ ਪੈ ਜਾਂਦਾ ਸੀ। ਇਸ ਦੀ ਖੁਰਾਕ ਬੰਦ ਕੀਤੀ ਤੇ ਮਨ ਨ ਪੂਰੇ ਮਿਲਦੇ ਕਾਰਨ ਛੇਤੀ ਹਟ ਹੀ ਗਿਆ। ਸ੍ਰ: ਕੇਹਰ ਸਿੰਘ ਭੀ ਸ਼ਰਾਬ ਨ ਛਡਦਾ। ਸਤਿਗੁਰੂ ਜੀ ਇਸ ਨੂੰ ਆਪਣਾ ਕਰ, ਕੁਝ ਇਸ ਤੋਂ ਕੰਮ ਲੈਣਾ ਸੀ। ਇਕ ਦਿਨ ਨਹਿਰ ਨੂੰ, ਇਰਾਕ ਤੇ ਸ਼ਰਾਬ ਪੀ ਆਉਂਦੇ ਮਗਰ ਘੋੜਾ ਲਾਏ ਬਹੁਤ ਦਬਾ, ਕੰਨ ਨੂੰ ਹੱਥ ਲਵਾਏ ਛੱਡਿਓ ਨੇ। ਜਦ ਉਸ ਨੂੰ ਸੁਰਤ ਆਈ, ਖੂੰਡੇ ਵੱਜੇ, ਗੋਡੇ ਛਿਲੇ ਵੇਖ, ਹਾਜ਼ਰ ਆ ਅਗੋ ਲਈ ਕੰਨਾਂ ਨੂੰ ਹੱਥ ਲਾਏ। ਸਤਿਗੁਰ ਜੀ ਇਸ ਨੂੰ ਭੈਣੀ ਸਾਹਿਬ ਦੀ ਮੁਖਤਾਰੀ ਸਰਕਾਰੀ ਕੰਮਾ ਦੀ ਦਿੱਤੀ ਰਖੀ ਤੇ ਪਾਕਿਸਤਾਨ ਬਨਣ ਬਾਅਦ ਜੀਵਨ ਨਗਰ ਵਲ ਲੈ ਆਂਦਾ ਸੀ।

ਭਾਈ ਵਜ਼ੀਰ ਸਿੰਘ ਜੀ ਦੇ ਮਾਈ ਭਾਈ ਔਣ ਤੇ ਘਰ ਲਜਾਣ ਨੂੰ ਜ਼ੋਰ ਲਾਉਣ। ਭਾਈ ਜੀ ਦੂਰੋਂ ਦੇਖ ਲੁਕ ਜਾਣ, ਅੰਤ ਉਹਨਾਂ ਕਿਹਾ ਦਰਸਨ ਤੇ ਆਇਆਂ ਨੂੰ ਦੇਣ ਜਿਥੇ ਰਜ਼ਾ ਹੈ ਰਹਿਣ।

## ਸੰਤ ਤੇ ਸਿਆਣੇ

ਸਤਿਗੁਰੂ ਜੀ ਸੰਤ ਮੰਡਲੀ ਭੀ ਅਗੇ ਨਾਲੋਂ ਬਹੁਤਾ ਚਿਰ ਪਾਸ ਰਖਣ ਲਗੇ। ਸੰਤ ਹਾਕਮ ਸਿੰਘ ਜੀ ਕਾਲੇਕੇ ਜ਼ਿਲ੍ਹਾ ਸ਼ੇਖੂਪੁਰਾ, ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ, ਸਮੇਤ ਕਾਲੂ ਤੇ ਮੜੂ ਰਾਗੀ ਦੇ ਪਾਸ ਸੌਂਦ, ਰਖਦੇ, ਕੀਰਤਨ ਰਾਗ ਸੁਣਦੇ। ਜੋ ਗੀਤ ਰਾਗ ਸੁਣਦੇ, ਸੁਤੇ ਅੰਦਰ ਵਾਸ ਕਰੀ ਜਾਂਦਾ।

ਸੰਤ ਹਾਕਮ ਸਿੰਘ ਜੀ, ਗੁਰਬਾਣੀ ਤੇ ਹਿੰਦੂ ਧਰਮ ਦੇ ਗ੍ਰੰਥਾਂ ਦੇ ਬੜੇ ਖੋਜੀ, ਤੇ ਵਿਹਾਰ ਦੀ ਜੁਗਤ ਤੇ ਸੁੱਧ ਬੁਧੀ ਵਾਲੇ ਸੀ। ਹੱਟੀ ਤੇ ਕਪੜੇ ਦਾ ਵਿਹਾਰ ਕਰਦਿਆਂ, ਝੂਠ ਤੇ ਉਧਾਰ ਲੈਣ ਦੇਣ ਤੋਂ ਬਚੇ ਹੀ ਰਹਿੰਦੇ ਸੀ। ਜੋ ਤੁਕ ਕਿਸੇ ਗੁਰਬਾਣੀ ਜਾਂ ਗ੍ਰੰਥ ਵਿਚੋਂ ਪੜ੍ਹਦੇ ਜਿਚਰ ਉਸ ਦਾ ਪੂਰਾ ਅਰਥ ਅੰਦਰ ਨਾ ਆਉਂਦਾ ਉਚਰ ਅਗੇ ਨਾ ਤੁਰਦੇ। ਗ੍ਰਿਹਸਤ ਧਰਮ ਦੇ ਐਸੇ ਨੇਮੀ ਸੀ।

"ਗਿਰਹੀ ਦੇ ਬਨਿਤਾ ਰਿਤੁ ਦਾਨ। ਭੂਲ ਨ ਗਵਨ ਕਰੇ ਦਿਨ ਆਨ ॥

ਅਰਥਾਤ ਜਦ ਇਸਤ੍ਰੀ ਨੂੰ ਸੰਤਾਨ ਉਤਪਤ ਕਰਨ ਦਾ ਸਮਾਂ ਕੁਦਰਤ ਵਲੋਂ ਹੋਵੇ, ਤਦੋਂ ਹੀ ਪੁਰਸ਼ ਗ੍ਰਿਹਸਤ 'ਕਰੇ, 'ਭਾਵ ਦੇ ਧਾਰਨੀ ਸੀ। ਜਿਤਨੀ ਵਾਰ ਉਹਨਾਂ ਲੋੜ ਜਾਣੀ, ਸੰਤਾਨ ਜੋਗ ਸੰਗ ਕੀਤਾ ਤੇ ਬੱਚੇ ਪੈਦਾ ਹੋਏ। ਵਾਧੂ ਖੇਡ ਵਿਹਾਰ ਹੀ ਜਾਣ, ਕਾਮਚੇਸ਼ਟਾ ਨਾ ਕੀਤੀ ਸੀ।

ਸੰਤ ਲਾਲ ਸਿੰਘ ਜੀ, ਕੁਝ ਤਿਆਗ ਕਮਾਈ ਕਰ, ਰਾਗ ਸਿੱਖ, ਸਬਦ ਕੀਰਤਨ ਕਰਦੇ, ਅੰਦਰਲੇ ਦੀਆਂ ਤਹਿਆਂ ਤੇ ਗੁਰੂ ਮੰਤ ਦਾ ਤੱਤ, ਕੀਰਤਨ ਕਰਦੇ ਰਸ ਪੈ ਵਰਸਦੇ ਸੀ।

ਕਾਲੂ, ਮੜੂ ਜੀ ਰਾਗੀ ਰਾਗ 'ਚ ਰਚ, ਰਾਗ ਦਾ ਰੂਪ ਹੋ ਜਾਇਆ ਕਰਦੇ ਇਹ ਲਗਨ ਲਗੀ ਵਾਲੇ, ਤੁਰਕ ਜਾਮਾਂ ਹੁੰਦੇ ਹੋਏ ਸਤਿਗੁਰੂ ਰਾਮ ਸਿੰਘ ਜੀ ਤੇ ਕੂਕਾ ਕਾਰ ਦੇ ਪਿਆਰ ਵਾਲੇ ਸੀ।

ਸਤਿਗੁਰੂ ਜੀ ਦੱਸਦੇ ਸੀ। ਛੋਟੀ ਉਮਰ ਤੋਂ ਗੀਤਾਂ ਤੇ ਰਾਗ ਸੁਣੇ, ਗੁਰੂ ਹਰੀ ਸਿੰਘ ਜੀ ਦੇ

---

°ਸਰਦਾਰ ਸਿੰਘ ਪੂਨੀਆਂ [illegible] ਜੀ ਇਸ ਪਿੰਡ ਵਿਚ ਆ [illegible] ਵਿਚ ਸੀ।

Sri Satguru Jagjit Singh Ji Elibrary NamdhariElibrary@gmail.com

ਸਮੇਂ ਦੇ ਤੇ ਬਾਅਦ ਜਵਾਨੀ ਦੇ, ਮਾਨੋ ਸਾਰੇ ਦੇ ਸਾਰੇ ਹੀ ਕੰਠ ਹੋ ਗਏ ਹੋਏ ਹਨ।

ਸਤਿਗੁਰੂ ਜੀ, ਸੰਤ ਮਸਤਾਨ ਸਿੰਘ ਜੀ ਨੂੰ ਪਟਿਆਲਿਉਂ ਰਾਜੇ ਪਾਸੋਂ ਸੱਦ, ਉਸ ਤੋਂ ਰਾਗ ਕੀਰਤਨ ਸੁਣਿਆਂ ਤੇ ਤਾਊਸ ਦੀ ਸੁਰ ਦਾ ਗਿਆਨ ਲੈਣ ਲਈ ਭੇਟਾ ਭੀ ਅਗੇ ਧਰੀ। ਕੁਝ ਚਿਰ ਕੋਲ ਰੱਖ, ਸੁਰਾਂ, ਸਰਗਮਾਂ, ਤਰਜਾਂ, ਤਰਬਾਂ ਦੀ ਜਾਚ ਭੀ ਸਿਖੀ।○

### ਵਾਰਾ

ਸਤਿਗੁਰੂ ਜੀ ਸਦਾ ਆਪ ਆਸਾ ਦੀ ਵਾਰ, ਪਿਛਾ ਰਾਤ ਸਕੇਸ ਸ਼ਿਨਾਨ ਕਰ, ਸਮੇਤ ਮੇਲੀਆਂ ਬੜੀ ਉੱਚੀ ਸੁਰ ਤੇ ਗੰਭੀਰ ਸੁਆਦ 'ਚ ਪੈ ਲਾਂਦੇ, ਤਾਂ ਧਰਤ ਅਕਾਸ ਸੁਆਦ ਤੇ ਅਵਾਜ਼ਾ ਨਾਲ ਭਰ ਜਾਂਦਾ। ਭਾਈ ਵਜ਼ੀਰ ਸਿੰਘ ਜੀ ਦਾ ਅਵਾਜ਼ ਬੜਾ ਸੋਹਣਾ ਤੇ ਕੋਕਲਾ ਤਰ੍ਹਾਂ ਮਿੱਠਾ ਸੀ। ਜਦ ਸਤਿਗੁਰੂ ਜੀ ਦੇ ਸਾਥ ਮਿਲ ਸੁਰ ਲਾਂਦੇ ਤਾਂ ਮੋਰ ਤੇ ਕੋਇਲ ਇਕੱਠੇ ਬੋਲਦੇ, ਸ਼ਬਦ ਵਰਖਾ ਸਨੇ ਜਾਪਦੇ। ਆਪ ਰਸ ਵਿਚ ਪੈ, ਕਈ ਵਾਰੀ ਸੂਰਜ ਉੱਗੇ ਨਾਲ ਭੋਗ ਪਾਣ ਦੇ ਥਾਂ, ਬਹੁਤ ਚਿਰਕਾ ਦੇਰਾ ਆਏ ਭੋਗ ਵਾਰ ਦਾ ਪਾਂਦੇ। ਸਾਧਾਂ ਵਿਚ ਇਸ ਤਰ੍ਹਾਂ ਦੀ ਵਾਰ ਦਾ ਰਸ ਪਿਆ, ਵਧ ਗਿਆ ਵਕਤ ਜਾਣ ਵਾਰਾ ਲਗਾਣਾ ਨਾਮ ਪ੍ਰਚੱਲਤ ਹੋ ਗਿਆ। ਜਿਸ ਦਿਨ ਬਹੁਤ ਰਸ ਪਵੇ, ਜਾਂ ਬਹੁਤ ਚਿਰ ਕੀਰਤਨ ਸਵੇਰ ਦਾ ਰਵ੍ਹੇ ਤਾਂ ਸਾਧ ਕਹਿੰਦੇ ਅੱਜ ਵਾਰਾ ਲੱਗਾ ਹੈ।

## *ਮਸਤਾਨ ਸਿੰਘ ਜੀ*

ਸੰਤ ਮਸਤਾਨ ਸਿੰਘ ਜੀ, ਪਟਿਆਲੇ ਵਾਲੇ ਰਾਜੇ ਭੂਪਿੰਦਰ ਸਿੰਘ ਕੋਲ, ਕੂਚਾ ਜੋਧ ਸਿੰਘ ੩ ਨੰ: ਮਕਾਨ 'ਚ ਰਹਿੰਦੇ ਸੀ। ਰਾਜੇ ਰਾਗ ਸਭਾ ਕੀਤੀ ਸੀ, ਸਭ ਤੋਂ ਚੰਗੇ ਜਾਣ ਪਾਸ ਰਖੇ ਸੀ ੧੨੫) ੧੫੦) ਮਹੀਨਾ ਦੇਂਦਾ ਸੀ। ਸੁਰ ਸਰਗ ਵਕਤ, ਦਾ ਰਾਗ ਗੌਂਦਾ, ਤੇ ਜਿਹੜੇ ਰਾਗ ਵਿਚ ਸ਼ਬਦ ਲਿਖਿਆ ਹੈ, ਉਚਾਰ ਕਰਨਾ ਇਹ ਧਾਰਨਾ ਸਤਿਗੁਰੂ ਜੀ ਮਸਤਾਨ ਸਿੰਘ ਜੀ ਤੋਂ ਸਿੱਖੀ ਸੀ।

ਇਹ ਸੰਤ ਜੀ ਰਾਜੋ, ਜ਼ਿਲ੍ਹਾ ਗੁਜਰਾਂਵਾਲੇ ਦੇ, ਪਰਜਾਪਤ ਸੀ। ਜਨਮ ਤੋਂ ਜਿਊਣ ਸਿੰਘ ਨਾਮ ਸੀ, ਰਾਗ ਕਰ ਕੇ ਮਸਤ ਹੋ ਜਾਣ ਤੋਂ ਮਸਤਾਨ ਸਿੰਘ ਨਾਮ ਪੈ ਗਿਆ ਸੀ।

### ਕਰਤਬ

ਸਤਿਗੁਰੂ ਜੀ, ਜੋ ਮੌਜ ਨਾਲ ਹਾਣੀਆਂ ਨਾਲ ਰਲ ਹਿੰਮਤੀ ਤੇ ਤਿੱਖੀਆਂ ਕਰਤਬੀ ਖੇਡਾਂ ਕਰਦੇ, ਉਹਨਾਂ ਵਿਚੋਂ ਕੁਝ ਵੇਖੀਆਂ ਤੇ ਸੁਣੀਆਂ ਸਤਿਗੁਰੂ ਜੀ ਦੇ ਮੁੱਖ ਤੋਂ, ਉਸ ਸਮੇਂ ਦੇ ਸਾਥੀਆਂ ਮੇਲੀਆਂ ਤੋਂ। ਸਾਧ ਸੰਗਤ ਤੇ ਪਾਠਕਾਂ ਦੇ ਵਾਕਫ਼ੀ ਸੁਆਦ ਹਿਤ।

ਤਿੱਖੀ ਨਹਿਰ ਵਗਦੀ ਵਿਚੋਂ ਸੋਧ ਰਖ ਸਿੱਧੇ ਜਾਣਾ। ਸਿਰ ਤੇ ਭਾਰ ਰਖ, ਲੱਕ ਤੋਂ ਉਪਰਲਾ ਹਿੱਸਾ ਜਲ ਤੋਂ ਉੱਚਾ ਸੁੱਕਾ ਰਖਣਾ, ਤੇ ਚਿਰ ਭੀ ਵੇਖਣਾ। ਇੱਟ ਉੱਚੀ ਸੁੱਟ, ਚੁਬਾਰੇ ਤੋਂ ਉਪਰ ਦੀ ਵਗਾਣੀ, ਭਾਰੀ ਤੋਂ ਭਾਰੀ ਤੇ ਬਹੁਤ ਵਾਰੀ। ਦੌੜ ਦੇ ਵਕਤ ਤੇ ਪੰਧ ਦਾ ਹਿਸਾਬ ਲਾਣਾ। ਘੋੜੀ ਉੱਚੀ ਤੋਂ ਉੱਚੀ ਤੇ ਕੰਨ ਫੜ, ਆਪਣੇ ਲੱਕ ਨੂੰ ਫੜ ਉਛਲ ਕੇ ਉਪਰ ਜਾ ਪੈਣਾ। ਊਠ ਨਸੇ ਜਾਂਦੇ ਊਂਠ ਦੀ ਨੱਸ ਪੂਛ ਫੜ ਖੁੱਭ ਤੇ ਪੈਰ ਧਰ ਉਪਰ ਜਾ ਬੈਠਣਾ। ਖੂਹ ਦੀ ਮਾਹਲ ਭਰੀ ਤਿੰਨ ਸੇਰੀ ਟਿੰਡ ਸੌਂਤ ਵੀਹਾਂ ਦੀ, ਪਾਣੀ ਵਿਚੋਂ ਬਾਹਰ ਕੱਢ ਧਰਨੀ ਤੇ ਖੂਹ ਦੇ ੨੦ ਗੇੜੇ ਲਿਔਣੇ ਭਰੀ ਮਾਹਲ ਦੇ ਇਕੋ ਦਮ ਇਕੱਲਿਆਂ। ਸਾਰਿਆਂ

---

○ਤਾਊਸ ਇਕ ਸਾਜ਼ ਦੇ ਉੱਤੇ ਮੋਰ ਬਣੇ ਸਨ।

Sri Satguru Jagjit Singh Ji Elibrary NamdhariElibrary@gmail.com

ਨੂੰ ਵਾਰੀ ਵਾਰੀ ਜੋਰ ਕਰਾਂਦਿਆ ਆਪ ਅਰੋਕ ਰਹਿਣਾ। ਗੇਂਦਾ ਕਿਸੇ ਕੋਲ ਨਾ ਰਹਿਣ ਦੇਣਾ। ਜੇ ਰੋਖੇ ਖਿੱਚਣ ਲਗਣ ਤਾਂ ਇਕੱਲਿਆਂ ਜ਼ਮੀਨ ਵਿਚ ਪੱਬ ਖੁਭੋ, ਅੜ ਰਹਿਣਾ। ਪਾਠ ਆਦਿ ਗ੍ਰੰਥ ਸਾਹਿਬ ਜਾਂ ਦਸਮ ਦਾ ਕਰਨ ਸਮੇਂ ਤਿੱਖਾ ਤੇ ਸ਼ੁੱਧ ਸਭ ਤੋਂ ਕਰਨਾ। ਸੁਨਣ ਵਾਲੇ ਨੂੰ ਪ੍ਰਤੀਤ ਹੋਣਾ, ਆਪ ਬਾਣੀ ਰਚਨਹਾਰ ਹੀ ਉਚਾਰ ਰਹੇ ਹਨ। ਪ੍ਰਸਾਦ ਅਠੀਂ ਪਹਿਰੀਂ ਦੁਪਹਿਰੇ ਛਕਣਾ। ਸਵੇਰੇ, ਬਦਾਮ ਰਾਤ ਭੰਨ ਕੇ ਭੇਵੇਂ ਮੱਖਣੀ ਮਿਲਾ ਛਕਣੇ, ਕਦੀ ਰਗੜੇ ਸਰਦਾਈ ਬਣਾ ਛਕਣੇ, ਥੋੜੇ ਦਿਨ ਰਹਿੰਦੇ। ਰਾਤ ਪੰਜ ਸੇਰ ਦੁੱਧ ਮਾਝਾ ਕਾਹੜ, ਅੱਧਾ ਰਹਿਣ ਤੇ ਛਕਣਾ। ਇਹ ਸੇਵਾ ਭਾਈ ਵਜ਼ੀਰ ਸਿੰਘ ਜੀ ਕਰਦੇ ਤੇ ਪ੍ਰਸਾਦ ਲਾਂਗਰੀਆਂ ਤੋਂ ਪਕਵਾ ਲੈਂਦੇ। ਹੋਰ ਹਰ ਸੇਵਾ ਬਿਨ ਬੁਲਾਏ ਤੇ ਕਹੇ ਦੇ ਕਰਦੇ ਭਾਈ ਜੀ।

## ਸਾਨ੍ਹ ਸੁਟਿਆ

ਏਕ ਸਮੇਂ ਸਤਿਗੁਰੂ ਜੀ ਇਕੱਲੇ ਜਾ ਰਹੇ ਸੀ। ਸਿ[redacted] ਦੇ ਹੱਥ ਲੰਮਾ ਥੋੜਾ ਮੋਟਾ ਸੋਟਾ ਸੀ ਹੱਥ ਵਿਚ। ਸਾਨ੍ਹ ਬੈਲ ਮਾਰਨ ਵਾਲਾ, ਅਗੋਂ ਆ ਮਾਰਨ ਪਿਆ। ਪਹਿਲੇ ਪਰੇ ਡਰਾ ਕਰਨ ਦਾ ਜਤਨ ਕੀਤੇ ਨੇ। ਪਰ ਉਹ ਉਪਰ ਹੀ ਚੜ੍ਹ ਆਇਆ ਤਾਂ ਅਗੋਂ ਜੱਫਾ ਭਰ ਪੁੱਠਾ ਸੁਟਿਆ ਤਾਂ ਉਹ ਉਠ ਕੇ ਭੱਜ ਗਿਆ। ਇਸੇ ਤਰ੍ਹਾਂ ਮਾਲੀ ਸੰਢਾ ਭਾਵੇਂ ਕਿੰਨਾ ਅੜਬ ਹੋਵੇ, ਚੁਬਾੜੇ ਫੜ, ਇਕ ਥਾਂ ਖੜਾ ਕਰੀ ਰਖਣਾ। ਘੋੜਾ ਭਾਵੇਂ ਕਿਹਾ ਅੜਬ ਹੋਵੇ ਉਤੇ ਚੜ੍ਹ ਭੀ ਜਾਣਾ ਤੇ ਡਿੱਗਣਾ ਭੀ ਨਾ। ਆਪ ਇੰਨਾ ਤਿੱਖਾ ਟੁਰਨਾ ਸਭ ਸਾਥੀ ਭੱਜ ਹੀ ਰਲਦੇ। ਹਰ ਔਖੇ ਕੰਮ ਲਈ ਹਿੰਮਤ ਧਾਰ ਲੈਣੀ ਤੇ ਆਪ ਅੱਗੇ ਲਗ ਕਰਨਾ। ਸਿੱਖਾਂ ਨੂੰ ਡੇਰੇ ਵਲੋਂ ਖੇਤਾਂ ਵਿਚ ਹਲ ਜੁੱਤੇ ਵੇਖ, ਢਿਲਾ ਟੁਰਦੇ ਦੇਖ, ਆਪ ਹਲ ਫੜ ਨਾਲ ਸਿੱਧੀ ਮਾਰ, ਸਾਰਾ ਜੋੜ੍ਹਾ ਲਾ ਦੱਸਣਾ। ਕਹੀ ਦੀ ਕਾਰ ਹਥੀਂ ਫੜ, ਸਭ ਤੋਂ ਸਿਰੇ ਦੀ ਕਰਨੀ। ਟੋਏ ਟਿਬੇ ਪਧਰੇ ਕਰਨ ਦਾ ਕੰਮ ਇਸ ਸਮੇਂ ਭੈਣੀ ਸਾਹਿਬ ਆਮ ਹੁੰਦਾ ਸੀ।

ਸੌਣਾ ਤੇ ਜਾਗਣਾ ਆਪ ਦਾ ਆਪਣੇ ਵੱਸ ਸੀ। ਨੀਂਦ ਨਾ ਜੋਰ ਪਾਂਦੀ ਨਾ ਕੁਵੇਲਾ ਕਰਦੀ। ਘੜੀ ਪਾਸ ਰਖ ਬਿਰਾਜਦੇ ਪੂਰੇ ਮਿੰਟਾਂ ਤੇ ਉਠਦੇ। ਰਾਤ ਘੋੜਿਆਂ ਦੇ ਪਹਿਰੂਆਂ ਨੂੰ ਤੇ ਜਾਂ ਹੋਰ ਪਹਿਰੇ ਲਗੇ ਸੁਤਿਆਂ ਦੇ ਬਸਤ੍ਰ ਸੋਟੇ ਜੋੜੇ ਪਰ੍ਹੇ ਧਰ ਔਂਦੇ। ਹਰ ਨੇਮ ਭਜਨ ਬਾਣੀ, ਇਸਨਾਨ ਜੰਗਲ, ਸੈਰ, ਦੌੜ ਦਾ ਪੂਰਾ ਨਿਭਾਂਦੇ। ਭਾਈ ਵਜ਼ੀਰ ਸਿੰਘ ਜੀ ਪ੍ਰਛਾਵੇਂ ਤਰ੍ਹਾਂ ਸਦਾ ਅੱਗੇ ਪਿਛੇ ਸਾਥ ਹੀ ਰਹਿੰਦੇ।

"ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ ॥"

ਗੁਰਵਾਕ ਪਰੱਤਖ ਵਰਤਦਾ ਸੀ। ਪ੍ਰੀਤਮ ਤੇ ਪ੍ਰੇਮੀ ਦੋਵੇਂ ਇਕ ਰੂਪ ਹੋਏ ਰਹਿੰਦੇ। ਭਾਈ ਜੀ, ਪਿਛੋਂ ਬਿਰਾਜਦੇ ਪਹਿਲੇ ਉਠਦੇ। ਹੋਰ ਸਾਥੀ ਸਭ ਇਹਨਾਂ ਵਲੋਂ ਵੇਖ ਆਪੋ ਵਿਚ ਪ੍ਰੇਮ ਕਰਨ ਦੀ ਜਾਚ ਸਿਖਦੇ।

## ਹੋਲਾ ੧੯੬੮ ਬਿ:

ਸੰਤ ਸੀਆਂ ਸਿੰਘ ਜੀ, ਇਕ ਦੋ ਸਾਥੀਆਂ ਨੂੰ ਨਾਲ ਲੈ, ਹੋਲੇ ਦੀ ਉਗਰਾਹੀ ਕਰਨ ਟੁਰੇ। ਇਕ ਦਿਨ ਦੁਆਲੇ ਮਾਂਗੇ ਦੇ ਖੂਹਾਂ ਤੇ ਫਿਰ ਆਏ। ਬਹੁਤਿਆਂ ਇਹੋ ਉੱਤਰ ਦਿੱਤਾ, ਤੁਸਾਂ ਸਾਥੋਂ ਬਿਨਾਂ ਪੁੱਛੇ ਹੋਲਾ ਮੰਗ ਲਿਆ, ਸਲਾਹ ਸੋਚ ਕਰ ਕੁਝ ਦਸਾਂਗੇ। ਸੰਤ ਜੀ ਰਾਤ ਕੁਝ ਚਿੰਤਾ ਕਰਦੇ ਬਿਰਾਜੇ। ਸਤਿਗੁਰੂ ਜੀ ਪਿਛਲੀ ਰਾਤੇ ਅਵਾਜ਼ਾ ਦੇ ਕਿਹਾ, ਉਠੋ! ਸੰਤ ਜੀ ਇਸ਼ਨਾਨ ਕਰੋ ਤੇ ਭਜਨ ਕਰੋ। ਜੋ ਹੋਲਾ ਲੈਣ ਸਮੇਂ ਮੈਂ

Sri Satguru Jagjit Singh Ji Elibrary NamdhariElibrary@gmail.com

ਤੁਹਾਡਾ ਸਲਾਹੀ, ਸਾਥੀ ਸਾਂ ਤਾਂ ਹੁਣ ਭੀ ਤੁਹਾਨੂੰ ਕਿਸੇ ਕੋਲ ਜਾਣ ਦੀ ਲੋੜ ਨਹੀਂ। ਮੈਂ ਆਪ ਸਭ ਕੰਮ ਕਰਾਂਗਾ, ਤੁਸੀਂ ਅੰਦਰ ਬੈਠ ਭਜਨ ਕਰੋ। ਸੰਤ ਜੀ ਅਗਲੇ ਰੋਜ਼ ਕਿਤੇ ਨ ਗਏ, ਮਸਤ ਹੋ ਪਏ ਰਹੇ।

ਪ੍ਰਮੇਸਰ ਸਿੱਖਾਂ ਨੂੰ ਪ੍ਰੇਰਿਆ, ਆਪੇ ਆ ਆ ਰਕਮਾਂ ਤੇ ਰਸਦਾਂ ਲਿਖਾਣ ਲਗੇ। ਕਈਆ ਤੇ ਜ਼ਮੀਨਾਂ ਗਹਿਣੇ ਧਰ, ਮੱਝ, ਬੈਲ ਵੇਚ ਭੀ, ਹਿੱਸਾ ਪਾਉਣੋ ਹੋਲੇ ਵਿਚ ਫਰਕ ਨ ਪਾਇਆ। ਸੰਤਾ ਦੇ ਮਨ ਵਿਚ ਆਈ, "ਦਿਲਾ ਕਾ ਮਾਲਕੁ ਕਰੇ ਹਾਕੁ" ਵੇਖੋ, ਕਰਤਾ ਕੀ ਕਾਰ ਚਲਾਂਦੈ। ਮੈਨੂੰ ਗਏ ਨੂੰ ਤੇ ਕੋਈ ਮੰਨਦਾ ਨ ਸੀ, ਹੁਣ ਆਪੇ ਆ ਪਏ, ਰਕਮਾਂ ਲਿਖਾਂਦੇ ਤੇ ਕੰਮ ਵੰਡ ਲੈਂਦੇ ਨੇ। ਇਸ ਤਰ੍ਹਾ ਸਭ ਸਾਧਨ ਹੋਲੇ ਦਾ ਹੋਇਆ ਵੇਖ, ਸੰਤ ਜੀ ਕੋਲ ਦੇ ਪਿੰਡੋਂ ਇਕ ਵੱਡੇ ਲੋਕ ਕੋਲੋਂ ਚਾਨਣੀ ਮੰਗਣ ਗਏ। ਉਸ ਮਾਇਆਧਾਰੀ ਕਿਹਾ, ਤੂੰ ਚਾਨਣੀ ਮੰਗਦਾ ਹੈਂ, ਮੈਂ ਤੇਰਾ ਦਰਸਨ ਨਹੀਂ ਕਰਨਾ ਚਾਹੁੰਦਾ। ਤੂੰ ਬਿਨ ਸਲਾਹਿਆ ਹੋਲਾ ਮੰਗ, ਹੁਣ ਲੋਕਾਂ ਦੀਆਂ ਜ਼ਮੀਨਾਂ ਗਹਿਣੇ ਪਵਾ, ਹੋਲਾ ਕਰਨੈ।

ਸੰਤ ਜੀ ਸਾਂਤ ਚਿਤ ਰਹਿ ਕਿਹਾ, "ਕਿ ਜਿਸ ਨਾਲ ਮੇਰੀ ਸਲਾਹ ਸੀ, ਉਹ ਮੇਰੇ ਹੁਣ ਭੀ ਨਾਲ ਏ। ਜੋ ਲੋਕ ਆਪੇ ਜ਼ਮੀਨਾਂ ਗਹਿਣੇ ਧਰ ਹਿੱਸਾ ਪਏ ਪਾਂਦੇ ਨੇ, ਉਹਨਾਂ ਦੇ ਵਣਜ ਵਿਚ ਮੇਰਾ ਕੀ ਕਸੂਰ ਏ ? ਮੈਂ ਤੇ ਠੀਕ ਉਹੋ ਜਿਹਾ ਹਾਂ ਜਿਸ ਦਾ ਤੂੰ ਦਰਸਨ ਨਹੀਂ ਕਰਨਾ ਚਾਹੁੰਦਾ। ਪਰ ਚੰਗਾ ਅਸੀਂ ਚਾਰ ਦਿਨ ਚਾਨਣੀ ਪ੍ਰਮੇਸਰ ਪਾਸੋਂ ਹੀ ਮੰਗ ਲਵਾਂਗੇ। ਆਖ, ਆਪ ਦੇ ਖੂਹ ਨੂੰ ਮੁੜ ਆਏ। ਰਾਤ ਫੇਰ ਪ੍ਰਮੇਸਰ ਰੂਪ ਸਤਿਗੁਰੂ ਰਾਮ ਸਿੰਘ ਜੀ ਦਰਸਨ ਦੇ ਕਿਹਾ, ਤੂੰ ਤਾਂ ਕਿਸੇ ਕੋਲ ਜਾਏਂ ਜੇ ਤੈਨੂੰ ਕਿਸੇ ਪਾਸਿਓਂ ਥੁੜ ਆਵੇ। ਸੰਤ ਜੀ ਸੰਤੋਖ ਕਰ, ਅਰਦਾਸਾ ਕਰ, ਹੋਲੇ ਨਮਿਤ ਲੰਗਰ ਅਰੰਭ ਦਿੱਤਾ।

ਜਿਹੜਾ ਕਹੇ, ਕੋਈ ਹੋਰ ਫ਼ਿਕਰ ਭੀ ਕਰੇ। ਸੰਤ ਜੀ ਕਹਿਣ, ਜਿਸ ਮੈਨੂੰ ਟੁੱਬ, ਦੂਹਰੀ, ਤੀਹਰੀ ਵਾਰੀ ਹੋਲਾ ਮੰਗਾਇਆ ਤੇ ਦਿਵਾਇਆ ਹੈ, ਉਹ ਆਪੇ ਜਦੋਂ ਉੱਦਮ ਕਰੇਗਾ, ਮੈਂ ਭੀ ਆਪਣਾ ਵਿਖਾਲੇ ਦਾ ਹਿੱਸਾ ਵਿਚ ਪਾ ਲਵਾਂਗਾ।

ਥੋੜੇ ਦਿਨ ਹੋਲੇ ਵਿਚ ਰਹਿੰਦੇ ਜਾਣ ਸਤਿਗੁਰੂ ਪਰਤਾਪ ਸਿੰਘ ਜੀ, ਮਾਂਗੋ ਦੇ ਉਸ ਖੂਹ ਤੰਬੋਲੀ ਵਾਲੇ ਤੇ ਕੁਝ ਸੇਵਕਾਂ ਸਮੇਤ ਦਰਸਨ ਜਾ ਦਿੱਤੇ ਤੇ ਦੁਆਲੇ ਦੇ ਸਿੱਖਾਂ ਦਰਸਨ ਕਰਨ ਆਇਆਂ ਨੂੰ ਉੱਦਮ ਦਿੱਤਾ। ਤੁਸੀਂ ਘਰਾਂ ਦੇ ਕੰਮਾਂ ਵਿਚ ਰੁਝ ਰਹੇ ਹੋ, ਹੋਲਾ ਕਿਸ ਕਰਨੈ। ਇਹ ਹੋਲੇ ਮੇਲੇ, ਪੰਥਕ ਪ੍ਰਚਾਰ ਤੇ ਧਾਰਮਕ ਕਾਰ ਦਾ ਵੱਡਾ ਵਸੀਲਾ ਹੁੰਦੇ ਹਨ। ਜੋ ਹੀਲਾ ਹਿੱਸਾ ਐਸੇ ਕੰਮਾਂ ਵਿਚ ਨਾ ਪਾਵੇ ਉਹ ਆਲਸੀ ਹੁੰਦਾ ਏ। ਗੁਰਸਿੱਖਾਂ ਦਾ ਐਸੇ ਸਮਾਗਮਾਂ ਵਿਚ ਜੁਟਨਾ ਫਰਜ਼ ਹੁੰਦੈ।

ਜਿਨ੍ਹਾਂ ਨ ਸੀ ਟੁਰਨਾ ਉਹ ਭੀ ਟੁਰ ਪਏ, ਥੋੜੇ ਦਿਨਾਂ ਵਿਚ ਸਭ ਸਾਂਝਾ ਹੋ ਗਿਆ। ਚਾਨਣੀ ਸੰਤਾਂ ਕਹਿ ਦਿੱਤਾ ਅਸਾਂ ਇੰਦਰ ਕੋਲੋਂ ਲੈਣੀ ਕੀਤੀ ਹੋਈ ਏ। ਤਿੰਨੇ ਦਿਨ ਨ ਸੂਰਜ ਨਿਕਲਿਆ, ਨਾ ਵਰਖਾ ਹੀ ਹੋਈ। ਠੰਢ ਰਹੀ। ਧੁੱਪੋਂ ਤੇ ਮੀਂਹੋਂ ਬਚਾ ਰਿਹਾ, ਖੂਹ ਖੂਹ ਤੇ ਘਰ ਘਰ ਵਿਚ ਮਾਂਗੋ ਲੰਗਰ ਲੱਗਾ ਰਿਹਾ। ਬਹੁਤ ਦੀਵਾਨਾਂ ਤੇ ਲੰਗਰ ਦਾ ਰਸ ਰਿਹਾ।

ਸੰਤ-ਸੰਮਾਂ ਸਿੰਘ ਜੀ ਤੇਗ ਵਾਲੇ ਦਿਨ ਇਤਨੇ ਮਸਤਾਨੇ ਹੋਏ, ਜਿਥੇ ਪਏ, ਪਏ ਹੀ ਰਹੇ। ਜੇ ਬੋਲਣ ਤਾਂ ਇਹੋ ਤੁਕ ਬੜੇ ਰਸੀਲੇ ਅਵਾਜ਼ੇ ਨਾਲ ਉੱਚੀ ਉੱਚੀ ਪੜ੍ਹਨ। "ਸੰਤਾ ਕੇ ਕਾਰਜਿ ਆਪਿ ਖਲੋਇਆ

Sri Satguru Jagjit Singh Ji Elibrary NamdhariElibrary@gmail.com

ਹਰਿ ਕੰਮੁ ਕਰਾਵਣਿ ਆਇਆ ਰਾਮ ॥" ਤੇ ਦੌੜੇ ਹੀ ਫਿਰਨ। ਸੰਤਾਂ ਐਸੀ ਮਸਤੀ ਵੰਡੀ ਜਿਵੇਂ ਕੋਈ ਦੀਵਾਨ, ਲੰਗਰ ਆਦਿ ਸੇਵਾ ਸੀ, ਉਥੇ ਹੀ ਸੰਤਾ ਦਾ ਦਰਸਨ ਕਰ ਤੇ ਬੋਲਾ ਸੁਣ, ਓਏ ਪਿਆਰਿਓ, "ਹਰਿ ਕੰਮੁ ਕਰਾਵਣਿ ਆਇਆ ਰਾਮ ॥" ਮਸਤ ਹੋਇਆ ਹੀ ਜਾਪਦਾ ਸੀ। ਆਸਾ ਦੀ ਵਾਰ, ਹੋ ਰਹੀ। "ਮੈ ਬਉਰੀ ਮੇਰਾ ਰਾਮੁ ਭਤਾਰੁ ॥" ਸਬਦ ਦਾ ਸੁਆਦ ਐਸਾ ਬਣਿਆ, ਭੋਗ ਪਾਉਣ, ਦਾ ਚੇਤਾ ਹੀ ਨਾ ਆਇਆ। ਸੰਤ ਸੰਮਾ ਸਿੰਘ ਜੀ ਮਸਤੀ ਵਿਚ ਨੰਗੇ ਸਿਰ ਆਏ, ਕਈਆਂ ਦੀਆਂ ਪੱਗਾਂ ਲਾਹ ਦਿਤੀਆਂ ਤੇ ਅਗੋਂ ਉਹਨਾਂ ਹੋਰਨਾਂ ਦੀਆਂ ਲਾਹ ਦਿੱਤੀਆਂ। ਜਿਨ੍ਹਾਂ ਉਸ ਹੋਲੇ ਦਾ ਦਰਸਨ ਕੀਤਾ ਏ। ਸੰਤ ਹਾਕਮ ਸਿੰਘ ਜੀ ਜੈਸੇ ਸੱਚੇ ਤੇ ਉੱਚੇ ਸਾਧੂਆਂ ਮੈਨੂੰ ਦਸਿਆ ਹੈ। ਇਕ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਬਿਨਾਂ, ਸਭ ਦੀ ਜਿਧਰ ਦੇਖੀਏ, ਦਸਤਾਰ ਸਿਰ ਤੇ ਨ ਦਿਸਦੀ ਸੀ। ਤੇ ਉਸ ਹੋਲੇ ਦਾ ਨਜ਼ਾਰਾ ਜਦੋਂ ਭੀ ਸੁਰਤ ਵਿਚ ਆਉਂਦਾ ਏ, ਚਿੱਤ ਤਦੋਂ ਹੀ ਸੁਆਦ ਸੁਆਦ ਹੋ ਜਾਂਦਾ ਏ। ਇਸ ਸਹਿਜ-ਸੁਆਦ ਤੇ ਸੁਤੇ ਮਸਤੀ ਵਿਚ ਹੀ ਮਾਂਗੇ ਦੇ ਤੰਬੋਲੀ ਵਾਲੇ ਖੂਹ ਤੇ ਸੰਤ ਸੰਮਾ ਸਿੰਘ ਜੀ ਵਲੋਂ, ਸੰਤਾ ਜੈਸਾ ਹੀ ਸਮਾਂ ਬਣਿਆ ਰਿਹਾ ਤੇ ਹੋਲਾ ਹੋਇਆ। ਸੰਤ ਹਾਕਮ ਸਿੰਘ ਜੀ ਕਹਿੰਦੇ ਸੀ, "ਕਹੁ ਨਾਨਕ ਸਹੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ ॥" ਸਬਦ ਸਾਖਿਆਤ ਮੂਰਤੀਮਾਨ ਹੋਇਆ ਉਸ ਸਮੇਂ ਵੇਖਿਆ ਸੀ।

## *ਮਸਤੀ ਦਾ ਦੋਸ਼*

ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲਿਆਂ ਦਾ ਪੁੱਤਰ ਪ੍ਰਤਾਪ ਸਿੰਘ ਸਬਦ ਪੜ੍ਹਦਾ ਚੁਪੈ ਹੋਂਵਦਾ ਸੀ। ਇਕ ਮਸਤਾਨੇ ਕਿਹਾ, ਸਬਦ ਨ ਬੰਦ ਕਰਿਆ ਕਰ। ਉਸ ਕਿਹਾ, ਤੂੰ ਹੀ ਏਨਾ ਚਿਰ ਜਰਿਆ ਕਰ। ਹੋਰ ਮਸਤਾਨਾ ਉਤੇ ਡਿੱਗਾ। ਵਾਜਾ ਸਬਦਾਂ ਵਾਲਾ ਟੁਟ ਗਿਆ। ਪ੍ਰਤਾਪ ਸਿੰਘ ਕਿਹਾ, ਭਰ ਦੇ। ਸਤਿਗੁਰੂ ਜੀ ਪਾਸ ਝੇੜਾ ਪੁੱਜਾ। ਸਤਿਗੁਰੂ ਜੀ ਕਿਹਾ, ਅਸੀਂ ਮਸਤਾਂ ਦੇ ਮਸਤ ਸਾਡੇ ਤੇ ਰਕਮ ਦਿੱਤੀ। ਉਸ ਲੈ ਲਈ। ਸਾਧ ਸੰਗਤ ਪ੍ਰਤਾਪ ਸਿੰਘ ਤੇ ਗਿਲਾਨ ਕੀਤੀ ਕਿ ਮਸਤੀ ਦਾ ਸਭ ਦੋਸ ਮਾਫ ਏ। ਸਤਿਗੁਰੂ ਜੀ ਇਨਸਾਫ ਠੀਕ ਕੀਤਾ ਏ। ਕਿਉਂਕਿ ਸ਼ਰਾਬੀ ਲੋਕ ਭੀ ਹੋਸ਼ ਆਈ, ਲੜਾਈ ਦਾ ਦੋਸ ਉਤਨਾਂ ਨਹੀਂ ਗਿਣਦੇ, ਜੋ ਬੇਹੋਸ਼ੀ ਵਿਚ ਹੋਵੇ ਤੇ ਸਰਕਾਰ ਭੀ ਬੇਹੋਸ਼ ਦਾ ਦੋਸ ਘਟ ਗਿਣਦੀ ਹੈ। ਸਾਧ ਸੰਗਤ ਵਿਚ ਤੇ ਸਭ ਇਹਨਾਂ ਤੋਂ ਉੱਚੀ ਮੱਤ ਵਰਤੀਦੀ ਹੈ।

ਅਗੋਂ ਸਾਲ ੧੯੭੦ ਵਾਲਾ ਹੋਲਾ, ਇਸ ਹੋਲੇ ੧੯੬੯ ਦੇ ਹੋਲੇ ਤੇ ਮੰਗ ਕਰ, ਖੋਟੇ ਜ਼ਿਲ੍ਹਾ ਫੀਰੋਜ਼ਪੁਰ ਦੀ ਸੰਗਤ ਲਿਆ ਤੇ ਇਸ ਹੋਲੇ ਮੇਲੇ ਦਾ ਭੋਗ ਪਿਆ। (ਤਰਨ ਸਿੰਘ)

## *ਖੋਟਿਆਂ ਦਾ ਹੋਲਾ ੧੯੭੦ ਬਿ:*

ਬਿਲਾਵਲੁ ਮਹਲਾ ੪ ॥ ਅਸਟਪਦੀਆ ॥

ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ ॥
ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ ॥

ਬਿਲਾਵਲ ਮਹਲਾ ੫ ॥
ਗੁਨ ਗਾਇ ਸੁਨਿ ਲਿਖਿ ਦੇਇ ॥ ਸੋ ਸਰਬ ਫਲ ਹਰਿ ਲੇਇ ॥
ਕੁਲ ਸਮੂਹ ਕਰਤ ਉਧਾਰੁ ॥ ਸੰਸਾਰੁ ਉਤਰਸਿ ਪਾਰਿ ॥

ਗੁਰਬਾਣੀ ਦੀਆਂ ਤੁਕਾਂ ਮੈਂ ਅਗਲੇ ਸਾਲ ਦੇ ਆਰੰਭ ਲਈ ਮੰਗਲ ਜਾਣ ਲਿਖੀਆਂ ਹਨ, ਇਹਨਾਂ ਤੁਕਾਂ ਦਾ ਭਾਵ ਅਰਥ ਅੰਦਰ ਲੈ, ਸਤਿਗੁਰੂ ਜੀ ਦੇ ਇਤਿਹਾਸ ਦਾ ਅਭਿਆਸ, ਫੇਰ ਫੇਰ ਸੁਨਣਾ, ਸੋਚਣਾ, ਪੜ੍ਹਨਾ, ਲਿਖਣਾ ਆਦਿ ਅਰੰਭ ਕਰਦਾ ਹਾਂ। ਜੋ ਗੁਰਸਿੱਖ ਗੁਰੂ ਕੀ ਸਾਖੀ ਸੁਣਾਏ, ਸੁਣੇ ਜਾਂ ਲਿਖ ਕੇ ਦੇਵੇ। ਉਸ ਜੋਗ ਫਲ ਗੁਰੂ ਜੀ ਲਿਖਿਆ ਹੈ। ਜੋ ਫਲ ਮੈਂ ਪ੍ਰਾਪਤ ਕਰਨ ਲਈ ਪਾਠਕਾਂ ਅਗੇ ਅਰਦਾਸ ਕਰਨੀ ਅਰੰਭ ਤੇ ਲਿਖੀ ਹੈ। ਮੈਂ "ਤਿਸੁ ਆਗੈ ਸਿਰੁ ਕਟਿ ਕਟਿ ਪਈਆ" ਵਾਕ ਹਿਰਦੇ ਵਸਾ, ਸਤਿਗੁਰ ਜੀ ਦਇਆ ਕਰਨ ਮੈਨੂੰ ਐਸੇ ਸਥੰਬ ਤੇ ਪ੍ਰੇਮੀ ਮੇਲੇ, ਜੋ ਮਿਲ ਮਿਲ ਕੇ ਹਰਿ ਕਥਾ, ਗੁਰ ਕਥਾ ਸੁਣੀ ਜਾਣ, ਸੁਨਾਣ ਦੇ ਚਾਹਵਾਨ ਸੱਜਣ ਸਾਧੂ ਹੋਣ।

## ਵੱਡੇ ਪ੍ਰਤਾਪ ਵਾਲਾ

ਸਤਿਗੁਰੂ ਰਾਮ ਸਿੰਘ ਜੀ ਜੋ ਕਾਹਨ ਸਿੰਘ ਗੜ੍ਹੀ ਵਾਲੇ ਨਾਲ ਬਚਨ ਕੀਤਾ ਸੀ। "ਪਰਤਾਪ ਸਿੰਘ ਬੜੇ ਪਰਤਾਪ ਵਾਲਾ ਹੋਵੇਗਾ।" ਤੇ ਗੁਰੂ ਹਰੀ ਸਿੰਘ ਜੀ, ਪ੍ਰਗਟੇ ਸੁਣ ਬਚਨ ਕੀਤੇ ਸੀ। "ਬੜੇ ਪਰਤਾਪ ਵਾਲਾ ਪਰਤਾਪ ਸਿੰਘ ਪ੍ਰਗਟ ਹੋਇਆ ਹੈ, ਇਸ ਦੀ ਛੱਤ੍ਰ ਛਾਇਆ ਸਾਧ ਸੰਗਤ ਨੂੰ ਬੜੇ ਸੁੱਖ ਹੋਣਗੇ।" ਸੋ ਸਮਾਂ ਹੁਣ ਨਾਮਧਾਰੀ ਸਾਧ ਸੰਗਤ ਨੂੰ ਸਾਖਿਆਤ ਵਰਤਦਾ ਜਾਪ ਰਿਹਾ ਸੀ। ਜੋ ਕੋਈ ਤੰਗੀ ਹੈ ਭੀ ਸੀ। ਪੁਲਸ ਦੇ ਡੈਣੀ ਸਾਹਿਬ ਬੈਠੇ ਹੋਣ ਕਰ। ਸਤਿਗੁਰੂ ਜੀ ਦੇ ਵਧਦੇ ਪਰਤਾਪ ਨੂੰ ਵੇਖ ਇਹ ਭੀ ਆਸ ਪੂਰੀ ਹੋਣ ਹੀ ਵਾਲੀ ਜਾਪਦੀ।

ਸਤਿਗੁਰੂ ਜੀ ਅਨੰਦਪੁਰ ਦੇ ਹੋਲੇ ਤੋਂ ਬਾਅਦ, ਆਪਣੇ ਪਾਸ ਚੰਗੇ ਚੰਗੇ ਸਿੰਘ ਜਵਾਨ ਰਖਦੇ ਤੇ ਦੂਰ ਨੇੜੇ ਸ਼ਹਿਰਾਂ ਵਿਚ ਵਾਕਫੀ ਵਧਾਣ ਦਾ ਧਿਆਨ ਭੀ ਰਖਦੇ। ਜਿਵੇਂ ਖੋਟਿਆਂ ਦੀ ਸਾਧ ਸੰਗਤ, ੪੮ ਸਾਲਾਂ ਬਾਅਦ ਫੇਰ ਆਪਣੇ ਨਗਰ ਨੂੰ ਸਾਧ ਸੰਗਤ ਵਿਚ ਉਘਾ ਕਰਨਾ ਚਾਹੁੰਦੀ ਜਾਪੀ, ਤਿਵੇਂ ਸਤਿਗੁਰੂ ਜੀ ਭੀ ਨਾਮਧਾਰੀ ਪੰਥ ਵਿਚ ਸਭ ਗੁਰਮੱਤ ਦੀ ਪੱਧਤੀ ਤੇ ਗੁਰਮਰਯਾਦਾ, (ਸਮੇਂ ਤੇ ਦਬਾਉ ਚੱਕਰ ਕਾਰਨ ਫੇਰ ਜਗਤ ਕੀਤਾਂ ਵਾਂਗੂ ਹੀ ਹੈ, ਰਸਮੀ ਜਿਹੀ ਨਾਮ ਮਾਤ੍ਰ ਹੀ ਰਹਿ ਗਈ ਤੋਂ) ਜਗਤ ਪ੍ਰਸਿੱਧ ਤੇ ਉਜਾਗਰ ਕਰਨ ਦੇ ਆਹਰ ਅਰੰਭੇ। ਸਾਧ ਸੰਗਤ ਵਿਚ ਸਿੱਧੀ ਦਸਤਾਰ ਰਖਦੇ। ਘੋੜੇ ਤੇ ਚੜ੍ਹਨ ਸਮੇਂ ਤੇ ਹਾਣੀਆਂ ਦੇ ਮੌਜ ਮੇਲੇ ਸਮੇਂ, ਤਲੇ ਛੋਟਾ ਪਰਨਾ, ਤੇ ਉਪਰ ਸਰਦਾਰਾਂ ਵਾਂਗੂ ਦਸਤਾਰ ਸਜਾਂਦੇ।

## ਮੁਦਾਰੀ ਫੋਟੋ

ਮੈਂ ਸਤਿਗੁਰੂ ਜੀ ਦਾ ਦਰਸਨ ਮੇਲਾ ਸਿੱਧੀ ਗੁਰਮੁਖੀ ਦਸਤਾਰ ਦੇ ਸਰੂਪ ਵਿਚ ਹੀ ਕੀਤਾ ਸੀ

ਸਤਿਗੁਰੂ ਜੀ ਦੇ ਹਾਣੀਆਂ ਪਾਸੋਂ ਸੁਣ, ਕਿ ਸ੍ਰੀ ਗੁਰੂ ਜੀ ਪਹਿਲਾਂ ਸ੍ਰਦਾਰਾਂ ਵਾਂਗੂ ਭੀ ਦਸਤਾਰਾ ਸਜਾਂਦੇ ਰਹੇ ਹਨ, ਨਾ ਮੰਨਦਾ ਸਾ। ਪਰ ਜਦ ਮੈਂ ਇਕ ਫੋਟੋ ਸਤਿਗੁਰੂ ਜੀ ਦੀ, ਸਮੇਤ ਭਾਈ ਵਜੀਰ ਸਿੰਘ ਜੀ ਦੇ, ਜੀਵਨ ਨਗਰ ਸ਼ੀਸ਼ੇ ਵਿਚ ਜੜੀ, ਬੜੀ ਤਿਆਰ ਬਰ ਤਿਆਰ, ਸਰਦਾਰਾਂ ਵਾਂਗੂ ਦੀ ਜੋੜੀ ਦੀ ਵੇਖੀ ਤੇ ਸਹਿਜ ਨਾਲ ਸਿਵਾਣ ਸਕਿਆ, ਤਾ ਮੈਨੂੰ ਮੰਨਣਾ ਪਿਆ। ਜਿਵੇਂ ਗੁਰੂ ਹਰਿਕ੍ਰਿਸ਼ਨ ਜੀ, ਦਿੱਲੀ ਨੂੰ ਜਾਣ ਸਮੇਂ ਮਿੱਟੀ ਦੀਆਂ ਢੇਰੀਆਂ ਬਣਾ ਸੰਗਤ ਨੂੰ ਆਪਣੇ ਨਾਲੋਂ ਹਟਣ ਦੀ ਖੇਡ ਕੀਤੀ ਸੀ ਤੇ ਗ੍ਰੰਥ ਸਾਹਿਬ ਨੂੰ ਪਹਿਲਾਂ ਸੰਗਤ ਜੋਗ ਗੁਰੂ ਮੰਨਣਾ ਕਿਹਾ। ਤਿਵੇਂ ਦਾ ਇਹ ਮੇਰੇ ਸਤਿਗੁਰੂ ਜੀ ਦਾ ਭੀ ਇਕ, ਉਮਰ ਦਾ ਚੋਜ ਹੀ ਸੀ। ਜਿਵੇਂ ਗੁਰੂ ਹਰਿਕ੍ਰਿਸ਼ਨ ਜੀ ਸੰਗਤ ਦੇ ਅਰਜ਼ ਕਰਨ ਤੇ "ਕਿ ਗ੍ਰੰਥ ਗੁਰੂ ਦੀ ਥਾਪਣਾ ਕਾਰਨ, ਸਿੱਖੀ ਵਿਚਲ ਜਾਵੇਗੀ, ਆਪ ਹੋ ਗੁਜ਼ਰੇ ਗੁਰੂਆਂ ਦੀ ਮਰਯਾਦਾ ਅਨੁਸਾਰ, ਕਿਸੇ ਦੇਹਧਾਰੀ ਮਾਨਸ ਮੂਰਤ ਦੇ ਲੜ ਸੰਗਤ ਨੂੰ ਲਾਵੇ।" ਅੰਤ "ਬਾਬਾ ਬਸੇ ਸੋ ਗ੍ਰਾਮ ਬਕਾਲੇ॥" ਵਾਕ ਉਚਾਰਨ ਕਰ ਸਹੀ ਸਤਿਗੁਰੂ ਨਾਨਕ ਜੀ ਦੀ ਟੋਰੀ ਮਰਯਾਦਾ ਨੂੰ ਪਾਲਣ ਕੀਤਾ ਸੀ। ਤਿਵੇਂ ਸਤਿਗੁਰੂ ਜੀ ਭੀ ਸਾਧ ਸੰਗਤ ਦੀ ਅਰਜ ਤੇ, ਸਭ ਸੰਗਤ ਦੇ ਭਲੇ ਜੋਗ, ਆਪ ਅਗੇ ਲੱਗ, ਸਤਿਗੁਰੂ ਰਾਮ ਸਿੰਘ ਜੀ ਦੀ ਸਭ ਮਰਯਾਦਾ ਨੂੰ ਜਗਤ ਪ੍ਰਸਿੱਧ ਕਰਨਗੇ ਤੇ ਕਮੀਆਂ ਪੈ ਗਈਆਂ ਪੂਰੀਆਂ ਕਰਨਗੇ। ਇਹ ਸਭ ਬਚਨ ਸਮੇਂ ਸਮੇਂ ਮੈਨੂੰ ਜੋ ਸਾਧ ਸੰਗਤ ਵਿਚੋਂ ਮਿਲੇ ਹਨ। ਮੈਂ ਉਹਨਾ ਦੇ ਅਧਾਰ ਤੇ, ਇਹ ਸਭ ਗੁਰ ਇਤਿਹਾਸ, ਅਗੇ ਇਸੇ ਪੁਸਤਕ ਵਿਚ ਲਿਖਾਂਗਾ।

(ਤਰਨ ਸਿੰਘ ਸ੍ਰੀ ਰਾਮਪੁਰ)

੪੮ ਸਾਲ ਬਾਅਦ ਖੋਟਿਆਂ, ਜ਼ਿਲ੍ਹਾ ਫੀਰੋਜ਼ਪੁਰ ਦੀ ਸਾਧ ਸੰਗਤ ਹੋਲੇ ਦੇ ਮੇਲੇ ਦਾ ਆਰੰਭ ਕੀਤਾ। ਸਤਿਗੁਰੂ ਜੀ ਨਿਮਾਣੀ ਦੇ ਮੇਲੇ ਤੇ ਹੋਰ ਦੂਰ ਨੇੜੇ ਦੇ ਮੇਲਿਆਂ ਤੇ ਸਭ ਨਾਮਧਾਰੀ ਸੰਗਤ ਨੂੰ ਕਿਹਾ ਖੋਟੀਂ, ਸਾਧ ਸੰਗਤ ਬਹੁਤ ਉਤਸਾਹ ਨਾਲ ਆਵੇ। ਜੋ ਗੁਰੂ ਨੂੰ ਭਾਵੇ ਤਾਂ ਜਿਵੇਂ ਏਥੇ ਗੁਰ ਮਰਯਾਦਾ ਦੇ ਅਨੰਦਾਂ ਦਾ ਮੁੱਢ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬੱਧਾ ਸੀ। ਤਿਵੇਂ ਹੁਣ ਅਸੀਂ ਭੀ ਇਸ ਹੋਲੇ ਤੇ, ਵੱਧ ਤੋਂ ਵੱਧ ਸਿੱਖਿਆ, ਗੁਰਮਰਯਾਦਾ ਦੀ ਲੈ ਕੇ ਘਰਾਂ ਨੂੰ ਪਰਤੀਏ।

## ਫੇਰ ਮਰਯਾਦਾ

੧੯੭੦ ਬਿਕ੍ਰਮੀ ਦੇ ਹੋਲੇ ਖੋਟੀਂ, ਸਤਿਗੁਰੂ ਜੀ ਸਮੇਤ, ਮਾਤਾਵਾਂ, ਦੋਨਾਂ ਭਾਈਆਂ, ਤੇ ਸਾਧ ਸੰਗਤ ਦਰਸਨ ਦਿੱਤੇ। ਸਤਿਗੁਰੂ ਪਰਤਾਪ ਸਿੰਘ ਜੀ ਸਾਧ ਸੰਗਤ ਅਗੇ ਆਪ ਇਕੱਠ ਕਰ, ਗੁਰਮਤਾ ਆਪਣੇ ਵਲੋਂ ਅਰਜ ਕੀਤਾ ਕਿ ਮੈਂ ਚਾਹੁੰਦਾ ਹਾਂ ਜੋ ਨਾਮਧਾਰੀ ਪੰਥ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦੇ ਬਿਦੇਸ ਚਲੇ ਜਾਣ ਕਰ, ਅੰਗਰੇਜ਼ੀ ਰਾਜ ਦੇ ਦਬਾ ਪਾਣ ਕਰ, ਗੁਰਮਰਯਾਦਾ ਮੱਧਮ ਪੈ ਗਈਆਂ ਹਨ ਤੇ ਨਾਮਧਾਰੀਪੁਣਾ ਹੋਰ ਜ਼ਮਾਨੇ ਜਿਹਾ ਹੀ ਰਲ ਗੋਡਾ ਜਿਹਾ ਹੋ ਗਿਆ ਏ। ਹੁਣ ਇਸ ਤਰ੍ਹਾਂ ਦਾ ਨਾ ਰਹੇ। ਜਿਵੇਂ ਗੁਰੂ ਜੀ ਜਗਤ 'ਚੋਂ ਕੱਢ ਕੇ ਨਿਆਰੇ ਕੂਕੇ ਕੀਤੇ ਸੀ, ਤਿਵੇਂ ਦੇ ਹੀ ਫੇਰ ਹੋਣ। ਜੋ ਇਹਨਾਂ ਨੂੰ ਮਿਟ ਮੁੱਕ ਗਿਆ ਜਾਣਦੇ ਹਨ ਤੇ ਵਧਣੋ ਰੁਕ ਗਿਆ ਜਾਣਦੇ ਹਨ, ਉਹਨਾਂ ਨੂੰ ਜਾਪੇ ਕਿ ਜੋ ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਹੈ। "ਮੈਂ ਇਸ ਕੂਕਾ ਪੰਥ ਦੀ ਨੀਂਹ ਅਕਾਲ ਪੁਰਖ ਦੀ ਰਖਾਈ ਪਤਾਲੋਂ ਧਰੀ ਹੈ।" ਉਹੋ ਸਭ ਸੰਸਾਰ ਨੂੰ ਪ੍ਰਗਟ ਆਪੇ ਪਈ ਜਾਪੇ। ਸੱਜਣ, ਦੁਸ਼ਮਣ ਇਸ ਨੂੰ ਮੰਨੇ ਕਿ, ਇਹ ਉਹੋ ਕੂਕਾ ਪੰਥ

ਏ ਜੋ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਗੁਰੂ ਕੇ ਵਾਕ–

"ਮੈਂ ਫੇਰ ਕਰੂੰਗਾ ਖਾਲਸਾ ਵਸੇ ਵਿਚ ਪੰਜਾਬ।"

ਅਨੁਸਾਰ ਸਜਾਇਆ ਹੈ। ਪ੍ਰਗਟ, ਨਿਆਰਾ, ਉੱਚਾ ਸੁੱਚਾ ਦਿੱਸੇ ਤੇ ਮੰਨਣਾ ਪਵੇ।

ਸਾਧ ਸੰਗਤ ਨੇ ਸਰਬ ਸੰਮਤੀ ਨਾਲ ਹੋਲੇ ਦੇ ਭੋਗ ਸਮੇਂ ਪ੍ਰਵਾਨ ਕਰਨ ਦਾ ਹੁੰਗਾਰਾ ਭਰਿਆ। ਸਤਿਗੁਰੂ ਜੀ ਹੋਲੇ ਦੇ ਭੋਗ ਸਮੇਂ ਇਹ ਮਤਾ ਸਰਬ ਸਾਧ ਸੰਗਤ ਅਗੇ ਧਰਿਆ। ਸਾਧ ਸੰਗਤ ਮਨਜ਼ੂਰ ਕਰਿਆ। ਤੇ ਜੈਕਾਰਾ ਜਿੰਨਾ ਉੱਚੀ ਸਰਿਆ ਬੋਲ ਕੇ ਮੇਲੇ ਵਿਚ ਸੁਆਦ ਭਰਿਆ।

## *ਮਸਤੀ ਦੇ ਰੰਗ*

ਇਕ ਦਿਨ ਦੀਵਾਨ ਵਿਚ ਮਸਤ ਹੋਏ, ਸੰਤ ਕੇਸਰ ਸਿੰਘ ਜੀ ਮਹਾਵੇ ਵਾਲੇ ਗੋਤਾ ਲਾਂਦੇ ਆਏ। ਤੇ ਸਤਿਗੁਰੂ ਜੀ ਦੇ ਸੀਸ ਤੇ ਹੱਥ ਧਰ ਕਿਹਾ, "ਬੱਚਾ ਰਾਜੀ ਏਂ, ਦੂਜੇ ਗੋਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਾਹਵੇਂ ਆ ਖੜੇ, ਹੱਥ ਜੋੜ ਕਿਹਾ, ਪਾਤਸਾਹ ਤੂੰ ਪਹਿਰੇ ਸਮੇਂ ਦਾ ਮਾਲਕ ਹੈਂ"। ਇਸ ਕੁੱਤੇ ਕੇਸਰ ਨੂੰ ਮਾਫ਼ ਕਰ ਦੇ। ਇਹ ਬਚਨ ਸੰਤ ਇੰਦ੍ਰ ਸਿੰਘ ਚੱਕਰਵਰਤੀ, ਦੱਸੇ ਹਨ। ਜੋ ਤਦੋਂ ਨੇੜੇ ਬੈਠੇ ਵੇਖਦੇ ਸੁਣਦੇ ਰਹੇ ਸੀ।

ਇਹ ਹੋਲਾ ਭਾਵੇਂ ਸਾਰੇ ਖੋਟਿਆਂ ਨਗਰ ਦੇ ਕੂਕਿਆਂ ਵਲੋਂ ਹੀ ਸੀ, ਤਾਂ ਭੀ ਇਸ ਮੇਲੇ ਦੇ ਆਗੂ ਸੰਤ ਖਜਾਨ ਸਿੰਘ ਜੀ ਪਰਉਪਕਾਰੀ, ਸੰਤ ਗੁਰਦਿੱਤ ਸਿੰਘ ਜੀ, ਸੰਤ ਸੰਤਾ ਸਿੰਘ ਜੀ ਹੀ ਮੇਲੇ ਦੀ ਸੇਵਾ ਸਾਧਨ ਦੀ ਧੰਨਤਾ ਖਟੀ।

ਅਗੋਂ ਹੋਲੇ ਦੀ ਅਰਜ, ਵਲਟੋਹੇ ਜ਼ਿਲ੍ਹੇ ਲਾਹੌਰ ਦੀ ਸਾਧ ਸੰਗਤ ਕੀਤੀ। ਜੋ ਮਨਜ਼ੂਰ ਹੋ ਸਾਧ ਸੰਗਤ ਵਿਚ ਉੱਚੀ ਬੋਲ ਸੁਣਾ, ਦਿੱਤਾ ਗਿਆ, ਕਿ ਅਗਲਾ ਹੋਲਾ ਵਲਟੋਹੇ ਹੋਵੇਗਾ ਜੇ ਗੁਰੂ ਕਰਾਇਆ, ਨਹੀਂ ਤੇ ਜਿਵੇਂ ਉਸ ਦੀ ਰਜ਼ਾ।

ਸਤਿਗੁਰੂ ਜੀ ਸਦਾ ਦੀ ਜੁਗਤ, ਨਿਮਾਣੀ ਦਾ ਮੇਲਾ ਜੇਠ 'ਚ ਕੀਤਾ। ਨਹਿਰ ਤੇ ਚਾਹਲੀਆ ਸੌਣ, ਭਾਦਰੋਂ ਕੀਤਾ। ਸਾਧ ਸੰਗਤ ਨਾਲ ਵਾਕਫੀ, ਬੋਲਣਾ, ਪਿਆਰ ਭੀ ਪੈ ਗਏ।

## *ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ*

ਮਹਾਰਾਜ ਨਿਹਾਲ ਸਿੰਘ ਜੀ ਦੇ ਅਨੰਦ ਦੀ ਸਲਾਹ, ਮਾਤਾ ਜੀਵਨ ਕੌਰ ਜੀ ਤੇ ਬਾਬੇ ਧਿਆਨ ਸਿੰਘ ਜੀ ਲਾਹੌਰ ਵਾਲਿਆਂ, ਨਿਮਾਣੀ ਦੇ ਮੇਲੇ ਤੇ ਮੇਲੀ। ਸਤਿਗੁਰੂ ਜੀ ਦੇ ਮਤੇ ਅਨੁਸਾਰ ਅੱਸੂ ਦੇ ਮਹੀਨੇ ਮਿਥਿਆ। ਸਤਿਗੁਰੂ ਜੀ ਕਿਹਾ, ਮੈਂ ਆਪਣੇ ਅਨੰਦ ਤੋਂ ਬਾਅਦ, ਸਾਧ ਸੰਗਤ ਨੂੰ ਜੋ ਕਹਿਣਾ ਤੇ ਕਰਨਾ ਜੋਗ ਜਾਣਿਆ, ਸੋ ਕਹੂੰਗਾ। ਤੁਸੀ ਭੀ ਬਿਰਧ ਹੋ, ਹਾਲੀ ਮੈਂ ਮਹਾਰਾਜ ਜੀ ਦੇ ਅਨੰਦ ਤੇ ਦੇਖਾਂਗਾ ਹੀ, ਕੀ ਹੁੰਦਾ

Sri Satguru Jagjit Singh Ji Elibrary NamdhariElibrary@gmail.com

ਹੈ ? ਕਿਸੇ ਦਾ ਉੱਜਰ ਨਹੀਂ ਲੈਣਾ। ਜਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਹੈ, "ਜੋ ਕਾਰ ਸੰਸਾਰ ਤੇ ਟੁਰਦੀ ਹੈ ਮੈਂ ਆਪਣੇ ਤੋਂ ਹੀ ਸ਼ੁਰੂ ਕਰਦਾ ਹਾਂ। ਮੇਰੇ ਸਰੀਰ ਤੋਂ ਹੀ ਹੋ ਟੁਰਦੀ ਹੈ।" ਤਿਵੇਂ ਮੈਂ ਭੀ ਆਪਣੇ ਤੋਂ ਨਾਮਧਾਰੀ ਪੰਥ ਜੋਗ ਮਰਯਾਦਾ ਨਵੇਂ ਸਿਰੇ ਸ਼ੁਰੂ ਕਰਾਂਗਾ।

ਸੰਤ ਅੱਸੂ, ਪੰਜਵੇਂ ਨਰਾਤੇ, ਲਾਹੌਰ ਬਾਬੇ ਧਿਆਨ ਸਿੰਘ ਜੀ ਪੱਥਰ-ਘਾੜੇ ਵਲ, ਮਾਤਾ ਭਾਗਵੰਤੀ ਦੀ ਜਾਈ, ਸਤਵੰਤ ਕੌਰ ਨਾਲ ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਹੋਣ ਅਰਥ ਮੇਲਾ ਮਿਥਿਆ। ਕੁਝ ਬਾਬਾ ਜੀ ਵਲੋਂ, ਕੁਝ ਸਤਿਗੁਰੂ ਜੀ ਵਲੋਂ ਸੱਦਿਆਂ, ਸਾਧ ਸੰਗਤ ਦੂਰ ਨੇੜੇ ਦੀ ਲਾਹੌਰ ਆਈ। ਸਬਦੀ, ਰਾਗੀ, ਦਾਨੇ, ਮਸਤਾਨੇ, ਗ੍ਰਿਹਸਤੀ, ਬਿਹੰਗਮਾਂ ਭੀ ਇਹ ਰੌਣਕ ਵੇਖਣ ਦੀ ਰੀਝ ਪੂਰੀ ਕੀਤੀ। ਮੈਨੂੰ ਚੇਤਾ ਹੈ, ਮੈਂ ਭੀ ਆਪਣੇਂ ਪਿਤਾ ਸੰਤ ਸਿੰਘ ਜੀ ਦੇ ਨਾਲ ਲਾਹੌਰ ਆ, ਇਹ ਮੇਲਾ ਵੇਖਿਆ ਸੀ।

ਭਾਟੀ ਦਰਵਾਜੇ, ਸੜਕ ਕੰਢੇ, ਨੇੜੇ ਬਾਗ਼ ਵਿਚ ਸੰਗਤ ਲਈ ਤੰਬੂ ਲਗੇ ਹੋਏ ਸੀ। ਬਾਬਾ ਜੀ ਦੇ ਘਰ ਭੀ ਤੇ ਹਵੇਲੀ ਦੇ ਅੰਦਰ, ਬਾਹਰ, ਬਜ਼ਾਰ ਵਿਚ ਗਹਿਮਾ ਗਹਿਮ ਹੋਈ। ਬਾਬਾ ਜੀ ਦੇ ਤੇ ਮਾਤਾ ਭਾਗਵੰਤੀ ਦੇ ਉਦਾਰ ਸੁਭਾ ਦੀ ਚਰਚਾ ਅਗੇ ਹੀ ਸ਼ਹਿਰ ਵਿਚ ਬਹੁਤ ਸੀ। ਇਸ ਅਵਸਰ ਤੇ ਮੰਗਤ ਭੇਰੇ ਘਤ ਚੁਫੇਰੇ ਬਹੁਤ ਆਏ ਬੈਠੇ। ਬਾਬਾ ਜੀ ਪੱਥਰ ਘੜਨ ਦਾ ਕੰਮ, ਕਈ ਦਿਨ ਬੰਦ ਕਰ ਦਿੱਤਾ। ਨੌਕਰਾਂ ਤੇ ਮਜ਼ਦੂਰਾਂ ਨੂੰ ਕਹਿ ਦਿੱਤਾ, ਤੁਸੀਂ ਭੀ ਕੁਝ ਦਿਨ ਅਨੰਦ ਲਵੋ। ਜੋ ਚਿੱਤ ਕਰੇ ਸੇਵਾ ਕਰੇ ਜਾਂ ਸਬਦ ਸੁਣੇ। ਤਨਖਾਹ ਤੇ ਦਿਹਾੜੀ ਸਭ ਨੂੰ ਪੂਰੀ ਮਿਲੇਗੀ। ਪਹਿਲੇ ਥਕੇਵੇਂ ਲਾਹੋ, ਫੇਰ ਸਾਧਾਂ ਦੇ ਦਰਸਨ ਕਰ, ਗੁਰਬਾਣੀ ਸੁਣ, ਮਨ ਦੇ ਅਕੇਵੇਂ ਲਾਹੋ।

ਬਾਬਾ ਜੀ ਪਿਛੋਂ ਸਿਆਲਕੋਟ ਦੇ ਜ਼ਿਲ੍ਹੇ, ਗਲ੍ਹੋਟੀਆਂ, ਜਿਥੇ ਗੁਰੂ ਛੇਵੀਂ ਪਾਤਸ਼ਾਹੀ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਦਮਦਮਾ ਸੀ, ਉਥੋਂ ਦੇ ਰਾਮਗੜ੍ਹੀਏ, ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਉਦਾਰ ਸੇਵਕਾਂ ਦਾ ਇਸ ਸਮੇਂ ਲਾਹੌਰ ਵਿਚ ਬੜਾ ਨਾਮਣਾ ਸੀ। ਇਹਨਾਂ ਘਰ ਵਿਚੋਂ ਕੁਝ ਹਿੱਸਾ ਵਕਫ਼, (ਨਾਮਧਾਰੀ ਧਰਮਸਾਲਾ) ਲਿਖ ਕੀਤਾ ਹੋਇਆ ਸੀ ਤੇ ਹਰ ਆਏ ਨੂੰ ਮਾਤਾ ਭਾਗਵੰਤੀ ਜੀ ਪ੍ਰਸਾਦ ਸਦਾ ਦੇਂਦੇ ਸੀ।

ਇਸ ਮੇਲੇ ਵਿਚ ਬਿਨਾਂ ਵਿਤਕਰੇ, ਬਣਿਆ ਹਰ ਪਦਾਰਥ, ਕੜਾਹ ਪ੍ਰਸਾਦ, ਦਾਲਾ, ਪ੍ਰਸਾਦਾ, ਦੋ ਤਿੰਨ ਦਿਨ ਸਭ ਦਰ ਆਏ ਨੂੰ ਵਰਤਿਆ। ਰਾਤ ਦਿਨ ਦੀਵਾਨ, ਕੀਰਤਨ ਹੁੰਦਾ ਹੀ ਰਿਹਾ। ਮੈਂ ਭਾਵੇਂ ਤਦੋਂ ਛੋਟਾ ਹੀ ਸਾਂ, ਪਰ ਸੰਤ ਸੋਹਣ ਸਿੰਘ ਜੀ ਚਕਰੀ ਵਾਲਿਆਂ ਦੀਆਂ ਧਾਰਨਾਂ , ਜੋਟੀਆਂ ਦੇ ਸਬਦਾਂ ਦੀਆਂ ਮੈਨੂੰ ਅਜੇ ਭੀ ਓਦੋਂ ਹੀ ਯਾਦ ਤੇ ਸੁਆਦ ਦੇਂਦੀਆਂ ਨੇ।

"ਚੁਗ ਲੌ ਵੇ ਹੰਸੋ ਮੋਤੀ ਚੁਗਦੇ ਕਿਉਂ ਨਹੀਂ।
ਚੁਗਣੇ ਦਾ ਵੇਲਾ ਮਾਣਸ ਦੇਹੀ ਹੈ ਪਾਈ।"

ਤੇ "ਕੂੜ ਦੀ ਫਕੀਰੀ ਨਾਲੋਂ ਚੋਰੀ ਚੰਗੀ ਪਿਆਰਿਆ।"

ਸੰਤ ਲਾਲ ਸਿੰਘ ਜੀ ਚੂਰੇ ਗਿੱਲਾਂ ਵਾਲਿਆਂ, ਗੁਰੂ ਹਰੀ ਸਿੰਘ ਜੀ ਤੇ ਬਾਬਾ ਜੀ ਦਾ ਪਿਆਰ ਦੱਸ, ਹੁਣ ਆਹਲਾ ਤਰੀਕੇ, ਚੰਗੇ ਸਲੀਕੇ ਵਰਤਾ, ਦੀਵਾਨ ਆਪਣੇ ਵਿਚ ਸੋਭਾ ਕਰ ਦੱਸਿਆ ਸੀ ਕਿ ਇਸ ਨਵੇਂ ਨਾਤੇ ਨੇ ਬਾਬਾ ਜੀ ਦੀ ਕੁਲ ਉਜਾਗਰ ਕਰ ਦਿੱਤੀ ਹੈ ਨਾਮਧਾਰੀ ਪੰਥ ਵਿਚ।

ਬਾਬਾ ਜੀ ਦਾ ਪ੍ਰਵਾਰ। ਸਪੁੱਤ੍ਰ—ਨਰੈਣ ਸਿੰਘ ਤੇ ਕਰਤਾਰ ਸਿੰਘ। ਸਪੁੱਤ੍ਰੀਆ ਬੀਬੀ ਈਸਰ ਕੌਰ, ਬੀਬੀ ਸਤਵੰਤ ਕੌਰ ਤੇ ਬੀਬੀ ਕਰਤਾਰ ਕੌਰ। ਭਾਵੇਂ ਕੋਈ ਸਿਆਣਾ ਤੇ ਭਾਵੇਂ ਅੰਜਾਣਾ ਸੀ। ਸਾਧ ਸੰਗਤ ਦੀ ਸੇਵਾ ਤੇ ਰੌਣਕ ਨੂੰ ਰੀਝ ਨਾਲ ਦੇਖ ਦੇਖ ਕਰ, ਜਾਮੇ 'ਚ ਨ ਸਮਾਂਦਾ ਸੀ। ਬਾਬਾ ਜੀ ਦੇ ਘਰ ਜਿਵੇਂ ਪਦਾਰਥ ਦੀ ਤੋਟ ਨ ਸੀ, ਤਿਵੇਂ ਦਿਲ ਤੇ ਦਰ ਦੇ ਵਿਚ ਵੀ ਉਦਾਰਤਾ ਦੀ ਘਾਟ ਨ ਸੀ।

੭ ਅੱਸੂ ਸਤਿਗੁਰੂ ਜੀ, ਅੰਮ੍ਰਿਤ ਵੇਲੇ ਤੋਂ, ਤੇ ਸਾਧ ਸੰਗਤ ਭੀ ਸਕੇਸ ਇਸ਼ਨਾਨ ਕਰ, ਆਸਾ ਦੀ ਵਾਰ ਦੇ ਦੀਵਾਨ ਵਿਚ ਸਜੀ ਸੀ। ਵੇਦੀ ਵਿਚ ਹਵਨ ਹੋਇਆ, ਅੰਮ੍ਰਿਤ ਭੀ ਸਾਧਾਂ ਤਿਆਰ ਬਰ-ਤਿਆਰ ਬਣਾਇਆ ਸੀ। ਸਤਵੰਤ ਕੌਰ ਜੀ ਸਾਦੇ, ਸਫੈਦ ਖੱਦਰ ਦੇ ਬਸਤ੍ਰ, ਚੂੜੀਦਾਰ ਸੁੱਥਣ ਪਹਿਨੀ, ਨੰਗੇ ਮੁਖ, ਸਤਿਗੁਰੂ ਜੀ ਗ੍ਰੰਥ ਸਾਹਿਬ ਜੀ ਤੇ ਮਹਾਰਾਜ ਜੀ ਨੂੰ ਮੱਥਾ ਟੇਕ, ਖਬੇ ਪਾਸੇ ਆ ਬੈਠੇ। ਸਾਧਾ ਰੀਵ ਚੜ੍ਹਾਵੇ ਦੀ ਮਾਇਆ ਵਿਚਾਲੇ ਥੰਨ੍ਹ, ਲੜ ਗੰਢਿਆ ਤੇ ਲਾਵਾਂ ਦੇ ਉਚਾਰ ਨਾਲ ਹਵਨ ਦੁਆਲੇ ਤੇ ਵੇਦੀ ਵਿਚਾਲੇ ਮਹਾਰਾਜ ਜੀ ਤੇ ਸਤਵੰਤ ਕੌਰ ਜੀ ਸੱਜੇ ਹਥੋ ਫਿਰ ਚਾਰ ਲਾਵਾ ਲਈਆ।

ਸੰਤ ਲਾਲ ਸਿੰਘ ਜੀ ਮਸਤੀ ਦੀ ਰੌ ਵਿਚ, ਇਹ ਨਜ਼ਾਰਾ ਦੇਖ ਲਾਵਾਂ ਦੇ ਹੁੰਦਿਆਂ ਹੀ ਪੜ੍ਹਨ ਲਗ ਪਏ, "ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥" ਤੇ ਰਾਗੀਆਂ ਨੇ ਭੀ ਤਬਲੇ ਤੇ ਥਾਪਾਂ ਲਾਣੀਆਂ ਸ਼ੁਰੂ ਕਰ ਦਿੱਤੀਆਂ। ਸੰਤ ਲਾਲ ਸਿੰਘ ਜੀ ਨਾਲੇ ਸਬਦ ਪੜ੍ਹਨ ਤੇ ਨਾਲੇ ਕਹਿਣ, ਇਹ ਅਸਲ ਕਾਰ ਏ, ਅਜਬ ਨਜਾਰਾ ਏ।

## ਨਜ਼ਾਰਾ ਕਿ ਗੁਜ਼ਾਰਾ

ਉਧਰੋਂ ਸੰਤ ਸੁੰਦਰ ਸਿੰਘ ਜੀ ਮੰਜੀ ਤੋੜਾਂ ਵਾਲੇ ਮਸਤ ਹੋ ਥੋਲੇ ਕਰਨ ਲਗ ਪਏ, ਨਾਲੇ ਦੀਵਾਨ ਵਿਚ ਦੌੜਨ ਤੇ ਨਾਲੇ ਕਹਿਣ, ਅਸਲ ਨਹੀਂ ਨਕਲ ਏ। ਨਜਾਰਾ ਨਹੀਂ ਗੁਜਾਰਾ ਏ। ਸੰਤ ਲਾਲ ਸਿੰਘ ਜੀ ਆਪਣੇ ਸੁਆਦ ਵਿਚ ਪੈ, ਪੜ੍ਹੀ ਜਾਣ, "ਅਨੰਦ ਭਇਆ ਮੇਰੀ ਮਾਏ" ਤੇ ਕਹੀ ਜਾਣ, ਇਹ ਅਸਲ ਕਾਰ ਏ ਤੇ ਅਜਬ ਨਜਾਰਾ ਏ। ਸੰਤ ਮੰਜੀ ਤੋੜ ਜੀ ਉਦੂੰ ਵਧ ਵਾਰੀ ਦੌੜਦੇ ਤੇ ਕਹਿੰਦੇ, ਅਸਲ ਨਹੀਂ ਨਕਲ ਏ। ਨਜਾਰਾ ਨਹੀਂ ਗੁਜਾਰਾ ਏ। ਕੜਾਹ ਪ੍ਰਸਾਦ ਅਰਦਾਸੇ ਬਾਅਦ ਵਰਤਿਆ ਤੇ ਸਾਧ ਸੰਗਤ, ਦੋਹਾਂ ਸਾਧਾਂ ਤੋਂ, ਆਪੋ ਆਪਣੀ ਮਸਤੀ ਵਿਚ ਬੋਲਣ ਦਾ ਵੇਰਵਾ ਪੁੱਛਿਆ।

ਸੰਤ ਲਾਲ ਸਿੰਘ ਜੀ ਦੱਸਿਆ, ਮੈਂ ਤੇ ਮਾਤਾ ਸਤਵੰਤ ਕੌਰ ਜੀ ਦੇ ਬਸਤ੍ਰ ਤੇ ਨੰਗੇ ਮੁਖ ਫੇਰੇ ਲੈਂਦੇ ਦੇਖ, ਉਹੋ ਖੇਟਿਆਂ ਵਾਲਾ ਨਜਾਰਾ, ਸਤਿਗੁਰੂ ਰਾਮ ਸਿੰਘ ਜੀ ਵਾਲਾ, ਅੱਖਾਂ ਸਾਹਵੇਂ ਆਇਆ ਜਾਣ, ਅਨੰਦ ਆਇਆ ਕਰ, ਅਗਾਦੀ ਹੀ ਬੇ-ਬਸ ਹੋ, ਪੜ੍ਹਨ ਲਗ ਪਿਆ ਸਾਂ, ਕਿ ਜੋ ਸਾਧ ਸੰਗਤ ਇਸ ਬੀਤੇ ਹੋਲੇ ਤੇ ਸਲਾਹ ਕੀਤੀ ਹੈ ਕਿ ਮੁੜ ਮਧਮ ਪਈ ਮਰਯਾਦਾ ਉਸੇ ਤਰ੍ਹਾਂ ਭੁਕਿਆਂ 'ਚ ਤੋਰਨੀ ਹੈ, ਉਸ ਦਾ ਮੁੱਢ ਬੱਝ ਗਿਆ ਹੈ ਤੇ ਅਜਬ ਨਜਾਰਾ ਵੇਖਣ ਵਿਚ ਆ ਰਿਹਾ ਹੈ।

ਸੰਤ ਸੁੰਦਰ ਸਿੰਘ ਜੀ ਦੱਸਿਆ, ਬੀਬੀ ਸਤਵੰਤ ਕੌਰ ਨੇ ਅੰਮ੍ਰਿਤ ਅੰਦਰ ਹੀ ਛਕਿਆ ਹੈ ਤੇ ਮਹਾਰਾਜ ਨਿਹਾਲ ਸਿੰਘ ਜੀ ਦਸਤਾਰ ਸਿੱਧੀ ਨਹੀਂ ਸਜਾਈ, ਇਸ ਲਈ ਅਜੇ ਏਡੀ ਕਾਹਲ ਨਾਲ ਅਸਲ

Sri Satguru Jagjit Singh Ji Elibrary NamdhariElibrary@gmail.com

ਕਹਿਣ ਦੀ ਤੇ ਅਜਬ ਨਜ਼ਾਰਾ ਕਹਿਣ ਦੀ ਕੀ ਲੋੜ ਏ ? ਜਦ ਅਜੇ ਨਕਲ ਤੇ ਗੁਜ਼ਾਰਾ ਹੀ ਹੋਇਆ ਏ। ਮੈਨੂੰ ਜੋ ਦਿੱਸਿਆ ਹੈ ਮੈਂ ਸੋ ਆਖ ਦਿੱਤਾ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਇਹ ਵਾਰਤਾ ਦੋਹਾਂ ਸਾਧਾਂ ਦੀ ਸੁਣ, ਬਚਨ ਕੀਤਾ, ਆਪੋ ਅਪਣੀ ਥਾਂ ਦੋਵੇਂ ਠੀਕ ਬੋਲਦੇ ਰਹੇ ਹਨ। ਜਿਵੇਂ ਬਾਬਾ ਜੀ ਦੇ ਤੇ ਸਾਧਾਂ ਦੇ ਜਤਨ ਨੇ ਇਤਨਾ ਹੰਭਲਾ ਮਾਰ ਕੁਝ ਸਵਾਰ ਵਿਖਾਇਆ ਹੈ ਗੁਰੂ ਕਿਰਪਾ ਕੀਤੀ ਤਾਂ ਰਹਿੰਦੀ ਕਸਰ ਭੀ ਹੁਣ ਨਿਕਲ ਜਾਣ ਦੀ ਉਮੀਦ ਹੋ ਗਈ ਹੈ।°

ਸਤਿਗੁਰੂ ਜੀ ਵਲੋਂ, ਇਸ ਮੇਲੇ ਤੇ ਅਨੰਦ ਵਿਚ ਇਕ ਰਸ ਸਭ ਨੂੰ ਜਲ ਪ੍ਰਸਾਦ ਵਰਤਿਆ ਵੇਖ ਪੰਜ ਭੋਗ ਬਾਬਾ ਧਿਆਨ ਸਿੰਘ ਜੀ ਵਲੋਂ, ਪਾਠ ਆਦਿ ਗ੍ਰੰਥ ਸਾਹਿਬ ਜੀ ਦੇ ਤੇ ਪੰਜ ਪਾਠ ਇਸ ਅਨੰਦ ਜੋਗ ਕੀਤੇ ਆਪਣੇ ਵਲੋਂ, ਚਾਰ ਆਦਿ ਤੇ ਇਕ ਦਸਮ ਗ੍ਰੰਥ ਸਾਹਿਬ ਦੇ ਭੋਗ ਪੈਣ ਬਾਅਦ, ਅਰਦਾਸਾ ਹੋਣ ਤੋਂ ਪਹਿਲਾਂ, ਸੰਤ ਮੰਗਲ ਸਿੰਘ ਜੀ ਤੋਂ ਕੁਝ ਪ੍ਰਚਾਰ ਕਰਾ ਹੋਕਾ ਦਵਾਇਆ ਕਿ ਨਾਮਧਾਰੀ ਸਾਧ ਸੰਗਤ ਜੋਗ, ਇਸ ਮੇਲੇ ਦਾ ਰਸ ਰਿਹਾ, ਤੇ ਇਕ ਰਸ ਸਭ ਆਏ ਨੂੰ ਪਦਾਰਥ ਵਰਤੇ ਵੇਖ ਜਾਣ, ਸੁਖ ਸੁਆਦ ਮਾਣ ਸਾਧ ਸੰਗਤ ਜੋਗ, ਇਸੇ ਜੁਗਤ ਵਰਤ ਰਸ ਰਹਿਣ ਦੇ ਲਈ, ਅਗੋਂ ਇਹ ਹੁਕਮ ਹੈ। "ਕਿ ਕੋਈ ਕੂਕਾ ਜਗਤ ਅਡੰਬਰ ਨਾ ਕਰੇ। ਸਿਵਾ ਜਲ ਪ੍ਰਸਾਦੇ ਦਾਲੇ ਤੇ ਕੜਾਹ ਪ੍ਰਸਾਦ ਦੇ। ਮਠਾਈ, ਲੱਡੂ, ਚੌਲ, ਖੋਆ, ਜਲੇਬਾਂ ਚੂਨੇ ਭਾਜੀਆਂ ਆਦਿ ਨਾ ਕਰੇ।"

ਕਿਉਂਕਿ ਇਹ ਸਰਲ ਸਾਦਗੀ ਵਰਤਿਆਂ ਹੀ ਇਕ ਰਸ ਲੰਗਰ ਭੈਣੀ ਸਾਹਿਬ ਦੇ ਵਾਂਗੂ ਇਥੇ ਵਰਤਿਆ ਹੈ ਨਹੀਂ ਤੇ ਜਿਤਨੀ ਭੀੜ ਤੇ ਗੇਣਤੀ ਸੀ, ਮਸਾਂ ਵਰਤਾਇਆਂ, ਵਾਕਫਾਂ ਤੇ ਨੇੜੇ ਬੈਠਿਆਂ ਤਕ ਹੀ ਪੁੱਜਣਾ ਸੀ। ਮਾਂਗਤਾਂ, ਮਜ਼ੂਰਾਂ ਤੇ ਦੂਰਾਂ ਤੱਕ ਕਿਸੇ ਪੁੱਜਣਾ ਹੀ ਨਾ ਸੀ। ਤੇ ਨਾ ਹਰ ਇਕ ਨੂੰ ਜਗਤ ਵਿਖਾਲੇ ਦੇ ਵਡਿਤੇ ਪਦਾਰਥ ਸਾਵੇਂ ਵਰਤੇ ਹੀ ਜਾ ਸਕਦੇ ਹਨ। ਤੇ ਵਿਤਕਰਾ ਹੋਣੋ ਨਹੀਂ ਰਹਿੰਦਾ, ਜੋ ਸਤਿਗੁਰੂ ਜੀ ਦਾ ਹੁਕਮ ਨਹੀਂ। ਜੋ ਨਾਮਧਾਰੀ ਇਸ ਮਰਯਾਦਾ ਤੋਂ ਉਲਟ ਮਨ ਮਰਜ਼ੀ ਜਗਤ ਵਿਖਾਲਾ ਕਰੇਗਾ ਉਹ ਪੰਥ ਦੀ ਮਰਯਾਦਾ ਭੰਨ੍ਹੂ, ਗਿਣਿਆਂ ਜਾਵੇਗਾ ਤੇ ਡੰਨ ਦੀ ਸਜ਼ਾ ਪਾਵੇਗਾ। ਇਸ ਲਈ ਅਗੋਂ ਸਭ ਇਸੇ ਮਰਯਾਦਾ ਦਾ ਪ੍ਰਸਾਦ ਸੰਗਤ ਵਿਚ ਵਰਤੇ।

## ਕੱਚੀ ਪਿੰਨੀ

ਸਤਵੰਤ ਕੌਰ ਜੀ ਕੁਝ ਦਿਨ ਵਿਆਹੇ ਭੈਣੀ ਸਾਹਿਬ ਰਹੇ ਰਹੇ ਤੇ ਵਾਪਸ ਲਾਹੌਰ ਔਣ ਸਮੇਂ, ਮਾਤਾਵਾਂ ਜਿਉਣ ਕੌਰ ਤੇ ਫਤਹ ਕੌਰ ਜੀ ਕੱਚੀ ਪਿੰਨੀ ਬਣਾ, ਕੁਝ ਪੀਪੇ, ਭਾਂਡੇ ਭਰ ਨਾਲ ਟੋਰੀ। ਜੋ ਚੌਲਾਂ ਦੇ ਆਟੇ, ਘਿਉ, ਮੇਵੇ ਗਰੀ ਛੁਹਾਰੇ, ਖੰਡ ਪਾ ਭੁੱਜੀ ਭੋਰ ਲੋਕ ਟੋਰਦੇ ਹਨ। ਸਤਿਗੁਰੂ ਜੀ ਨਹਿਰ ਤੇ ਹੀ ਬਹੁਤਾ ਰਹਿੰਦੇ ਸੀ। ਅਚਾਨਕ ਆਏ, ਪਤਾ ਲਗਾ, ਕੱਚੀ ਪਿੰਨੀ ਸਾਹਨੇਵਾਲ ਦੇ ਟੇਸ਼ਨ ਤੇ ਲਾਹੌਰ ਜਾਣ

°ਬਾਬਾ ਧਿਆਨ ਸਿੰਘ ਜੀ ਦੇ ਜਤਨ ਕਰਨ ਤੇ ਵੀ, ਮਾਈਆਂ ਬੀਬੀਆਂ ਅੰਮ੍ਰਿਤ ਛਕਣਾ ਸੋਮਵਾਰ ਵਿਚ ਨ ਮੰਨਣ ਦਿੱਤਾ ਸੀ, ਤੇ ਨਾ ਸਾਧਾਂ ਦੇ ਕਦੇ ਮਹਾਰਾਜ ਜੀ ਦੀ ਖੋਜ ਕਿਸੇ ਕੀਤੀ ਸੀ। ਸਤਿਗੁਰੂ ਜੀ, ਲੰਗ ਹੋਣਾ ਹੋਇਆ ਸੁਣ ਕੁਝ ਹੋਏ ਸੀ।

Sri Satguru Jagjit Singh Ji Elibrary NamdhariElibrary@gmail.com

ਲਈ ਮਾਤਾਵਾਂ ਵਲੋਂ ਭੇਜੀ ਗਈ ਹੈ। ਆਪ ਖਾਸ ਕਾਰਜ ਲਈ ਰਾਮਸਰ ਵੱਲ ਜਾਣਾ ਸੀ। ਕੁਝ ਸਿੱਖ ਸਾਹਨੇਵਾਲ ਦੁੜਾਏ ਕਿ ਕੌਰੀ ਪਿੰਨੀ ਰੋਕ ਲਵੇ। ਪਰ ਬਾਅਦ ਖਿਆਲ ਆਇਆ ਜਿਵੇਂ ਮੇਰੇ ਆਖੇ ਦੀ ਅੱਗੇ ਪ੍ਰਵਾਹ ਘੱਟ ਹੋਈ ਹੈ ਮਤ ਹੁਣ ਭੀ ਫਰਕ ਪਵੇ। ਆਪ ਭੀ ਘੋੜੇ ਤੇ ਸਵਾਰ ਹੋ ਸਾਹਨੇਵਾਲ ਨੂੰ ਟੁਰੇ। ਪਰ ਸਾਹਨੇ ਤੋਂ ਗੱਡੀ ਚੱਲ ਚੁੱਕੀ ਸੀ ਤੇ ਕੁਝ ਸਿੱਖ ਕੌਰੀ ਪਿੰਨੀ ਦੇ ਕੁਝ ਪੀਪੇ ਲੈ ਉਸ ਤੇ ਚੜ੍ਹ ਗਏ ਸੀ।

ਜੋ ਸਿੱਖਾਂ ਭੱਜ ਕੇ ਭਾਂਡੇ ਰੋਕ ਲਏ ਸੀ ਉਹ ਵਾਪਸ ਰਾਹੇ ਲਿਆ ਰੇਤ ਵਿਚ ਰਲਵਾ ਦਿੱਤੀ ਸਤਿਗੁਰੂ ਜੀ। ਤੇ ਸਿੱਖਾਂ ਨੂੰ ਖਫਾ ਹੋਏ, ਤੁਸਾਂ ਮੈਨੂੰ ਪਹਿਲੋਂ ਪਤਾ ਕਿਉਂ ਨਾ ਦਿੱਤਾ। ਮਾਈਆਂ ਤੇ ਮੁਢੋਂ ਗੁਰੂ ਘਰੋ, ਵੱਧ ਹੀ ਮੋੜ ਘੋੜ ਕਰ ਸਰਾਪ ਲੈਂਦੀਆਂ ਰਹੀਆਂ ਹਨ। ਜਿਵੇਂ ਮਾਤਾ ਗੰਗਾ ਜੀ ਅਡੰਬਰ ਕਰ ਬਾਬੇ ਬੁੱਢੇ ਤੋਂ ਭਾਜੜ ਪੈਣ ਦਾ ਸਰਾਪ ਲਿਆ। ਮਾਤਾ ਦਮੋਦਰੀ ਗੁਰੂ ਹਰਿਗੋਬਿੰਦ ਜੀ ਕਹੇ ਸਿੱਖਾਂ ਲਈ ਮਿਠਿਆਈ ਨਾ ਦਿੱਤੀ ਤੇ ਕਿਹਾ ਕੁੜਮਾਂ ਤੇ ਪਿਛੋਂ ਦੇਣੀ ਹੈ। ਗੁਰੂ ਜੀ ਸਰਾਪ ਦਿੱਤਾ ਇਹ ਤੁਰਕ ਹੀ ਖਾਣਗੇ। ਸੋ ਹੀ ਹੋਇਆ, ਬੀਬੀ ਵੀਰੋ ਦੇ ਫੇਰੇ ਝਬਾਲ ਹੀ ਜਾ ਹੋਏ। ਮਾਤਾ ਗੁਜਰੀ ਦਸਮ ਜੀ ਦਾ ਬਚਨ ਮੋੜ ਉਜੜੀ ਅਖਵਾਇਆ ਸਰਾਪ ਲਿਆ। ਮੂੰਹੋ ਤੇ ਕੁਝ ਨਾ ਕਿਹਾ ਮਾਤਾ ਜੀ ਨੂੰ ਸਤਿਗੁਰਾਂ, ਪਰ ਹਉਕਾ ਲੈ ਕਿਹੋ ਨੇ ਜੋ ਮਾਤਾ ਜੀ ਕੀਤਾ ਹੈ ਮੈਨੂੰ ਜਰੂਰ ਕਿਤੇ ਉਲਾਂਭਾ ਦਿਵਾਏਗਾ। ਮੈਂ ਮਾਤਾਵਾ ਨੂੰ ਕੀ ਕਵ੍ਹਾਂ, ਕਹਿ ਆਪ ਨਹਿਰ ਤੇ ਹੀ ਚਲੇ ਗਏ। ਤੇ ਮਾਤਾ ਜੀ ਨੂੰ ਕੁਝ ਕਹਿਣਾ ਚੰਗਾ ਨਾ ਜਾਤਾ। ਕਈ ਦਿਨ ਭੈਣੀ ਸਾਹਿਬ ਨਾ ਆਏ। ਜੇ ਔਣ ਤਾਂ ਪਰੇ ਪਰੇ ਫਿਰ ਚਲੇ ਜਾਣ। ਦੂਰ ਨੇੜੇ ਸੰਗਤ ਵਿਚ ਭੀ ਜਾਣ ਪਰ ਮਾਤਾ ਜੀ ਦੇ ਮੱਥੇ ਨਾ ਲੱਗਣ। ਮਾਤਾ ਜੀ ਸਭ ਕੁਝ ਜਾਣ, ਪਛਤਾਣ ਤੇ ਸਿੱਖਾਂ ਨੂੰ ਕਹਿਣ ਸਾਨੂੰ ਉਹਨਾਂ ਤੋਂ ਬਖਸ਼ਾਵੋ।

ਇਹ ਕੌਰੀ ਪਿੰਨੀ ਦੇ ਲਾਹੌਰ ਪੁੱਜਣ, ਵਾਪਸ ਹੋ ਰੇਤੇ 'ਚ ਰਲਾਣ ਦੀ ਖਬਰ ਥੋੜੇ ਦਿਨਾਂ ਵਿਚ ਹੀ ਆਮ ਜਿਲਿਆਂ ਦੇ ਸਿੱਖਾਂ ਵਿਚ ਪਹੁੰਚ ਗਈ।

ਸਤਿਗੁਰੂ ਜੀ ਘੋੜੇ ਦੀ ਸਵਾਰੀ ਬੜੇ ਸ਼ੌਕ ਨਾਲ ਤੇ ਪੱਕੀ ਜਾਚ ਨਾਲ ਕਰਦੇ। ਦੌਰਾ ਭੀ ਘੋੜਿਆਂ ਤੇ ਹੀ ਕਰਦੇ। ਮੰਡੀਆਂ ਤੇ ਜਾ ਘੋੜੇ ਪਸੂ ਦੇਖਦੇ। ਮਹਾਰਾਜ ਨਿਹਾਲ ਸਿੰਘ ਜੀ ਬਹੁਤ ਲਾਹੌਰ ਰਹਿਣ ਕਰ, ਘੋੜੇ ਮੰਡੀਆਂ ਤੋਂ ਖਰੀਦ, ਹੋਰ ਸ਼ਹਿਰੀਂ ਭੇਜ ਵੇਚਦੇ। ਰੇਸਾਂ ਦੇ ਸ਼ੌਕੀ ਲੋਕ ਇਨ੍ਹਾਂ ਤੋਂ ਖਰੀਦਦੇ। ਸਤਿਗੁਰੂ ਜੀ ਭੀ ਰੇਸਾਂ ਵਿਚ ਆਪਣੇ ਘੋੜੇ ਦੌੜਨ ਲਈ ਭੇਜਦੇ। ਕਦੀ ਕਦੀ ਆਪ ਭੀ ਰੇਸਾਂ ਦੇਖਦੇ। ਬਹੁਤ ਸਿੱਖ ਹੀ ਦੁੜਾਣ ਜਾਂਦੇ। ਜਾਂ ਘੋੜੇ ਦੀ ਤਰਫੋਂ ਮਾਲਕ ਹੁੰਦੇ ਰੇਸਾਂ ਤੇ।

## ਕੁੱਲਾ ਘੋੜਾ

ਇਕ ਘੋੜਾ 'ਕੁੱਲਾ' ਮੁਕਤਸਰ ਮੰਡੀ ਤੋਂ ਆਪ ਨੇ ੩੦੦) ਤੇ ਲਿਆ ਸੀ ਜੋ ਸਾਂਭ, ਤਕੜਾ ਕਰਨ ਬਾਅਦ ਬਹੁਤ ਤੇਜ ਤੇ ਚੰਗਾ ਨਿਕਲਿਆ। ਆਪ ਨੇ ਇਕ ਵੇਰ ਤਰਨ ਤਾਰਨੋਂ ਮੱਸਿਆ ਤੋਂ ਔਂਦਿਆਂ ਅੰਮ੍ਰਿਤਸਰ ਨੂੰ ਗੱਡੀ ਨਾਲ ਟੋਰਿਆ, ਤਿੰਨ ਮੀਲ ਸਾਵਾਂ ਚਲਿਆ ਬਾਬੇ ਦੀਪ ਸਿੰਘ ਜੀ ਸ਼ਹੀਦ ਦੇ ਅਸਥਾਨ ਤਕ। ਸਤਿਗੁਰੂ ਜੀ ਉਪਰ ਅਡੋਲ ਨਾਠਾ ਬੱਧੀ ਬੈਠੇ ਰਹੇ। ਇਸ ਘੋੜੇ ਦੀ ਚਾਲ ਹੀ ਦੌੜਨ ਜਿੰਨੀ ਸੀ। ਜਦ ਉਹ

Sri Satguru Jagjit Singh Ji Elibrary NamdhariElibrary@gmail.com

ਕੁੱਲਾ ਮਰਿਆ ਤੇਣੀ ਸਾਹਿਬ, ਤਾਂ ਉਪਰ ਬਸਤਰ ਪਾ ਦੱਬਿਆ। ਉਸ ਦੇ ਭੁਲੇਖੇ ਇਕ ਰੱਤਾ ਹੋਰ ਸਵਾਰੀ ਲਈ ਲਿਆ। ਪਰ ਉਹ ਖਰ ਨਿਕਲਿਆ। ਉਸ ਨੇ ਊਧਮ ਸਿੰਘ ਚੇਲੇਕਿਆਂ ਦੇ ਨੂੰ ਐਸਾ ਬਾਹੋਂ ਫੜਿਆ। ਜੇ ਸਿੱਖ ਛੁਡਾਣ ਆਉਣ ਤਾਂ ਪਟਕਾ ਪਟਕਾ ਧਰਤੀ ਤੇ ਮਾਰੇ। ਅੰਤ ਸਤਿਗੁਰੂ ਜੀ ਆਏ ਦਬਕਾਇਆ ਤਾਂ ਛਡਿਉ ਸੂ। ਇਹ ਸਵਾਰੀ ਜੋਗ ਨਾ ਜਾਣ ਵੇਚ ਦਿੱਤਾ ਸੀ।

## ਭੁਲ ਮੰਨਣ ਦੀ ਜਾਚ

ਸਤਿਗੁਰੂ ਜੀ (੧੦੯ ਚੱਕ) ਨਰੈਣ ਗੜ੍ਹ, ਜ਼ਿਲ੍ਹਾ ਲਾਇਲਪੁਰ 'ਚੋਂ ਦੌਰਾ ਕਰਦੇ ਸਮੇਤ ਸੂਬੇਦਾਰ ਮੇਜਰ ਚੰਦਾ ਸਿੰਘ ਦੇ ਪੁੱਤ੍ਰ ਅਰਬੇਲ ਸਿੰਘ ਦੀ ਜੰਞ ਨਾਲ ਰਲ, ਘਣੀਏਕੇ ਦੇ ਮਹੰਤ ਲਹਿਣਾ ਸਿੰਘ ਜੀ ਦੇ ਭਾਈ ਹਵੇਲਾ ਸਿੰਘ ਜੀ ਦੀ ਧੀ, ਤਾਰੋ ਨੂੰ ਵਿਆਹੁਣ ਲਈ ਪੁੱਜੇ। ਢੁਕਾ ਸਮੇਂ, ਸਾਧ ਸੰਗਤ ਘਣੀਏਕੇ ਦੀ, ਅਗੋਂ ਢੋਲਕ ਛੈਣਿਆਂ ਨਾਲ ਸਬਦ ਪੜ੍ਹਦੀ ਸੁਆਗਤ ਵਜੋਂ ਆਈ। ਜਾਂਞੀਆਂ ਤੇ ਮਾਂਞੀਆਂ ਦੇ ਮੇਲ ਹੋਣ ਸਮੇਂ, ਸਬਦ ਪੜ੍ਹਦਿਆਂ ਦੇ ਨਾਲ ਉਤਾਰੇ ਵਾਲੇ ਥਾਂ ਜਾ ਟਿਕੇ।

ਰਾਤ ਦੀਵਾਨ ਲਗਾ, ਸਵੇਰੇ ਆਸਾ ਦੀ ਵਾਰ ਲਗੀ, ਤੇ ਵਾਰ ਦੇ ਭੋਗ ਬਾਅਦ, ਹਵਨ ਦੁਆਲੇ, ਵੇਦੀ ਵਿਚਾਲ, ਨੰਗੇ ਮੂੰਹ ਸਾਦੇ ਬਸਤਰਾਂ ਵਿਚ, ਲਾਵਾਂ ਪੜ੍ਹ ਜੋੜੇ ਦੇ ਫੇਰੇ ਹੋਏ। ਅਨੰਦ ਹੋਇਆ।

ਜਲ ਸਰਦਾਈ ਛਕਣ ਬਾਅਦ ਪਤਾ ਲਗਾ ਕਿ, ਹਵੇਲਾ ਸਿੰਘ ਹੋਰਾਂ, ਜੰਞ ਮੇਲ, ਲਈ ਮਿਠਿਆਈ ਬਣਾਈ ਹੋਈ ਹੈ, ਜੋ ਹੁਣ ਦੁਪਹਿਰ ਦੇ ਲੰਗਰ 'ਚ ਵਰਤਾਈ ਜਾਣੀ ਹੈ। ਇਹ ਸੁਣ ਸਤਿਗੁਰੂ ਜੀ ਕਿਹਾ, ਮਹੰਤ ਜੀ ਨੂੰ ਚਾਹੀਦੇ ਕਿ ਜੋ ਲਾਹੌਰ, ਮਹਾਰਾਜ ਨਿਹਾਲ ਸਿੰਘ ਜੀ ਦੇ ਵਿਆਹ ਸਮੇਂ ਸਾਧ ਸੰਗਤ ਵਿਚ, ਜਗਤ ਰਿਵਾਜ ਵਲੋਂ ਬਚ ਰਹਿਣ ਦਾ ਅਵਾਜ਼ਾ ਦਿੱਤਾ ਗਿਆ ਹੈ, ਉਸ ਤੇ ਇਹ ਵਰਤੋਂ ਕਰਦੇ, ਇਹ ਮਿਠਿਆਈ ਦਾ ਅਡੰਬਰ ਨਾ ਕਰਦੇ। ਜੇ ਕਰ ਚੁੱਕੇ ਹਨ ਤਾਂ ਜੰਞ ਨੂੰ ਨ ਵਰਤਾਣ। ਮਹੰਤ ਜੀ ਕਹਿਣ, ਅਸਾਂ ਅੱਗੇ ਝਕਦਿਆਂ, ਇਕੋ ਮਿਠਿਆਈ ਬਣਾਈ ਹੈ ਤੇ ਨਵੀਂ ਨਵੀਂ ਕਦਮ ਧਰ, ਥੋੜ੍ਹੀ ਰੀਤ-ਰਿਵਾਜ, ਬ੍ਰਾਦਰੀ ਦੀ ਭਾਜੀ ਲਾਹੁਣ ਤੇ ਬ੍ਰਾਦਰੀ ਨਾਲ ਵਰਤਣ ਵਜੋਂ ਕੀਤੀ ਹੈ।

ਸਤਿਗੁਰੂ ਜੀ ਸਾਧਾਂ ਹੱਥ ਕਹਿ ਭੇਜਿਆ, ਨਵੀਂ ਨਵੀਂ ਰੋਕ ਕਰ ਰਿਐਤ ਕਰਦੇ ਹਾਂ, ਸਾਡੇ ਤੇ ਜੰਞ, ਦੇ ਸਿਆਂ ਵਰਤ ਲੈਣ। ਪਰ ਆਪ ਹੁੰਦੇ ਹੋਏ ਦਾਗ ਨ ਧਾਰਨ। ਕਈ ਥਾਈਂ ਸਾਧਾਂ ਉਕਾ ਕੁਝ ਹੀ ਨਹੀਂ ਕੀਤਾ ਅਡੰਬਰ, ਇਹ ਉਹਨਾਂ ਵਲ ਵੇਖਣ। ਚੰਗੇ, ਚੰਗਿਆਂ ਦੀ ਮਰਯਾਦਾ ਤੇ ਵਰਤਣ ਵੇਖ ਚਲਦੇ ਰਹਨ।

ਮਹੰਤ ਜੀ, ਮਾਈਆਂ ਤੇ ਬ੍ਰਾਦਰੀ ਭਾਈਆਂ ਦੇ ਅੱਗੇ ਖੜੇ, ਕਹਿਣ ਸਭੇ ਕੁਝ ਪਿਆ ਹੁੰਦੈ। ਇਹ ਸਾਡੇ ਤੇ ਵਾਧਾ ਕਰਦੇ ਹਨ, ਦਬਾ ਪਾਂਦੇ ਹਨ। ਸਤਿਗੁਰੂ ਜੀ ਇਹ ਸੁਣ ਕਿਹਾ, ਅਸੀਂ ਚਲੇ ਜਾਂਦੇ

ਹਾਂ ਜੋ ਇਹੋ ਸੁਭਾ ਮਹੰਤ ਜੀ ਰਖਣਾ ਹੈ। ਕੁਝ ਨ ਮੁਕਦਾ ਜਾਣ ਸਾਧਾਂ ਕਿਹਾ, ਮੂੰਹ ਸਾਹਵੇਂ ਹੋ, ਗੱਲ ਕਰ ਲਵੋ। ਸਤਿਗੁਰੂ ਜੀ ਕਿਹਾ, ਜੇ ਸਹਿਜ ਰਹੇ ਤਾਂ ਸਹੀ ਵਿਚਾਰ ਹੋ ਸਕੇਗੀ, ਨਹੀਂ ਤੇ ਸੁਆਦ ਸਗੋਂ ਵੱਧ ਵਿਗੜ ਜਾਵੇਗਾ।

ਮਹੰਤ ਜੀ ਕੁਝ ਚਿਰ ਆਪਣੀ ਮਰਜੀ ਤੋਂ ਨ ਪਰਤਦੇ ਜਾਣ, ਸਤਿਗੁਰੂ ਜੀ ਕਿਹਾ, ਜੇ ਤੁਸੀਂ ਨਹੀਂ ਹੀ ਟਲਣਾ ਤਾਂ ਸਾਡਾ ਕੀ ਜੋਰ ਏ। ਤਾਂ ਮਹੰਤ ਜੀ ਨੇ ਝੱਟ ਕਹਿ ਦਿੱਤਾ ਤੁਸੀਂ ਆਪਣਾ ਪਾਸਾ ਤੇ ਸੋਧਦੇ ਨਹੀਂ, ਸਾਡੇ ਕਾਰਜ ਦਾ ਰੌਸ ਮਾਰਦੇ ਹੋ। ਜੇ ਤੁਹਾਡੇ ਘਰੋਂ ਕੁੜਮਾ ਵੱਲ ਕੱਚੀ ਪਿੰਨੀ ਜਾ ਸਕਦੀ ਏ, ਤਾਂ ਸਾਨੂੰ ਭੀ ਮਠਿਆਈ ਕਰਨ ਦਾ ਦੋਸ਼ ਨਹੀਂ। ਇਹ ਸੁਣ ਸਤਿਗੁਰੂ ਜੀ ਕਿਹਾ, ਉਚਰ ਕੋਈ ਪਦਾਰਥ ਲਾਂਗਰੀ ਇਹਨਾਂ ਦਾ ਨਾਂ ਵਰਤਣ, ਜਿਥਰ ਇਹ ਭੇਤਾ ਮੁੱਕ ਨ ਜਾਵੇ। ਸਭ ਕਾਰਜ ਠੱਪ ਹੋ ਗਏ ਤੇ ਸੰਗਤ ਦਾ ਇਕੱਠ ਹੋ ਗਿਆ।

ਸਤਿਗੁਰੂ ਜੀ ਬਚਨ ਕੀਤਾ, ਜਿਸ ਦੋਸ ਦਾ ਮੈਂ ਭਾਗੀ ਨਹੀਂ, ਜਿਨ੍ਹਾਂ ਮੇਰੇ ਤੇ ਉਹ ਦੋਸ ਅਜੋਗ ਅਰੋਪਿਆ ਹੈ, ਸਾਧ ਸੰਗਤ ਉਹਨਾਂ ਨੂੰ ਭੀ ਪੁੱਛੇ। ਕਿਉਂਕਿ ਕੱਚੀ ਪਿੰਨੀ, ਮਾਤਾਵਾਂ ਮੈਥੋਂ ਲੁਕਾ ਭੇਜੀ ਹੈ ਲਾਹੌਰ। ਮੈਂ ਪਤਾ ਲਗਾਣ ਤੇ ਰੋਕੀ ਹੈ ਤੇ ਰੇਤ ਵਿਚ ਰੋਲੀ ਹੈ। ਜੇ ਸੰਗਤ ਵਿਚ ਲਾਹੌਰ ਪੁੱਜੀ ਕੱਚੀ ਪਿੰਨੀ ਦਾ ਪਤਾ ਲੱਗ ਗਿਆ ਏ, ਤਾਂ ਮੇਰੀ ਰੇਤ ਵਿਚ ਰੋਲੀ ਦਾ, ਤੇ ਉਸ ਦਿਨ ਤੋਂ ਮਾਤਾ ਜੀ ਨਾਲ ਨਾ ਬੋਲਣ ਦਾ ਭੀ ਪਤਾ ਲੱਗਾ ਹੀ ਹੋਵੇਗਾ। ਜੇ ਮਾਈਆਂ, ਛੇਵੇਂ, ਦਸਵੇਂ ਗੁਰੂ ਜੀ ਤੋਂ, ਆਪਣੀ ਮਰਜੀ ਕਰ, ਸਰਾਪ ਲੈਂਦੀਆਂ ਰਹੀਆਂ ਹਨ, ਤਾਂ ਮੈਂ ਤੇ ਹੁਣ ਉਹੋ ਮਾਤਾ ਜੀ ਨਾਲ ਨ ਕਰਾਂ, ਸੋਚ ਹੀ ਚੁੱਪ ਧਾਰੀ ਹੋਈ ਹੈ। ਹਾਂ, ਜੋ ਮੈਂ ਤਦੋਂ ਹੀ ਕਿਹਾ ਸੀ, ਮੈਨੂੰ ਜ਼ਰੂਰ ਉਲਾਂਭਾ ਆਵੇਗਾ, ਉਹ ਮੈਨੂੰ ਮਿਲ ਹੀ ਗਿਆ ਹੈ, ਪਰ ਹੈ ਨਜਾਇਜ਼।

ਇਹ ਸੁਣ ਸੰਗਤ ਹੈਰਾਨ ਹੋ ਗਈ ਤੇ ਸੰਗਤ ਵਿਚੋਂ ਅਵਾਜੇ ਆਉਣ ਲਗ ਪਏ। "ਸਭ ਉਮਤਿ ਅਵਣ ਜਾਵਣੀ ਆਪੇ ਹੀ ਨਵਾ-ਨਿਰੋਆ॥" ਪਦ ਦੇ ਮਾਲਕ ਹੋ ਸਾਨੂੰ ਆਪੇ ਸੋਝ, ਦੋਸ ਮੰਨਣ ਦੀ ਸਾਰ ਦੱਸੀ ਹੈ। ਮਹੰਤ ਲਹਿਣਾ ਸਿੰਘ ਜੀ ਵਲੋਂ, ਮਾਤਾ ਜੀ ਦਾ ਕੀਤਾ ਆਪ ਤੇ ਦੋਸ ਲਾਇਆ ਗਿਆ ਹੈ, ਇਹ ਅਜੋਗ ਤੇ ਉੱਕ ਹੋਈ ਹੈ ਉਨ੍ਹਾਂ ਤੋਂ। ਇਸੇ ਲਈ ਸਿਆਣੇ ਆਖਦੇ ਹਨ, ਕਾਹਲ ਨਾਲ ਕੋਈ ਕੰਮ, ਗੱਲ ਕਰਨ ਵੇਲੇ ਅਸਲ ਨਿਸ਼ਾਨਿਉਂ ਉੱਕ ਜਾਈਦੈ। ਇਹ ਸੁਣ, ਸਤਿਗੁਰੂ ਜੀ ਚੁੱਪ ਕੀਤੇ ਬਾਹਰ ਚਲੇ ਗਏ। ਖਾਲ ਤੇ ਜਾ, ਜੰਗਲ ਹੋ, ਇਸ਼ਨਾਨ ਕਰਨ ਲਗੇ। ਸਾਧ ਸੰਗਤ ਮਹੰਤ ਜੀ ਨੂੰ ਕਹਿਣ ਲਗ ਪਈ, ਤੁਸਾਂ ਕਾਹਲ ਵਿਚ ਪੈ ਬਹੁਤ ਬੇ-ਰਸੀ ਪੈਦਾ ਕਰ ਦਿੱਤੀ ਹੈ। ਮਹੰਤ ਜੀ ਉਠ ਸਾਧ ਸੰਗਤ ਅਗੇ ਹੱਥ ਜੋੜੇ ਤੇ ਕਿਹਾ, ਜਿਵੇਂ ਹੋਵੇ, ਸਾਧ ਸੰਗਤ ਹੀਲਾ ਕਰੇ, ਫੇਰ ਉਹੋ ਰਸ ਬਣੇ।

ਸਾਧ ਸੰਗਤ ਨੇ, ਸੰਤ ਲਾਲ ਸਿੰਘ ਜੀ ਕੂਚੇ ਗਿਲੀਆਂ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਨੂੰ, ਸਤਿਗੁਰੂ ਜੀ ਵੱਲ ਭੁੱਲ ਬਖਸ਼ਾਣ ਲਈ ਭੇਜਿਆ। ਨਾਲੇ ਕਿਹਾ, ਮਾਤਾ ਜੀ ਦੀ ਭੁੱਲ ਭੀ ਬਖਸ਼ਾਣੀ।

ਮਹਾਰਾਜ ਗੁਰਦਿਆਲ ਸਿੰਘ ਜੀ, ਦੂਰ ਗਲ ਵਿਚ ਪੱਲਾ ਪਾਇ ਕੇ, ਨੀਵੀਂ ਪਾਈ ਖੜੇ ਰਹੇ। ਸੰਤ ਲਾਲ ਸਿੰਘ ਜੀ ਹੱਥ ਜੋੜ, ਸਾਹਵੇਂ ਖੜੇ ਸਤਿਗੁਰੂ ਜੀ ਦੇ, ਬੜੇ ਨਿਰਮਾਨਤਾ ਤੇ ਵੈਰਾਗੀ ਸੁਭਾ

ਵਿਚ ਹੀ ਅਰਜ ਕੀਤੀ। ਆਪ "ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥" ਹੋ ਜਿਉਂ ਜਾਣੋ, ਬਖਸ਼ੋ।

ਨਵਾ ਨਵਾ ਹੁਕਮ ਹੋਣ ਕਰ, ਉਹ ਮਠਿਆਈ ਬਣਾ ਬੈਠੇ ਹਨ ਤੇ ਕਾਹਲ ਨਾਲ, ਗਿਲਾਨ ਦੇ ਵਹੇ ਚੜ੍ਹ, ਮਹੰਤ ਜੀ ਹੋਰ ਦਾ ਹੋਰ ਕਹਿ ਬੈਠੇ ਹਨ। ਆਪ ਦਇਆ ਕਰੋ, ਸਭ ਸਾਕ, ਸਾਧ, ਸੱਜਣ, ਬੁੱਢੇ, ਬਾਲ ਹਾਲੇ ਤਕ ਭੁੱਖੇ ਬੈਠੇ ਹਨ। ਕਿਸੇ ਲੰਗਰ ਨਹੀਂ ਛਕਿਆ। ਹੇ ਸਚੇ ਪਾਤਸਾਹੋ! ਆਪ ਬੜੇ ਧੀਰੇ ਹੋ ਕੇ, ਏਸ ਧਰਮ ਦੇ ਧੁਰੇ ਨੂੰ, ਸਮਾਜ ਨੂੰ, ਉਰੇ ਖੜੋਗੇ, ਤਾਂ ਬੜੇ ਸੌਖੇ, ਇਹ ਕਲਜੁਗੀ ਜੀਵ ਭੁਲਣਹਾਰ, ਸਭ ਹੁਕਮ ਆਪ ਦਾ ਸਹਾਰ ਸਕਣਗੇ। ਕੁਝ ਚਿਰ ਕੁਚਾਲਾਂ 'ਚ ਪੈ, ਦਬਾ 'ਚ ਪਿਆਂ ਨਿਕੰਮੇ, ਹਿਲ ਗਿਆਂ ਨੂੰ ਆਪ ਹੀ ਕੱਢਣਾ ਹੈ। ਪਰ ਪਿਆਰ ਕੇ, ਪਲੋਸ ਕੇ ਕਢੋਗੇ, ਤਾਂ ਕਿਤੇ ਇਹਨਾਂ ਨੂੰ ਲੈ ਅਪੜੋਗੇ। ਨਹੀਂ ਤੇ ਇਹ ਜੀਵ ਹੁਣ ਝਿੜਕ ਸਹਿਣ ਜੋਗੇ ਨਹੀਂ ਰਹਿ ਗਏ। "ਰੋਸੁ ਕਰੈ ਪ੍ਰਭੁ ਬਖਸ ਨ ਮੇਟੈ" ਦਾ ਸੁਭਾ ਆਪ ਇਹਨਾਂ ਨਾਲ ਵਰਤੋ। ਮੈਂ ਜੀਵ ਮਤ, ਆਪ ਨੂੰ ਅਨਜਾਣ ਸਮਝ ਇਹ ਸਲਾਹ ਦੇ ਰਿਹਾਂ ਹਾਂ, ਅੰਦਰੋਂ ਅਰਜ ਕਰਦਾ ਹਾਂ, ਆਪ ਮਿਹਰ ਦੇ ਘਰ ਆਉ, ਕਹਿ ਸੰਤ ਜੀ ਵੈਰਾਗੀ ਹੋ ਗਏ ਤੇ ਚੁੱਪ ਕਰ ਗਏ। ਪਲ ਘੜੀ ਨੈਣਾਂ ਦੀ ਝੜੀ ਲਾ ਫੇਰ ਬੋਲੇ, ਸਚੇ ਪਾਤਸਾਹੋ! ਮਾਤਾ ਜੀ ਤੇ ਭੀ ਮਿਹਰ ਕਰੋ, ਕਿਉਂਕਿ ਮਾਤਾ ਜੀ ਆਪ ਨੂੰ ਮਾਨ ਦੀ ਮਾਇਆ ਪੈਣ ਕਰ, ਬਾਲਕ ਜਾਣ, ਜਸੋਧਾ ਦੇ ਉਖਲ ਨਾਲ ਕਾਨ੍ਹ ਨੂੰ ਬਨ੍ਹਣ ਵਾਂਗੂ ਦਾ ਕਰਮ ਕੀਤਾ ਏ। ਮਨੋ ਤੇ ਵੈਰ ਨਹੀਂ। ਹਿਤ ਹੀ ਕੀਤਾ ਹੈ ਕਿ ਹਾਨੀ ਬਚਨ ਨ ਹੋਵੇ। ਮਤ ਕੋਈ ਕਹੇ ਕੁਝ ਬੀਬੀ ਦੇ ਨਾਲ ਮਾਨ ਵਜੋਂ ਨਹੀਂ ਘਲਿਆ ਪੇਕੇ। .

ਸਤਿਗੁਰੂ ਜੀ, ਸੰਤ ਜੀ ਦਾ ਵੈਰਾਗੀ ਸੁਭਾ, ਨਿੰਮਰਤਾ, ਤੇ ਅੰਦਰਲਾ ਆਸਾ, ਸੁਕ, ਦੇਖ, ਪੰਥ ਦੇ ਸੁੱਖ ਦਾ ਦਰਦ ਭਰਿਆ ਬਚਨ ਸੁਣ, ਸੰਤ ਜੀ ਨੂੰ ਹੱਸ ਕੇ ਜੱਫੀ ਪਾ ਲਈ, ਤੇ ਕਿਹਾ, ਜੇ ਆਪ ਦਾ ਮੇਰੇ ਤੇ ਇਹ ਨਿਸਚਾ ਏ ਤਾਂ ਆਪ ਦੇ ਕਹੇ ਤੇ ਮੈਨੂੰ ਕੀ ਉਜਰ ਹੋ ਸਕਦੈ। ਪਰ ਦੱਸੋ, ਤੁਸਾਂ ਇਹਨਾਂ, ਨਰਮ ਦਿਲ ਮਹਾਰਾਜ ਗੁਰਦਿਆਲ ਸਿੰਘ ਜੀ ਨੂੰ, ਕਿਉਂ ਨਾਲ ਆਂਦਾ। ਇਹ ਤੇ ਇਹੋ ਜਿਹਾ ਦ੍ਰਿਸ਼ ਦੇਖ ਹੀ ਨਹੀਂ ਸਕਦੇ। ਮਹਾਰਾਜ ਜੀ, ਤੇ ਸੰਤ ਜੀ, ਸੰਗਤ ਨੂੰ ਬਖਸ਼ਿਸ਼ ਦੀ ਖੁਸ਼ੀ ਦੀ ਖਬਰ ਆ ਸੁਣਾਈ ਕੇ ਕਿਹਾ, ਅੱਜ ਤੇ ਬਖਸ਼ ਹੋ ਗਈ।

"ਜੌ ਸਾਹਿਬ ਹੈ ਪਤਿਤ ਉਧਾਰਨ ॥
ਤਉ ਪਤਿਤ ਕਰਮ ਨਹੀ ਸੇਵਕ ਕਾਰਨ ॥"

ਪਰ ਸਾਧ ਸੰਗਤ ਭੀ ਏਦੂੰ ਅਗੇ ਗੁਰਮਰਯਾਦਾ ਦੀ ਰੀਤ ਟੋਰੀ ਤੋ ਮੂੰਹ ਨਾ ਮੋੜੇ। ਨਾ ਬਚਨ ਭੰਨੇ। ਸਾਧ ਸੰਗਤ ਲੰਗਰ ਕੀਤੇ ਖੁਸ਼ੀਆਂ ਹੋਈਆਂ। ਸਤਿਗੁਰੂ ਜੀ, ਕਈ ਖੇਡਾਂ ਇਸ ਨਗਰ ਕੀਤੀਆਂ। ਘੋੜ ਦੌੜ, . ਨੇਜ਼ੇਬਾਜ਼ੀ ਆਦਿ। ਇਹ ੧੯੭੧ ਬਿਕਰਮੀ ਮੱਘਰ ਦੇ ਮਹੀਨੇ ਦੀ ਵਾਰਤਾ ਹੈ। ਮੈਂ ਹੁਣ ਮੋਰੀ ਵਾਲੇ ਤਸੀਲ ਸਰਸਾ ਵਿਚ ਇਸ ਜੋੜੇ, ਸ੍ਰ: ਅਰਜੇਲ ਸਿੰਘ ਤੇ ਬੀਬੀ ਤਾਰੋ ਤੋ ਪੁੱਛ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਹ ਵਾਰਤਾ ਲਿਖੀ ਹੈ।

## *ਮਹਾਰਾਜ ਨਿਹਾਲ ਸਿੰਘ ਵਲੋਂ ਮੱਥਾ ਟਿਕੋਣ ਦੀ ਮਨਾਹੀ*

ਮਹਾਰਾਜ ਨਿਹਾਲ ਸਿੰਘ ਜੀ, ਅਨੰਦ ਹੋਣ ਬਾਅਦ, ਬਹੁਤਾ ਲਾਹੋਰ ਹੀ ਰਹਿੰਦੇ। ਮੁਕਤਸਰ

Sri Satguru Jagjit Singh Ji Elibrary NamdhariElibrary@gmail.com

ਨੀ ਮਾਘੀ ਤੇ ਜਾ ਘੋੜੇ ਖਰੀਦਦੇ। ਜਿਵੇ ਵਿਕਰੀ, ਮੰਡੀ, ਹੁੰਦੀ ਘੋੜੇ ਵੇਹਦੇ, ਖਰੀਦਦੇ। ਕੁਝ ਚਿਰ, ਕਦੀ ਭੈਣੀ ਸਾਹਿਬ ਭੀ ਆ ਟਿਕਦੇ, ਜਾਂ ਲਾਹੌਰ ਬਾਬਾ ਧਿਆਨ ਸਿੰਘ ਜੀ ਪਾਸ ਹੀ ਰਹਿੰਦੇ। ਫੇਰ ਬਾਬਾ ਜੀ, ਵਖਰੇ ਮਕਾਨ ਮਹਾਰਾਜ ਜੀ ਨੂੰ ਪਾ ਦਿੱਤੇ। ਸੰਗਤ ਵਲੋਂ ਮਹਾਰਾਜ ਜੀ ਨੂੰ, ਜੇ ਕਦੀ ਕੋਈ ਸਿੱਖ, ਭੇਟਾ ਕਰਦਾ ਤੇ ਕਹਿੰਦੇ, ਮੈਂ ਤੇ ਗ੍ਰਿਹਸਤੀ ਹਾਂ, ਕਿਰਤ ਕਰ ਗੁਜ਼ਾਰਾ ਕਰਨ ਵਾਲਾ, ਇਹ ਭੇਟਾ ਸਤਿਗੁਰੂ ਪਰਤਾਪ ਸਿੰਘ ਜੀ ਜੋਗ ਏ, ਜੋ ਲੋਹ, ਸ੍ਰੀ ਭੈਣੀ ਸਾਹਿਬ ਵਾਲੀ ਦੇ ਸੇਵਕ ਹਨ। ਇਹ ਪੂਜਾ ਭੇਟਾ ਉਹਨਾਂ ਦਾ ਹੀ ਹੱਕ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੀ ਰਜ਼ਾ ਨਾਲ, ਮੈਂ ਮਾਤਾ ਜਿਉਣ ਕੌਰ ਜੀ, ਸਤਿਗੁਰੂ ਜੀ ਦੇ ਹਾਣੀਆਂ, ਸਿੱਖਾਂ, ਨਾਮਧਾਰੀ ਪੁਸਤਕਾਂ, ਬਸੰਤ ਨੰਬਰਾਂ, ਸਤਿਗੁਰੂ ਜੀ ਦੇ ਲਾਂਗਰੀਆਂ, ਜਥੇਦਾਰਾਂ, ਤੋਂ ਪੁੱਛ, ਕੁਛ ਅੱਖੀਂ ਵੇਖ, ਹਾਲ ਲਿਖਦਾ ਹਾਂ। ਸਤਿਜੁਗ ਦੀ ਫਾਇਲ ਭੀ ਫੋਲ, ਤੇ ਮਹਾਰਾਜ ਨਿਹਾਲ ਸਿੰਘ ਜੀ ਨੂੰ ਮਿਲ, ਇਹ ਇਤਿਹਾਸ ਤਿਆਰ ਕਰਦਾ ਹਾਂ। ਅਗੋਂ ਜੋ ਗੁਰੂ ਪ੍ਰਮੇਸਰ ਨੂੰ ਭਾਵੇ।

## ਗੁਰੂ ਸਰ

ਇਸ ਗੁਰੂ ਸਰ ਦਾ ਨਾਮ, ਆਬਾਦ ਕਰਨ ਵੇਲੇ ਸ੍ਰ: ਹਮੀਰ ਸਿੰਘ (ਸੇਹੂ) ਨੇ ਰੱਤਾ ਵਾਸ, ਰਖਿਆ ਸੀ। ਇਕ ਪੱਖੀ-ਵਾਸ ਦੀ ਗਧੀ ਏਥੇ ਢਾਬ ਵਿਚ ਡੁੱਬ, ਮਰ ਗਈ। ਉਹ ਪੱਖੀ ਸਿਰ ਤੇ ਢੁੱਕ, ਪਿੰਡੋ ਪਿੰਡ ਕਹਿੰਦਾ ਫਿਰੇ, ਮੈਂ ਗੱਦੋਂ ਡੋਬ ਆਇਆ ਹਾਂ। ਲੋਕਾਂ 'ਗੱਦੋਂ ਡੋਬ' ਹੀ ਇਸ ਪਿੰਡ ਦਾ ਨਾਮ ਪਾ ਦਿੱਤਾ।

ਹਮੀਰ ਸਿੰਘ ਜੀ ਦੇ ਦੋ ਵਿਆਹ ਹੋਏ ਸੀ। ਇਕ ਸੁਪਤਨੀ ਦੇ ਪੇਟੋਂ ਸੌਦਾ ਸਿੰਘ ਤੇ ਸੁੰਦਰ ਸਿੰਘ ਹੋਏ। ਦੂਜੀ ਦੇ ਪੇਟੋਂ ਦਾਨ ਸਿੰਘ ਹੋਇਆ। ਸੁੰਦਰ ਸਿੰਘ ਜੀ, ਨਾਮ ਵਾਂਗੂੰ ਸੁਭਾ ਤੇ ਸਰੀਰ ਦੇ ਭੀ ਬੜੇ ਹੀ ਸੁੰਦਰ ਸੀ। ਇਨ੍ਹਾਂ ਦਾ ਅਨੰਦ, ਢੁਲੇ ਵਾਲ ਸਿੱਧੂ ਗੋਤ ਦੇ ਸੰਤ ਅਨੂਪ ਸਿੰਘ ਜੀ ਦੀ ਧੀ ਰਾਮ ਕੌਰ ਨਾਲ ਹੋਇਆ। ਅਨੂਪ ਸਿੰਘ ਜੀ ਦੇ ਸਪੁੱਤ੍ਰ ਸੰਤ ਸਰਮੁਖ ਸਿੰਘ ਜੀ, ਬੜੇ ਸੇਵਕ ਤੇ ਸਿਦਕੀ ਨਾਮਧਾਰੀ ਪੰਥ ਦੇ ਪ੍ਰਸਿੱਧ ਪੁਰਸ਼ ਸੀ। ਰਾਮ ਕੌਰ ਨੂੰ ਸਾਧ ਸੰਗਤ ਦੀ ਸੇਵਾ ਤੇ ਭਜਨ ਬਾਣੀ ਦੀ ਲਗਨ, ਇਹਨਾਂ ਪਾਰੋਂ ਬਹੁਤ ਲਗੀ ਹੋਈ ਤੇ ਅਗੋਂ ਭਲੇ ਭਾਗਾਂ ਨੂੰ ਸੰਤ ਸੁੰਦਰ ਸਿੰਘ ਜੀ ਭੀ, ਸੰਗਤ ਦੇ ਸੇਵਕ, ਪਤੀ ਪ੍ਰਾਪਤ ਹੋ ਗਏ। ਸੁੰਦਰ ਸਿੰਘ ਜੀ ਤੇ ਰਾਮ ਕੌਰ ਦੇ ਘਰ, ਕਿਰਪਾਲ ਸਿੰਘ, ਮੀਹਾਂ ਸਿੰਘ, ਹਰਨਾਮ ਕੌਰ, ਨਾਹਰ ਸਿੰਘ ਤੇ ਵੀਰ ਕੌਰ ਜੀ ਪੁੱਤ੍ਰ ਧੀਆਂ ਪੈਦਾ ਹੋਏ। ਬੜੇ ਚੰਗੇ ਖਿਆਲ, ਪਿਤਾ ਪੁਰਖੀ ਵਾਲੇ, ਸੇਵਾ ਸੁਭਾ ਵਾਲੇ ਹੋਏ। ਇਹ ਸੰਤ ਸੁੰਦਰ ਸਿੰਘ ਜੀ, ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਸਿੱਖ ਹੋਏ ਸੀ। ਏਕ ਸਮੇਂ ਰੁਪਾਣੇ ਤੋਂ ਅਰਜ਼ ਕਰ, ਗੁਰੂ ਕਾ ਡੇਰਾ ਲਿਆਉਣ ਗਏ, ੧੨ ਕੋਹਾਂ ਤੋਂ। ਪਰ ਲਾਂਗਰੀ ਕਹਿਣ, ਰੱਤੇਵਾਸ ਪਾਣੀ ਦਾ ਤੋੜਾ ਹੈ। ਗੁਰੂ ਜੀ ਕਿਹਾ, ਢੁਲੇ ਵਾਲ ਆਉਣਾ, ਦੱਸਾਂਗੇ। ਅਗਲੇ ਰੋਜ਼, ੯ ਕੋਹਾਂ ਤੇ ਢੁਲੇਵਾਲ ਗਏ, ਸੌਦਾ ਸਿੰਘ ਤੇ ਸੁੰਦਰ ਸਿੰਘ ਘੋੜੀਆਂ ਤੇ। ਗੁਰੂ ਜੀ ਨੂੰ ਲਾਂਗਰੀਆਂ ਕਿਹਾ ਢੁਲੇਵਾਲ ਹੀ ਰਸਤ ਮੰਗਾ ਲਵੋ। ਗੁਰੂ ਜੀ ਕਿਹਾ, ਜ਼ਰੂਰ ਇਹਨਾਂ ਦੇ ਨਗਰ ਜਾਣਾ ਹੈ। ਰੱਤੇਵਾਸ ਪਹਾੜ ਵੱਲ, ਇਕ ਮੋਘੇ ਦੇ ਮੁਹਰੇ, ਟੋਏ ਵਿਚ ਪਾਣੀ ਸੀ। ਗੁਰੂ ਕੇ ਹੁਕਮ ਨਾਲ, ਉਸ ਤੇ ਪਹਿਰਾ ਲਾ ਦਿੱਤਾ। ਨਹਿਰ, ਨਗਰੋਂ ਮੁੰਨਾ

Sri Satguru Jagjit Singh Ji Elibrary NamdhariElibrary@gmail.com

ਮੀਲ ਸੀ ਤੇ ਉਹ ਭੀ ਬੰਦ ਸੀ। ਲੋਕ, ਮਸਾਂ ਦੂਰੋ ਕਿਤੇ, ਤੌੜੇ ਭਰ, ਗੁਜ਼ਾਰਾ ਕਰਦੇ ਸੀ। ਗੁਰੂ ਜੀ ਦੇ ਹੁਕਮ ਨਾਲ, ਪਹਿਰੇ ਬੈਠੇ ਸਿੰਘ ਨੂੰ ਹੁਕਮ ਸੀ, ਮਾਲਾ ਫੇਰੀ ਜਾਵੇ। ਉਸੇ ਜਲ ਮੇਘੇ ਮੂਹਰੇ ਦੇ 'ਚੋਂ, ਸਰਦਾਈ ਤੇ ਲੰਗਰ ਰਾਤ ਹੋਇਆ। ਸਵੇਰ ਲਈ ਕੜਾਹੇ ਦੇਗੇ ਭਰ ਲਏ। ਪਹਿਰੇ ਬੈਠੇ ਦਾਨ ਸਿੰਘ ਦੀ, ਅੰਦਰੋਂ ਅਰਜ਼ ਤੇ, ਸਵੇਰੇ ਆਸਾ ਦੀ ਵਾਰ ਦੇ ਦੀਵਾਨ ਵਿਚ ਆਉਣ ਦਾ ਹੁਕਮ ਹੋਇਆ। ਇਸ ਮੇਲੇ ਤੇ ਚਾਰ ਜੋੜੀਆਂ ਰਾਗੀ, ਤੇ ਦੋ ਸਬਦੀ ਜੱਥੇ ਸੀ। ਗੁਰੂ ਜੀ ਬੈਲਾਂ ਦੇ ਰੱਥ ਤੇ ਸਵਾਰ ਸੀ। ਉਠ, ਗੱਡੇ ਦੌਰੇ ਦੇ ਨਾਲ ਸੀ। ਸਵੇਰੇ, ਮੇਲੇ ਦੇ ਭੋਗ ਬਾਅਦ, ਸਾਧ ਸੰਗਤ ਗੁਰੂ ਜੀ ਅੱਗੇ ਅਰਜ਼ ਕੀਤੀ। ਭਾਵੇਂ ਬਾਬੇ ਹਮੀਰ ਸਿੰਘ ਜੀ ਰੱਤਾਵਾਸ ਹੀ ਨਾਮ ਰਖਿਆ ਸੀ, ਪਰ ਗੰਦੇ ਭੇਖ ਪ੍ਰਚਲਤ ਹੋ ਗਿਆ ਹੈ, ਆਪ ਜਿਵੇਂ ਟੋਏ 'ਚੋਂ ਜਲ ਨਹੀਂ ਮੁਕਣ ਦਿੱਤਾ, ਤਿਵੇਂ ਨਗਰ ਦਾ ਨਾਮ ਭੀ ਬਦਲ ਦੇਵੋ। ਗੁਰੂ ਜੀ ਨਗਰ ਦਾ ਨਾਮ 'ਗੁਰੂ ਸਰ' ਰੱਖਿਆ ਤੇ ਕਿਹਾ, "ਜਿਵੇਂ ਹਰੀ ਪੁਰ ਵੱਡ ਤੀਰਥ ਦਾ ਦਰਵਾਜ਼ਾ ਹੈ, ਤਿਵੇਂ ਗੁਰੂ ਸਰ ਭੀ ਸਾਡਾ ਆਪਣਾ ਘਰ ਹੈ।" ਇਸ ਸਮੇਂ ਤੋਂ ਲੈ, ਹੁਣ ਚਿੱਠੀਆਂ ਗੁਰੂ ਸਰ ਦੇ ਨਾਮ ਤੇ ਪਹੁੰਚ ਜਾਂਦੀਆਂ ਹਨ। ਇਸ ਉਪਰ ਲਿਖੇ ਮੇਲੇ ਤੇ ਜਾਤੀ ਤਿੰਨ ਚਾਰ ਅਨੰਦ ਭੀ ਹੋਏ ਸੀ।

## *ਸਤਿਗੁਰਾਂ ਨੂੰ ਰਿਸ਼ਤਾ*

ਸੁੰਦਰ ਸਿੰਘ ਜੀ ਤੇ ਰਾਮ ਕੌਰ ਦੇ ਮਨ ਆਈ, ਗੁਰੂ ਹਰੀ ਸਿੰਘ ਜੀ ਦੇ ਸਾਹਿਬਜ਼ਾਦੇ ਕੋਲ ਬੀਬੀ ਦਾ ਨਾਤਾ ਕਰੀਏ, ਹਰਨਾਮ ਕੌਰ ਦਾ। ਵੱਡੇ ਭਾਈ ਸੌਦਾ ਸਿੰਘ ਨਾਲ ਗੱਲ ਕੀਤੀ, ਉਸ ਨ ਮੰਨੀ ਤੇ ਹਰਨਾਮ ਕੌਰ ਨੂੰ ਖਿਤਰੀ ਵਿਆਹ ਦਿੱਤਾ। ਇਸੇ ਖਿਆਲੋਂ, ਛੋਟੀ ਬੀਬੀ, ਵੀਰੋ ਦਾ ਮੰਗਣਾ ਨੀਲਿਆਂ ਵਾਲੀ ਦੇ ਜ਼ੈਲਦਾਰ ਗੁਰਮੁਖ ਸਿੰਘ ਦੇ ਪੁੱਤ੍ਰ ਕੋਲ ਕਰ ਦਿੱਤਾ। ਤੇ ਇਸ ਦੰਪਤੀ ਦੀ ਸੌਦਾ ਸਿੰਘ ਕੋਈ ਨ ਸੁਣੀ। ਸੁੰਦਰ ਸਿੰਘ ਜੀ ਬੀਮਾਰ ਪਏ ਸਨ। ਉਹਨਾਂ ਆਪਣੇ ਪੁੱਤ੍ਰਾਂ ਨੂੰ ਕੋਲ ਸੱਦ ਕਿਹਾ ਤੁਸਾਂ ਮਾਤਾ ਜਿਉਣ ਕੌਰ ਨੂੰ ਸੱਦ, ਮੇਰੇ ਵਲੋਂ ਅਰਜ਼ ਕਰ ਦੇਣੀ। ਜੇ ਗੁਰੂ ਸਰ ਅਨੰਦ ਨ ਹੋ ਸਕਿਆ, ਤਾਂ ਭੈਣੀ ਸਾਹਿਬ ਵੀਰੋ ਨੂੰ ਲੈ ਜਾ, ਸਾਹਿਬਜ਼ਾਦੇ ਗੁਰੂ ਕੇ ਨਾਲ, ਅਨੰਦ ਕਰ ਦੇਣਾ। ਜੇ ਮੇਰੇ ਜਿਊਂਦੇ ਮਾਤਾ ਜੀ ਆਏ, ਮੈਂ ਆਪ ਹੀ ਆਖ ਦੇਵਾਂਗਾ।

ਗੁਰਮੁਖ ਸਿੰਘ ਨੀਲਿਆਂ ਵਾਲੀਏ ਦਾ ਪੁੱਤ੍ਰ ਫੀਰੋਜ਼ਪੁਰ ਪੜ੍ਹਦਾ ਸੀ। ਉਸ ਪਿਤਾ ਨੂੰ ਕਹਿ ਦਿੱਤਾ, ਮੈਂ ਸ਼ਾਦੀ ਆਪਣੀ ਮਰਜ਼ੀ ਨਾਲ, ਹੋਰ ਥਾਂ ਕਰਨੀ ਹੈ। ਗੁਰਮੁਖ ਸਿੰਘ ਗੁਰੂ ਸਰ ਆ, ਸੌਦਾ ਸਿੰਘ ਨਾਲ ਗੱਲ ਕੀਤੀ। ਸੌਦਾ ਸਿੰਘ ਕਿਹਾ, ਸਰਦਾਰਾਂ ਘਰ ਦੋ ਦੋ ਵੀ ਟੱਬਰ ਹੁੰਦੇ ਹਨ। ਸਾਡੀ ਪਤ, ਗੱਲ ਤਾਂ ਹੀ ਰਹਿੰਦੀ ਹੈ, ਜੇ ਸਾਡੀ ਮੰਗ ਖਿਤੇ ਨਾ ਜਾਏ। ਸੁੰਦਰ ਸਿੰਘ ਜੀ ਕਿਹਾ, ਹੁਣ ਤੇ ਵਿਥ ਮਿਲ ਗਈ ਹੈ, ਮੈਂ ਕਿਤੇ ਵਿਆਹ ਸਕਦਾ ਹਾਂ ਧੀ। ਤਾਂ ਉਹਨਾਂ ਦਬ ਪਾਇਆ, ਕੌਣ ਹੈ, ਜੋ ਸਾਡੀ ਕੀਤੀ ਉਲੱਥੇ, ਅਸੀਂ ਮਿਠ ਪਵਾਂਗੇ।

ਸਤਿਗੁਰੂ ਪਰਤਾਪ ਸਿੰਘ ਜੀ ਤੇ ਮਾਤਾ ਜਿਉਣ ਕੌਰ ਜੀ, ਹੋਰ ਨਗਰ ਦੌਰੇ ਨੂੰ ਜਾਂਦੇ, ਪੱਕੀ ਟਿੱਬਰ ਤੋਂ, ਸੁੰਦਰ ਸਿੰਘ ਜੀ ਨੂੰ ਬੀਮਾਰ ਪਿਆ ਸੁਣ, ਗੁਰੂ ਸਰ ਆਏ। ਸੰਤ ਜੀ ਦਰਸਨ ਕਰ ਚਰਨੀਂ ਸੀਸ ਧਰਿਆ। ਆਪਣੀ ਜੋ ਅੰਤਲੀ ਅੰਦਰਲੀ ਅਰਜ਼ ਸੀ, ਸੋ ਮਾਤਾ ਜੀ ਅਗੇ ਕਰ ਦਿੱਤੀ ਤੇ ਕਿਹਾ ਸੌਦਾ ਸਿੰਘ ਤੇ ਗੁਰਮੁਖ ਸਿੰਘ ਜ਼ੋਰਾਵਰ ਹਨ ਮੇਰੇ ਪੁੱਤ੍ਰ ਭਲੇਮਾਣਸ ਹਨ। ਮੇਰੀ ਅਰਜ਼ ਪੂਰਨ ਕਰਨ ਲਈ ਤੇ ਮੇਰੇ

ਚਾੜ੍ਹਨ ਲਈ, ਤੁਸਾਂ ਆਪ ਹੀ ਇਹਨਾਂ ਦੀ ਇਮਦਾਦ ਕਰ, ਕਾਰਜ ਸਿਰੇ ਚਾੜ੍ਹਨਾ ਹੈ।

## ਵੱਡ ਪ੍ਰਤਾਪੀ ਦਾ ਅਨੰਦ

ਸੰਤ ਸੁੰਦਰ ਸਿੰਘ ਜੀ ਚੜ੍ਹਾਈ ਕਰ ਗਏ। ਪ੍ਰਵਾਰ ਨੇ ਭੋਗ ਪਾ, ਸੋਗ ਗਵਾ, ਮੀਹਾਂ ਸਿੰਘ ਨੂੰ ਭੈਣੀ ਸਾਹਿਬ ਭੇਜਿਆ। ਮਾਤਾ ਜੀ ਤੇ ਸਤਿਗੁਰੂ ਜੀ ਪਾਸ, ਵੀਰ ਕੌਰ ਜੀ ਦੇ ਅਨੰਦ ਦੀ ਅਰਜ ਕੀਤੀ। ਸਤਿਗੁਰੂ ਜੀ ਤੇ ਮਾਤਾ ਜੀ ਕਿਹਾ, ਅਸੀਂ ਆਪੇ ਤੁਹਾਨੂੰ ਪਤਾ ਦੇਵਾਂਗੇ।

ਸੌਦਾ ਸਿੰਘ ਨੇ ਸਭ ਸਲਾਹਾਂ ਸੁਣ ਲਈਆਂ, ਤੇ ਮੀਹਾਂ ਸਿੰਘ ਹੋਰਾਂ ਨੂੰ ਆਖਿਆ, ਤੁਸੀਂ ਜੋ ਕੁਝ ਵੀਰੋ ਦੇ ਅਨੰਦ ਬਾਬਤ ਸਲਾਹ ਕਰ ਰਹੇ ਹੋ, ਜੇ ਮੇਰਾ ਹੋਰ ਚਾਰਾ ਨਾ ਹੀ ਚਲਿਆ, ਤਾ ਵੀਰੋ ਤੇ ਪਰਤਾਪ ਸਿੰਘ ਦਾ ਸਿਰ ਫੇਰਿਆਂ ਤੇ ਬੈਠਿਆਂ ਦਾ ਵੱਢ ਦਿਆਂਗਾ। ਗੁਰਮੁਖ ਸਿੰਘ ਜੈਲਦਾਰ ਨੂੰ ਭੀ ਤੁਸੀਂ ਜਾਣਦੇ ਹੋ। ਜਮਾਨਾ ਜਾਣਦਾ ਹੈ, ਜਿਦ੍ਹੇ ਆਮ ਅਫਸਰ ਤੇ ਬਦਮਾਸ਼ ਮੇਲੀ ਹਨ। ਕੁਝ ਚਿਰ ਇਹੋ ਜਿਹਾ ਝੇੜਾ ਹੋਇਆ। ਦੂਹਾਂ ਧਿਰਾਂ 'ਚੋਂ ਕੋਈ ਆਪਣੇ ਇਰਾਦਿਉਂ ਨਾ ਹਟਿਆ।

ਸਤਿਗੁਰੂ ਜੀ ਤੇ ਮਾਤਾ ਜੀ, ਭੈਣੀ ਸਾਹਿਬੋਂ, ੧੩ ਪੋਹ ਅਨੰਦ ਹੋਣ ਦਾ ਦਿਨ ਲਿਖ ਭੇਜਿਆ। ਮੀਹਾਂ ਸਿੰਘ ਜੀ ਗੁਰੂ ਸਰੋਂ ਫੀਰੋਜ਼ਪੁਰ ਗਏ। ਕਾਨ੍ਹਰ ਸਾਹਿਬ ਅੰਗਰੇਜ਼, ਬਾਗ ਵਿਚ ਫਿਰਦੇ ਨੂੰ, ਸਭ ਹੀ ਸੱਚੀ ਸੱਚੀ ਵਿਰਥਾ ਸੁਣਾਈ। ਉਸ ਕਿਹਾ, ਮੇਰੇ ਵਲ ਅਰਜ਼ੀ ਲਿਖਾ ਲਿਆਵੋ। ਮੀਹਾਂ ਸਿੰਘ ਜੀ ਫਾਜਿਲਕੇ ਬੰਗਲੇ ਗਏ। ਨਾਨਕ ਰਾਮ ਤੋਂ ਅਰਜ਼ੀ ਲਿਖਾ, ਦਫਤ੍ਰ ਤੇ ਦਰਜ ਕਰਾ, ਪਹਿਲੇ ਥਾਣੇ ਅਬੋਹਰ ਨੂੰ ਦਿੱਤੀ। ਉਸ ਕਿਹਾ, ਉਪਰੋਂ ਹੋ ਆਵੇ ਤਾਂ ਚੰਗਾ ਏ, ਮੇਰੀ ਤਾਕਤ ਵੱਧ ਜਾਵੇਗੀ। ਜਾ ਕਾਨਰ ਨੂੰ ਵਿਖਾਈ, ਉਸ ਲਿੱਖ ਦਿੱਤਾ। ਸੌਦਾ ਸਿੰਘ ਤੇ ਉਸ ਦੇ ਸਾਥੀਆਂ ਨੂੰ, ਜਾਂ ਸੱਤ ਦਿਨ ਥਾਣੇ ਅੰਦਰ ਰੱਖੋ, ਜਾਂ ਪਿੰਡੋਂ ਕਿਤੇ ਚਲਾ ਜਾਵੇ ਸਣੇ ਸਾਥੀਆਂ। ਜੇ ਅਗੋਂ ਪਿਛੋਂ ਭੀ, ਕੋਈ ਫਸਾਦ ਖਰੂਦ ਕਰੇ, ਮੇਰੇ ਪੇਸ਼ ਕਰੋ। ਇਹ ਥਾਣਿਉਂ ਹੁਕਮ ਲੱਗਾ, ਉਪਰੋਂ ਆਇਆ ਸੁਣ, ਸੌਦਾ ਸਿੰਘ ਥਾਣੇ ਲਿਖ, ਦੇ ਆਇਆ। ਮੈਂ ਸੱਤ ਦਿਨ ਸਣੇ ਸਾਥੀਆਂ, ਕਿਤੇ ਚਲਾ ਜਾਂਦਾ ਹਾਂ, ਤੇ ਕੋਈ ਖਰੂਦ ਨਾ ਕਰਾਂਗਾ।

ਮਾਤਾ ਜਿਉਣ ਕੌਰ ਜੀ ਤੇ ਲਾਂਗਰੀ, ਸੱਤ ਦਿਨ ਪਹਿਲੋਂ ਗੁਰੂ ਸਰ ਆਏ, ਤੇ ਸੌਦਾ ਸਿੰਘ ਦਸ ਦਿਨ ਪਹਿਲੇ, ਪ੍ਰਵਾਰ ਲੈ, ਆਪਣੀ ਧੀ ਕੋਲ, ਰੁਪਾਣੇ ਜਾ ਰਿਹਾ।

੧੨ ਪੋਹ, ੩ ਕੋਹ ਗੁਰੂ ਸਰੋਂ, ਪੱਕੀ ਦੇ ਟੇਸ਼ਨ ਤੋਂ, ਸਤਿਗੁਰੂ ਜੀ ਗੱਡੀ ਤੋਂ ਸਮੇਤ ਸਾਧ ਸੰਗਤ ਦੇ ਉਤਰੇ। ਅਗੋਂ ਗੱਡੇ, ਘੋੜੀਆਂ, ਊਠ, ਰੱਥ ਆਏ ਹੋਏ ਸੀ। ਸਰਾਵਾਂ, ਜਸਪਾਲ, ਕੱਟਿਆਂ ਵਾਲੀ, ਕਬਰ ਵਾਲੀ[O] ਆਦਿ ਦੇ ਮੁਸਲਮਾਨਾਂ ਭੀ, ਰੀਝ ਨਾਲ ਆਪਣੇ ਘੋੜੇ, ਗੱਡੇ, ਰੱਥ ਭੇਜੇ ਤੇ ਆਪ ਆਏ ਹੋਏ ਸੀ, ਸੁਆਗਤ ਵਲੋਂ, ਜਿਵੇਂ ਗੁਰੂ ਸਰ ਦੇ ਸਭ ਨਗਰ ਨੇ ਆਹਰ ਕੀਤਾ ਹੋਇਆ ਸੀ। ਸਤਿਗੁਰੂ ਪਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ, ਮਹਾਰਾਜ ਗੁਰਦਿਆਲ ਸਿੰਘ ਜੀ, ਰਾਗੀਆਂ ਦੇ ਜਥੇ, ਸਬਦੀ ਤੇ ਮਾਤਾ

---

O ਮੁਸਲਮਾਨਾਂ ਓਦਰਿਆਂ ਇਹਨਾਂ ਪਿੱਛਾ ਦਿਆਂ ਕਿਹਾ ਸੀ। ਜੇ ਤੁਹਾਡੀ ਬਰਾਦਰੀ ਖਿਲਾਫ ਹੈ, ਤਾਂ ਅਸੀਂ ਤੁਹਾਡੇ ਨਾਲ ਹਾਂ। ਤੁਹਾਡੇ ਗੁਰੂ ਤੇ ਸਾਡੇ ਪੀਰ ਹਨ ਉਹ। ਸਿੱਧਵਾਂ ਵਾਲੇ ਚੰਦ ਦੇ ਕੰਵਲ ਸਿੰਘ, ਪ੍ਰੇਮ ਸਿੰਘ ਬੜੀ ਮਦਦ ਦਿੱਤੀ ਸੀ।

Sri Satguru Jagjit Singh Ji Elibrary NamdhariElibrary@gmail.com

ਫਤਹ ਕੌਰ ਜੀ ਆਦਿ, ਸਵਾਰ ਹੋ, ਗੁਰੂ ਸਰ ਨੇੜੇ ਪੁੱਜ ਕੇ ਸਭ ਉਤਰੇ, ਸ਼ਬਦ ਢੋਲਕ ਛੈਣਿਆਂ ਦਾ ਸ਼ੁਰੂ ਹੋਇਆ। ਅਗੋਂ ਭੀ ਸਾਧ ਸੰਗਤ ਸ਼ਬਦ-ਪੜ੍ਹਦੀ, ਢੋਲਕ ਛੈਣਿਆਂ ਦੀ ਰੌਣਕ ਲਾ ਮਿਲੀ।

"ਹਮ ਘਰਿ ਸਾਜਨ ਆਏ ਸਾਚੇ ਮੇਲਿ ਮਿਲਾਏ।"

ਪੜ੍ਹਦੇ ਥੋੜੇ ਦਿਨ ਹੁੰਦੇ ਹੀ, ਨਿਵਾਸ ਅਸਥਾਨ ਤੇ ਜਾ ਢਿਰੇ। ਸੋਧੀ ਦੂਰ ਦੂਰ ਫਿਰੇ। ਮਸਾਂ ਨਹਿਰ ਤੇ ਖੁਲ੍ਹਾ ਜਲ ਲੱਭਾ। ਖੂਹ ਤੇ ਸੀ ਲਾਂਗਰੀਆ ਦਾ ਜੋਖਾ।

ਗੁਰੂਸਰ ਮਾਤਾ ਰਾਮ ਕੌਰ ਤੇ ਮਾਤਾ ਜਿਉਣ ਕੌਰ ਜੀ ਦੇ ਵਰਤਾਵ, ਪ੍ਰੇਮ ਪਿਆਰ ਕਰ, ਦੋ ਤਿੰਨ ਦਿਨਾ ਤੋਂ, ਭੈਣੀ ਸਾਹਿਬ ਵਾਂਗੂ ਆਏ ਸਿੱਖ, ਸਾਧ, ਰਾਹੀ, ਪਾਂਧੀ ਨੂੰ ਪ੍ਰਸਾਦ ਜਲ ਮਿਲਦਾ ਸੀ ਇਕ ਰਸ ਬਿਨਾ ਵਿਤਕਰੇ। ਸਤਿਗੁਰੂ ਜੀ ਦੇ ਸਾਥ ਸਾਧ ਸੰਗਤ, ਜਥੇਦਾਰ ਰਾਗੀ ਤੇ ਦਰਸਨ ਅਭਿਲਾਖੀ ਭੀ ਬਹੁਤ ਆਏ ਸੀ। ਪਰ ਕਿਸੇ ਵਸਤ ਦੀ ਥੁੜ ਨਾ ਜਾਪਦੀ, ਤੇ ਕਿਸੇ ਆਏ ਵਲੋਂ ਬੁੜਬੁੜ ਨਾ ਭਾਪਦੀ ਸੀ।

ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲੇ, ਸਮੇਤ ਆਪਣੇ ਪੁੱਤ੍ਰ ਪ੍ਰਤਾਪ ਸਿੰਘ ਤੇ ਕਾਲੂ ਕੇ ਸਾਰੇ ਰਾਗੀ ਜਥੇ ਦੇ, ਸੰਤ ਹਰਨਾਮ ਸਿੰਘ ਰਾਗੀ ਚਵਿੰਡੇ ਮਾਝੇ ਵਾਲੇ ਰਾਗੀ ਜਥੇ ਸਮੇਤ। ਸੰਤ ਭਗਤ ਸਿੰਘ ਜੀ ਦਾਤੇ ਵਾਲ, ਟਹਿਲ ਸਿੰਘ ਜੀ ਸੰਦੇਵਾਲ, ਸੰਤ ਕਰਮ ਸਿੰਘ ਜੀ ਹਿੰਮਤਪੁਰਾ, ਸੰਤ ਮੰਗਲ ਸਿੰਘ ਜੀ ਝੜ੍ਹੀ ਚੱਕ, ਸੰਤ ਸੁੰਦਰ ਸਿੰਘ ਜੀ ਪੂਗਾਂ ਵਾਲੇ, ਸੰਤ ਆਲਾ ਸਿੰਘ ਜੀ ਵਰਨ, ਸੰਤ ਭੂਰੀ ਵਾਲੇ ਮਾਨਾਂ ਵਾਲੀਏ। ਜੈ ਸਿੰਘ ਰਾਗੀ ਪੁਲੇਤੇ ਦਾ। ਸੰਤ ਹਾਕਮ ਸਿੰਘ ਜੀ ਘੁੱਕਲ ਵਾਲੇ ਆਦਿ ਨੇ ਰਾਤ ਦੀਵਾਨ ਲਾਈ ਰਖੇ। ਰੀਝ ਖੁਸ਼ੀ ਵਿਚ ਆਪੋ ਆਪਣੇ ਡੇਰੇ। ਗੁਰੂਸਰ ਹਰ ਘਰ ਰੌਣਕ ਭਰਿਆਂ ਭਰਪੂਰ ਹੋਇਆ ਰਿਹਾ।

ਪਿਛਲੀ ਰਾਤ ਸਭ ਨੇ ਉਠ, ਸਕੇਸ ਇਸ਼ਨਾਨ ਕਰ, ਵਾਰ ਰਲ ਲਾਈ 'ਚ ਦਰਸਨ ਦਿੱਤੇ। ਹਵਨ ਹੋਇਆ, ਅੰਮ੍ਰਿਤ ਬਣਿਆਂ। ਸੰਤ ਹਾਕਮ ਸਿੰਘ ਜੀ ਘੁੱਕਲ ਵਾਲਿਆਂ, ਆਪਣੇ ਵਲੋਂ ਛੇ ਕਬਿਤ ਤੇ ੧੮ ਸਤ੍ਰਾਂ ਦਾ ਬੈਂਤ ਲਿਖ, ਇਸ਼ਤਿਹਾਰ ਛਪਾ ਇਸ ਖੁਸ਼ੀ ਗੁਰ ਅਨੰਦ ਸਮਾਗਮ ਦੇ ਵੰਡੇ ਹੋਏ ਸੀ। ਜੋ ਹਰ ਦਰਵਾਜੇ ਤੇ ਦੀਵਾਰ ਨਾਲ ਲਗੇ ਹੋਏ ਸੀ। ਸਭ ਨੇ ਚੰਡੀ ਦੀ ਵਾਰ ਦੇ ਭੋਗ ਬਾਅਦ, ਉਹ ਇਸ਼ਤਿਹਾਰ ਵੰਡੀਏ ਲੈ ਪੜ੍ਹੇ। ਜਿਨ੍ਹਾਂ ਵਿਚ ਸੰਗਤਾਂ ਨੂੰ ਇਸ ਸਮਾਗਮ ਤੇ ਮੇਲੇ ਵਿਚ ਔਣ ਦਾ ਸੱਦਾ ਸੀ। ਗੁਰ ਉਸਤਤਿ ਸੀ। ਸੰਤ੍ਹਾਂ ਦੇ ਦੋ ਕਬਿਤ ਇਥੇ ਲਿਖਦਾ ਹਾਂ :—

"ਧੰਨ ਗੁਰੂ ਰਾਮ ਸਿੰਘ ਬਾਈ ਅਵਤਾਰ ਜਾਣੋ,
ਤਿਨ੍ਹਾਂ ਦੇ ਭਰਾਤ ਗੁਰੂ ਹਰੀ ਸਿੰਘ ਜਾਨੀਏ।
ਜਨਮੇ ਸਪੂਤ ਸੋਹਣੇ ਗੁਰੂ ਹਰੀ ਸਿੰਘ ਘਰ,
ਤੇਜੇ ਕਰਤਾਰ ਦੇ ਕੇ ਸਿਖਿਆ ਮਹਾਨੀਏ।
ਸੌਚ ਸੁਚ ਸੰਜਮ ਜਹਾਨ ਉੱਤੋਂ ਦੂਰ ਹੁੰਦਾ,
ਜੇ ਨਾ ਕਦੇ ਹੁੰਦੀਆਂ ਇਹ ਸੂਰਤਾਂ ਰਬਾਨੀਏ।
ਪਰਮ ਪਵਿੱਤ੍ਰ ਕੁਲ ਬਾਈਆਂ ਦੀ ਪੂਜਨੀਕ,
ਹਾਕਮ ਮਰਗਿੰਦ ਸਭ ਸੇਵੀਆਂ ਪਛਾਨੀਏ।

Sri Satguru Jagjit Singh Ji Elibrary NamdhariElibrary@gmail.com

ਬਾਵੂ ਹਰੀ ਸਿੰਘ ਦਾ ਸਪੁੱਤ੍ਰ ਪਰਤਾਪ ਸਿੰਘ,
ਸੁੰਦਰ ਸਰੂਪ ਸੋਹਣਾ ਦੂਲੋ ਸੋ ਸੁਹਾਊਗਾ ।
ਦੂਜੇ ਛੋਟੇ ਭਾਈ ਮਹਾਰਾਜ ਜੀ ਨਿਹਾਲ ਸਿੰਘ,
ਹੋਊਗਾ ਨਿਹਾਲ ਜਿਹੜਾ ਦਰਸ਼ਨਾਂ ਨੂੰ ਪਾਊਗਾ ।
ਤੀਜੇ ਮਹਾਰਾਜ ਗੁਰਦਿਆਲ ਸਿੰਘ ਦਯਾ ਨਿੱਧ,
ਬ੍ਰਹਮਾ ਸ਼ਿਵ ਵਿਸ਼ਨੂੰ ਆ ਦਰਸ ਦਿਖਾਊਗਾ ।
ਕਹੇ ਸਿੰਘ ਹਾਕਮ ਹੈ ਬੇਨਤੀ ਇਹ ਵਾਰ ਵਾਰ,
ਗੁਰੂ ਕਾ ਜੋ ਸਿੱਖ ਸੋ ਜ਼ਰੂਰ ਚਲ ਆਊਗਾ ।"

ਚੰਡੀ ਦੀ ਵਾਰ ਦਾ ਭੋਗ ਪਾ ਅਰਦਾਸਾ ਕਰ ਸਤਿਗੁਰੂ ਪਰਤਾਪ ਸਿੰਘ ਜੀ ਗ੍ਰੰਥ ਸਾਹਿਬ ਪ੍ਰਕਾਸ਼ੇ ਨੂੰ ਮੱਥਾ ਟੇਕ ਵੇਦੀ ਪਾਸ, ਚਿੱਟੀ ਦੁੱਧ ਵਰਗੀ ਵਿਛੀ ਚੁਤਈ, ਚਾਦਰ ਤੇ ਆਏ ਬੈਠੇ । ਮਾਈਆਂ ਵਿਚੋਂ ਵੀਰ ਕੌਰ ਜੀ ਉਠ ਸਤਿਗੁਰੂ ਜੀ ਨੂੰ ਨਮਸਕਾਰ ਕਰ ਗਲੇ ਮਾਲਾ ਉੱਨ ਦੀ ਪਹਿਰਾ ਤੇ ਫੁਲਾਂ ਦਾ ਹਾਰ ਪਹਿਰਾ, ਖੱਬੇ ਪਾਸੇ ਆ ਬੈਠੇ । ਇਹ ਜੋੜਾ ਰਾਮ ਤੇ ਸੀਤਾ ਸਰੂਪ ਹੀ, ਸਾਖਿਆਤ ਜਾਪਦਾ ਸੀ । ਸੰਤ ਸੁੰਦਰ ਸਿੰਘ ਜੀ ਤੇ ਰਾਮ ਕੌਰ ਦਾ ਵਿਹਤਾ, ਰਾਜੇ ਜਨਕ ਦੇ ਸਵੰਬਰ ਰਚੇ ਤਰ੍ਹਾਂ ਸੋਭਦਾ ਸੀ ।

ਇਹ ਜੋੜਾ ਹੰਸ ਸਰੂਪੀ, ਸੋਹਣੇ ਸਿਹਣ ਤੇ ਸੰਗਤ ਵਿਚ ਸੋਭ ਰਿਹਾ ਸੀ । ਦੁਆਲੇ ਦੇ ਕੋਠਿਆਂ ਤੇ ਰੰਗ ਬਰੰਗੇ ਬਸਤਰਾਂ ਵਿਚ ਸੁੰਦਰੀਆਂ, ਤੇ ਬਾਲਾਂ ਦੀਆਂ ਪਾਲਾਂ, ਅਨਗਿਣਤ, ਇਸ ਅਪੂਰਬ ਸਵੰਬਰ ਨੂੰ ਦੇਖਣ ਵਾਸਤੇ ਦੇਵ ਪਰਿਵਾਰ ਆਏ ਜਾਪਦੇ ਸੀ ।

ਗੁਰਬਖ਼ਸ਼ ਸਿੰਘ ਜੀ ਚੌਂਕ ਕੂਕਿਆਂ ਵਾਲੇ ਕੋਠੇ ਤੇ ਫਿਰਦੇ । ਸੂਝ ਦੀ ਨਜ਼ਰ ਨਾਲ ਦੇਖਦੇ ਸੀ, ਮਤ ਕੋਈ ਜਨਾਨੇ ਭੇਖ ਵਿਚ ਹੋ, ਨੁਕਸਾਨ ਕਰਨ ਵਾਲੀ ਚੋਟ ਨ ਚਲਾਂਦਾ ਹੋਵੇ । ਮੀਹਾਂ ਸਿੰਘ ਜੀ ਵਲੋਂ ਪੁਲਸ ਆਦੀ 'ਚੋਂ ਹਵਾਲਦਾਰ ਤੇ ਸਿਪਾਹੀ ਦੂਰ ਦੂਰ ਉਸ ਹਵੇਲੀ ਦੇ ਨੇੜੇ ਆਏ ਦੀ ਦੇਖ-ਰੇਖ ਆਪਣੀ ਸੂਝੋਂ ਕਰਦੇ ਸੀ ।

ਕੁਝ ਬਲੀ ਤੇ ਸਡੋਲ ਸੂਰਮੇ ਸਿੰਘ, ਇਸ ਦੀਵਾਨ, ਅਨੰਦ ਮੰਡਪ ਦੇ ਦੁਆਲੇ ਦੁਆਲੇ, ਪਹਿਰੇ ਤੋਰ, ਚੌਕਸ ਚਿੱਤ ਹੋ ਫਿਰ ਰਹੇ ਸੀ । ਸੰਗਤਾਂ ਐਸਾ ਸੁੰਦਰ ਨਜ਼ਾਰਾ, ਪਿਆਰਾ ਪਿਆਰਾ ਦਰਸ਼ਨ ਇਸ ਅਪੂਰਬ ਅਨੰਦ ਵਾਲੇ ਜੋੜੇ ਦਾ ਦਰਸ ਕਰ, ਨੇਤ੍ਰ ਉਘਾੜ, ਗਰੀਵਾਂ ਉਤਾਹਾਂ ਕਰ ਦੇਖਦੇ ਨ ਰੱਜਦੇ ਸੀ ।

ਸਤਿਗੁਰੂ ਪਰਤਾਪ ਸਿੰਘ ਜੀ ਕਮਰਕੱਸਾ ਕਰ, ਗਾਤ੍ਰੇ ਸਫਾ-ਜੰਗ ਸਜਾ, ਬੀਰ ਆਸਣ ਹੋਏ ਬੈਠੇ । ਵੀਰ ਕੌਰ ਜੀ ਨੂੰ ਰੌਂਕੜਾ ਲਾਇਆਂ ਹੀ, ਸੰਤ ਲਛਮਣ ਸਿੰਘ ਜੀ ਨੇ ਪਵਿਤ੍ਰ ਗੜਵੇ ਦੇ ਜਲ ਨਾਲ ਹੱਥ ਧੁਆਏ । ਬਾਬੇ ਬਦਨ ਸਿੰਘ ਜੀ 'ਰਜ਼ਿਕ' ਜ਼ਿਲ੍ਹਾ ਅੰਮ੍ਰਿਤਸਰ ਨੇ ਅੰਮ੍ਰਿਤ ਵਾਲਾ ਬਾਟਾ ਲਿਆ । ਸੰਤ ਲਛਮਣ ਸਿੰਘ ਜੀ ਜਟਾਣੇ ਵਾਲਿਆਂ, ਪਹਿਲੇ ਸਤਿਗੁਰੂ ਜੀ ਨੂੰ, ਅੰਮ੍ਰਿਤ ਪੰਜ ਚੂਲੇ ਛਕਾ, ਕੇਸਾਂ, ਨੇਤ੍ਰਾਂ ਮੈਂ ਛੱਟੇ ਨਾਲ ਸੰਚਾਰ ਕੀਤਾ ਪੰਜ ਵਾਰ । ਸੋਧੀ ਸਾਧੂ, ਸਤਿਗੁਰੂ ਜੀ ਦਾ ਦਸਤਾਰ ਉਥਲ, ਕੇਸ ਨੰਗੇ ਕੀਤੇ, ਪੰਜ ਚੂਲੇ ਹੀ ਅੰਮ੍ਰਿਤ ਵਰਸਾਇਆ ਕੇਸਾਂ ਵਿਚ । ਫੇਰ ਵੀਰ ਕੌਰ ਜੀ ਨੂੰ ਭੀ ਮੁਖ ਮੇਂ, ਕੇਸਾਂ ਮੇਂ ਤੇ ਨੇਤਰਾਂ ਮੇਂ । ਅੰਮ੍ਰਿਤ ਛਕਾ ਸੰਚਾਰ ਕੀਤਾ । ਸਤਿਗੁਰੂ ਜੀ ਤਾਂ ਹਰ ਚੂਲੇ ਤੇ ਛਟੇ ਨਾਲ, ਬੋਲ ਵਾਹਿਗੁਰੂ ਜੀ ਕਾ ਖਾਲਸਾ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਵਾਹਿਗੁਰੂ ਜੀ ਕੀ ਫਤਹ। ਸੰਤ ਜੀ ਦੇ ਬੋਲਣ ਬਾਅਦ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ ਬੋਲਦੇ ਸੀ। ਵੀਰ ਕੌਰ ਜੀ, ਸਤਿ ਸ੍ਰੀ ਅਕਾਲ ਬੋਲਦੇ ਸੀ। ਵੀਰ ਕੌਰ ਜੀ ਦੇ ਕੇਸਾਂ ਤੇ ਬਿਰਧ ਮਾਈ, ਬਸਤ੍ਰ ਥੋੜਾ ਜਿਹਾ ਅੰਮ੍ਰਿਤ, ਸੀਸ ਕੇਸਾਂ ਵਿਚ ਛੱਟੇ ਪੈਣ ਜੋਗ ਉਥਲਿਆ। ਸੰਤਾਂ ਨੇ ਭੀ ਸਵਾ ਜੇਬ, ਕਮਰ-ਕੱਸਿਆਂ ਵਿਚ ਪਹਿਰੇ ਸੀ।

ਸੂਹੀ ਮਹਲਾ ੪ 'ਚੋਂ ਲਾਵਾਂ ਦੇ ਉਚਾਰਨ ਤੋਂ ਪਹਿਲੋਂ, ਮਾਇਆ ਦੁਤਰਫੋਂ ਲੈ ਸਵਾ ਸਵਾ ਰੁਪਿਆ ਵਿਚ ਰੱਖ ਗੰਢ ਚਿਤ੍ਰਾਵਾ ਕੀਤਾ। ਫੇਰ ਲਾਵਾਂ ਦੇ ਉਚਾਰ ਦੇ ਨਾਲ ਨਾਲ, ਵੇਦੀ ਵਿਚਾਲੇ ਤੇ ਪ੍ਰਜੁਲਤ ਹਵਨ ਦੇ ਦੁਆਲੇ, ਸੱਜੇ ਹਥੋਂ ਚੱਲ, ਅਗੇ ਗੁਰੂ ਜੀ ਪਿਛੇ ਵੀਰ ਕੌਰ ਜੀ ਚਾਰ ਫੇਰੇ ਲਏ। ਬੈਠੇ ਤਾਂ ਰਾਗੀਆਂ ਨੇ "ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ" ਅਨੰਦ ਦੇ ਪੰਜ ਸਬਦ ਪੜ੍ਹੇ, ਅਰਦਾਸਾ ਕਰ, ਪਾਤਸਾਹੀ ਬਾਹਰਵੀਂ ਤੋਂ ਅਰੰਭ ਕਰ, ਗੁਰੂ ਹਰੀ ਸਿੰਘ ਜੀ ਤਕ ਨਾਮ ਲੈ, ਕੜਾਹ ਪ੍ਰਸਾਦ ਦਾ ਆਪ ਨੂੰ ਭੋਗ ਲਗੇ, ਕਹਿ ਇਸ ਅਪੂਰਬ ਅਨੰਦ ਦਾ ਜੈਕਾਰਾ ਸਭ ਸੰਗਤ ਨੇ ਮਿਲ ਕੇ ਗਜਾਇਆ।

ਸਤਿਗੁਰੂ ਜੀ ਭੈਣੀ ਸਾਹਿਬੋਂ ਇਕ ਪਾਠ ਆਦਿ ਗ੍ਰੰਥ ਤੇ ਇਕ ਦਸਮ ਗ੍ਰੰਥ ਸਾਹਿਬ ਦਾ ਆਪ ਕਰਕੇ ਭੋਗ ਪਾ ਕੇ ਤਿਆਰ ਹੋਏ ਸੀ ਗੁਰੂਸਰ ਨੂੰ। ਕੜਾਹ ਪ੍ਰਸਾਦ ਸਿਰਫ ਭੋਗ ਸਮੇਂ (ਅਨੰਦ ਮਗਰੋਂ ਕੀਤੇ ਦੇ ਪਾਠ) ਸੂਬਾ ਮੀਹਾਂ ਸਿੰਘ ਜੀ ਤੇ ਭੁਪਿੰਦਰ ਕੌਰ ਜੀ ਵਲੋਂ ਦੇ ਹਿਤੋ ਹੀ, ਬੈਠੀ ਸਾਧ ਸੰਗਤ ਨੂੰ ਵਰਤਿਆ ਸੀ।

ਮੈਂ ਅਪੂਰਬ ਅਨੰਦ ਇਸ ਨੂੰ ਇਸ ਲਈ ਲਿਖਿਆ ਹੈ। ਸਤਿਗੁਰੂ ਪਰਤਾਪ ਸਿੰਘ ਜੀ ਤੋਂ ਬਿਨਾਂ ਕਿਸੇ ਗੁਰੂ ਦਾ ਅਨੰਦ ਗੁਰਮਰਯਾਦਾ ਦਾ ਨਹੀਂ ਹੋਇਆ। ਵੇਦ ਵਿਧੀ ਦੇ ਹੀ ਹੋਏ ਹਨ। ਇਹ ਉਹ ਵਾਕ ਸਤਿਗੁਰੂ ਰਾਮ ਸਿੰਘ ਜੀ ਦਾ ਪੂਰਾ ਹੋਇਆ। ਜੋ ਉਹਨਾਂ ਦਾ ਵਾਕ ਹੈ, "ਸੰਸਾਰ ਤੇ ਜੋ ਭੀ ਧਰਮ, ਕਰਮ ਵਰਤਦਾ ਹੈ, ਪਹਿਲਾ ਮੈਂ ਆਪਣੇ ਤੇ ਹੀ ਵਰਤ ਪ੍ਰਚਲਤ ਕਰਦਾ ਹਾਂ।" ਪੂਰੇ ਗੁਰਮੁਖੀ ਬਾਣੇ ਵਿਚ, ਮੱਧਮ ਪੈ ਗਈ ਗੁਰਮਰਯਾਦਾ ਦੀ ਰੀਤ ਨੂੰ, ਤਿਵੇਂ ਫੇਰ ਮੇਰੇ ਪ੍ਰੀਤਮ ਨੇ ਆਪਣੇ ਤੋਂ ਅਰੰਭ ਕੀਤਾ।

ਤਰਨ ਸਿੰਘ ਸ੍ਰੀ ਰਾਮਪੁਰ

## ਨਾਮ ਬਦਲਿਆ

ਸੰਤ ਲਛਮਣ ਸਿੰਘ ਜੀ ਜਟਾਣੇ ਵਾਲਿਆਂ ਮਾਤਾ ਜਿਉਣ ਕੌਰ ਜੀ ਦੀ ਸਲਾਹ ਨਾਲ, ਵਾਕ ਲੈ ਗੁਰਬਾਣੀ ਦੇ ਵਿਚੋਂ, ਵੀਰ ਕੌਰ ਜੀ ਦਾ ਨਾਮ ਭੁਪਿੰਦਰ ਕੌਰ ਰਖਿਆ। ਸੰਗਤ ਨੂੰ ਸੁਣਾਇਆ ੧੩ ਪੋਹ* ੧੯੭੧ ਬਿ: ਗੁਰੂਸਰ ਜ਼ਿਲ੍ਹਾ ਫੀਰੋਜ਼ਪੁਰ। ਵਾਕ ਇਹ ਨਿਕਲਿਆ ਸੀ।

---

*ਆਲਿਮ ਜੀ, ਰਾਜਾ ਪਰਤਾਪੁ ਸਤਿਗੁਰੂ ਤੇ [illegible] ਸਤਿਗੁਰੂ ਜੀ ਦਾ ਅਨੰਦ ੧੪ ਪੋਹ ੧੯੭੧ ਬਿ: ਲਿਖਿਆ ਹੈ। ਮੈਂ ਭੀ ਉਹੋ ਦੇਖ ੧੩ ਪੋਹ ਲਿਖਿਆ ਹੈ। ਪਰ ਸੂਬਾ ਮੀਹਾਂ ਸਿੰਘ ਜੀ ਦੱਸਦੇ ਹਨ, ੭ ਪੋਹ ਸੀ। ਇਹ ਇਸ ਲਈ ਮੰਨਣਾ ਪੈਂਦਾ ਹੈ ਕਿ ਉਹਨਾਂ ਦੇ [illegible] ਪ੍ਰਚਲਤ ਆਈ ਸੀ। [illegible] ਭੌਰੂਆਂ ਰਾਗੀਆਂ 'ਚ ਇਕੋ ਸੀ।

Sri Satguru Jagjit Singh Ji Elibrary NamdhariElibrary@gmail.com

ਆਸਾ ਮਹਲਾ ੫ ॥

ਨਿਜ ਭਗਤੀ ਸੀਲਵੰਤੀ ਨਾਰਿ ॥ ਰੂਪਿ ਅਨੂਪ ਪੂਰੀ ਆਚਾਰਿ ॥
ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ ॥ ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ ॥੧॥
ਸੁ ਕਰਣੀ ਕਾਮਣਿ ਗੁਰ ਮਿਲਿ ਹਮ ਪਾਈ ॥ ਜਜਿ ਕਾਜਿ ਪਰਥਾਇ ਸੁਹਾਈ ॥੧॥ ਰਹਾਉ॥
ਜਿਚਰੁ ਵਸੀ ਪਿਤਾ ਕੈ ਸਾਥਿ ॥ ਤਿਚਰੁ ਕੰਤੁ ਬਹੁ ਫਿਰੈ ਉਦਾਸਿ ॥
ਕਰਿ ਸੇਵਾ ਸਤ ਪੁਰਖੁ ਮਨਾਇਆ ॥ ਗੁਰਿ ਆਣੀ ਘਰ ਮਹਿ ਤਾ ਸਰਬ ਸੁਖ ਪਾਇਆ ॥੨॥
ਬਤੀਹ ਸੁਲਖਣੀ ਸਚੁ ਸੰਤਤਿ ਪੂਤ ॥ ਆਗਿਆਕਾਰੀ ਸੁਘੜ ਸਰੂਪ ॥
ਇਛ ਪੂਰੇ ਮਨ ਕੰਤ ਸੁਆਮੀ ॥ ਸਗਲ ਸੰਤੋਖੀ ਦੇਰ ਜੇਠਾਣੀ ॥੩॥
ਸਭ ਪਰਵਾਰੈ ਮਾਹਿ ਸਰੇਸਟ ॥ ਮਤੀ ਦੇਵੀ ਦੇਵਰ ਜੇਸਟ ॥
ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ ॥ ਜਨ ਨਾਨਕ ਸੁਖੇ ਸੁਖਿ ਵਿਹਾਇ ॥੪॥

ਇਸ ਸਬਦ ਦਾ ਪਹਿਲਾ ਨਿਜ, ਪਦ, ਸੰਤ ਜੀ ਨੇ ਆਪ ਪ੍ਰਮੇਸਰ ਰੂਪ, ਸਤਿਗੁਰੂ ਪਰਤਾਪ ਸਿੰਘ ਜੀ ਜੋਗ ਜਾਣਿਆਂ, ਭਗਤੀ ਰੂਪ ਸਕਤ ਦਾ ਅਵਤਾਰ, ਮਾਤਾ ਵੀਰ ਕੌਰ ਜੀ ਨੂੰ ਇਸ ਸਮੇਂ ਜਾਣਿਆਂ ਤੇ ਭਭੇ ਅੱਖਰ ਤੋਂ ਭੂਪਿੰਦਰ ਕੌਰ ਨਾਮ ਰੱਖਿਆ । ਭੂ, ਧਰਤੀ, ਉਸ ਦਾ ਪਤੀ ਇੰਦਰ ਸਤਿਗੁਰੂ ਜੀ ਨੂੰ ਜਾਣਿਆਂ, ਤੇ ਭੂਪਿੰਦਰ ਕੌਰ ਨਾਮ ਸੰਤ ਜੀ ਉਚ ਬਖਾਣਿਆ । ਅਰਥਾਤ ਨਿਜ ਆਪ ਪਰਮੇਸਰ ਤੋਂ ਬਾਅਦ, 'ਭਗਤੀ ਸੀਲਵੰਤੀ ਨਾਰਿ' ਦੇ ਅੱਖਰ ਤੋਂ ਭੱਭਾ ਅੱਖਰ ਲੈ ਨਾਮ ਚੁਣਿਆ ।

ਇਹ ਸੰਤ ਲਛਮਣ ਸਿੰਘ ਜੀ ਜਟਾਣੇ ਦੇ ਜ਼ਿਮੀਂਦਾਰ ਸੀ । ਜੋ ਸਮਰਾਲੇ ਤੋਂ ਚਾਰ ਕੋਸ ਏ । ਇਹਨਾਂ ਨੇ ਆਪ ਵਿੱਦਿਆ, ਅਧਿਆਪਕ ਪਾਸੋਂ ਬੜੇ ਜਤਨ ਨਾਲ ਸੇਵਾ ਕਰ ਹੀ ਪ੍ਰਾਪਤ ਕੀਤੀ ਸੀ । ਇਹ ਸੰਤ ਜੀ ਇਕੱਲੇ ਅੱਠ ਪਹਿਰਾਂ ਵਿਚ, ਗ੍ਰੰਥ ਸਾਹਿਬ ਆਦਿ ਦਾ ਅਖੰਡ ਪਾਠ ਕਰ ਲੈਂਦੇ ਸੀ, ਖੜੋ ਕੇ ਭੀ ਪਾਠ ਬੜਾ ਸੁੱਧ ਉਚਾਰਨ ਕਰਦੇ ਸੀ ਬੋਲ ਕੇ ।

ਸਤਿਗੁਰੂ ਜੀ ਦੀ ਉਮਰ ੨੭ ਵੇਂ ਸਾਲ ਵਿਚ ਸੀ । ਹਰ ਗੁਣ ਵਿੱਦਿਆ ਸਪੰਨ ਸੀ । ਮਾਤਾ ਭੂਪਿੰਦਰ ਕੌਰ ਜੀ ੧੫-੧੬ ਸਾਲ ਦੇ, ਸੁੰਦਰ ਸਰੂਪ ਚੰਗੀ ਗੁਰਮੁਖੀ ਪੜ੍ਹੇ ਹੋਏ, ਗੁਰਬਾਣੀ ਦੇ ਨੇਮੀ ਤੇ ਭਜਨ ਦੇ ਅਭਿਆਸੀ ਸੀ । ਮਾਤਾ ਜੀ ਨੇ ਇਸ ਆਪਣੇ ਅਨੰਦ ਤੇ ਆਈ ਸੰਗਤ ਦੀ ਸੇਵਾ ਆਪਣੀ ਹੱਥੀਂ ਆਪਣੇ ਸਭ ਮਾਂ ਪਿਉ ਜਣਿਆਂ ਤੇ ਸਾਧਾਂ ਦੇ ਸਾਥ ਰਲ ਕੀਤੀ ।

## ਪਲੰਘ ਤੇ ਬੈਠੇ

ਪ੍ਰਸਾਦ ਛੱਕ, ਵਿਦਾ ਹੋਣ ਤੋਂ ਪਹਿਲਾਂ, ਮਾਤਾ ਰਾਮ ਕੌਰ ਜੀ ਨੇ ਅਰਜ਼ ਕਰ, ਸਤਿਗੁਰੂ ਜੀ ਨੂੰ ਸਾਧ ਸੰਗਤ ਵਿਚੋਂ, ਆਪਣੇ ਭਾਗਾਂ ਭਰੇ ਵਿਹੜੇ ਸਭ ਸਖੀਆਂ ਦੇ ਦਰਸਨ ਕਰਨ, ਭੇਟਾ ਧਰਨ ਜੋਗ ਲਿਆਂਦਾ । ਸਤਿਗੁਰੂ ਜੀ ਦੇ ਸਾਥ, ਹਾਣੀ, ਮਨ-ਮੇਲੀ, ਗੁਰਬਖਸ਼ ਸਿੰਘ ਹੋ ਟੁਰਿਆ, ਭਾਈ ਵਜ਼ੀਰ ਸਿੰਘ ਜੀ ਪਿਛੇ ਪਿਛੇ ਜਲ ਦਾ ਗੜਵਾ ਲੈ ਟੁਰੇ, ਸੁੰਦਰ ਵਿਹੜੇ ਵਿਚ ਵਿਛੇ ਬਸਤ੍ਰਾਂ ਤੇ ਦੀ, ਸੁੰਦਰ ਪਲੰਘ ਪਰ ਆਏ ਬਿਰਾਜੇ । ਸਤਿਗੁਰੂ ਜੀ ਨੂੰ ਸਭ ਨੇ ਨਮਸਕਾਰ ਕੀਤੀ ।

ਮਾਤਾ ਰਾਮ ਕੌਰ ਜੀ, ਸਭ ਬੀਬੀਆਂ ਨੂੰ ਸੁਣਾ ਕਿਹਾ, ਮੰਨਣ ਤੇ ਮੱਥਾ ਟੇਕਣ ਦਾ ਥਾਂ ਹਨ, ਕੋਈ ਬੀਬੀ ਕਬੋਲ ਮਖੌਲ ਨ ਕਰੇ । ਸਭ ਸੰਬੰਧੀਆਂ ਤੇ ਨਗਰ ਦੀਆਂ ਆਈਆਂ ਮਾਈਆਂ ਬੀਬੀਆਂ 'ਚੋ ਕਈ

Sri Satguru Jagjit Singh Ji Elibrary NamdhariElibrary@gmail.com

ਤੇ ਭੇਟਾ ਤਰ੍ਹਾਂ ਮੱਥਾ ਟੇਕਣ, ਕੋਈ ਸਗਨ ਤਰ੍ਹਾਂ ਗਿਰੀ ਤੇ ਨੂਠੀ ਦੀ ਭੇਟਾ ਧਰਨ। ਗੁਰਬਖਸ਼ ਸਿੰਘ ਸਭ ਭੇਟਾ ਝੋਲੀ ਵਿਚ, ਅਗੋਂ ਉਠਾ, ਆਪ ਸਾਂਭੀ ਜਾਵੇ। ਸਤਿਗੁਰੂ ਜੀ ਮਗਨ, ਨੀਵੀਂ ਨਜ਼ਰ ਰਖੇ, ਸੱਜੇ ਹਥ ਮਾਲਾ ਫੜ ਭਜਨ ਕਰੀ ਜਾਦੇ। ਇਕ ਬੀਬੀ ਕਿਹਾ, ਮੇਰਾ ਤੇ ਤਾਈਆ ਏ। ਵਜ਼ੀਰ ਸਿੰਘ ਜੀ ਪਰਿਉਂ ਸੁਣ ਬੋਲੇ, ਬੀਬੀ ਠੀਕ ਬੋਲੀ ਹੈ।

ਇਹ ਭਾ ਈ ਨਿਰਾ ਏ ਮੇਰਾ ਚਾਈਆਂ ਸਾਹਿਬ! ਉਸ ਬੀਬੀ ਕਿਹਾ, ਮੈਂ ਹਿਤ ਨਾਲ ਕਿਹਾ ਹੈ, ਭਾਈ ਕਿਹਾ, ਬੀਬੀ! ਇਹ—

"ਸਜਣ ਮੈਡਾ ਚਾਈਆ ਹਭ ਕਹੀਦਾ ਮਿਤੁ ॥
ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤੁ ॥"

ਇਹ ਐਸਾ ਮਿਤ ਏ।

ਗੁਰਬਖਸ਼ ਸਿੰਘ ਇਕ ਦੋ ਬੀਬੀਆਂ ਨੂੰ ਸਤਿਗੁਰੂ ਜੀ ਦੇ ਬਹੁਤ ਨੇੜੇ ਨੇੜੇ ਹੁੰਦਾ ਜਾਣ, ਤੇ ਕੁਝ ਮੁੱਠ ਵਿਚ ਲਕੋਇਆ ਜਾਣ, ਇਸ਼ਾਰੇ ਨਾਲ ਕਿਹਾ, ਤੁਸਾਂ ਜੋ ਕੁਝ ਕਰਨਾ ਹੈ ਕਰ ਦੇਵੋ। ਭਾਵ ਇਹ ਸੀ ਜੇ ਸੂਈਆਂ ਚੁਭਣ ਤੇ ਸੀ ਕਰਨਗੇ, ਤਾਂ ਭੀ ਹਾਸਾ ਹੋਵੇਗਾ। ਜੇ ਬਸਤ੍ਰ ਆਪ ਦੇ ਬਸਤ੍ਰ ਸਾਥ ਸੀਤਾ ਗਿਆ ਤੇ ਲੈ ਟੁਰਨਗੇ, ਤਾ ਭੀ ਹਾਸਾ ਮਚੇਗਾ। ਸਤਿਗੁਰੂ ਜੀ ਤ੍ਰਿਛੀ ਅੱਖੇ ਤਾਕ, ਬੀਬੀਆਂ ਵੱਲ ਦੇਖਿਆ ਤਾਂ ਬੀਬੀਆਂ ਨੇੜਿਉਂ ਪਰ੍ਹੇ ਹੋ ਗਈਆਂ। ਇਹ ਛੇੜ ਖਾਨੀ ਤੇ ਤਾੜਨਾ ਦੇਖ, ਮਾਤਾ ਰਾਮ ਕੌਰ ਜੀ ਗੁਰਬਖਸ਼ ਸਿੰਘ ਨੂੰ ਕਿਹਾ, ਇਹ ਬੀਬੀਆਂ ਤੇ ਚੰਚਲ ਮੱਤ ਹੋਈਆਂ, ਤੂੰ ਤੇ ਇਹ ਇਸ਼ਾਰਾ ਸਹਾਰਾ ਨਾ ਸੀ ਦੇਣਾ।

ਗੁਰਬਖਸ਼ ਸਿੰਘ ਉੱਤਰ ਦਿੱਤਾ, ਜੇ ਇਹ ਕੁੜੀਆਂ ਦੀਆਂ ਸੂਈਆਂ ਤੋਂ ਸੀ ਸੀ ਕਰਦੇ, ਤਾਂ ਮੈਂ ਕਹਿਣਾ ਸੀ ਜਿਵੇਂ ਇਹਨਾਂ ਕੁੜੀਆਂ ਆਪ ਨੂੰ ਮੌਜ ਨਾਲ ਸੂਈਆਂ ਚੁਭੋਈਆਂ ਹਨ, ਤੇ ਤੁਸਾਂ ਦਰਦ ਮੰਨੀ ਹੈ। ਤਿਵੇਂ ਜਦ ਆਪ ਸਾਨੂੰ ਕੋਈ ਸੂਈ ਦਰਦ ਕਰਨ ਵਾਲੀ, ਮੌਜ ਨਾਲ ਚੋਭਦੇ ਹੋ। ਜੇ ਅਸੀਂ ਚੀਸ ਵਟਦੇ, ਸੀ ਹਾਏ ਕਰਦੇ ਹਾਂ ਤਾਂ ਸਾਨੂੰ ਕਿਉਂ ਕਹਿੰਦੇ ਹੋ। ਹਾਏ ਸੀ ਨਾ ਕਰੋ, ਭਾਣਾ ਮੰਨੋ। ਇਸੇ ਤਰ੍ਹਾਂ ਸਾਨੂੰ ਪੀੜ ਹੁੰਦੀ ਏ।

ਜੇ ਇਹ ਬਸਤ੍ਰ ਸੀਤਾ, ਨਾਲ ਆਪਣੇ ਬਸਤ੍ਰ ਦੇ ਉਠ ਟੁਰਦੇ। ਤਾਂ ਮੈਂ ਕਹਿਣਾ ਸੀ, ਇਹਨਾਂ ਗੁਰੂ ਘਰ ਵਾਲਿਆਂ, ਤਨ ਪੇਟੋਂ ਜੰਮੀ ਜਾਈ ਦੇ ਤੇ ਅਸਾਂ ਗੁਰਸਿੱਖਾਂ ਤਨ ਮਨ ਧਨ ਦੇ, ਆਪ ਵਲੋਂ ਕੋਈ ਫਰਕ ਨਹੀਂ ਰਖਿਆ। ਇਹ ਬਸਤ੍ਰ ਕਿਉਂ ਬਿਨ ਪੁਛੇ, ਪਿਛੇ ਲਾ ਟੁਰੇ ਹੋ। ਜੇ ਇਹ ਕਹਿੰਦੇ ਇਹ ਕਿਸੇ ਦੀ ਕਰਤੂਤ ਏ। ਤਾਂ ਮੈਂ ਕਹਿਣਾ ਸੀ, ਕੀ ਆਪ ਦੇ ਹੁਕਮ ਬਿਨਾਂ ਭੀ ਹੋਰ ਕੋਈ ਕੁਝ ਕਰ ਸਕਦੇ। ਇਹ ਸੁਣ ਇਹਨਾਂ ਚੁੱਪ ਰਹਿਣਾ ਸੀ ਤੇ ਬੀਬੀਆਂ ਹਾਸੇ ਵਿਚ ਲੁੱਪ ਪੈਣਾ ਸੀ, ਮੈਂ ਕਹਿਣਾ ਸੀ। ਖੁਸ਼ੀ ਤੇ ਰੀਝ ਦੀ ਕੋਈ ਕੀਮਤ ਨਹੀਂ। ਸ੍ਰੀ ਸਤਿਗੁਰੂ ਜੀ ਮਾਤਾ ਰਾਮ ਕੌਰ ਤੇ ਗੁਰਬਖਸ਼ ਸਿੰਘ ਦੀਆਂ ਇਹ ਗੱਲਾਂ ਚੁਪ ਕੀਤੀ ਸੁਣਦੇ ਰਹੇ।

## ਛੰਤ ਸੁਣਾਉ

ਇਕ ਬੀਬੀ ਕਿਹਾ, ਸੱਚੇ ਪਾਤਸ਼ਾਹ! ਅਸਾਂ ਸੁਣਿਆ ਹੋਇਆ ਏ। ਗੁਰੂ ਅਰਜਨ ਦੇਵ ਜੀ ਜਦ ਮਾਉ ਪਿੰਡ ਗੰਗਾ ਜੀ ਨੂੰ ਵਿਆਉਣ ਗਏ ਸੀ। ਉਹਨਾਂ ਦੀ ਇਕ ਸਾਲੀ ਹਰਿਹਾ ਕਿਹਾ ਸੀ, ਛੰਤ ਸੁਣਾਉ। ਤਾਂ ਉਹਨਾਂ ਸੁਣਾਏ, ਜੋ ਗ੍ਰੰਥ ਸਾਹਿਬ ਵਿਚ ਲਿਖੇ ਹਨ। ਤਿਵੇਂ ਤੁਸੀਂ ਭੀ ਸਾਨੂੰ ਛੰਦ ਸੁਣਾਵੋ। ਤਾਂ ਸਤਿਗੁਰੂ ਜੀ ਉੱਤਰ ਦਿੱਤਾ। ਉਹ ਗੁਰੂ ਜੀ ਜਨਮ ਤੋਂ ਕਵੀ ਸੀ। ਤੇ ਗੁਰੂ ਨਾਨਕ ਜੀ ਦੇ ਪੰਜਵੇਂ ਆਸਨ

ਤੇ, ਉਹਨਾਂ ਨੂੰ ਬਾਣੀ ਉਚਾਰਨ ਦਾ ਹੱਕ ਸੀ, ਮੈਂ ਤੇ ਅਜੇ ਉਹਨਾਂ ਦੇ ਸੇਵਕਾਂ ਵਾਲੀ ਵੀ ਥਾਂ ਨਿਭਾਣ ਜੋਗਾ ਨਹੀਂ। ਨਾਲੇ ਕਈ ਵਿਦਵਾਨਾਂ ਦਾ ਮੱਤ ਏ, ਕਿ ਹਰਿਹਾਂ ਖਾਲੀ ਨ ਸੀ। ਹਰਿਹਾਂ ਇਕ ਛੰਦ ਹੈ। ਜਿਸ ਦੇ ਅੰਤਲੇ ਪਦ ਤੇ ਅੜਿਲ ਦੇ 'ਹੋ' ਵਾਂਗੂ, ਹਰਿਹਾਂ ਬੋਲਣਾ ਜ਼ਰੂਰੀ ਏ। ਸੋ ਛੰਤ, ਸਤਿਗੁਰੂ ਜੀ ਉਚਾਰਨ ਕੀਤਾ ਸੀ। ਬੀਬੀ ਕਿਹਾ, ਕੁਝ ਭੀ ਹੋਵੇ, ਸਾਨੂੰ ਆਪ ਛੰਤ ਜ਼ਰੂਰ ਸੁਣਾਉ, ਸਾਡੀ ਅਰਜ ਮੰਨ। ਸਤਿਗੁਰੂ ਜੀ ਉੱਤਰ ਦਿੱਤਾ। ਇਹ ਰੀਤ ਵਿਚਾਰੂਆਂ ਵਲੋਂ, ਲੜਕੇ ਦੀ ਬੁੱਧੀ ਵਿੱਦਿਆ ਪਰਖਣ ਲਈ ਪ੍ਰਚਲਤ ਕੀਤੀ ਗਈ ਸੀ। ਪਰ ਹੁਣ ਪਲਟ, ਚੰਚਲਤਾ ਦੇ ਰਿਵਾਜ ਵਿਚ ਰਲ, ਹਟਣ ਜੋਗ ਹੋ ਗਈ ਹੋਈ ਏ। ਤਾਂ ਬੀਬੀ ਫੇਰ ਕਿਹਾ, ਕੁਝ ਭੀ ਮੁੱਢ ਜਾਂ ਅਸਲੀਅਤ ਹੋਵੇ, ਤੁਸੀ ਸਾਡੀ ਅਰਜ਼ ਮੰਨ, ਛੰਤ ਜ਼ਰੂਰ ਸੁਣਾਉ, ਆਪ ਦੀ ਰਸਨਾ ਤੋਂ ਕੁਝ ਸੁਣ, ਸਾਡਾ ਭਲਾ ਹੀ ਹੋਵੇਗਾ। ਸਤਿਗੁਰੂ ਜੀ ਉਤਰ ਦਿੱਤਾ, ਜਿਸ ਨੂੰ ਮੇਰੇ ਤੋਂ ਸੁਨਣ ਦੀ ਰੀਝ, ਸਰਧਾ ਏ, ਤੇ ਆਪਣਾ ਭਲਾ ਕਰਨ ਦੀ ਕੁਝ ਲਾਲਸਾ ਏ। ਉਹ, ਉਹੋ ਗੁਰੂ ਜੀ ਦੇ ਉਚਰੇ ਛੰਤ, ਸਹਿਜ ਨਾਲ ਪੜ੍ਹ ਵਿਚਾਰ ਧਾਰਨ ਕਰ, ਆਪਣਾ ਭਲਾ ਕਰ ਲੈ। ਮੇਰੇ ਆਖੇ ਲਗੋ, ਤਾਂ ਉਹੋ ਕਾਫੀ ਹਨ, ਕਹਿ, ਸਤਿ ਸ੍ਰੀ ਅਕਾਲ ਬੁਲਾ ਨਿਵਾਸ ਅਸਥਾਨ ਨੂੰ ਉਠ ਆਏ।

## ਖੂੰਡਾ

ਡੇਰੇ ਆ ਸਤਿਗੁਰੂ ਪਰਤਾਪ ਸਿੰਘ ਜੀ, ਗੁਰਬਖਸ਼ ਸਿੰਘ ਦੁਆਲੇ ਖੂੰਡਾ ਲੈ ਕੇ ਹੋ ਖੜੇ, ਕਿਹਾ, ਸੱਚ ਹੀ ਆਖਦੇ ਹਨ। ਜਾਤੀ, ਉਮਰ ਤੇ ਸੰਗਤ ਦਾ ਸੁਭਾਅ, ਵਰਤਣੋ ਨਹੀ ਰਹਿੰਦਾ। ਤੂੰ ਉਥੇ ਕਿਹੜੇ ਵਿਚ ਕਿਹੜੇ ਕੰਮ ਲਗ ਪਿਆ ਸੈਂ। ਮੈਂ ਜਾਣਦਾ ਹਾਂ। ਤੂੰ ਜੱਟ ਏਂ ਤੇ ਜੁਆਨ ਭੀ ਹੈਂ। ਤੇ ਜੋਬਨ ਮਤੀਆਂ, ਮਖੌਲਣਾਂ ਦਾ, ਤੇਰੇ ਤੇ ਅਸਰ ਹੋ ਗਿਆ ਸੀ। ਕੋਈ ਕਿਸੇ ਵੇਲੇ ਦੀ ਕਸਰ, ਕਿਤ ਕੱਢਣ ਲਗਾ ਸੈਂ ? ਜੋ ਜੱਟਾਂ ਦਾ ਸੁਭਾ ਏ। ਕਾਸੇ ਤੇ ਹਾਸੇ ਵਿਚ ਜਾਂ ਗੁੱਸੇ ਵਿਚ, ਵਾਰ ਜ਼ਰੂਰ ਕਰਨਾ।

ਸਤਿਗੁਰੂ ਜੀ ਗੁਰੂਸਰੋਂ ਸਮੇਤ ਮਾਤਾਵਾਂ, ਮਹਿਲ ਆਪਣੇ ਤੇ ਸਾਧ ਸੰਗਤ ਦੇ, ਪੱਕੀਦੇ ਟੇਸ਼ਨ ਤੱਕ, ਰਥਾਂ, ਗੱਡਿਆਂ, ਘੋੜੀਆਂ, ਉਠਾਂ ਤੇ ਆਏ। ਗੁਰੂਸਰ ਦੁਆਲੇ ਦੋ ਤਿੰਨ ਦਿਨ, ਗੱਡੇ, ਰਥਾਂ ਤੇ ਸੰਗਤਾਂ ਦੀ ਗਹਿਮਾ-ਗਹਿਮ ਰਹੀ। ਦਾਲਾ ਪ੍ਰਸਾਦਾ ਸਭ ਨੂੰ ਇਕ ਰਸ ਵਰਤਿਆ।

ਸਾਹਨੇ ਦੇ ਟੇਸ਼ਨ ਤੇ, ਬਹੁਤ ਰੱਥ, ਗੱਡੇ, ਉਠ, ਘੋੜੇ ਭੈਣੀ ਸਾਹਿਬ ਵਲੋਂ, ਨੇੜੇ ਦੇ ਨਗਰਾਂ ਵਲੋਂ ਗੁਰੂ ਕੇ ਅਨੰਦ ਦੀ ਖੁਸ਼ੀ ਦੇ ਹਿੰਮੇ ਵਜੋਂ ਆਏ ਹੋਏ ਸੀ। ਜੋ ਮਾਤਾਵਾਂ, ਜਥੇਦਾਰਾਂ ਤੇ ਸਾਧਾਂ ਨੂੰ ਭੈਣੀ ਸਾਹਿਬ ਅਗੋ ਆ ਲੈ ਗਏ ਸੀ। ਸਤਿਗੁਰੂ ਜੀ ਪੰਜ ਪਾਠ ਕੀਤਿਆਂ ਦੇ ਭੋਗ ਪਾ, ਭੈਣੀ ਸਾਹਿਬੋਂ ਜਿਵੇਂ ਵਿਦਾ ਹੋਏ ਸੀ, ਤਿਵੇਂ ਪੰਜ ਪਾਠ ਆਦਿ ਗ੍ਰੰਥ ਸਾਹਿਬ ਦੇ ਤੇ ੧ ਦਸਮ ਗ੍ਰੰਥ ਦਾ ਭੋਗ ਆ ਗੁਰੂ ਸਰੋਂ, ਭੈਣੀ ਸਾਹਿਬ ਪਾਇਆ। ਸਤਿਗੁਰੂ ਜੀ ਆਪ ਭੀ ਪਾਠ ਅਨੰਦ ਜੋਗ ਕੀਤਾ ਸੀ ਤੇ ਗੁਰੂਸਰ ਭੀ ਆਖ ਭੇਜਿਆ ਸੀ, ਵੀਰ ਕੌਰ ਆਪ ਅਨੰਦ ਜੋਗ ਪਾਠ ਕਰੇ।

ਸਤਿਗੁਰੂ ਜੀ ਸੌਦਾ ਸਿੰਘ ਦੇ ਰੌਲ-ਘੁਚਾਰੇ ਸੁਣ, ੧੭ ਦਿਨ ਪਹਿਲਾਂ ਆਪਣੇ ਅਨੰਦ ਤੋਂ, ੮-੯ ਸਿੰਘ, ਸੂਰਮੇ ਜੁਆਨ ਗੁਰਬਖਸ਼ ਸਿੰਘ ਜੀ ਦੇ ਮਾਤਹਿਤ ਕਰ, ਗੁਰੂਸਰ ਭੇਜ ਦਿੱਤੇ ਸੀ, ਕਿਹਾ ਸੀ ਜੇ ਸੌਦਾ ਸਿੰਘ ਕੇ ਪਹਿਲੋਂ ਛੇੜਨ ਤਾਂ ਤਕੜੇ ਹੋ ਪਹਿਲਾਂ ਸਹਿਜ ਨਾਲ ਸਮਝਾਵੇ, ਜੇ ਜੋਰ ਹੀ ਜਤੋਣ

Sri Satguru Jagjit Singh Ji Elibrary NamdhariElibrary@gmail.com

ਤਾਂ ਜਹਿਆਂ ਨਾਲ ਤਰੇ ਬਣ ਦਬਾ ਦੇਵੇ। ਪਰ ਅਨੰਦ ਹੋਣ ਬਾਅਦ ਇਹਨਾਂ ਸਭਨਾਂ ਨੂੰ ਸਾਥ ਹੀ ਸ੍ਰੀ ਭੈਣੀ ਸਾਹਿਬ ਲੈ ਆਏ ਸੀ।

ਮਾਤਾ ਜਿਉਣ ਕੌਰ ਜੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਅਨੰਦ ਦੀ ਖੁਸ਼ੀ ਵਿਚ, ਸਭ ਨਗਰ, ਡੇਰੇ ਤੇ ਰਾਹੀ, ਪਾਂਧੀ ਜਾਂਦੇ ਨੂੰ ਰੋਕ, ਤੁਰੰਤ ਕੜਾਹ ਪ੍ਰਸਾਦ ਤੇ ਦਾਲਾ ਪ੍ਰਸਾਦਾ ਵਰਤਾਇਆ।

ਮਾਤਾ ਭੁਪਿੰਦਰ ਕੌਰ ਜੀ, ਪਹਿਲੀ ਵਾਰ ਭੈਣੀ ਸਾਹਿਬ ਆਏ, ਚਾਰ ਮਹੀਨੇ ਰਹੇ। ਸਤਿਗੁਰੂ ਜੀ ਰਾਮਸਰ ਹੀ ਆਪਨਾ ਬਸੇਰਾ ਰਖਦੇ। ਅਠੀਂ ਪਹਿਰੀਂ, ਰੋਜ ਸਵੇਰੇ ਆ, ਮਾਤਾ ਜਿਉਣ ਕੌਰ ਜੀ ਦੀ ਚਰਨੀਂ ਹੱਥ ਲਾ, ਮੱਥਾ ਟੇਕਦੇ ਤੇ ਮਾਤਾ ਭੁਪਿੰਦਰ ਕੌਰ ਜੀ ਭੀ, ਸਤਿਗੁਰੂ ਜੀ ਨੂੰ ਨਮਸਕਾਰ ਕਰ, ਦਰਸਨ ਕਰ, ਚਿੱਤ ਠਾਰ ਲੈਂਦੇ। ਸਤਿਗੁਰੂ ਜੀ ਜੋੜਾ ਉਤਾਰ, ਲੋਹ ਤੇ ਮੰਦਰ ਸਤਿਗੁਰੂ ਰਾਮ ਸਿੰਘ ਜੀ ਦੇ ਅੰਦਰ ਹੋ ਨਮਸਕਾਰ ਕਰਦੇ। ਸਭ ਡੇਰੀਂ ਸੇਵਾਦਾਰ ਨੂੰ ਹਾਸ-ਰਸ ਦਰਸਨ ਦੇਂਦੇ, ਬੁਲਾਂਦੇ ਵਿੰਹਦੇ। ਬਾਲਾਂ ਨੂੰ ਬੁਲਾ ਬੁਲਾ ਬਦਾਮ ਵਰਤਾਂਦੇ ਤੇ ਆਂਹਦੇ, "ਦੋਵੇਂ ਹੱਥ ਕਰਕੇ ਲੈ ਭਾਈ।"

ਸਤਿਗੁਰੂ ਜੀ, ਅਖਾੜਾ ਓਹਲੇ ਰੋਜ਼ ਜਰ੍ਹਾ ਬਣਾ ਜੋਰ ਕਰਦੇ। ਨਹਿਰ ਤੇ ਭੀ ਤੇ ਭੈਣੀ ਸਾਹਿਬ ਭੀ। ਮਾਘਾ ਸਿੰਘ ਕੱਦ ਦਾ ਛੋਟਾ ਹੋਣ ਕਰ ਦੌੜਦਾ ਤੇ ਬਹੁਤ ਪਰ ਹਿੰਮਤੋਂ ਨਿਰਸ ਹੋ ਰਹਿ ਗਿਆ। ਜੰਗ ਸਿੰਘ ਵਿਰਾਕ ਦਾ, ਸ਼ਰਾਬ ਨ ਛੱਡਦਾ ਸੀ। ਸਤਿਗੁਰੂ ਜੀ ਕਿਹਾ, ਸਾਡੇ ਵਿਚ ਨ ਆਇਆ ਕਰ। ਉਸ ਕਿਹਾ, ਮੈਨੂੰ ਢਾਹ ਲਵੋ ਤਾਂ ਸ਼ਰਾਬ ਛੱਡ ਦੇਵਾਂਗਾ। ਜੇ ਮੈਂ ਆਪ ਨੂੰ ਢਾਹ ਲਿਆ ਤਾਂ ਤੁਸੀਂ ਮੈਨੂੰ 'ਸ਼ਰਾਬ ਛੱਡ ਦੇਹ' ਕਹਿਣੋਂ ਹੀ ਰੁਕ ਜਾਣਾ। ਸਤਿਗੁਰੂ ਜੀ ਪਿੜ ਵਿਚ ਖੁਲ ਉਸ ਨੂੰ ਢਾਹ ਲਿਆ। ਜੰਗ ਸਿੰਘ ਨ ਸ਼ਰਾਬ ਛਡੀ ਤੇ ਨ ਫੇਰ ਪਿੜ ਵਿਚ ਹੀ ਵੜਿਆ।

## ਪ੍ਰੇਮੀ ਸੱਯਦ

ਸ੍ਰ: ਕੇਹਰ ਸਿੰਘ, ਗੁਰਬਖ਼ਸ਼ ਸਿੰਘ, ਭਾਈ ਵਜ਼ੀਰ ਸਿੰਘ, ਲਾਲ ਸਿੰਘ ਬਨੂਆਣੀਆਂ, ਮਸਤਾਨ ਸਿੰਘ ਕਿਆਮ ਪੁਰ ਦਾ ਮੋਹ ਉਵੇਂ ਹੀ ਸਤਿਗੁਰੂ ਜੀ ਨਾਲ ਬਣਿਆ ਰਿਹਾ। ਇਹਨਾਂ ਨੂੰ ਸਤਿਗੁਰੂ ਜੀ ਦੌਰੇ ਭੀ ਘੋੜਿਆਂ ਤੇ ਚੜ੍ਹਾ ਸਾਥ ਹੀ ਲੈ ਜਾਂਦੇ।

ਏਕ ਸਮੇਂ ਸਤਿਗੁਰੂ ਜੀ ਇਸੇ ਸਾਲ ਮਾਂਗੋ ਵਲੋਂ, ਸਮੇਤ ਮਹੰਤ ਵੀਰ ਸਿੰਘ ਜੀ ਭੋਮਾਂ ਵਡਾਲਾ, ਅਰੂੜ ਸਿੰਘ ਜੀ ਜਰਗ, ਮੇਵਾ ਸਿੰਘ ਤੇ ਮੱਲ ਸਿੰਘ ਵਲਟੋਹਾ, ਗੁਰਮੁਖ ਸਿੰਘ ਝੱਬਰ, ਭੈਣੀ ਸਾਹਿਬ ਨੂੰ ਜਾ ਰਹੇ ਸੀ। ਮੁਦਕੀ ਪਾਸ, ਸੜਕ ਤੇ ਜਾਂਦਿਆਂ ਦੇਖ, ਦੂਰੋਂ ਮੁਰੀਦ ਦੁੜਾ, ਇਕ ਡੇਰੇ ਦੇ ਸੱਯਦ ਨੇ, ਆਪਣੇ ਤਕੀਏ ਵਲ ਅਰਜ਼ ਕਰ ਸੱਦੇ। ਮੁਰੀਦਾਂ ਕਿਹਾ, ਸਾਡੇ ਪੀਰ ਸੱਯਦ ਸਾਹਿਬ ਆਪ ਦਾ ਦਰਸਨ ਕਰਨਾ ਚਾਹੁੰਦੇ ਹਨ। ਸਤਿਗੁਰੂ ਜੀ ਵਾਗ ਮੋੜ ਤਕੀਏ ਦੇ ਦਰਖ਼ਤਾਂ ਵਿਚ ਗਏ, ਤਾਂ ਉਹ ਸੱਯਦ ਪੀਰ ਦਰਸਨ ਕਰਦਾ, ਸਤਿਗੁਰੂ ਜੀ ਦੇ ਚਰਨਾਂ ਤੇ ਲੋਟਣ ਲਗ ਪਿਆ ਤੇ ਮਸਤ ਹੋਇਆ ਕਹੇ, ਐਂਜ ਰੱਬ-ਸਬੰਧੀ ਭੁਲੇਖਾ ਲੱਗਾ ਹੀ ਲੱਥੇ ਲਗ ਗਿਆ। ਉਸ ਦੇ ਚੇਲੇ ਮੁਰੀਦ ਦੇਖ ਹੈਰਾਨ ਹੋ ਅਸਚਰਜ ਹੋਏ ਤੇ ਚਿੱਤ ਵਿਚ ਕਹਿਣ, ਇਹ ਕੀ ਮੋਜਜ਼ਾ ਤੇ ਅਭੇਦ ਸੋਝੀ ਦੀ ਖੇਡ ਏ।

Sri Satguru Jagjit Singh Ji Elibrary NamdhariElibrary@gmail.com

ਉਸ ਹੋਸ਼ ਵਿਚ ਆ, ਪਲ ਡੇਰੇ ਠਹਿਰਨ ਦੀ ਅਰਜ ਕੀਤੀ। ਸਤਿਗੁਰੂ ਜੀ ਮੈਂਵਾਣ ਕਿਹਾ, ਓ ਭਾਈ ਬੋਤਾ ਸਿੰਘਾ! ਇਹ ਕੀ ਤੇ ਉਹ ਕੀ। ਉਸ ਕਿਹਾ, ਸੱਚੇ ਪਾਤਸਾਹੋ! ਜਦ ਬੰਦਗੀ ਤੇ ਸੇਵਾ ਦਾ ਸ਼ੌਕ ਜਾਗਿਆ ਸੀ, ਆਪ ਦੇ ਪਾਸ ਭੈਣੀ ਸਾਹਿਬ ਘੋੜੇ ਆਪ ਦੇ ਜਾ ਸਾਭੇ ਸੀ। ਜਦ ਇਕ ਦਿਨ ਇਕ ਮੁਟਿਆਰ ਨੂੰ ਦੇਖ, ਗ੍ਰਹਿਸਤ ਤੇ ਚਿੱਤ ਕੀਤਾ ਤਾਂ ਇਹ ਸੋਚ ਕਿ ਗੁਰੂ ਕੇ ਨਾਮ ਬਾਣੇ ਨੂੰ ਮਤ ਮਨ ਕਿਤੇ ਕਸਰ ਲਾਵੇ। ਚੁੱਪ ਕੀਤੇ ਆ, ਸੱਯਦਾਂ ਦੀ ਧੀ ਨਾਲ ਨਿਕਾਹ ਕਰਾ ਪੀਰ ਬਣ ਗਿਆ। ਭਾਵੇਂ ਮੈਂ ਭੈਣੀ ਸਾਹਿਬ, ਤੁਰਕ ਕਹਾਉਂਦਾ ਤੇ ਪਰ੍ਹੇ ਪਰ੍ਹੇ ਰਹਿੰਦਾ ਸੀ। ਪਰ ਤਦੋਂ ਮੈਨੂੰ ਰੱਬ ਦੀ ਲਗਨ ਦਾ ਸੁਆਦ ਆਉਂਦਾ ਸੀ। ਹੁਣ ਪੀਰ ਪੁਣੇ ਵਿਚ ਪੀਰੀ ਦਾ ਸੁਆਦ ਤੇ ਹੈ ਪਰ ਫਕੀਰੀ ਦਾ ਗੁਆਚ ਗਿਆ ਏ।

ਇਕ ਸਿੱਖ ਇਹ ਉਸ ਦੀ ਭਗਤੀ-ਭਰੀ ਵਾਰਤਾ ਸੁਣ ਕਿਹਾ, ਕਦੇ ਦੇ ਬੋਤਾ ਸਿੰਘ ਤੇ ਹੁਣ ਪੀਰ ਸੱਯਦ ਸਾਹਿਬ ਜੀ! ਤੁਸੀਂ ਦੱਸੋ, ਮੁਸਲਮਾਨ ਤਾਂ ਸਿੱਖਾਂ ਨਾਲ ਨਫਰਤ ਵਰਤਦੇ ਹਨ ਤੇ ਕਿਸੇ ਦੀ ਪੈਰੀਂ ਹੱਥ ਨਹੀਂ ਲਾਂਦੇ, ਤੁਸੀਂ ਇਹ ਕਿਵੇਂ ਲਗਨ ਗੁਰੂ ਕੀ ਅੰਦਰ ਲੈ ਲੁਕਾ ਰਖੀ ਹੋਈ ਏ।

ਉਸ ਸੱਯਦ ਉੱਤਰ ਦਿੱਤਾ, ਸੁੰਨੀ ਸ਼ਰਈ ਮੁਸਲਮਾਨ ਸਿਵਾ ਖੁਦਾ ਤੇ ਖੁਦਾ ਦੇ ਰਸੂਲ ਮੁਹੰਮਦ ਸਾਹਿਬ ਦੇ ਕਿਸੇ ਨੂੰ ਸਿਜਦਾ ਨਹੀਂ ਕਰਦੇ। ਪਰ ਅਸੀਂ ਸੱਯਦ ਤੇ ਫਕਰ ਲੋਕ ਇਹ ਧਾਰਨਾ ਰਖਦੇ ਹਾਂ :—

"ਬੁਤ ਪ੍ਰਸਤੀ ਪੀਰ ਦੀ ਕਰਨੀ ਨਾਲ ਧਿਆਨ।
ਲੋਕੀ ਕਾਬ੍ਹਾ ਪੂਜਦੇ ਤੂੰ ਪੂਜੀਂ ਇਨਸਾਨ।"

ਕਹਿੰਦਾ ਫੇਰ ਸਤਿਗੁਰੂ ਜੀ ਦੇ ਚਰਨਾਂ ਤੇ ਲੋਟਣ ਲਗ ਪਿਆ। ਪਲ ਪਿਛੋਂ ਕਿਹੋ ਸੁ, ਅਸੀਂ ਫੱਕਰ ਲੋਕ ਉਨ੍ਹਾਂ ਸ਼ਰ੍ਹਾ ਵਾਲਿਆਂ ਦੀ, ਜ਼ਰਾ ਪ੍ਰਵਾਹ ਨਹੀਂ ਕਰਦੇ। ਸਗੋਂ ਸਾਨੂੰ ਜੇ ਉਹ ਮੰਦਾ ਚੰਗਾ ਕੁਝ ਕਹਿਣ ਭੀ ਤਾਂ ਬੁਲ੍ਹੇ ਸ਼ਾਹ ਵਾਂਗ੍ਹੂ, "ਬੁਲ੍ਹਿਆ, ਜੇ ਤੈਨੂੰ ਕੋਈ ਕਾਫਰ ਆਖੇ ਤੂੰ ਆਹੋ ਆਹੋ ਆਖ", ਰਾਜ਼ੀ ਹੁੰਦੇ ਹਾਂ। ਸਤਿਗੁਰੂ ਜੀ ਝਟ ਕੁ ਗੋਬਿੰਦ ਰੂਪ ਹੋਏ ਉਸ ਦੇ ਵਿਛੇ ਮੰਜੇ ਤੇ ਬੈਠੇ ਰਹੇ ਤੇ ਸਾਧ ਖੜੇ ਦੇਖਦੇ ਰਹੇ। ਸਤਿਗੁਰੂ ਜੀ ਉਸ ਦੀ ਪਿੱਠ ਤੇ ਹੱਥ ਫੇਰ ਉਠਣ ਲਗਿਆਂ ਕਿਹਾ, ਜੋ ਆਪਣੇ ਹੁੰਦੇ ਨੇ ਉਹ ਭਾਵੇਂ ਕਿੰਨਾ ਚਿਰ ਤੇ ਕਿੱਥੇ ਰਹਿਣ, ਆਪਣੇ ਹੀ ਹੁੰਦੇ ਹਨ। ਅੰਦਰ ਪੂਰੇ ਪ੍ਰੇਮ ਪਿਆਰ ਦੀ ਲੋ, ਅਮੋੜ ਹੋਣੀ ਚਾਹੀਦੀ ਏ। ਚਿੱਤ ਵਿਚ ਥਿਰ ਸਦਾ ਇਕੋ ਜਿੰਨੀ ਦੁਵੱਲੀ ਬਣੀ ਰਹਿੰਦੀ ਏ। ਸਤਿਗੁਰੂ ਜੀ ਬਚਨ ਕੀਤਾ, ਹੁਣ ਕਿੱਥੇ ਰਹਿੰਦੇ ਹੋ ਤੇ ਅਗੋਂ ਕਿੱਥੇ ਜਾਉਗੇ? ਉਸ ਸੱਯਦ ਉੱਤਰ ਦਿੱਤਾ, ਜਿਥੇ ਹੁਕਮ ਹੋਇਆ ਰਿਹਾ ਤੇ ਜਿਥੋਂ ਆਇਆ ਹਾਂ, ਉਥੇ ਚਾਰ ਦਿਨ ਮੌਜ ਮਾਣ ਚਲਾ ਜਾਵਾਂਗਾ। ਸੁਣ ਸਤਿਗੁਰੂ ਜੀ ਸਤਿ ਸ੍ਰੀ ਅਕਾਲ ਕਹਿ ਵਿਦਾ ਹੋਏ। ਉਹ ਸੱਯਦ ਤੇ ਮੁਰੀਦ ਉਸ ਦੇ ਕੁਝ ਕਦਮ ਨਾਲ ਹੋਏ। ਇਹ ਸਭ ਵਾਰਤਾ ਗੁਰਮੁਖ ਸਿੰਘ ਜੀ ਜਥੇਦਾਰ ਭੱਚਰ ਨੇ ਦੱਸੀ ਹੈ, ਜੋ ਉਸ ਵਕਤ ਘੋੜਿਆਂ ਵਿਚ ਸੀ।

[illegible]

ਮਹਿਣੇ ਗਏ। ਟਹਿਲ ਸਿੰਘ ਸਾਧ ਘਰ ਨ ਸੀ। ਇਸ ਅਗੇ ਏਕ ਸਮੇਂ ਮੇਲਾ ਕਰਨ ਦੀ ਅਰਜ ਕੀਤੀ ਸੀ। ਸਤਿਗੁਰੂ ਜੀ ਕਿਹਾ ਸੀ, ਤੂੰ ਨਗਰ ਵਿਚ ਇਕੱਲਾ ਸਾਧੂ ਹੈਂ, ਕਿਸੇ ਸਮੇਂ ਆਪੇ

Sri Satguru Jagjit Singh Ji Elibrary NamdhariElibrary@gmail.com

ਆਵਾਂਗੇ। ਇਸ ਲਾਗਲੇ ਪਿੰਡ ਗਿਆਂ ਸੁਣਿਆਂ, ਤੇਰੇ ਘਰ ਤੇ ਸਤਿਗੁਰੂ ਜੀ ਸਿੱਖਾਂ ਸਮੇਤ ਸਣੇ ਘੋੜਿਆਂ ਉਤਰੇ ਹਨ, ਤੈਨੂੰ ਪਤਾ ਹੀ ਨਹੀਂ ?

ਸਤਿਗੁਰੂ ਜੀ ਇਸ ਦਾ ਘਰ ਪੁੱਛ, ਬੂਹਾ ਵੱਜਾ ਦੇਖ, ਹੁਕਮ ਦੇ ਜੰਦਰਾ ਤੁੜਾ, ਦੁੱਧ ਮਿਠਾ ਲੈ ਬਹਿ ਸਾਧਾਂ ਸਮੇਤ, ਰਸਤ ਭਾਂਡੇ ਭਾਲ ਲੰਗਰ ਸ਼ੁਰੂ ਕਰ ਦਿੱਤਾ ਤੇ ਦਾਤ੍ਰੀਆਂ ਭਾਲ ਖੇਤ ਪੁੱਛ ਸਿੱਖਾਂ ਪੱਠੇ ਵੱਢ ਲਿਆ ਘੋੜਿਆਂ ਨੂੰ ਪਾਏ। ਟਹਿਲ ਸਿੰਘ ਨੱਠਦਾ, ਕਾਹਲ ਨਾਲ ਠੇਡੇ ਖਾਂਦਾ, ਡਿੱਗਦਾ, ਉਠਦਾ ਤੇ ਸੁਧੇ ਸੁਤਾ ਕਹਿੰਦਾ, ਮੇਰੇ ਸਤਿਗੁਰੂ ਬੈਠੇ ਕਿਥੇ ਹੋਣਗੇ ਤੇ ਜਲ ਕਿਵੇਂ ਛਕਣਗੇ। ਸਾਧਾਂ ਦਾ ਆਦਰ ਕਾਹਦਾ ਹੋਇਆ, ਜਦ ਮੈਂ ਘਰ ਨ ਖੋਲ੍ਹ ਦੇ ਸਕਿਆ। ਸਾਹੋ ਸਾਹੀ ਹੋਇਆ ਆਇਆ।

ਅਗੇ ਲੰਗਰ ਹੁੰਦਾ ਦੇਖ, ਸਤਿਗੁਰੂ ਜੀ ਬਹੁਤ ਖ਼ੁਸ਼ੀ ਵਿਚ ਬਿਲਾਸ ਕਰਦੇ ਦੇਖ, ਟਹਿਲ ਸਿੰਘ ਮਸਤ ਹੋ ਗਿਆ। ਸਤਿਗੁਰੂ ਜੀ ਤੇ ਸਿੱਖਾਂ ਸਾਧਾਂ ਦੇ ਚਰਨਾਂ ਤੇ ਲੇਟਦਾ ਫਿਰੇ। ਮਸਤ ਹੋ ਕਹੇ, ਅੱਜ ਮੈਨੂੰ ਮੇਰੇ ਸਤਿਗੁਰੂ ਜੀ ਸਪੁੱਤ੍ਰਾਂ ਵਾਲਾ ਥਾਂ ਆਣ ਦਿੱਤਾ ਏ ਤੇ ਮਹਾਨ ਪ੍ਰਸੰਨ ਮਾਪਿਆਂ ਵਾਲਾ ਮਾਨ ਮੈਨੂੰ ਆਪਣੇ ਵਲੋਂ ਬਖਸ਼ਿਆ ਏ। ਜੋ ਮੇਰੀ ਗੈਰ-ਹਾਜ਼ਰੀ ਵਿਚ ਮੋਠ ਬਾਜਰੀ, ਖਿਚ ਨਾਲ ਆਪ ਜੰਦਾ ਤੋੜ ਮੁੱਠਾਂ ਭਰ ਵਰਤੀ ਹੈ। ਮੇਰਾ ਘਰ ਬਾਹਰ ਆਪਣਾ ਜਾਣਿਆ ਹੈ, ਮੈਨੂੰ ਸਪੁੱਤ੍ਰ ਜਾਣਿਆ ਹੈ ਤੇ ਆਪ ਸੁੱਖ ਮਾਣਿਆ ਹੈ। ਸਤਿਗੁਰੂ ਜੀ ਦੁਪਹਿਰ ਗੁਜ਼ਾਰ, ਟਹਿਲ ਸਿੰਘ ਨਾਲ ਪਿਆਰ ਕਰ, ਤੁਰਨ ਸਮੇਂ ਬਚਨ ਕੀਤਾ, ਅਜਿਹੇ ਸਰਧਾਲੂ ਸਿੱਖ ਵਿਰਲੇ ਹੁੰਦੇ ਹਨ।

ਨੋਟ—ਦੇਹ ਜ਼ਿਆਦਾ ਢਿੱਲੀ ਹੋਣ ਕਰਕੇ ਬਾਪੂ ਜੀ ਕੋਲ ਨਹੀਂ ਰਹਿ ਸਕਦੇ। ਮੈਨੂੰ ਕਈ ਸਾਖੀਆਂ ਦੇ ਨਿਰਣੇ ਕਰਾਣ ਵਾਸਤੇ ਪਿੰਡ (ਰਾਮਪੁਰ) ਜਾਣਾ ਪੈ ਜਾਂਦੈ। ਇਸ ਕਰਕੇ ਕਈ ਸਾਖੀਆਂ (ਜਿਵੇਂ ਹੋਲਾ ਲਾਹੌਰ ੧੯੬੭ ਬਿ: ਦਾ, ੧੯੭੦ ਬਿ: ਤੋਂ ਬਾਦ ਆਇਐ) ਅਗੇ ਪਿਛੇ ਹੋ ਗਈਆਂ ਨੇ। ਏਸੇ ਕਰਕੇ ਕਈ ਹੋਰ ਵੀ ਭੁੱਲਾਂ ਹੋ ਗਈਆਂ ਨੇ। ਪਾਠਕ ਖਿਮਾਂ ਕਰਨ ਤੇ ਧਿਆਨ ਨਾਲ ਪੜ੍ਹਨ।

ਅੰਮ੍ਰਿਤਸਰ

ਸਾਧੂ ਸਿੰਘ 'ਕਿਸਾਨ'

## *ਹੋਲਾ ੧੯੬੭ ਬਿ:*

ਬਾਬਾ ਧਿਆਨ ਸਿੰਘ ਜੀ ਲਾਹੌਰ ਵਾਲਿਆਂ, ਭੈਣੀ ਸਾਹਿਬ ਆਏ ਅਰਜ਼ ਕੀਤੀ, ਹੋਲਾ ਸਾਨੂੰ ਇਸ ਸਾਲ ਕਰਨ ਦੀ ਸੇਵਾ ਬਖਸ਼ੋ। ਸਤਿਗੁਰੂ ਜੀ ਕਿਹਾ, ਕਰੋ ਤੇ ਹੋਲਾ ਬੇਸ਼ਕ ਲਾਹੌਰ ਵਿਚ, ਪਰ ਬੜੇ ਗੌਰ ਨਾਲ ਜੇ ਰਹਿਣ ਦੀ ਸਮਰੱਥਾ ਰਖਦੇ ਹੋ। ਤਾਂ ਬਾਬਾ ਜੀ ਕਿਹਾ, ਮੇਰੇ ਨਾਲ ਸੰਤ ਦੇਵਾ ਸਿੰਘ ਜੀ ਤੇ ਮਹੰਤ ਦਿਆਲ ਸਿੰਘ ਜੀ ਭੀ ਮਦਦੀ ਹਨ। ਅਸੀਂ ਸਭ ਸਾਂਭਾ ਸੁਥਰਾ ਕਰ ਰਖਾਂਗੇ।

ਹੋਲਾ ੧੯੬੭ ਬਿ: ਲਾਹੌਰ ਬਾਬੇ ਧਿਆਨ ਸਿੰਘ ਜੀ, ਦੇਵਾ ਸਿੰਘ ਜੀ ਤੇ ਦਿਆਲ ਸਿੰਘ ਜੀ ਰਾਮਗੜ੍ਹੀਆਂ ਸਿੱਖਾਂ ਵਲੋਂ ਹੋਇਆ ਪਰ ਆਮ ਇੰਤਜ਼ਾਮ ਅਗੇ ਲਗ, ਬਾਬੇ ਧਿਆਨ ਸਿੰਘ ਜੀ ਹਰ ਰਸਤ, ਜਗ੍ਹਾ ਤੇ ਬੰਦੋਬਸਤ ਦਾ ਕੀਤਾ। ਸਤਿਗੁਰੂ ਜੀ, ਮਹਾਰਾਜ ਜੀ ਤੇ ਮਾਤਾ ਜੀ ਦੋਵੇਂ ਭੀ ਗਏ। ਸਭ ਨਾਮਧਾਰੀ ਪੰਥ ਦੇ ਮਸਤਾਨੇ, ਦੀਵਾਨੇ, ਰਾਗੀ, ਸਬਦੀ, ਗ੍ਰਿਹਸਤੀ, ਬਿਹੰਗਮ, ਲਾਂਗਰੀ ਹੁਮ-ਹੁਮਾ ਕੇ ਪੁੱਜੇ। ਬਹੁਤ ਰੌਣਕਾਂ ਰਾਵੀ ਦੇ ਕੰਢੇ ਤੇ ਹੋਈਆਂ ਤੇ ਸ਼ਹਿਰ ਵਿਚ ਲੰਗਰ, ਦੀਵਾਨ ਦਾ ਮਹਾਨ ਤਿੰਨ ਚਾਰ ਦਿਨ ਭੰਡਾਰ ਖੁਲ੍ਹਾ।

## ਗੁਰਬਾਣੀ ਸਤਕਾਰ

ਮੇਲੇ ਦੇ ਭੋਗ ਵਾਲੇ ਦਿਨ ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲੇ ਸਬਦ ਰਾਗ ਕਰ ਰਹੇ ਸੀ ਤੇ ਰਾਗੀ ਕਾਲੂ, ਮੱਤੂ ਕੇ ਮਗਰ, ਬਹੁਤ ਰਸ ਵਿਚ ਪਏ ਪੜ੍ਹਦੇ ਸੀ। ਸਬਦ ਦੀ ਤੁਕ ਤੇ ਮੁੱਖ ਧਾਰਨਾ ਸੀ "ਐਸੋ ਕਉਨੁ ਬਲੀ ਰੇ, ਐਸੋ ਕਉਨੁ ਬਲੀ। ਜਿਨਿ ਮਿਲਿ ਮਾਰੇ ਪੰਚ ਸੂਰਬੀਰ, ਐਸੋ ਕਉਨੁ ਬਲੀ।" ਸੰਤ ਜੀ ਬੜੇ ਰੰਗ ਵਿਚ ਰੱਤੇ ਚੁਗੰਦਾਂ ਮਾਰਦੇ ਸੀ ਤੇ ਦੂਰ ਦੂਰ ਦੌੜ ਤੁਕਾਂ ਪੜ੍ਹਦੇ, ਵਿਖਿਆਨ ਭੀ ਕਰਦੇ, ਪਰਮਾਣ ਭੀ ਦੇਂਦੇ। ਕਹਿੰਦੇ ਸੀ ਰਾਗ ਆਸਾ ਵਿਚ ਪੰਜਵੀਂ ਪਾਤਸਾਹੀ ਉਚਾਰਨ ਕਰਦੇ ਹਨ। "ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥ ਵਡੀ ਕੋਮ ਵਸਿ ਭਾਗਹਿ ਨਾਹੀ ਮੋਹਕਮ ਫਉਜ ਹਠਲੀ ਰੇ॥" ਐਸੋ ਕਉਨੁ ਬਲੀ ਰੇ, ਐਸੋ ਕਉਨ ਬਲੀ ਰੇ, ਬੋਲਦੇ ਸੀ। ਬਹੁਤ ਰਸ ਬਰਸਦਾ ਸੀ। ਸਭ ਮਤਾਂ ਦੇ ਸਾਧੂ ਤੇ ਹਿੰਦੂ, ਮੁਸਲਮਾਨ ਤੇ ਸਿੱਖ ਰਸ ਮਾਣ ਰਹੇ ਸੀ। ਕਿਤੇ ਕਿਤੇ ਸੰਤ ਮੰਡਲੀ ਫਿਰਦੀ ਸੀ, ਕਿਤੇ ਕਿਤੇ ਸਿੰਘ ਸਭੀਏ ਵਿਰੋਧ ਦੀਆਂ ਭੀ ਗੱਲਾਂ ਕਰਦੇ ਸੀ। ਜਿਵੇਂ ਨਾਮਧਾਰੀਆਂ ਦਾ ਜੱਸ ਤੇ ਰੌਣਕ ਮੇਲਾ ਉਨ੍ਹਾਂ ਨੂੰ ਸੁਖਾਂਦਾ ਨ ਸੀ। ਇਕ ਸਿੰਘ ਸਭੀਆਂ ਦੀ ਮੰਡਲੀ ਕਹਿ ਰਹੀ ਸੀ, ਕੂਕਿਆਂ ਇਹ ਕੀ ਡਿੰਭ ਬਣਾਈ ਹੋਈ ਏ। ਗੁਰੂ ਦਸਮ ਜੀ ਤਰ੍ਹਾਂ ਆਸਣ ਚੌਰ ਦਾ ਤੌਰ ਬਣਾਇਆ ਹੋਇਆ ਏ ਤੇ ਵਿਖਾਲਾ ਪਾਇਆ ਹੋਇਐ ਕਿ ਅਸੀਂ ਗੁਰੂ ਹਾਂ। ਇਹ ਠੀਕ ਨਹੀਂ। ਗੁਰੂ ਤੇ ਗ੍ਰੰਥ ਸਾਹਿਬ ਹੀ ਹੈ, ਦਸਮ ਜੀ ਬਾਅਦ।

ਹੋਰ ਇਕ ਜੁੰਡੀ ਸਿੰਘ ਸਭੀਆਂ ਦੀ, ਐਸੇ ਘੁਮੰਡ ਦੇ ਬੋਲੇ ਕਰ ਰਹੀ ਸੀ। ਕੋਲੋਂ ਦੀ ਸੰਤ ਜਿਊਣ ਸਿੰਘ ਜੀ ਕੁਝ ਸਾਧਾਂ ਸਮੇਤ ਲੰਘ ਰਹੇ ਸੀ। ਇਹੋ ਅਵਾਜ ਉਹਨਾਂ ਦੀ ਭੀ ਕੰਨੀ ਪਈ ਕਿ ਕੂਕੇ ਕੀ ਗੁਰੂ ਡਿੰਭ ਬਣਾਈ ਫਿਰਦੇ ਹਨ, ਜੇ ਕੋਈ ਇਹਨਾਂ ਦੇ ਗੁਰੂ ਦੀ ਬੇਅਦਬੀ ਕਰੇ ਫੇਰ ਇਹ ਕੀ ਕਰਨ? ਇਹਨਾਂ ਦਾ ਇਹ ਗੁਰੂ ਕੀ ਤਾਕਤ ਰਖਦਾ ਏ?

ਸੰਤ ਜਿਊਣ ਸਿੰਘ○ ਜੀ ਸੁਣ ਅਗੋ ਹੋ ਕੁਝ ਕਹਿਣ ਹੀ ਲਗੇ ਸਨ ਕਿ ਸਾਥ ਦੇ ਸਾਥੀਆਂ ਰੋਕ ਲਿਆ। ਇਹ ਸੰਤ ਜੀ ਬਚਨ ਦੇ ਬੜੇ ਬਲੀ ਸਨ। ਹਾਜਰ-ਜਵਾਬ ਤੇ ਲਾ-ਜਵਾਬ ਉੱਤਰ ਦਿੱਤਾ ਕਰਦੇ ਸੀ। ਸੰਤ ਜੀ ਨੇ ਕਹਿ ਹੀ ਦਿੱਤਾ, ਜਿਹੜਾ ਤੁਹਾਡੇ ਗੁਰੂ ਦੀ ਬੇ-ਅਦਬੀ ਕਰੇ ਤੁਸੀਂ ਉਸ ਨੂੰ ਕੀ ਕਹਿ ਲਵੋਗੇ? ਸਿੰਘ ਸਭੀਏ ਕਿਹਾ, ਅਸੀਂ ਉਸ ਦਾ ਸਿਰ ਲਾਹ ਦੇਵਾਂਗੇ। ਇਹ ਬਚਨ ਰੌਲੇ ਵਿਚ ਹੀ ਹੋਏ, ਕਿਸੇ ਹੌਂਦੀ ਤਰ੍ਹਾਂ ਨ ਸੁਣੇ ਤੇ ਨ ਗੌਲੇ। ਸਾਥੀਆਂ ਨੇ ਸੰਤਾਂ ਨੂੰ ਇਹ ਕਹਿ, ਕਿ ਸਤਿਗੁਰੂ ਜੀ ਦਾ ਹੁਕਮ ਹੈ, ਕਿਸੇ ਨਾਲ ਝਗੜਾ ਝੇੜਾ ਨਹੀਂ ਕਰਨਾ, ਸਹਿਰ ਦਾ ਮੇਲਾ ਏ ਤੇ ਗੋਰਿਆਂ ਦਾ ਕੀ ਵਿਸਾਹ ਏ। ਭਾਵੇਂ ਕੂਕਿਆਂ ਤੇ ਅਗੇ ਨਾਲੋਂ ਕਰੜਾਈ ਘਟ ਏ, ਪਰ ਹਿੱਤ ਤੇ ਹੈ ਨਹੀਂ। ਜੋ ਵਿਰੋਧ ਦਾ ਕਾਰਨ ਹੈ, ਉਹ ਅਜੇ ਉਸੇ ਤਰ੍ਹਾਂ ਹੈ। ਗਊ ਘਾਤ ਦਾ ਹੋਣਾ, ਸਤਿਗੁਰੂ ਜੀ ਦਾ ਬਿਦੇਸੋਂ ਨ ਆਉਣਾ ਤੇ ਨ ਉਹਨਾਂ ਦਾ ਪਤਾ ਦੇਣਾ।

---

○ਸੰਤ ਜਿਊਣ ਸਿੰਘ ਜੀ ਇਕ ਦਿਨ ਮਸਤ ਹੋਇਆਂ ਸੰਤ ਲਾਲ ਸਿੰਘ ਨੂੰ ਪੁੱਛਿਆ, ਮੇਰੇ ਪਾਸ ੨੦) ਰੁਪੈ ਹਨ ਕਿਸ ਨੂੰ ਮੱਥਾ ਟੇਕਾਂ। ਸੰਤ ਲਾਲ ਸਿੰਘ ਜੀ ਕਿਹਾ, ਮੈਨੂੰ ਹੀ ਟੇਕ ਦੇ। ਜਿਊਣ ਸਿੰਘ ਜੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਜਾਣ ਪੁੱਛਿਆ, ਤੁਸੀਂ ਸਤਿਗੁਰੂ ਰਾਮ ਸਿੰਘ ਜੀ ਦੇ ਕੀ ਲਗਦੇ ਹੋ? ਸਤਿਗੁਰੂ ਜੀ ਉੱਤਰ ਦਿੱਤਾ, ਮੈਂ ਉਹਨਾਂ ਦੀ ਜੋੜ ਦਾ ਸੇਵਕ ਹਾਂ। ਸੰਤ ਜਿਊਣ ਸਿੰਘ ਜੀ ੧੯) ਮੱਥਾ ਟੇਕ ਦਿਤਾ, ਇਹ ਉਹਨਾਂ ਨੂੰ ਪਹੁੰਚ ਗਏ ਤੇ ਸੰਤ ਲਾਲ ਸਿੰਘ ਜੀ ਨੂੰ ੧) ਮੱਥਾ ਟੇਕ ਕਿਹਾ, ਤੂੰ ਭੀ ਜੁੱਤੀ ਦੀ ਜੋੜ ਦਾ ਸਿਰਫ ਹੈਂ. ਤੇਰਾ ਜੋੜਾ ਹੀ ਠੇਕ ਏ। ਇਹ ਜੁੱਤੀ ਸੰਤ ਲਾਲ ਸਿੰਘ ਜੀ ਦੇ ਘਰੋਂ ਸੀ।

Sri Satguru Jagjit Singh Ji Elibrary NamdhariElibrary@gmail.com

ਜਿਵੇਂ ਮਿੱਤ੍ਰ ਦਾ ਇਤਬਾਰ ਪੂਰੇ ਪਰਖੇ ਬਿਨਾ ਨਹੀਂ ਕਰਨਾ ਚਾਹੀਦਾ, ਤਿਵੇਂ ਵਿਰੋਧੀ ਦਾ ਕਿਸੇ ਭੀ ਸਮੇਂ ਵਿਸਾਹ ਨਹੀਂ ਕਰਨਾ ਚਾਹੀਦਾ। ਇਹ ਗੱਲਾਂ ਕਰਦਿਆਂ ਕਿਸੇ ਨੂੰ ਕੀ ਪਤਾ ਸੀ ਕਿ ਸੰਤਾਂ ਦੇ ਜੀਅ ਵਿਚ ਕੀ ਗੁਜਰੀ ਹੈ। ਤੇ ਅਗੋਂ ਕੀ ਕਰ ਗੁਜਰਨਗੇ। ਗੱਲ ਉਥੇ ਛੱਡੀ ਤੇ ਦੀਵਾਨ ਵਿਚ ਜਾ ਬੈਠੇ। ਸਬਦ ਦਾ ਰਸ ਬਣਿਆ ਹੋਇਆ ਸੀ। ਹੋਰ ਮਸਤਾਨੇ ਭੀ ਨੱਚ ਕੁਦ ਰਹੇ ਸੀ ਇਕ ਦੋ ਤੇ ਤੁਕ ਉਹੀ ਸੀ। ਐਸੋ ਕਉਨੁ ਬਲੀ ਰੇ, ਐਸੋ ਕਉਨੁ ਬਲੀ। ਗ੍ਰੰਥ ਸਾਹਿਬ ਭੋਗ ਪਾਣ ਲਈ ਲਿਆਂਦਾ। ਸਭ ਸੰਗਤ ਉਠੀ ਤੇ ਜੈਕਾਰਾ ਭੀ ਬੁਲਾਇਆ। ਪਰ ਸਬਦ ਅਜੇ ਪੂਰਾ ਨ ਹੋਇਆ ਸੀ ਤੇ ਰਸ ਬਣਿਆ ਕਰ, ਬੱਸ ਸੰਤ ਜੀ ਭੀ ਨ ਕਰਦੇ ਸੀ। ਤਾਹੀਉਂ ਤੇ ਕਿਸੇ ਨੂੰ ਉੱਕਾ ਪਤਾ ਨ ਲਗਾ। ਸੰਤ ਜਿਊਣ ਸਿੰਘ ਜੀ ਅਛੋਪਲੇ ਹੀ ਗ੍ਰੰਥ ਸਾਹਿਬ ਦੇ ਉਪਰ ਜਾ ਬੈਠੇ ਤੇ ਫੇਰ ਦੋਹਾ ਬਾਹਵਾਂ ਦਾ ਆਪੇ ਵਿਚ ਥਾਪੜਾ ਮਾਰ ਕਹਿਣ। ਮੈਂ ਹਾਂ ਜਿਨੇ ਪੰਜੇ ਵਸ ਕੀਤੇ ਹਨ। ਐਸੋ ਕਉਨੁ ਬਲੀ ਰੇ, ਐਸੋ ਕਉਨੁ ਬਲੀ।

ਸਿੰਘ ਸਭੀਏ ਸਾਹਵੇਂ ਦੇਖਦੇ ਸੀ। ਕਿਸੇ ਨੂੰ ਕੁਝ ਨ ਔਹੜੀ। ਸਤਿਗੁਰੂ ਜੀ ਛੇਤੀ ਤੇਜ ਹੋ ਬੋਲੇ ਤੇ ਕਿਹਾ, "ਰੋਂਦਾ ਮਸਤੀ ਨੂੰ, ਇਸ ਨੂੰ ਦੀਵਾਨ ਵਿਚੋਂ ਦਫਾ ਕਰ ਦਿਉ" ਕਹਿ ਸਿੱਖਾਂ ਤੋਂ ਫੜਾ ਦੀਵਾਨ 'ਚੋਂ ਬਾਹਰ ਕਰਾ ਦਿੱਤਾ।

ਜੇ ਕਿਸੇ ਅਰਜ ਕੀਤੀ, ਮਸਤੀ ਦੀ ਕਾਰ ਏ। ਤਾਂ ਸਤਿਗੁਰੂ ਜੀ ਉੱਤਰ, ਦਿੱਤਾ, ਮੈਂ ਇਹੋ ਜਿਹੀ ਮਸਤੀ ਨੂੰ ਨਹੀਂ ਮੰਨਦਾ। ਜਿਹੜੀ ਗੁਰਬਾਣੀ, ਮਸਤੀ ਦੇ ਸੋਮੇ ਦੀ ਹੀ ਬੇ-ਅਦਬੀ ਕਰੇ। ਕਿਹੋ ਨੇ, ਸਤਿਗੁਰੂ ਜੀ ਜਿਸ ਦਾ ਅਦਬ ਕਰਦੇ ਰਹੇ ਹਨ, ਇਹ ਕੌਣ ਹੈ ਉਸ ਦੀ ਬੇ-ਅਦਬੀ ਕਰਨ ਵਾਲਾ ?

ਸੰਤ ਜਿਊਣ ਸਿੰਘ ਜੀ ਦੇ ਪੱਖੀ ਕਹਿਣ ਸੰਤ ਜੀ ਪਿਤਾ ਜਾਣ ਗੋਦ ਵਿਚ ਬੈਠੇ ਹਨ, ਕੋਈ ਬਦ੍ਹੇ ਸੰਤ ਜੜ੍ਹ ਚੇਤਨ ਮਾਇਆ ਤੋਂ ਬਚੇ ਹੋਏ ਹਨ। ਇਹਨਾਂ ਗੁਰਬਾਣੀ ਦੀ, ਜੋ ਤੁਕ ਪੜ੍ਹੀਦੀ ਸੀ ਸਾਮਰਤੱਖ ਦਿਖਾਈ ਹੈ, ਕਿ ਐਸੇ ਅਸੀਂ ਹਾਂ। ਸਤਿਗੁਰੂ ਜੀ ਬਚਨ ਕੀਤਾ, ਜੜ੍ਹ ਚੇਤਨ ਤੋਂ ਬਚੇ ਹੋਇਆਂ ਨੂੰ ਭੀ ਮਾਨ ਤੇ ਜਿੰਦ ਈਰਖਾ ਆਦ ਅੜਿਕੇ ਲਾ ਲੈਂਦੇ ਹਨ। ਮਾਇਆ ਦੇ ਅਨੇਕ ਵਰਤਣ ਰੂਪ ਹਨ। "ਮਾਇਆ ਬਿਆਪੈ ਅਨਿਕ ਪ੍ਰਕਾਰੀ ॥" ਜੋ ਗੁਰਵਾਕ ਹੈ ਉਹ ਆਪਣੇ ਮਨੋਂ ਕੁਝ ਬਣਿਆਂ ਤੇ ਭੀ ਵਰਤ ਜਾਂਦਾ ਏ, ਕਹਿ ਸੰਤ ਜੀ ਬਾਬਤ ਹੋਕਾ ਦਵਾ ਦਿੱਤਾ, ਕਿ ਸੰਤ ਜੀ ਨੂੰ ਨਾਮਧਾਰੀ ਪੰਥ ਵਲੋਂ ਤਨਖਾਹੀ ਕੀਤਾ ਜਾਂਦਾ ਹੈ ਤੇ ਪੰਥੋਂ ਕੱਢਿਆ ਜਾਂਦਾ ਹੈ। ਇਹਨਾ ਇਹ ਭਾਰੀ ਭੁੱਲ ਕੀਤੀ ਹੈ।

ਅਗੋਂ ਹੋਲਾ ਹੋਣ ਦਾ ਕੋਈ ਹੋਕਾ ਨਾ ਹੋਇਆ ਤੇ ਭੋਗ ਪਾਇ ਸੰਗਤਾਂ ਤੇ ਸਤਿਗੁਰੂ ਜੀ ਲਾਹੌਰੋਂ ਵਿਦਾ ਹੋਏ। ਪਰ ਸੰਤ ਮੰਡਲੀ ਨੂੰ ਖੰਡਲੀ ਜੇਹੀ ਲਗ ਗਈ, ਕਿ ਮੇਲੇ ਤੇ ਖੱਟਣ ਗਏ ਸਾਂ ਸਗੋਂ ਇਕ ਉਚੇਰੇ ਸਾਧੂ ਨੂੰ, ਪਰੇ ਹੋਇਆ ਪੰਥੋਂ ਸੁਣ ਘਾਟ ਲੈ ਪਰਤੇ ਹਾਂ, ਖੱਟਿਆ ਤੇ ਕੁਝ ਨਾ ਸਗੋਂ ਘਾਟਾ ਹੀ ਪਿਆ ਹੈ।

## ਪਰਉਪਕਾਰੀ

(੧੯੯੮ ਬਿਕਰਮੀ) ਵੈਸਾਖੀ ਦੇ ਮੇਲੇ ਸਤਿਗੁਰੂ ਜੀ ਅੰਮ੍ਰਿਤਸਰ ਜੀ ਦਰਸਨ ਦਿੱਤੇ। ਸੰਤ ਕੇਸਰ ਸਿੰਘ (ਕਿੱਲੀ) ਮਹਾਵੇ ਵਾਲਿਆਂ ਅਪਣਾ ਮੂੰਹ ਕਾਲਾ ਕੀਤਾ ਹੋਇਆ ਸੀ। ਸੰਤ ਜਿਊਣ ਸਿੰਘ ਜੀ ਨੂੰ ਨਾਲ ਲੈ ਸਤਿਗੁਰੂ ਜੀ ਦੇ ਹਜ਼ੂਰ ਹਾਜਰ ਹੋਏ। ਗਲ ਵਿਚ ਪੱਲਾ ਪਾਏ ਸਾਹਵੇਂ ਖੜੇ ਜਲ ਨਾਲ ਭਰੀਂ

ਨੇੜੀਂ ਕਿਹਾ, ਸੱਚੇ ਪਾਤਸ਼ਾਹ ! ਇਸ ਨੂੰ ਬਖਸ਼ੋ । ਜੀਅ ਸਦਾ ਭੁਲਣਹਾਰ ਏ ਤੇ ਸਾਧ ਸੰਗਤ ਦਾ ਵਿਛੋੜਾ ਬੁਰੀ ਮਾਰ ਏ ।

ਸਤਿਗੁਰੂ ਪਰਤਾਪ ਸਿੰਘ ਜੀ, ਮੇਰੇ ਪੁੱਛਣ ਤੇ ਆਪ ਦੱਸਿਆ ਸੀ ਕਿ ਮੈਂ ਸੰਤ ਕੇਸਰ ਸਿੰਘ ਜੀ ਦਾ ਕਿਸੇ ਨੂੰ ਬਖਸ਼ਾਣ ਨਮਿਤ ਆਪਣਾ ਕਾਲਾ ਮੂੰਹ ਕੀਤਾ ਦੇਖ ਸਹਾਰ ਹੀ ਨਾ ਸਕਿਆ । ਮੇਰੇ ਵਿਚ ਵਾਹ ਹੀ ਨਾ ਰਹੀ ਕਿ ਮੈਂ ਕਵ੍ਹਾ ਮੈਂ ਨਹੀ ਇਸ ਨੂੰ ਬਖਸ਼ਦਾ । ਸਤਿਗੁਰੂ ਜੀ ਬਚਨ ਕਰਦੇ ਕਿ ਮੈਨੂੰ ਤਦੋਂ ਦਾ ਤੇ ਹੁਣ ਦਾ ਸਮਾਂ ਜਦੋਂ ਦਿੱਸਦਾ ਏ ਤਾ ਹਉਕਾ ਨਿਕਲ ਜਾਂਦਾ ਏ । ਕਿਥੇ ਉਹ ਸਾਧੂ ਗਏ, ਏਡੀ ਕਰਨੀ ਵਾਲੇ ਤੇ ਏਡੀ ਉਮਰ ਦੇ ਵੱਡੇ । ਜਿਨ੍ਹਾਂ ਇਕ ਵੇਰ ਮੇਰੇ ਸਿਰ ਤੇ ਹੱਥ ਰਖ ਮਸਤ ਹੋਇਆਂ ਮੈਨੂੰ ਕਿਹਾ ਸੀ "ਬੱਚਾ ਤਕੜੇ ਹੋ ਕੇ ਰਹਿਣਾ । ਇਹ ਜਿਸ ਰਾਮੇ ਦੀ ਕਾਰ ਏ ਉਸ ਨੂੰ ਇਸਦਾ ਸਭ ਫਿਕਰ ਏ ।" ਮੈਂ ਉਹਨਾਂ ਸੰਤਾਂ ਵਿਚ ਉਸ ਦਿਨ ਸੱਚੀ ਮਸਤੀ ਦੀ ਕਾਰ ਵੇਖੀ ਸੀ ਕਿਉਂਕਿ ਮੇਰੇ ਚਿੱਤ ਵਿਚ ਉਸ ਦਿਨ ਇਹ ਝੋਰੇ ਦਾ ਫੁਰਨਾ ਫਿਰ ਰਿਹਾ ਸੀ ਕਿ ਜਿਸ ਸਿੱਖੀ ਦੀ ਸੰਭਾਲ ਦੀ ਕਾਰ ਨੇ, ਗੁਰੂ ਹਰੀ ਸਿੰਘ ਜੀ ਦੀ ਧੌਣ ਦਬਾਈ ਰਖੀ ਹੈ ਮੈਂ ਕਿਵੇਂ ਇਸ ਨੂੰ ਸਹਾਰ, ਸਫਲ ਨਿਭਾ ਸਕਾਂਗਾ ? ਮੈਨੂੰ ਉਸ ਵੇਲੇ ਸੰਤਾਂ ਦਾ ਬੋਲਾ "ਬੱਚਾ ਤਕੜੇ ਹੋ ਕੇ ਰਹਿਣਾ" ਸੁਣ, ਗੋਬਿੰਦ ਦਾ ਬੋਲਾ ਸਾਖਿਆਤ ਹੋਇਆ ਜਾਪਿਆ ਸੀ । ਤੇ ਅੰਦਰ ਧਰਵਾਸ ਭੀ ਐਸਾ ਆਇਆ । "ਜਿਸ ਕਾ ਕਾਰਜੁ ਤਿਨ ਹੀ ਕੀਆ" ਜਿਸ ਸਤਿਗੁਰੂ ਇਸ ਕੂਕਾ ਕਾਰ ਦਾ ਮੁੱਢ ਸ਼ਬਦ ਸਕਤ ਤੇ ਬੱਧਾ ਹੈ ਇਹ ਕਦੇ ਡੋਲਦਾ ਨਹੀਂ, ਤੇ ਮੈਨੂੰ ਝੁਰਨ ਦੀ ਕੀ ਲੋੜ ਏ । ਜਿਸ ਰਾਮ ਨੇ ਇਸ ਕੂਕਾ ਪੰਥ ਨੂੰ, ਗੁਰੂ ਹਰੀ ਸਿੰਘ ਜੀ ਦਾ ਆਸਰਾ ਦੇ, ਇਤਨੀਆਂ ਪਾਬੰਦੀਆ ਤੰਗੀਆਂ ਵਿਚੋਂ ਰਖਿਆ ਹੈ ਹੁਣ ਭੀ ਇਸ ਦਾ ਉਹੀ ਰਾਖਾ ਹੈ ।

ਸਤਿਗੁਰੂ ਜੀ ਬਚਨ ਕਰਦੇ, ਸੰਤ ਜੀ ਦਾ ਇਹ ਅੰਮ੍ਰਿਤਸਰ ਵਾਲਾ ਸਾਂਗ ਪਰਉਪਕਾਰ ਵਾਲਾ ਸੀ, ਤੇ ਧਰਮ ਦੇ ਥੰਨ੍ਹ ਵਾਲੀ ਮਰਯਾਦਾ ਦਾ ਥੰਨ੍ਹ ਸੀ । ਉਹ ਧੰਨ ਸਨ ਸੰਤ, ਜੋ ਵਿਛੜੇ ਨੂੰ ਸੰਗਤ ਨਾਲ ਮੇਲਣ ਲਈ ਆਪਣਾ ਸਾਰਾ ਮਾਨ ਤੇ ਮਨ ਲਾ ਦੇਂਦੇ ਸਨ । ਤਾਹੀਏਂ ਤਾਂ ਏਡੀ ਕੁਰਬਾਨੀ ਕਰ ਸਕਦੇ ਸਨ । ਹੁਣ ਤੇ ਸਗੋਂ ਆਖਦੇ ਹਨ, ਨਹੀਂ ਤੇ ਨਾ ਸਹੀ । ਸਾਧ ਸੰਗਤ ਨਹੀਂ ਤਾਂ ਹੋਰ ਅਮੋੜ ਤਾਂ ਸਾਡੇ ਜੋੜ ਲਈ ਬਥੇਰੇ ਹਨ । ਭਾਵੇਂ ਸਾਧਾਂ ਦਾ ਭੀ ਬੀਜ ਨਾਸ ਨਹੀਂ ਪਰ ਹੁਣ ਬਹੁਲਤਾ ਬੁਰੇ ਬੰਨੇ ਦੀ ਹੋ ਗਈ ਹੈ । ਜੋੜਨ ਵਾਲਿਆਂ ਨਾਲੋਂ ਤੋੜਨ ਵਾਲਿਆਂ ਦੀ ।

ਸੰਤ ਜਿਉਣ ਸਿੰਘ ਜੀ ਚੁੱਪ ਕੀਤੇ, ਸੰਤ ਕੇਸਰ ਸਿੰਘ ਜੀ ਦੇ ਨਾਲ ਆਏ ਸੀ । ਤੇ ਜਦ ਸਤਿਗੁਰੂ ਜੀ ਬਚਨ ਕੀਤਾ ਸੀ ਸੰਤ ਜੀ ਹੁਣ ਮੇਰੀ ਕੋਈ ਵਾਹ ਨਹੀਂ ਆਪ ਦੇ ਇਸ ਪਰਉਪਕਾਰ ਅਗੇ । ਨਹੀ ਤੇ ਇਹ ਜਿਉਣ ਸਿੰਘ ਹੋਰੀਂ ਸੰਗਤ ਵਿਚ ਕਦੇ ਨਾ ਮਿਲਣ ਵਾਲੇ ਸੀ, ਜਿਨ੍ਹਾਂ ਮਰਯਾਦਾ ਢਨਾਣ ਵਾਲੇ ਹੋ ਕੇ, ਸਗੋਂ ਤੋੜੀ ਹੈ । ਮੈਂ ਸੁਣਿਆ ਹੈ ਜਿਨ੍ਹਾਂ ਸਿੰਘ ਸਭੀਆਂ ਨਾਲ ਇਹਨਾਂ ਦਾ ਜ਼ਿਦੀ ਬਚਨ ਹੋਇਆ ਸੀ, ਉਹ ਭੀ ਦੇਖਦੇ ਸੀ । ਪਰ ਉਹਨਾਂ ਨੂੰ ਸੰਗਤ ਦਾ ਆਮ ਇਕੱਠ ਵੇਖ, ਕੁਝ ਕਰ ਵਿਖਾਣ ਦਾ ਹੌਸਲਾ ਨਾ ਪਿਆ ਸੀ ਤੇ ਇਹਨਾਂ ਨੇ, ਇਕ ਆਪਣੇ ਮਨ ਦੇ ਆਖੇ ਲਗ, ਕਈਆਂ ਦੇ ਦਿਲ ਦੁਖੀ ਕੀਤੇ ਹਨ । ਮੈਂ ਕੁਝ ਨਹੀਂ ਕਹਿ ਸਕਦਾ ਇਹ ਜਾਨਣ ਤੇ ਤੁਸੀ ਜਾਣੋ । ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਹੈ, "ਜਿਹੜਾ ਝੂਠਾ ਝਗੜਾ ਪਾਵੇਗਾ, ਉਸ ਦਾ ਦੋਹੀਂ ਜਹਾਨੀਂ ਕਾਲਾ ਮੂੰਹ ਹੋਊਗਾ ।" ਸਤਿਗੁਰੂ ਜੀ ਇਹ ਭੀ ਬਚਨ ਦੱਸਿਆ ਸੀ । ਮਾਤਾ ਜਿਉਣ ਕੌਰ ਜੀ ਸੰਤ ਕੇਸਰ ਕਿੱਲੀ ਹੋਰਾਂ ਨੂੰ, ਜਿਉਣ ਸਿੰਘ ਹੋਰਾ ਕੋਲ ਬਾਅਦ ਇਕ ਦਿਨ

ਭੇਜਿਆ ਸੀ, ਕਿ ਉਹਨਾ ਨੂੰ ਪੁੱਛੋ ਉਹਨਾਂ ਇਹ ਕੰਮ ਕਿਉਂ ਕੀਤਾ ਗ੍ਰੰਥ ਸਾਹਿਬ ਤੇ ਬਹਿਣ ਵਾਲਾ। ਸੰਤ ਜੀ ਪੁਤ ਜਿਉਣ ਕਰਕੇ ਹੀ ਬੁਲਾਇਆ ਕਰਦੇ ਸੀ। ਉਹਨਾਂ ਮਸਤ ਪਿਆਂ ਨੂੰ ਜਾ ਕੇ ਪੁੱਛਿਆ, ਤੂੰ ਇਹ ਕੀ ਕੀਤਾ ਤੇ ਕਿਉਂ ਕੀਤਾ। ਜਿਉਣ ਸਿੰਘ ਜੀ ਅਗੋਂ, ਸੰਤਾਂ ਦੇ ਮੂੰਹ ਤੇ ਵੱਟ ਕੇ ਚੁਪੇੜ ਮਾਰੀ। ਤਾਂ ਸੰਤਾਂ ਮਾਤਾ ਜੀ ਨੂੰ ਆ ਕਿਹਾ "ਮੈਂ ਤੇ ਪੁਤ ਜਿਉਣ ਜਾਣ ਕੇ ਜਾ ਬੁਲਾਇਆ ਸੀ, ਪਰ ਉਥੇ ਤੇ ਮੈਨੂੰ ਕੋਈ ਅਫਸਰ ਆਇਆ ਜਾਪਿਆ ਏ।" ਕੀ ਜਾਣੀਏ ਕਰੋਧ ਹੀ ਸੀ ਕਿ ਕੂਕਾ ਕਾਰ ਸੀ। (ਤਰਨ ਸਿੰਘ)

## ਸੰਤ ਜਿਉਣ ਸਿੰਘ ਜੀ

ਸੰਤ ਜਿਉਣ ਸਿੰਘ ਜੀ ਏਕ ਸਮੇਂ ਇਕ ਨਹਿਰ ਤੇ ਜਾਂਦਿਆਂ ਮਸਤੀ ਦੀ ਹਾਲਤ 'ਚ ਹਉਕਾ ਲੈ ਕਿਹਾ: ਹਾਇ ਰਾਮ ਮੇਰਾ ਤੈਨੂੰ ਮਿਲਣ ਨੂੰ ਜੀ ਕਰਦੈ। ਸਤਿਗੁਰੂ ਰਾਮ ਸਿੰਘ ਜੀ ਬਿਦੇਸੋਂ ਇਸ਼ਨਾਨ ਕਰਦਿਆਂ, ਤੁਰਤ ਆ, ਗਿੱਲਾ ਪਹੁੰਚਾ ਇਕ ਹੱਥ ਵਿਚ ਫੜੀ, ਦਰਸਨ ਦੇ ਕਿਹਾ, ਪੁੱਤ ਜਿਉਣ! ਇਸ ਤਰ੍ਹਾਂ ਨਾ ਕਰਿਆ ਕਰ। ਮੈਨੂੰ ਕਛਹਿਰਾ ਭੀ ਨਹੀਉਂ ਬਦਲਣ ਦਿੱਤਾ। ਸੰਤ ਜੀ ਕਿਹਾ, ਕੀ ਕਰਾਂ ਕਿਤੇ ਜੀ ਨਹੀਂ, ਲਗਦਾ, ਨਹੀਂ ਤੇ ਏਡੀ ਔਖ ਨਾ ਆਪ ਨੂੰ ਦੇਂਦਾ। ਦਸੋ ਹੁਣ ਫੇਰ ਕਦੋਂ ਦਰਸਨ ਹੋਣਗੇ ? ਸਤਿਗੁਰੂ ਜੀ ਕਿਹਾ, ਦੀਪਮਾਲਾ ਤੇ ਅੰਮ੍ਰਿਤਸਰ। ਮੈਂ ਸਿੱਧੀ ਪਰਕਰਮਾਂ ਕਰਦਾ ਆਪ ਕਹੂੰਗਾ, ਮੈਂ ਹਾਂ ਰਾਮ ਸਿੰਘ।

ਸੰਤ ਜੀ ਕਈ ਦਿਨ ਪਹਿਲੋਂ ਹੀ ਪਰਕਰਮਾਂ ਵਿਚ ਅੰਮ੍ਰਿਤਸਰ ਜਾ ਬੈਠੇ। ਦੀਪਮਾਲਾ ਵਾਲੇ ਦਿਨ, ਸੰਤ ਰਿਖੀ ਸਿੰਘ ਜੀ ਮਦਾਰ ਵਾਲੇ, ਮਸਤ, ਇਕ ਪੋਲਾ ਕਛਹਿਰੇ ਦਾ ਹੱਥ ਫੜੀ, ਬੜੀ ਰਸੀਲੀ ਸੁਰੇ ਸਿਧੀ ਪ੍ਰਕਰਮਾਂ ਕਰਦੇ, ਕਹਿੰਦੇ ਸੁਣੇ, "ਮੈਂ ਹਾਂ ਰਾਮ ਸਿੰਘ, ਮੈਂ ਖੁਦ ਅਕਾਲ ਪੁਰਖ।" ਸੰਤ ਜੀ ਅਗੋਂ ਭੱਜ ਕੇ ਜੱਫੀ ਪਾ ਗਲ ਮਿਲੇ, ਫੇਟ ਕੁ ਰੋ ਮਿਲ ਬੈਠ, ਬਚਨ ਬਿਲਾਸ ਕੀਤੇ। ਤੇ ਨਿਤ ਰਾਮ ਦਰਸਨ ਦੇਹ, ਕਾਰ ਦੀ ਵਿਚਾਰ ਤੇ ਗੋਸਟ ਕਰਦਿਆਂ ਰਿਖੀ ਸਿੰਘ ਜੀ ਕਿਹਾ, ਰਾਮ ਜੀ ਔਣਗੇ, ਜਰੂਰ ਔਣਗੇ। ਪਰ ਦੇਹ ਦੇ ਪਿਆਰ ਵਾਲੇ ਨੂੰ ਸਹਿਜ ਸੁਖ ਪ੍ਰਾਪਤ ਨਹੀਂ ਹੁੰਦਾ। ਉਸ ਰਾਮ ਰਮੇ, ਹਰੀ ਹਰਿ ਦੇ ਪਰਤਾਪ ਨੂੰ ਹਰਿ ਵਿਚ ਵੇਖਣਾ ਹੀ ਸੁਖ ਸਹਿਜ ਤੇ ਉੱਚ ਅਵਸਥਾ ਏ। ਉਸ ਦਿਨ ਤੋਂ ਸੰਤ ਜਿਉਣ ਸਿੰਘ ਜੀ ਰਜ਼ਾ ਵਿਚ ਰਾਜ਼ੀ ਰਹੇ, ਸਹਿਜ ਸੁਖ ਅਵਸਥਾ ਵਾਲੇ ਹੋ ਰਹੇ।

ਸੰਤ ਜਿਉਣ ਸਿੰਘ ਜੀ, ਰਾਮਿਆਂ ਕਹਿ, ਨਾਮ ਲੈ, ਗਾਲ੍ਹਾਂ ਕਢਿਆ ਕਰਦੇ ਸੀ। ਸਾਧਾਂ ਸੁਣ ਅਰਜ ਕੀਤੀ, ਨਾ ਹੀ ਹਟਣ, ਸਿੱਖਾਂ ਕੁੱਟਣ ਦੀ ਸਲਾਹ ਕੀਤੀ। ਸਤਿਗੁਰੂ ਜੀ ਦ੍ਰਿਸਟਾਂਤ 'ਚ ਦਰਸ਼ਨ ਦੇ ਕਿਹਾ, ਮਤ ਕੋਈ ਉਸ ਨੂੰ ਕੁਝ ਕਹੇ। ਮੈਨੂੰ ਹੀ ਪਤਾ ਹੈ, ਜੋ ਮੈਂ ਉਸ ਨਾਲ ਕੀਤੀ ਹੈ। ਤੇ ਜੋ ਉਸ ਨਾਲ ਬੀਤੀ ਹੈ। ਤੁਹਾਡੀਆਂ ਸੁਖਮਨੀਆਂ ਨਾਲੋਂ ਮੈਨੂੰ ਉਸ ਦੀਆਂ ਗਾਲ੍ਹਾਂ ਪਿਆਰੀਆਂ ਲਗਦੀਆਂ ਹਨ।

"ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੂ ਅਖੀ ਦੇਖੈ ॥"

ਵਾਲੇ ਭਗਤਾਂ ਦੇ ਨਾਮ ਗ੍ਰੰਥ ਸਾਹਿਬ ਵਿਚ ਪ੍ਰਵਾਣ ਹਨ। ਫਰੀਦ ਜੀ ਸੇਖ ਹੀ ਲਿਖੇ ਹਨ। ਇਹਨਾਂ ਨੂੰ ਪ੍ਰਤੱਖ ਪਰਮਾਤਮਾ ਦਾ ਦਰਸਨ ਨਹੀਂ ਹੋਇਆ। ਗੁਰੂ ਸੋ ਦਰਸਨ ਦੇਂਦਾ ਹੈ ਜੋ ਪ੍ਰੇਮੀ ਮੰਗੇ, ਸਬਦ ਸਿਮਰਨ ਦੇ ਪੂਰਾ ਹੋਣ ਬਾਅਦ।

Sri Satguru Jagjit Singh Ji Elibrary NamdhariElibrary@gmail.com

## ਬਾਬਾ ਫਤੇ ਸਿੰਘ ਜੀ ਵਲਟੋਹਾ

ਹੋਲਾ ਮੇਲਾ ੧੯੭੧ ਬਿਕ੍ਰਮੀ ਵਲਟੋਹਾ ਜ਼ਿਲ੍ਹਾ ਲਾਹੌਰ ਵਿਚ ਹੋਇਆ। ਇਹ ਹੋਲਾ ਸਾਰੇ ਨਗਰ ਰਲ ਕੀਤਾ। ਪਰ ਮੋਹਰਲਾ ਉੱਦਮ ਬਾਬਾ ਫਤੇ ਸਿੰਘ ਜੀ, ਸੰਤ ਲਛਮਣ ਸਿੰਘ, ਦੁਸੰਧਾ ਸਿੰਘ, ਕਪੂਰ ਸਿੰਘ ਆਦਿ ਸਿੱਖਾਂ ਨੇ ਕੀਤਾ। ਅਗਲੇ ਸਾਲ ਦਾ ਹੋਲਾ ਗਿੱਲਾਂ, ਜ਼ਿਲ੍ਹਾ ਸ਼ੇਖੂਪੁਰਾ ਦੀ ਸੰਗਤ ਨੇ ਅਰਜ ਕਰ ਲਿਆ ਸੀ। ਵਲਟੋਹੇ ਬਾਬਾ ਫਤੇ ਸਿੰਘ ਜੀ ਬਿਰਧ ਦੇ ਦਰਸ਼ਨ ਕਰਨ ਆਮ ਸਾਧ ਸੰਗਤ ਜਾਂਦੀ ਸੀ।

ਇਹ ਫਤੇ ਸਿੰਘ ਜੀ, ਗੁਰੂ ਹਰੀ ਸਿੰਘ ਜੀ ਦੇ ਸਮੇਂ ਸਰਧਾਲੂ, ਸਤਿਬਚਨੀ ਤੇ ਬਹੁਤ ਬਲੀ ਸਨ। ਇਹਨਾਂ ਦਾ ਜੀਵਨ ੨੦੧੦ ਬਿ: ਦੇ ਕੱਤਕ ਦੇ ਮਾਹਵਾਰ ਰਸਾਲੇ 'ਸਤਿਜੁਗ' ਵਿਚ ਰਾਜਿੰਦਰ ਸਿੰਘ ਗੁਰੂਸਰ ਵਾਲਿਆਂ, ਸਤਿਗੁਰੂ ਪਰਤਾਪ ਸਿੰਘ ਜੀ ਦੀ ਪ੍ਰਵਾਨਗੀ ਨਾਲ, ੨੫ ਪੰਨੇ ਤੋਂ ੨੯ ਤਕ ਦਿੱਤਾ ਸੀ। ਮੈਂ ਉਹ ਪੜ੍ਹ ਕੁਝ ਸਾਧਾਂ ਪਾਸੋਂ ਸੁਣ ਤੇ ਕੁਝ ਸੰਤੋਖ ਸਿੰਘ ਜੀ ਦੇ ਲਿਖੇ ਇਤਿਹਾਸ ਤੋਂ ਪੜ੍ਹ, ਤਲੇ ਲਿਖਦਾ ਹਾਂ। ਤਰਨ ਸਿੰਘ

ਸੰਤ ਬਾਬਾ ਫਤੇ ਸਿੰਘ ਜੀ, ਪਹਿਲੀ ਜਵਾਨੀ ਚੜ੍ਹਦੀ ਵੇਲੇ, ਫੌਜ ਵਿਚ ਭਰਤੀ ਹੋਏ। ਸਭ ਪਲਟਨ ਤੋਂ ਵੱਧ ਕੁਸ਼ਤੀ, ਰੱਸੇ, ਦੌੜਨ, ਗੋਲੇ ਆਦਿ ਦੀਆਂ ਤਿੱਖੀਆਂ ਤਿੱਖੀਆਂ ਤੇ ਹਿੰਮਤੀ ਖੇਡਾਂ ਵਿਚ ਦੋ ਮੁਰੱਬੇ ਜ਼ਮੀਨ ਇਨਾਮ ਲੈ ਨਾਮ ਕਟਾ, ਪਿੰਡ ਆਏ। ਕਿਉਂਕਿ ਇਹਨਾਂ ਨੂੰ ਇਕ ਅੰਗਰੇਜ਼ ਮਿੱਤ੍ਰ ਨੇ ਦੱਸ ਦਿੱਤਾ ਸੀ, ਤੂੰ ਹੁਣ ਏਥੋਂ ਚਲਾ ਜਾਹ। ਮਤੇ ਕੋਈ ਦੋਖੀ ਅੰਗਰੇਜ਼ ਤੇਰੇ ਤੇ ਵਾਰ ਖਾਰੋਂ ਕਰੇ।

ਫਤੇ ਸਿੰਘ ਦੀ ਤਾਕਤ ਦੀ ਧੁੰਮ ਦੇਸ ਵਿਚ ਵੀ ਬੜੀ ਸੀ। ਸੌਂਚੀ, ਛੜੱਪਾ, ਕੌਡੀ, ਲੱਤ ਫੜ ਆਦਿ ਦੀ। ਪਟਿਆਲੇ ਦੇ ਰਾਜੇ ਇਹਨਾਂ ਨੂੰ ਕੋਲ ਰਖਣਾ ਚਾਹਿਆ ਤਾਂ ਅਗਲੇ ਰਖੇ ਮੁਸਲਮਾਨਾਂ ਕਿਹਾ, ਕੁਸ਼ਤੀ ਪੁਸ਼ਤੀ ਕਿਸਬ ਹੈ, ਉਹ ਜੱਟ ਅੜਬ, ਕਥ-ਪੁਣੇ ਵਾਲਾ, ਕੀ ਘੁਲ ਜਾਣੇ। ਫਤੇ ਸਿੰਘ ਸੁਣ ਪਟਿਆਲੇ ਨੇੜੇ ਇਕ ਪਿੰਡ ਪੁੱਜ, ਉਹਦੇ ਤੰਬੂ ਵਿਚ ਰਾਤ ਜਾ, ਦੱਬ ਖੂਬ ਗੋਡਿਆ। ਤਦ ਛਡਿਆ ਜਦ ਉਸ ਭਲਵਾਨ ਕੁਲਾਹੁਣ ਵਾਲੇ ਮਾਫ਼ੀ ਮੰਗੀ। ਲੋਕਾਂ ਦਿਨੇ ਪੁੱਛਿਆ, ਕੀ ਰਾਤ ਬੀਤੀ, ਤੰਬੂ ਵਿਚ ਕੂਲਾਰੇ ਹੁੰਦੇ ਸਨ। ਉਸ ਭਲਵਾਨ ਕਿਹਾ, ਰਾਤ ਜਿੰਨ ਆ ਪਿਆ ਸੀ, ਪਰ ਮੈਂ ਰੱਬ ਦੇ ਫਜ਼ਲ ਨਾਲ ਮਾਰ ਭਜਾਇਆ ਹੈ।

ਨਗਰ ਦੇ ਲੋਕ ਭੈਣੀ ਸਾਹਿਬ ਨਮਾਨੀ ਦੇ ਮੇਲੇ ਤੇ ਟੁਰੇ, ਫਤੇ ਸਿੰਘ ਨੂੰ ਭੀ ਕਿਹਾ, ਚੱਲ। ਗੁਰੂ ਹਰੀ ਸਿੰਘ ਜੀ ਦਾ ਦਰਸਨ ਕਰ ਤੇ ਭਜਨ ਲੈ, ਗੁਰੂ ਨਾਨਕ ਜੀ ਵਾਲਾ। ਫਤੇ ਸਿੰਘ ਕਿਹਾ, ਦਸਵੇਂ ਗੁਰੂ ਪਿਛੋਂ ਕਿਹੜਾ ਗੁਰੂ ਹੈ ? ਸਿੱਖਾਂ ਕਿਹਾ, ਚੱਲ ਜੇ ਮਨ ਮੰਨੇਗਾ ਤਾਂ ਨਿਹਚਾ ਬੰਨ੍ਹ ਭਜਨ ਲੈ ਲਈ, ਨਹੀਂ ਤੇ ਮੇਲਾ ਹੀ ਦੇਖ ਮੁੜੀਂ। ਇਸ ਦੇ ਘਰੋਂ, ਮਾਨੋਂ, ਜੋ ਕੱਦ ਦੀ ਛੋਟੀ, ਰੂਪ ਦੀ ਸਾਦੀ ਜਿਹੀ ਸੀ। ਇਹ ਜਿਸ ਨੂੰ ਮਾਰਦਾ ਸੀ ਕਈ ਵਾਰ, ਉਹ ਭੀ ਤਰਲਾ ਕਰ ਨਾਲ ਟੁਰ ਪਈ। ਫਤੇ ਸਿੰਘ ਸਿੱਖਾਂ ਨੂੰ ਕਿਹਾ, ਮੇਰੀਆਂ ਦੋ ਮੰਗਾਂ ਹਨ ਜੇ ਪੂਰੀਆਂ ਹੋਣਗੀਆਂ ਤਾਂ ਮੰਨਾਂਗਾ, ਭਜਨ ਲਵਾਂਗਾ ਤੇ ਜਾਣਾਂਗਾ, ਗੁਰੂ ਹਨ, ਨਹੀਂ ਤੇ ਛਿੱਬ ਹੀ ਜਾਣਾਂਗਾ। ਮਾਨੋਂ ਕਿਹਾ, ਮੇਰੀ ਤੇ ਇਕੋ ਹੈ, ਜੇ ਪੂਰੀ ਹੋਈ ਤਾਂ ਪੂਰੇ ਗੁਰੂ ਮੰਨ ਭਜਨ ਲਵਾਂਗੀ, ਨਹੀਂ ਤੇ ਮੇਲਾ ਤਾਂ ਵੇਖਾਂਗੀ ਹੀ। ਸਿੱਖਾਂ ਪੁੱਛਿਆ, ਪ੍ਰਗਟ ਕਰ ਕਹੋ, ਮਤੇ ਫੇਰ ਮੁਕਰੇ। ਫਤੇ ਸਿੰਘ ਕਿਹਾ, ਇਕ ਅਗੋਂ ਹੋ ਮਿਲਣ ਤੇ ਦੂਜਾ, ਦੁੱਧ ਹੱਥੀਂ ਰੱਜ ਛਕਾਉਣ। ਮਾਨੋਂ ਕਿਹਾ, ਮੇਰੇ ਇਹ ਪਤੀ ਭਲਵਾਨ ਸਾਹਿਬ ਵੱਸ ਹੋ ਵਰਤਣ।

## ਸੇਵਕ ਦਾ ਸੇਵਕ

ਭੈਣੀ ਸਾਹਿਬੋਂ ਦੱਖਣ ਲਹਿੰਦੇ ਵੱਲ, ਗੁਰੂ ਹਰੀ ਸਿੰਘ ਜੀ ਅਗੋਂ ਹੀ ਆ ਮਿਲੇ। ਅਕਾਲ ਬੁੰਗੇ ਵਾਲੇ ਖੂਹ ਤੇ ਖਹਾ ਕਿਹਾ, ਲੈ ਫਤੇ ਸਿੰਘਾ ! ਜਲ ਛੱਕ ਲੈ। ਫਤੇ ਸਿੰਘ ਇਕ ਮੰਗ ਪੂਰੀ ਹੋਈ ਜਾਣ, ਦੂਜੀ ਦੀ ਸੋਚ ਵਿਚ ਨੀਵੀਂ ਪਾਈ ਪਲ ਅੜਕਿਆ, ਤਾ ਗੁਰੂ ਜੀ ਕਿਹਾ, ਲੈ ਦੁੱਧ ਹੀ ਪੀ ਲੈ। ਉਸੇ ਗੜਵੇ ਜਲ ਵਾਲੇ ਵਿਚੋਂ ਦੁੱਧ ਰਜਾ ਕੇ ਛਕਾਇਆ। ਤਾਂ ਫਤੇ ਸਿੰਘ ਅਰਜ ਕੀਤੀ ਭਜਨ ਦਿਉ, ਤਾਂ ਪਾਸ ਖੜੇ ਸਾਧੂ ਪਾਸੋਂ ਗੁਰੂ ਜੀ ਭਜਨ ਦਿਵਾਇਆ ਤੇ ਕਿਹਾ, ਸਹੀ ਕਰ ਲੈ ਗੁਰੂ ਨਾਨਕ ਜੀ ਵਾਲਾ ਨਾਮ ਹੈ ਕਿ ਹੋਰ ਹੈ ? ਇਹ ਵਾਕ ਸੁਣ ਤੇ ਭਜਨ ਪੁੱਛ, ਫਤੇ ਸਿੰਘ ਮਸਤ ਹੋ ਗਿਆ ਤੇ ਰਸਨਾ ਰਸ ਵਿਚ ਹੋ ਆਪੇ ਭਜਨ ਕਰਨ ਵਲ ਚਲ ਪਈ। ਦੋ ਤਿੰਨ ਦਿਨ ਮੇਲਾ ਦੇਖ ਮੁੜਨ ਸਮੇਂ ਗੁਰੂ ਜੀ ਕਿਹਾ, ਭੈਰੋ ਜੀ ! ਤੁਸਾਂ ਇਸ ਪਤਨੀ ਪ੍ਰੇਮ ਕਰਨ ਵਾਲੀ ਨਾਲ ਭੀ ਹੁਣ ਪ੍ਰੇਮ ਹੀ ਕਰਨਾ ਤੇ ਜੋ ਕਹੇ, ਸਤਿਬਚਨ ਕਰਨਾ।

ਮਾਨੋ ਕਾਮਨਾ ਪੂਰੀ ਹੋਈ ਤੇ ਵੀ ਨ ਮੰਨੀ, ਪਰ ਇਹ ਜਰੂਰ ਜਾਣਿਆ ਕਿ ਗੁਰੂ ਸਮਰੱਥ ਹਨ। ਸ਼ੈਦ ਮੇਰੀ ਭੀ ਪੂਰੀ ਹੋ ਹੀ ਜਾਵੇ। ਇਹ ਅਜਮਾਉਣ ਲਈ ਇਕ ਮੀਲ ਹੀ ਮੁੜਦੀ ਟੁਰੀ ਤਾਂ ਕਿਹੋ ਸੁ ਭੈਰੋ, ਮੈਂ ਥੱਕ ਪਈ ਹਾਂ ਮੈਨੂੰ ਚੁੱਕ ਲੈ। ਫਤੇ ਸਿੰਘ ਨੇ ਝਟ ਸਤਿਬਚਨ ਪ੍ਰੇਮ ਸਿੰਘ ਜੀ, ਕਹਿ ਮੋਢਿਆ ਤੇ ਚੁੱਕ ਲਈ। ਮਾਨੋਂ ਭੀ ਸਾਥ ਜਾਂਦੇ ਸਾਧਾਂ ਪਾਸੋਂ ਅਰਜ ਕਰ ਭਜਨ ਲੈ ਲਿਆ ਤੇ ਵਲਟੋਹੇ ਵੱਲ, ਦੋਹਾਂ ਲੈ ਦੋਏ ਆ ਵੜੇ।

ਗੁਰੂ ਹਰੀ ਸਿੰਘ ਜੀ ਦੇ ਨਾਮ ਦਾ ਸਫੈਦ ਝੰਡਾ, ਬਾਬਾ ਫਤੇ ਸਿੰਘ ਜੀ ਨੇ ਆਪਣੇ ਘਰ ਪਿਪਲ ਤੇ ਲਾਇਆ। ਬੱਲ, ਫਤੇ ਸਿੰਘ ਜੀ ਵਿਚ ਇਤਨਾ ਸੀ ਕਿ ਖਰਾਸ ਦੇ ਦੋਏ ਪੁੜ ਵਿਹੜੇ 'ਚ ਦੋਹਾਂ ਬਾਹਵਾਂ ਨੂੰ ਵਿਚੋਂ ਦੀ ਵਹਾ ਇਸ ਤਰ੍ਹਾਂ ਲਈ ਫਿਰਦੇ ਸੀ, ਜਿਵੇਂ ਅੰਞਾਣੇ ਖਡੌਣੇ ਤੇ ਭਲਵਾਨ ਜ਼ੋਰ ਕਰਨ ਵਾਲੀਆਂ ਮੁੰਗਲੀਆਂ। ਏਕ ਸਮੇਂ ਫਤੇ ਸਿੰਘ ਜੀ ਆਪਣੇ ਸੌਹਰੇ (ਕੰਦੋਵਾਲੀ) ਗਿਆਂ ਨੂੰ, ਲੋਕਾਂ ਹਿੰਮਤ ਜਾਚਣ ਲਈ, ਖੂਹ ਦੀ ਮਾਹਲ ਤਣੇ ਨਾਲ ਗੁਪਤ ਬੰਨ੍ਹ ਕਿਹਾ, ਖੂਹ ਵਿਚੋਂ ਬਾਹਰ ਕੱਢ ਕੇ ਵਿਖਾਉ। ਇਹਨਾਂ ਪੂਰਾ ਜੋਰ ਲਾ ਤਣਾ ਤੋੜ ਕੇ, ਮਾਹਲ ਤੇ ਬਾਹਰ ਕੱਢ ਸੁੱਟੀ, ਪਰ ਲੱਕ ਜੋਰ ਖਾ ਕਮਜ਼ੋਰ ਹੋ ਗਿਆ ਤੇ ਮਾਸ ਪਾਟ ਦਰਦ ਸ਼ੁਰੂ ਹੋ ਗਈ। ਪਿੜ ਵਿਚ ਛਾਲ ਮਾਰ ਬੈਂਦਿਆਂ ਤੋਂ ਟੱਪ ਵੜਦੇ ਤੇ ਟੱਪ ਹੀ ਵਾਪਸ ਨਿਕਲਦੇ ਸੀ, ਜਵਾਨੀ ਵੇਲੇ। ਦਾਣੇ ਬਾਹਰੋਂ ਲਿਆਉਣ ਸਮੇਂ ਗੌਡਾ ਭਰਿਆ ਚੁੱਕ, ਬੰਨਾ ਟਪਾਂਦੇ ਸੀ। ਇਤਨੇ ਤਿਖੇ ਸੀ ਕਿ ਛਾਲ ਮਾਰ ਊਠ ਉਪਰ ਦੀ ਪਾਰ ਜਾ ਪੈਂਦੇ ਸੀ।

ਸਾਧਾਂ ਦੀ ਸੇਵਾ ਫਤੇ ਸਿੰਘ ਜੀ ਘਰ ਰਖ, ਕਈ ਦਿਨ ਕਰਦੇ। ਜੇ ਸਾਧ ਜਾਣ ਦੀ ਮੰਗ ਕਰਦਾ, ਕਦੀ ਛੁਟੀ ਦੇਂਦੇ, ਕਦੀ ਨਾ ਦੇਂਦੇ। ਜਿਹੜਾ ਜਾਣ ਨੂੰ ਤਿਆਰ ਹੋ ਪੈਂਦਾ, ਫੜ ਹੇਠ ਲੈਂਦੇ, ਜਦ ਉਹ ਔਖਾ ਹੋ ਤਰਲੇ ਕਰ ਰਹਿਣਾ ਮੰਨਦਾ, ਤਾਂ ਛਡਦੇ। ਸੰਤ ਕੇਸਰ ਸਿੰਘ ਜੀ ਮਹਾਵੇ ਵਾਲੇ, ਇਹ ਅੜਬ-ਪੁਣਾ ਫਤੇ ਸਿੰਘ ਹੋਰਾਂ ਦਾ ਸੁਣ, ਵਲਟੋਹੇ ਗਏ। ਕੁਝ ਦਿਨ ਫਤੇ ਸਿੰਘ ਹੋਰਾਂ ਪਾਸ ਰਹੇ ਤੇ ਜਾਣ ਦੀ ਛੁੱਟੀ ਮੰਗੀ। ਫਤੇ ਸਿੰਘ ਕਿਹਾ, ਨਾ ਜਾਓ। ਕੇਸਰ ਜੀ ਕਿਹਾ, ਇਹ ਰਾਮੇ ਦੀ ਕਾਰ ਏ, ਕਿਸੇ ਦੀ ਕੈਦ ਵਿਚ ਕਦੇ ਨਹੀਂ ਰਹਿੰਦੀ, ਮੌਜ ਦੀ ਮਾਲਕ ਏ। ਫਤੇ ਸਿੰਘ ਕਿਹਾ, ਮੈਂ ਫੜ ਸਿੱਧ ਤੇਰੀ ਇਹ ਜਿੰਦ ਹਟਾ ਦਿਆਂਗਾ। ਕੇਸਰ ਜੀ ਕਿਹਾ, ਤੂੰ ਸਾਧਾਂ ਤੇ ਬਲ ਨ ਵਰਤਿਆ ਕਰ।

ਫਤੇ ਸਿੰਘ, ਇਹ ਚੋਰੀਆਂ ਵਾਲਾ ਕੀ ਕਰਦਾ ਫਿਰਦੈ ਕਹਿ, ਫੜ, ਸੰਤ ਜੀ ਨੂੰ ਬਹੁਤ ਤਲੇ ਧਰ ਮਲਿਆ ਤੇ ਕਿਹਾ, ਦੱਸ ! ਇਹ ਹੀ ਰਾਮੇ ਦੀ ਕਾਰ ਈ। ਸੰਤਾਂ ਕਿਹਾ, ਮੇਰੀ ਤੇ ਕੋਈ ਗੱਲ ਨਹੀਂ ਤੂੰ ਇਸੇ ਤਰ੍ਹਾਂ ਬਹੁਤ ਸਾਧਾਂ ਨੂੰ ਮਲਿਆ ਤੇ ਮਾਰਿਆ ਹੈ ਤੇ ਅੜਬ-ਪੁਣੇ ਤੋਂ ਮੋੜਿਆਂ ਭੀ ਮੁੜਦਾ ਨਹੀਂ। ਹੱਛਾ ਜੇ ਇਹ ਮੇਰੇ ਰਾਮ ਦੀ ਕਾਰ ਹੋਈ ਤਾਂ ਤੂੰ ਏਦੂੰ ਅਗੇ ਸਾਧਾਂ ਨੂੰ ਮਾਰ ਨਹੀਂ ਸਕੇਂਗਾ ਕਹਿ, ਸੰਤ ਜੀ ਰਾਰਾ ਰਾਰਾ ਕਰਦੇ ਭਜ ਗਏ ਤੇ ਫਤੇ ਸਿੰਘ ਦੇ ਗੋਡਿਆਂ ਨੂੰ ਉਸੇ ਵੇਲੇ ਦਰਦ ਸ਼ੁਰੂ ਹੋ ਗਈ। ਜੋ ਫੇਰ ਕੇਸਰ ਜੀ ਦੇ ਆਇਆਂ, ਹਟਣ ਦੀ ਅਰਜ ਕਰਨ ਤੇ ਭੀ ਨ ਹਟੀ ਤੇ ਕੇਸਰ ਜੀ ਕਿਹਾ, ਇਹ ਰਾਮੇ ਦੀ ਕਾਰ ਏ। ਕਿਸੇ ਦੀ ਕੈਦ ਵਿਚ ਕਦੇ ਨਹੀਂ ਰਹਿੰਦੀ, ਮੌਜ ਦੀ ਮਾਲਕ ਏ।

ਏਕ ਸਮੇਂ ਬਿਰਧ ਹੋਏ (ਕੰਦੋਵਾਲੀ) ਤੇ ਮਾਨੋਂ ਸਮੇਤ ਊਠ ਤੇ ਆ ਰਹੇ ਸੀ। ਮਾਨੋਂ ਟੂੰਬਾ ਬੜੀਆਂ ਪਹਿਰ ਕੇ ਰਖਦੀ ਸੀ। ਰਾਹੇ ਚੋਰਾਂ ਦੇਖ ਊਠ ਫੜ ਬਹਾ ਕਿਹਾ, ਟੂੰਬਾ ਲਾਹ ਦਿਓ ? ਫਤੇ ਸਿੰਘ ਕਿਹਾ, ਬਿਰਧ ਹਾਂ ਨੇੜੇ ਹੋ ਆਪੇ ਲਾਹ ਲਵੋ। ਲਾਹੁਣ ਲਗਿਆਂ ਚੋਰਾਂ ਦੂਹਾਂ ਨੂੰ ਪਟਿਆਂ ਤੋਂ ਫੜ ਊਠ ਉਠਾ ਦਿੱਤਾ। ਉਹ ਲਮਕਦੇ ਦੋ ਕੋਹ ਵਲਟੋਹੇ ਤਕ ਆਏ ਤੇ ਪਿੰਡ ਨੂੰ ਦਖਾਏ, ਸਵੇਰੇ ਪ੍ਰਸਾਦ ਛਕਾਏ, ਕੰਨਾਂ ਨੂੰ ਹੱਥ ਲਵਾਏ ਮੰਦੇ ਕਰਮ ਤੋਂ, ਚੋਰਾਂ ਨੂੰ ਛਡਿਓ ਨੇ।

'ਮਾਨੋਂ' ਜਿਸ ਨੂੰ, ਪ੍ਰੇਮ ਸਿੰਘ ਕਹਿ ਕੇ ਫਤੇ ਸਿੰਘ ਜੀ ਸੱਦਦੇ ਸੀ, ਤੇ ਇਹ ਤੈਰੋ ਕਹਿਕੇ ਫਤੇ ਸਿੰਘ ਹੋਰਾਂ ਨੂੰ ਸਦਾ ਬੁਲੌਂਦੀ ਸੀ। ਫਤੇ ਸਿੰਘ ਜੀ ਏਸ ਨੂੰ ਮੋਢਿਆਂ ਤੇ ਚੁੱਕੀ, ਬਾਹਰ ਖੇਤਾਂ, ਮੇਲਿਆਂ, ਤੇ ਲੈ ਜਾਂਦੇ ਸੀ। ਜੇ ਕੋਈ ਪੁੱਛਦਾ, ਇਹ ਕੀ ਗੱਲ ਏ ਤਾਂ ਕਹਿੰਦੇ, ਸਤਿਗੁਰੂ ਜੀ ਦੇ ਹੁਕਮ ਦੀ ਕਾਰ ਏ।

'ਮਾਨੋਂ', ਵਿਹਾਰ ਕਰਦਿਆਂ ਨੂੰ ਵਿਚੋ ਛੁਡਾ ਦੇਂਦੀ। ਪੁੱਛ ਕੇ ਇਹ ਵਿਹਾਰ ਲਗਦੇ ਉਸ ਤੋਂ, ਇਹ ਮਾਨੋਂ, ਸੁਭਾ ਦੀ ਬਹੁਤ ਕਰੜੀ ਸੀ। ਪੁਲਸ ਦੀ ਚੌਕੀ, ਵਲਟੋਹੇ ਦੀ, ਇਹਨਾਂ ਦੇ ਘਰ ਦੇ ਨੇੜੇ ਸੀ। ਜੇ ਕਿਤੇ ਫਤੇ ਸਿੰਘ ਜੀ ਜਾਂਦੇ, ਤਾਂ ਸਿਪਾਹੀ ਨੂੰ ਘਰ, ਡਿਉੜੀ ਵਿਚ ਸਵਾ ਜਾਂਦੇ ਰਾਤ। ਏਕ ਸਮੇਂ ਸਿਪਾਹੀ ਸਿਗਰਟ ਪੀਤੀ ਤੇ ਸਹੀਦਾਂ ਕੁਟਿਆਂ ਉਸ (ਪ੍ਰੇਮ ਸਿੰਘ) ਭਾਵ ਮਾਨੋਂ ਨੂੰ ਦੱਸਿਆ, ਤਾਂ ਉਸ ਕਿਹਾ, ਕੁੱਤਿਆ ! ਤੂੰ ਤਮਾਕੂ ਪੀਤਾ ਹੋਣਾ ਏਂ। ਇਹ ਕਹਿ ਝਿੜਕ ਕੱਢ ਦਿੱਤਾ ਸੀ।

ਫਤੇ ਸਿੰਘ ਜੀ, ਜਿਵੇਂ ਗੁਰਵਾਕ ਏ :–

"ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ ॥"

ਅਰਥਾਤ ਵੱਸ ਹੋਇਆ ਖਸਮ, ਸੇਵਕ ਦਾ ਸੇਵਕ ਹੋਇਕੇ ਵਰਤਦਾ ਏ ਤੇ ਬੇਨਤੀ ਕਰ ਕਰ ਕੇ ਹੀ ਬੁਲਾਉਂਦਾ ਏ। ਤਿਵੇਂ ਗੁਰੂ ਹਰੀ ਸਿੰਘ ਜੀ ਦਾ ਬਚਨ ਮੰਨ ਆਪਣੀ ਪਤਨੀ ਦੇ ਸੇਵਕ ਹੋਏ ਵਰਤਦੇ ਸੀ। ਤੇ ਚੁੱਕੀ ਲੈ ਕਿਧਰੇ ਜਾਂਦੇ ਸੀ। ਸਤਿਗੁਰੂ ਪਰਤਾਪ ਸਿੰਘ ਜੀ ਬਚਨ ਕੀਤਾ ਕਰਦੇ ਸੀ। ਜੋ ਫਤੇ ਸਿੰਘ ਜਿਹਾ ਬਲੀ ਹੋਣਾ ਦੁਰਲੱਭ ਹੈ, ਤਾਂ ਐਸਾ ਗੁਰੂ ਕੇ ਹੁਕਮ ਦੀ ਵਰਤੋਂ ਕਰਨ ਵਾਲਾ ਭੀ ਵਿਰਲਾ ਹੀ ਲੱਭ ਸਕਦੈ।

ਬਾਬੇ ਫਤੇ ਸਿੰਘ ਜੀ ਦਾ ਪੁੱਤ੍ਰ ਅਮਰ ਸਿੰਘ ਤੇ ਪੋਤ੍ਰਾ ਕਿਸ਼ਨ ਸਿੰਘ ਹੋਏ। ਇਹ ਪ੍ਰਵਾਰ ਹੁਣ ਬਟਵਾਰੇ ਬਾਅਦ, ਸਰਸਿਉਂ ਹਿਸਾਰ ਵਲ ੧੨ ਮੀਲਾਂ ਤੇ ਮੌਜੂ-ਖੇੜੇ ਰਹਿੰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਜਿਵੇਂ ਸਾਧ ਸੰਗਤ ਬਹੁਤ ਵਲਟੋਹੇ ਪੁੱਜੀ ਸੀ। ਸਤਿਗੁਰੂ ਜੀ ਭੀ ਪ੍ਰਵਾਰ ਸਮੇਤ ਭਾਈਆਂ, ਮਾਂਈਆਂ ਤੇ ਮਾਤਾ ਭੁਪਿੰਦਰ ਕੌਰ ਜੀ ਨੇ ਦਰਸ਼ਨ ਦਿੱਤੇ ਸੀ। ਸਾਧ ਸੰਗਤ ਵਲੋਂ ਬਹੁਤ ਪਾਠਾਂ ਦੇ ਭੋਗ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਪਏ।

## ੧੯੭੨ ਬਿਕ੍ਰਮੀ

ਮੈਂ ਉਸ ਸਤਿ ਰਾਮ ਦੀ ਲਗਨ ਵੱਲ ਲੱਗ, ਜਿਸ ਦੀ ਲਗਨ ਬਿਨਾਂ ਹੋਰ ਸਭ ਧੰਦਾ ਝੂਠਾ ਕਿਹਾ ਹੈ। ਉਸ ਸਤਿ ਦੀ ਪ੍ਰਾਪਤੀ ਦੇ ਸੋਮੇ ਸਤਿਗੁਰੂ ਜੀ ਦਾ ਧਿਆਨ ਧਾਰ, ਉਸ ਦਾ ਪਿਆਰ ਅੰਦਰ ਲੈ, ਉਸ ਦੇ ਇਤਿਹਾਸ ਦਾ ਅਗਲਾ ਸਾਲ ਅਰੰਭਦਾ ਹਾਂ। ਤੇ ਉਸ ਤੋਂ ਮੰਗਦਾ ਹਾਂ :—

ਸਤਿਨਾਮ ਸਤਿਗੁਰੂ ਕੋ ਜੋ ਜਨ ਸਦਾ ਧਿਆਇ ॥
ਮੁਕਤ ਜੁਗਤ ਅਰ ਭੁਗਤ ਕੀ ਕਮੀ ਨ ਰਹੇ ਤਿਸ ਕਾਇ ॥

ਦਾ ਮੈਂ ਜਾਚਕ ਹੋ, ਜੁਗਤਿ ਸਤਿਗੁਰ ਕੇ ਬਚਨ ਲਿਖਣ ਦੀ ਮੰਗਦਾ ਹਾਂ। ਕਿਉਂਕਿ ਮੁਕਤੀ ਦੀ ਮੈਨੂੰ ਲੋੜ ਨਹੀਂ, ਭੁਗਤਿ ਭੀ ਬਹੁਤ ਹੈ। ਜੁਗਤਿ ਦੀ, ਸਤਿਗੁਰੂ ਜੀ ਹੀ ਮਿਹਰ ਕਰਦੇ ਹਨ ਤਾਂ ਮਿਲਦੀ ਹੈ, ਨਹੀਂ ਤੇ ਜੁਗਤ ਬਿਨਾਂ ਸਭ ਕੁਝ ਐਵੇਂ ਹੀ ਚਲਾ ਜਾਂਦਾ ਹੈ।

ਆਸਾ ਮਹਲਾ ੧ ॥
ਸਚੀ ਤੇਰੀ ਕਾਰ ਦੇਹਿ ਦਇਆਲ ਤੂੰ ॥
ਹਉ ਜੀਵਾ ਤੁਧੁ ਸਲਾਹਿ ਮੈ ਟੇਕ ਅਧਾਰੁ ਤੂੰ ॥

ਗੁਰਵਾਕ ਹੀ ਮੰਗਲ ਕਰਦਾ ਹਾਂ, ਤੇ ਅਰਜ ਕਰਦਾ ਹਾਂ ਮੇਰਾ ਅਧਾਰ ਇਹ ਸਚੀ ਸਿਫਤ ਹੀ ਬਣੀ ਰਹੇ।

ਮਾਤਾ ਭੁਪਿੰਦਰ ਕੌਰ ਜੀ, ਜਿਵੇਂ ਆਪਣੇ ਅਨੰਦ ਦੇ ਸਮਾਗਮ ਮੇਲੇ ਵਿਚ ਸੇਵਾ ਕਰਦੇ ਰਹੇ ਸੀ, ਤਿਵੇਂ ਹੀ ਭੈਣੀ ਸਾਹਿਬ ਆ, ਇਕ ਦਿਨ ਭੀ, ਬਹੁ ਚਣ ਨਾ ਬੈਠੇ ਸੀ। ਅੰਮ੍ਰਿਤ ਵੇਲੇ ਮਾਤਾ ਜਿਊਣ ਕੌਰ ਜੀ ਸਾਥ, ਜਲ ਦਾ ਗੜਵਾ ਲੈ, ਜੰਗਲ ਹੋ, ਦਾਤਨ ਕਰ, ਦੋ ਵਾਰ ਗੜਵਾ ਮਾਂਜ, ਹੱਥ ਪੈਰ ਮਾਂਜ ਖੂਹ ਵਿਚੋਂ ਜਲ ਖਿੱਚ, ਮਾਤਾ ਜੀ ਦਾ ਆਪ ਇਸ਼ਨਾਨ ਕਰਾਇਆ ਕਰਦੇ। ਤੇ ਭਜਨ ਬਾਣੀ ਦਾ ਨਿਤਨੇਮ ਕਰ, ਜਲ ਛਕ, ਲੰਗਰ ਦੇ ਭਾਂਡੇ ਮਾਂਜਣੇ ਸ਼ੁਰੂ ਕਰਦੇ। ਅੰਦਰਲੇ ਲੰਗਰ ਵਿਚ ਜਾ, ਲੋਹ ਲੱਗੀ ਨੂੰ ਨਮਸਕਾਰ ਕਰਦੇ। ਜਦ ਕੁਝ ਦਿਨ ਸਤਿਗੁਰੂ ਜੀ ਨਹਿਰ ਤੇ ਜਾਂਦੇ ਤਾਂ ਆਪ ਭੀ ਨਹਿਰ ਤੇ ਜਾ ਠਹਿਰਦੇ। ਖੂਹੀ ਤੇ ਚੁਬਾਰੇ ਦਾ ਉਥੇ ਭੀ ਸੁੱਖ ਬਣਿਆ ਹੋਇਆ ਸੀ।

## ਮਾਈ ਦਿਆਲਾਂ

ਮਾਤਾ ਜੀ ਦੀ ਸੇਵਕ, ਮਾਈ ਦਿਆਲਾਂ, ਵਰਨਾਂ ਵਾਲੀ ਲੱਗੀ, ਜੋ ਸਮੇਤ ਪ੍ਰਵਾਰ, ਖਾਸ ਵਿਚ ਰਹਿੰਦੀ ਸੀ। ਜਿਸ ਦਾ ਪੁੱਤ੍ਰ ਸੰਤ ਸਿੰਘ ਰੰਗਾ ਡਰੈਵਰ ਸੀ, ਪੋਤ੍ਰਾ ਹੁਣ ਸੰਤ ਨਗਰ ਵਸਦਾ ਸ਼ੇਰ ਸਿੰਘ,

Sri Satguru Jagjit Singh Ji Elibrary NamdhariElibrary@gmail.com

ਗੁਰੂ ਕੇ ਘੋੜਿਆ ਦਾ ਅਸਵਾਰ, ਤੇ ਦੇਖ-ਭਾਲ ਦਾ ਮੁਖਤਾਰ ਏ ਜੀਵਨ ਨਗਰ। ਸੰਤ ਸਿੰਘ ਕੁਝ ਚਿਰ ਗੁਰੂ ਜੀ ਕਾਰ ਦੀ ਡਰੇਵਰੀ ਤੇ ਹੋਰ ਸੇਵਾ ਕਰ ਚੜ੍ਹ ਗਿਆ ਹੋਇਆ ਹੈ।

ਸਤਿਗੁਰੂ ਜੀ ਦੇ ਹੁਕਮ, ਆਗਿਆ ਅਨੁਸਾਰ, ਸੰਤ ਉਤਮ ਸਿੰਘ ਜੀ (ਗੁਰ ਧੀਰ) (ਕਾਲੋਕਿਆਂ ਜ਼ਿਲ੍ਹਾ ਸ਼ੇਖੂਪੁਰਾ ਵਾਲਿਆਂ) ਦੀ ਭੈਣ ਈਸਰ ਕੌਰ, ਭੀ ਕਦੇ ਕਦੇ ਮਾਤਾ ਭੂਪਿੰਦਰ ਕੌਰ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦੀ। ਇਹ ਈਸਰ ਕੌਰ, ਬੜੇ ਸਾਦੇ ਤੇ ਉਦਮੀ ਸੁਭਾ ਵਾਲੀ ਸੀ। ਸੰਤ ਆਲਾ ਸਿੰਘ ਜੀ ਦੇ ਜਥੇ ਨਾਲ ਰਹਿੰਦੇ ਭੈਣ ਭਰਾ ਇਹ ਸਾਧਾਂ ਦੇ ਬਸਤ੍ਰ ਟੁੱਟੇ, ਉਧੜੇ, ਸੂਈ ਨਾਲ ਹਥੀਂ ਸਿਊਂਦੀ, ਤੇ ਸ਼ਬਦ ਕੀਰਤਨ ਰਲ ਸਾਧਾਂ ਨਾਲ ਕਰਦੀ ਸੀ। ਬੜੀ ਨਿਰਮਲ ਸੁਭਾਵੀ ਸੀ।

ਸਤਿਗੁਰੂ ਜੀ ਨਿਮਾਣੀ ਦਾ ਮੇਲਾ ਤੇ ਆਪਣਾ ਸਦਾ ਦਾ ਚਾਹਲੀਆ ਨੇਮ, ਸੌਣ ਭਾਦਰੋਂ ਦਾ ਨਹਿਰ ਤੇ ਕਰ, ਸੰਤਾਂ ਸਾਧਾਂ ਨੂੰ ਸਾਥ ਰੱਖ, ਹੰਨੇ ਗਿੱਲਾਂ ਦੇ ਨੂੰ ਘੋੜਿਆਂ ਦਾ ਦੌਰਾ ਲੈ, ਕੁਝ ਸ਼ਬਦੀ ਸੰਤ ਅਤਰ ਸਿੰਘ ਜੀ ਸੰਘੜਿਆਲੀਏ, ਜੈ ਸਿੰਘ ਜੀ ਜਿਸ ਨੂੰ ਮੌਲੀ ਭੀ ਆਖਦੇ ਸੀ। ਕਾਲੂ, ਮੱਤੂ, ਸੋਹਣਾ ਰਾਗੀ ਤੇ ਲਾਭ ਸਿੰਘ ਢਾਡੀ ਆਦਿ ਸਮੇਤ, ਬੜੀ ਸਜ ਧੱਜ ਨਾਲ ਟੁਰੇ। ਗੁਰੂਸਰ ਗਏ। ਏਥੋਂ ਵੀਹ ਮੀਲ ਚੰਗਾਲੇ ਫਾਜ਼ਿਲਕੇ ਗਏ, ਇਥੇ ਇਕ ਸਾਧ ਮੇਲੀ ਦੇ ਡੇਰੇ ਰਾਤ ਰਹੇ। ਲੰਗਰ ਕੀਤਾ ਤੇ ਅਗੋਂ ੨੦ ਮੀਲ ਭੇਡ-ਵਾਲੀ ਪੁੱਜਣ ਦਾ ਪੜਾ ਸੀ, ਫੇਰ ਨੀਲਿਆਂ ਵਾਲੀ, ਜਲਾਲ ਘੁੱਦਾ, ਕਕਾਰੀ ਭੀ ਦੌਰੇ ਦੇ ਦਿਨ ਮਿੱਥ, ਪਤੇ ਦਿੱਤੇ ਹੋਏ ਸੀ। ਇਹਨਾਂ ਦੀ ਜੁਗਤ ਸਦਾ ਇਸ ਤਰ੍ਹਾਂ ਚਲਦੀ ਸੀ। ਸਿੱਖ ਅਰਜ਼ਾਂ ਕਰ, ਮੇਲੇ ਤੇ ਦੌਰਾ, ਮੇਲਿਆਂ ਵਡਿਆਂ ਤੇ ਮੰਗਦੇ ਸੀ। ਸਤਿਗੁਰੂ ਜੀ ਸਮਾਂ ਸੋਚ, ਦਿਨ ਮਿੱਥ, ਸਭ ਨੂੰ ਸਿੱਖ ਭੇਜ ਪਤਾ ਦੇਂਦੇ ਸੀ। ਇਸੇ ਜੁਗਤ ਇਹ ਦੌਰਾ ਤੁਰਿਆ ਸੀ।

## ਦੌਰਾ ਰੋਕਿਆ

ਨੀਲਿਆਂ ਵਾਲੀ ਦੇ ਗੁਰਮੁਖ ਸਿੰਘ ਜ਼ੈਲਦਾਰ, ਇਸ ਦੌਰੇ ਦਾ ਪ੍ਰੋਗਰਾਮ ਸੁਣ, ਥਾਣੇਦਾਰ ਨਾਲ ਮਰਜ਼ੀ ਮੇਲ, ਕੁਝ ਉਪਰੋਂ ਅਖਤਿਆਰ ਲੈ, ਦੌਰੇ ਵਾਲੇ ਨਗਰਾਂ ਵਿਚ ਸਿਪਾਹੀ ਭਿਜਵਾ ਕਹਾ ਦਿੱਤਾ, ਕਿ ਕੋਈ ਦੌਰੇ ਗੁਰੂ ਦੇ ਦੀ ਉਡੀਕ ਨ ਰੱਖੇ। ਜੇ ਆ ਹੀ ਜਾਣ ਤਾਂ ਆਗਤ-ਭਾਗਤ ਸੇਵਾ ਕੋਈ ਨ ਕਰੇ, ਅਮਰੂ ਦੇ ਟੇਸ਼ਨ ਤੇ ਫੱਟਾ ਲਵਾ ਦਿੱਤਾ ਕਿ ਭੈਣੀ ਸਾਹਿਬ ਵਾਲੇ ਗੁਰੂ ਦਾ ਦੌਰਾ ਏਦੂੰ ਅਗੇ ਨਹੀਂ ਜਾ ਸਕਦਾ। ਸਤਿਗੁਰੂ ਜੀ ਨੂੰ ਇਹ ਪਤਾ, ਭੇਡ-ਵਾਲੀ ਦੇ ਸਿੱਖਾਂ ਚੰਗਾਲੇ ਫਾਜ਼ਿਲਕੇ ਹੀ ਆ ਦੱਸਿਆ।

ਗੱਲ ਅਸਲ ਇਹ ਸੀ ਕਿ ਗੁਰਮੁਖ ਸਿੰਘ ਇਹ ਝੂਠਾ ਰੌਲਾ ਪਾ, ਗੁਰੂ ਜੀ ਨਾਲ ਸੈਂਕੜੇ ਸਿੱਖ ਹਨ, ਅਮਨ ਭੰਗ ਹੋਣ ਦਾ ਡਰ ਹੈ, ਕੁਝ ਹਾਕਮਾਂ ਆਪਣੇ ਮੇਲੀਆਂ ਨੂੰ ਕਹਿ, ਉਹ ਪੁਰਾਣੀ ਕਿੜ ਸੌਦਾ ਸਿੰਘ ਗੁਰੂਸਰ ਵਾਲੇ ਦੀ ਸਲਾਹ ਦੀ ਕਢਣੀ ਚਾਹੁੰਦਾ ਸੀ, ਤੇ ਚਾਹੁੰਦਾ ਸੀ ਮੇਰੇ ਪਿੰਡ ਮੇਰੇ ਪੁੱਤਰ ਦੀ ਮੰਗ ਵਿਆਹੁਣ ਵਾਲਾ, ਮੇਰੇ ਜਿਊਂਦਿਆਂ ਨ ਵੜੇ। ਜਬਾਨੀ ਰੌਲਾ ਪਾ ਰੋਕ ਕੀਤੀ ਸੀ।

ਸਤਿਗੁਰੂ ਜੀ ਚੰਗਾਲੇ ਫਾਜ਼ਿਲਕੇ ਤੋਂ ਹੀ ਅਰੂੜ ਸਿੰਘ ਬਲ੍ਹਆਣੀਏਂ ਨੂੰ ਘੋੜੇ ਤੇ ਚਾੜ੍ਹ, ਰਾਤੋ ਰਾਤ ਹਰਨਾਮ ਸਿੰਘ ਘੁੱਦਾਂ ਵਾਲੇ ਨੂੰ ਕਹਿ ਭੇਜਿਆ ਕਿ ਗੁਰਮੁਖ ਸਿੰਘ ਦੌਰਾ ਰੋਕਿਆ ਹੈ। ਅਸਾਂ ਸਾਧਾਂ ਦੇ ਮੇਲਿਆਂ, ਤੇ ਨਗਰਾਂ ਦੇ ਦਿਨ ਮਿਥੇ ਹੋਏ ਹਨ। ਦੌਰਾ ਜ਼ਰੂਰ ਕਰਨਾ ਹੈ। ਤੂੰ ਆ ਸਾਂਝਾ ਕਰੀਏ।

Sri Satguru Jagjit Singh Ji Elibrary NamdhariElibrary@gmail.com

ਹਰਨਾਮ ਸਿੰਘ ਘੁੰਦਾ ਤੇ ਹੋਰ ਦੋ ਜਵਾਨ ਸਾਥੀ ਨਾਲ ਲੈ, ਬੰਦੂਕ ਮੋਢੇ ਤੇ ਪਾ, ਊਠ ਤੇ ਚੜ੍ਹ, ਦਿਨ ਚੜ੍ਹਦੇ ਨੂੰ ਭੋਏ ਵਾਲੀ ਮੰਡੀ ਪੁੱਜ ਗਿਆ। ਇਹ ਦੌਰਾ ਰੁਕੇ ਦੀ ਖਬਰ ਸੁਣ, ਨੀਲਿਆਂ ਵਾਲੀ ਦੇ ਦਰਬਾਰਾ ਸਿੰਘ, ਹਜਾਰਾ ਸਿੰਘ ਤੇ ਸਰਦਾਰਾ ਸਿੰਘ ਭੀ ਭੋਏ ਵਾਲੀ ਦਿਨ ਚੜ੍ਹਦੇ ਨੂੰ ਆਪੂੰ ਪੁੱਜ ਗਏ ਸੀ। ਸਭ ਨੇ ਮਿਲ ਟੇਸ਼ਨ ਤੇ ਜਾ ਪੱਕਾ ਪਤਾ ਕੀਤਾ। ਘੁੰਦਾਂ, ਰਿਆਸਤ ਬਹਾਵਲਪੁਰ ਵਿਚ ਹੋਣ ਕਰ, ਹਰਨਾਮ ਸਿੰਘ ਭੀ ਚੰਗਾ ਰਸੂਖ ਤੇ ਪ੍ਰਤਾਪ ਰਖਦਾ ਸੀ। ਭਾਵੇਂ ਗੁਰਮੁਖ ਸਿੰਘ ਭੀ ਆਪਣੇ ਥਾਂ ਕੁਝ ਬਣਿਆ ਫਿਰਦਾ ਸੀ। ਹਰਨਾਮ ਸਿੰਘ ਤੇ ਗੁਰਮੁਖ ਸਿੰਘ ਦਾ ਬਜਾਰ ਵਿਚ ਟਕਰਾ ਹੋ ਗਿਆ। ਹਰਨਾਮ ਸਿੰਘ ਕਿਹਾ, ਤੂੰ ਮੰਦਾ ਕੀਤਾ ਹੈ, ਜੋ ਦੌਰਾ ਰੋਕਿਆ ਹੈ। ਗੁਰਮੁਖ ਸਿੰਘ ਕਿਹਾ, ਤੁਸੀਂ ਪੁੱਜਦੇ ਹੋ ਤਾਂ ਰੋਕ ਹਟਾ ਲਵੋ। ਹਰਨਾਮ ਸਿੰਘ ਕਿਹਾ, ਜੇ ਮੇਰੇ ਗੁਰੂ ਦੀ ਮਿਹਰ ਰਹੀ, ਤਾਂ ਤੇਰੇ ਬਾਰ ਮੂਹਰੇ ਦੀਵਾਨ ਲਾਵਾਂਗੇ।

ਹਰਨਾਮ ਸਿੰਘ ਸਤਿਗੁਰੂ ਜੀ ਨੂੰ ਫਾਜਿਲਕੇ ਹੀ ਜਾ ਮਿਲਿਆ। ਕਿਹਾ, ਤੁਸੀਂ ਦਿੱਤੇ ਦਿਨਾਂ ਤੇ ਦੌਰਾ ਕਰੋ, ਮੈਂ ਰੋਕ ਹਟਾਣ ਵੱਲ ਲਗਦਾ ਹਾਂ। ਸਤਿਗੁਰੂ ਜੀ ਕਿਹਾ, ਵਿਰੋਧੀ ਨੂੰ ਆਪਣੇ ਤੇ ਵਾਰ ਕਰਨ ਦਾ ਮੌਕਾ ਭੀ ਨ ਦੇਣਾ, ਵੱਡੀ ਸਿਆਣਪ ਏ। ਤੂੰ ਕਾਹਲ ਨਾ ਕਰ ਜਿਵੇਂ ਕਹਿੰਦੇ ਹਾਂ ਕੰਮ ਕਰ। ਸਤਿਗੁਰੂ ਜੀ ਹੀਰਾ ਸਿੰਘ ਜੀ ਟਿੱਕਾ ਨੂੰ ਨਾਲ ਦਿੱਤਾ ਤੇ ਹਰਨਾਮ ਸਿੰਘ ਨੂੰ ਕਿਹਾ, ਤੂੰ ਬਹਾਵਲਪੁਰ ਜਾਹ ਤੇ ਸ਼ਾਹ ਨਿਵਾਜ਼ ਡਿਪਟੀ ਨੂੰ ਮਿਲ, ਉਹ ਸਾਡਾ ਰੋਸਾਂ ਵਿਚ ਦਾ ਵਾਕਫ ਏ, ਤੇਰੀ ਮਦਦ ਕਰੇਗਾ ਤੇ ਤੁਰਤ ਕੰਮ ਹੋਣ ਦਾ ਰਾਹ ਭੀ ਦਸੇਗਾ।

ਹਰਨਾਮ ਸਿੰਘ ਤੇ ਹੀਰਾ ਸਿੰਘ ਬਹਾਵਲਪੁਰ ਜਾ ਸ਼ਾਹ ਨਿਵਾਜ਼ ਡਿਪਟੀ ਨੂੰ ਮਿਲੇ। ਸਭ ਵਾਰਤਾ ਦੱਸੀ। ਉਸ ਕਿਹਾ, ਤੂੰ ਫ਼ਿਕਰ ਨਾ। ਇਕ ਦਰਖਾਸਤ ਵਜ਼ੀਰ ਨੂੰ, ਇਕ ਨਵਾਬ ਨੂੰ ਤੇ ਇਕ ਮੇਰੇ ਅਰੋ ਲਿਖ ਦੇ, ਦੌਰਾ ਤੁਰਤ ਹੀ ਖੁਲ੍ਹਣ ਦੀ ਛੁੱਟੀ ਮਿਲ ਜਾਵੇਗੀ। ਜੇ ਕੋਈ ਕਵ੍ਹੇ, ਕੋਈ ਦੰਗਾ ਨਾ ਹੋਵੇ, ਤੂੰ ਜਮਾਨਤ ਦੇ, ਤਾਂ ਕਹਿ ਦੇਵੀਂ, ਮੈਂ ਜਿਤਨੀ ਕਵ੍ਹੇ ਜ਼ਮਾਨਤ ਦੇਂਦਾ ਹਾਂ। ਹਰਨਾਮ ਸਿੰਘ ਤੁਰਤ ਉਵੇਂ ਕੀਤਾ। ਵਜ਼ੀਰ ਤੇ ਮੁਹੰਮਦ ਸਾਦਕ ਨਵਾਬ (ਰਿਆਸਤ ਦੇ ਮਾਲਕ) ਨੂੰ ਦਰਖਾਸਤ ਲੈ ਮਿਲਿਆ। ਉਹਨਾਂ ਕਿਹਾ, ਫਸਾਦ ਨ ਹੋਵੇਗਾ, ਜਮਾਨਤ ਦੇਹ। ਤਾਂ ਕਿਹੋ ਸੁ ੮੫੦ ਘੁਮਾਂ ਮੇਰੀ ਮਾਲਕੀ ਹੈ, ਲਿਖ ਲਵੋ। ਪਰ ਗੁਰਮੁਖ ਸਿੰਘ ਪੰਦਰਾਂ ਦਿਨ ਅੰਦਰ ਰਵ੍ਹੇ। ਉਹਨਾਂ ਡਿਪਟੀ ਸ਼ਾਹ ਨਿਵਾਜ ਵਲ ਇਹੋ ਹੁਕਮ ਲਿਖ ਦਿੱਤਾ ਤੇ ਡਿਪਟੀ ਥਾਣੇਦਾਰ ਵੱਲ ਰੁੱਕਾ ਲਿਖ ਭੇਜਿਆ ਕਿ ਗੁਰਮੁਖ ਸਿੰਘ ਨੀਲਿਆਂ ਵਾਲੀ ੧੫ ਦਿਨ ਅੰਦਰ ਹੀ ਰਵ੍ਹੇ, ਜਿਥਰ ਗੁਰੂ ਕਾ ਦੌਰਾ ਏਧਰ ਰਹਿਣਾ ਹੈ।

ਡਿਪਟੀ ਸ਼ਾਹ ਨਿਵਾਜ, ਇਹ ਹੁਕਮ ਤੇ ਰੁੱਕਾ ਸਿਪਾਹੀ ਹੱਥ ਦੇ, ਹਰਨਾਮ ਸਿੰਘ ਨਾਲ ਭੋਏ ਵਾਲੀ ਭੇਜ ਦਿੱਤਾ ਥਾਣੇਦਾਰ ਵੱਲ। ਥਾਣੇਦਾਰ ਰੁੱਕਾ ਤੇ ਹੁਕਮ ਦੇਖ, ਗੁਰਮੁਖ ਸਿੰਘ ਤੇ ਉਸ ਦੇ ਭਾਈ ਨੂੰ ਥਾਣੇ ਵਿਚ ਹੀ ਆਇਆਂ ਨੂੰ, ਉਪਰੋਂ ਹੁਕਮ ਆਇਆ ਦੱਸ, ਅੰਦਰ ਤੌੜ ਲਿਆ। ਹਰਨਾਮ ਸਿੰਘ ਸਤਿਗੁਰੂ ਜੀ ਨੂੰ ਝੱਟ ਝੱਟ ਦਾ ਪਤਾ ਦੇਂਦਾ ਸੀ, ਉਸ ਆਖ ਭੇਜਿਆ ਸੀ ਡਿਪਟੀ ਮਿਲ ਗਿਆ ਹੈ ਤੇ ਕੰਮ ਤੁਰਤ ਹੋ ਜਾਣ ਦੀ ਆਸ ਹੈ। ਆਪ ਦੌਰਾ ਨਾ ਰੋਕੋ। ਦੌਰੇ ਦੇ ਲਿਖੇ ਦਿਨਾਂ ਤੇ ਪੁਜੇ।

Sri Satguru Jagjit Singh Ji Elibrary NamdhariElibrary@gmail.com

## ਰਾਮ ਕੌਰ ਦੀ ਦਲੇਰੀ

ਸਤਿਗੁਰੂ ਜੀ, ਆਪਣੇ ਲਿਖੇ ਤੇ ਬਣਾਏ ਪ੍ਰੋਗਰਾਮ ਅਨੁਸਾਰ ਲਾਗਰੀ ਸਿੱਖ ਭੇਡ-ਵਾਲੀ ਭੇਜੇ ਤੇ ਆਪ ਹੋਰ ਨਗਰਾਂ ਵਿਚੋਂ ਚਰਨ ਪਾਂਦੇ ਆਉਣ ਦਾ ਹੁਕਮ ਭੇਜਿਆ।

ਭੇਡ-ਵਾਲੀ ਸਿਪਾਹੀਆਂ ਜਾ ਕਿਹਾ, ਕੋਈ ਦੌਰਾ ਨ ਏਥੇ ਥੰਮੇ, ਜੇ ਕਿਸੇ ਇਹ ਸਾਡਾ ਕਿਹਾ ਉਲਟਿਆ ਤਾਂ ਤਕਲੀਫ ਦੇਵਾਂਗੇ। ਜੈਤਾ ਸਿੰਘ, ਜਿਸ ਅਰਜ ਕਰ ਦੌਰਾ ਮੰਗਿਆ ਹੋਇਆ ਸੀ। ਭਾਈ ਨਰੈਣ ਸਿੰਘ, ਦੂਲਾ ਸਿੰਘ, ਪ੍ਰਤਾਪ ਸਿੰਘ ਤੇ ਭਤੀਜੇ ਇੰਦਰ ਸਿੰਘ ਦੀ ਸਲਾਹੇ ਲਗ ਡਰ ਗਿਆ। ਦੌਰੇ ਦੇ ਆਏ ਲਾਂਗਰੀਆਂ ਨੂੰ ਥੰਮੇ ਨਾ। ਕਿਉਂਕਿ ਉਪਰੋਂ ਦੌਰਾ ਖੁਲ੍ਹ ਗਏ ਦਾ ਹੁਕਮ ਅਜੇ ਉਸ ਨੂੰ ਕਿਸੇ ਨ ਦੱਸਿਆ ਸੀ ਤੇ ਇਹ ਆਪ ਕਮਜੋਰ ਦਿਲਾ ਸੀ।

ਜੈਤਾ ਸਿੰਘ ਦੇ ਘਰ ਵਾਲੀ ਰਾਮ ਕੌਰ ਲਾਂਗਰੀਆਂ ਨੂੰ ਠੇਲ-ਮਠੇਲਾ ਹੋਇਆ ਦੇਖ ਕਿਹਾ, ਮੈਂ ਸਮਝ ਗਈ ਆਂ, ਮੁੰਡਿਆਂ ਦਾ ਪਿਉ ਪੁਲਸ ਦੇ ਦਾਬੇ ਤੋਂ ਡਰ ਗਿਆ ਹੈ। ਪਰ ਮੈਂ ਤੁਹਾਨੂੰ ਸਭ ਰਸਤ ਦੇਂਦੀ ਹਾਂ, ਤੁਸੀਂ ਲੋਹ ਰੱਖੋ, ਚੁੱਲ੍ਹੇ ਪੁਟੋ, ਭਾਂਡੇ ਦੇਂਦੀ ਹਾਂ ਤੇ ਕਹਿੰਦੀ ਹਾਂ, ਕੌਣ ਹੈ ਮੇਰੇ ਸਤਿਗੁਰੂ ਵੱਡੇ ਪ੍ਰਤਾਪ ਵਾਲੇ ਦਾ ਦੌਰਾ ਰੋਕਣ ਵਾਲਾ। ਤੁਸੀਂ ਲੰਗਰ ਦੀ ਸਭ ਤਿਆਰੀ ਕਰੋ। ਅੰਦਰੋਂ ਕੱਢ ਦਾਤ੍ਰੀਆਂ ਸਾਧਾਂ ਨੂੰ ਦਿੱਤੀਆਂ ਤੇ ਕਿਹਾ, ਤੁਸੀਂ ਆਪ ਸਾਡੇ ਖੇਤਾਂ ਵਿਚੋਂ ਜਾ ਪੱਠੇ ਵੱਢੋ, ਗੁਰੂ ਕੇ ਘੋੜਿਆਂ, ਊਠਾਂ ਵਾਸਤੇ। ਕਢੋ, ਵੇਖੋ ਜੀ ਅੱਜ ਸਾਡੇ ਗੁਰੂ ਜੀ ਦਾ ਦੌਰਾ ਜਿਹੜੇ ਰੋਕ ਰਖਣਗੇ, ਕੱਲ੍ਹ ਨੂੰ ਸਾਨੂੰ ਕਿਥੇ ਰਹਿਣ ਦੇਣਗੇ। ਉਹ ਵੇਲੇ ਲੰਘ ਗਏ ਜਦ ਦਾਬੇ ਅਸੀਂ ਜਰਦੇ ਸਾਂ, ਹੁਣ ਨਹੀਂ ਜਰਦੇ।

ਮਾਈ ਰਾਮ ਕੌਰ, ਅੰਦਰੋਂ ਕੱਢ ਕੱਢ ਰਸਤ, ਮੰਜੇ, ਵਸਤਾਂ ਸਾਧਾਂ ਨੂੰ ਦਿੱਤੀਆਂ ਤੇ ਅੰਦਰ ਵਾੜ ਪਤੀ ਜੈਤਾ ਸਿੰਘ ਨੂੰ ਕਿਹਾ, ਤੁਸੀਂ ਤਗੜੇ ਹੋਵੋ। ਕੋਈ ਆਖਰ ਨਹੀਂ ਆ ਜਾਂਦੀ। ਕੋਈ ਕਤਲ ਨਹੀਂ ਕੀਤੇ ਹੋਏ, ਦੌਰੇ ਵਿਚਲੇ ਸਾਧੂਆਂ। ਜੈਤਾ ਸਿੰਘ ਕਿਹਾ, ਕੀ ਕਰਾਂ, ਭਰਾਵਾਂ ਤੇ ਭਤੀਜੇ ਭੀ ਡਰਾਇਆ ਏ ਤੇ ਹਰ ਦੌਰੇ ਵਾਲੇ ਨਗਰ, ਥਾਣੇ ਦੇ ਸਿਪਾਹੀ ਜਾ ਦਾਬੇ ਮਾਰਦੇ ਨੇ। ਸੁਣਿਆ ਹੈ, ਅਮਰੂ ਦੇ ਟੋਕਨ ਤੇ ਦੌਰੇ ਦੇ ਅੱਗੇ ਨ ਆਉਣ ਦਾ ਫੱਟਾ ਭੀ ਥਾਣੇਦਾਰ ਲਵਾ ਦਿੱਤਾ ਏ। ਮਾਈ ਕਿਹਾ, ਮੈਂ ਸਭ ਸਿਰ ਤੇ ਝੱਲਾਂਗੀ, ਤੁਸੀਂ ਦੁਚਿੱਤੀ ਵਿਚ ਨਾ ਰਹੋ ਤੇ ਬਹੋ ਅੰਦਰ ਭਜਨ ਕਰੋ ਤੇ ਅਰਦਾਸ ਕਰੋ, ਹੇ ਸੱਚੇ ਪਾਤਸਾਹ! ਤੇਰੇ ਹੱਥ ਹੀ ਪੱਤ ਹੈ। ਮੈਂ ਏਧਰੋਂ ਭੀ ਡਰਦਾ ਹਾਂ, ਉਧਰੋਂ ਭੀ ਮਰਦਾ ਹਾਂ, ਆਪ ਦੇ ਮੱਥੇ ਕਿਵੇਂ ਲਗਾਂਗਾ। ਮੰਗ ਕੇ ਲਿਆ ਦੌਰਾ, ਬੇ-ਰਸ ਬਣ ਰਿਹਾ ਏ।

ਜੈਤਾ ਸਿੰਘ ਦੇ ਭਰਾ ਆ ਕਿਹਾ, ਤੂੰ ਰਾਮ ਕੌਰੇ, ਖੌਰੇ ਕਿਹੜੇ ਖੂਹ ਸਾਨੂੰ ਸੁਟਣਾ ਏਂ। ਰਾਮ ਕੌਰ ਕਿਹਾ, ਸੰਮਨ ਤੇ ਮੂਸਨ ਕੀਤੇ ਬਚਨ ਤੇ ਤੁਲੇ ਸੀ ਤਾਂ ਗੁਰੂ ਜੀ ਨੇ ਮਰੇ ਨੂੰ ਭੀ ਜਵਾਲ ਲਿਆ। ਪ੍ਰੇਮ ਦੇ ਰਾਹੇ ਪਿਆਂ ਪਰਖਾਂ ਪੈਂਦੀਆਂ ਹੀ ਹਨ। ਬਿਰਥਾ ਜਨਮ ਅਸਾਡਾ ਗਿਆ, ਜੇ ਦਰਸ ਗੁਰਾਂ ਦਾ ਘਰ ਨ ਕਿਆ। ਮੈਂ ਏਦੂੰ ਮਰ ਗਈ ਚੰਗੀ।

ਰਾਮ ਕੌਰ ਕਿਹਾ, ਮੈਂ ਪੇਕੇ ਘਰ ਹੁੰਦੀ ਸੁਣਿਆਂ ਸੀ ਕਿ ਇਕ ਲੋਪੋਕਿਆਂ ਦੇ ਸਾਧ ਸੁੰਦਰ ਸਿੰਘ ਦਾ ਇਕੋ ਪੁੱਤ੍ਰ ਸੀ। ਤੇ ਸੁੰਦਰ ਸਿੰਘ ਪਿੰਡ 'ਚ ਆਗੂ ਸਿੱਖ ਸੀ। ਢੋਲਕ ਵਜਾ, ਸਬਦ ਪੜ੍ਹ ਦੀਵਾਨ ਲਾ

ਸਾਰੇ ਨਗਰ ਦੇ ਸਿੱਖਾਂ ਨੂੰ ਰਾਮ ਵੈਨੀ ਲਾਈ ਰਖਦਾ ਸੀ। ਉਹਦੇ ਮੇਲੀਆਂ ਦੇ ਘਰ ਧੀ ਦੀ ਜੰਞ ਆਈ। ਉਸ ਸਬਦ ਪੜ੍ਹ ਢੁਕਾਈ। ਰਾਤ ਪੀੜ ਪਈ ਤੇ ਉਸ ਦਾ ਇਕੋ ਬੱਚਾ ਚੜ੍ਹ ਗਿਆ। ਉਸ ਸੁਪਤਨੀ ਨੂੰ ਕਿਹਾ, ਕਿਸੇ ਨੂੰ ਨਾ ਦੱਸੀਂ। ਅੰਮ੍ਰਿਤ ਵੇਲੇ ਉਠ, ਇਸਨਾਨ ਕਰ, ਉਹਨਾਂ ਵੱਲ ਜਾ ਦੀਵਾਨ ਲਾ, ਅਨੰਦ ਕਰਾ, ਬੀਬੀ ਨੂੰ ਵਿਦਾ ਕਰ, ਦਸਿਉ ਸੁ। ਸਾਧਾਂ ਨੂੰ ਨਾਲ ਲਿਆ ਕੇ ਪੁੱਤ੍ਰ ਦਾ ਸਸਕਾਰ ਕੀਤੇ ਸੂ। ਉਹ ਤੇ ਸਿੱਖ ਇਕ ਦਾ ਕਾਰਜ ਸੀ, ਤੇ ਸੁੰਦਰ ਸਿੰਘ ਹੋਰਾਂ ਦਾ ਪੁੱਤ੍ਰ ਚੜ੍ਹ ਗਿਆ ਸੀ। ਇਹ ਦੌਰਾ ਸਤਿਗੁਰੂ ਜੀ ਦਾ ਏ, ਕਈ ਸਾਧੂ ਨਾਲ ਹਨ। ਸਾਡੇ ਘਰ ਸੁੱਖ ਭੀ ਏ। ਅਸੀਂ ਐਵੇਂ ਡਰ ਕੇ, ਦੌਰੇ ਦਾ ਸੁਆਦ ਕਿਉਂ ਪੈ ਭੰਗ ਕਰੀਏ। ਗੁਰੂ ਕੇ ਸਿੱਖਾਂ, ਆਪਣੇ ਪਿਆਰ ਤੇ ਪਿਆਰੇ ਦੀ ਲਗਨ ਨੂੰ, ਕਈ ਸਖਤੀਆਂ ਸਹਿ, ਸਮੁੰਦਰਾਂ ਤੋਂ ਪਾਰ ਟੱਪ ਹੁਕਮਨਾਮੇ ਲਿਆਦੇ ਸੀ, ਤੇ ਗੁਰੂ ਕੇ ਹੁਕਮ ਤੇ ਦਰਸਨ ਨਮਿਤ ਪਾਠ ਕਰਨ ਹਿੱਤ ਕਈ ਸਖਤੀਆਂ ਸਹੀਆ ਸੀ। ਜੇ ਉਹੋ ਗੁਰੂ ਹੈ ਤੇ ਅਸੀਂ ਉਹੋ ਸਿੱਖ ਹਾਂ ਤਾਂ ਉਹ ਭਲੀ ਕਰੇਗਾ। ਅਸੀਂ ਸਭ ਸਖਤੀ ਖਿੜੇ ਮੱਥੇ ਝੱਲਾਂਗੇ। ਤੁਸੀਂ ਨਹੀਂ ਸਾਥ ਦੇਂਦੇ ਤੇ ਨਾ ਦਿਓ। ਇਹ ਸੁਣ ਉਹ ਚਲਾ ਗਿਆ। ਤਾਹੀਉਂ ਤੇ ਸਤਿਗੁਰੂ ਜੀ ਭੀ ਸਮੇਤ ਸੰਗਤਾਂ ਦੇ, ਆ ਦਰਸਨ ਦਿੱਤੇ। ਸਭ ਦੇ ਉਤਾਰੇ ਹੋ ਗਏ। ਇਤਨੇ ਨੂੰ ਹਰਨਾਮ ਸਿੰਘ ਜੀ ਨੇ ਭੇਡ-ਵਾਲੀ ਪਤਾ ਭੇਜ ਦਿੱਤਾ, ਉਪਰੋਂ ਹੁਕਮ ਆ, ਫੱਟਾ ਅਮਰੂ ਦੇ ਟੇਸਨ ਤੋਂ ਪੁਟਾ ਦਿੱਤਾ ਗਿਆ ਏ, ਤੇ ਗੁਰਮੁਖ ਸਿੰਘ ਸਣੇ ਭਰਾ ਦੇ ੧੫ ਦਿਨਾਂ ਤੱਕ ਅੰਦਰ ਹੀ ਥਾਣੇ ਦੇ ਰਹੇਗਾ। ਸਭ ਕਾਰਜ ਸਤਿਗੁਰਾਂ ਦੀ ਕਿਰਪਾ ਨਾਲ ਸੁੱਧ ਹੋ ਗਏ ਹਨ।

ਇਹ ਸੁਣ ਜੈਤਾ ਸਿੰਘ ਨੇ, ਸਤਿਗੁਰੂ ਜੀ ਦੀ ਚਰਨੀਂ ਸੀਸ ਨਿਵਾ, ਹੱਥ ਜੋੜ, ਆਪਣੇ ਤੇ ਮੰਦੀ ਬਿਵਸਤਾ ਬੀਤੀ, ਤੇ ਰਾਮ ਕੌਰ ਦੀ ਦਲੇਰੀ ਕੀਤੀ ਦੀ ਵਾਰਤਾ, ਸੰਗਤ ਵਿਚ ਖੜੇ ਸੁਣਾਈ। ਸਤਿਗੁਰੂ ਜੀ ਇਸਨਾਨ ਕਰ, ਜੱਲ ਛਕ, ਦੀਵਾਨ ਵਿਚ ਜਾ ਦਰਸਨ ਦਿੱਤੇ, ਸਾਧ ਸੰਗਤ ਨੂੰ ਜੈਤਾ ਸਿੰਘ ਤੇ ਰਾਮ ਕੌਰ ਦੇ ਨਾਲ ਬੀਤੀ, ਦਲੇਰੀ ਕੀਤੀ ਦੀ ਕਹਾਣੀ ਕਥਾ ਸੁਣਾ ਕਿਹਾ, ਇਹੋ ਜੇਹੀਆਂ ਹੀ ਮਾਈਆਂ ਨੂੰ ਗੁਰੂ ਜੀ, ਮਾਈਆਂ ਰੱਬ ਰਜਾਈਆਂ ਕਿਹਾ ਹੋਣਾ ਏਂ।

ਭੇਡ-ਵਾਲੀ, ਰਾਤ ਦੀਵਾਨ ਲੱਗਾ। ਸਵੇਰੇ ਆਸਾ ਦੀ ਵਾਰ ਦੇ ਭੋਗ ਬਾਅਦ, ਜੱਲ, ਲੱਸੀ ਜੋ ਮਿਲਿਆ ਛੱਕ, ਸੰਗਤ ਤੇ ਸਤਿਗੁਰੂ ਜੀ ਨੀਲਿਆਂ ਵਾਲੀ ਆਏ ਦਰਸਨ ਦਿੱਤੇ।

ਨੀਲਿਆਂ ਵਾਲੀ ਮਹਾਂ ਸਿੰਘ, ਸੂਦਾਗਰਾ ਸਿੰਘ, ਦਰਬਾਰਾ ਸਿੰਘ, ਹਜਾਰਾ ਸਿੰਘ ਆਦਿ ਸਿੱਖ ਸੀ। ਰਾਗੀ, ਸਬਦੀ, ਢਾਡੀ, ਵਾਰੀ ਵਾਰੀ ਦੇ ਦਿਨ ਸਾਧ ਸੰਗਤ ਨੂੰ ਸਬਦ ਗੁਰਮਤ ਪ੍ਰਚਾਰ ਸੁਣਾਂਦੇ ਰਹੇ।

## ਪੂਰਨ ਵਾਕ

ਦੂਜੇ ਦਿਨ, ਸੰਤ ਅਤਰ ਸਿੰਘ ਹੋਰਾਂ ਨੂੰ, ਹਰਨਾਮ ਸਿੰਘ ਘੁੱਦਾਂ ਵਾਲੇ, ਆਪਣੀ ਤੇ ਗੁਰਮੁਖ ਸਿੰਘ ਦੀ, ਗੱਲ ਹੋਈ ਦੀ ਵਾਰਤਾ ਸੁਣਾਈ ਤੇ ਕਿਹਾ, ਕੇ ਤੁਸੀਂ ਜੋਗ ਜਾਣੋ ਤਾਂ ਚਰਨ ਬਿਲਾਸ 'ਚ ਸਤਾ ਦੇਣਾ ਕਿ, ਗੁਰੂ ਕੇ ਆਸਰੇ ਸਿੱਖ ਦਾ ਵਾਕ ਪੂਰਾ ਹੋਇਆ ਹੈ, ਇਹ ਜੋ ਗੁਰਮੁਖ ਸਿੰਘ ਦੇ ਬਾਰ ਮੂਹਰੇ ਦੀਵਾਨ ਲਗਾ ਹੈ। ਸੰਤ ਜੀ ਨੂੰ ਕੁਝ ਅਗੇ ਹੀ ਦੌਰਾ ਰੁਕਣਾ ਸੁਣ ਰੋਸ ਸੀ। ਸੰਤ ਜੀ ਧਾਰਨ ਮੁੱਖ ਰੱਖ ਲਿਖਿਆ--

"ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥"

ਵਿਚ ਗੁਰੂ ਅਰਜਨ ਦੇਵ ਜੀ ਤੇ ਸੁਲਹੀ ਦੀ ਵਾਰਤਾ ਸੁਣਾਣੀ ਅਰੰਭ ਦਿੱਤੀ। ਸਤਿਗੁਰੂ ਜੀ ਹਰਨਾਮ ਸਿੰਘ ਘੁੱਦਾਂ ਵਾਲੇ ਨੂੰ ਕੋਲ ਸੱਦ ਕਿਹਾ—ਜੋ ਗੁਰੂ ਕਿਰਪਾ ਕੀਤੀ ਏ, ਉਹਦਾ ਫਲ ਪ੍ਰਤੱਖ ਦਿੱਸਦਾ ਏ। ਤੈਨੂੰ ਸਹਿਜ ਨਾਲ ਸਮਝਾਂਦਾ ਹਾਂ। ਅੱਵਲ ਤੇ ਮਨ ਵਿਚ ਵੀ ਇਹ ਉੱਕਾ ਨ ਆਵੇ, ਕਿ ਆਹ ਕੰਮ ਕਰ ਵਿਖਾਇਆ ਏ ਪਰ ਮੂੰਹੋਂ ਤੇ ਮੂਲ ਨਾ ਨਿਕਲੇ। ਕਿਉਂਕਿ ਗੁਰਵਾਕ :—

"ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥"

ਗੁਰੂ ਕੇ ਸਿੱਖ ਨੂੰ ਤੇ :—

"ਹਰਿ ਦਰਗਾਹ ਗੁਰ ਸਿਖ ਪੈਨਾਈਅਹਿ ॥"

ਦਾ ਆਦਰ ਜੋਗ ਮਨ, ਬਚ, ਕਰਮ ਕਰ ਥਾਂ ਲੈਣੀ ਚਾਹੀਦੀ ਏ। ਤੂੰ ਅਤਰ ਸਿੰਘ ਨੂੰ ਕੰਨ ਵਿਚ ਮੇਰੇ ਵਲੋਂ ਜਾ ਕਹੋ, ਇਹ ਵਾਰਤਾ ਵਿਚ ਛੱਡ, ਹੋਰ ਬਚਨ ਤੇ ਸਬਦ ਕੀਰਤਨ ਕਰੇ। ਸੰਤ ਜੀ ਅਗੇ ਜਾਂਦਿਆਂ ਨੂੰ :—

"ਸੁਲਹੀ ਤੇ ਨਾਰਾਇਣ ਰਾਖੁ
ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥"

ਤੁਕਾਂ ਪੜ੍ਹ ਇਸ ਦਾ ਅਰਥ ਕਰਨ ਹੀ ਲਗੇ ਸੀ। ਸਤ ਸੰਗਤ ਨੂੰ ਖੋਹਲ ਕੇ ਦੱਸਣਾ ਹੀ ਅਰੰਭਿਆ ਸੀ ਕਿ ਉਦੋਂ ਦੀ ਵਾਰਤਾ, ਇਸ ਦੌਰੇ ਵਿਚ ਪ੍ਰਤੱਖ, ਅਸਾਂ ਅੱਖੀਂ ਵੇਖੀ ਹੈ ਹਰਨਾਮ ਸਿੰਘ ਤੇ ਗੁਰਮੁਖ ਸਿੰਘ ਵਿਚ ਗਲ-ਹੋਈ ਦੇ ਝੇਡੇ ਵਿਚ ਕਿ ਹਰਨਾਮ ਸਿੰਘ ਸੰਤ ਜੀ ਦੇ ਕੰਨ ਵਿਚ, ਸਤਿਗੁਰੂ ਜੀ ਦਾ ਹੁਕਮ ਹੋਰ ਬਚਨ ਨਾ ਕਰਨ ਦਾ ਜਾ ਕਿਹਾ, ਤਾਂ ਸੰਤ ਹੀ ਝਟ ਹੀ :—

"ਕਾਰਜ ਸੰਤਾਂ ਦੇ ਮੇਰਾ ਸਤਿਗੁਰ ਆਪਿ ਖਲੋਇਆ ਕਾਰਜ ਸੰਤਾਂ ਦੇ ॥"

ਧਾਰਨਾ ਬਦਲ ਲਈ। ਦੋ ਰਾਤਾਂ ਦੌਰਾ ਨੀਲਿਆਂ ਵਾਲੀ ਰਿਹਾ ਬਾਅਦ, ਇਕ ਰਾਤ ਜਲਾਲ, ਦੋ ਰਾਤਾਂ ਘੁੱਦੀਂ, ਇਕ ਰਾਤ ਕੁਕਾਰੀਂ ਤੇ ਇਕ ਰਾਤ ਰਾਹੇ ਬਿਆਸ ਕੰਢੇ ਕੱਟ, ਸਾਹੀਵਾਲ ਮਿੰਟਗੁਮਰੀ ਦੌਰਾ ਪੁੱਜਾ।

## *ਗਿਲਾਂਨ ਤੇ ਸ਼ਾਂਤ*

ਮਿੰਟਗੁਮਰੀ ਸਿਆਲਕੋਟ ਦੇ ਜ਼ਿਲ੍ਹੇ ਦੇ, ਆਲੋਮਹਾਰ ਦੇ ਠੇਕੇਦਾਰ, ਸ: ਗਨੇਸ਼ਾ ਸਿੰਘ ਤੇ ਉਸ ਦੇ ਪੁੱਤ੍ਰ ਪ੍ਰਤਾਪ ਸਿੰਘ ਵੱਲ ਦੌਰਾ ਸੀ। ਇਹਨਾਂ ਨੇ ਸਤਿਗੁਰੂ ਜੀ ਦੇ ਲੰਗਰ ਦੀ ਰਸਤ ਤੇ ਘੋੜਿਆਂ ਜੋਗ, ਪਠਿਆਂ ਦਾ, ਬਹੁਤ ਵਧੀਆ ਪ੍ਰਬੰਧ ਪਹਿਲੋਂ ਹੀ ਕਰ ਰਖਿਆ ਹੋਇਆ ਸੀ। ਘੋੜਿਆਂ ਲਈ ਜਵੀ ਦੇ ਗੱਡੇ ਵਢਾ ਰਖਾਏ ਸੀ ਕਿ ਘੋੜਿਆਂ ਵਾਲਿਆਂ ਨੂੰ ਆ ਕੇ ਕੋਈ ਔਖ ਨਾ ਹੋਵੇ ਤੇ ਆਪਣੇ ਕਾਮਿਆਂ ਨੂੰ ਕਿਹਾ ਹੋਇਆ ਸੀ, ਤੁਸੀਂ ਹਰ ਹੁਕਮ ਦੀ ਦੋ ਦਿਨ ਹਾਜਰੀ, ਹਰ ਸਿੱਖ ਆਏ ਦੀ ਤਰਨੀ ਹੋਵੇਗੀ।

ਪ੍ਰਤਾਪ ਸਿੰਘ ਨੇ ਆਪਣੀ ਗਊ ਨੂੰ, ਜਵੀ ਘੋੜਿਆਂ ਲਈ ਧਰੇ ਪੱਠਿਆਂ ਵਿਚੋਂ ਲੈ ਪਾਈ, ਘੋੜੇ ਦੇ ਸਾਂਭਣ ਵਾਲਾ ਸਿੱਖ ਗਲ ਪੈ ਗਿਆ। ਪ੍ਰਤਾਪ ਸਿੰਘ ਭਾਵੇਂ ਅਗੇ ਹੀ ਹਰ ਸਿੱਖ ਨੂੰ ਗੁਰਭਾਈ ਜਾਣਦਾ ਸੀ ਪਰ ਇਹ ਝਿੜਕ ਸੁਣ, ਮਨ ਖਿਝਦੇ ਨੂੰ ਝਟ ਦਸਮ ਗੁਰੂ ਜੀ ਦਾ ਵਾਕ :—

ਜੋ ਆਵੇ ਨਿਜ ਧਾਮ ਚਲ ਧਰਮ ਭ੍ਰਾਤ ਤਿਹ ਜਾਨ ॥
ਜੋ ਕੁਛ ਕਹੇ ਸੋ ਕੀਜੀਐ ਭੂਲ ਨ ਕਰੀਐ ਹਾਨ ॥

ਥੰਮਨ ਲਈ. ਉਸੇ ਦਮ ਯਾਦ ਆਇਆ ਤੇ ਉਸ ਸਭ ਕੁਝ ਜਰ ਲਿਆ ਪਰ ਪਿਤਾ ਜੀ ਨੂੰ ਕਹਿ ਦਿੱਤਾ. ਮੈਂ ਏਦੂੰ ਅੱਗੇ ਘੋੜਿਆਂ ਵਾਲਿਆਂ ਦਾ ਦੌਰਾ ਨਹੀਂ ਗੁਰੂ ਕਾ ਮੰਗਣਾ। ਸ੍ਰ: ਗਣੇਸ਼ਾ ਸਿੰਘ ਜੀ ਸਤਿਗੁਰੂ ਜੀ ਪਾਸ ਅਰਜ ਕੀਤੀ. ਸਿੱਖ ਨੇ ਝਿੜਕ. ਲੜਕੇ ਦਾ ਮਨ ਗਿਲਾਨ ਨਾਲ ਭਰ ਦਿੱਤਾ ਏ। ਇਸ ਦਾ ਉਪਾਅ ਹੋਣਾ ਚਾਹੀਦਾ ਏ। ਸਤਿਗੁਰੂ ਜੀ ਉਸੇ ਵੇਲੇ, ਉਸ ਘੋੜੇ ਦੇ ਸੇਵਕ ਸਿੱਖ ਨੂੰ ਸੱਦ ਦੋਹਾ ਦੀ ਗੱਲ ਸੁਣ ਕਿਹਾ. ਤੁਹਾਨੂੰ ਮੁਫਤ ਦੀਆਂ ਮੌਜਾਂ ਨਹੀਂ ਪਚਦੀਆਂ. ਤੂੰ ਕੁਝ ਨਾ ਸੋਚਿਆ ਕਿ ਇਹਨਾਂ ਦੇ ਹੀ ਕਾਮਿਆਂ ਪੱਠੇ ਕੱਟੇ ਕੀਤੇ ਹੋਏ ਹਨ. ਸਿਰਫ ਭੱਟ ਦੀ ਅਪਣਤ ਹੋਈ ਤੇ. ਬੇਸੋਚ ਹੋ ਝਿੜਕਣ ਲਗੋਂ। ਤੂੰ ਅੱਜ ਤੋਂ ਅੱਗੇ. ਪੰਜ ਦਿਨ. ਹਰ ਰੋਜ. ਆਪ ਵੱਢ ਕੇ ਪੱਠੇ ਆਪਣੇ ਘੋੜੇ ਨੂੰ ਪਾਣੇ ਹੋਣਗੇ। ਸਿੱਖ ਭੁੱਲ ਮੰਨ ਸਤਿ ਬਚਨ ਕੀਤਾ।

## *ਸੰਤ ਟੇਕ ਸਿੰਘ ਜੀ*

ਖਿਆਲੇ ੪੦ ਚੱਕ ਗਏ. ਜਿਥੇ ਜਿੰਦਾ ਸ਼ਹੀਦ ਸੰਤ ਜਵੰਦ ਸਿੰਘ ਜੀ ਰਹਿੰਦੇ ਸੀ। ਟੇਈ. ਇਕ ਲੰਗਰ ਕੀਤਾ। ਫੇਰ ਹੀਰਾ ਸਿੰਘ ਦੇ ਕੋਟ ਗਏ. ਉਥੇ ਇਕ ਲੰਗਰ ਕੀਤਾ। ਏਥੇ ਟੇਕ ਸਿੰਘ ਬਿਰਧ, ਸਿਦਕੀ ਸਿੱਖ, ਤਿੰਨ ਮਹੀਨੇ ਦਾ ਬੀਮਾਰ ਸੀ। ਦੇਹ ਬੜੀ ਔਖ ਵਿਚ ਸੀ. ਪਰ ਅੰਦਰ ਸੁੱਖ ਹੀ ਰਹਿੰਦਾ। ਹਉਕਾ ਲੈ ਇਹ ਭੀ ਕਹਿੰਦਾ. ਸਤਿਗੁਰੂ ਰਾਮ ਸਿੰਘ ਜੀ ਦੇ ਦਰਸਨ ਦੀ ਤਾਂਘ. ਜਿਊਣਾ ਲੋੜਦੀ ਏ। ਇਕ ਦਿਨ ਸਵੇਰੇ ਘਰਦਿਆਂ ਨੂੰ ਦਸਿਓ ਸੁ। ਸਤਿਗੁਰੂ ਰਾਮ ਸਿੰਘ ਜੀ ਅੱਜ ਰਾਤ ਦਰਸਨ ਦੇ ਕਿਹਾ ਹੈ. "ਜਿਚਰ ਮੈਂ ਪਰਤੱਖ ਪੰਜਾਬ ਵਿਚ ਰੂਸ ਨਾਲ ਨਹੀ ਔਂਦਾ. ਉਚਰ ਮੈਂ ਗੁਪਤ ਹੀ ਰਹਿਣਾ ਹੈ। ਤੂੰ ਸਤਿਗੁਰੂ ਮੰਨ. ਮੇਰੀ ਲੋਹ ਦੇ ਸੇਵਕ ਸਤਿਗੁਰੂ ਪਰਤਾਪ ਸਿੰਘ ਜੀ ਦਾ ਹੀ ਦਰਸਨ ਕਰ, ਮੇਰਾ ਹੀ ਦਰਸਨ ਜਾਣ।" ਮੇਰਾ ਹੁਣ ਸਤਿਗੁਰੂ ਪਰਤਾਪ ਸਿੰਘ ਜੀ ਦੇ ਦਰਸਨ ਤੇ ਚਿਤ ਕਰਦਾ ਏ। ਕਹਿ. ਉਸ ਨੇ ਆਪਣੇ ਪੁੱਤ੍ਰ ਹਜਾਰਾ ਸਿੰਘ ਨੂੰ. ਇਕ ਦੋ ਪੜਾ ਪਹਿਲੇ ਆਖ ਭੇਜਿਆ, ਦਰਸਨ ਦੇਣ, ਮਤ ਮੈਂ ਚੜ੍ਹ ਜਾਵਾਂ। ਸਤਿਗੁਰੂ ਜੀ ਹਜਾਰਾ ਸਿੰਘ ਨੂੰ ਕਿਹਾ. ਉਹ ਦੁਖੀ ਤੇ ਹੈ ਨਹੀਂ. ਤੇ ਚੜ੍ਹਦਾ ਭੀ ਨਹੀਂ. ਅਸੀਂ ਆਪਣੇ ਮਿਥੇ ਦੌਰੇ ਅਨੁਸਾਰ ਹੀ ਆਵਾਂਗੇ। ਸਰਧਾ ਵਾਲਿਆਂ ਦਾ ਕੰਮ, ਸਰਧਾ ਹੀ ਸਵਾਰ ਦੇਂਦੀ ਏ।

ਸਤਿਗੁਰੂ ਜੀ ਹੀਰਾ ਸਿੰਘ ਦੇ ਕੋਟ ਗਏ। ਟੇਕ ਸਿੰਘ ਹੋਰੀਂ, ਅਗੋਂ ਦੇ ਸਰੀਰਾਂ ਨੂੰ ਮੋਢੇ. ਬਾਹਾਂ ਫੜਾ. ਉਠੌਂ ਮਿਲੇ। ਸਤਿਗੁਰੂ ਜੀ ਦੇ ਚਰਨਾਂ ਤੇ ਸੀਸ ਧਰ. ਨੇਤ੍ਰਾਂ ਦੇ ਜਲ ਨਾਲ ਗਲਾ ਭਰ, ਗੁਰੂ ਕੇ ਚਰਨ ਧੋਤੇ। ਸਤਿਗੁਰੂ ਜੀ ਭੀ ਪਲ ਭਰ. ਨੇਤ੍ਰ ਭਰ. ਬਾਹੋਂ ਫੜ ਉਠਾ ਕਿਹਾ. ਹੁਣ ਰੋਣ ਦੀ ਲੋੜ ਨਹੀਂ, ਹੌਸਲੇ ਦੀ ਲੋੜ ਏ। ਸਤਿਗੁਰੂ ਜੀ ਰਾਤ ਰਹੇ. ਸਵੇਰੇ ਵਾਰ ਦੇ ਭੋਗ ਬਾਅਦ ਵਿਦਾ ਹੋਏ ਤੇ ਇਹ ਸੰਤ ਟੇਕ ਸਿੰਘ ਜੀ ਸੁਖਾਲੀ ਸੁਾਸੀਂ. ਸਤਿਗੁਰੂ ਜੀ ਦੇ ਦਰਸਨ ਦੀ ਮੰਗ ਪੂਰੀ ਹੋਈ ਬਾਅਦ ਥੋੜੇ ਦਿਨੀਂ ਸੰਸਾਰ ਤੋਂ ਪਿਆਨਾ ਕਰ ਗਏ। ਇਹਨਾਂ ਦਾ ਪੋਤ੍ਰਾ ਹਰਨਾਮ ਸਿੰਘ, ਹੁਣ ਸਰਸੇ ਤੋਂ ਚੜ੍ਹਦੇ ੧ ਮੀਲ ਖੈਰਪੁਰ ਰਹਿੰਦਾ ਹੈ ਬੜਾ ਸੇਵਕ ਤੇ ਭਰੋਸੇ ਵਾਲਾ ਸਿੱਖ ਹੈ।

## *ਸਿੱਖਾਂ ਦੇ ਪਤੇ*

ਮਿੰਟਗੁਮਰੀ ਵਾਲੇ ਗਨੇਸ਼ਾ ਸਿੰਘ ਜੀ ਦਾ ਪੋਤ੍ਰਾ, ਸੇਠ ਰਛਪਾਲ ਸਿੰਘ, ਹੁਣ ਸਰਸੇ ਹੀ ਮਕਾਨ ਪਾ ਰਹਿੰਦਾ ਹੈ। ਹਰਨਾਮ ਸਿੰਘ ਘੁੱਦਾਂ ਵਾਲੇ ਦਾ ਪੁਤ੍ਰ ਗੁਰਦਿਆਲ ਸਿੰਘ, ਜੀਵਨ ਨਗਰ ਰਹਿੰਦਾ ਸੀ

Sri Satguru Jagjit Singh Ji Elibrary NamdhariElibrary@gmail.com

ਹੁਣ ਭਰਾ ਗੁਰਦਿੱਤ ਸਿੰਘ, ਬਾਮ ਸਿੰਘ ਸਮੇਤ ਭੜੋਲਿਆਂ ਵਾਲੀ ਦੇ, ਹਰਦਿਆਲ ਸਿੰਘ ਤੇ ਹਰਦਿੱਤ ਸਿੰਘ ਸਾਹਨੇਵਾਲ ਹਨ। ਸਰਸੇ ਤਸੀਲ ਵਿਚ ਹੀ ਮੈਂ ਗੁਰਸਿੱਖਾਂ ਦੇ ਪਿਛਲੇ, ਹੁਣ ਦੇ ਟਿਕਾਣੇ, ਤੇ ਅੰਸ ਦੇ ਪਤੇ ਲਈ, ਇਹ ਪਤੇ ਲਿਖੇ ਹਨ।

## ਘੋੜਿਆਂ ਵਾਲੇ

ਰਾਵੀ ਲੰਘ, ਲਾਇਲਪੁਰ ਦੇ ਜ਼ਿਲ੍ਹੇ ਵਿਚ ਭੜੋਲਿਆਂ ਵਾਲੀ, ਨਾਰੋਵਾਲ, ਰੀਗਾ ਸਿੰਘ ਵਾਲੇ, ਚੂਲੇਰ, ਭੂਪਾਲ ਵਾਲੇ, ਜਹਾਂਗੀਰ, ਸਦੋਵਾਲੇ, ਚੋਟੀਆਂ, ਗੁੰਨੇ, ਝਬਰੀਂ ਦਰਸਨ ਦਿੱਤੇ। ਇਥੇ ਇਕ ਸਿੰਘ ਘੋੜੇ ਸਾਂਭਣ ਵਾਲੇ, ਸੇਵਾ ਸੁੱਟ ਪਾਈ। ਸਤਿਗੁਰੂ ਜੀ ਸੱਦ ਪੁੱਛਿਆ, ਤੇਰੇ ਜੀਅ ਕੀ ਆਈ ਏ। ਉਸ ਹੱਥ ਜੋੜ ਅਰਜ ਕੀਤੀ, ਇਕ ਨਗਰ, ਇਕਲਾਪਾ ਤੇ ਮਾੜਾ ਸਿੱਖ ਸੀ, ਉਸ ਮਸਾਂ ਬਿਸਤ੍ਰੇ ਪੈਦਾ ਕਰ ਦਿੱਤੇ। ਘੋੜਿਆਂ ਵਾਲੇ ਕਹਿਣ ਤੈੜੇ ਹਨ, ਉਸ ਮਸਾਂ ਮਨਾਏ। ਸਵੇਰੇ ਸਿੱਖਾਂ ਤੇਲ ਮਲ, ਉਤੇ ਬਹਿ, ਸਗੋਂ ਗਿੱਦੇ ਕਰ, ਤੁਰਨ ਵੇਲੇ ਘੋੜਿਆਂ ਦੇ ਤਲੇ ਸੁੱਟ, ਗੰਦੇ ਕਰ ਦਿੱਤੇ ਉਸ ਵੇਖ ਕਿਹਾ, ਮੈਂ ਅਗੇ ਹੀ ਮਸਾ ਲਏ ਸੀ, ਮਾੜਾ ਹਾਂ ਤਰਨ ਜੋਗਾ ਨਹੀਂ, ਤੁਸਾਂ ਇਹ ਕੀ ਕੀਤਾ ਏ ? ਇਹਨਾਂ ਉਸ ਨੂੰ ਗਾਲ੍ਹਾਂ ਕੱਢੀਆ ਤੇ ਕਿਹਾ, ਤੌਫੀਕ ਕੋਈ ਹੁੰਦੀ ਨਹੀਂ, ਰੀਝ ਦੌਰੇ ਦੀ ਕਰ ਲੈਂਦੇ ਨੇ, ਤੇ ਲਾਂਗਰੀਆਂ ਨੂੰ ਦਬਾ ਘਿਉ ਲੈ ਖਾਧਾ, ਵਾਧਾ ਨਾਲ ਲੈ ਟੁਰੇ ਹਨ। ਮੈਂ ਇਹੋ ਜਿਹੇ ਸਾਥ ਰਿਹਾ। ਕਿਤੇ ਕਿਰਤ ਕਰ, ਭਜਨ ਕਰ, ਜ਼ਿੰਦਗੀ ਅਰਮਾਨ ਦੀ ਬਤਾਵਾਂਗਾ। ਮੈਂ ਕੀ ਏਸ ਧੰਧੇ 'ਚੋ ਲੈਣਾ ਏ। ਸਤਿਗੁਰੂ ਜੀ ਘੋੜਿਆਂ ਵਾਲਿਆਂ ਨੂੰ ਸੱਦ, ਬਹੁਤ ਤਾੜਨਾ ਕਰ ਕਿਹਾ, ਤੁਸੀਂ ਮਸੰਦਾਂ ਨਾਲੋਂ ਘਟ ਹੋ ? ਤੁਸੀਂ ਸਿੱਖਾਂ ਦੇ ਆਂਦੇ ਬਿਸਤ੍ਰੇ ਤੇ ਪਦਾਰਥ ਰੋਲਦੇ ਹੋ, ਮੰਦਾ ਬੋਲਦੇ ਹੋ ? ਜਿਸ ਰਹਿਣਾ ਹੈ, ਸਾਧ ਬਣ ਰਹੇ, ਦੂਜਾ ਚਲਾ ਜਾਵੇ। ਕਈਆਂ ਭੁੱਲ ਮੰਨ ਅਗੋਂ ਕੰਨਾਂ ਨੂੰ ਹੱਥ ਲਾਏ ਐਸੇ ਕਰਮ ਤੋਂ, ਕਈ ਘਰਾਂ ਨੂੰ ਟੁਰ ਗਏ। ਸਤਿਗੁਰੂ ਜੀ ਉਸ ਸਿੰਘ ਨੂੰ ਕਿਹਾ, ਜਿਥੇ ਤੇਰਾ ਜੀ ਕਰੇ ਰਹੋ, ਤੇ ਭਜਨ ਕਰ, ਤੇਰੀ ਮੰਜ਼ਲ ਹੁਣ ਘੋੜਿਆਂ ਦੇ ਸੇਵਕਾਂ ਵਿਚ ਰਹਿਣ ਵਾਲੀ ਨਹੀਂ ਰਹੀ। ਉਸ ਸਤਿਬਚਨ ਕੀਤਾ। ਭੈਣੀ ਸਾਹਿਬ ਆ ਟਿਕ, ਇਕਲਵਾਂਝੇ ਟਿਕ, ਭਜਨ ਕਰਦਾ, ਅਠੀਂ ਪਹਿਰੀਂ ਲੰਗਰ ਆ ਪੇਟ ਭਰਿਆ।

°ਬਾਬਾ ਜੈਮਲ ਸਿੰਘ ਝਬਰਾਂ ਦੇ, ਸਾਧ ਦੀ ਜ਼ਬਾਨੀ ਘੋੜਿਆਂ ਵਾਲਿਆਂ ਦਾ ਸੁਭਾ ਸੁਣ, ਅਰਜ ਕੀਤੀ ਕਿ ਘੋੜੇ ਸਾਂਭਣ ਵਾਲਿਆਂ ਦਾ ਸੁਭਾ ਕਰੜਾ ਤੇ ਖਰ੍ਹਵਾ ਕਿਉਂ ਹੁੰਦੈ ? ਸਤਿਗੁਰੂ ਜੀ ਉੱਤਰ ਦਿੱਤਾ, ਨਰਾਂ ਦੀ ਤੇ ਖਰਾਂ ਦੀ ਸੰਗਤ ਜੁ ਕਰਦੇ ਨੇ। ਬਾਬੇ ਕਿਹਾ, ਪਸ਼ੂਆਂ ਦੀ ਸੰਗਤ ਦਾ ਭੀ ਅਸਰ ਹੋ ਜਾਂਦਾ ਏ। ਸਤਿਗੁਰੂ ਜੀ ਬਚਨ ਕੀਤਾ :—

"ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥" ...
ਤੇ "ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥" ...

ਵਾਕਾਂ ਦਾ ਇਹੋ ਹੀ ਭਾਵ ਹੈ। "ਜੈਸੀ ਸੰਗਤ ਤੈਸੀ ਰੰਗਤ ਅਵੱਸ਼ ਹੋ ਜਾਂਦੀ ਏ।" ਬਕਰੀਆਂ ਵਾਲੇ ਆਡਾਂ ਖੂਹਾਂ ਦੀਆਂ ਤੋਂ, ਬਕਰੀਆਂ ਵਾਂਗੂ ਹੀ ਗੋਡੇ ਮੂਧੇ ਮਾਰ ਪਾਣੀ ਪੀਂਦੇ ਹਨ। ਸੰਗਤ ਤੇ ਆਮ ਅਸਰ ਹੀ ਰਖਦੀ ਏ। ਵੇਖਣ ਤੇ ਸੁਨਣ ਭੀ, ਮਨ ਤੇ ਅਸਰ ਪਾਂਦਾ ਏ। ਮਹਾਂਪੁਰਖਾਂ ਤਾਂਹੀ ਕਿਹਾ ਹੈ :—

°ਬਾਬੇ ਜੈਮਲ ਸਿੰਘ ਜੀ ਦੀ ਅੰਸ, ਜਸਵੰਤ ਸਿੰਘ ਤੇ ਅਵਤਾਰ ਸਿੰਘ ਭੌਰਵ, ਜੀਵਨ ਨਗਰ ਦੇ ਨੇੜੇ ਕਰੀਵਾਲੇ, ਸਰਸੇ ਵਿਚ ਰਹਿੰਦੇ ਹਨ। ਅਵਤਾਰ ਸਿੰਘ, ਰਾਜੂ ਜੀ ਦਾ ਮੁਖਤਾਰ-ਆਮ ਹੈ। (ਰਵਾਨੀ ਕਰ ਲਿਆ ਹੈ)

Sri Satguru Jagjit Singh Ji Elibrary NamdhariElibrary@gmail.com

"ਜੋ ਨ ਭਜੰਤੇ ਨਾਰਾਇਣਾ ॥
ਤਿਨ ਕਾ ਮੈ ਨ ਕਰਉ ਦਰਸਨਾ ॥"

"ਗੁਰ ਰਸੁ ਗੀਤ ਬਾਦ ਨਹੀ ਭਾਵੈ ਸੁਣੀਐ ਗਹਿਰ ਗੰਭੀਰੁ ਗਵਾਇਆ ॥"

ਮਹਾਂਪੁਰਖਾਂ ਤਦੇ ਹੀ ਮਨੁੱਖ ਲਈ ਲਿਖਿਆ ਹੈ :—

"ਜਉ ਤਉ ਸਾਧ ਪਿਰਮ ਕੀ ਪਾਕੇ ਸੇਤੀ ਖੇਲੁ ॥"

ਅਰਥਾਤ ਜੇ ਤੂੰ ਪਰਮ ਰਸ ਦਾ ਸੁਆਦ ਲੈਣਾ ਹੈ ਤਾਂ ਪੱਕੇ ਪੁਰਸ਼ਾਂ ਨਾਲ ਹੀ ਖੇਲ ਵਰਤਣ ਕਰ।

੧੯੭੨ ਦੇ ਹੋਲੇ ਤੇ ਗਿੱਲੀਂ ਪੁੱਜੇ ਸਤਿਗੁਰੂ ਜੀ, ਸਭ ਦੌਰੇ ਵਾਲੀ ਸੰਗਤ ਸਮੇਤ। ਜ਼ਿਲ੍ਹੇ ਸ਼ੇਖੂਪੁਰੇ ਦੀ ਸੰਗਤ, ਆਪਣੇ ਜ਼ਿਲੇ ਦਾ ਹੋਲਾ ਜਾਣ, ਅਗਾਈ ਬਹੁਤ ਥਿਰ ਗਿੱਲੀਂ ਆ, ਹਰ ਜਗ੍ਹਾ ਤੇ ਵਸਤ ਰਸਤ ਦਾ ਸਾਂਝਾ ਖਿਆਲ ਕੀਤਾ। ਭਾਵੇਂ ਹੋਲਾ ਗਿੱਲਾਂ ਦੇ ਸਾਰੇ ਨਗਰ ਹੀ ਰਲ ਕੀਤਾ ਸੀ। ਪਰ ਮਾਈ ਲਛਮੀ, ਸੰਤ ਵੀਰ ਸਿੰਘ ਜੀ ਗਿੱਲਾਂ ਵਾਲਿਆਂ ਦੇ ਘਰੋਂ, (ਜਿਸ ਨੇ ਬਾਬੇ ਜਗਜੀਤ ਸਿੰਘ ਜੀ ਦੀ ਹੱਥੀਂ ਸੇਵਾ ਬਹੁਤ ਕੀਤੀ ਸੀ) ਤੇ ਗਿੱਲਾਂ ਦੇ ਤੇਜਾ ਸਿੰਘ, ਸਰਮ ਸਿੰਘ ਆਦਿ ਸਾਧਾਂ, ਅੱਗੇ ਹੋ ਇਸ ਹੋਲੇ ਵਿਚ ਬਹੁਤ ਹਿੱਸਾ ਲਿਆ। ਦੜ੍ਹਪ ਜ਼ਿਲ੍ਹਾ ਸਿਆਲਕੋਟ ਦੇ ਸੰਤ, ਤੇ ਸੰਗਤ ਭੀ ਬਹੁਤ ਗਿੱਲਾਂ ਦੇ ਹੋਲੇ 'ਚ ਆਏ, ਮੇਲਾ ਵਧਾਏ ਸੇਵਾ ਕੀਤੀ। ਕਿਉਂਕਿ ਇਹ ਭਾਵੇਂ ਜ਼ਿਲ੍ਹਾ ਬਦਲ ਗਿਆ ਏ, ਦਿਲ ਤੇ ਗੋਤ, ਸਾਡੇ ਮਿਲੇ ਹੋਏ ਉਹੋ ਹੀ ਹਨ। ਤਿੰਨ ਚਾਰ ਦਿਨ, ਸਤ ਸੰਗਤ ਦੀਆਂ ਬਹੁਤ ਰੌਣਕਾਂ ਰਹੀਆਂ। ਸਤਿਗੁਰੂ ਜੀ ਪ੍ਰਚਾਰਕਾਂ ਪਾਸੋਂ, ਸਾਧ ਸੰਗਤ ਜੋਗ, ਲੋਕਾਚਾਰ, ਨਰਮ ਰਸਮਾਂ, ਭਾਜੀਆਂ, ਵਿਖਾਵਿਆਂ ਦਾ, ਤਿਆਗ ਕਰਨ ਦਾ ਕਹਿ ਕੇ ਉਪਦੇਸ਼ ਕਰਾਇਆ। ਅਗੋਂ ਹੋਲਾ ਰੱਤੇ ਢੇਏ, ਜ਼ਿਲ੍ਹੇ ਲਾਇਲਪੁਰ ਦੀ ਸਾਧਸੰਗਤ ਸਾਥ ਲੈ, ਜੈਲਦਾਰ ਬਾਬੇ ਸਉਣ ਸਿੰਘ ਮੰਗਿਆ, ਤੇ ਪ੍ਰਵਾਨ ਹੋ ਸੁਣਾਇਆ ਗਿਆ, ਅਗੋਂ ਹੋਲਾ ਰਤੇ ਢੇਏ ਹੋਵੇਗਾ।

ਮੈਂ ਵਹਿਮੀ ਤੇ ਰਹਿਮ ਕਰ, ਸਕਤ ਸੁਪਤਾ ਦੇਹੁ।
ਸਾਧ ਸੰਗਤ ਸਤਿਗੁਰੂ ਜੀ, ਆਵੇਸ਼ ਭੂਲ ਛਮੇਹੁ।

## *੧੯੭੩ ਬਿਕ੍ਰਮੀ*

ਗੁਰੂ ਗੋਬਿੰਦ ਸਿੰਘ ਜੀ ੧੭੫੬ ਬਿਕ੍ਰਮੀ ਸਿੱਖੀ ਸਾਜਨ ਤੋਂ ਬਾਅਦ, ਹੋਲੇ ਮਹੱਲੇ ਦੀ ਮਰਯਾਦਾ ਪ੍ਰਚਲਤ ਕੀਤੀ। ਮਹੱਲਾ, ਸਹਿਤ ਹੋਲੇ ਦੇ, ਗੁਰੂ ਸਾਹਿਬ ਜੀ ਇਕ ਅਸਥਾਨ ਮਿਥ, ਦਸ ਦਸ ਸੂਰਮਿਆਂ ਦੇ ਜੱਥੇ ਬਣਾ, ਉਸ ਤੇ ਪਹਿਲੋਂ ਪੁੱਜਣ ਵਾਲਿਆਂ ਨੂੰ, ਬਹੁਤ ਬਖਸ਼ਸ਼ਾਂ ਕਰਦੇ। ਇਸ ਜੁਗਤ, ਜੰਗ ਦੀ ਤੇ ਅਗੇ ਵਧਣ ਦੀ ਸਿਖਿਆ ਦੇਂਦੇ। ਗੁਰੂ ਜੀ, ਹੋਰ ਰੀਤ-ਰਿਵਾਜ ਹਿੰਦੂ ਮਤ ਦੇ ਜੀਰਨ ਹੋ ਗਏ ਜਾਣ, ਸਿੰਘਾਂ ਨੂੰ ਬਿਵਰਜਤ ਕੀਤੇ। ਪਰ ਇਕ ਹਵਨ ਕਰਨਾ, ਦੂਜਾ ਹੋਲਾ ਕਰਨਾ, ਸਗੋਂ ਸਾਰਾ ਜਤਨ ਲਾ ਉਜਾਗਰ ਕੀਤੇ। ਹਿੰਦੂ ਭਾਵੇਂ ਭਗਤ ਪ੍ਰਹਿਲਾਦ ਤੋਂ ਹੋਲੀਆਂ ਮਨਾਂਦੇ, ਲਕੜੀਆਂ ਦੀ ਢੇਰੀ ਖੜੀ ਕਰ ਪਹਿਲੋਂ ਰਖਦੇ, ਹੋਲੀ ਅੰਤਲੀ ਵਾਲੇ ਦਿਨ ਜਾਲਦੇ ਅਲਤਾ, ਗੇਰੀ, ਰੰਗ, ਆਦਿ ਪਿਚਕਾਰੀਆਂ ਭਰ ਇਕ ਦੂਜੇ ਤੇ ਪਾਏ ਸੀ। ਪਰ ਹੋਲਾ ਨਾਮ ਗੁਰੂ ਜੀ ਹੀ ਪ੍ਰਚਲਤ ਕੀਤਾ। ਇਹ ਹੋਲਾ ਮਹੱਲਾ ਦਿਵਸ, ਗੁਰੂ ਬਾਲਕ ਸਿੰਘ

Sri Satguru Jagjit Singh Ji Elibrary NamdhariElibrary@gmail.com

ਜੀ ਦਾ ਪ੍ਰਕਾਸ ਦਿਵਸ ੧੮੪੧ ਬਿਕ੍ਰਮੀ ਤੋਂ ਪ੍ਰਗਟ ਹੋਇਆ। ਦਸਮ ਜੀ ਬਾਅਦ, ਸਤਿਗੁਰੂ ਰਾਮ ਸਿੰਘ ਜੀ ਜਿਵੇਂ "ਫੇਰ ਕਰੂੰਗਾ ਖਾਲਸਾ" ਗੁਰੂ ਨਾਨਕ ਜੀ ਦੇ ਵਾਕ ਅਨੁਸਾਰ ੧੯੧੪ ਬਿਕ੍ਰਮੀ ਵਾਲੇ ਦਿਨ ਭੈਣੀ ਸਾਹਿਬ ਫੇਰ ਨਵੇਂ ਸਿਰੇ ਸਿੱਖੀ ਦੀ ਸਾਜਨਾ ਕੀਤੀ। ⁰ਪੰਜਾ ਸਿੰਘਾਂ ਨੂੰ ਅੰਮ੍ਰਿਤ ਛਕਾ, ਨਾਮਧਾਰੀ ਰਹਿਤ ਮਰਯਾਦਾ ਦੱਸੀ। ਪੰਥ ਨਾਮਧਾਰੀ ਦੀ ਨੀਂਹ ਰਖੀ। ਇਹ ਫੇਰ ਲੋੜ ਇਸ ਲਈ ਪਈ ਸੀ ਕਿ ਪਿਛਲੀ ਸਿੱਖੀ, ਉਕੱਾ ਉਲਟ ਰਸਤੇ ਪੈ, ਆਪਣਾ ਆਪ ਹੀ ਖੇ ਕਰ ਚੁੱਕੀ ਸੀ। ਸਿਰਫ ਦਾਈ ਸਿੱਖ ਹੀ, ਦਸਮ ਜੀ ਦੇ ਸਿੱਖਾਂ 'ਚੋਂ, ਸਤਿਗੁਰੂ ਰਾਮ ਸਿੰਘ ਜੀ ਨੂੰ ਸਾਬਤ ਮਿਲੇ ਸੀ। ਉਹ ਢਾਈ ਇਹ ਸੀ—(੧) ਬਾਬਾ ਜਮੀਤ ਸਿੰਘ ਜੀ ਕਾਹਨੇ ਕਾਛੇ ਜ਼ਿਲਾ ਲਾਹੌਰ। (੨) ਬਾਬਾ ਲਹਿਣਾ ਸਿੰਘ ਜੀ ਘਰਜਾਖ ਜ਼ਿਲ੍ਹਾ ਗੁਜਰਾਂਵਾਲਾ, ਹਰੀ ਸਿੰਘ ਜੀ ਨਲੂਏ ਦੇ ਜਵਾਈ। ਅੱਧ, ਬਾਬਾ ਜਮੀਤ ਸਿੰਘ ਜੀ ਗਿੱਲ ਜ਼ਿਲ੍ਹਾ ਸਿਆਲਕੋਟ।

ਗੁਰੂ ਸਾਹਿਬ ਦੇ ਹੋਲਾ ਮਹੱਲਾ ਦੀ ਰੀਤ ਨੂੰ, ਸਤਿਗੁਰੂ ਰਾਮ ਸਿੰਘ ਜੀ ੧੯੨੨ ਬਿਕ੍ਰਮੀ ਨੂੰ ਖੋਟੇ ਜ਼ਿਲ੍ਹਾ ਫੀਰੋਜ਼ਪੁਰ ਤੋਂ ਸ਼ੁਰੂ ਕੀਤਾ। ਜਿਵੇਂ ੧੯੨੦ ਨੂੰ ਅਨੰਦ ਮਰਯਾਦਾ ਦਾ ਮੁੱਢ ਭੀ ਇਸੇ ਨਗਰ ਤੋਂ ਹੀ ਸਤਿਗੁਰੂ ਜੀ ਬੰਨ੍ਹਾ ਸੀ। ਮੈਂ ਇਸੇ ਹੋਲੇ ਦੇ ਮੁੱਢ ਅਰੰਭ ਤੋਂ, ਆਪਣੇ ਲਿਖੇ ਇਸ ਪੁਸਤਕ ਦਾ ਸਾਲ ਅਰੰਭ ਭੀ, ਉਸੇ ਆਸੇ ਤੋਂ ਕਰਦਾ ਹਾਂ। ਜਿਵੇਂ ਸਾਡੀ ਨਾਮਧਾਰੀਆਂ ਦੀ ਧਾਰਨਾ, ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ, ਗੁਰੂ ਬਾਲਕ ਸਿੰਘ ਜੀ ਤੋਂ ਟੁਰਦੀ ਹੈ। ਤਿਵੇਂ ਸਾਲ ਦਾ ਅਰੰਭ ਗੁਰੂ ਅਰਜਨ ਦੇਵ ਜੀ ਦੇ ਆਸੇ ਅਨੁਸਾਰ "ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥" ਤੋਂ ਹੀ ਟੁਰਦਾ ਹੈ। ਮੈਂ ਭੀ ਇਸ ਹੋਲਾ ਮਹੱਲਾ ਦਿਵਸ ਨੂੰ ਸਾਰੇ ਸਾਲ ਦਾ ਧਰੂਵਾ ਜਾਣ, ਹੋਰ ਮਹੀਨੇ ਇਸ ਧਰੂਵ ਦੇ ਦੁਆਲੇ, ਤਾਰਾ ਮੰਡਲ ਵਾਂਗੂੰ ਪਰਦੱਖਣਾ ਕਰਨ ਵਾਲੇ ਜਾਣ, ਪੂਰਾ ਹਰ ਸਾਲ ਦਾ ਹੋਲਾ ਹੀ ਰਖਦਾ ਹਾਂ। ਕਿਉਂਕਿ ਸਤਿਗੁਰੂ ਪਰਤਾਪ ਸਿੰਘ ਜੀ, ਹੋਲਿਆਂ ਤੋਂ ਹੀ ਸਾਲਾਂ ਦੀ ਗਿਣਤੀ ਕੀਤਾ ਕਰਦੇ ਸੀ ਤੇ ਕਿਹਾ ਕਰਦੇ ਸੀ, ਨਵਾਂ ਸਾਲ, ਮਹੱਲੇ ਤੋਂ ਅਗਲੇ ਰੋਜ ਹੀ ਸਾਡਾ ਚੜ੍ਹ ਪੈਂਦਾ ਏ।

ਸਤਿਗੁਰੂ ਪਰਤਾਪ ਸਿੰਘ ਜੀ ਦਾ ਪ੍ਰਕਾਸ ੧੯੪੬ ਬਿਕ੍ਰਮੀ ਚੇਤ ਵਦੀ ਤੀਜ, ਮਹੱਲੇ ਤੋਂ ਬਾਅਦ ਇਕ ਦਿਨ ਵਿਚ ਬਿਸ੍ਰਾਮ ਪਾ, ਮੇਰੇ ਇਸ ਲਿਖਣ ਦਾ ਪ੍ਰਕਾਸ ਸਤਿਗੁਰੂ ਜੀ ਦਾ ਪ੍ਰਕਾਸ ਦੱਸਦਾ ਏ। ਮੈਂ ਇਸ ਲਈ ਹੋਲੇ ਤੋਂ ਹੀ ਹਰ ਸਾਲ ਦਾ ਅਰੰਭ ਕਰ, ਹੋਲੇ ਮਹੱਲੇ ਤੇ ਹੀ ਪੂਰਾ ਕਰਦਾ ਹਾਂ।

ਤਰਨ ਸਿੰਘ ਸ੍ਰੀ ਰਾਮ ਪੁਰ ਜ਼ਿਲ੍ਹਾ ਹਿਸਾਰ

ਸਵੈਯਾ

ਹੇ ਗੁਰ ਦੀਨ ਦਿਆਲ ਕ੍ਰਿਪਾ ਨਿਧਿ, ਸਿਧਿ ਸਭੀ ਸਦ ਹੀ ਘਰ ਤੋਰੇ।
ਜਬ ਚਾਹਿ ਹੈ ਤੋਅ ਜੱਸ ਲਿਖਨ ਕੀ, ਤਬ ਕਾਹੇ ਬਸੇ ਮਨ ਆਲਸ ਮੋਰੇ।
ਕਰ ਲਿਖਤ ਰਖੀ, ਕੱਥ ਕਿਉ ਨ ਸੁਝੈ, ਕੁਝ ਹੋਰ ਹੀ ਢੂਡਨ ਕਿਉਂ ਮਨ ਲੋਰੇ।
ਖੁਲ੍ਹੇ ਅਨੁਭਵ, ਸੁਧ ਪਰਸੰਗ ਮਿਲੈਂ, ਕਰ ਜੋਰ ਨਹੀ, ਮੰਗ ਹੋ ਕਰ ਜੋਰੇ।

ਰਹਿਮੀਂ

⁰(੧) ਬਾਬਾ ਕਾਨ੍ਹ ਸਿੰਘ ਜੀ ਚੱਕ ਮਲੇਰ ਕੋਟਲੇ ਦੇ ਨੇੜੇ। (੨) ਲਾਭ ਸਿੰਘ ਜੀ ਰਾਗੀ ਅੰਮ੍ਰਿਤਸਰ ਦੇ। (ਇਹ ਸੂਬੇ ਸਿੰਘ ਸਨ)
(੩) ਆਤਮਾ ਸਿੰਘ ਜੀ ਆਲੋਮਹਾਰ ਜ਼ਿਲਾ ਸਿਆਲਕੋਟ। (੪) ਨੈਣਾ ਸਿੰਘ ਜੀ ਪਿੰਡ ਵਲਿਆਹ ਜ਼ਿਲ੍ਹਾ ਅੰਮ੍ਰਿਤਸਰ।
(੫) ਸੁਧ ਸਿੰਘ ਜੀ ਪਿੰਡ ਦੁਰਗਾਪੁਰ, ਜ਼ਿਲ੍ਹਾ ਜਲੰਧਰ।

Sri Satguru Jagjit Singh Ji Elibrary NamdhariElibrary@gmail.com

## ਰੇਸਾਂ

ਸਤਿਗੁਰੂ ਪਰਤਾਪ ਸਿੰਘ ਜੀ, ਘੋੜਿਆਂ ਦਾ ਦੌੜਾ, ਰੇਸਾਂ ਦਾ ਵੇਖਣ ਤੇ ਰੇਸਾਂ ਵਿਚ ਘੋੜੇ ਦੜੌਣ ਦਾ ਸ਼ੌਕ ਆਮ ਰਖਦੇ। ਲਾਹੌਰ, ਲਖਨਊ, ਮੇਰਠ, ਰਾਵਲਪਿੰਡੀ, ਸ਼ਿਮਲੇ ਸਿੰਘ ਘੋੜੇ ਸਾਂਭਦੇ। ਜਗ੍ਹਾ ਕਰਾਏ ਲੈ, ਉਥੇ ਹੀ ਘੋੜੇ, ਉਥੇ ਹੀ ਸਿੰਘ ਲੰਗਰ ਕਰ ਛਕਦੇ। ਸਤਿਗੁਰੂ ਜੀ ਪਛਾਣ ਕੀਤੀ ਕਿ ਜਾਕੀ (ਘੜ ਦੁੜਾਨ ਵਾਲੇ) ਬੇਈਮਾਨੀ ਕਰਦੇ, ਘੋੜਾ ਖਿਚ ਭੀ ਰਖਦੇ ਤੇ ਨਾ ਹੀ ਪੂਰਾ ਜੋਰ ਦੇ ਦੁੜਾਂਦੇ। ਇਸ ਲਈ ਆਪਣੇ ਸਿੱਖਾਂ ਨੂੰ ਇਸ ਕੰਮ ਲਈ ਤਿਆਰ ਕੀਤਾ। ਟੋਰਨ ਫੇਰਨ ਦਾ ਕੰਮ ਤੇ ਅਗੋਂ ਤੰਣੀ ਸਾਹਿਬ ਆਮ ਹੁੰਦਾ ਹੀ ਸੀ।

ਸਭ ਤੋਂ ਪਹਿਲਾਂ ਭਗਤ ਸਿੰਘ ਤੇਲੇ ਕੇ, ਜ਼ਿਲ੍ਹਾ ਗੁਰਦਾਸਪੁਰ ਦਾ ਜ਼ਿਮੀਦਾਰ ਤਿਆਰ ਹੋਇਆ, ਮਨਜੂਰ ਕਰਾ, ਆਪਣੇ ਘੋੜਿਆ ਤੇ ਜਾਕੀ ਲੱਗਾ। ਫੇਰ ਅਜੈਬ ਸਿੰਘ ਖਿਆਲੇ ਦਾ ਫੇਰ ਸੇਰ ਸਿੰਘ ਵਰਨਾਂ ਦਾ।

ਭਗਤ ਸਿੰਘ ਨੂੰ ਜੇ ਵਜਨ ਹੌਲਾ ਕਰਨਾ ਪਵੇ ਤਾਂ ਕਈ ਰੋਜ ਪ੍ਰਸਾਦ ਘਟ ਛਕਦਾ ਤੇ ਕਈ ਰੋਜ਼ ਉਕਾ ਹੀ ਨਾ ਛਕਦਾ। ਮੁਸ਼ਕਾ, ਜਲਾਬ ਲੈਂਦਾ, ਜਿਤਨਾ ਜੋਗ ਘੋੜੇ ਤੇ ਚੜ੍ਹਨ ਦੇ ਹੁੰਦਾ, ਆਪਣਾ ਭਾਰ ਕਰ ਰਖਦਾ। ਪਰ ਜਰੂਰ ਗੁਰੂ ਕਾ ਘੋੜਾ ਜਿਤਾਂਦਾ। ਜਿੱਤਣ ਨਾਲ ਇਨਾਮ ਭੀ ਮਿਲਦਾ, ਘੋੜੇ ਦੀ ਕੀਮਤ ਭੀ ਵਧ ਜਾਂਦੀ ਸੀ। ਮਾਲਕ ਦੀ ਫੋਟੋ ਆਪਣੇ ਦੇਸ ਤੇ ਹੋਰ ਬਿਦੇਸਾਂ ਵਿਚ ਭੀ, ਹਰ ਰੇਸਾਂ ਦੇ ਸ਼ੌਕੀਆ ਅਮੀਰਾਂ ਨੂੰ ਪਹੁੰਚਦੀ ਸੀ। ਕਿਤਾਬਾ ਵਿਚ ਘੋੜੇ ਦੀ ਤੇ ਉਸ ਦੇ ਮਾਲਕ ਦੀ ਸਿਫਤ ਵਜੋਂ, ਕੁਝ ਦੋਹਾਂ ਦੇ ਖਾਨਦਾਨਾਂ ਦੀ ਸਿਫਤ ਲਿਖੀ, ਛਾਪੀ ਜਾਂਦੀ ਸੀ। ਇਨ੍ਹਾਂ ਰੇਸਾਂ ਵਜੋਂ, ਗੁਰੂ ਕੇ ਲੰਗਰ ਵਿਚ ਮਾਇਆ ਬਹੁਤ ਪੈਂਦੀ। ਗੁਰੂ ਘਰ ਦੇ ਖਾਨਦਾਨ ਤੇ ਬਾਣੇ ਦੀ ਮਸ਼ਹੂਰੀ ਬਹੁਤ ਹੁੰਦੀ। ਰੇਸਾਂ ਵਿਚ ਗਿਆਂ, ਵਾਕਫੀ ਵੱਡੇ ਲੋਕਾਂ ਨਾਲ ਬਹੁਤ ਵਧਦੀ ਸੀ।

ਸਤਿਗੁਰੂ ਜੀ ਬੜੀ ਸ਼ੌਕੀ, ਸਜੀਲੀ ਤੇ ਅਣਖੀਲੀ ਬਿਰਤੀ ਰਖਦੇ ਸੀ। ਭਾਵੇਂ ਕੌਣ ਹੋਵੇ, ਹੱਸ ਮਿਲਦੇ। ਬੇ-ਪ੍ਰਵਾਹ, ਬੇ-ਮੁਹਤਾਜ ਸੁਭਾ ਰਖਦੇ। ਪਿਆਰ ਕਰਦੇ ਨਾਲ ਪਿਆਰ ਕਰਦੇ। ਸਨਾਸਵੰਦ ਦੀ ਪੂਰੀ ਕਦਰ ਕਰਦੇ, ਲਿਹਾਜ ਕਰਦੇ। ਦੌਰੇ ਗਏ ਨੇਜਾਬਾਜੀ ਖੇਡਦੇ, ਦੌੜ ਭੀ ਘੋੜਿਆਂ ਦੀ ਕਰਾਂਦੇ, ਬਲ ਨਾਲ, ਕਸਰਤ ਨਾਲ, ਜਿੱਤਣਾ ਜੋਗ ਜਾਣਦੇ। ਸ਼ਰਤ ਨੂੰ ਅਨਰਥ ਹੀ ਆਖਦੇ। ਬੇਈਮਾਨੀ ਨੂੰ ਬੁਰਾ ਮੰਨਦੇ ਤੇ ਕਰਨ ਵਾਲੇ ਤੋਂ ਪਰ੍ਹੇ ਬਚ ਕੇ ਰਹਿੰਦੇ।

## ਬੇਈਮਾਨ ਨੂੰ ਖਿਮਾਂ

ਏਕ ਸਮੇਂ ਲਾਹੌਰ ਆਪ ਦਾ ਘੋੜਾ ਜਿੱਤਿਆ, ਪਰ ਬੇਈਮਾਨੀ ਨਾਲ ਪਿੱਛੇ ਪਾ ਦਿੱਤਾ ਗਿਆ। ਸਤਿਗੁਰੂ ਜੀ ਕਿਹਾ, ਜੇ ਇਸ ਤਰ੍ਹਾਂ ਕਰੋਗੇ, ਮੈਂ ਰੇਸ ਵਿਚ ਨਹੀਂ ਆਵਾਂਗਾ। ਸੈਕਟਰੀ ਕਿਹਾ, ਬੇਸ਼ਕ ਨ ਆਵੇ। ਇਸ ਰੋਸੋਂ ਹੋਰ ਸਤਿਗੁਰੂ ਜੀ ਦੇ ਜਾਣੂ ਤੇ ਸਤਿਗੁਰੂ ਜੀ ਰੇਸ ਵਿਚ ਆਉਣੋ ਰਹਿ ਗਏ। ਦੋ ਰੇਸਾਂ, ਮਸਾਂ ਰਾਵਲਪਿੰਡੀਓਂ ਘੋੜੇ ਮੰਗਾ ਕੀਤੀਆਂ। ਉਪਰੋਂ ਪੁੱਛ ਹੋਈ ਕਿ ਗੁਰੂ ਜੀ ਤੇ ਹੋਰ ਅਮੀਰ ਰੇਸਾਂ ਵਿਚ ਕਿਉਂ ਨਹੀਂ ਆਉਂਦੇ ? ਜੇ ਇਵੇਂ ਹੀ ਹੋਣਾ ਹੈ, ਆਮਦਨੋਂ ਖਰਚ ਵਧਣਾ ਹੈ, ਤਾਂ ਰੇਸ ਦੀ ਖੇਡ ਹੀ ਬੰਦ ਕਰ ਦਿਉ। ਉਸੇ ਸੈਕਟਰੀ ਸਤਿਗੁਰੂ ਜੀ ਨੂੰ ਮਿਲ, ਮੇਲੀ ਅਮੀਰਾ ਨੂੰ ਸੱਦ ਅਖੀਰ ਭੁੱਲ ਮੰਨੀ ਤੇ ਕਿਹਾ, ਆਪ ਗੁਰੂ ਬਖਸ਼ਿੰਦ ਹੋ, ਏਦੂੰ ਅਗੇ ਐਸੀ ਨਜਾਇਜ਼ ਕੋਈ ਹਰਕਤ ਆਪ ਨਾਲ ਕੀ, ਕਿਸੇ ਨਾਲ ਨ ਹੋਵੇਗੀ। ਤਾਂ ਫੇਰ ਰੇਸ ਵਿਚ ਗਏ।

ਏਕ ਸਮੇ ਦਿੱਲੀ ਰੇਸਾਂ ਦੀਆਂ ਕਲਾਸਾ ਬਨਾਣ ਵਾਲੇ, ਮਨ-ਮਰਜੀ ਵਰਤੀ। ਸਤਿਗੁਰੂ ਜੀ ਕਿਹਾ, ਇਸ ਨੂੰ ਨ ਰੱਖੋ। ਆਮ ਰੇਸਾਂ ਦਾ ਕੰਮ ਚਲਾਣ ਵਾਲੇ ਕੈਪਟਨ ਜੋਲਜ ਅੰਗਰੇਜ ਨੇ ਕਿਹਾ, ਆਪ ਨੂੰ ਕੀ ਅਖਤਿਆਰ ਹੈ ਮੈਨੂੰ ਹਟਾਣ ਦਾ ? ਸੈਕਟਰੀ ਨੂੰ ਕਿਹਾ, ਉਹ ਭੀ ਨ ਮੰਨਿਆ। ਸਤਿਗੁਰੂ ਜੀ ਦੋ ਡੇਢ ਸਾਲ ਰੇਸ ਵਿਚ ਨ ਗਏ। ਉਸ ਦੀਆਂ ਬੇਈਮਾਨੀਆਂ ਜ਼ਾਹਰ ਹੋਈਆਂ ਤੇ ਉਹ ਕਢਿਆ ਗਿਆ, ਤਾਂ ਰੇਸ 'ਚ ਗਏ।

## ਗੋਰੇ ਨਿਓਂਦੇ

ਸਤਿਗੁਰੂ ਜੀ ਨੂੰ ਸਭ ਸਿਆਣੇ, ਅਫਸਰ ਦੇਸੀ ਤੇ ਅੰਗਰੇਜ਼ ਨਿਊਂ ਕੇ ਮਿਲਦੇ ਤੇ ਮਹਾਰਾਜ ਜੀ ਕਹਿ ਬੁਲਾਂਦੇ। ਸਤਿਗੁਰੂ ਰਾਮ ਸਿੰਘ ਜੀ ਨੂੰ ਚਿੱਲੇ ਨੇ, ਬਿਦੇਸ ਲਿਜਾਣ ਸਮੇਂ ਜੋ ਕਿਹਾ ਸੀ ਕਿ ਤੇਰੇ ਦੇਸ ਵਿਚ ਤੇਰਾ ਨਾਮ ਲੈਣ ਵਾਲਾ, ਤੇਰੀ ਮਰਜੀ ਦਾ ਪ੍ਰਚਾਰ ਕਰਨ ਵਾਲਾ, ਹੁਣ ਅਸਾਂ ਕੋਈ ਨਹੀਂ ਰਹਿਣ ਦਿੱਤਾ, ਤੈਨੂੰ ਬਿਦੇਸ ਲੈ ਚਲੇ ਹਾਂ। ਹੁਣ ਦੱਸ ਤੇਰਾ ਭੀ ਕੋਈ ਨਾਮ ਲਵੇਗਾ ? ਤਾਂ ਸਤਿਗੁਰੂ ਰਾਮ ਸਿੰਘ ਜੀ ਗੋਰੇ ਨੂੰ ਜੋ ਉਤਰ ਦਿੱਤਾ ਸੀ, "ਹੁਣ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।" ਸੋ ਸਭ ਬਚਨ ਹੁਣ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਪੂਰੇ ਉਤਰਦੇ, ਪ੍ਰਤੱਖ ਜਾਪਦੇ ਸੀ। ਸਭ ਭਾਰਤੀ, ਪੰਜਾਬੀ, ਚਿੱਲੇ ਦੇ ਉਲਟ ਉਠ ਰਹੇ ਸੀ। ਤੇ ਉਹ ਸਤਿਗੁਰੂ ਜੀ ਵਾਲੀ ਅਜਾਦੀ ਦੀ ਲਹਿਰ ਜੋਰ ਫੜ ਰਹੀ ਸੀ। ਸਤਿਗੁਰੂ ਜੀ ਨੂੰ, ਗੋਰੇ ਰੇਸਾਂ ਵਿਚ ਮਹਾਰਾਜ ਜੀ ਕਹਿ ਬੁਲਾਂਦੇ, ਤੇ ਟੋਪ ਉਤਾਰ ਨਿਊਂ ਮਿਲਦੇ ਸੀ। ਛੋਟੇ ਸਤਿਗੁਰੂ ਜੀ ਦੀ ਸਮੇਤ ਘੋੜਿਆਂ ਤੇ ਸਾਂਭਣ ਵਾਲੇ ਸਿੱਖਾਂ ਦੇ, ਵਲੈਤ ਜਾਂਦੀਆਂ ਤੇ ਮਾਣ ਪਾਂਦੀਆਂ ਸੀ। ਸਤਿਗੁਰੂ ਜੀ ਦਾ ਖਾਨਦਾਨ ਗੋਰਿਆਂ ਨੂੰ ਵੱਡਾ ਮੰਨਣਾ ਪੈਂਦਾ ਸੀ।

## ਮੇਲੇ ਕਿੱਥੇ ਕਿੱਥੇ ?

ਸਤਿਗੁਰੂ ਜੀ ਹਰ ਵੈਸਾਖੀ ਤੇ ਦੀਪਮਾਲਾ ਨੂੰ ਅੰਮ੍ਰਿਤਸਰ ਦਰਸਨ ਦੇਂਦੇ। ਨਿਮਾਣੀ ਤੇ ਬਸੰਤ ਦਾ ਮੇਲਾ ਭੈਣੀ ਸਾਹਿਬ ਕਰਦੇ। ਭਾਦਰੋਂ ਦੀ ਮੱਸਿਆ ਤਰਨ ਤਾਰਨ, ਚੇਤ ਚੋਦੇ ਹਰੀ ਪੁਰ ਵੱਡ ਤੀਰਥ ਤੇ ਦਰਸਨ ਦੇਂਦੇ। ਵਾਕਫੀ ਤੇ ਪ੍ਰਚਾਰ ਦੇ ਅਰਥ ਲੰਗਰ ਤੇ ਦੀਵਾਨ ਹੁੰਦੇ ਹਰ ਮੇਲੇ ਤੇ ਖੁਲ੍ਹੇ। ਸੌਣ, ਭਾਦਰੋਂ 'ਚਾਹਲੀਆਂ ਨਹਿਰ ਤੇ ਸਦਾ ਕਰਦੇ। ਨਨਕਾਣੇ ਗੁਰ ਨਾਨਕ ਪ੍ਰਕਾਸ ਕੱਤਕ ਦੀ ਪੂਰਨਮਾਸੀ, ਦੁਸਹਿਰਾ ਗੁਜਰਾਂਵਾਲੇ, ਮਾਘੀ ਮੁਕਤਸਰ, ਸਮੇਤ ਸੇਵਕਾਂ ਦੇ ਦਰਸਨ ਦੇਂਦੇ। ਲਾਂਗਰੀ, ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ, ਸੰਤ ਜਿਊਣ ਸਿੰਘ ਜੀ ਅੰਮ੍ਰਿਤਸਰ ਵਾਲੇ ਗੁਰੂ ਜੀ ਦੇ ਹੁਕਮ ਨਾਲ ਲਗੇ ਸੀ। ਫੇਰ ਹਰਨਾਮ ਸਿੰਘ ਪੱਖੋ, ਫੇਰ ਪਹਾੜਾ ਸਿੰਘ, ਵਜੀਰ ਸਿੰਘ ਜੀ ਦੇ ਆਇਆਂ, ਲਾਲ ਸਿੰਘ ਬਲ੍ਹਆਣੀਆਂ ਜਾਂ ਹੋਰ ਕੋਈ ਬਦੀ ਲਗਦਾ, ਪਰ ਲਾਂਗਰੀਆਂ ਤੋਂ ਹੀ ਬਹੁਤਾ ਵਜੀਰ ਸਿੰਘ ਜੀ ਕੰਮ ਲੈ, ਸਾਰਾ ਸੇਵਾ ਦਾ ਸਮਾਂ ਸਾਰ ਲੈਂਦੇ। ਸਤਿਗੁਰੂ ਜੀ ਆਦਿ ਤੋਂ ਆਪ ਭੀ ਲੰਗਰ ਕਰਨਾ, ਜਲ ਭਰਨਾ, ਦਾਲਾ ਭਾਜਾ ਬਣੌਣਾ, ਮਾਤਾ ਜੀ ਤੇ ਲਾਂਗਰੀਆਂ ਤੋਂ ਪੁੱਛ ਸਿੱਖੇ ਹੋਏ ਸੀ। ਆਪ ਭੀ ਆਲਕ ਨ ਕਰਦੇ, ਲੋੜ ਲਗੀ ਲੱਗ ਪੈਂਦੇ।

### ਪਹਿਰਾਵਾ

ਹਰ ਚਿਲ੍ਹੇ 'ਚ, ਹਰ ਮੇਲੇ 'ਚ, ਸ਼ੌਕ ਨਾਲ ਰਾਗੀਆਂ ਨੂੰ ਤੇ ਗੁਣੀਆਂ ਨੂੰ ਸੱਦ, ਚੌਂਕ ਮਿਲਦੇ। ਬਰਦੀ ਸਾਧ ਸੰਗਤ ਵਿਚ ਸਾਦੀ, ਦਸਤਾਰਾ ਸਿਧਾ ਮੇਲਿਆਂ ਸਮੇਂ ਰੱਖਦੇ। ਆਮ ਸਮੇਂ ਤੇ ਘੋੜੇ

Sri Satguru Jagjit Singh Ji Elibrary NamdhariElibrary@gmail.com

ਦੀ ਸਵਾਰੀ ਸਮੇਂ, ਤਲੇ ਪਰਨਾ, ਉੱਤੇ ਸਰਦਾਰਾਂ ਵਾਗੂੰ ਪੱਗ ਬੰਨ੍ਹਦੇ। ਹਰ ਜ਼ਿਲੇ ਤੇ ਰਿਆਸਤਾਂ ਵਿਚ, ਸਿੱਖਾਂ ਦੀਆ ਅਰਜਾਂ ਪਾਰੋਂ ਦਰਸਨ ਦੇਂਦੇ। ਜੋੜਾ ਤੇ ਚੋਗਾ ਬੜਾ ਤਿਲੇਦਾਰ ਪਹਿਨਦੇ। ਬਿਸ਼ਨ ਸਿੰਘ ਦਰਜੀ ਭੈਣੀ ਸਾਹਿਬ ਦੇ, ਤੇ ਲਾਹੌਰ ਦੇ ਇਕ ਦਰਜੀ ਤੋਂ, ਕੰਠੇ ਤਰ੍ਹਾਂ ਗਲਮਾ ਕਢਾ, ਕੋਟ ਚੋਗਾ ਪਹਿਨਦੇ। ਨੋਕਦਾਰ ਦਸਤਾਰ ਦੀ ਫੋਟੋ ਸਮੇਤ ਭਾਈ ਵਜ਼ੀਰ ਸਿੰਘ ਜੀ ਦੇ, ਆਪ ਦੀ ਲਾਹੌਰ ਦੇ ਇਕ ਫੋਟੋਗ੍ਰਾਫਰ ਲਾਹੀ ਸੀ। ਜੋ ਸ਼ੀਸ਼ੇ ਵਿਚ ਜੜੀ ਮੈਂ ਜੀਵਨ ਨਗਰ ਦੇਖੀ ਹੈ। ਤਿੱਲੇ ਦਾ ਜੋੜਾ, ਜਿਵੇਂ ਸਤਿਗੁਰੂ ਰਾਮ ਸਿੰਘ ਜੀ ਦਾ ਹੁਸਿਆਰਪੁਰੀ ਹੁੰਦਾ ਸੀ, ਤੇ ਚੋਗਾ ਭੀ ਮੈਂ ਪਹਿਰਿਆ ਦੇਖਿਆ ਹੈ। ਇਕ ਚੋਗਾ ਮੇਰੇ ਪਾਸ ਭੀ ਹੈ। ਇਹ ਮੈਂ ਸੱਚ ਲਿਖਣ ਦੇ ਸਬੂਤ ਲਈ ਗੁਰੂ ਜੀ ਦੀ ਟੇਢੀ ਦਸਤਾਰ ਲਿਖੀ ਹੈ ਤੇ ਦੱਸੀ ਹੈ।

ਤਰਨ ਸਿੰਘ ਸ੍ਰੀ ਰਾਮ ਪੁਰ ੧ ਭਾਦਰੋਂ ੨੦੨੧ ਬਿ:

ਨੇਜ਼ਾਬਾਜ਼ੀ ਆਦਿ, ਹਰ ਜ਼ਿਲ੍ਹੇ ਵਿਚ ਜਾ, ਸਿੱਖਾਂ ਦੀ ਰੀਝ ਨੂੰ, ਆਪ ਖੇਡਾਂ ਕਰ ਵਿਖਾਂਦੇ। ਜਦ ਲੋਕ ਕਹਿੰਦੇ, ਇਹਨਾਂ ਤੇ ਕੁਝ ਨਹੀਂ ਬਣਿਆ ਤਾਂ ਪਤਲੇ ਪਾਸੇ ਦਾ ਕਿੱਲਾ ਗਡਾ, ਕਈ ਵਾਰ ਵਿਚ ਦੀ ਨੇਜ਼ਾ ਪਾਰ ਕਰ, ਉੱਚਾ ਅੜਾ ਲੈ ਜਾ ਵਿਖਾਂਦੇ।

## *ਲੰਗਰ ਸਤਕਾਰ*

ਭੈਣੀ ਸਾਹਿਬ ਹੁੰਦੇ, ਬਾਲਕਾਂ ਨੂੰ ਬਦਾਮ ਵੰਡਦੇ ਰਾਮਸਰੋਂ ਆਉਂਦੇ। ਮਾਤਾ ਜੀ, ਲੋਹ ਸਤਿਗੁਰੂ ਜੀ ਦੀ ਲਾਈ ਤੇ ਵੜ੍ਹੇ ਮੰਦਰ ਅੰਦਰ ਜਾ, ਸਤਿਗੁਰੂ ਰਾਮ ਸਿੰਘ ਜੀ ਦੇ ਸਿੰਘਾਸਨ ਨੂੰ ਮੱਥਾ ਟੇਕਦੇ। ਇਕ ਸਿੱਖ ਇਕ ਦਿਨ ਆਪ ਤੋਂ ਪੁੱਛਿਆ, ਲੋਹ ਤੇ ਸਿੰਘਾਸਨ ਸਤਿਗੁਰੂ ਜੀ ਦੇ ਨੂੰ ਮੱਥਾ ਟੇਕਣਾ, ਬੁਤ ਪੂਜਾ ਨਹੀਂ ? ਤਾਂ ਉਤਰ ਦਿਤੇ ਨੇ, ਲੋਹ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਸਾਡੀ ਸੱਤਾ ਰੂਪ ਏ। ਜਿਚਰ ਇਹ ਇਕ ਰਸ ਚਲਦੀ ਏ, ਉਚਰ ਕਿਸੇ ਗੱਲ ਦਾ ਘਾਟਾ ਨਹੀਂ ਪੈਂਦਾ, ਤੇ ਕਿਸੇ ਵਲ ਦੀ ਸਾਡੇ ਤੇ ਦਾਲ ਨਹੀਂ ਗਲਦੀ। ਸਤਿਗੁਰੂ ਜੀ ਦਾ ਇਸ ਨੂੰ ਚਲਦੀ ਰਖਣ ਦਾ ਹੁਕਮ ਚੇਤੇ ਕਰ ਇਸ ਨੂੰ ਦੇਖਦਿਆਂ ਹੀ, ਦਿਲ ਤੇ ਅਸਰ ਆ, ਵੱਸ, ਅਵੱਸ, ਸਿਰ ਨਿਵਾ ਲੈਂਦਾ ਏ। ਮੈਂ ਤੇ ਚਾਹੁੰਦਾ ਹਾਂ, ਜਿਸ ਲੰਗਰ ਵਿਚੋਂ ਸਤਿਗੁਰੂ ਜੀ ਦਾ ਨਾਮ ਲੈ ਅਰਦਾਸਾ ਹੋ, ਇਕ ਰਸ ਸਭ ਆਏ ਨੂੰ ਪ੍ਰਸਾਦ ਵਰਤੇ, ਓਸ ਲੰਗਰ ਨੂੰ, ਹਰ ਨਗਰ, ਘਰ, ਜਿਥੇ ਭੀ ਕੋਈ ਹੋਵੇ, ਰੋਜ਼ ਮੱਥਾ ਟੇਕਣਾ ਚਾਹੀਦੈ। ਉਹ ਰਾਮ ਦੀ ਹੀ ਲੋਹ ਲੰਗਰ ਹੁੰਦੇ ਤੇ ਸਥਾਨ ਦੇਖ, ਮਨੋਂ-ਭਾਵ ਮਹਾਂਪੁਰਖਾਂ ਦੇ ਅੰਦਰ ਆ, ਨਿਉਂ ਉਨ੍ਹਾਂ ਦਾ ਅਦਬ ਆਦਰ ਕਰਨਾ ਹੁੰਦਾ ਏ। ਜੋ ਚਾਹੀਦੈ, ਇਹ ਬੁਤ ਪੂਜਾ ਨਹੀਂ।

ਜਿਵੇਂ ਆਪ ਦਾ ਅਗੇ ਤਪ ਵਲ ਸੁਭਾ, ਤੇਜ਼ੀ ਨਾਲ ਸਾਰਾ ਲਗ ਗਿਆ ਸੀ, ਤਿਵੇਂ ਇਸ ਸਮੇਂ ਤੇਜਵਾਨ ਗਿਆਨਵਾਨ ਹੋਣ, ਵਾਕਫੀ ਵਧਾਨ ਵੱਲ ਆਪ ਦਾ ਧਿਆਨ ਆਮ ਰੁਝਾ ਰਖਦਾ ਸੀ। ਜਿਵੇਂ ਅਗੇ ਇਕਾਂਤੀ ਬਹੁਤੇ ਬਣੇ ਰਹਿੰਦੇ ਸੀ, ਤਿਵੇਂ ਹੁਣ ਰੌਣਕੀ ਬਹੁਤੇ ਬਣੇ ਰਹਿੰਦੇ ਸੀ।

## *ਸ਼ਬਦੀ-ਰਾਗੀ*

ਸੰਤ ਮੋਹਨ ਸਿੰਘ ਜੀ ਵਡਾਲੇ ਜੌਹਲਾਂ ਜ਼ਿਲ੍ਹਾ ਅੰਮ੍ਰਿਤਸਰ ਦੇ ਆਪ ਨਾਲ ਪਰਮ ਪ੍ਰੇਮ ਪਰਚੇ ਵਾਲੇ ਸਾਧੂ, ਸ਼ਬਦੀ ਸਦਾ ਸਾਥ ਰਹਿੰਦੇ। ਇਹਨਾਂ ਦੀ ਸੁਰ ਤੇ ਧਾਰਨਾਂ, ਬੜੀਆਂ ਰਸਭਰੀਆਂ ਸੀ। ਇਹਨਾਂ ਦੇ ਢੋਲਕਈ ਸੰਤ ਇੰਦਰ ਸਿੰਘ ਜੀ ਚੁਗਾਵੇਂ ਦੇ ਸਭ ਢੋਲਕਈਆਂ ਦੇ ਉਸਤਾਦ ਜੇ ਕਹਿ ਦੇਵਾਂ ਤਾਂ ਭੀ ਠੀਕ ਹੀ ਹੈ। ਐਸੀ ਢੋਲਕ ਵਜਾਂਦੇ ਜੋ ਨਿਰੀ ਢੋਲਕ ਹੀ ਵੱਜੇ ਤਾਂ ਭੀ ਰਸ ਹੀ ਰਸ ਪਿਆ ਚੋ.ਚੋ ਪੈਂਦਾ ਸੀ।

ਸੰਤ ਲਾਲ ਸਿੰਘ ਜੀ ਕੂਰੇ ਗਿੱਲੀਏ, ਆਪਣੇ ਨਾਲ ਰਾਗੀ ਕਾਲੂ, ਮਤੂ ਨੂੰ ਰਖਦੇ। ਸੋ ਭੀ

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਦੇ ਸਾਥ ਹੀ ਦੌਰਿਆਂ ਵਿਚ ਰਹਿੰਦੇ। ਇਹ ਸੰਤ ਜੀ ਸਬਦ ਭੀ ਬੜੇ ਪ੍ਰੇਮ ਨਾਲ ਪੜ੍ਹਦੇ। ਵਿਆਖਿਆ ਬਹੁਤ ਅਨੁਭਵ ਭਰੀ, ਖਰੀ ਖਰੀ ਮਹਾਂਪੁਰਖਾਂ ਦੇ ਮਤਲਬ, ਮਸਤਾ ਦੇ ਮਨ ਤੇ ਮਜਲ ਦੀ ਵਰਤਦੀ ਕਰਦੇ।

## ਪ੍ਰਸਪਰ ਸਨਮਾਨ

ਮਾਤਾਵਾਂ ਦੀਵਾਨ ਵਿਚ ਸਤਿਗੁਰੂ ਜੀ ਨੂੰ ਹੋਰ ਸਭ ਸੰਗਤ ਵਾਂਗੂ ਹੀ ਹੱਥ ਜੋੜ ਨਮਸਕਾਰ ਕਰਦੀਆਂ। ਸਤਿਗੁਰੂ ਜੀ ਮੰਦਰਾਂ ਵਿਚ ਮਾਤਾ ਜੀ ਦੀ ਚਰਨੀਂ ਹੱਥ ਲਾਂਦੇ। ਮਾਤਾ ਜੀ ਅਗੋਂ ਹੱਥ ਜੋੜ ਖੜੇ ਸਤਿ ਸ੍ਰੀ ਅਕਾਲ ਬੋਲਦੇ।

## ਪਾਠ ਤੇ ਕੈਦ

ਹਰ ਮੇਲੇ ਤੇ ਇਤਲਾਹ ਦੇਣੀ ਪੈਂਦੀ ਸੀ ਜ਼ਿਲ੍ਹੇ ਨੂੰ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸਨ ਨਮਿਤ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੇ ਪਾਠ ਹੁੰਦੇ ਸੀ। ਭਾਵੇਂ ਕੁਝ ਔਖ ਹੋਵੇ। ਉਹ ਸਮਾਂ, ਮੇਰੇ ਇਸ ਇਤਿਹਾਸ ਤੋਂ ਪਹਿਲਾ ਦਾ ਹੈ। ਉਹ ਕਰੜਾਈ ਸਮਾਂ ਵੇਖਣ ਲਈ, ਸਤਿਜੁਗ ਦਾ ਪਾਠ ਅੰਕ, ਤੇ ੨੦੧੦ ਬਿ: ਦਾ ਬਸੰਤ ਨੰਬਰ, ਵੇਖ। ਮੈਂ ਭਾਵੇਂ ਮੇਲਿਆਂ, ਪਾਠ, ਭੋਗ ਤੇ ਸਰਕਾਰ ਵਲੋਂ ਸਖਤੀ ਦਾ ਵੇਰਵਾ ਪਿਛੇ ਨਹੀਂ ਲਿਖਿਆ। ਹੁਣ ਲਿਖਦਾ ਹਾਂ। ਹੁੰਦਾ ਸਭ ਕੁਝ ਕੂਕਿਆਂ ਵਲੋਂ ਤੇ ਸਰਕਾਰ ਵਲੋਂ, ਉਵੇਂ ਹੀ ਸੀ, ਜਿਵੇਂ ਕਿ ਸੰਤ ਗੰਡਾ ਸਿੰਘ ਜੀ ਖਿਆਲਾ, ਜ਼ਿਲ੍ਹਾ ਅੰਮ੍ਰਿਤਸਰ ਵਾਲਿਆਂ, ਸਰਕਾਰੇ ਇਤਲਾਹ ਦੇ ੧੯੭੦ ਵਿਚ ੧੦੦ ਅਖੰਡ ਪਾਠ ਕਰਨ ਦੇ ਥਾਂ ੧੦੧ ਕੀਤਾ ਸੀ ਤੇ ਚੁਗਲਾਂ ਦੇ ਕਹੇ ਮੈਜਿਸਟ੍ਰੇਟ ਸੰਤ ਜੀ ਨੂੰ ੩ ਮਹੀਨੇ ਦੀ ਸਜ਼ਾ ਦਿੱਤੀ ਸੀ, ਤਾੜਨਾ, ਦਬਾ ਰਖਣ ਲਈ।

ਮਹਾਰਾਜ ਗੁਰਦਿਆਲ ਸਿੰਘ ਜੀ, ਇਸ ਸਮੇਂ ਕਾਂਗਰਸ ਨਾਲ ਮਿਲ, ਕੁਝ ਹੋਰ ਸਾਧਾਂ ਨੂੰ ਸਾਥ ਲੈ, ਕੰਮ ਕਰਦੇ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦਾ ਇਤਿਹਾਸ, ਉਜਾਗਰ ਕਰਨ ਲਈ, ਖੋਜ ਕਰ, ਗੁਰਮੁਖੀ, ਹਿੰਦੀ ਤੇ ਅੰਗਰੇਜ਼ੀ ਵਿਚ, ਲੇਖ ਭੀ ਅਖਬਾਰਾਂ ਵਿਚ ਦੇਂਦੇ ਸੀ। ਨਾਮਧਾਰੀਆਂ ਤੇ ਬੀਤੀਆਂ ਦੱਸਦੇ, ਅਗੋਂ ਹੋ ਰਹੀਆਂ ਤਕਲੀਫਾਂ ਤੋਂ ਛੁੱਟਣ ਲਈ, ਕਮਰਕੱਸੇ ਕਰਦੇ, ਤਿਆਰੀ ਕਰਦੇ ਸੀ।

## ਇਕੋਤਰੀ

ਸੰਤ ਜਵੰਦ ਸਿੰਘ ਜੀ ਜ਼ਿੰਦਾ ਸ਼ਹੀਦ, ਖਿਆਲੇ ਵਾਲਿਆਂ, ਸਤਿਗੁਰੂ ਜੀ ਨਾਲ ਸਲਾਹ ਮੇਲ, ਸਰਕਾਰੇ ਇਤਲਾਹ ਦੇ ਛੁੱਟੀ ਲੈ, ੧੦੧ ਅਖੰਡ ਪਾਠ, ਵੈਸਾਖ ਵਿਚ ਆਪਣੇ ਪਿੰਡ ਅਰੰਭਿਆ। ਇਕ ਪਾਠ ਜੋਗ, ੧੪ ਸਰੀਰ ਲੋੜੀਂਦੇ ਸੀ। ਕਈ ਬੀੜਾਂ ਭੀ ਇਤਨੇ ਪਾਠਾਂ ਲਈ ਲਿਔਣ ਹਿੱਤ ਟੁਰੇ। ਬਹੁਤ ਸੰਗਤ ਜੁੜੀ, ਪਾਠ ਟੁਰੇ। ਤੇ ਕੁਝ ਹੀ ਪਾਠ ਹੋਏ, ਵਰਖਾ ਸ਼ੁਰੂ ਹੋਈ। ਨਾ ਗਾਹ ਪੈਣ, ਨਾ ਖ਼ੁਸ ਜੁਪੇ। ਲੰਗਰ ਜੋਗ, ਸੰਤ ਜੀ ਘਰਾਂ ਵਿਚੋਂ ਆਟਾ, ਫੇਰਾ ਮਾਰ ਲਿਔਂਦੇ। ਜੇ ਲੋੜ ਪਵੇ ਦੂਜਾ ਫੇਰਾ ਭੀ ਮਾਰਦੇ। ਕਣਕਾਂ ਖੜੀਆਂ ਦੇ, ਸਿੱਟੇ ਲਾਹ ਕੁੱਟ ਚੱਕੀਆਂ ਵਿਚ ਪੀਸਦੇ। ਮਾਈਆਂ ਰੀਝ ਨਾਲ, ਰੋਜ ਪੂਰੀ ਸੇਵਾ ਨਗਰ ਦੀਆਂ ਕਰਦੀਆਂ। ਸੰਤ ਜੀ ਦੇ ਪਿਆਰ ਤੇ ਪ੍ਰਤਾਪ ਪਾਰੋਂ, ਮਹੀਨੇ ਭੋਗ ਵਿਚ ਪਾਠ ਸਿਰੇ ਚੜ੍ਹੇ। ਬੜੇ ਰੀਝ, ਚਾ ਨਾਲ ਹਰ ਚੀਜ ਨਗਰ ਨੇ ਦਿੱਤੀ। ਸਤਿਗੁਰੂ ਜੀ ਸਮੇਤ ਸਭ ਦੀਆਂ ਖੁਸ਼ੀਆਂ ਰਹੀਆਂ।

## ਪਾਤਸ਼ਾਹੀ ਬਾਰ੍ਹਵੀਂ

ਨਿਮਾਣੀ ਦੇ ਮੇਲੇ ਤੇ, ਇਸ ਸਾਲ ਅਰਦਾਸੇ ਤੇ ਚਰਚਾ ਚਲੀ, ਇਕ ਦਿਨ ਇਕੱਠ

Sri Satguru Jagjit Singh Ji Elibrary NamdhariElibrary@gmail.com

ਹੋਇਆ। ਇਹਨੀਂ ਦਿਨੀਂ, ਡੇਰੇ ਦੀ ਮੁਖਤਾਰੀ ਲਾਲ ਸਿੰਘ ਬਲ੍ਹਆਣੀਏ ਦੀ ਸੀ। ਸਲਾਹ, ਸੰਮਤੀ, ਸ੍ਰੀ ਸਤਿ ਗੁਰੂ ਜੀ, ਲਾਲ ਸਿੰਘ ਜੀ ਲਤਾਲਾ ਤੇ ਸੰਤ ਜਵੰਦ ਸਿੰਘ ਜੀ ਦੀ ਵਰਤਦੇ ਸੀ।

ਸਤਿਗੁਰੂ ਜੀ ਸਾਧ ਸੰਗਤ ਵਿਚ ਬਚਨ ਕੀਤਾ। ਜਦ ਸਤਿਗੁਰੂ ਰਾਮ ਸਿੰਘ ਜੀ ਵਲੋਂ, ਗੁਰੂ ਹਰੀ ਸਿੰਘ ਜੀ ਜੋਗ ਸਿਰ-ਕਰਤਾ ਜਾਨਣ ਦਾ ਹੁਕਮ ਹੈ, ਤੇ ਗੁਰੂ ਹਰੀ ਸਿੰਘ ਜੀ ਵਲੋਂ, ਪਾਤਸਾਹੀ ਬਾਰ੍ਹਵੀ ਕਹਿ ਅਰਦਾਸਾ ਕਰਨ ਦਾ ਹੁਕਮ ਹੈ ਤਾਂ ਕਈ ਸਿੱਖ, ਕਿਉਂ ਪਾਤਸਾਹੀ ੧੦, ਕਹਿ ਅਰਦਾਸਾ ਕਰਦੇ ਹਨ। ਫੈਸਲਾ ਹੋਣਾ ਚਾਹੀਦੈ। ਮਨ-ਮਰਜ਼ੀ ਕੀਤੀ ਜਾਂਦੀ ਹੈ, ਜਾਂ ਗੁਰਮਤ ਹੁੰਦੀ ਹੈ?

ਸੰਤ ਲਾਲ ਸਿੰਘ ਜੀ ਲਤਾਲਾ, ਤੇ ਮਹੰਤ ਸੇਵਾ ਸਿੰਘ ਜੀ ਸੁਧਾਰੀ-ਮਾਜਰਾ ਨੇ ਕਿਹਾ, ਜਦ ਇਹ ਮਾਮਲਾ ਸਾਫ ਹੋ ਚੁੱਕਾ ਹੋਇਆ ਹੈ ਤਾਂ ਇਹ ਫੇਰ ਕਿਉਂ, ਕੂਕਿਆਂ ਵਿਚ ਕਸਰ ਵਰਤਦੀ ਏ। ਇਕ ਸਿੱਖ ਕਿਹਾ, ਸਾਨੂੰ ਸਭ ਨੂੰ ਪਤਾ ਲਗਣਾ ਚਾਹੀਦੈ, ਕਿ ਪਾਤਸ਼ਾਹੀ ਦਸਵੀਂ ਦਾ ਉਚਾਰਨ, ਕਿਵੇਂ ਬਾਰ੍ਹਵੀਂ ਦਾ ਕਹਿਣ ਜੋਗ ਹੋ ਗਿਆ। ਤਾਂ ਸੰਤ ਜਵੰਦ ਸਿੰਘ ਜੀ ਕਿਹਾ, ਲੰਗਰ ਵਾਲੀ ਖੂਹੀ ਪਾਣੀ ਘੱਟ ਦੇਂਦੀ ਕਰ, ਉਪੇਰ ਨਵੀਂ ਲਾਣੀ ਟੁੱਥਕੇ ਉਸਾਰਨੀ ਅਰੰਭੀ ਸੀ, ਤੇ ਵਿੰਗੀ ਹੋ ਗਈ ਸੀ। ਗੁਰੂ ਹਰੀ ਸਿੰਘ ਪਾਸ ਅਰਜ ਕੀਤੀ। ਉਹਨਾਂ ਕਿਹਾ, ਅਰਦਾਸਾ ਅਰੰਭ ਦਾ ਕਿਸ ਕੀਤਾ ਸੀ? ਪਤਾ ਲਗਾ ਰਾਏ ਸਿੰਘ ਖਟੜਿਆਂ ਦੇ। ਤਾਂ ਗੁਰੂ ਜੀ ਕਿਹਾ, ਉਸ ਪਾਤਸਾਹੀ ੧੦ ਕਹਿ ਕੀਤਾ ਹੋਣੈ? ਉਹ ਸੁਣ ਚੁੱਪ ਕਰ ਰਿਹਾ। ਗੁਰੂ ਜੀ ਵਿਚ ਖੜੇ, ਗੁਰਦਿੱਤ ਸਿੰਘ ਮੋਰੇ ਵਾਲਿਆਂ ਤੋਂ ਪਾਤਸ਼ਾਹੀ ਬਾਰ੍ਹਵੀ ਕਹਿ ਅਰਦਾਸਾ ਕਰਾਇਆ ਤੇ ਕਿਹਾ, ਹੁਣ ਕਿਹੋ ਕਿ ਵਿੰਗੀ ਉਸੱਰੇ। ਖੂਹੀ ਸੁਧ ਉਸਰੀ ਪਾਣੀ ਪੂਰਾ ਵੇਖ ਲਵੋ ਦੇਂਦੀ ਹੈ।

ਸੰਤ ਜੀ ਦੱਸਿਆ, ਏਕ ਕੁਤੀਆਂ, ਤੇ ਹੋਰ ਸਿੱਖਾਂ ਦਾ, ਇਹੋ ਝੇੜਾ ਹੋਇਆ ਸੀ। ਗੁਰੂ ਹਰੀ ਸਿੰਘ ਜੀ ਪਾਸੋ ਅਰਜ ਕਰ, ਕੁਝ ਸਿੱਖਾਂ, ਪਾਤਸ਼ਾਹੀ ਬਾਰ੍ਹਵੀਂ ਕਹਿਣ ਦਾ ਹੁਕਮ ਲਿਖਾ ਲਿਆ ਸੀ, ਦਸਖਤ ਭੀ ਗੁਰੂ ਕੇ ਕਰਾਏ ਸੀ, ਕੁਝ ਹੋਰ ਸਿੱਖਾਂ ਤੇ ਮਾਤਾ ਜਿਊਣ ਕੌਰ ਜੀ ਦੇ ਸਮੇਤ, ਸਾਦੇ ਜਿਹੇ ਕਾਗਤ ਤੇ। ਉਹ ਕਾਗਤ ਸੰਤ ਜੀ ਨੇ ਸਾਧ ਸੰਗਤ ਵਿਚ ਕੱਢ ਕੇ ਵਿਖਾ ਦਿੱਤਾ। ਜਿਸ ਤੇ ਗੁਰੂ ਹਰੀ ਸਿੰਘ ਜੀ ਵਲੋਂ ਲਿਖਿਆ ਸੀ। ਸਤਿਗੁਰੂ ਰਾਮ ਸਿੰਘ ਜੀ ਵਲੋਂ "ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਅਕਾਲ ਪੁਰਖ ਜੀ ਸਹਾਏ! ਇਹ ਸਬਦ, ਦੋ ਪਾਤਸ਼ਾਹੀਆਂ ਜੋਗ, ਸਤਿਗੁਰੂ ਜੀ ਦਾ ਉਚਾਰਨ ਹੋਣ ਕਰ ਇਹ ਪੋੜੀ ਹੁਣ, ਪਾਤਸ਼ਾਹੀ ਬਾਰ੍ਹਵੀ ਦਾ ਉਚਾਰ ਹੋਈ। ਇਸ ਲਈ ਸਾਨੂੰ, ਪਾਤਸ਼ਾਹੀ ਬਾਰ੍ਹਵੀਂ, ਹੁਣ ਕਹਿਣਾ ਜੋਗ ਏ। ਇਹ ਸੁਣ ਇਕ ਸਿੱਖ ਕਿਹਾ, ਏਨੇ ਅੱਖਰ ਹੀ ਹੋਰ ਅਗੇ ਉਚਾਰਨ ਕੀਤੇ ਕਰ, ਕਿਵੇਂ ਇਹ ਅਰਦਾਸਾ, ਪਾਤਸਾਹੀ ਬਾਰ੍ਹਵੀ ਦਾ ਉਚਾਰ ਹੋ ਗਿਆ। ਤਾਂ ਸੰਤ ਜੀ ਕਿਹਾ, ਜਦ ਅਗੇ ਗੁਰੂ ਜੀ ਇਹ ਮਰਯਾਦਾ, ਗ੍ਰੰਥ ਸਾਹਿਬ ਵਿਚ ਪ੍ਰਚਲਤ ਕੀਤੀ ਹੋਈ ਹੈ, ਤਾਂ ਹੀ ਗੁਰੂ ਹਰੀ ਸਿੰਘ ਜੀ ਨੇ ਇਹ ਪ੍ਰਚਲਤ ਕੀਤੀ ਹੈ। ਤੁਸੀਂ ਦੇਖ ਸਕਦੇ ਹੋ। ਜਪੁਜੀ ਦਾ ਅੰਤਲਾ ਸਲੋਕ, ਤੇ ਰਾਗ ਮਾਝ ਵਿਚ ਮਹਲੇ ੨ ਦਾ ਸਲੋਕ। ਤੇ ਗਉੜੀ ਦੀ ਵਾਰ ਵਿਚ, ਪਉੜੀ ਮਹਲੇ ੪ ਦੀ ਹੈ, ਤੇ ਉਹੋ ਅਗੇ ਜਾ ਕੇ ਥੋੜਾ ਫਰਕ ਪਾ ਕੇ, ਮਹਲੇ ਪੰਜਵੇਂ ਦੀ ਲਿਖੀ ਗਈ ਹੈ "ਆਦਿ ਸਚੁ ਜੁਗਾਦਿ ਸਚੁ" ਵਾਲਾ ਸਲੋਕ ਵੀ, ਮਹਲੇ ਪਹਿਲੇ ਦਾ ਪਾਤਸ਼ਾਹੀ ਪੰਜਵੀਂ, ਸੁਖਮਨੀ ਵਿਚ ਸਿਹਾਰੀ ਬਿਹਾਰੀ ਦਾ ਫਰਕ ਪਾ, ਲਿਖ ਮਹੱਲਾ ਬਦਲਾ ਦਿੱਤਾ ਹੈ। ਤਿਵੇਂ, ਇਹ ਦੋ ਪਾਤਸ਼ਾਹੀਆਂ ਦਾ ਉਚਾਰਨ ਸਤਿਗੁਰੂ ਰਾਮ ਸਿੰਘ ਜੀ ਵਲੋਂ ਕੀਤਾ, ਗੁਰੂ ਹਰੀ ਸਿੰਘ ਜੀ ਜਾਣ, ਪਾਤਸ਼ਾਹੀ ਬਾਰ੍ਹਵੀ ਕਿਹਾ ਹੈ। ਇਕ ਸਿੱਖ ਕੋਲੋਂ ਇਹ ਕਿਹਾ, ਗੁਰੂ ਹਰੀ ਸਿੰਘ ਜੀ ਦਾ ਕਿਹਾ ਤੇ ਭਲਾ ਪਰਵਾਨ ਹੋਇਆ, ਤੇ ਉਹਨਾਂ ਦਾ ਨਾਮ ਹੁਣ, ਜੋ ਸਿੱਖ ਅਰਦਾਸ ਦੇ ਅੰਤ ਲੈਂਦੇ ਹਨ, ਉਹ ਕਿਵੇਂ ਪਰਵਾਨ ਹੋਇਆ ਤਾਂ ਲਾਲ ਸਿੰਘ ਜੀ ਲਤਾਲੀਏ ਹੋਰਾਂ

ਕਿਹਾ, ਭਾਈ ਸਿੱਖਾ ! ਸਤਿਗੁਰੂ ਰਾਮ ਸਿੰਘ ਜੀ ਵਲੋਂ ਜਿਨ੍ਹਾਂ ਨੂੰ ਏਤਨੀ ਉਪਮਾ "ਸਿਰ-ਕਰਤਾ ਜਾਣਨਾ, ਮੇਰੇ ਧੱਕੇ ਨੂੰ ਇਹ ਬਖਸ਼ ਸਕੇਗਾ ਤੇ ਇਸ ਦੇ ਆਸਰੇ ਸਿੱਖੀ ਹਰੀ ਰਹੇਗੀ. ਆਦਿ ਮਿਲੀ ਹੋਈ ਹੈ ਤਾਂ ਹੁਣ ਇਹਨਾਂ ਤੇ ਪ੍ਰਤੀਤ ਰਖਣ ਵਾਲਿਆਂ ਨੂੰ. ਇਹਨਾਂ ਦਾ ਬਚਨ ਮੰਨ, ਉਹਨਾ ਦਾ ਗੁਰੂ ਹਰੀ ਸਿੰਘ ਜੀ ਦਾ ਨਾਮ ਅਰਦਾਸੇ ਵਿਚ ਲੈਣਾ ਜੋਗ ਹੈ। ਜਿਵੇਂ ਦਸਵੇਂ ਗੁਰਾਂ ਤਕ ਮੰਨਣ ਵਾਲੇ, ਮਨ ਮਰਜੀ ਤੇ ਸਰਧਾ ਨਾਲ, ਦਸਮ ਜੀ ਦਾ ਨਾਮ ਲਿਖਤੋਂ ਬਿਨਾਂ ਲੈਂਦੇ ਹਨ। ਇਹ ਸੁਣ ਸਭ ਦੀ ਤਸੱਲੀ ਹੋਈ। ਸਾਰੀ ਸੰਗਤ ਵਿਚ ਸੁਣਾ ਦੇਣ ਦਾ ਗੁਰਮਤਾ ਪਾਸ ਹੋਇਆ। ਭੋਗ ਸਮੇਂ ਸਭ ਸਾਧ ਸੰਗਤ ਨੂੰ ਸੁਣਾ ਦਿੱਤਾ ਗਿਆ ਕਿ ਜਿਸ ਦਾ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਤੇ ਨਿਸਚਾ ਹੈ, ਜਿਸ ਤੇ ਬੁੱਧ ਸਿੰਘ ਤੋਂ ਹਰੀ ਸਿੰਘ ਨਾਮ ਦਾ ਤੇ ਸਿਰ-ਕਰਤਾ ਜਾਨਣ ਦਾ ਉਹਨਾਂ ਨੂੰ ਹੁਕਮ ਸੀ, ਇਹਨਾਂ ਸਮੇਂ ਦੇ ਮਾਲਕ ਸਤਿਗੁਰੂ ਜੀ ਤੇ ਨਿਸਚਾ ਹੈ ਉਹ ਗੁਰੂ ਹਰੀ ਸਿੰਘ ਜੀ ਦਾ ਨਾਮ ਅਰਦਾਸੇ ਵਿਚ ਜ਼ਰੂਰ ਲਵੇ। ਸਭ ਸੰਗਤ ਸਤਿਬਚਨ ਕੀਤਾ ਤੇ ਖੁਸ਼ੀ ਦਾ ਜੈਕਾਰਾ ਗਜਾ ਪ੍ਰਵਾਨ ਕੀਤਾ।

ਇਹ ਹੁਕਮਨਾਮਾ ਕਾਨ੍ਹ ਸਿੰਘ ਜੀ ਬੁਰਜ ਤੇ ਨੱਥਾ ਸਿੰਘ ਜੀ ਗਾਦੜੀ ਵਾਲਾ ਜੋਗ ਹੈ. ਉਸ ਵਿਚ ਸੁਬੇਗ ਸਿੰਘ ਜੀ ਸਰਹਾਲੀ ਤੇ ਮੇਹਰ ਸਿੰਘ ਜੀ ਲੋਪੋਕੇ ਜੋਗ ਭੀ ਬਚਨ ਹਨ। ਸਤਿਗੁਰੂ ਜੀ ਦੱਸਦੇ ਸੀ ਲਿਆਏ ਬਘੇਲ ਸਿੰਘ ਜੀ ਨਾਰਲੀ ਵਾਲੇ ਸੀ। ਨੱਥਾ ਸਿੰਘ ਜੀ ਨਾ ਲਿਆ ਸਕੇ ਸੀ। ਗੁਰੂ ਹਰੀ ਸਿੰਘ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਕਾਲ ਪੁਰਖ ਜੀ ਸਹਾਏ ਕਹਿ, ਬਾਅਦ ਕਿਹਾ ਕਰਦੇ ਸੀ ਯਾਰ੍ਹਵੀਂ ਪਾਤਸਾਹੀ ਸ੍ਰੀ ਗੁਰੂ ਬਾਲਕ ਸਿੰਘ ਜੀ ਜਿਨ੍ਹਾਂ ਮਾਰਗ ਦੀਆ ਬਤਾਏ। ਬਾਰ੍ਹਵੀਂ ਪਾਤਸਾਹੀ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ, ਜਿਨ੍ਹਾਂ ਜਮ ਤੇ ਲੀਆ ਛੁਡਾਏ। ਤੇ ਜੋਤਿ ਕਾ ਜਾਮਾ ਗੁਰੂ ਹਰੀ ਸਿੰਘ ਜੀ, ਜਿਨ੍ਹਾਂ ਟੂਟੀ ਲਈ ਮਿਲਾਏ। ਕਹਿਣਾ, ਮੇਰੇ ਵਲੋਂ (ਸਤਿਗੁਰੂ ਪ੍ਰਤਾਪ ਸਿੰਘ ਜੀ) ਹੁਕਮ ਹੈ। ਕਿਉਂਕਿ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਸਿੱਖ, ਇਹੋ ਹੀ ਪਦਵੀ ਗੁਰੂ ਜੀ ਨੂੰ ਅਰਦਾਸੇ ਵਿਚ ਦਿਆ ਕਰਦੇ ਸੀ।

ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋ ਅਗੇ, ਸ੍ਰੀ ਅਕਾਲ ਪੁਰਖ ਜੀ ਸਹਾਏ ਹੈ, ਉਹ ਸਤਿਗੁਰੂ ਜੀ ਵਲੋਂ "ਗੁਰ ਪ੍ਰਮੇਸਰ ਏਕੋ ਜਾਣ" ਵਾਕ ਅਨੁਸਾਰ ਗੁਰੂ ਬਾਲਕ ਸਿੰਘ ਜੀ ਜੋਗ ਹੀ ਸਤਿਗੁਰੂ ਰਾਮ ਸਿੰਘ ਜੀ ਅੱਖਰ ਲਿਖੇ ਹਨ। ਇਹ ਕਾਗਤ ਸਤਿਗੁਰੂ ਜੀ ਮੈਨੂੰ ਦਸਿਆ ਸੀ, ਅਸਾਂ ਸਾਂਭ ਕੇ ਰਖਿਆ ਹੋਇਆ ਹੈ, ਗੁਰੂ ਹਰੀ ਸਿੰਘ ਜੀ ਦੇ ਹੁਕਮ ਤੇ ਦਸਖਤਾਂ ਵਾਲਾ।

## ਰੋਸਾ - ਮਨੋਵਾ

ਨਿਮਾਣੀ ਦੇ ਮੇਲੇ ਤੇ ਸਤਿਗੁਰੂ ਜੀ ਜਿਵੇਂ ਸਭ ਸੰਗਤ ਨੂੰ ਸਦਾ ਸੁਖ ਅਨੰਦ ਪੁੱਛਦੇ, ਦੋਹਾਂ ਢੁਨੀਆਂ ਦੀ ਸੰਗਤ ਨੂੰ ਮਿਲ ਆਈ ਜਾਣ ਪੁੱਛਿਆ, ਸੁਣਾਉ, ਕੀ ਹਾਲ ਹੈ ? ਉਹਨਾਂ ਦੱਸਿਆ, ਅਸੀਂ ਆਪ ਦੇ ਅਨੰਦ ਸਮੇਂ ਤੋਂ ਕੁਝ ਨਰਾਜ ਹਾਂ। ਸਤਿਗੁਰੂ ਜੀ ਪੁੱਛਿਆ, ਕਾਰਨ ਦੱਸੋ। ਸਿੱਖਾਂ ਦਸਿਆ। ਮਹਾਰਾਜ ਨਿਹਾਲ ਸਿੰਘ ਜੀ ਸਾਨੂੰ ਗੁਰੂਸਰ ਆਪ ਦੇ ਅਨੰਦ ਤੇ ਜਾਣੋ, ਲੁਧਿਆਣੇ ਦੇ ਸਟੇਸ਼ਨ ਤੋਂ ਮੋੜ, ਭੈਣੀ ਸਾਹਿਬ ਭੇਜ ਦਿੱਤਾ ਸੀ। ਅਸੀਂ ਮੁੜ ਤੇ ਆਏ, ਪਰ ਤੁਸਾਂ ਸਾਨੂੰ ਆ ਭੀ ਨ ਹੱਸ ਬੁਲਾਇਆ ਤੇ ਨ ਪੁੱਛਿਆ, ਤੁਸੀਂ ਕਿਉਂ ਨ ਭਾਈ ਗੁਰੂਸਰ ਪੁੱਜੇ ?

ਸਤਿਗੁਰੂ ਜੀ ਉੱਤਰ ਦਿੱਤਾ, ਮੈਂ ਜਿਸ ਕਾਰ ਮੁਖਤਾਰੀ ਤੇ, ਜਿਸ ਨੂੰ ਲਾਂਦਾ ਹਾਂ, ਉਸ ਨੂੰ ਥੋੜੇ ਕੀਤੇ ਮੋੜਾ ਨਹੀਂ ਲਾਂਦਾ। ਕਿਉਂਕਿ ਉਹੋ ਹੀ ਉਸ ਵਿਹਾਰ ਤੇ ਵਕਤ ਦੀ ਵਿਉਂਤ ਜਾਣਦੇ। ਮਹਾਰਾਜ ਜੀ

ਜਾਨਣ. ਉਹਨਾਂ ਕਿਸ ਲਈ ਆਪ ਨੂੰ ਸਟੇਸ਼ਨ ਲੁਧਿਆਣੇ ਤੋਂ ਮੋੜਿਆ। ਤੁਸੀਂ ਹੁਣ ਜਿਵੇਂ ਮੈਨੂੰ ਕਹੋ, ਮੈਂ ਤਿਆਰ ਹਾਂ। ਢੁੰਨੀਆਂ ਦੇ ਸਿੱਖਾਂ ਕਿਹਾ, ਹੁਣ ਆਪ ਸਮੇਤ ਬੇਬੇ ਭੂਪਿੰਦਰ ਕੌਰ ਜੀ ਦੇ ਅੰਬਾਂ ਦੀ ਬਹਾਰੇ ੧੫ ਦਿਨ ਸਾਨੂੰ ਦਰਸ਼ਨ ਦਿਓ। ਸਤਿਗੁਰੂ ਜੀ ਹਾਸ-ਬਿਲਾਸ ਕਰਦਿਆਂ ਸਤਿਬਚਨ ਕਹਿ ਦਿੱਤਾ। ਵਰਖਾ ਉਤਰੀ, ਆਪ ਨੇ ਮਾਤਾ ਭੂਪਿੰਦਰ ਕੌਰ ਜੀ ਸਮੇਤ ਦੋਹੀਂ ਢੁੰਨੀ ੧੫ ਦਿਨ ਦਰਸ਼ਨ ਦਿੱਤੇ। ਘੋੜਿਆਂ ਦਾ ਦੌਰਾ ਭੀ ਸਾਥ ਰਖਿਆ। ਇਸ ਸਮੇਂ ਮਾਤਾ ਜੀ ਦੀ ਸੇਵਕ, ਮਾਈ ਦਿਆਲਾਂ ਵਰਨਾਂ ਦੀ ਭੀ ਨਾਲ ਹੀ ਰਹੀ ਤੇ ਕੁਝ ਹੋਰ ਸਾਧੂ ਭੀ ਸਾਥ ਰਹੇ।

ਉਪਰ ਲਿਖਿਆ ਪ੍ਰਸੰਗ, ਸਿੱਖਾਂ ਦੇ ਮਨ ਦੀ ਮਨਸਾ ਬੁੱਝ, ਜੇ ਮਨ ਦੀ ਨ ਬੁੱਝਣਗੇ ਤਾਂ ਰੋਸ ਰੱਖ ਕਿਸੇ ਮੇਲੇ ਤੇ ਨਹੀਂ ਜਾਣਾ। ਨਿਮਾਣੀ ਤੇ ਬੁਲਾ ਪੁੱਛਿਆ ਸੀ। ਉਹ ਮਨਸਾ ਪੂਰੀ ਕੀਤੀ ਤੇ ਜੋ ਉਹਨਾਂ ਚਾਹਿਆ ਸੋ ਭੀ ਮੰਨਿਆ ਸੀ।

## ਸੰਤ ਪੂੰਗਾਂ ਵਾਲੇ

ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲਿਆਂ ਦਾ ਜਥਾ, ਦੜਪ ਵਿਚ ਫਿਰਦਾ ਸੀ। ਕਈ ਸ਼ਰਾਬੀ ਪੁੱਛਦੇ ਤੇ ਮਸਤ ਹੁੰਦੇ। ਕਈ ਵਾਰ ਕਤਾਰਾਂ ਹੀ ਖਲੋਂਦੀਆਂ ਤੇ ਮਸਤ ਹੁੰਦੀਆਂ। ਕੇਸਰ ਸਿੰਘ ਜ਼ਿਲ੍ਹਾ ਸਿਆਲਕੋਟ ਦਾ ਭੀ ਸੰਤ ਜੀ ਤੋਂ ਭਜਨ ਪੁੱਛ ਚੁਕਾ ਹੋਇਆ। ਜਦ ਬੈਠੇ ਸਮਾਧੀ ਲਾਵੇ ਤੇ ਗੁਰ ਕੀ ਮੂਰਤਿ ਮਨ ਮਹਿ ਧਿਆਨ ਧਾਰੇ। ਤਾਂ ਸਤਿਗੁਰੂ ਪਰਤਾਪ ਸਿੰਘ ਜੀ ਦਾ ਹੀ ਆਪੇ ਦਰਸਨ ਸਾਹਵੇਂ ਆਵੇ। ਕੇਸਰ ਸਿੰਘ ਅਸਚਰਜ ਹੋਵੇ। ਕਿਉਂਕਿ ਉਸ ਅਜੇ ਸਤਿਗੁਰੂ ਜੀ ਦਾ ਦਰਸਨ ਨ ਕੀਤਾ ਸੀ। ਅੰਮ੍ਰਿਤਸਰ ਦੀਪਮਾਲਾ ਤੇ ਸੰਤ ਜੀ ਨਾਲ ਆਇਆ ਤੇ ਮੱਥਾ ਟੇਕਿਆ। ਉਹ ਦਰਸਨ ਜੋ ਸੁਤੇ ਸਮਾਧੀ ਵਿਚ ਹੁੰਦਾ ਸੀ, ਕਰ, ਮਸਤ ਹੋਇਆ ਤੇ ਸੰਤ ਜੀ ਦੇ ਜਥੇ ਵਿਚੋਂ ਛੁਟੀ ਮੰਗ, ਸਤਿਗੁਰੂ ਜੀ ਸਾਥ ਭੈਣੀ ਸਾਹਿਬ ਆ ਗਿਆ। ਸੰਤ ਸੁੰਦਰ ਸਿੰਘ ਜੀ ਦਾ ਭੀ ਜਦੋਂ ਮਿਲਦੇ, ਬੜਾ ਅਦਬ ਕਰਦਾ ਤੇ ਕਹਿੰਦਾ, ਜੋ ਆਪ ਕਹਿੰਦੇ ਸੀ, ਜਿਸ ਦਾ ਤੈਨੂੰ ਦਰਸਨ ਹੁੰਦਾ ਹੈ ਉਹ ਸਮੇਂ ਦਾ ਸਤਿਗੁਰੂ ਹੈ, ਮੈਂ ਤੇ ਗਾਮੇ ਦੀ ਤਰ੍ਹਾਂ ਉਸ ਦੇ ਕਹੇ ਦੀ ਕਾਰ ਕਰਦਾ ਹਾਂ, ਉਹ ਆਪ ਦਾ ਬਚਨ ਸਤਿ ਪ੍ਰਤੱਖ ਜਾਪਿਆ ਹੈ।

## ਪਿਆਰ ਹੀ ਕਰਾਮਾਤ

ਏਕ ਸਮੇਂ, ਲਾਇਲਪੁਰ ਦੇ ਜ਼ਿਲ੍ਹੇ ਤਸੀਲ ਟੋਭਾ ਟੇਕ ਸਿੰਘ ਪਿੰਡ ਜਾਮਾਂਰਾ, ਇਕ ਮਾਈ ਵੱਲ ਘੋੜਿਆਂ ਦਾ ਦੌਰਾ ਸੀ। ਜਾਮਾਂਰਾ ਦੇ ਜੱਟਾਂ ਦਾ, ਘਰ ਦਾ ਵਛੇਰਾ ਪਾਲਿਆ, ਜੋ ਕਿਸੇ ਨੂੰ ਉਪਰ ਨ ਚੜ੍ਹਨ ਦੇਂਦਾ ਸੀ, ਉਹਨਾਂ ਲਗਾਮ ਦੇ ਲਿਆ ਖਲ੍ਹਾਰਿਆ ਤੇ ਕਿਹਾ, ਗੁਰੂ ਜੀ ਸਵਾਰੀ ਦੇ ਬੜੇ ਪੱਕੇ ਸੁਣੇ ਹਨ, ਸਾਨੂੰ ਇਸ ਤੇ ਚੜ੍ਹ ਵਿਖਾਉਣ। ਸਿੱਖਾਂ ਕਿਹਾ, ਗੁਰੂ ਜੀ ਇਹ ਡੇਗ ਦੇਂਦਾ ਹੈ। ਸਤਿਗੁਰੂ ਜੀ ਪਕੜ, ਪਿਆਰ ਕਰ, ਬਿਨ ਲਗਾਮ ਚੜ੍ਹੀ, ਉਛਲ ਉਪਰ ਜਾ ਬੈਠੇ। ਏਧਰ ਓਧਰ ਤੋਰਿਆ। ਲੋਕਾਂ ਕਿਹਾ, ਤੁਸਾਂ ਕਰਾਮਾਤ ਕੀਤੀ ਹੈ। ਗੁਰੂ ਜੀ ਕਿਹਾ, ਪਿਆਰ ਤੇ ਕਰਤਬ ਕੀਤਾ ਹੈ। ਤੁਸੀਂ ਝਿੜਕ ਤੇ ਝਕ ਕਾਹਲਾ ਕਰ ਲੈਂਦੇ ਹੋ। ਪਸ਼ੂ ਭੀ ਸਭ ਸੋਝੀ ਰਖਦੇ ਹਨ। ਘੋੜਾ ਤੇ ਚਲਦਾ ਅਸਵਾਰ ਦੀ ਚਾਲੇ ਹੈ। ਅਗੋਂ ਨੂੰ ਸਵਾਰ ਪਿਆਰ ਕਰਦਾ ਤੇ ਘੋੜਾ ਵਿਹਾਰ ਕਰਦਾ ਹੋ ਗਏ। ਦੋਵੇਂ ਸੁਧਰ ਗਏ।

## ਊਧਮ ਸਿੰਘ ਚੁਗਾਵਾਂ ਦਾ ਸਿੱਖ ਬਣਨਾਂ

ਚੁਗਾਵਾਂ, ਤਸੀਲ ਸਮੁੰਦਰੀ ਜ਼ਿ: ਲਾਇਲਪੁਰ ਦਾ °ਊਧਮ ਸਿੰਘ ਬੜਾ ਜਵਾਨ ਸੀ। ਦੂਰੋਂ ਬੋਰੀਆਂ ਸੁੱਟ ਸੁੱਟ ਗੱਡਾ ਭਰ ਦੇਂਦਾ ਸੀ। ਉਸ ਨੂੰ ਜੇ ਨਾਮਧਾਰੀ ਸਿੱਖ ਕਹਿੰਦੇ, ਤੂੰ ਸਿੱਖ ਹੋ, ਤਾਂ ਕਹਿੰਦਾ, ਜੋ ਮੈਨੂੰ ਮੋਹ ਲਵੇ, ਮੇਰਾ ਮਨ ਉਹ ਲਵੇ। ਮਨੁਖ ਉਹ ਜੋ ਲਵੇ ਮੋਹ। ਦੂਜੇ ਤੇ ਪਸ਼ੂ ਤੇ ਜਨੌਰ ਹੀ ਹਨ। ਜਿਸ ਵਿਚ ਰੂਪ, ਬੁੱਧ, ਬਲ ਆਦ ਕੋਈ ਭੀ ਕਿਸੇ ਨੂੰ ਮੋਹਣ ਵਾਲੀ ਸਕਤ ਨ ਹੋਵੇ, ਉਹ ਕੀ ਹੋਇਆ। ਸਤਿਗੁਰੂ ਜੀ ਚੁਗਾਵੇਂ ਗਏ। ਊਧਮ ਸਿੰਘ ਸਤਿਗੁਰੂ ਜੀ ਦਾ ਸੁੰਦਰ ਸਰੂਪ, ਚਮਕੀਲਾ ਚਿਹਰਾ, ਫੁਰਤੀਲਾ ਸਰੀਰ, ਜਵਾਨਾਂ ਵਾਲਾ ਬਲ, ਬੁਧਵਾਨਾ ਵਾਲੀ ਬੁੱਧੀ ਦੇਖ ਮੋਹਿਆ ਗਿਆ। ਅਰਜ਼ ਕਰ ਭਜਨ ਲਿਓ ਸੂ। ਪਿੰਡ ਵਿਚ ਹੋਕਾ ਦਿਤੋ ਸੂ। ਓਏ ਦੁਨੀਆਂ ਦੇ ਲੋਕੋ! ਆਓ ਮੇਰੇ ਸਤਿਗੁਰੂ ਜੀ ਦਾ ਦਰਸਨ ਪਾਉ। ਇਹ ਮੇਰੇ ਪਸੰਦ ਆਇਆ ਏ, ਜਿਸ ਨੂੰ ਵੇਖ ਮੈਂ ਅਨੰਦ ਪਾਇਆ ਹੈ। ਜਿਹੜਾ ਕਹੇ, ਤੂੰ ਕੀ ਇਹਨਾ ਵਿਚ ਵੇਖਿਆ ਏ? ਉਸ ਨੂੰ ਕਹੇ ਦਰਗਾਹੇ ਤੇ ਪਤਾ ਨਹੀਂ। ਦੁਨੀਆਂ ਵਿਚ ਤੇ ਇਹੋ ਜਿਹਾ ਸੋਹਣਾ ਤੇ ਗੁਣਾਂ ਭਰਿਆ ਹੋਣਾ ਦੁਰਲੱਭ ਹੈ। ਇਹ ਊਧਮ ਸਿੰਘ ਸਰਧਾ ਧਾਰ, ਸੀਧਮ ਸਿੰਘ ਹੋ ਗਿਆ।

## ਗੁਮਾਨ ਦੀ ਹਾਰ

੧੦੯ ਚੱਕ, ਦੌਰਾ ਸ: ਅਰਬੇਲ ਸਿੰਘ ਵੱਲ ਗਿਆ। ਅਗੇ ਸੱਦੇਵਾਲ ਖਾਨਪੁਰ ਨੂੰ ਟੁਰੇ। ਇਸ ਚੱਕ ੧੦੯ ਦੇ ਭੀ ਸਿੱਖ, ਸੰਗਤ ਦੇ ਪਿਆਰ ਪਾਰੋਂ ਸਾਥ ਟੁਰੇ। ਸਦੇਵਾਲੇ ਤੋਂ ਖਾਨਪੁਰ ਗਿਆਂ, ਇਕ ਮੁਸਲਮਾਨ ਭਲਵਾਨ, ਗੁਮਾਨ ਦੇ ਸੁਭਾ, ਸਿੰਘ ਜਵਾਨ ਦੇਖ ਕਿਹਾ, ਮੇਰੇ ਨਾਲ ਕੋਈ ਘੁਲੇ। ਵੇਖਣਾ ਮੈਂ ਕਿਵੇਂ ਇਹਨਾਂ ਨੂੰ ਢਾਂਹਦਾ ਹਾਂ, ਜੋ ਚਿੱਟ ਕਪੜੀਏ ਤਗੜੇ ਦਿੱਸਦੇ ਹਨ। ੧੦੯ ਚੱਕ ਦੇ ਲਛਮਣ ਸਿੰਘ ਨੂੰ ਉਸ ਨਾਲ ਫਾਹਿਆ। ਉਸ ਨੇ ਭਲਵਾਨ ਨੂੰ ਝੱਟ ਹੀ ਢਾਹਿਆ। ਸਤਿਗੁਰੂ ਜੀ ੨) ਉਸ ਭਲਵਾਨ ਨੂੰ ਸ: ਅਰਬੇਲ ਸਿੰਘ ਤੋਂ ਦਵਾਏ ਤੇ ਆਪ ਕਿਹਾ, ਗੁਮਾਨ ਨਹੀਂ ਕਰਨਾ ਚਾਹੀਦਾ ਜਰਨਾ ਚਾਹੀਦੈ।

## ਹੋਲਾ ਰੱਤਾ ਚੋਆ

੧੯੭੩ ਬਿਕ੍ਰਮੀ ਦੇ ਹੋਲੇ ਤੇ, ਰੱਤੇ ਚੋਏ ਦਰਸਨ ਦਿੱਤੇ ਜ਼ਿਲੇ ਲਾਇਲਪੁਰ। ਸੇਵਾ, ਸਾਥ, ਉਦੱਮ, ਸਭ ਨੇੜੇ ਦੇ ਨਗਰਾਂ ਦਿੱਤਾ। ਸਾਹਬ ਸਿੰਘ ਜਿਹੇ ਸਿੱਖਾਂ ਉੱਦਮ, ਸਾਥ ਨਾਲ ਹੋ ਕੇ ਸਭ ਕੀਤਾ, ਪਰ ਖਰਚ ਸ: ਸੋਣ ਸਿੰਘ ਜ਼ੈਲਦਾਰ ਦੇ ਵੱਲੋਂ ਹੀ ਹੋਇਆ। ਇਹ ਗੁਰੂ ਹਰੀ ਸਿੰਘ ਜੀ ਦੇ ਸਮੇ ਦਾ ਸੇਵਕ ਸੁਦਾਰ-ਘਰ ਸੀ। ਪਾਠਾਂ ਦੇ ਭੋਗ ਬਹੁਤ ਸੰਗਤ ਵਲੋਂ ਆਏ ਪਾਏ। ਅਗਲੇ ਸਾਲ ਹੋਲਾ ਚੂਹੇ ਝਾੜ, ਜ਼ਿਲ੍ਹਾ ਸ਼ੇਖੂਪੁਰਾ ਦੀ ਸੰਗਤ ਵਲੋਂ ਮੰਗ ਲਿਆ, ਮੰਨਜ਼ੂਰ ਹੋਇਆ। ਸਭ ਸੰਗਤ ਨੂੰ ਸੁਣਾਇਆ ਗਿਆ।

ਇਹ ਸ਼ੇਖੂਪੁਰਾ, ਹੁਣ ਆਮ ਰੌਣਕ ਤੇ ਆਬਾਦੀ ਹੋਣ ਕਰ, ਕੁਝ ਲਾਇਲਪੁਰ 'ਚੋਂ ਤੇ ਕੁਝ ਗੁਜਰਾਂਵਾਲੇ 'ਚੋਂ ਪਾਸਾ ਹਿੱਸਾ ਲੈ ਜ਼ਿਲ੍ਹਾ ਬਣਿਆ। ਕਾਗਤ ਮਿਸਲਾਂ ਆਏ, ਕਚਹਿਰੀ ਖੁਲ੍ਹੀ ਜ਼ਿਲੇ ਜੋਗ। ੧੯੭੪ ਬਿਕ੍ਰਮੀ ਮੁ: ੧੯੧੭ ਈ: ਵਿਚ।

---

°ਊਧਮ ਸਿੰਘ ਦੀ ਅਰਜ਼ ਤੇ ਇਕ ਸਾਧੂ ਪਾਸੋਂ ਭਜਨ ਦਵਾਇਆ ਸੀ। ਸਤਿਗੁਰੂ ਜੀ ਜਿਵੇਂ ਹੀ ਮਰਯਾਦਾ ਸਤਿਗੁਰੂ ਰਾਮ ਸਿੰਘ ਜੀ ਚਲਾ ਗਏ ਹਨ, ਪ੍ਰਦੇਸ ਜਾਣ ਪਹਿਲਾਂ ਸੂਬੇ ਥਾਪ। ਗੁਰੂ ਹਰੀ ਸਿੰਘ ਜੀ ਸਮੇਂ ਭੀ ਇਹੋ ਮਰਯਾਦਾ ਰਹੀ ਸੀ ਤੇ ਅਗੇ ਰਹੇਗੀ। ਸਤਿਗੁਰੂ ਜੀ ਆ. ਜੋ ਹੋਰ ਹੁਕਮ ਕਰਨਗੇ ਸੋ ਵਰਤੇਗਾ। ਸਤਿਗੁਰੂ ਪਰਤਾਪ ਸਿੰਘ ਜੀ ਕਹਿੰਦੇ ਸੀ।

**ਇਹ ਲਛਮਣ ਸਿੰਘ ਤੇ ਸ: ਅਰਬੇਲ ਸਿੰਘ ਜੀ ਸਰਸੇ ਨੇੜੇ ਮੋਰੀ ਵਾਲੇ ਰਹਿੰਦੇ ਹਨ।

Sri Satguru Jagjit Singh Ji Elibrary NamdhariElibrary@gmail.com

## ਜਥੇਦਾਰ

ਇਸ ਸਮੇਂ, ਨਾਮਧਾਰੀ ਪੰਥ ਦਾ ਪ੍ਰਚਾਰ ਕਰਨ ਦੇ ਸ਼ੌਕ ਵਾਲੇ ਜਥੇ ਜੋ ਫ਼ਿਰਦੇ ਸੀ। ਦੂਰ ਨੇੜੇ, ਸੰਤ ਸੁੰਦਰ ਸਿੰਘ ਜੀ ਪੂੰਗਾ ਵਾਲੇ, ਸੰਤ ਭਗਤ ਸਿੰਘ ਜੀ ਦਾਤੇ ਵਾਲ, ਸੰਤ ਮੰਗਲ ਸਿੰਘ ਜੀ ਫਤੂਹੀ ਚੱਕ, ਸੰਤ ਨੱਥਾ ਸਿੰਘ ਜੀ 'ਪਤੰਗ' ਬੁਜਿਆਂ ਵਾਲੀ, ਸੰਤ ਆਲਾ ਸਿੰਘ ਜੀ ਵਰ੍ਹਨ, ਸੰਤ ਕੰਤਾ ਸਿੰਘ ਜੀ ਬੂੜਾ ਡੱਲਾ, ਸੰਤ ਅਤਰ ਸਿੰਘ ਜੀ ਸੰਕਤਿਆਲ, ਪੰਡਿਤ ਬਸੰਤ ਸਿੰਘ ਜੀ ਪਧਾਣਾ, ਆਪ ਰਾਮ ਵਿਜੋਗੀ ਹੋ ਘਰੋ ਨਿਕਲੇ ਸੀ, ਦੇਸ ਵਿਚ ਦੌਰਾ ਕਰ ਆਪਣੇ ਸਤਿਗੁਰੂ ਜੀ ਦੇ ਨਾਮ ਦਾ ਪ੍ਰਚਾਰ ਕਰਦੇ ਸੀ।

## ੧੯੭੪ ਬਿ: ਸਾਲ

ਵਡਹੰਸ ਮਹਲਾ ੪ ॥

ਸਤਿਗੁਰ ਪਾਸਿ ਹਰਿ ਬਾਤ ਪੂਛਹ ਜਿਨਿ ਨਾਮੁ ਪਦਾਰਥੁ ਪਾਇਆ ॥<br>
ਪਾਇ ਲਗਹ ਨਿਤ ਕਰਹ ਬਿਨੰਤੀ ਗੁਰਿ ਸਤਿਗੁਰਿ ਪੰਥੁ ਬਤਾਇਆ ॥

ਜਿਵੇਂ ਗੁਰੂ ਚੌਥੀ ਪਾਤਸਾਹੀ ਜੀ ਕਿਹਾ ਹੈ। ਸਤਿਗੁਰੂ ਜੀ ਪਾਸੋਂ ਹਰਿ ਬਾਤ ਪੂਛਹ। ਤਿਵੇਂ ਮੈਂ ਭੀ ਸਤਿਗੁਰੂ ਜੀ ਪਾਸੋ ਉਸ ਹਰਿ ਰਾਮ ਦੀ ਮਤ ਤੇ ਇਤਿਹਾਸ ਬਾਬਤ ਹਰ ਨਿਰਨਾ ਪੁੱਛ ਹੀ ਲਿਖਿਆ ਹੈ। ਐਸੇ ਸਤਿਗੁਰੂ ਜੀ ਦੀ ਚਰਨੀ ਲੱਗ, ਮੈਂ ਨਿਤ ਬੇਨਤੀ ਕਰਦਾ ਹਾਂ। ਹੇ ਸੱਚੇ ਪਾਤਸਾਹੋ! ਜੋ ਆਪ ਨੇ ਮੈਨੂੰ ਪੰਥ ਰਸਤਾ, ਸੁਮੱਤ ਬਖਸ਼ਿਸ਼ ਕੀਤੀ ਹੈ, ਮੈਂ ਉਸ ਤੇ ਤੁੱਲ, ਹੋਰ ਲਾਂਭੇ ਨਾ ਰੁੱਲ ਜਾਵਾਂ। ਅਰਥਾਤ ਜੋ ਮੈਨੂੰ ਉਤਮ ਮੱਤ ਸਤਿਗੁਰੂ ਜੀ ਪਾਸੋਂ ਮਿਲੀ ਹੈ, ਉਸ ਤੇ ਤੁੱਲ ਹੀ ਮੈਂ ਤੁੱਲ ਕਰਨੀ ਹੈ। ਮੈਂ ਅਰਜ਼ ਕਰਦਾ ਹਾਂ ਉਹ ਮੈਥੋਂ ਨਾ ਹੋਵੇ।

ਜੋ ਸਤਿਗੁਰੂ ਜੀ ਭੀ ਦੱਸਿਆ ਹੈ, ਤੇ ਕੁਝ ਰਸ ਮੈਂ ਭੀ ਵੇਖਿਆ ਹੈ, ਤਦੋਂ ਦੇ ਸਮੇਂ ਦਾ ਜੋ ਹੁਣ ਖੁਸ਼ਕ ਜਿਹਾ ਸਮਾਂ ਜਾ ਰਿਹਾ ਹੈ, ਇਸ ਨੂੰ ਦੇਖ, ਮੈਂ ਲਿੱਖ ਦੱਸਦਾ ਹਾਂ। ੧੯੭੪ ਦੇ ਅਰੰਭ 'ਚ।

ਅਜ ਕਲ੍ਹ ਤਾਂ ਖੁਸ਼ਕ ਜਹੀ ਹੋਈ ਸਿੱਖੀ, ਉਸ ਸਮੇਂ ਦੀ ਇਹ ਪ੍ਰੇਮ ਚਾਲ ਹੈਸੀ।<br>
ਸਿੱਖ ਸਿੱਖ ਨੂੰ ਵਿੱਦਿਆ ਕਰਨ ਟੁਰਿਆ, ਉਹਦੇ ਈ ਪਹੁੰਚ ਜਾਂਦਾ ਨਗਰ ਨਾਲ ਹੈਸੀ।<br>
ਅਗੋਂ ਤੀਸਰੇ ਨੂੰ ਰਲ ਮਿਲਣ ਟੁਰਦੇ, ਜਾਂਦਾ ਪਿਛੇ ਦਾ ਭੁੱਲ ਖਿਆਲ ਹੈਸੀ।<br>
ਇਸੇ ਤੌਰ ਹੀ ਮਿਲ ਬਿਅੰਤ ਸਾਧੂ, ਕਰਦੇ ਦੇਸ ਦੇ ਤਾਈਂ ਨਿਹਾਲ ਹੈਸੀ।

## ਫੇਰ ਕਰੂੰਗਾ ਖਾਲਸਾ

ਖਾਲਸਾ ਤੇ ਦਸਮ ਜੀ ੧੭੫੬ ਬਿ: ਦੀ ਵੈਸਾਖੀ ਵਾਲੇ ਦਿਨ, ਅਨੰਦਪੁਰ ਸਾਹਿਬ ਸਾਜਿਆ ਸੀ। ਜੋ ਲੜਦਾ, ਸ਼ਹੀਦ ਹੁੰਦਾ, ਬਿਪਤਾ ਕਟਦਾ, ਮਿਸਲਾਂ ਬਣਣ ਤੇ ਪਿਛੋ ਰਾਜ ਭਾਗ ਵਿਚ ਪੈਣ, ਰਣਜੀਤ ਸਿੰਘ ਜੀ ਦੇ ਬਾਅਦ, ਬਿਬਾਦ ਵਿਚ ਪੈ ਬਰਬਾਦ ਹੋ ਗਿਆ ਸੀ। ਤੇ ਮੈਂ ਫੇਰ ਕਰੂੰਗਾ ਖਾਲਸਾ, ਗੁਰੂ ਨਾਨਕ ਜੀ ਦੇ ਭਵਿਖਤ ਵਾਕ ਅਨੁਸਾਰ ੧੫੮ ਸਾਲ ਬਾਅਦ, ਸਤਿਗੁਰੂ ਰਾਮ ਸਿੰਘ ਜੀ ਭੈਣੀ ਸਾਹਿਬ ਰਾਮ ਸਰ ਕੰਢੇ, ਹੱਥੀਂ ਲਾਈ ਬੋਹੜ ਤਲੇ, ੧੯੧੪ ਬਿਕਰਮੀ ਦੇ ਉਸੇ ਵੈਸਾਖੀ ਵਾਲੇ ਦਿਨ, ਸੰਤ ਖਾਲਸਾ, ਨਾਮਧਾਰੀ ਪੰਥ ਸਾਜਿਆ। ਉਸੇ ਤਰ੍ਹਾਂ ਪੰਜਾਂ ਸਿੱਖਾਂ (ਬਾਬਾ ਕਾਹਨ ਸਿੰਘ ਜੀ ਚੱਕ, ਸੰਤ ਆਤਮਾ ਸਿੰਘ ਜੀ ਆਲੋਮਹਾਰ, ਲਾਭ ਸਿੰਘ ਜੀ ਰਾਗੀ ਅੰਮ੍ਰਿਤਸਰ, ਨੈਣਾ ਸਿੰਘ ਜੀ ਵਰਿਆਂਹ ਤੇ ਸੁਧ ਸਿੰਘ ਜੀ ਦੁਰਗਾਪੁਰ) ਨੂੰ ਅੰਮ੍ਰਿਤ

ਰਹਿਤ ਰਖਾ, ਖੁੰਗ ਗੁਰੂ ਨਾਨਕ ਮਾਰਗ ਦੀ, ਮੁੜ ਸੰਥਾ ਨਵੇਂ ਸਿਰੇ ਦੇਣੀ ਭੀ ਸ਼ੁਰੂ ਕੀਤੀ। ਦਸਮ ਜੀ ਦੇ ਸਿਰਫ, ਥਾਈਂ ਸਿੱਖ ਹੀ ਆਪ ਨੂੰ ਸਾਬਤ ਸਜੇ ਮਿਲੇ ਸੀ। (੧) ਬਾਬਾ ਜਮੀਤ ਸਿੰਘ ਜੀ ਕਾਨੇ ਕਾਛੇ ਵਾਲੇ। (੨) ਬਾਬਾ ਲਹਿਣਾ ਸਿੰਘ ਜੀ ਖਰਜਾਬ ਵਾਲੇ। ਤੇ ਤੀਜੇ ਔਧੇ ਬਾਬਾ ਜਮੀਤ ਸਿੰਘ ਗਿੱਲਾ ਵਾਲੇ। ਆਪ ਦੇ ਦਰਸਨ ਤੇ ਦੌਰਿਆਂ ਦੇ ਪ੍ਰਤਾਪ, ਜਿਵੇਂ ਸਿੱਖੀ ਵਧੀ ਤੇ ਦੇਸ ਤੇ ਗਊ ਗ੍ਰੀਬ ਹਿੱਤ ਜਿਵੇਂ ਸਿੰਘ ਸ਼ਹੀਦ ਹੋਏ, ਉਹ ਨਾਮਧਾਰੀ ਇਤਿਹਾਸ ਦੱਸਦਾ ਏ। ਗੁਰੂ ਹਰੀ ਸਿੰਘ ਜੀ ਸਮੇਂ ਸਿਮਰਨ ਸਮਾਈ ਵਿਚ ਜਿਵੇਂ ਕਸ਼ਟ ਕੱਟੇ, ਉਹ ਸਮਾਂ ਭੀ ਬੀਤਿਆ, ਹੁਣ ਵੱਡ ਪ੍ਰਤਾਪੀ ਸਤਿਗੁਰੂ ਜੀ ਦੇ ਸਮੇਂ, ਬੰਦਸ਼ਾ ਘਟੀਆਂ। ਜਥੇ ਢੋਲਕ ਛੈਣੇ ਵਜਾ, ਉਹੋ ਪ੍ਰਚਾਰ ਨਾਮ ਬਾਣੀ ਦੇ ਉਧਾਰ ਵਾਲਾ, ਦੇਸ-ਪਿਆਰ ਵਾਲਾ, ਮਸਤ ਵੈਰਾਗੀ ਸਿੱਖਾਂ ਘਰਾ ਵਲ ਤਿਆਗੀ ਹੋ, ਵਡਭਾਗੀ ਸੇਵਾ ਗੁਰ ਨਾਨਕ ਜੀ ਵਾਲੀ, ਦੇਸ ਰਟਨ ਕਰ, ਪੈਰੀਂ ਟੁਰ, ਧੁਰ ਕੀ ਬਾਣੀ ਸੰਸਾਰ ਨੂੰ ਸੁਨਾਣੀ ਸ਼ੁਰੂ ਕੀਤੀ ਜਿਨ੍ਹਾਂ। ਉਹਨਾਂ ਦੇ ਕੁਝ ਨਾਮ, ਮੈਂ ਇਸ ਸਾਲ ਦੇ ਅਰੰਭ ਮੰਗਲਾਚਰਨ ਵਜੋਂ ਲੈ, ਕੁਝ ਗੁਣ ਲਿਖ ਹੁਣ ਅਗੇ ਦਾ ਹਾਲ ਫੇਰ ਲਿਖਾਂਗਾ। ਤਰਨ ਸਿੰਘ ਸ੍ਰੀ ਰਾਮਪੁਰ

## ਸਮੇਂ ਦਾ ਹਾਲ

ਸਤਿਗੁਰੂ ਰਾਮ ਸਿੰਘ ਜੀ ਦੀ ਸੋਭਾ, ਇਕ ਮੁਸਲਮਾਨ ਗੁਲਾਮ ਭੀਖ ਜਲੰਧਰੀ, ਆਪਣੀ ਕਿਤਾਬ, ਤਾਰੀਖਵਾਕਰੀ, ਵਿਚ ਬਹੁਤ ਕੀਤੀ ਹੈ। ਜਾਪਦੈ, ਉਹ ਮੇਰੇ ਵਾਂਗੂ ਨਾਲੇ-ਨਾਲ ਸਮੇਂ ਦਾ ਹਾਲ ਲਿਖਦਾ ਸੀ। ਇਹ ਉਰਦੂ 'ਚ ਲਿਖਤ ੧੯੩੯ 'ਚ ਉਸ ਪੂਰੀ ਕੀਤੀ ਸੀ, ਜੋ ਅੱਜ ਉਵੇਂ ਹੀ ਹੈ। ਇਸ ਦਾ ਹਵਾਲਾ ਨਾਹਰ ਸਿੰਘ ਐਮ.ਏ. ਨਾਮਧਾਰੀ ਇਤਿਹਾਸ ਦੇ ੧੫੪ ਪੰਨੇ ਤੇ ਲਿਖਿਆ ਹੈ।

ਮੈਂ ਭੀ ਛੋਟੇ ਹੁੰਦਿਆਂ, ਇਕ ਬਿਰਧ ਨਿਹੰਗ ਤੋਂ ਸੁਣਿਆ ਸੀ। ਜੇ ਅੰਗਰੇਜ਼ ਝੂਠਾ ਬਹਾਨਾ ਬਣਾ, ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਨਾ ਕਰਦੇ, ਕੂਕਿਆਂ ਤੇ ਸਖਤੀ ਨਾ ਕਰਦੇ ਤਾਂ ਸਭ ਸਿੱਖ ਕੀ, ਪੰਜਾਬ ਦਾ ਹਰ ਸਿਆਣਾ ਮਨੁੱਖ ਕੂਕਾ ਹੀ ਹੋ ਜਾਣਾ ਸੀ ਤੇ ਅੰਗਰੇਜ਼ ਨੂੰ ਭਾਰਤ 'ਚੋਂ ਤਦੋਂ ਹੀ ਹਲਣਾ ਪੈਣਾ ਸੀ। ਸ੍ਰ: ਨਾਹਰ ਸਿੰਘ ਭੀ ਇਹੋ ਲਿਖਿਆ ਹੈ ਕਿ ਹਰ ਵੱਡਾ ਤੇ ਚੰਗਾ ਸਿੱਖ ਤੇ ਹੋਰ ਹਿੰਦੂ ਮੁਸਲਮਾਨ ਖਾਨਦਾਨ, ਸਤਿਗੁਰੂ ਰਾਮ ਸਿੰਘ ਜੀ ਦਾ ਸ਼ਰਧਾਲੂ ਹੋ ਗਿਆ ਸੀ ਤੇ ਅੰਗਰੇਜ਼ ਨੂੰ ਕੱਢ, ਅਜ਼ਾਦ ਹੋਣ ਲਈ ਜਤਨ ਕਰਨਾ ਸੋਚ ਰਿਹਾ ਸੀ।

ਹੁਣ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ, ਅੰਗਰੇਜ਼ ਦੇ ਖਿਲਾਫ ਜਾਗ੍ਰਾ ਆਈ ਜਾਣ, ਨਾਮਧਾਰੀ ਭੀ, ਉਸ ਬੀਤੀ ਨੀਤੀ ਨੂੰ ਸੁਰਜੀਤ ਕਰਨ ਲਈ, ਗੁਪਤ ਜਾਹਰ ਜਤਨ ਕਰਦੇ। ਦਿੱਲੀ 'ਚ ਲਾਟ ਦੇ ਜਲੂਸ ਤੇ, ੧੯੬੯ ਬਿ: ਪੋਹ, ਬੰਬ ਸੁੱਟਿਆ ਗਿਆ ਸੀ ਬੰਗਾਲੀਆਂ ਵਲੋਂ ਇਹ ਦੱਸਣ ਲਈ, ਕਿ ਹੁਣ ਭਾਰਤ ਵਿਚ ਜਾਗਰਤ ਆ ਗਈ ਹੈ, ਤੇ ੧੯੭੧ ਬਿਕਰਮੀ, ਅਸੂ ੧੯੧੪ ਈ: ਸਤੰਬਰ ਬਜ-ਬਜ ਘਾਟ ਤੇ ਅੰਗਰੇਜ਼ਾਂ ਵਲੋਂ ਸ਼ੱਕ ਕਰਕੇ, ਕਿ ਇਹ ਜਹਾਜ਼ ਵਾਲੇ ਬਾਗੀ ਹਨ ਜਿਨ੍ਹਾਂ ਵਿਚ ਕੂਕੇ ਭੀ ਹਨ, ਗੋਲੀ ਚਲਾਈ ਸੀ। ੨੫–੨੬ ਸਰੀਰ ਮਾਰ ਦਿੱਤੇ ਸੀ, ਤੇ ਜਹਾਜ਼ ਸਿੱਖਾਂ ਦਾ ਵਾਪਸ ਹੀ ਜਾ ਕਲਕੱਤੇ ਲਗਾ ਸੀ ਨੁਕਸਾਨ ਉਠਾ। ਬਾਬਾ ਗੁਰਦਿੱਤ ਸਿੰਘ ਜੀ ਸਰਹਾਲੀ, ਇਸ ਜਹਾਜ਼ ਦੇ ਮੋਹਰੀ ਨਿਕਲ ਗਏ ਸੀ ਸਰਕਾਰ ਦੀ ਪਕੜੋਂ।

ਮੁਲਕ 'ਚ ਰੋਲਾ ਪੈਣ ਤੇ ਗੋਰਿਆਂ ਨੇ ਗੁਰਦੁਆਰਿਆਂ ਤੇ ਤਖਤਾਂ ਤੋਂ ਲਿਖਵਾ ਛਪਵਾਇਆ ਸੀ। "ਜੋ ਆ ਰਹੇ ਸੀ ਉਸ ਜਹਾਜ਼ ਵਿਚ, ਉਹ ਸਿੱਖ ਨਹੀਂ, ਹਨ।" ਸਤਿਗੁਰੂ ਜੀ ਸੁਣਿਆਂ, ਕਿ ਗੁਰੂ

Sri Satguru Jagjit Singh Ji Elibrary NamdhariElibrary@gmail.com

ਕੇ ਸਿੱਖਾਂ ਨੂੰ, ਪੁਜਾਰੀ ਲੋਕਾਂ, ਕੂਕਿਆਂ ਵਾਂਗੂ ਦੇ ਜਾਣ ਸਰਕਾਰ ਕਹੇ—ਲਿਖਿਆ ਹੈ। ਹੁਸ਼ਿਆਰਪੁਰ, ਪੰਥ ਦੇ ਚੋਣਵੇਂ ਆਗੂ ਇਕੱਠੇ ਕਰ, ਮਤਾ ਪਾਸ ਕੀਤਾ। ਲਿਖ ਕੇ ਅਖਬਾਰਾਂ ਇਕ ਦੋ ਨੂੰ ਦਿੱਤਾ ਕਿ ਉਹ ਸਿੱਖ ਸਨ ਤੇ ਹਨ ਜੋ ਗੁਰੂ ਨਾਨਕ ਜਹਾਜ, ਬਜ-ਬਜ ਘਾਟ ਤੇ ਲਿਆ, ਦੇਸ਼ ਨੂੰ ਆ ਰਹੇ ਸੀ। ਸਾਨੂੰ ਉਹਨਾਂ ਨਾਲ ਹਮਦਰਦੀ ਹੈ ਤੇ ਸਰਕਾਰ ਨੇ ਉਹਨਾਂ ਤੇ ਵਾਰ ਨਾਜਾਇਜ਼ ਕੀਤਾ ਹੈ। ਕਿਸੇ ਅਖਬਾਰ ਵਾਲੇ ਇਹ ਨਾ ਲਿਖਿਆ, ਨਾ ਛਾਪਿਆ। ਪਰ ਸਰਕਾਰ ਦੇ ਖੁਫੀਆ ਨੌਕਰਾਂ, ਸੰਗਤ ਵਿਚ ਹੋਇਆ ਮਤਾ ਤਾਂ ਦੱਸਿਆ ਤੇ ਅੰਗਰੇਜ਼ਾਂ ਲਿਖ ਰਖਿਆ ਕਿ ਗੁਰੂ ਪਰਤਾਪ ਸਿੰਘ ਜੀ ਭੀ, ਉਸੇ ਗੁਰੂ ਰਾਮ ਸਿੰਘ ਦੀ ਕੁਲ 'ਚੋਂ, ਤੇ ਪਿੰਡ 'ਚੋਂ ਹੈ, ਤੇ ਸਰਕਾਰ ਦਾ ਬਾਗ਼ੀ ਹੈ।

ਸਤਿਗੁਰੂ ਪਰਤਾਪ ਸਿੰਘ ਜੀ, ਇਹ ਉਪਰ ਲਿਖੇ ਪਤੇ, ਤੇ ਬਚਨ ਮੈਨੂੰ ਆਪ ਲਿਖਾਏ ਹੋਏ ਹਨ। ਜਦ ਮੈਂ ਇਕ ਦਿਨ ਅਰਜ਼ ਕੀਤੀ ਸੀ ਕਿ ਆਪ ਤੇ ਭੀ ਅੰਗਰੇਜ਼ ਵਲੋਂ ਕੌੜੀ ਨਜ਼ਰ ਹੋਈ ਹੈ ? ਤਾਂ ਸਤਿਗੁਰੂ ਜੀ ਦੱਸਿਆ ਸੀ। ਜਦ ਮੈਂ ਲੁਧਿਆਣੇ ਵਲੋਂ ਆਏ ਅਫਸਰ ਨੂੰ, ੧੯੧੪ ਈ: ਜਰਮਨ ਜੰਗ ਵੇਲੇ, ਮਦਦ ਮੰਗਣ ਤੇ ਕਿਹਾ ਸੀ ਕਿ ਮਦਦ ਕੇਹੀ ਤਾਂ ਉਹ ਇਹ ਕਹਿ ਚਲਾ ਗਿਆ ਸੀ, ਅਸੀਂ ਸਭ ਕੁਝ ਜਾਣਦੇ ਹਾਂ। ਤੁਸੀਂ ਕੂਕੇ ਹੋ।

## *ਸੰਤ ਆਲਾ ਸਿੰਘ ਜੀ*

ਸੰਤ ਧਿਆਨ ਸਿੰਘ ਜੀ ਢਰਨ, ਜ਼ਿਲ੍ਹਾ ਸ਼ੇਖੂਪੁਰਾ ਵਿਚ ਰੋਜ਼ ਕਥਾ ਕੀਰਤਨ ਕਰਦੇ। ਗੁਰਮੁਖੀ ਸਿੱਖਾਂ ਨੂੰ ਪੜ੍ਹਾਂਦੇ। ਬੜੇ ਵਿਦਵਾਨ ਖੋਜੀ ਸੀ। ਸਤਿਗੁਰੂ ਰਾਮ ਸਿੰਘ ਜੀ, ਇਸ ਢਰਨ ਨਗਰ ਨੂੰ ਗੁਰੂ ਕੀ ਕਾਸ਼ੀ ਕਿਹਾ ਸੀ। ਸੰਤ ਧਿਆਨ ਸਿੰਘ ਜੀ ਸਮੇਂ ਕਾਂਸ਼ੀ ਹੀ ਦਿਨੇ ਰਾਤ ਬਣੀ ਜਾਪਦੀ ਸੀ। ਵਿੱਦਿਆ ਤੇ ਕਥਾ ਕੀਰਤਨ ਦਾ ਪ੍ਰਵਾਹ ਚਲਦਾ ਹੀ ਰਹਿੰਦਾ ਸੀ। ਮਾਤਾ ਜਿਉਣ ਕੌਰ ਜੀ ਤੇ ਹੋਰ ਸੰਗਤ, ਇਨ੍ਹਾਂ ਸੰਤਾਂ ਨੂੰ ਭਾਈ ਗੁਰਦਾਸ ਕਹਿੰਦੇ ਸੀ। ਇਹ ਕਾਰਨ ਵੱਸ, ਸਿਆਮ ਚਲੇ ਗਏ ਤੇ ਉਧਰ ਸਿੱਖੀ ਵਧਾਈ ਸੀ। ਇਹਨਾਂ ਦਾ ਪ੍ਰਵਾਰ ਭੀ ਸੇਠ ਪ੍ਰਵਾਰਾਂ ਵਾਂਗੂੰ ਹੁਣ ਸਿਆਮ ਵੱਲ ਹੀ ਵਸਦਾ ਏ। ਸੰਤ ਆਲਾ ਸਿੰਘ ਜੀ ਭੀ ਢਰਨਾਂ ਦੇ ਹੀ ਜਿਮੀਂਦਾਰ, ਚੰਗੇ ਉੱਚੇ ਲੰਮੇ, ਤਿੱਖੇ ਸੁਭਾ ਵਾਲੇ, ਨਾਲ ਜਥਾ ਜਵਾਨ ਸਿੱਖਾਂ ਦਾ ਰੱਖ, ਸੁੱਚ ਮਰਯਾਦਾ ਸਾਦੀ ਵਰਤੋਂ ਰੱਖ, ਦੌਰਾ ਕਰਦੇ। ਢੋਲਕ ਸੁੰਦਰ ਸਿੰਘ ਫਰੀਦ ਵਜਾਂਦਾ। ਸੰਤ ਜੀ ਉੱਚੀ ਰਸੀਲੀ ਸੁਰੇ ਸ਼ਬਦ ਪੜ੍ਹਦੇ।

## *ਸੰਤ ਭਾਨ ਸਿੰਘ ਜੀ*

ਏਕ ਸਮੇਂ ਸੰਤ ਆਲਾ ਸਿੰਘ ਜੀ ਜਥੇ ਸਮੇਤ, ਗੁਜਰਾਂਵਾਲੇ ਜ਼ਿਲ੍ਹੇ 'ਚ ਆਪਣੀ ਭੈਣ ਦੇ ਪਿੰਡ ਜੌਲ੍ਹਣ ਗਏ। ਉਸ ਅਖੰਡ ਪਾਠ ਕਰਾਣਾ ਸੀ। ਜਗ੍ਹਾ ਪੋਚ, ਰੁਮਾਲੇ ਧੋ, ਪਾਠ ਦੀ ਤਿਆਰੀ ਕੀਤੀ। ਸੰਤ ਭਾਨ ਸਿੰਘ ਜੀ, ਮੰਜੇ ਤੇ ਦੁਪਹਿਰੀ ਬਿਰਾਜੇ ਜਾਗ ਮਸਤ ਹੋਇਆਂ ਕਿਹਾ, ਸੰਤ ਜੀ ! ਇਸ ਘਰ ਮੁਰਦੇ ਦੇ ਦੱਬੇ ਹਨ, ਏਥੇ ਉਠ ਚਲੋ ਅਖੰਡ ਪਾਠ ਨ ਕਰੋ। ਸੰਤ ਆਲਾ ਸਿੰਘ ਜੀ, ਸੰਤ ਭਾਨ ਸਿੰਘ ਜੀ ਨੂੰ, ਲਾਂਗਰੀ, ਤੇ ਢੋਲਕ ਵਜਾਣ ਕਰ, ਕੁੱਜਰਾਂ ਤੋਂ ਨਾਲ ਲਿਆਏ ਸੀ। ਪ੍ਰਤੀਤ ਸੀ ਇਹ ਝੂਠ ਨਹੀਂ ਬੋਲਦੇ। ਘਰੋਂ ਸਾਰੇ

*ਭਾਨ ਸਿੰਘ ਜੀ ਕੁੱਜਰ ਪਿੰਡ ਦੇ ਰਾਮਗੜ੍ਹੀਏ ਸੀ। ਇਹਨਾਂ ਦੀ ਅੰਸ ਹੁਣ ਸੰਤ ਨਗਰ ਤੇ ਸਿਰਸਾ ਜ਼ਿਲ੍ਹੇ ਵਿਚ ਹੀ ਹੈ ਜੋ ਹੁਣ ਸਿਰਸੀ ਜ਼ਿਲਾ ਵਿਚ ਹੈ।॥

Sri Satguru Jagjit Singh Ji Elibrary NamdhariElibrary@gmail.com

ਪੁਰਸ਼ ਹਨ। ਆਪਣੀ ਭੈਣ ਨੂੰ ਪੁਛਿਓ ਨੇ, ਉਸ ਮੰਨਿਆ ਕਿ ਇਕ ਧੀ ਤੇ ਇਕ ਪੁੱਤ੍ਰ ਮਾਰ ਅੰਦਰ ਦਬੇ ਹੋਏ ਹਨ। ਸੰਤਾਂ ਕਿਹਾ, ਹੁਣ ਤੇ ਸਤਿਗੁਰੂ ਰਾਮ ਸਿੰਘ ਜੀ ਧੀ ਮਾਰਨੀ ਰੋਕੀ ਹੋਈ ਹੈ ਤੇ ਅੰਗਰੇਜ਼ ਭੀ ਖ਼ੂਨ ਦਾ ਮੁਕੱਦਮਾ ਸੁਣ ਫੜਦਾ ਹੈ। ਤੂੰ ਪੁੱਤ੍ਰ ਕਿਉਂ ਮਾਰਿਆ ? ਉਸ ਕਿਹਾ, ਧੀ ਤੇ ਕੂਕੇ ਹੋਣ ਤੋਂ ਪਹਿਲਾਂ ਮਾਰੀ ਸੀ ਤੇ ਪੁੱਤ੍ਰ ਪਤੀ ਇਹ ਕਹਿ ਮਰਵਾਇਆ ਕਿ ਪੁੱਤ੍ਰ ਰੋਖੇ ਹੁੰਦੇ ਜਾਂਦੇ ਹਨ, ਜ਼ਿਮੀਂ ਥੋੜੀ ਹੈ। ਸੰਤ ਜੀ ਸੁਣ ਉਠ ਟੁਰੇ। ਸਾਰੇ ਟੱਬਰ ਕਸੂਰ ਮੰਨ, ਪਿਛਲੇ ਕੀਤਿਆਂ ਦੀ ਤਨਖਾਹ, ਸਤਿਗੁਰੂ ਜੀ ਪਾਸੋਂ ਲਵਾਣੀ ਮੰਨੀ ਤੇ ਅਗੋਂ ਲਈ ਐਸੇ ਦੋਸ ਕਰਨ ਵਲੋਂ ਕੰਨਾਂ ਨੂੰ ਹੱਥ ਲਾਏ। ਤਾਂ ਸੰਤ ਜੀ ਅਖੰਡ ਪਾਠ ਕੀਤਾ। ਸੰਤਾਂ ਦੀ ਭੈਣ ਦੇ ਟੱਬਰ ਨੇ ਅੰਮ੍ਰਿਤ ਛਕਿਆ। ਗੁਰੂ ਜੀ ਦੇ ਹਜ਼ੂਰ ਜਾ ਦੋਸ ਦੱਸ, ਤਨਖਾਹ ਭੁਗਤੀ ਤੇ ਪਛਤਾਵਾ ਕੀਤਾ।

## ਸੰਤ ਆਲਾ ਸਿੰਘ ਜੀ ਦੇ ਦੀਵਾਨ

ਏਕ ਸਮੇਂ ਸੰਤ ਆਲਾ ਸਿੰਘ ਜੀ ਜਥਾ ਫੇਰਦੇ ਨੁਸਹਿਰੇ ਜ਼ਿਲੇ ਗੁਜਰਾਂਵਾਲੇ ਵਲੋਂ ਗਦਾਂ ਵਾਲੇ ਕੋਲੋਂ ਲੰਘਣ ਲਗੇ। ਢੋਲਕ ਵਜਾ ਸ਼ਬਦ ਪੜ੍ਹਦੇ, ਹਰ ਨਗਰ ਕੋਲੋਂ ਲੰਘਣ ਦਾ ਸੁਭਾ ਸੀ। ਲੋਕਾਂ ਇਨ੍ਹਾਂ ਨੂੰ ਆਦਰ ਦੇਣ ਦੀ ਥਾਂ, ਸਗੋਂ ਢੇਮਾਂ ਮਾਰੀਆਂ ਤੇ ਕਿਹਾ, ਤੁਹਾਡੇ ਜਿਹਾ ਅੱਗੇ ਇਕ ਬਗਲਾ ਭਗਤ, ਏਥੋਂ ਜਨਾਨੀ ਕੱਢ ਲੈ ਗਿਆ ਹੈ। ਦੂਰੋਂ ਸ਼ਬਦ ਸੁਣ, ਇਕ ਸਿੰਘ ਆਏ ਅਰਜ਼ ਕੀਤੀ, ਤੁਸੀਂ ਮੇਰੇ ਘਰ ਚਲੋ ਤੇ ਰਾਤ ਰਹੋ। ਸੰਤ ਜੀ ਰਾਤ ਕੋਠੇ ਤੇ ਢੋਲਕ ਵਜਾਈ। ਉਸ ਅਰਜ਼ ਕਰ ਰੱਖਣ ਵਾਲੇ, ਹੋਕਾ ਦਿੱਤਾ। ਆਓ ਲੋਕੋ ਸ਼ਬਦ ਸੁਣੋ।

ਝੱਲਾਂ ਦੇ ਵਿਚ ਸ਼ੇਰ ਭੀ ਹੁੰਦੇ ਹੈਣ ਜ਼ਰੂਰ।
ਗਿੱਦੜ, ਹਰਨ ਤੇ ਸਹੇ ਹੀ ਕਹਿਣਾ ਨਹੀਂ ਦਸਤੂਰ।

ਅਰਥਾਤ ਸਾਰੇ ਇਕੋ ਜਹੇ ਨ ਜਾਣੋ। ਸ਼ਬਦ—"ਲਾਗੀ ਪ੍ਰੀਤ ਸੁਜਾਨ ਸਿਉ" ਪੜ੍ਹਨ ਤੇ ਰਸ ਪਿਆ। ਇਕ ਸਿੰਘ ਮਸਤ ਹੋਇਆ, ਨਗਰ ਦੇ ਇਕ ਨੇ ਲੱਤੋਂ ਫੜਿਆ ਉਹ ਭੀ ਮਸਤ ਹੋ ਗਿਆ। ਤੀਜੇ ਜੱਫਾ ਮਾਰਿਆ ਉਹ ਭੀ ਮਸਤ ਹੋ ਗਿਆ। ਸਾਰੀ ਰਾਤ ਦੀਵਾਨ ਲੱਗਾ ਰਿਹਾ। ਕੋਈ ਸਰੋਤਾ ਨ ਸੁੱਤਾ। ਸਵੇਰੇ ਸੰਤ ਜੀ ਟੁਰੇ। ਨਗਰ ਵਾਲਿਆਂ ਅਰਜ਼ ਕੀਤੀ, ਦੁਪਹਿਰੇ ਦੀਵਾਨ ਲਾਉ। ਸੰਤਾਂ ਦੀਵਾਨ ਲਾਇਆ ਤੇ ਹੋਕਾ ਦਿੱਤਾ, ਆਓ! ਜਿਸ ਸਿੰਘ ਸਜਣਾ ਹੈ। ਸਭ ਨਗਰ ਨੇ ਭਜਨ ਪੁੱਛ, ਅੰਮ੍ਰਿਤ ਛਕਿਆ ਤੇ ਜਿਸ ਨੇ ਜਥਾ ਅਰਜ਼ ਕਰ ਰਖਿਆ ਸੀ, ਉਸ ਕਿਹਾ, ਵੇਖ ਲੌ! ਝੱਲਾਂ ਵਿਚੋਂ ਭੱਲਾਂ ਵਾਲੇ ਭੀ ਭਲੇ ਭਾਗ ਨੂੰ ਲੱਭ ਜਾਂਦੇ ਹਨ।

ਸੰਤ ਆਲਾ ਸਿੰਘ ਜੀ ਲਾਇਲਪੁਰ, ਗੁਜਰਾਂਵਾਲੇ, ਸਿਆਲਕੋਟ ਦੇ ਜ਼ਿਲ੍ਹੇ ਵਿਚ ਨਾਮ ਬਾਣੀ ਦਾ ਪ੍ਰਚਾਰ, ਢੋਲਕ ਛੈਣਿਆਂ ਦਾ ਦੀਵਾਨ ਲਾ ਕਰਦੇ। ਸੁੱਚ ਸੋਧ ਦਾ ਭੀ ਵਰਤਣ, ਆਪ ਕਰ, ਹੋਰਨਾਂ ਨੂੰ ਰਖਣਾ ਸਖਾਂਦੇ। ਇਸ ਸਾਲ ਧਾਰੀ, ਕਿ ਭੈਣੀ ਸਾਹਿਬ ਪੈਦਲ ਜਥਾ, ਲਿਮਾਣੀ ਦੇ ਮੇਲੇ ਤੇ, ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਦਾ ਸੁਨੇਹਾ ਦੇਂਦੇ ਅਪੜੀਏ।

## ਧੰਨ ਸਿੱਖ

ਸੰਤ ਜੀ ੧੦—੧੨ ਸਿੰਘਾਂ ਸਮੇਤ, ਚਲਦੇ ਅੰਮ੍ਰਿਤਸਰ ਜ਼ਿਲ੍ਹੇ ਵਿਚ, ਭੋਏ ਵਾਲੀ ਢੋਲਕ ਵਜਾ ਪੁੱਜੇ। ਨਗਰ ਦੇ ਨੇੜੇ ਗਏ। ਇਕ ਸਿੰਘ ਦੂਰੋਂ ਭੱਜਾ ਆ ਸੰਤਾਂ ਦੀ ਚਰਨੀਂ ਲਗਾ, ਅਰਜ਼ ਕੀਤੀ, ਮੇਰੇ ਭਲੇ ਭਾਗਾਂ ਨੂੰ ਕਿਤੋਂ ਕਰਤਾਰ ਆਪ ਨੂੰ ਇਸੇ ਵੇਲੇ ਲੈ ਆਇਆ ਹੈ। ਮੇਰੀ ਕੁਝ ਮਦਦ ਕਰੋ। ਸੰਤ ਜੀ ਕਿਹਾ,

Sri Satguru Jagjit Singh Ji Elibrary NamdhariElibrary@gmail.com

ਤੂੰ ਵਿਰਥਾ ਸੁਣਾ, ਅਸੀਂ ਸੋਚ ਕੇ ਉੱਤਰ ਦੇਵਾਂਗੇ। ਉਸ ਦੱਸਿਆ, ਪਿੰਡ ਦੂਜੇ ਪਾਸੇ ਪੁਲਸ ਤੇ ਕੰਜਰੀਆਂ ਦਾ ਤੰਬੂ ਲੈ, ਮੇਰੇ ਪੁੱਤ੍ਰ ਦੀ ਮੰਗ ਵਿਆਹੁਣ, ਜੰਞ ਆਈ ਹੈ। ਮੈਂ ਭੀ ਕੁਝ ਜਵਾਨ ਲੈ ਆਇਆ ਹਾਂ। ਜੇ ਮੇਰਾ ਨਾ ਸੌਰੇ, ਤਾ ਉਸ ਜੰਞ ਆਈ ਦੀ, ਮੈਥੋਂ ਮੁਨਕਰ ਹੋਏ ਏਥੋਂ ਵਾਲੇ ਸਿੰਘ, ਘਰ ਵਾਲੇ ਦੀ ਭੀ ਖੋਰਸੀ ਤੇ ਹੇਵੇਂਗੀ ਹੀ ਲੜਾਈ ਹੋਇਆਂ। ਸੰਤ ਜੀ ਉਸ ਦੇ ਥੋੜੇ ਦੱਸਣ ਤੋਂ ਸਭ ਕੁਝ ਸਮਝ ਗਏ। ਤੁਰਤ ਉੱਤਰ ਦਿੱਤਾ, 'ਜੰਗ ਜੂਪ ਕੀ ਖੇਲ ਹੈ ਮੀਤ। ਕਿਆ ਜਾਨੇ ਕਿਸ ਕੀ ਹੋਏ ਜੀਤ।' ਤੇਰੇ ਭਲੇ ਭਾਗਾਂ ਨੂੰ ਹੀ, ਸਾਡੇ ਆਉਣ ਦਾ ਸਬੱਬ ਬਣਿਆ ਹੈ। ਤੂੰ ਸਾਡੇ ਸਾਥ, ਸਣੇ ਸਾਥੀਆਂ ਦੇ ਆ ਰਲ, ਗੁਰੂ ਭਲੀ ਕਰੇਗਾ।

ਉਸ ਸਿੱਖ, ਸੰਤਾ ਦਾ ਬਚਨ ਮੰਨ, ਲੜਾਈ ਦੀ ਸਲਾਹ ਛਾਹ, ਸਾਥੀਆਂ ਨੂੰ ਸਮਝਾ ਜਥੇ ਵਿਚ ਲਿਆ ਰਲਾਇਆ। ਲੰਗਰ ਹੋਇਆ। ਸਿੱਖਾਂ ਵਲ ਰਾਤ ਦੀਵਾਨ ਲਗਾ। ਸੰਤ ਜੀ, ਸਬਦ ਤੇ ਰਾਜੇ ਹਰੀ ਚੰਦ ਦੀ ਤਾਰਾ ਰਾਣੀ ਦਾ ਲਿਆ ਸੀ। ਮੁਖ ਤੁਕ "ਸਾਧ ਸੰਗਤ ਵਿਟਹੁ ਕੁਰਬਾਣੀ" ਰਖੀ ਸੀ। ਥੋੜੀ ਵਿਆਖਿਆ ਭੀ ਕਦੀ ਕਰਦੇ। ਸੰਤ ਜੀ ਜਦ ਕਿਹਾ, ਕੋਈ ਪ੍ਰਤੀਤ ਕਰਕੇ ਸਾਧ ਸੰਗਤ ਤੇ ਵੇਖ ਲਵੇ, ਤਾਰਾ ਰਾਣੀ ਵਾਂਗੂੰ ਕਸਰ ਨਹੀਂ ਲਗਦੀ। ਤਾ ਉਹ ਸਿੱਖ ਉਠ ਕੇ ਖਲੋ ਗਿਆ ਤੇ ਅਰਜ ਕੀਤੀਓ ਸੁ। ਮੈਂ ਲੜਨੋਂ ਮਰਨੋਂ ਤੇ ਬਚ ਗਿਆ ਹਾ, ਸਾਧ ਸੰਗਤ ਤੇ ਪ੍ਰਤੀਤ ਕਰ। ਪਰ ਜੋ ਸੰਤ ਜੀ ਵਿਖਿਆਨ ਕਰ ਰਹੇ ਹਨ, ਮੇਰੀ ਪ੍ਰਤੀਤ ਤਾ ਬਣਦੀ ਏ ਜੇ ਉਸੇ ਤਾਰਾ ਤਰ੍ਹਾ ਮੇਰੀ ਭੀ ਪਤ ਰਹੇ। ਸੰਤ ਜੀ ਕਿਹਾ ਸੀ, ਤੂੰ ਲੜ ਕੇ ਨ ਮਰ, ਗੁਰੂ ਭਲੀ ਕਰੇਗਾ। ਵਾਕ ਸੰਤ ਜੀ ਦਾ ਪੂਰਾ ਭੀ ਉਤਰੇ ਤੇ ਜੋੜੀ ਭੀ ਜੁੜੇ। ਮੇਰੇ ਪੁੱਤ੍ਰ ਦੀ ਮੰਗ ਵਿਆਹ ਹੋਰ ਲੈ ਜਾਣਗੇ, ਮੈਂ ਖਾਲੀ ਜੋ ਜਾਵਾਂਗਾ। ਤਾ ਕਿਵੇਂ ਮੇਰਾ ਮਨ ਮੰਨੇਗਾ, ਸਾਧ ਸੰਗਤ ਸਦਾ ਸੱਚੀ ਹੈ।

ਸੰਤ ਆਲਾ ਸਿੰਘ ਜੀ, ਸਬਦ ਖਲ੍ਹਾਰ, ਸੰਗਤ ਵਿਚ ਖੜੇ ਅਰਜ ਕੀਤੀ, ਕਿ ਕੋਈ ਸਿੱਖ ਗੁਰੂ ਕਾ ਹੋਵੇ, ਜੋ ਇਸ ਦੇ ਪੁੱਤ੍ਰ ਨੂੰ ਸਾਕ ਦੇਵੇ ਤੇ ਇਸ ਦੀ ਪਤ ਰਖੇ। ਇਕ ਸਿੱਖ ਉਠ ਅਰਜ ਕੀਤੀ, ਮੇਰੀ ਧੀ ਹਾਜਰ ਹੈ, ਪਰ ਇਸ ਦੇ ਲੜਕੇ ਤੋਂ ਉਮਰੋਂ ਛੋਟੀ ਹੈ। ਸੰਤ ਜੀ ਕਿਹਾ, ਚੜ੍ਹੇ ਚੰਦ ਨੂੰ ਤੱਦ ਹੀ ਪ੍ਰਵਾਨ ਹੁੰਦੀ ਹੈ। ਸੰਤ ਜੀ ਅੰਮ੍ਰਿਤ ਵੇਲੇ ਜਥੇ ਸਮੇਤ ਇਸ਼ਨਾਨ ਕਰ, ਹਵਨ ਕਰ, ਵੇਦੀ ਗੱਡ, ਨਾਮਧਾਰੀ ਗੁਰਮਰਯਾਦਾ ਅਨੁਸਾਰ ਜੋੜੇ ਦਾ ਅਨੰਦ ਕਰ, ਸਾਧ ਸੰਗਤ ਦੇ ਹਜ਼ੂਰ ਅਰਦਾਸਾ ਕਰ ਕਿਹਾ, ਧੰਨ ਗੁਰੂ ਕੇ ਸਿੱਖ ਜੋ ਹਰ ਸਿੱਖ ਦੀ ਪਤ ਨੂੰ, ਆਪਣੀ ਪਤ ਸਮਝਦੇ ਹਨ। ਮੈਂ ਇਹ ਵਾਰਤਾ ਸੁਣ, ਸੂਬਾ ਹਰਨਾਮ ਸਿੰਘ ਜੀ ਭੋਏ ਵਾਲੀ ਦਿਆਂ ਤੋਂ ਪੁੱਛਿਆ, ਤਾਂ ਉਨ੍ਹਾਂ ਦੱਸਿਆ, ਪਾਲਾ ਸਿੰਘ ਭੋਏ ਵਾਲੀ ਦੇ, ਧਾਲਾ ਸਿੰਘ ਵਣੀਏ ਕੇ ਦੇ ਪੁੱਤ੍ਰ ਵੱਲ, ਪਹਿਲੋਂ ਆਪਣੀ ਧੀ ਮੰਗੀ ਸੀ। ਪਰ ਫੇਰ ਫਿਰਤੂ ਹੋ, ਕੋਟ-ਖਰੀਦੀ ਗੁਰਦਾਸ ਪੁਰ ਦੇ ਜ਼ਿਲਿਓਂ, ਸ਼ਰਾਬੀਆ ਦੀ ਜੰਞ ਮੰਗਾਈ ਸੀ ਤੇ ਊਧਮ ਸਿੰਘ ਨੇ ਸੰਤਾਂ ਕਹੇ ਧੀ ਦਾ ਡੋਲਾ, ਅਨੰਦ ਕਰ ਟੋਰਿਆ ਸੀ। ਇਸ ਊਧਮ ਸਿੰਘ, ਛੋਟੀ ਉਮਰੇ ਖਲਵਾੜਾ ਸਾੜਿਆ ਸੀ। ਸੰਤ ਨਰੈਣ ਸਿੰਘ ਸੰਤ ਪੁਰੇ ਵਾਲਿਆਂ ਸੁਣ ਸਰਾਪ ਦਿੱਤਾ ਸੀ। ਤੇਰੀ ਜੜ੍ਹ ਨ ਲਗੇ। ਇਸ ਸਿੱਖ ਹੋਏ ਭੁੱਲ ਮੰਨੀ। ਸੰਤ ਜੀ ਕਿਹਾ, ਪੁੰਨ ਕੀਤੇ ਜੜ੍ਹ ਲਗ ਭੀ ਜਾਂਦੀ ਹੈ। ਇਸ ਪੁੰਨ ਕੀਤੇ ਪਿਛੋ ਇਸ ਘਰ ਪੁੱਤ੍ਰ ਹੋਇਆ। ਅਮਰੀਕ ਸਿੰਘ ਜੋ ਹੁਣ ਭੋਏ ਵਾਲੀ ਸੁਖੀ ਵਸਦਾ ਏ।

## ਮਹਾਂ ਅਨੰਦ

ਸੰਤ ਆਲਾ ਸਿੰਘ ਜੀ ਜਥੇ ਸਮੇਤ ਭੈਣੀ ਸਾਹਿਬ ਰਾਈਆਂ ਵਲੋਂ ਢੋਲਕ ਛੈਣੇ ਵਜਾਂਦੇ, ਸਬਦ ਪੜ੍ਹਦੇ, ਰਾਮਸਰ ਤੇ ਭੈਣੀ ਸਾਹਿਬ ਦੇ ਵਿਚਾਲੇ ਵਾਲੇ ਰਸਤੇ ਔਂਦੇ ਦੇਖੇ, ਸਤਿਗੁਰੂ ਪਰਤਾਪ ਸਿੰਘ ਜੀ ਰਾਮਸਰ ਕੋਠੀ ਵਲੋਂ ਸਬਦ ਸੁਣ, ਦੇਖ, ਕਿਹਾ, ਇਹ ਸੰਤ ਆਲਾ ਸਿੰਘ ਜੀ ਦਾ ਜੱਥਾ ਆਇਆ ਜਾਪਦੈ। ਆਪ ਅਗੋਂ

Sri Satguru Jagjit Singh Ji Elibrary NamdhariElibrary@gmail.com

ਆਏ ਰਲੇ, ਤੇ ਸਬਦ ਸਾਥ ਪੜ੍ਹਨ ਲਗ ਪਏ। ਨਾ ਕਿਸੇ ਦੇਖਿਆ ਨਾ ਸੁਰ ਸੰਵਾਰੀ, ਸਗੋਂ ਵਧ ਮਸਤੀ ਦੀ ਮੌਜ ਮਾਣੀ। ਕੋਠੀ ਨੇੜੇ ਆਏ ਪਿਪਲਾਂ ਤਲੇ ਖਲੇ, ਦੁਪਹਿਰੇ ਬਹੁਤ ਗਹਿਰੇ ਰਸ ਵਿਚ ਰਚ, ਮੈਂ ਆਈ ਪਰਦੇਸਨ ਦੂਰ ਤੇ, ਸਬਦ ਦੀ ਸਮਾਪਤੀ ਹੋਈ। ਸਭ ਕੋਈ ਦੇਖਣ ਸੁਨਣ ਵਾਲਾ, ਸਬਦ ਰੂਪ ਮਸਤ ਹੀ ਹੋਇ ਰਿਹਾ। ਸਿਰਫ ਰਸਨਾ ਹਿਲੇ ਤੇ ਸਵਾਸ ਹੀ ਚਲੇ। ਜਲ ਛਕਣ ਦੀ ਸੁਰਤ ਕੋਈ ਨਾ ਕਰੇ। ਜੇ ਸਰਦਾਈ ਸਾਧ ਦੇਣ ਕੋਈ ਗਲਾਸ ਨਾ ਫੜੇ, ਨਾ ਅੱਖ ਉਘੇੜੇ। ਸਤਿਗੁਰੂ ਜੀ ਭੀ ਕੁਝ ਨਾ ਛਕਣ, ਨਾ ਕਹਿਣ।

ਸੰਤ ਮਸਤਾਨ ਸਿੰਘ ਜੀ ਕਿਆਮਪੁਰ ਵਾਲਿਆਂ ਕਿਹਾ, ਆਪ ਹਥੀਂ ਛਕਾਉ। ਇਹ ਸੰਤ ਜੀ ਤੇ ਸੰਤ ਇੰਦਰ ਸਿੰਘ ਜੀ ਚੱਕਰਵਰਤੀ, ਇਹਨੀਂ ਦਿਨੀਂ ਭੈਣੀ ਸਾਹਿਬ ਦੇ ਮੁਖਤਿਆਰ ਸੀ। ਮਹਾਰਾਜ ਨਿਹਾਲ ਸਿੰਘ ਜੀ ਇਹਨਾਂ ਦੇ ਉਪਰਲਾ ਖਿਆਲ ਰਖਦੇ ਸੀ ਕਦੇ ਆ। ਪਰ ਸਤਿਗੁਰੂ ਜੀ ਦੇ ਅਨੰਦ ਬਾਅਦ ਮਹਾਰਾਜ ਜੀ ਬਹੁਤ ਲਾਹੌਰ ਤੇ ਘੋੜਿਆਂ ਦੇ ਖ੍ਰੀਦਣ ਵੇਚਣ ਦੇ ਵਿਹਾਰ ਵਲ ਫੇਰਾ ਰਖਦੇ ਸੀ।

ਸਤਿਗੁਰੂ ਜੀ ਆਪ, ਸੰਤ ਜੀ ਦੇ ਜਥੇ ਨੂੰ ਸਰਦਾਈ ਛਕਾਣ ਲਗੇ ਪਰ ਕੋਈ ਸੋਝੀ ਹੀ ਨਾ ਕਰੇ, ਨਾ ਅੱਖ ਪੁਟੇ ਨਾ ਮੂੰਹ ਉਘੇੜੇ। ਸੰਤ ਇੰਦਰ ਸਿੰਘ ਜੀ ਕਿਹਾ, ਆਪ ਸੀਤ ਪ੍ਰਸਾਦ ਆਪਣਾ ਕਰ ਛਕਾਉ ਤਾਂ ਛਕਣਗੇ। ਸਤਿਗੁਰੂ ਜੀ ਪਹਿਲੇਂ ਗਲਾਸ ਵਿਚ ਆਪ ਸਰਦਾਈ ਛਕੀ, ਫੇਰ ਉਹੋ ਗਲਾਸ ਸੰਤ ਆਲਾ ਸਿੰਘ ਜੀ ਦੇ ਮੂੰਹ ਨਾਲ ਲਾਇਆ। ਉਹਨਾਂ ਭੀ ਛਕੀ। ਫੇਰ ਹੋਰ ਪਵਾ, ਸਭ ਜਥੇ ਦੇ ਸਿੰਘਾਂ ਨੂੰ, ਉਸੇ ਗਿਲਾਸ ਵਿਚ, ਗਿਚੀਉਂ ਫੜ, ਗਲਾਸ ਮੂੰਹ ਨਾਲ ਲਾ, ਸਤਿਗੁਰੂ ਜੀ ਬੱਚਿਆਂ ਵਾਂਗੂ ਪਿਆਰ ਕਰ, ਸਰਦਾਈ ਛਕਾਈ। ਸਤਿਗੁਰੂ ਜੀ ਤੇ ਸੰਤ ਦੱਸਿਆ ਕਰਦੇ ਸੀ, ਇਸੇ ਦੌਰੇ ਮੇਲੇ 'ਚ ਜੋ ਰਸ ਰਿਹਾ ਸੀ ਦੱਸ ਨਹੀਂ ਸਕਦੇ।

## *ਸੰਤ ਮੰਗਲ ਸਿੰਘ ਜੀ*

ਸੰਤ ਮੰਗਲ ਸਿੰਘ ਜੀ ਫਤੂਹੀ ਚੱਕੀਏ। ਪਹਿਲੋਂ ਪਟਵਾਰੀ ਸੀ ਤੇ ਵਰਨਾਂ ਵਲੋਂ, ਜੰਡਿਆਲੇ ਸੇਰ-ਖਾਂ ਦੇ ਨੂੰ (ਜਿਥੋਂ ਦਾ ਵਾਰਸ ਸਾਹ ਹੋਇਆ ਏ) ਘੋੜੀ ਤੇ ਜਾ ਰਹੇ ਸੀ। ਗੁਰੂ ਹਰੀ ਸਿੰਘ ਜੀ ਦਾ ਦੌਰਾ, ਵਰਨਾਂ ਤੋਂ ਵਿਲੋਕੀ ਜਾ ਰਿਹਾ ਸੀ। ਸਾਥ ਬਹੁਤ ਸਿੱਖ ਸਾਧ ਸੀ। ਸੰਤ ਨਰਾਇਣ ਸਿੰਘ ਜੀ ਭੀ, ਸੰਤਪੁਰ ਵਾਲੇ ਸੀ, ਜਿਨ੍ਹਾਂ ਨੂੰ ਘੋੜੀਆਂ ਵਾਲੇ ਸੰਤ ਭੀ ਸੰਗਤ ਕਹਿੰਦੀ ਸੀ। ਮੰਗਲ ਸਿੰਘ ਜੀ ਨੇ, ਇਕ ਬਿਰਧ ਸਾਧ ਨੂੰ ਇਹ ਕਹਿ ਆਪਣੀ ਘੋੜੀ ਤੇ ਚੜ੍ਹਾਇਆ ਕਿ ਮੈਂ ਜਵਾਨ ਹਾਂ, ਟੁਰਦਾ ਜੰਡਿਆਲੇ ਅਪੜ ਪਵਾਂਗਾ। ਤੁਸੀਂ ਬਿਰਧ ਹੋ, ਕੁਝ ਸੌਖੇ ਹੋ ਜਾਵੋ। ਸੰਤ ਨਰਾਇਣ ਸਿੰਘ ਜੀ ਪਿਛੋਂ ਆਏ ਰਲੇ ਤੇ ਕਿਹਾ, ਇਹ ਸਿੰਘ ਸਾਡੇ ਭਲੇ ਦੀ ਕੁਝ ਸੋਚਦੈ ਕਿ ਆਪਣਾ ਹੀ ਨਫਾ ਲੋਚਦੈ। ਮੰਗਲ ਸਿੰਘ ਕਿਹਾ, ਤੁਹਾਡਾ ਕਿਵੇਂ ਭਲਾ ਏ। ਸੰਤ ਜੀ ਕਿਹਾ, ਜੇ ਤੂੰ ਭਜਨ ਪੁੱਛ ਲਵੇਂ। ਮੰਗਲ ਸਿੰਘ ਕਿਹਾ, ਤੁਸੀਂ ਕੂਕੇ ਮਸਤ ਕਰ ਦੇਂਦੇ ਹੋ ਤੇ ਮੈਂ ਅਜੇ ਪਟਵਾਰ ਕਰਨੀ ਹੈ। ਸੰਤ ਜੀ ਉਸ ਬਿਰਧ ਸਾਧ ਨੂੰ ਕਿਹਾ ਸੰਤ ਜੀ ਇਸ ਦੀ ਘੋੜੀ ਤੋਂ ਉਤਰ ਜਾਵੋ। ਮੰਗਲ ਸਿੰਘ ਕਿਹਾ, ਮੈਂ ਭਜਨ ਪੁੱਛ ਲੈਂਦਾ ਹਾਂ। ਘੋੜੀ ਤੋਂ ਨਾ ਉਤਰੇ! ਸੰਤ ਜੀ ਨੇ ਕਿਹਾ ਆ ਫਿਰ ਬੈਠ ਕੰਨ ਕਰ। ਮੰਗਲ ਸਿੰਘ ਜੀ ਨੇ ਘੋੜੀ ਤੋਂ ਕੁਤਈ ਉਤਾਰ ਵਿਛਾਈ, ਸੰਤ ਜੀ ਭਜਨ ਦੱਸ ਕਿਹਾ, ਝਟ ਕੁ ਤੂੰ ਚੌਂਕੜਾ ਲਾ ਭਜਨ ਕਰ ਤੇ ਇਸ ਬਿਰਧ ਨਾਲ ਟੁਰ, ਫੇਰ ਸਾਨੂੰ ਆ ਰਲੀਂ। ਸੰਤ ਜੀ ਪੁੱਛਿਆ, ਕੁਝ ਪੜ੍ਹਿਆ ਭੀ

Sri Satguru Jagjit Singh Ji Elibrary NamdhariElibrary@gmail.com

ਹੈਂ ? ਮੰਗਲ ਸਿੰਘ ਕਿਹਾ, ਗੁਰਮੁੱਖੀ, ਉਰਦੂ, ਫਾਰਸੀ, ਅੰਗਰੇਜ਼ੀ ਜਾਣਦਾ ਹਾਂ। ਸੰਤਾਂ ਕਿਹਾ, ਬੁਧ ਢੂੰਧ ਤੇ ਘਣਿਆ ਪਿਆ ਸੀ ਅਗੇ ਹੁਣ ਜਾਗ ਲਗ ਗਈ ਹੈ, ਆਖ ਆਪ ਘੋੜੀ ਤੇ ਚੜ੍ਹ ਚਲੇ ਗਏ। ਮੰਗਲ ਸਿੰਘ ਜੀ ਝਟ ਬੈਠ, ਭਜਨ ਕੀਤਾ ਤੇ ਬਿਰਧ ਸਾਧ ਨੂੰ ਘੋੜੀ ਤੇ ਚਾੜ੍ਹ ਆਪ ਨਾਲ ਹੋ ਟੁਰਿਆ। ਪਟਵਾਰ ਦੇ ਕੰਮ ਦਾ ਚੇਤਾ ਹੀ ਭੁਲ ਗਿਆ ਤੇ ਫਿਲੋਕੀ ਜਾ ਅਪੜੇ। ਸ੍ਰ: ਭਗਵਾਨ ਸਿੰਘ ਵੱਲ ਫਿਲੋਕੀ, ਗੁਰੂ ਜੀ ਦੇ ਦੌਰੇ ਦਾ ਉਤਾਰਾ ਸੀ। ਕਿਸੇ ਬਹੁਤ ਸੰਗਤ ਆਈ ਦੇਖ ਕਿਹਾ, ਕੂਕੇ ਆਏ ਹਨ ਭਗਵਾਨ ਸਿੰਘ ਨੂੰ ਭੁੱਖਾ ਕੰਗਾਲ ਕਰਨ। ਸੰਤ ਨਰਾਇਣ ਸਿੰਘ ਜੀ ਕਿਹਾ, ਅਸੀਂ ਤੇ ਭਗਵਾਨ ਸਿੰਘ ਨੂੰ ਭੁੱਖਾ ਕੰਗਾਲ ਕਰਨ ਨਹੀਂ ਆਏ, ਸੇਠ ਬਣਾਣ ਆਏ ਹਾਂ। ਇਹ ਵਾਰਤਾ ਮੈਨੂੰ ਸੰਤ ਮੰਗਲ ਸਿੰਘ ਜੀ ਆਪਣੇ ਨਾਲ ਮੁਢ ਦੀ ਬੀਤੀ, ਤੇ ਭਗਵਾਨ ਸਿੰਘ ਜੀ ਬਾਬਤ ਹੋਏ ਬਚਨ ਦੀ ਸੁਣਾਈ ਸੀ।

ਭਗਵਾਨ ਸਿੰਘ ਜੀ ਦੇ ਸੇਠ ਬਣਨ ਦੀ ਵਾਰਤਾ, ਫੇਰ ਦੱਸਾਂਗਾ। ਏਥੇ ਸੰਤ ਮੰਗਲ ਸਿੰਘ ਜੀ ਦਾ ਹੀ ਕੁਝ ਵਰਨਣ ਕਰਾਗਾ।

ਸੰਤ ਜੀ ਪਟਵਾਰ ਛਡ ਮਸਤ ਫਿਰਦੇ, ਭੈਣੀ ਸਾਹਿਬ ਆਏ। ਗੁਰੂ ਹਰੀ ਸਿੰਘ ਜੀ ਕਿਹਾ, ਮਸਤਾਨਿਆ ! ਕੋਈ ਕੰਮ ਭੀ ਕਰਦੇ, ਕਿ ਐਵੇਂ ਹੀ ਫਿਰਦੈਂ। ਮੰਗਲ ਸਿੰਘ ਕਿਹਾ, ਕੰਮ ਹੁਣ ਉਹ ਕਰਾਂਗਾ, ਜੋ ਆਪ ਦਾ ਹੁਕਮ ਹੋਵੇਗਾ। ਗੁਰੂ ਜੀ ਕਿਹਾ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਦੀ ਕਾਰ ਕਰ।

ਸੰਤ ਜੀ ਹੋਸ਼ ਵਿਚ ਹੋ ਗਏ, ਪੰਥ ਦੇ ਕੰਮ ਕਰਨ ਵਾਲਿਆਂ ਨਾਲ ਤੇ, ਮਹਾ: ਗੁਰਦਿਆਲ ਸਿੰਘ ਜੀ ਨਾਲ ਰਲ, ਅੰਗਰੇਜ਼ ਦੇ ਖਿਲਾਫ ਬੋਲਣ ਲਗੇ। ਸੰਤ ਭਗਤ ਸਿੰਘ ਜੀ ਦਾਤੇ ਵਾਲੀਆਂ ਨਾਲ, ਇਹਨਾਂ ਦਾ ਪਿਆਰ ਪੈਣ ਕਰ, ਨਿਧੜਕ ਬੋਲਣ ਦਾ ਸੁਭਾ ਬਣਿਆ।

ਸੰਤ ਭਗਤ ਸਿੰਘ ਜੀ ਤੇ ਮੰਗਲ ਸਿੰਘ ਮਿਲ ਦੌਰੇ ਕਰਦੇ। ਜਥਾ ਫੇਰਦੇ, ਪਰ ਮੰਗਲ ਸਿੰਘ ਜੀ ਕਰੜਾ ਬੋਲਦੇ ਸੀ। ਸਿੰਘ-ਸਭੀਏ, ਸਰਕਾਰ ਅੰਗਰੇਜ਼ੀ ਦੇ ਕਹੇ ਤੇ ਚਲਦੇ। ਕੂਕਿਆਂ ਦੇ ਪ੍ਰਚਾਰ ਵਿਚ ਰੋਕ ਪਾਂਦੇ। ਮੁਕਾਬਲੇ ਕਰਦੇ। ਕੂਕਿਆਂ ਦੇ ਖਿਲਾਫ ਰਿਪੋਟਾਂ ਭੀ ਝੂਠੀਆਂ ਸੱਚੀਆਂ ਪੁਚਾਂਦੇ। ਪਰ ਇਹਨਾਂ ਦੋਨਾਂ ਸੰਤਾਂ, ਆਪਣੇ ਧਰਮ ਦਾ ਪ੍ਰਚਾਰ, ਸਤਿਗੁਰੂ ਪਰਤਾਪ ਸਿੰਘ ਜੀ ਸਮੇਂ ਸਰਕਾਰ ਵਲੋਂ ਸਖਤੀ ਘਟੀ ਜਾਣ, ਮਹਾਨ ਕੀਤਾ।

## ਰਕਾਬ ਗੰਜ

ਦਿੱਲੀ ਰਕਾਬ ਗੰਜ ਗੁਰਦੁਆਰੇ ਦੀ ਕੰਧ, ਵਾਇਸਰਾਏ ਅੰਗਰੇਜ਼ ਦੀ ਕੋਠੀ ਨੂੰ, ਸੜਕ ਸਿੱਧੀ ਕਰਨ ਲਈ, ਅੰਗਰੇਜ਼ਾਂ ਢਾਹੀ। ਸਿੱਖਾਂ ਰੋਸ ਕੀਤਾ। ਕੁਝ ਨਾ ਕਿਸੇ ਪ੍ਰਵਾਹ ਕੀਤੀ। ਤਾਂ ਜੋਸ਼ 'ਚ ਬੋਲਣ ਵਾਲੇ ਭੀ ਕਈ ਸਿੰਘ ਉਠੇ। ਜਿਨ੍ਹਾਂ ਵਿਚ ਸੰਤ ਮੰਗਲ ਸਿੰਘ ਜੀ ਭੀ ਸਨ। ਅੰਮ੍ਰਿਤਸਰ, ਸਿੰਘ-ਸਭੀਆਂ ਸਭ ਸਿੱਖਾਂ ਨੂੰ ਸੱਦਾ ਦੇ ਇਕੱਠ ਕੀਤਾ। ਨਾਮਧਾਰੀ ਭੀ ਬਹੁਤ ਪੁੱਜੇ। ਕੋਈ ਕਿਸੇ ਸਿਰੇ ਗੱਲ ਨਾ ਲਗਦੀ ਜਾਣ, ਸੰਤ ਜਵੰਦ ਸਿੰਘ ਜੀ ਜ਼ਿੰਦਾ ਸ਼ਹੀਦ ਖਿਆਲੇ ਵਾਲਿਆਂ ਕਿਹਾ, ਜ਼ਬਾਨੀ ਗੱਲਾਂ ਦੀ ਲੋੜ ਨਹੀਂ, ਕੁਰਬਾਨੀ ਦੀ ਲੋੜ ਏ। ਆਉ ਮੇਰੇ ਨਾਲ ਟੁਰੋ, ਗੁਰੂ ਅਰਥ ਲੱਗੀਏ। ਸੰਤ ਮੰਗਲ ਸਿੰਘ ਜੀ ਕਿਹਾ, ਤੁਸਾਂ ਜਵਾਨੀ ਵੇਲੇ ਬਹੁਤ ਐਸੇ ਕੰਮ ਕੀਤੇ ਹਨ, ਹੁਣ ਬਿਰਧ ਹੋ ਤੁਸੀਂ ਬੈਠੋ, ਮੈਂ ਆਪ ਦੇ ਥਾਂ ਜਾਂਦਾ ਹਾਂ। ਇਹ ਸੁਣ ਰਣਧੀਰ ਸਿੰਘ (ਪੰਥ ਖਾਲਸੀਆ) ਨਾਰੰਗਵਾਲ ਦਾ ਭੀ ਨਾਲ ਤਿਆਰ ਹੋਇਆ। ਦਿੱਲੀ ਜਾ ਪਹਿਲੇ ਜ਼ੋਰਦਾਰ ਬੋਲ,

Sri Satguru Jagjit Singh Ji Elibrary NamdhariElibrary@gmail.com

ਫੇਰ ਰਕਾਬ ਗੰਜ ਦੀ ਨੀਂਹ ਉਵੇਂ ਜਾ ਰਖੀ। ਸਿੱਖ ਪੰਥ ਵਿਚ ਭੀ ਰੋਸ ਤੇ ਜੋਸ਼ ਵਧਿਆ ਵੇਖ, ਸੁਣ ਗੋਰੇ ਵਲਾ ਗਏ। ਕਿਉਂਕਿ ਸਰਦੂਲ ਸਿੰਘ ਕਵੀਸ਼ਰ ਭੀ ਅੰਮ੍ਰਿਤਸਰੋਂ ਜੱਥਾ ਲੈ ਦੇਹਲੀ ਨੂੰ ਔਣ ਦਾ ਐਲਾਨ ਕਰ ਦਿੱਤਾ ਸੀ। ਇਹਨਾਂ ਦੀ ਕੁਰਬਾਨੀ ਦੇਖ ਸੰਤ ਮੰਗਲ ਸਿੰਘ ਜੀ ਤੇ ਰਣਧੀਰ ਸਿੰਘ ਜੀ ਨੂੰ ਕੈਦ ਹੋਈ ਥੋੜਾ ਚਿਰ। ਫੇਰ ਹਦੂਦ-ਬੰਦੀ ਤੇ ਬੋਲਣ ਤੇ ਰੋਕ ਲਾਈ ਸਰਕਾਰ।

## ਈਸਾਈ ਫਿਰ ਸਿੱਖ

ਸੰਤ ਜੀ ਜ਼ਮਾਨਤ ਤੇ, ਆਪਣੇ ਨਾਨਕੇ ਘਰਜਾਖ ਗੁਜਰਾਂਵਾਲੇ ਕੋਲ ਰਹਿੰਦੇ। ਤੇ ਸਿੰਘ ਸਭੀਆ ਦੇ ਯਤੀਮਖਾਨੇ ਜਾ, ਮੁੰਡਿਆਂ ਤੇ ਉਨ੍ਹਾਂ ਦੇ ਪੜ੍ਹਾਨ ਵਾਲਿਆਂ ਵਿਚ, ਕੂਕਪੁਣੇ ਦਾ ਪ੍ਰਚਾਰ ਕਰਦੇ। ਅੰਗਰੇਜ਼ ਏਨੀਂ ਦਿਨੀਂ ਲਬ ਪਾ, ਲੋਕਾਂ ਨੂੰ ਈਸਾਈ ਬਣਾਦੇ ਸੀ। ਹਰ ਸ਼ਹਿਰ, ਪਿੰਡ ਵਿਚ, ਆਪਣੇ ਮਿਸ਼ਨ ਵਣੇ ਮੇਮਾਂ ਤੇ ਪਾਦਰੀ ਫੇਰ ਪੁਸਤਕਾ ਮੁਫਤ ਆਪਣੇ ਮਤ ਦੀਆਂ ਵੰਡਦੇ ਸੀ। ਸੰਤ ਜੀ ਨਾਲ ਇਕ ਅੰਗਰੇਜ਼ ਪਾਦਰੀ ਦੀ ਗੋਸ਼ਟ ਹੋਈ। ਉਸ ਸੰਤ ਜੀ ਦਾ ਸਾਰਾ ਹਾਲ ਸੁਣ, ਸੰਤ ਜੀ ਨੂੰ ਈਸਾਈ ਬਨਾਣਾ ਚਾਹਿਆ, ਚਾਰ ਇਲਮ ਪੜ੍ਹਿਆ ਤੇ ਚੰਗਾ ਬੁਲਾਰਾ ਜਾਣ। ਸੰਤ ਜੀ ਹਦੂਦ-ਬੰਦੀ ਤੇ ਜ਼ਬਾਨ-ਬੰਦੀ, ਆਪਣੇ ਤੋਂ ਹਟਾਣੀ ਲੋੜਦੇ ਸੀ। ਜ਼ਬਾਨੀ ਵਾਇਦੇ ਹੋਏ। ਉਸ ਪਾਦਰੀ ਜਤਨ ਕਰ, ਸੰਤ ਜੀ ਨੂੰ ਛੁਹਣਕਾਣੇ ਮੰਡੀ, ਆਪਣੇ ਨਾਲ ਲੈ ਆਂਦਾ। ਈਸਾਈ ਮਤ ਦੀਆ ਪੁਸਤਕਾਂ, ਪੜ੍ਹਨ ਤੇ ਪ੍ਰਚਾਰਨ ਲਈ ਦਿੱਤੀਆਂ। ਜਿਚਰ ਸੰਤ ਜੀ ਤੋਂ ਸਭ ਪਾਬੰਦੀਆਂ ਨ ਟੁਟੀਆਂ, ਉਚਰ ਈਸਾਈ ਮਤ ਦਾ ਉਪਦੇਸ਼ ਕੁਝ ਦਿਨ ਕੀਤਾ ਤੇ ਉਸ ਦੀਆਂ ਧੀਆਂ ਨਾਲ ਜ਼ਬਾਨੀ ਹੱਸ ਖੇਡ ਭੀ ਕਰਦੇ। ਪਾਦਰੀ ਸਮਝਦਾ, ਇਹ ਈਸਾਈ ਹੋ ਗਿਆ ਹੈ। ਪਾਬੰਦੀਆਂ ਹਟੀਆਂ, ਤਾਂ ਸੰਤ ਜੀ ਅੰਗਰੇਜ਼ਾਂ ਤੇ ਈਸਾਈ ਮਤ ਦੇ ਖਿਲਾਫ ਬੋਲਣ ਲਗ ਪਏ ਜਾਣ ਕੇ ਪਾਦਰੀ ਨਾਲ ਵਿਗਾੜ ਪਾ, ਛੁੱਟੀ ਪਾ, ਫਿਰ ਅੰਮ੍ਰਿਤ ਛਕ, ਕੂਕੇ ਪੰਥ ਦਾ ਪ੍ਰਚਾਰ ਕਰਨ ਲਗੇ।

ਬਾਅਦ ਸੰਤ ਜੀ, ਮਹਾਤਮਾ ਗਾਂਧੀ, ਮਦਨ ਮੋਹਨ ਮਾਲਵੀ, ਤੇ ਲਾਲਾ ਲਾਜਪਤ ਰਾਏ ਨਾਲ ਮਿਲ, ਅੰਗਰੇਜ਼ ਦੇ ਵਿਰੁੱਧ ਪ੍ਰਚਾਰ ਕਰਦੇ। ਨਾਮਧਾਰੀ ਪੰਥ ਦਾ ਉਪਦੇਸ਼, ਦੇਸ-ਅਜ਼ਾਦੀ ਦਾ ਕਰਦੇ। ਇਹ ਸੱਚ ਸਾਹਵੇਂ ਸੁਨਾਣਾ, ਐਸਾ ਜਾਣਦੇ ਸੀ ਭਾਵੇਂ ਲੋਕਾਂ ਨੂੰ ਗਾਲ੍ਹਾਂ ਭੀ ਕਢਣ ਤਾਂ ਸੁਖਾਂ-ਦੀਆਂ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਨਾਲ ਮਿਲ, 'ਸਤਿਜੁਗ' ਅਖਬਾਰ ਲਾਹੌਰੋਂ ਜਾਰੀ ਕੀਤਾ। ਸੰਤ ਨਿਧਾਨ ਸਿੰਘ ਜੀ 'ਆਲਿਮ' ਜਹੇ ਸਾਥੀ ਬਣਾ, ਬਹੁਤ ਨਾਮਧਾਰੀ ਪੰਥ ਦੇ ਵਾਧੇ ਦੇ ਕੰਮ ਕੀਤੇ। ਸੋ ਸਮੇਂ ਸਮੇਂ ਸਿਰ ਅੱਗੇ ਲਿਖਾਂਗਾ। 'ਰਹਿਮੀ'

## ਸੰਤ ਭਗਤ ਸਿੰਘ ਜੀ ਦਾਤੇ ਵਾਲੀਏ

ਗੁਰੂ ਹਰੀ ਸਿੰਘ ਜੀ ਦੇ ਸਾਹਵੇਂ ਮਸਤ ਹੋਇਆ ਆਪਣੇ ਨਗਰ ਹੀ ਦੀਵਾਨ ਲਾਇਆ ਸੀ। ਬੜਾ ਰਸ ਬਣਿਆ ਸੀ। ਨਗਰ ਦੇ ਸਿੱਖਾਂ ਗੁਰੂ ਜੀ ਪਾਸ ਬਚਨ ਕੀਤਾ, ਜਦ ਦਾ ਇਹ ਭਗਤ ਸਿੰਘ, ਸਿੱਖ ਸਜ ਸ਼ਬਦ ਪੜ੍ਹਨ ਲਗਾ ਹੈ। ਪਿੰਡ ਦੇ ਬ੍ਰਹਿਮਣ ਕੁਝ ਢਿੱਲੇ ਹੋਏ ਹਨ, ਨਹੀ ਤੇ ਤੰਗ ਹੀ ਕਰਦੇ ਸੀ। ਗੁਰੂ ਜੀ ਬਚਨ ਕੀਤਾ ਸੀ। ਇਥੋਂ ਦੇ ਬ੍ਰਹਿਮਣ ਕੀ, ਇਹਦੇ ਸਾਹਵੇਂ ਤਾਂ ਕਾਂਸ਼ੀ ਦੇ ਪੰਡਿਤ ਭੀ ਨ ਕੁਸਕਣਗੇ।

ਸੰਤ ਜੀ ਬੜੇ ਹਾਜ਼ਰ ਜਵਾਬੀ ਸੀ। ਸਿੰਘ-ਸਭੀਆਂ ਨੂੰ ਬੜੀ ਛੇਤੀ ਨਿਰੁਤ੍ਰ ਕਰਦੇ ਸੀ। ਸਬਦ ਖਲੋ ਕੇ ਗਜਵਾਂ ਪੜ੍ਹਨਾ ਤੇ ਪ੍ਰਚਾਰ ਖੜੇ ਕੇ ਕਰਨਾ, ਕੂਕਿਆਂ ਵਿਚ ਇਹਨਾਂ ਤੇ ਟੁਰਿਆ ਹੈ। ਇਹ ਆਮ ਪੜ੍ਹਿਆ

Sri Satguru Jagjit Singh Ji Elibrary NamdhariElibrary@gmail.com

ਕਰਦੇ ਸੀ। 'ਭੱਜੇ ਜਾਣਗੇ ਫਰੰਗੀ ਵੱਜੇ ਘੁੰਗਰੂ। ਕਾਬਲ ਰੋਂਦੀ ਏ ਮੁਗਲਾਣੀ ਕਾਬਲ ਰੋਂਦੀ ਏ।' ਫਾਰਸੀ, ਉਰਦੂ, ਗੁਰਮੁਖੀ ਬਹੁਤ ਤਿੱਖੀ ਤੇ ਵਧੀਆ ਬੋਲਦੇ ਸੀ। ਅੰਗਰੇਜ਼ ਵਲੋਂ ਇਹਨਾਂ ਦੇ ਹਰ ਦੀਵਾਨ ਵਿਚ ਸਿਪਾਹੀ ਆਉਂਦੇ ਸੀ।

ਏਕ ਸਮੇਂ, ਮਾਣੀ ਕੇ ਸੇਖੂਪੁਰੇ ਦੇ ਜ਼ਿਲ੍ਹੇ ਵਿਚ, ਸੰਤ ਫਤੇ ਸਿੰਘ ਜੀ ਮੇਲਾ ਕੀਤਾ। ਇਹਨਾਂ ਨੂੰ ਸੱਦਿਆ। ਦੀਵਾਨ ਲਗੇ ਵਿਚ ਸਿਪਾਹੀ ਲੈ, ਹਵਾਲਦਾਰ ਆ ਬੈਠਾ। ਕਦੇ ਦੁਆਲੇ ਫਿਰੇ। ਸੰਤ ਜੀ ਸਬਦ ਪੜ੍ਹਦਿਆ ਬਚਨ ਕੀਤਾ, ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਹੈ। ਜੇ ਹਲ ਵਾਹ ਭੀ ਭਜਨ ਦੱਸੇਗਾ, ਤਾਂ ਮੇਰੇ ਵਾਂਗੂ ਹੀ ਅਸਰ ਕਰੇਗਾ। ਪੱਥਰ ਤੇ ਪਿਆ ਭੀ ਇਹ ਬਿਰਥਾ ਨ ਜਾਵੇਗਾ। ਉਸ ਹਵਾਲਦਾਰ ਅਜ਼ਮਾਣ ਲਈ, ਕੰਨ ਕਰ ਭਜਨ ਪੁੱਛਿਆ। ਕੁਝ ਚਿਰ ਬਾਅਦ ਮਸਤ ਹੋ, ਮੂੰਹ ਵਿਚ ਛਿੜ੍ਹ ਪਾ, ਸੰਗਤ ਵਿਚ ਖੜ੍ਹੇ ਕਿਹੇ ਸੂ, ਮੈਂ ਭੁੱਲਾ ਮੈਨੂੰ ਬਖਸੋ। ਸੰਤ ਜੀ ਦੇ ਚਰਨਾਂ ਤੇ ਲੇਟ ਕਿਹੇ ਸੂ, ਮੇਰੀ ਰੱਖਿਆ ਹੋਵੇ। ਸੰਤ ਜੀ ਕਿਹਾ, ਅਨਿਆਂ ਤੇ ਗਿਲਾ ਨ ਕਿਸੇ ਤੇ ਕਰੀਂ, ਤੈਨੂੰ ਕੋਈ ਖਤਰਾ ਨਹੀਂ। ਸਿੱਖ ਹੋਇਆ ਤੇ ਨੌਕਰੀ ਛੱਡ ਘਰ ਵਿਹਾਰ ਜਾ ਕਰਨ ਲਗਾ।

ਸੰਤ ਭਗਤ ਸਿੰਘ ਜੀ ਏਕ ਸਮੇਂ ਗੁਜਰਾਂਵਾਲੇ ਟੇਸ਼ਨੋਂ ਨੇੜੇ ਹੀ ਪਿਸ਼ਾਬ ਕਰਨ ਬੈਠੇ। ਇਕ ਸਿਪਾਹੀ ਆ ਰੋਕਿਆ। ਸੰਤ ਜੀ ਪਿਸ਼ਾਬ ਕਰਕੇ ਉਸ ਦੀ ਗਲ੍ਹ ਤੇ ਤਮਾਚਾ ਠੋਕਿਆ ਤੇ ਕਿਹਾ, ਸਿੱਖ ਹੋ ਕੇ ਖਿੱਲਿਆਂ ਦੇ ਕਹੇ ਸਿੱਖਾਂ ਨੂੰ ਰੋਕਦਾ ਹੈਂ ? ਉਸ ਸਿਪਾਹੀ ਹੱਥ ਜੋੜੇ ਤੇ ਕਿਹਾ, ਮੈਨੂੰ ਭੀ ਇਹ ਨਿਰਭੈ ਹੋਣ ਵਾਲਾ ਸਬਕ ਦਿਉ। ਸੰਤ ਜੀ ਉਸ ਦੇ ਕੰਨ ਵਿਚ ਭਜਨ ਦੱਸ, ਗੁਰਦੁਆਰੇ ਜਾ ਟਿਕੇ ਤੇ ਉਹ ਮਸਤ ਹੋਇਆ, ਪੇਟੀ ਸੁੱਟ, ਪੁੱਛਦਾ ਗੁਰਦੁਆਰੇ ਆਇਆ। ਸੰਤ ਜੀ ਦੀ ਚਰਨੀਂ ਲਗ ਕਿਹਾ ਜੋ ਆਪ ਦਾ ਹੁਕਮ ਹੋਵੇ ਸੋ ਕਰਾਂ। ਸੰਤ ਜੀ ਕਿਹਾ, ਭਜਨ ਕਰ ਤੇ ਧਰਮ ਦੀ ਕਿਰਤ ਕਰ। ਇਹ ਸਿਪਾਹੀ ਆਪਣੇ ਘਰ ਕੰਗੀ ਆ, ਕੁਝ ਵਿਹਾਰ ਕਰਦਾ ਤੇ ਮਸਤ ਹੀ ਰਹਿੰਦਾ। ਇਹ ਦੀਵਾਨ ਸਿੰਘ ਮਸਤਾਨਾ ਹੀ ਰਿਹਾ।

ਜਰਮਨ ਤੇ ਅੰਗਰੇਜ਼ ਦੀ ਚੌਦਾਂ ਦੀ ਲਾਮ ਵੇਲੇ ਅੰਗਰੇਜ਼, ਜ਼ੈਲਦਾਰਾਂ, ਨੰਬਰਦਾਰਾਂ ਤੋਂ ਬੰਦੇ ਮੰਗਾਦੇ ਸੀ। ਜਿਸ ਦੇ ਏ ਚਾਰ ਪੁੱਤਰ ਹੁੰਦੇ, ਜਬਰੀ ਭੀ ਜਵਾਨ ਲੈਂਦੇ ਸੀ। ਸੰਤ ਭਗਤ ਸਿੰਘ ਇਸ ਮੌਕੇ ਹੋਕਾ ਦੇਂਦੇ ਦੀਵਾਨ ਵਿਚ, ਸਰਕਾਰੀ ਕਾਗਜ਼ਾਂ ਵਿਚ ਲਿਖਿਆ ਹੈ, ਕੂਕਾ ਸਰਕਾਰ ਅੰਗਰੇਜ਼ੀ ਦਾ ਖੈਰਖਾਹ ਨਹੀਂ ਹੋ ਸਕਦਾ। ਫੌਜ ਵਿਚ ਭਰਤੀ ਨਹੀਂ ਰੱਖਿਆ ਜਾ ਸਕਦਾ, ਕੂਕਾ ਝੂਠ ਨਹੀਂ ਬੋਲਦਾ ਤੇ ਮਾਸ ਸ਼ਰਾਬ ਨਹੀਂ ਵਰਤਦਾ। ਜਿਸ ਲਾਮ ਦੀ ਜਾਮੁਤੋਂ ਬਚਨਾ ਹੈ, ਕੂਕਾ ਸਜ ਜਾਵੇ, ਉਹ ਮਰਯਾਦਾ ਨਾਮਧਾਰੀ ਰੱਖੇ। ਕਈ ਲੋਕ ਨੌਕਰ ਹੋਣ ਦੇ ਡਰੋਂ, ਕੂਕੇ ਸਜੇ। ਕਈ ਬਾਣੀ ਆਸਣ ਗੜਵਾ ਸੁਚ ਦੇਖ, ਗੋਰੇ ਕਹਿੰਦੇ, ਜੇ ਤੂੰ ਕੂਕਾ ਹੈਂ ਤਾਂ ਭੱਜ ਜਾ, ਸਾਡੇ ਕੰਮ ਦਾ ਨਹੀਂ। ਕਈ ਤੇ ਤਦ ਦੇ ਸਜੇ ਅਜੇ ਤਕ ਕਾਇਮ ਹਨ। ਕਈ ਮਤਲਬੀ, ਬਾਅਦ ਫਿਰ ਗਏ ਸੀ ਧਰਮੋਂ। ਮਾਲਾ ਤੇ ਨਾਮਧਾਰੀ ਬਾਣਾ ਲਾਹ ਦਿੱਤਾ ਸੀ। ਸ਼ਕਾਇਤ ਲਗਣ ਤੇ ਫੇਰ ਫੜੇ ਗਏ ਸੀ ਕਿ ਇਹ ਕੂਕੇ ਨਹੀਂ।

## ਸੰਤ ਫਤੇ ਸਿੰਘ ਜੀ ਮਾਣੀ ਕੇ

ਸੰਤ ਫਤੇ ਸਿੰਘ ਮਾਣੀ-ਕਿਆ ਵਾਲਾ, ਹਰ ਵਸਤ, ਗੁੜ, ਖੰਡ, ਬਦਾਮ, ਆਟਾ, ਦਾਲਾ ਅੰਦਰ ਜੋਮ੍ਹਾਂ ਰਖਦਾ। ਕੁੰਜੀ ਨੇੜੇ ਆਲੇ ਵਿਚ ਰੱਖ, ਬਾਹਰ ਖੇਤ ਦਾ ਕੰਮ ਕਰਦਾ। ਆਏ ਸਿੰਘ, ਆਪੇ ਕੁੰਜੀ ਲੈ

Sri Satguru Jagjit Singh Ji Elibrary NamdhariElibrary@gmail.com

ਲੋੜ ਪੂਰੀ ਕਰਦੇ। ਲੋਕ ਜਾਣਦੇ, ਹਰ ਕੂਕੇ ਕੋਲ ਕੁੰਜੀ ਹੁੰਦੀ ਏ। ਜੋ ਜੰਦਾ ਦੇਖ ਟੁਰ ਜਾਂਦਾ, ਉਸ ਨੂੰ ਭੱਜ ਕੇ ਘੇਰ ਘਰ ਲਿਆਉਂਦਾ। ਜੇ ਜੰਦਾ ਤੋੜ ਪਦਾਰਥ ਛਕਦਾ ਉਸ ਦੇ ਗਲ ਆ ਲਗਦਾ ਤੇ ਕਹਿੰਦਾ, ਤੂੰ ਅਵਿਰਲ ਪਿਆਰ ਕੀਤਾ ਹੈ। ਮੇਰਾ ਨਹੀਂ ਆਪਣਾ ਘਰ ਜਾਣਿਆ ਹੈ। ਇਸ ਦੇ ਖੇਤ ਸਟੇਸ਼ਨ ਦੇ ਨੇੜੇ ਹੀ ਸਨ। ਸਟੇਸ਼ਨ ਦੇ ਬਾਬੂ ਦੀ ਮੌਜ ਲਈ ਪੱਠੇ ਬੀਜ ਰਖਦਾ। ਹਰ ਮਹੀਨੇ ਰੁਤ ਦੇ, ਬਾਬੂ ਨੂੰ ਕਹਿ ਰਖਿਉ ਸੂ ਤੂੰ ਕੂਕੇ ਨੂੰ ਟਿਕਟ ਨਹੀਂ ਪੁੱਛਣੀ। ਬਾਬੂ ਕਿਸੇ, ਕੂਕੇ ਨੂੰ ਟਿਕਟ ਨਾ ਪੁੱਛਦਾ। ਹਰ ਸਿੱਖ ਘਰ ਗਏ ਨੂੰ ਫਤੇ ਸਿੰਘ ਪੁੱਛਦਾ, ਟਿਕਟ ਲੈ ਆਇਆ ਹੈਂ, ਗੱਡੀ ਰਾਹੇ ਕਿ ਮੁਫਤ, ਜੇ ਮੁਫਤ ਕਹਿੰਦਾ, ਉਸ ਨੂੰ ਪ੍ਰੇਮ ਨਾਲ ਸਮਝਾਂਦਾ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ, ਸਿੱਖ ਕਿਸੇ ਦਾ ਦੇਣਦਾਰ ਨ ਹੋਵੇ। ਮਤ ਦਰਗਾਹੇ ਫੇਰੀ ਕੋਈ ਫੜੇ। ਭਾਈ ਕੂਕੇ ਨੂੰ ਇਹ ਕੰਮ ਨਹੀਂ ਸੋਭਦਾ, ਕਹਿ ਅਗੋਂ ਲਈ ਟਿਕਟ ਲੈਣ ਦੀ ਪੱਕੀ ਕਰਦਾ।

ਜੇ ਕੋਈ ਇਸ ਨੂੰ ਕਹਿੰਦਾ, ਤੈਨੂੰ ਗ੍ਰਿਹਸਤੀ ਬਣਾਈਏ ਤਾਂ ਕਹਿੰਦਾ, ਇਵੇਂ ਹੀ ਚੰਗਾ ਹਾਂ। ਗ੍ਰਿਹਸਤ ਵਿਚ ਬੜੇ ਦੁੱਖ ਹਨ। ਕਿਤੇ ਦਾ ਦਾਗ, ਦੁੱਖ ਕਿਤੇ ਆ ਦਾਹਦਾ ਹੈ ਤੇ ਧਰਮ ਵਲੋਂ ਰੁਕਣ ਦਾ ਡਰ ਰਹਿੰਦਾ ਹੈ। ਇਹ ਸਾਦ੍ਹ-ਗੁਰਾਏ ਦਾ, ਗੁਰਾਇਆ ਜਿਮੀਂਦਾਰ ਸੀ ਤੇ ਮਾਛੀਕੀ, ਨਾਨਕੀ ਮਾਲਕੀ ਤੇ ਰਹਿੰਦਾ ਸੀ ਤੇ ਕਹਿੰਦਾ ਸੀ, ਐਥੇ ਨੱਕਾ ਚੰਗਾ, ਸਟੇਸ਼ਨ ਨੇੜੇ ਹੋਣ ਕਰ, ਸੇਵਾ ਦਾ ਲਗਾ ਰਹਿੰਦਾ ਹੈ। ਸਾਦ੍ਹ-ਗੁਰਾਏ ਜਾਣ ਤੇ ਮਤੇ ਇਹ ਵਾਹ ਘਟ ਜਾਵੇ। ਇਹ ਨੰਗੇ ਪਿੰਡੇ, ਢਿੱਲੇ ਕਛਹਿਰੇ ਸਾਦਾ ਜਿਹਾ, ਸਦਾ ਭਜਨ, ਕਿਰਤ ਤੇ ਸੇਵਾ ਵਿਚ ਰੱਤਾ, ਮੱਤਾ ਰਹਿੰਦਾ ਸੀ। ਇਸ ਨੂੰ ਭੀ ਸਬਦ ਦੀ ਜਾਗ, ਸੰਤ ਭਗਤ ਸਿੰਘ ਜੀ ਤੋਂ ਹੀ ਲਗੀ ਸੀ, ਤੇ ਮੇਲੀ ਸੰਤ ਆਲਾ ਸਿੰਘ ਜੀ ਦਾ ਹੋ ਨਿਭਿਆ ਹੈ।

## ਸੰਤ ਅਤਰ ਸਿੰਘ ਜੀ

ਸੰਤ ਅਤਰ ਸਿੰਘ ਜੀ ਸੰਬੜਿਆਲੀਏ ਜੋਮੇ, ਪਲੇ ਜਰਮੀ ਸੀ ਤੇ ਸੰਤ ਖੇਤਾ ਸਿੰਘ ਜੀ ਬੂੜੇ ਛੌਲੇ ਵਾਲਿਆਂ ਦੀ ਸੰਗਤ ਸੇਵਾ ਤੋਂ ਸੁਧਰੇ ਸੀ। ਇਹ ਖੜਤਾਲਾਂ ਵਜਾਂਦੇ, ਨਿਰਤ ਕਰਦੇ, ਪਰ ਜਦ ਸਬਦ ਦਾ ਅਮਲ ਔਂਦਾ ਤਦ ਫੜਦੇ, ਸਬਦ ਪੜ੍ਹਦੇ ਨਿਰਤ ਕਰਦੇ। ਇਹਨਾਂ ਦਾ ਦੀਵਾਨ ਬੜੀ ਰੌਣਕ, ਤੇ ਮਸਤੀ ਭਰਿਆ ਹੁੰਦਾ। ਹਿੰਦੂ, ਮੁਸਲਮਾਨ, ਸਿੱਖ ਸਭ ਨੂੰ ਸਾਂਝਾ ਉਪਦੇਸ਼ ਦੇਂਦੇ। ਸੰਤ ਕੇਸਰ ਕਿੱਲੀ ਜੀ ਮਹਾਵੇ ਵਾਲੇ ਮਹਾਂਪੁਰਖਾਂ, ਇਹਨਾ ਦੀਆਂ ਖੜਤਾਲਾਂ ਤੇ ਸੁਰ ਸਬਦ ਦਾ ਸੁਆਦ ਮਾਣ ਵਰ ਦਿੱਤਾ ਸੀ ਕਿ ਇਹ ਤੇ ਇੰਦਰ ਮੋਹਣੀਆਂ ਹਨ ਅਤਰ ਸਿੰਘ ਦੀਆਂ। ਠੀਕ ਸਭ ਨੂੰ ਮੋਹ ਲੈਣ ਵਾਲਾ ਹੀ ਇਹਨਾਂ ਖੜਤਾਲਾਂ ਤੇ ਸੰਤ ਜੀ ਦੀ ਸੁਰ, ਸਬਦ ਮਸਤੀ ਦਾ ਸੁਆਦ ਹੁੰਦਾ ਸੀ। ਰਾਗੀਆਂ ਵਿਚ, ਉਚੀ ਸੁਰ ਤਾਲ ਦੇ ਬਿਉਰੇ 'ਚ, ਅੰਮ੍ਰਿਤਸਰ ਜੋ ਰਾਗੀਆਂ ਜੋਗ ਕਿਤਾਬ ਬਣੀ ਹੋਈ ਹੈ ਕਿ ਐਸ ਸੁਰ ਵਿਚ ਗੌਣਾ ਹੋਵੇ ਤਾਂ ਫਲਾਣੇ ਤਰ੍ਹਾਂ। ਅਰਥਾਤ ਜਿਵੇਂ ਛੇਵੇਂ ਗੁਰੂ ਜੀ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਫਲਾਣੀ ਧੁਨੀ ਮੇ ਗਾਵਣਾ, ਰਾਗੀ ਲੋਕ ਦੱਸਦੇ ਹਨ। ਸੰਤ ਅਤਰ ਸਿੰਘ ਜੀ ਦੀਆਂ ਖੜਤਾਲਾਂ ਨੂੰ, ਇਕ ਰਸੀਲੀ ਸੁਰ ਦਾ ਨਮੂਨਾ ਗਿਣ ਰਖਿਆ ਹੋਇਆ ਹੈ। ਠੀਕ ਇਹਨਾਂ ਦੀ ਸੁਰ ਤਾਲ ਤੇ ਖੜਤਾਲਾਂ ਵਿਚ ਇਕ ਮਸਤੀ ਹੈ।

Sri Satguru Jagjit Singh Ji Elibrary NamdhariElibrary@gmail.com

## ਸੰਤ ਮੋਹਣ ਸਿੰਘ ਜੀ

ਸੰਤ ਮੋਹਣ ਸਿੰਘ ਜੀ ਵਡਾਲੀਏ, ਸਤਿਗੁਰੂ ਪਰਤਾਪ ਸਿੰਘ ਜੀ ਨੂੰ ਗੁਰੂ ਪਰਮੇਸ਼ਰ ਮੰਨ, ਮੌਜ ਵਿਚ ਆ ਸ਼ਬਦ ਪੜ੍ਹਦੇ ਨਿਰਤ ਕਰਦੇ, ਅੰਦਰੋਂ ਉਮਗੀਆ ਧਾਰਨਾਂ ਰਸੀਲੀਆ ਪੜ੍ਹਨ ਵਾਲੇ, ਇਹ ਪਹਿਲੇ ਸ਼ਬਦੀ ਹੋਏ ਹਨ। ਖਾਸ ਬੰਧੇਜ ਸੀ ਇਹਨਾਂ ਦਾ, ਧਾਰਨਾ ਸ਼ਬਦ ਦੇ ਵਿਚੋਂ ਹੀ ਲੈ ਪੜ੍ਹਨੀ। ਜਿਵੇਂ ਕਿ :—

ਕਿਆ ਉਪਮਾ ਤੇਰੀ ਆਖੀ ਜਾਇ ॥...
ਜੀ ਕਿਆ ਉਪਮਾ ਤੇਰੀ ਆਖੀ ਜਾਇ ॥

ਜੇ ਕੋਈ ਸੰਤ ਜੀ ਨੂੰ ਪੁੱਛਦਾ ਆਪ ਨੇ ਇਹ ਸੁਰ ਤਾਲ ਰੀਤਾਂ ਕਿਥੋਂ ਲਈਆਂ ਹਨ ? ਤਾਂ ਸੰਤ ਜੀ ਝੱਟ ਕਹਿੰਦੇ, ਮੈਂ ਤੇ ਸਭ ਕੁਝ ਸਤਿਗੁਰੂ ਜੀ ਨੂੰ ਅਰਾਧ ਹੀ ਲਿਆ ਹੈ। ਨਾ ਬੁਲ੍ਹੇ ਵਾਂਗੂ ਤੇ ਨਾ ਸੰਤ ਲਾਲ ਸਿੰਘ ਜੀ ਡੂਰੇ ਗਿੱਲੀਆਂ ਵਾਂਗੂ, ਇਸ਼ਕ ਲੱਗੇ ਕੰਜਰਾ ਦੇ ਘਰੀਂ ਜਾ, ਉਹਨਾ ਨੂੰ ਮੁੱਠੀਆ ਭਰੀਆਂ ਹਨ। ਮੈਂ ਤੇ—

ਰਾਮ ਰਮਤ ਮਤਿ ਪਰਗਟੀ ਆਈ ॥...
ਤੇ "ਪ੍ਰਭ ਕਉ ਸਿਮਰਹਿ ਆਤਮੁ ਜੀਤਾ ॥
ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥"

ਦੀ ਮਤ 'ਚੋਂ ਸਭ ਕੁਝ ਪਾਇਆ ਹੈ। ਜਿਸ ਰੀਝ ਨਾਲ ਮੰਗਿਆ ਸੀ, ਉਸ ਰੀਝ ਨਾਲ ਆਪਣੇ ਗਾਂਡਫ ਨੂੰ ਰੀਝਾਇਆ ਦੇ।

## ਪੰਡਿਤ ਬਸੰਤ ਸਿੰਘ ਜੀ

ਪੰਡਿਤ ਬਸੰਤ ਸਿੰਘ ਜੀ ਪਧਾਣਾ ਨੇ ਕੁਝ ਵਿੱਦਿਆ ਸ੍ਰੀ ਅੰਮ੍ਰਿਤਸਰ ਜੀ ਲਈ ਤੇ ਕੁਝ ਕਾਂਸੀ ਜਾ ਪੜ੍ਹੇ ਤੇ ਵੇਦਾਂਤ ਮਤ ਘੋਖ ਆਪਣੇ ਨਾਮਧਾਰੀ ਪੰਥ ਦਾ ਬਹੁਤ ਪ੍ਰਚਾਰ, ਪਿਆਰ ਐਸੀ ਜੁਗਤ ਨਾਲ ਕੀਤਾ ਕਿ ਬਹੁਤ ਸਿੱਖਾਂ ਨੂੰ ਅਗੋਂ ਪੜ੍ਹਾਇਆ ਤੇ ਹਰ ਮਰਯਾਦਾ ਤੇ ਵੇਦ ਸ਼ਾਸਤ੍ਰ ਤੇ ਗੁਰਬਾਣੀ ਦੇ ਮਤ ਨੂੰ ਇਕ ਤਥ ਦੇ ਰੂਪ ਵਿਚ ਸਾਰ ਨਿਤਾਰ ਕੇ ਹਰ ਮੇਲੀ ਦੇ ਹਿਰਦੇ ਵਿਚ ਬਿਠਾਇਆ। ਇਹਨਾਂ ਤੋਂ ਹਰ ਨਾਮਧਾਰੀ ਪੰਥ ਦੇ ਪ੍ਰਚਾਰਕ ਨੂੰ ਸੁਤੇ ਬਹੁਤੀ ਸੂਝ ਮਿਲਦੀ ਇਹ ਸਹਿਜ ਬਿਰਤ ਖੋਜੀ ਵਿਦਵਾਨ ਬਿਊਰੀ ਤੇ ਬੋਲਣ ਵਾਲੇ ਵੇਦ ਸ਼ਾਸਤ੍ਰ ਤੇ ਗੁਰਬਾਣੀ ਦੇ ਸਤ ਅਰਥ-ਕਰਤਾ ਸਭ ਪੰਥਾਂ ਦੇ ਵਿਦਵਾਨਾਂ ਵਿਚ ਮੰਨੀਦੇ। ਇਹਨਾਂ ਦੀ ਸੰਗਤ ਕਰਨ ਵਾਲਾ ਨਾਮਧਾਰੀ ਪੰਥ ਤੇ ਗਿਲਾਣ ਕਰਨੋਂ ਹਟ ਜਾਂਦਾ ਸੀ, ਕਿਉਂਕਿ ਸੰਤ ਜੀ ਹਰ ਧਰਮ-ਗ੍ਰੰਥ ਵਿਚੋਂ ਨਾਮਧਾਰੀ ਪੰਥ ਦੀ ਸੇਧਾ ਨੂੰ ਸਿੱਧ ਕਰ ਦਿਖਾਲਦੇ ਸੀ। ਬਹੁਤ ਉੱਘੇ ਉੱਘੇ ਸਿੱਖਾਂ ਨੇ ਇਹਨਾਂ ਪਾਸੋਂ ਪਧਾਣੇ ਜਾ ਟਿਕ, ਵਿੱਦਿਆ ਪ੍ਰਾਪਤ ਕੀਤੀ। ਸਤਿਗੁਰੂ ਪਰਤਾਪ ਸਿੰਘ ਜੀ ਭੀ ਇਹਨਾਂ ਪਾਸੋਂ ਕੁਝ ਪੰਜ ਸੰਧੀ, ਲਘੂ ਕੌਮ ਦੀ, ਆਦਿ ਤੇ ਹਨੂ ਨਾਟਕ ਸਮੇਤ ਅਰਥਾਂ ਦੇ ਲਾਏ ਸੀ। ਕਾਂਗਰਸ ਦੇ ਸਮੇਂ ਇਹਨਾਂ ਭੈਣੀ ਸਾਹਿਬੋਂ ਪੁਲਸ ਦੀ ਚੌਕੀ ਉਠਾਣ ਦਾ ਕੰਮ ਸੰਤ ਮੰਗਲ ਸਿੰਘ ਜੀ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਸਾਥ ਰਲ ਕੀਤਾ ਤੇ ਸਰਕਾਰ ਦੀ ਅੱਖ 'ਚ ਭੀ ਤਿਣ ਹੋ ਰੜਕਦੇ ਰਹੇ।

## ਕੌਤਕ

ਸਤਿਗੁਰੂ ਜੀ ਸੌਣ ੨੦ ਤੋਂ ਚੜ੍ਹੇ ਅਸੂ ਤਕ ਸਦਾ ਚਾਲੀ ਦਿਨ ਤਪ ਆਪਣਾ ਅਰੰਭਿਆ ਸਾਧਾਂ

ਨਾਲ ਮਿਲ ਕਰਦੇ। ਦੀਪਮਾਲਾ ਅੰਮ੍ਰਿਤਸਰ ਕਰ ਦੌਰਾ ਟੋਰਦੇ। ਇਸ ਸਾਲ ਸਿਆਲਕੋਟ ਦੇ ਜ਼ਿਲ੍ਹੇ ਦਾ ਦੌਰਾ ਘੋੜਿਆਂ ਤੇ ਸਮੇਤ ਕੁਝ ਸਾਧਾਂ ਦੇ ਕਰਦੇ ਵਜ਼ੀਰਾਬਾਦ ਵਲੋਂ ਗੁਜਰਾਂਵਾਲੇ ਦੇ ਜ਼ਿਲ੍ਹੇ ਵਿਚ ਥੋਂਕੇ ਚੀਮੇ ਦਰਸਨ ਦਿੱਤੇ। ਰਾਤ ਤੇ ਸਵੇਰੇ ਦੀਵਾਨ ਲੱਗਾ ਕਈ ਸਿੱਖ ਨਵੇਂ ਸਜੇ ਭਜਨ ਪੁੱਛ ਅੰਮ੍ਰਿਤ ਛਕ। ਸੰਤ ਭਗਤ ਸਿੰਘ ਜੀ ਤੇ ਸੰਤ ਅਤਰ ਸਿੰਘ ਜੀ ਭੀ ਦੌਰੇ ਦੇ ਨਾਲ ਸੀ। ਸਤਿਗੁਰੂ ਜੀ ਜਦ ਸਵੇਰੇ ਥੋਂਕਿਆਂ ਤੋਂ ਅਰਦਾਸਾ ਕਰ ਘੋੜੇ ਤੇ ਸਵਾਰ ਹੋਏ ਤਾਂ ਸ੍ਰ: ਮਾਨ ਸਿੰਘ ਉਥੋਂ ਦਾ ਫੌਜੀ ਪਿਨਸ਼ਨੀ ਹੋ, ਆਇਆ, ਅਗੇ ਹੋ ਖੜਾ ਤੇ ਆਪਣੇ ਅੰਦਰ ਆਈ ਅਰਜ਼ ਕਰਨੀ ਹੀ ਚਾਹੁੰਦਾ ਸੀ ਕਿ ਸਤਿਗੁਰੂ ਜੀ ਕਿਹਾ, ਸਰਦਾਰ ਜੀ ਅਗੋਂ ਹਟ ਜਾਉ ਦਾਲ ਵਿਚ ਕੋਤਰੂ ਭੀ ਤਾਂ ਹੁੰਦੇ ਹੀ ਹਨ। ਉਹ ਵੇਖ ਦਾਲ ਤੇ ਦਿਲੋਂ ਨਹੀਂ ਨਿਕਾਲ ਦੇਈਦੀ।

ਉਸ ਸ੍ਰ: ਨੇ ਹੱਥ ਜੋੜ ਮੱਥਾ ਟੇਕਿਆ ਤੇ ਕਿਹਾ, ਬਸ ਬਸ ਮੇਰੀ ਤਸੱਲਾ ਹੋ ਗਈ ਹੈ। ਸਾਧਾਂ ਉਸ ਤੋਂ ਪੁੱਛਿਆ, ਤੇਰਾ ਕੀ ਸੰਕਾ ਸੀ ? ਉਸ ਦੱਸਿਆ, ਮੈਂ ਇਕ ਸਿੱਖ ਤੇ ਕਿਸੇ ਦੋਸ ਦੀ ਗਿਲਾਨ ਕਰ, ਪੁੱਛਣਾ ਸੀ ਕ ਤੁਹਾਡੇ ਸਿੱਖਾਂ ਵਿਚ ਬਹੁਤ ਗੁਣ ਹਨ। ਪਰ ਕਿਤੇ ਕਿਤੇ ਕੋਈ ਮੰਦਾ ਕਰਮ ਕਰ ਕਿਉਂ ਪੰਥ ਦੀ ਨਿੰਦਾ ਦਾ ਕਾਰਨ ਬਣਦੇ ਹਨ ? ਉਹਨਾਂ ਉੱਤਰ ਦਿੱਤਾ ਹੈ ਤੇ ਮੇਰੀ ਤਸੱਲੀ ਹੋ ਗਈ ਹੈ।

## ਕਾਣਾਂ ਘੋੜਾ

ਇਸ ਦੌਰੇ ਸਮੇਂ ਸਤਿਗੁਰੂ ਜੀ ਦੇ ਤਲੇ ਸਫੈਦ, ਸੋਹਣਾ, ਉਚੇ ਕੱਦ ਵਾਲਾ ਕਾਣਾ ਘੋੜਾ ਸੀ। ਜੋ ਸੰਤ ਫਤੇ ਸਿੰਘ ਜੀ ਮਾਂਗੇ ਵਾਲਿਆਂ ਦੇ ਚਾਚੇ ਲਾਲ ਸਿੰਘ ਨੇ ਬੜਾ ਜੋਰਾਵਰ ਤੇ ਕੁੰਢੀਆਂ ਕਨੌਤੀਆਂ ਵਾਲਾ ਜਾਣ ਦਿੱਤਾ ਸੀ। ਇਸਨੂੰ ਸਾਧੂ ਰਣਜੀਤ ਸਿੰਘ ਭੀ ਕਹਿੰਦੇ ਸੀ। ਜਦੋਂ ਇਹ ਉੱਚੀ ਧੌਣ ਕਰ ਹਿਣਕਦਾ ਸੀ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਬਜੇ ਤੇ ਅਸਮਾਨੀ ਘੋੜੇ ਤਰ੍ਹਾਂ ਪਰਤੱਖ ਪਿਆ ਭਾਸਦਾ ਕਿ ਇਹ ਆਖਦਾ ਹੈ, ਮੈਂ ਭੀ ਉਹੋ ਜੇ ਤੇ ਮੇਰੇ ਤੇ ਅਸਵਾਰ ਭੀ ਉਹ ਹੀ ਜੇ। ਸਿਰਫ ਤਲਵਾਰ ਦੀ ਥਾਂ ਪਿਆਰ-ਭਰੀ ਮਾਲਾ ਹੈ ਇਹਨਾਂ ਦੀ। ਤੇ ਮੇਰਾ ਅਸਮਾਨੀ ਰੰਗ ਤੋਂ ਸਫੈਦ ਚਿੱਟਾ-ਦੁੱਧ ਵਰਗਾ ਰੰਗ, ਇਸ ਸਮੇਂ ਦੇ ਮਾਲਕ ਦੀ ਸੇਵਾ ਲਈ ਹੋਰ ਹੋਇਆ ਹੋਇਆ ਹੈ।

ਸਤਿਗੁਰੂ ਜੀ ਸਰਦਾਰੀ ਸ਼ਬ ਤੇ ਬੜੀ ਢੱਬ ਨਾਲ ਆਪ ਰਹਿੰਦੇ ਤੇ ਨਾਲਦਿਆਂ ਨੂੰ ਭੀ ਮਨ ਮਰਜ਼ੀ ਦਾ ਬਣ-ਢੱਬ ਰਹਿਣ ਦਾ ਹੀ ਸੁਭਾ ਪਾਂਦੇ, ਘੋੜੇ ਦੀ ਸਵਾਰੀ ਸਮੇਂ ਤਾਂ ਸਗੋਂ ਆਪ-ਮੁਹਾਰੀ ਜੇਹੀ ਬਿਰਤ ਬਣਾ ਦੁੜਾ ਕੇ ਬੜੇ ਚਾਵ੍ਹਾਂ ਵਿਚ ਜਾਪਦੇ।

## ਸੰਤ ਚਵਿੰਡੇ ਵਾਲੇ

ਵਰਪਾਲਾਂ ਤੇ ਮਸੀਤੇ-ਵਾਲੀ ਰਾਤ ਰਾਤ ਰਹੇ ਦੁਆਲੇ ਦੀ ਨਗਰੀਂ ਥੋੜਾ ਥੋੜਾ ਚਿਰ ਦਰਸਨ ਦੇਂਦੇ ਡੋਗਰਾਂ ਵਾਲੇ ਵਲੋਂ ਘਰਜਾਖੇ ਹੁੰਦੇ ਹੋਏ ਗੋਂਦਲਾਂ-ਵਾਲੇ ਦੀ ਸੜਕ ਤੇ ਗੁਜਰਾਂਵਾਲੇ ਗੁਰਦੁਆਰੇ ਦੁਪਹਿਰ ਵੇਲੇ ਘੋੜੇ ਦੁੜਾਂਦੇ ਸਮੇਤ ਪੈਦਲ ਤੇ ਅਸਵਾਰਾਂ ਸਾਥੀਆਂ ਦੇ ਆਣ ਉਤਰੇ। ਏਥੇ ਅਗੇ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਨਿੱਕੀ ਜੇਹੀ ਮੰਜੀ ਤੇ ਬੈਠੇ ਸੀ, ਖੂਹੇ ਦੀ ਮਣ ਪਾਸ ਨੀਵੀਂ ਪਾਈ ਰੁਖੜ ਜਿਹਾ ਬਾਣਾ, ਸਰੀਰ ਤੇ ਸੁਭਾ ਜੋ ਸਦਾ ਉਹ ਰਖਦੇ ਸੀ। ਰਸਨਾ ਟੱਕ ਟੱਕ ਚਲਦੀ ਤੇ ਨੇਤ੍ਰ ਬਲਦੀ ਲਾਟ ਤਰ੍ਹਾਂ ਨਾਲ ਮੋਟੇ ਮੋਟੇ ਭਖਦੇ ਛੋਟੇ ਬੜੇ ਨੂੰ ਬੜਾ ਅਸਚਰਜ ਕਰਦੇ ਸੀ।

ਸਤਿਗੁਰੂ ਜੀ ਦਾ ਬਾਹਰੀ ਠਾਠ ਦੇਖ ਸੰਤ ਜੀ ਨੂੰ ਕੀ ਦਿਲ ਵਿਚ ਖਿਆਲ ਆਇਆ ਉਹ

Sri Satguru Jagjit Singh Ji Elibrary NamdhariElibrary@gmail.com

ਜਾਂਦਾ, ਹੱਥ ਜੋੜ ਮਸਤਕ ਨਿਵਾ, ਹਉਕਾ ਭਰ ਉੱਚੀ ਬਾਂਹ ਕਰ ਸੰਤਾਂ ਕਿਹਾ, "ਹਾਏ ਸਤਿਗੁਰੂ ਰਾਮ ਸਿੰਘ ਨ ਵਿਸਰੇ" ਤੇ ਲਾਲ ਅੱਖਾਂ ਅੱਥਰੂਆਂ ਨਾਲ ਭਰ ਲਈਆਂ। ਤੇ ਸਤਿਗੁਰੂ ਜੀ ਵਲ ਪਲ ਕੁ ਨੀਝ ਲਾ ਦੇਖ ਅੱਖਾਂ ਤਲੇ ਕਰ ਲਈਆਂ।

ਸਤਿਗੁਰੂ ਜੀ ਅਗੇ ਭੀ ਜਦ ਗੁਜਰਾਂਵਾਲੇ ਆਉਂਦੇ। ਸੰਤ ਕੇਸਰ ਸਿੰਘ ਜੀ 'ਚੂਪ' ਸੇਖਮਾਂ ਵਾਲਿਆਂ ਤੇ ਇਹਨਾਂ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਨੂੰ ਮਿਲਦੇ, ਦਰਸਨ ਦੇਂਦੇ ਲੈਂਦੇ ਸੀ। ਪਰ ਕੋਲ ਘੱਟ ਹੀ ਬਹਿੰਦੇ ਸੀ। ਪਰ ਇਹਨਾਂ ਦੋਨਾਂ ਸੰਤਾਂ ਦੀ ਸੋਭਾ ਸਾਧ ਸੰਗਤ ਪਾਸੋਂ ਸਭ ਤਰ੍ਹਾਂ, ਦੀ ਉੱਚੀ ਤੇ ਸੁਚੀ ਸੁਣੀ ਹੋਈ ਸੀ। ਖਾਸ ਕਰ ਸੰਤਾਂ ਚਵਿੰਡੇ ਵਾਲਿਆਂ ਦੀ ਬਾਬਤ ਆਪ ਨੇ ਸੁਣਿਆ ਹੋਇਆ ਸੀ ਕਿ ਸੰਤ ਜੀ ਜੜ੍ਹ ਚੇਤੰਨ ਤੇ ਮਾਨ ਮਾਇਆ ਤੋਂ ਬਰੇ ਹੋਏ ਮਹਾਂ ਤਿਆਗੀ, ਵੈਰਾਗੀ ਮਹਾਂ ਪੁਰਖ ਹਨ ਤੇ ਬਚਨ ਦੇ ਬੜੇ ਸੱਚੇ ਤੇ ਕੋਰੇ ਕਰਤੇ ਹਨ।

ਸਤਿਗੁਰੂ ਜੀ ਸੰਤਾਂ ਦੇ ਨੇੜੇ ਹੋ ਹੱਥ ਜੋੜ, ਸੀਸ ਨਿਵਾ ਬਚਨ ਕੀਤਾ, ਗੁਰਵਾਕ ਹੈ— "ਮਹਾਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ" ਜੋ ਆਪ ਨੇ ਸਾਨੂੰ ਆਇਆਂ ਦੇਖ ਉੱਚੀ ਬਾਂਹ ਕਰ, "ਹਾਏ ਸਤਿਗੁਰੂ ਰਾਮ ਸਿੰਘ ਨ ਵਿਸਰੇ" ਕਹਿ ਨੇਤ੍ਰ ਜਲ ਨਾਲ ਭਰ ਲਏ ਹਨ। ਆਪ ਦੇ ਕੀ ਚਿਤ ਆਈ ਹੈ। ਆਪ ਸਰੀਰ ਤੇ ਚਿਤ ਕਰ ਰਾਜੀ ਤੇ ਹੋ? ਤਾਂ ਸੰਤ ਜੀ ਹੱਥ ਜੋੜ ਬਚਨ ਕੀਤਾ, ਆਪ ਨੇ ਬੜੇ ਕੰਮ ਕਰਨੇ ਹਨ। ਜਿਨ੍ਹਾਂ ਕੰਮਾਂ ਲਈ ਆਏ ਹੋ ਉਹ ਭੀ ਹੁਣ ਕਰੋ। ਜੇ ਆਪ ਨਾ ਸੁਧਾਰੀ ਹੋਈ ਕਾਰ ਦੇ ਧਾਰਨੀ ਹੋਵੇਗੇ ਤਾਂ ਇਹ ਕਿਵੇਂ ਸੁਧਰਨਗੇ। ਤਾਂ ਸਤਿਗੁਰੂ ਜੀ ਕਿਹਾ, ਸੰਤ ਜੀ ਹੁਕਮ ਕਰੋ।

ਸੰਤ ਜੀ ਕਿਹਾ, ਆਪ ਐਸ ਵੇਲੇ ਸਮੇਂ ਦੇ ਮਾਲਕ ਸਤਿਗੁਰੂ ਰਾਮ ਸਿੰਘ ਜੀ ਦੇ ਤਖਤ, ਚੌਰ ਦੇ ਪਹਿਰੇ ਤੇ ਹੋ, ਵੇਲੇ ਦੇ ਮਾਲਕ ਹੋ, ਹੁਕਮ ਵਾਲੇ ਹੋ। ਵੇਖੋ ਉਸ ਵੇਲੇ ਦੇ ਬਿਰਧ ਸਾਧਾਂ ਦੀਆਂ ਦਸਤਾਰਾਂ ਤੇ ਬਾਣਾ। ਆਪ ਨੂੰ ਤੇ ਕੋਈ ਦੋਸ਼ ਨਹੀਂ ਹੈ ਜਿਵੇਂ ਰਹੋ। ਪਰ ਇਹ ਜੋ ਸਿੱਖ ਹਨ ਇਹਨਾਂ ਦਾ ਭਲਾ ਤਦੇ ਹੋਵੇਗਾ ਜਦੋਂ ਆਪ ਕਰੋਗੇ। ਜਿਹਾ ਇਹਨਾਂ ਨੂੰ ਬਨਾਣਾ ਜੇ ਪਹਿਲਾਂ ਆਪ ਬਣੋ।

ਇਹ ਬਚਨ ਸੁਣ ਸਤਿਗੁਰੂ ਜੀ ਸਤਿਬਚਨ ਕੀਤਾ ਤੇ ਸੰਤਾਂ ਨੇ ਹੱਥ ਜੋੜੀ ਮੱਥਾ ਟੇਕ ਉੱਚੀ ਬਾਂਹ ਕਰ, "ਹਾਏ ਸਤਿਗੁਰੂ ਰਾਮ ਸਿੰਘ ਨ ਵਿਸਰੇ" ਆਖ, ਅੱਖਾਂ ਵਿਚੋਂ ਅੱਥਰੂ ਵਹਾ, ਹਰ ਦਰਸਨ ਕਰਨ ਵਾਲੇ ਦਾ ਹਿਰਦਾ ਹਿਲਾ ਦਿੱਤਾ ਤੇ ਆਪ ਉਸੇ ਤਰ੍ਹਾਂ ਟੱਕ ਟੱਕ ਰਸਨਾ ਹਿਲਾ ਭਜਨ ਕਰਨ ਲਗ ਪਏ।

ਸਤਿਗੁਰੂ ਜੀ ਜਲ ਛਕ, ਇਸ਼ਨਾਨ ਕਰ, ਸਿੱਧਾ ਗੁਰਮੁਖੀ ਦਸਤਾਰਾ ਸਜਾ ਤੇ ਤਿਲੇਦਾਰ ਜੋੜਾ ਤੇ ਚੋਗਾ ਪਰ੍ਹੇ ਕਰ, ਸਿਰਫ ਸਫੇਦ ਕੁੜਤਾ ਕਲੀਆਂ ਵਾਲਾ ਤੇ ਗਲ ਮਾਲਾ ਪਹਿਰ ਪਿਛਲੇ ਪਹਿਰ ਦੇ ਦੀਵਾਨ ਵਿਚ ਜਾਣ ਤੋਂ ਪਹਿਲਾਂ ਪ੍ਰਸਾਦ ਛਕਣ ਸਮੇਂ ਸਭ ਨੂੰ ਸੁਣਾ ਕਿਹਾ, ਜੋ ਅੱਜ ਸੰਤਾਂ ਮੇਰੇ ਤੇ ਮਿਹਰ ਕੀਤੀ ਹੈ, ਮੈਂ ਸਤਿਗੁਰੂ ਜੀ ਅਗੇ ਅਰਜ ਕਰਦਾ ਹਾਂ, ਮੈਨੂੰ ਇਸ ਦਾ ਹਿਰਦਿਉਂ ਚੇਤਾ ਨ ਭੁਲੇ ਤੇ ਨ ਇਸ ਤੋਂ ਮੇਰਾ ਮਨ ਡੁਲੇ।*

---

*੧੯੬੭ ਬਿਕ੍ਰਮ ਮਸਤੂਆਣੇ ਦਾ ਪ੍ਰਸੰਗ ਹੈ ਜੋ ਦਸਤਾਰਾ ਸਿੱਧਾ ਸਜਾਉਣਾ ਸ਼ੁਰੂ ਕੀਤਾ ਹੈ। ਤਦ ਤੋਂ ਦੀਵਾਨ ਵਿਚ ਸਿੱਧਾ ਦਸਤਾਰਾ ਰਖਦੇ ਸੀ ਤੇ ਅਸਵਾਰੀ ਸਮੇਂ ਸਰਦਾਰਾਂ ਵਾਂਗੂੰ ਹੀ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਇਸ ਸੰਤਾਂ ਦੇ ਕਹਿਣ ਤੇ ਆਪਣੇ ਸਤਿਬਚਨ ਤੋਂ ਬਾਅਦ ਕਦੇ ਸਿੱਧੀ ਗੁਰਮੁਖੀ ਦਸਤਾਰ ਤੋਂ ਸਿਵਾ ਨ ਸਜਾਈ ਤੇ ਹੱਥ ਵਿਚ ਮਾਲਾ ਫੜੀ ਰਖਦੇ ਤੇ ਕੁੜਤਾ ਕਲੀਆਂ ਵਾਲਾ ਹੀ ਪਹਿਰਦੇ। ਕਦੇ ਉਪਰੋਂ ਦੀ ਚੋਗਾ ਜੇ ਪਹਿਰਦੇ ਤਾਂ ਲਾਹੁਣ ਸਮੇਂ ਸੰਤ ਜੀ ਦਾ ਕੀਤਾ ਬਚਨ ਚੇਤੇ ਕਰਦੇ।

## ਬਾਬਾ ਲਹਿਣਾ ਸਿੰਘ ਜੀ

ਸਤਿਗੁਰੂ ਰਾਮ ਸਿੰਘ ਜੀ ਇਸ ਗੁਜਰਾਂਵਾਲੇ ਇਕ ਮਾਈ ਲਾਟਾਂ ਵਾਲੀ ਨਾਮ ਦੀ ਸੇਵਾ ਭਾਵਨੀ ਤੇ ਬਾਬੇ ਲਹਿਣਾ ਸਿੰਘ* ਜੀ ਘਰਜਾਖ ਵਾਲਿਆਂ ਦੇ ਪ੍ਰੇਮ ਕਰ ਆਏ ਸੀ। ਇਹ ਲਹਿਣਾ ਸਿੰਘ ਜੀ ਨਲੂਆ ਜੀ ਦੀ ਹਵੇਲੀ ਵਿਚ ਹੀ ਗੁਜਰਾਂਵਾਲੇ ਡੇਰੇ ਵਿਚ ਰਿਹਾ ਕਰਦੇ ਸੀ। ਤੇ ਫੇਰ ਸਤਿਗੁਰੂ ਜੀ ਦੇ ਮਿਲਣ ਬਾਅਦ ਹੁਕਮ ਨਾਲ ਚੁਬਾਰੇ ਤੇ ਆਸਾ ਦੀ ਵਾਰ ਲਾਣ ਲਗੇ ਸੀ ਤੇ ਛੱਕੇ ਆਸਾ ਦੀ ਵਾਰ ਨਾਲ ਮਿਲਾ ਪੜ੍ਹਨ ਦਾ ਹੁਕਮ ਸਤਿਗੁਰੂ ਜੀ ਵਲੋਂ ਪਹਿਲਾਂ ਇਹਨਾਂ ਨੂੰ ਹੀ ਲਗਾ ਸੀ।

## ਚੁੱਪ ਜੀ ਸੇਖਵਾਂ

ਸੰਤ ਕੇਸਰ ਸਿੰਘ ਜੀ ਚੁਪ ਸੇਖਵਾਂ ਵਾਲੇ ਗਿੱਲਣੀ ਤੇ ਭੈਣੀ ਸਾਹਿਬ ਰਹੇ। ਗੁਜਰਾਂਵਾਲੇ ਦੱਖਣ ਪਾਸੇ ਕਬਰਾਂ ਤੋਂ ਪਰ੍ਹੇ ਖਿਆਲੀ ਦਰਵਾਜੇ ਧਰਮਸਾਲਾ ਵਿਚ ਲੰਗਰ ਲਾ ਟਿਕੇ ਸੀ ਤੇ ਇਹ ਬਾਬੇ ਲਹਿਣਾ ਸਿੰਘ ਜੀ ਦੇ ਕਹੇ ਹੀ ਬੋਲਣ ਲਗੇ ਸੀ ਕਿ ਸਾਧੂ ਦੇ ਬੋਲਣ ਤੋਂ ਹੀ ਸੰਸਾਰ ਨੂੰ ਵਿਚਾਰ ਮਿਲਦੀ ਹੈ। ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਭੀ ਸਥਾਣੀ ਸ਼ਾਹ ਹੁਕਮ ਸਿੰਘ ਜੀ ਪਾਸ ਤੇ ਭੈਣੀ ਸਾਹਿਬ ਲੰਗਰ ਦੀ ਸੇਵਾ ਕਰ ਬਿਹੰਗਮ ਬਿਰਤੀ ਤਿਆਗੀ ਵੈਰਾਗੀ ਰਹੇ। ਹੁਣ ਬਿਰਧ ਅਵਸਥਾ ਹੋਈ ਗੁਜਰਾਂਵਾਲੇ ਟਿਕੇ। ਇਹਨਾਂ ਘਰ ਰੋਜ਼ ਰਾਤ ਸਾਧ ਸੰਗਤ ਦਾ ਦੀਵਾਨ ਲਗਦਾ ਤੇ ਸਵੇਰੇ ਇਕ ਕਿਸੇ ਘਰ ਲੰਗਰ ਹੁੰਦਾ। ਭਾਵੇਂ 'ਚੁਪ' ਜੀ ਤੋਂ ਹੀ ਹਰਿਆਵਲ ਸਿੱਖੀ ਦੀ ਸ਼ਹਿਰ ਤੇ ਦੁਆਲੇ ਦੇ ਨਗਰਾਂ ਵਿਚ ਹੋ ਸੀ, ਪਰ ਇਹਨਾਂ ਸੰਤਾਂ ਦੇ ਗੁਜਰਾਂਵਾਲੇ ਟਿਕਣ ਕਰ ਸ਼ਹਿਰ ਦੀ ਸੰਗਤ ਦੀ ਰੰਗਤ, ਹੋ ਬਹੁਤ ਹੀ ਸਤਸੰਗ ਦੇ ਪਰਚੇ ਚਰਚੇ ਵਾਲੀ ਹੋ ਗਈ ਸੀ। 'ਚੁਪ' ਹੋਰੀਂ ਸਦਾ ਦੁਸਹਿਰੇ ਦਾ ਮੇਲਾ ਕਰਦੇ ਸੀ ਤੇ ਸਤਿਗੁਰੂ ਜੀ ਦਾ ਦਰਸਨ ਮੇਲਾ ਤੇ ਸਾਧ ਸੰਗਤ ਸ਼ਹਿਰ ਤੇ ਦੁਆਲੇ ਦੇ ਨਗਰਾਂ ਦੀ ਬਹੁਤ ਸੇਵਾ ਤੇ ਮੇਵਾ ਸਤਸੰਗ ਤੇ ਨਾਮ ਪ੍ਰਾਪਤ ਕਰਦੀ ਸੀ।

ਇਹ ਦੋਵੇਂ ਸੰਤ ਕੇਸਰ ਸਿੰਘ ਜੀ ਸਿਆਲਕੋਟ ਦੇ ਜ਼ਿਲ੍ਹੇ ਦੇ ਜੰਮ ਤੇ ਗੁਜਰਾਂਵਾਲੇ ਟਿਕੇ ਸਤਿਗੁਰੂ ਰਾਮ ਸਿੰਘ ਤੇ ਵਰੋਸਾਏ ਗੁਰੂ ਹਰੀ ਸਿੰਘ ਜੀ ਦੇ ਸਮਾਈ ਕਮਾਈ ਵਾਲੇ ਸਮੇਂ ਦੇ ਵਡਿਆਏ ਹੋਏ

*ਇਹ ਬਾਬਾ ਲਹਿਣਾ ਸਿੰਘ ਜੀ ਹਰੀ ਸਿੰਘ ਜੀ ਨਲੂਆ ਦੇ ਸਕਦੀ ਸੀ। ਬੀਬੀ ਚੰਦ ਕੌਰ ਮਾਈ ਦੋਨਾਂ ਜਾਣੀ ਦੇ ਪੜੀ। ਦੇਖੋ ਹਰੀ ਸਿੰਘ ਨਲੂਆ ਦੀ ਜੀਵਨੀ। ਬਾਬਾ ਪ੍ਰੇਮ ਸਿੰਘ ਹੋਤੀ ਲਿਖਤ। ਸਤਿਗੁਰੂ ਰਾਮ ਸਿੰਘ ਜੀ ਇਹਨਾਂ ਨੂੰ ਦਾਸਮ ਜੀ ਦੇ ਸਮੇਂ ਦੇ ਸਾਰੇ ਸਿੰਘ ਸਿਆਣੇ ਕਿਹੇ ਮੰਨਦੇ ਸੀ।

Sri Satguru Jagjit Singh Ji Elibrary NamdhariElibrary@gmail.com

ਮਹਾਂਪੁਰਖ ਮੰਨੇ ਹੋਏ ਸੀ। ਸਤਿਗੁਰੂ ਪਰਤਾਪ ਸਿੰਘ ਜੀ ਇਹਨਾਂ ਪਾਰੋਂ ਬਹੁਤ ਵਾਰੀ ਗੁਜਰਾਂਵਾਲੇ ਦਰਸ਼ਨ ਦੇਂਦੇ। ਇਹਨਾਂ ਦੇ ਨਮਿਤ ਦੇ ਮੰਦਰ ਗੁਜਰਾਂਵਾਲੇ ਤੋਂ ਪਹਾੜ ਡੇਂਗਰਾਂ ਵਾਲੇ ਦੀ ਸੜਕ ਤੇ ਬਣੇ ਹੋਏ ਸੀ। ਇਹਨਾਂ ਸੰਤਾਂ ਦੇ ਜੀਵਨ ਤੇ ਬਾਬੇ ਲਹਿਣਾ ਸਿੰਘ ਜੀ ਦਾ ਜੀਵਨ ਮੇਰੇ ਵਲੋਂ 'ਸੰਤ ਅੰਕ ਸਤਿਜੁਗ' ਦੇ ਤੇ ਕੁਝ ਦਿੱਤਾ ਹੋਇਆ ਏ ਤੇ ਕੁਝ ਇਸ ਗ੍ਰੰਥ ਵਿਚ ਵੀ ਸਮੇਂ ਸਮੇਂ ਸਿਰ ਲਿਖਾਂਗਾ।

ਮੈਂ ਇਹ ਬਚਨ ਕੁਝ ਬਿਰਧਾਂ ਸਾਧਾਂ ਦੇਖਣ ਸੁਨਣ ਵਾਲਿਆਂ ਤੋਂ ਸੁਣੇ ਤੇ ਕੁਝ ਸਤਿਗੁਰੂ ਜੀ ਤੋਂ ਸੁਣੇ ਲਿਖੇ ਹਨ। ਸਤਿਗੁਰੂ ਜੀ ਕਿਹਾ ਕਰਦੇ ਸੀ, ਮੇਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਤੇ ਗੁਰੂ ਹਰੀ ਸਿੰਘ ਜੀ ਤੋਂ ਤਲੇ ਸੰਤ ਚਵਿੰਡੇ ਵਾਲਿਆ ਜਿੰਨੀ ਸਰਧਾ ਕਿਸੇ ਤੇ ਨਹੀਂ ਬੱਝੀ। ਮੈਂ ਪਰਖ ਵੇਖ ਮੰਨੇ ਹੋਏ ਸੀ। ਸੰਤ ਜੀ ਜੜ ਚੇਤੰਨ ਮਾਇਆ ਤੇ ਮਾਨ ਮਾਇਆ ਤੋਂ ਭੀ ਬਚੇ ਹੋਏ ਸੀ।

ਸਤਿਗੁਰੂ ਜੀ ਮਾਨਾਂਵਾਲੇ ਸਦਾਰਾਂ ਦੇ ਤੇ ਮਾਨਾਂਵਾਲੇ ਦੀ ਜੂਹ ਵਿਚ ਪੈ ਡੇਰਿਆਂ ਵਿਚ ਵਾਹੀਵਾਨ ਸਿੱਖਾਂ ਕਮੋਆਂ, ਸੈਣੀਆ ਤੇ ਕਮ ਮਾਲਕੀ ਵਾਲੇ ਜ਼ਿਮੀਂਦਾਰਾਂ ਨੂੰ ਦਰਸ਼ਨ ਦੇਂਦੇ, ਜੋ ਕਾਰ ਕਰਕੇ ਤੇ ਡੇਰੇ ਹੋਰ, ਗੁਰਾਏਵਾਲਾ, ਦਵਾਨਵਾਲਾ, ਹਾਥੀਆਣਾ, ਰੋੜਾਂਵਾਲੀ, ਸੰਤਾਂ ਵਾਲੀ ਗੁਰਦਿੱਤ ਸਿੰਘ ਜੀ ਕੇਰ, ਸੁੰਦਰ ਸਿੰਘ ਜੀ ਆਦਿ ਕਹੋਂਦੇ।

## ਸੰਤ ਸੁੰਦਰ ਸਿੰਘ ਜੀ ਝੂਰੀ ਵਾਲੇ

ਇਹ ਸ੍ਰ: ਸੰਤ ਸੁੰਦਰ ਸਿੰਘ ਜੀ ਝੂਰੀ ਵਾਲਿਆਂ ਤੋਂ ਸੌਰੇ ਸੀ, ਜੋ ਬਮੀਰਪੁਰ ਸਿਆਲਕੋਟ ਦੇ ਜ਼ਿਲ੍ਹੇ ਦੇ ਜੰਮ ਸੀ। ਹੁਣ ਜਿਨ੍ਹਾਂ ਦਾ ਅੰਤਲਾ ਸਥਾਨ ਲੁਧਿਆਣੇ ਤੋਂ ਪਹਾੜ ਕਿਲ੍ਹੇ ਨੇੜੇ ਧਰਮਸਾਲਾ ਏ। ਕਈ ਸੁਦਾਰ ਵਿਚੋਂ ਰਘਬੀਰ ਸਿੰਘ ਜਿਹੇ ਪਹਿਲਾ ਬੜੇ ਸ਼ਰਾਬੀ ਕਬਾਬੀ ਸੀ। ਇਹਨਾਂ ਸੰਤਾਂ ਨਨਕਾਣੇ ਦੇ ਗੁਰਦੁਆਰੇ ਦੀ ਵਸੋਂ ਭੀ ਬਹੁਤ ਵਧਾਈ ਸੀ ਤੇ ਲੰਗਰ ਚਲਾਇਆ ਸੀ। ਕੁਝ ਪਈ ਨੂੰ ਸੰਗਤ ਵਿਚੋਂ ਝੋਲੀ ਕਰ ਪਦਾਰਥ ਮੰਗ ਲੰਗਰੇ ਪਾਂਦੇ ਸੀ। ਮੁੱਢ ਤੇ ਇਹਨਾਂ ਬੱਧਾ ਸੀ ਤੇ ਸੰਤ ਭਗਤ ਸਿੰਘ ਜੀ ਤੇ ਸੰਤ ਮੰਗਲ ਸਿੰਘ ਜੀ ਮਹੰਤ ਨਰਾਇਣ ਦਾਸ ਨੂੰ ਮਿਲ ਜਗ੍ਹਾ ਵਧਾਈ ਸੀ।

## ਨਨਕਾਣੇ ਦੀਆਂ ਕੁੰਜੀਆਂ

ਸਤਿਗੁਰੂ ਜੀ ਨਨਕਾਣੇ ਦਰਸ਼ਨ ਦਿੱਤੇ। ਸੰਤ ਮੰਗਲ ਸਿੰਘ ਜੀ ਸਲਾਹ ਦਿੱਤੀ ਤੇ ਸਤਿਗੁਰੂ ਜੀ ਗੁਰੂ ਨਾਨਕ ਜਨਮ ਅਸਥਾਨ ਦੇ ਦਰਸ਼ਨ ਨੂੰ ਸਾਧ ਸੰਗਤ ਸਮੇਤ ਗਏ। ਭੇਟਾ ਧਰੀ ਮੱਥਾ ਟੇਕਿਆ। ਅਗੋਂ ਮਹੰਤ ਨਰੈਣ ਦਾਸ ਭੀ ਬੜੇ ਆਦਰ ਨਾਲ ਮਿਲਿਆ। ਕੁਝ ਕੁਸਲ ਅਨੰਦ ਦੇ ਬਚਨ ਬਿਲਾਸ ਬਾਅਦ ਉਸ ਹੱਥ ਜੋੜ ਅਰਜ਼ ਕੀਤੀ। ਮੈਂ ਸੁਣਦਾ ਹਾਂ ਕਿ ਸਿੰਘ ਮੈਥੋਂ ਗੁਰਅਸਥਾਨ ਤੇ ਆਮਦਨ ਆਦਿ ਲੈਣ ਦਾ ਇਰਾਦਾ, ਸਲਾਹੀਂ ਕਰਦੇ ਹਨ। ਮੈਂ ਉਹਨਾਂ ਨੂੰ ਦੇ ਕੇ ਰਾਜ਼ੀ ਨਹੀਂ। ਆਪ ਗੁਰੂ ਹੋ ਗੁਰ ਅਸਥਾਨ ਦੇ ਪਹਿਰੇ ਤੇ ਹੋ ਮੈਥੋਂ ਸਭ ਅਖਤਿਆਰ ਤੇ ਕੁੰਜੀਆਂ ਲੈ ਲਵੋ। ਸਤਿਗੁਰੂ ਜੀ ਉੱਤਰ ਦਿੱਤਾ ਸਾਨੂੰ ਭੇਟੀ ਸਾਹਿਬ ਹੀ ਸੰਭਦੀ ਤੇ ਚਖੇਰੀ ਹੈ। ਕਹਿ ਆਪਣੇ ਡੇਰੇ ਚਲੇ ਆਏ। ਕਈ ਸਿੱਖਾਂ ਕਿਹਾ ਲੈ ਲੈਂਦੇ, ਤਾਂ ਸਤਿਗੁਰੂ ਜੀ

ਸੋਤਦੀ ਤੇ ਥਥੇਰੀ ਹੈ। ਕਹਿ ਆਪਣੇ ਡੇਰੇ ਚਲੇ ਆਏ। ਕਈ ਸਿੱਖਾਂ ਕਿਹਾ ਲੈ ਲੈਂਦੇ, ਤਾਂ ਸਤਿਗੁਰੂ ਜੀ ਉੱਤਰ ਦਿਤਾ। ਅਜੇਹੀ ਆਮ ਆਮਦਨ ਸਿੱਖਾਂ ਤੇ ਭਰਾਵਾਂ ਵਿਚ ਵਿਗਾੜ ਵਧਾਂਦੀ ਏ ਐਸੇ ਲਾਲਚ 'ਚ ਪੈਣਾ ਮਾੜਾ ਹੈ।

## ਬਾਬਾ ਜੈਮਲ ਸਿੰਘ ਜੀ ਝੱਬਰ

ਸਤਿਗੁਰੂ ਜੀ ਨਨਕਾਣੇ ਤੋਂ ਨੇੜੇ ਦੇ ਨਗਰੀਂ ੯ ਚੱਕ ਝਬਰੀਂ ਬਾਬੇ ਕੇਸਰ ਸਿੰਘ ਤੇ ਜੈਮਲ ਸਿੰਘ ਨੂੰ ਜ਼ਰੂਰ ਦਰਸਨ ਦੇਂਦੇ ਤੇ ਇਸੇ ਸ਼ੇਖੂਪੁਰੇ ਦੇ ਜ਼ਿਲੇ ਦੇ ਕੌਟਿਆਂ ਵਾਲੀ, ਰੱਤੇ ਚੱਦੇ ੧੮–੧੯–੨੦ ਚੱਕ ਹੁੰਦੇ ਦੁਆਲੇ ਦੇ ਨਗਰੀਂ ਦਰਸਨ ਦੇਂਦੇ। ਲਾਇਲਪੁਰ ਤੇ ਸੇਖੂਪੁਰੇ ਜ਼ਿਲ੍ਹੇ ਦੇ ਸਾਧੂ ਲੰਗਰਾਂ ਮੇਲਿਆਂ ਤੇ ਚਰਨ ਪਾਣ ਦੀਆਂ ਅਰਜ਼ਾਂ ਕਰਦੇ ਤੇ ਸਤਿਗੁਰੂ ਜੀ ਦਿਨ ਮਿਥ ਹਾਂ ਨਾਂਹ ਦੱਸਦੇ। ਹੋਰ ਹਰ ਮੇਲੇ ਤੈਣੀ ਸਾਹਿਬ ਤੇ ਹੋਲੇ ਤੇ ਦੀਪਮਾਲਾ ਤੇ ਨਨਕਾਣੇ ਤੇ ਦੁਸਹਿਰੇ ਆਦਿ ਤੋਂ ਇਸ ਜਗਤ ਦੌਰੇ ਤੇ ਦਰਸਨ ਦੇਣ ਦਾ ਢੁਕਵਾਂ ਹੁੰਦਾ।

ਲਾਇਲਪੁਰ ਦੇ ਜ਼ਿਲ੍ਹੇ ਛੋਟੀਆਂ ਗੰਗਾ ਸਿੰਘ ਵਾਲੇ ਸਦੋਵਾਲੇ ਆਦਿ ਕਈ ਨਗਰੀਂ ਸਿੱਖਾਂ ਵਲ ਘੋੜੇ ਭੀ ਸਾਂਭਦੇ ਬੜੇ ਖਲਾਰੇ ਹੁੰਦੇ ਸਿੱਖ ਧੰਨਭਾਗ ਸਮਝ ਘੋੜਿਆਂ ਤੇ ਉਹਨਾਂ ਦੇ ਸੇਵਕਾਂ ਦੀ ਸੇਵਾ ਕਰਦੇ ਜੋ ਕਸ਼ਟ ਰਬੇ ਬਹਿ ਭਾਵਾਂ ਪੁੱਟ ਸਹੇ ਸੀ ਸੋ ਹੁਣ ਸੰਗਤ ਤੇ ਸਤਿਗੁਰੂ ਜੀ ਦੀ ਸੇਵਾ ਕਰ ਸਫਲ ਹੋਇਆ ਸਮਝਦੇ।

ਸਤਿਗੁਰੂ ਜੀ ੯ ਚੱਕ ਝਬਰੀ ਦਰਸਨ ਦਿੱਤੇ। ਬਾਬੇ ਜੈਮਲ ਸਿੰਘ ਜੀ ਤੇ ਕੇਸਰ ਸਿੰਘ ਜੀ ਵਲ ਦੌਰੇ ਦਾ ਉਤਾਰਾ ਹੋਇਆ। ਦੀਵਾਨ ਵਿਚ ਕੀਰਤਨ ਸਮੇਂ ਤੁਕਾਂ :—

ਨਾਨਕ ਤਾਕਉ ਮਿਲੈ ਵਡਿਆਈ ਆਪੁ ਪਛਾਣੈ ਸਰਬ ਜੀਆ ॥...

ਅਠਸਠ ਤੀਰਥ ਸਗਲ ਪੁੰਨ ਜੀਅ ਦਇਆ ਪ੍ਰਵਾਨ ॥...

ਆਈਆਂ ਬਾਬਾ ਜੀ ਨੇ ਅਰਜ ਕੀਤੀ ਜ਼ਿਮੀਂਦਾਰ ਵਾਹਣ ਤੇ ਪਿਆਣ ਬੀਜਣ ਵੱਢਣ ਢੇਰ ਕਰਨ ਗਾਹਣ ਵੇਲੇ ਬੜੇ ਜੀਆਂ ਦੀ ਹਿੰਸਾ ਕਰਦਾ ਏ ਤੇ ਅੰਨ ਦੇ ਸੁਕਾਣ ਤੇ ਖਪਰੇ ਸੁਸਰੀ ਤੋਂ ਬਚਾਣ ਸਮੇਂ ਅਗਿਣਤ ਜੀ ਮਰਦੇ ਹਨ। ਇਸ ਤਰ੍ਹਾਂ ਦੇ ਦੋਸ ਤੋਂ ਕਿਵੇਂ ਵੀ ਨਹੀਂ ਬਚਿਆ ਜਾਂਦਾ। ਸਤਿਗੁਰੂ ਜੀ ਉੱਤਰ ਦਿੱਤਾ, ਸੰਤ ਜੀ ਜੋ ਧਰਮ ਦੀ ਕਿਰਤ ਕਰਦਿਆਂ ਤੇ ਡਰਦਿਆਂ ਅਵੱਸ਼ ਪਾਪ ਹੁੰਦੇ ਹਨ, ਉਹ ਦਾਨ ਕਰਨ ਤੇ ਅਰਦਾਸ ਕਰਨ ਕਰ ਤੇ ਕਿਸੇ ਨੂੰ ਆਦਰ ਨਾਲ ਛਕਾਣ ਤੇ ਪਰਮੇਸਰ ਨੂੰ ਯਾਦ ਕਰ ਮੁਖ ਪਾਣ ਤੇ ਮਾਫ ਹੋ ਜਾਂਦੇ ਹਨ। ਹਾਂ :—

ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥

ਉਸ ਨੂੰ ਸਭ ਦੋਸ਼ ਇਸ ਤਰ੍ਹਾਂ ਦੇ ਲਗਦੇ ਹਨ।

ਸਤਿਗੁਰੂ ਜੀ ਪਾਸ ਬਾਬੇ ਜੈਮਲ ਸਿੰਘ ਨੇ ਹੱਥ ਜੋੜ ਅਰਜ ਕੀਤੀ, ਸੱਚੇ ਪਾਤਸਾਹੇ ਮੇਰਾ ਇਕ ਹੋਰ ਸੰਸਾ ਹੈ। ਜੋ ਭਾਈ ਗੁਰਦਾਸ ਲਿਖਿਆ ਹੈ :—

ਜਿਉ ਮਿਰਜਾਦਾ ਹਿੰਦੂਆ ਗਊ ਮਾਸੁ ਅਖਾਜੁ।
ਮੁਸਲਮਾਣਾਂ ਸੂਅਰਹੁ ਸੌਗੰਦ ਵਿਆਜੁ।
ਸਹਿਆ ਨ ਖਾਈ ਚੂਹੜਾ ਮਾਇਆ ਮੁਹਤਾਜ।
ਸਹੁਰੇ ਘਰਿ ਜਵਾਈਐ ਪਾਣੀ ਮਦਰਾਜ।
ਜਿਉਂ ਮਿਠੇ ਮਖੀ ਮਰੇ ਤਿਸ ਹੋਇ ਅਕਾਜ।

Sri Satguru Jagjit Singh Ji Elibrary NamdhariElibrary@gmail.com

ਤੇ ਕਈ ਹਿੰਦੂ ਹੌਛੇ ਖ਼ਿਆਲ ਵਾਲੇ ਧੀਆਂ ਘਰੀਂ ਜਾ ਆਪਣੇ ਘਰੋਂ ਆਟਾ ਆਦਾ ਤੇ ਪਾਣੀ ਦੂਜੇ ਪਿੰਡ ਦੀ ਜੂਹ ਦੇ ਖੂਹ ਦਾ ਲਿਆ ਪਕਾ ਛਕਦੇ ਹਨ। ਭਾਵ ਧੀ ਦੇ ਘਰ ਦੇ ਪਦਾਰਥੋਂ ਪ੍ਰਹੇਜ਼ ਰਖਦੇ ਹਨ। ਸਾਨੂੰ ਗੁਰਸਿੱਖਾਂ ਨੂੰ ਕਿਵੇਂ ਚਾਹੀਦੈ। ਸਤਿਗੁਰੂ ਜੀ ਉੱਤਰ ਦਿੱਤਾ। ਜੋ ਭਾਈ ਜੀ ਨੇ ਲਿਖਿਆ ਹੈ ਉਹ ਠੀਕ ਹੀ ਹੈ। ਸਹੁਰੇ ਨੂੰ ਜਵਾਈ ਦੇ ਘਰ ਦਾ ਪਾਣੀ ਮਾਫਕ ਹੀ ਜਾਨਣਾ ਚਾਹੀਦੈ। ਪਰ "ਜਹਾ ਗਿਆਨ ਤਹ ਧਰਮ ਹੈ" ਵਾਕ ਨੂੰ ਮੁੱਖ ਰੱਖ ਕੇ ਬਾਪ ਧੀ ਦੇ ਘਰੋ ਬੇਸ਼ਕ ਛਕ ਲਵੇ, ਪਰ ਹੋ ਸਕੇ ਤਾਂ ਦੇ ਉਸ ਨੂੰ ਵੱਧ ਦੇਵੇ। ਮਨੋਂ ਜਾਣੇ ਕਿਤੇ ਤ੍ਰੀ ਲੈ ਛਕਿਆ ਤਾਂ ਖਰਚ ਹੁੰਦਾ ਹੀ ਹੈ। ਜੇ ਧੀ ਦੇ ਹਥੋਂ ਤੇ ਘਰੋਂ ਨਾਂ ਛਕੀਏ ਤਾਂ ਉਸ ਦਾ ਦਿਲ ਰਾਜ਼ੀ ਨਹੀਂ ਰਹਿੰਦਾ। ਛਕ ਲਿਆ ਤੇ ਦਿੱਤਿਆਂ ਦੋਸ਼ ਨਹੀਂ ਲਗਦਾ। ਸਿੱਖ ਵਿਚਾਰ ਕੇ ਵਰਤੇ ਤੇ ਨਾਮ ਜਪੇ ਤਾਂ :—

"ਤਿਨਕਾ ਖਾਧਾ ਪੀਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ ॥...
ਤਿਨ ਕੇ ਕਰਮ ਧਰਮ ਕਾਰਜ ਸਤਿ ਪਵਿਤ੍ਰ ਹਹਿ।"...

ਗੁਰਵਾਕ ਸਿੱਖ ਨੂੰ ਸਭ ਦੋਸ਼ਾਂ ਅਵਸ ਹੋਇਆਂ ਤੋਂ ਬਰੀ ਭੀ ਬਨਾਂਦਾ ਹੈ। ਇਹ ਸੁਣ ਬਾਬਾ ਜੀ ਤੇ ਹੋਰ ਸਾਧਾਂ ਪ੍ਰਸੰਨ ਹੋ ਬਚਨ ਕੀਤਾ ਗੁਰਬਾਣੀ ਵਿਚਾਰਨੀ ਤੇ ਕਮਾਣੀ ਚਾਹੀਦੀ ਏ। ਗੁਰੂ ਘਰ ਵਿਚ ਕਿਸੇ ਧਰਮ ਤੱਤ ਦਾ ਘਾਟਾ ਨਹੀਂ ਤੇ ਸਤਿ ਸੁਰਤ ਦੀ ਸਾਖ ਦੀ ਕਮੀ ਨਹੀਂ।

### *ਮੋਟਿਆਂ ਦੀ ਦੌੜ*

ਸਵੇਰੇ ਭਰਗੀਂ ਦੁਆਲੇ ਦੇ ਨਗਰਾਂ ਦੀ ਆਈ ਸਾਧ ਸੰਗਤ ਨਾਲ ਸਤਿਗੁਰੂ ਜੀ ਮੌਜ ਮੇਲੇ ਦੇ ਬਚਨ ਬਿਲਾਸ ਕਰ ਰਹੇ ਸੀ। ਲਾਲ ਸਿੰਘ ਕੋਟਿਆਂ ਵਾਲੀ ਦੇ ਤੇ ਆਤਮਾ ਸਿੰਘ ਪੰਜਵਾਂ ਦੇ ਨੂੰ ਮੋਟੇ ਤਾਜ਼ੇ ਸਰੀਰ ਵਾਲੇ ਦੇਖ ਬਚਨ ਕੀਤੇ ਨੇ। ਚੋਟੀਆਂ ਵਾਲੇ ਤੇ ਰੱਸਾ ਖਿਚਦੇ ਹਨ ਤੁਸੀਂ ਭੀ ਕੋਈ ਹਿੰਮਤ ਦਾ ਕੰਮ ਕਰਦੇ ਹੋ ਤਾਂ ਦਿਖਾਉ। ਉਹ ਤੇ ਚੁੱਪ ਕਰ ਰਹੇ ਪਰ ਪਾਸੋਂ ਇਕ ਸਿੱਖ ਕਿਹਾ ਇਹ ਵੇਖਣ ਨੂੰ ਹੀ ਉਹਨਾਂ ਵਰਗੇ ਹਨ। ਤਾਂ ਸਤਿਗੁਰੂ ਜੀ ਜਰਾ ਬਾਹਰ ਨੂੰ ਨਿਕਲ ਸੂਏ ਦੀ ਸਿੱਧੀ ਪਟੜੀ ਤੇ ਜਾ ਖੜੇ ਉਹਨਾਂ ਦੋਨਾਂ ਨੂੰ ਫੜ ਕੇ ਕਿਹਾ ਹੱਛਾ ਤੁਸੀਂ ਦੋਵੇਂ ਦੌੜ ਕੇ ਦਿਖਾਉ। ਲਾਲ ਸਿੰਘ ਤੇ ਆਤਮਾ ਸਿੰਘ ਦੌੜੇ ਪਰ ਆਤਮਾ ਸਿੰਘ ਭਾਰਾ ਹੋਣ ਕਰ ਆਪਣੇ ਹੁਲਾਰੇ ਨਾਲ ਆਪੇ ਰਿੜ੍ਹ ਪਿਆ ਤੇ ਪਿਛੇ ਰਹਿ ਗਿਆ। ਸਤਿਗੁਰੂ ਜੀ ਤੇ ਸਭ ਸੰਗਤ ਦੇਖ ਬਹੁਤ ਖੁਸ਼ ਹੋਏ ਤੇ ਹੱਸੇ ਭੀ। ਸਤਿਗੁਰੂ ਜੀ ਬਚਨ ਕੀਤਾ ਤੁਹਾਨੂੰ ਤੇ ਥੋੜੇ ਕੁਝ ਸੁਆਦ ਆਇਆ ਹੈ ਜਾਂ ਨਹੀਂ ਪਰ ਸਾਧ ਸੰਗਤ ਤੁਹਾਨੂੰ ਦੇਖ ਬਹੁਤ ਖੁਸ਼ ਹੋਈ ਹੈ ਤਾਂ ਆਤਮਾ ਸਿੰਘ ਨੇ ਪਿੰਡਾ ਝਾੜਦਿਆਂ ਕਿਹਾ ਜੇ ਆਪ ਤੇ ਸਾਧ ਸੰਗਤ ਖੁਸ਼ ਹੋ ਗਈ ਹੈ ਤਾਂ ਸਾਨੂੰ ਸੁਆਦ ਕਿਉਂ ਨਹੀਂ ਆਇਆ। ਸਾਧ ਸੰਗਤ ਨੂੰ ਇਹ ਦ੍ਰਿਸ਼ ਦੇਖ ਦਸਮ ਪਿਤਾ ਜੀ ਦਾ ਅਨੰਦਪੁਰ ਸਿੰਘਾਂ ਦੇ ਦੋ ਤਿੰਨ ਜਥੇ ਦੂਰ ਨਿਸ਼ਾਨਾ ਦਸ ਦੁੜਾਣੇ ਤੇ ਮੌਜ ਮੇਲੇ ਤੇ ਜੁੱਧ ਜੰਗ ਦੀ ਸਿਖਲਾਈ ਜੋਗ ਸਿਖਿਆ ਲਈ ਵਾਲਾ ਦ੍ਰਿਸ਼ ਸਾਖਿਆਤ ਸੌਹੇ ਭਾਸਦਾ ਸੀ ਤੇ ਖੁਸ਼ੀਆਂ ਗੁਰੂ ਕੀਆਂ ਦੇ ਮੌਜ ਮੇਲੇ ਇਨਾਮ ਬਖਸ਼ਸ਼ਾਂ ਜਾਪਦੀਆਂ ਸੀ।

### *ਤ੍ਰਿੰਵਣ*

ਸਤਿਗੁਰੂ ਜੀ ਤੈਣੀ ਸਾਹਿਬ ਆਏ ਤੇ ਸੰਤ ਆਲਾ ਸਿੰਘ ਜੀ, ਸੰਤ ਉਤਮ ਸਿੰਘ ਜੀ ਕਾਲੇਕਿਆਂ ਵਾਲੇ ਗੁਰਪੀਰ ਹੋਰਾਂ ਨੂੰ ਇਸ ਵੇਰੀ ਸਾਥ ਹੀ ਲੈ ਆਏ। ਮਾਤਾ ਭੁਪਿੰਦਰ ਕੌਰ ਜੀ ਦੀ ਸੇਵਕ ਤੇ ਮਾਈ ਦਿਆਲਾਂ ਸੀ ਤੇ ਉਸ ਦੀ ਨੂੰਹ ਗੁਰਦੇਈ ਤੇ ਹੋਰ ਡੇਰੇ 'ਚੋਂ ਆਤੀ, ਸੁਖੀ ਤੇ ਗੁਆਂਢੋਂ ਗੁਰਦਿੱਤੀ

ਆਦਿ ਇਸ ਸਮੇਂ ਮਾਤਾ ਜੀ ਨਾਲ ਰਲ ਬਹੁਤ ਸੇਵਾ ਦਿਨੇ ਹੋਰ ਘਰ ਤੇ ਲੰਗਰ ਦੀ ਕਰਦੀਆਂ। ਕਦੀ ਕਦੀ ਤ੍ਰਿੰਞਣ ਭੀ ਬਹਿੰਦੀਆਂ। ਸਭ ਡੇਰੇ, ਨਗਰ, ਗਲੀ ਗੁਆਂਢ 'ਚੋਂ ਜਿਹੜਾ ਜੀਅ ਚਾਹੇ ਉਸ ਨੂੰ ਸਾਥ ਹੀ ਬਹਾਂਦੀਆਂ। ਸੌਦਾ ਦੇ ਰਲਾ ਲੈਂਦੀਆਂ। ਸਾਰੀ ਸਾਰੀ ਰਾਤ ਜਾਗਾ ਕਰਨਾ, ਵਾਰੀ ਵਾਰੀ ਸਬਦ ਪੜ੍ਹਨੇ। ਕਦੇ ਕਦੇ ਕੋਈ ਪੁਰਾਣਾ ਲੋਕ-ਗੀਤ ਭੀ ਮੀਤ ਦੀ ਪ੍ਰੀਤ ਦਾ ਪੜ੍ਹਨਾ ਤੇ ਖੇਡਣਾ, ਹੱਸਣਾ।

ਥਕੇਵਾਂ ਲਾਹੁਣ ਲਈ ਥੋੜਾ ਚਿਰ ਸੌਂ ਬਿਰਾਜ ਮਾਈ ਦਿਆਲਾਂ ਅੰਮ੍ਰਿਤ ਵੇਲੇ ਗੜਵਾ ਫੜ ਬਾਹਰ ਦੂਰ ਜੰਗਲ ਨੂੰ ਜਾਣਾ। ਪੌਣ ਦਾ ਰੁਖ ਦੇਖ, ਪੈਰ ਨਾਲ ਟੋਆ ਪੁੱਟ, ਜੰਗਲ ਬੈਠ ਸਭ ਨੂੰ ਮਿੱਟੀ ਰੇਤਾ ਉਤੇ ਪਾ ਦਬ ਦੇਣਾ ਦੱਸਣਾ। ਪੰਜ ਸਤ ਵਾਰ ਹੱਥ ਪੈਰ ਮਾਂਜ, ਦੋ ਵਾਰੀ ਗੜਵਾ ਮਾਂਜ ਇਸ਼ਨਾਨ ਤੋਂ ਪਹਿਲਾਂ ਦਾਤਨ ਕਰਨੀ, ਇਸ਼ਨਾਨ ਕਰ ਭਜਨ ਕਰਨਾ, ਦਿਨ ਚੜ੍ਹੇ ਸਭ ਨੇ ਬਾਣੀ ਪੜ੍ਹਨੀ ਤੇ ਮਾਤਾ ਜੀ ਕਹਿਣਾ ਕਿਰਾ ਅਸਾਂ ਇਹ ਕੱਚਾ ਸੂਤ ਹੀ ਨਹੀਂ ਬੀਬੀਓ ਕਤਣਾ, ਪੱਕੇ ਪੰਧ ਜੋਗ ਤੰਦ ਭੀ ਗੁਰੂ ਪਸੰਦ ਦੀ ਸੁਖ-ਹੰਢਣੀ ਕਢਣੀ ਹੈ। ਸਭ ਡੇਰੇ ਵਾਲੀਆਂ ਲਈ ਲੰਗਰ ਮਾਤਾ ਜਿਉਣ ਕੌਰ ਜੀ ਵਲੋਂ ਸੁਲੱਭਾ ਇਕ ਰਸ ਆਉਂਦਾ।

## *ਮਾਈ ਦਿਆਲਾਂ*

ਇਸ ਮਾਤਾ ਦਿਆਲਾਂ ਸਤਿਗੁਰੂ ਜੀ ਦੇ ਅਨੰਦ ਤੇ ਕੁਝ ਮਹੀਨੇ ਪਹਿਲਾਂ ਗੁਰੂਸਰ ਜਾ, ਬੇਬੇ ਭੂਪਿੰਦਰ ਕੌਰ ਜੀ ਨੂੰ ਗੁਰਬਾਣੀ ਦਾ ਪਾਠ ਸੁਧ ਕਰਾਇਆ ਸੀ ਤੇ ਗ੍ਰੰਥ ਸਾਹਿਬ ਦਾ ਭੋਗ ਤਕ ਪਾਠ ਸਰਲ ਕਰਾਇਆ ਸੀ। ਭਾਵੇਂ ਅੱਖਰ ਚੰਗੇ ਭੂਪਿੰਦਰ ਕੌਰ ਜੀ ਅਗੇ ਭੀ ਜਾਣਦੇ ਸੀ। ਇਹ ਮਾਈ ਦਿਆਲਾਂ ਜੀ ਖਰਾਸੀਏ ਸੰਤ ਲਹਿਣਾ ਸਿੰਘ ਜੀ ਦੇ ਘਰੋਂ ਸੀ ਵਰਨਾਂ ਦੇ। ਇਹਨਾਂ ਦਾ ਪੁੱਤ੍ਰ ਸੰਤ ਸਿੰਘ ਬੜਾ ਸੁਲੱਗ, ਸਾਊ ਸੀ। ਇਹ ਕੁਝ ਚਿਰ ਸਤਿਗੁਰੂ ਜੀ ਦੀ ਕਾਰ ਦਾ ਡਰਾਈਵਰ ਭੀ ਰਿਹਾ ਸੀ। ਇਸ ਦਾ ਪੁੱਤ੍ਰ ਸ਼ੇਰ ਸਿੰਘ ਹੁਣ ਸੰਤ ਨਗਰ ਆਪਣੇ ਪ੍ਰਵਾਰ ਸਣੇ ਵਸਦੇ, ਤੇ ਜੀਵਨ ਨਗਰ ਦੇ ਘੋੜਿਆਂ ਦਾ ਕੰਮ ਦੇਣ ਦਾ ਮੁਖਤਾਰ ਏ।

## *ਭੈਣ ਈਸਰ ਕੌਰ*

ਸਤਿਗੁਰੂ ਜੀ ਦੇਖਿਆ, ਸੰਤ ਉਤਮ ਸਿੰਘ ਜੀ ਗੁਰਪੀਰ ਦੀ ਭੈਣ ਈਸਰ ਕੌਰ ਬੜੇ ਗੌਰ ਨਾਲ ਡੇਰੇ ਤੇ ਗੁਰੂ ਕੇ ਮੰਦਰ ਦੀ ਤੇ ਮਾਤਾ ਭੂਪਿੰਦਰ ਕੌਰ ਦੀ ਸੇਵਾ ਕਰਦੀ ਹੈ। ਤਾਂ ਉਸ ਵਲ ਨਿਗਾਹ ਕਰ ਕਿਹਾ, ਇਹੋ ਜਿਹੀ ਸਾਥਣ ਸਦਾ ਭੂਪਿੰਦਰ ਕੌਰ ਕੋਲ ਰਹਿਣੀ ਚਾਹੀਦੀ ਏ। ਉਤਮ ਸਿੰਘ ਜੀ ਸੁਣਦੇ ਹੀ ਕੋਲੋਂ ਕਹਿ ਦਿੱਤਾ, ਇਹ ਖੁਲ੍ਹੇ ਬਾਗਾਂ ਦੀ ਸੈਰ ਕਰਨ ਵਾਲੀ ਏ। ਤਾਂ ਸਤਿਗੁਰੂ ਜੀ ਕਿਹਾ, ਉਹ ਬਾਗ ਤੇ ਸੈਰ ਕਿਵੇਂ ਦੇ ਹੁੰਦੇ ਨੇ ? ਤਾਂ ਉਤਮ ਸਿੰਘ ਜੀ ਕਿਹਾ, ਇਹ ਇਕ ਥਾਂ ਤੇ ਉੱਚੇ ਚੁਬਾਰਿਆਂ ਵਿਚ ਨਹੀਂ ਰਹਿਣ ਵਾਲੀ। ਇਹ ਸਾਧਾਂ ਦੇ ਜਥੇ ਨਾਲ ਰਹਿ, ਸਾਧਾਂ ਦੇ ਬਸਤ੍ਰ ਪਾਟੇ ਉਧੜੇ ਸਿਊਂ ਦੇਂਦੀ ਹੈ ਤੇ ਜਦ ਸਤਿਸੰਗ ਗੋਸਟ ਹੋਵੇ, ਨਿਨ ਕੇ ਕੋਲ ਬਹਿ ਸੁਣਦੀ ਹੈ। ਸਾਧਾਂ ਦੇ ਬਸਤ੍ਰ ਧੋਂਦੀ, ਭਾਂਡੇ ਮਾਂਜਦੀ ਹੈ। ਜਿਥੇ ਜਥਾ ਜਾਂਦੈ, ਘਰ ਵਾਲਿਆਂ ਵਲ ਕਿਸੇ ਲੋੜ ਲਈ ਝਾਕਣ ਦੀ ਜਥੇ ਨੂੰ ਲੋੜ ਨਹੀਂ ਪੈਂਦੀ। ਆਪ ਦੇ ਕੋਲ ਰਹਿਣ ਤੇ ਸਾਧਾਂ ਦੇ ਜਥੇ ਸਾਥ ਰਹਿਣ ਦਾ ਉਨਾ ਫਰਕ ਹੈ ਜਿੰਨਾ ਗਿਆਨ ਸਿੰਘ ਜੀ ਨੇ ਬਾਦਸਾਹ ਦੀਆਂ ਬੇਗਮਾਂ ਤੇ ਸਿੰਘਣੀਆਂ ਦਾ ਲਿਖਿਆ ਹੈ। ਸਤਿਗੁਰੂ ਜੀ ਕਿਹਾ, ਉਹ ਤੇ ਸੁਣਾ। ਤਾਂ ਉਤਮ ਸਿੰਘ ਕਿਹਾ—

"ਹੈ ਜੇਹਲ ਮਹਿਲ ਅਜਾਦੀ ਐ ਬਿਨ ਕੰਤ ਕੇ।
ਸੰਗ ਪਿਰ ਕੇ ਰੰਗ ਸੁਹਾਗ ਚੁਹ ਬਾਗ ਬਸੰਤ ਕੇ।

ਜਬ ਮਨ ਮੈਂ ਨਹੀਂ ਅਰਾਮ ਨਵਾਲੇ ਕਾਮ ਕਿਸ ।
ਹੋ ਬਿਨ ਬੰਧਨ ਮਨ ਮੌਜ ਜੋ ਸੌਜ ਤਮਾਮ ਤਿਸ ।
ਜਹਾਂ ਬੰਧਨ ਹੋਏ ਤਹਾਂ ਸੁਖ ਕਹਾਂ ਕੋਇ ।
ਮਨ ਮਰਜੀ ਦਾ ਤੇਰਾ ਸੁਖ ਲਾਭ ਵਧੇਰਾ ।"

ਇਹ ਸੁਣ ਸਤਿਗੁਰੂ ਜੀ ਕਿਹਾ, ਸਾਨੂੰ ਇਸ ਦੇ ਸਾਧਾਂ ਨਾਲ ਰਹਿਣ ਦੀ ਜਿਆਦਾ ਖੁਸ਼ੀ ਹੈ । ਇਹ ਈਸਰ ਕੌਰ ਕਦੇ ਕਦੇ ਕੁਝ ਚਿਰ ਮਾਤਾ ਭੁਪਿੰਦਰ ਕੌਰ ਦੀ ਸੇਵਾ ਵਿਚ ਰਹਿ ਜਾਂਦੀ ।

## ਗੁਰਪੀਰ ਜੀ

ਸੰਤ ਉੱਤਮ ਸਿੰਘ ਜੀ ਨਿਰਲੇਪ ਤੇ ਨਿਸੰਗ ਸੁਭਾ ਆਲਾ ਸਿੰਘ ਜੀ ਦੇ ਜਥੇ ਨਾਲ ਰਹਿੰਦੇ ਤੇ ਇਹਨਾਂ ਦੀ ਭੈਣ ਭੀ ਈਸਰ ਕੌਰ ਜਥੇ ਨਾਲ ਰਹਿੰਦੀ ਦੇਖ ਕਿਸੇ ਕਿਹਾ, ਤੇਰੀ ਭੈਣ ਸਾਧਾਂ ਨਾਲ ਰਹਿੰਦੀ ਏ । ਤਾਂ ਸੰਤ ਜੀ ਉੱਤਰ ਦਿੱਤਾ, ਮੈਂ ਆਪ ਹੀ ਜਥੇ ਵਿਚ ਭਰਤੀ ਕਰਾ ਛੱਡੀ ਏ ਕਿ ਜਥਾ ਰੰਡਾ ਨ ਰਹੇ । ਤਾਂ ਉਸ ਕਿਹਾ, ਇਹ ਤੇ ਸਾਰੇ ਬਿਹੰਗਮ ਜਾਪਦੇ ਹਨ । ਸੰਤ ਜੀ ਉੱਤਰ ਦਿੱਤਾ ਰੰਡਾ ਉਹ ਹੁੰਦੈ ਜੋ ਘਰ ਦੇ ਕੰਮੋਂ ਸਦਾ ਵਿਗੁਚਿਆ ਹੀ ਰਵ੍ਹੇ । ਜਦ ਜੋੜਾ ਜੁੜ ਗਿਆ ਤਾਂ ਗ੍ਰਿਹਸਤੀ ਹੋਇਆ । ਇਹ ਈਸਰ ਕੌਰ ਕਿਸੇ ਕਪੜੇ, ਭਾਂਡੇ, ਵਸਤ ਦੀ ਇਹਨਾ ਨੂੰ ਥੁੜ ਨਹੀਂ ਆਉਣ ਦੇਂਦੀ ਇਸ ਲਈ ਜੱਥਾ ਰੰਡਾ ਨ ਰਿਹਾ ।

ਸਤਿਗੁਰੂ ਜੀ ਭੈਣੀ ਸਾਹਿਬ ਇਕ ਰੋਜ ਹਾਣੀਆਂ ਮਨ-ਮੇਲੀਆਂ ਨਾਲ ਬਹੁਤ ਹਾਸ ਬਿਲਾਸ ਕਰ ਰਹੇ ਸੀ । ਸੰਤ ਉੱਤਮ ਸਿੰਘ ਜੀ ਕਿਹਾ, ਆਪ ਕਦੀ ਕਦੀ ਆਰਫਾਂ ਦੀ ਸੰਗਤ ਭੀ ਕਰਿਆ ਕਰੋ । ਸਤਿਗੁਰੂ ਜੀ ਕਿਹਾ, ਬਲੇ ਓਏ ਆਰਫੋ । ਦਸੋ ਤੇ ਸਹੀ ਆਰਫ ਕਿਹੋ ਜਿਹੇ ਹੁੰਦੇ ਹਨ । ਉੱਤਮ ਸਿੰਘ ਜੀ ਕਿਹਾ, ਸਾਡੇ ਪਿੰਡ ਦਾ ਮੌਲਵੀ ਕਹਿੰਦਾ ਸੀ, ਕੁਰਾਨ ਸ਼ਰੀਫ ਵਿਚ ਲਿਖਿਆ ਏ । "ਮਨ ਆਰਾਫਾ ਨਫਸੇਹੂ ਫਕਤ ਆਰਾਫਾ ਰੱਬੋਹੂ ।" ਜਿਸ ਦਾ ਅਰਥ ਏ, ਫਕਤ ਜਿਸ ਆਪਣੇ ਆਪ ਨੂੰ ਪਛਾਣ ਲਿਆ ਬਸ ਉਸ ਨੇ ਰੱਬ ਨੂੰ ਪਛਾਣ ਲਿਆ । ਆਰਫ ਪਛਾਣ ਵਾਲੇ ਨੂੰ ਆਖਦੇ ਹਨ । ਸਤਿਗੁਰੂ ਜੀ ਬਚਨ ਕੀਤਾ, ਅਸੀਂ ਹੀਰ ਵਾਰਸ ਸ਼ਾਹ ਦੀ ਲਿਖੀ ਕਦੀ ਕਦੀ ਸ੍ਰ: ਕੇਹਰ ਸਿੰਘ ਤੋਂ ਸੁਣਦੇ ਹਾਂ । ਲੋਕ ਵਾਰਸ ਨੂੰ ਆਰਫ ਆਖਦੇ ਹਨ । ਸੰਤ ਜੀ ਕਿਹਾ, ਵਾਰਸ ਦੀ ਬੋਲੀ ਤੋਂ ਪਤਾ ਲਗਦੈ ਉਹ ਆਰਫ ਸੀ । ਪਰ ਜੋ ਸੰਤਾਂ ਸਾਧਾਂ ਦੀ ਆਰਫਾਂ ਦੀ ਸੰਗਤ ਤੋਂ ਸੀਨੇ ਬਸੀਨੇ ਅਸਰ ਹੁੰਦੇ ਉਹ ਅਲਹਿਦਾ ਸੁਆਦ ਤੇ ਸੁਝ ਹੁੰਦੀ ਏ । ਇਹ ਸੁਣ ਸਤਿਗੁਰੂ ਜੀ ਸੰਤ ਜੀ ਨੂੰ ਜੱਫੀ ਵਿਚ ਲੈ ਲਿਆ ਤੇ ਕਿਹਾ ਉੱਤਮ ਸਿੰਘ ਜੀ ਠੀਕ ਹੀ ਉੱਤਮ ਹਨ ।

## ਰਾਮਸਰ ਤੇ ਸੁਰਤ ਸਿੰਘ

ਭੈਣੀ ਸਾਹਿਬ ਰਾਮ ਸਰ ਦੁਆਲੇ ਭਾਵੇਂ ਪਿੰਡ ਦੀ ਸਾਂਝੀ ਜ਼ਮੀਨ ਘੁਮੰਡੇ ਕੀ ਪੱਤੀ ਦਾ ਕਬਜ਼ਾ ਪਿੱਪਲ ਬੋਹੜਾਂ ਲਾਣ ਤੇ ਰਾਮਸਰ ਪੁਟਾਣ ਪਾਰੋਂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਸੀ ਤੇ ਕੋਠੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਪਈ ਤੇ ਕੁਝ ਕੋਠੇ ਭੀ ਬਣੇ ਤੇ ਵਸੋਂ ਰਾਮਸਰ ਨੇੜੇ ਹੋਈ ਤੇ ਬੀਬੀ ਨੰਦਾਂ ਸਤਿਗੁਰੂ ਜੀ ਦੀ ਧੀ ਖੂਹੀ ਭੀ ਲਵਾਈ ਹੋਈ ਸੀ ਪਰ ਸਰਕੜਾ ਤੇ ਝਾੜਾਂ ਅਜੇ ਬਹੁਤ ਸੀ । ਸਤਿਗੁਰੂ ਜੀ ਸਭ ਇਹ ਜਗ੍ਹਾ ਅਬਾਦ ਕਰਨੀ ਚਾਹੁੰਦੇ ਸੀ । ਇਸ ਲਈ ਇਕਾਂਤ ਜਾਣ ਪਿੜ ਗੇੜ ਪਹਿਰਾ ਲਾ ਆਪ ਘੁਲਣ ਦਾ ਵਕਤ ਭੀ ਉਥੇ ਹੀ ਮਿਥਿਆ ਤੇ ਕੁਝ ਵਸੋਂ ਵਧਾਣੀ ਭੀ ਸ਼ੁਰੂ ਕੀਤੀ । ਇਕ ਥੜ੍ਹਾ ਭੀ ਖੂਹੀ ਬੀਬੀ ਵਾਲੀ ਤੋਂ ਪਰਾਂਹ ਉੱਚਾ ਦੀਵਾਨ ਜੋਗ ਬਣਾਇਆ । ਸੁਰਤ ਸਿੰਘ ਬੀਬੀ ਦਾ ਪੁੱਤ੍ਰ ਇਸ ਖੂਹੀ ਲਾਗੇ ਹੀ ਸਿੰਘ ਸਭਾ ਕਦੇ ਕਦੇ

Sri Satguru Jagjit Singh Ji Elibrary NamdhariElibrary@gmail.com

ਲਵਾਇਆ ਕਰਦਾ ਸੀ ਬਾਬੂ ਤੇਜਾ ਸਿੰਘ ਭਸੌੜੀਏ ਨੂੰ ਸੱਦ। ਤੇ ਹੁਣ ਸਿੱਖ ਕੋੜ ਕਰਦੇ ਸੀ। *ਹਾਕਮਾਂ ਨੇ ਸੁਣਿਆ ਤੇ ਇਕ ਜ਼ਿਲ੍ਹੇ 'ਚੋਂ ਸਿਆਣਾ ਸਿੱਖ ਹਾਕਮ ਭੇਜ ਸੁਰਤ ਸਿੰਘ ਨੂੰ ਕਿਹਾ, ਇਹ ਤੇ ਆਪਣੇ ਗੁਰੂ ਦਾ ਨਾਮ ਦੇਂਦੇ ਤੇ ਪ੍ਰਚਾਰ ਕਰਦੇ ਹਨ ਤੂੰ ਕਣਕ ਵਿਚ ਗੰਢੇਲ ਕਿਥੇ ਹੋ ਪਿਉਂ। ਬੀਬੀ ਜੋ ਵਖੇਵਾਂ ਗੁਰੂ ਹਰੀ ਸਿੰਘ ਜੀ ਨਾਲ ਰਖਦੀ ਸੀ ਉਹ ਤੇ ਹੁਣ ਚਲ ਗਈ ਹੈ। ਕਿਉਂ ਕਿ ਬੀਬੀ ਨੰਦਾ ਬੀਤੇ ਇਸ ਸਾਲ ਮਾਘ ਸੁਦੀ ਨੌਮੀ ਬੁਧਵਾਰ ਚੜ੍ਹੀ ਸੀ ਤੇ ੧੨ਵੇਂ ਤੇ ਇਕ ਦੇ ਭੋਗ ਆਦਿ ਗ੍ਰੰਥ ਸਾਹਿਬ ਦੇ ਸੁਰਤ ਸਿੰਘ ਤੇ ਮਾਤਾ ਜੀਉਣ ਕੌਰ ਜੀ ਪਵਾ ਦਿੱਤੇ ਸੀ।

ਸੁਰਤ ਸਿੰਘ ਕਿਹਾ ਸੀ, ਮੈਂ ਜਾਣ ਲਿਆ ਹੈ, ਹੁਣ ਉਹ ਸਮਾਂ ਚਲਿਆ ਗਿਆ ਹੈ। ਹਾਕਮ ਕਿਹਾ ਸੀ, ਜੇ ਕੋਈ ਸਿੱਖ ਤੁਹਾਡੀ ਹੱਤਕ ਕਰੇਗਾ ਤਾਂ ਅਸੀਂ ਨਹੀਂ ਕੁਝ ਕਹਿਣਾ, ਕਿਉਂਕਿ ਤੂੰ ਜਾਣ ਕੇ ਸ਼ਰਾਰਤ ਵਿਡਦਾ ਹੈਂ। ਸੁਰਤ ਸਿੰਘ ਉਸ ਦਿਨ ਤੋਂ ਨੇਮ ਕੀਤਾ, ਮੈਂ ਏਦੂੰ ਅਗੇ ਹੁਣ ਕਿਸੇ ਨੂੰ ਨਹੀਂ ਸੱਦਦਾ।

## ਦੌਰਾ ਸ਼ੇਖੂਪੁਰਾ

ਸਤਿਗੁਰੂ ਜੀ ਭੈਣੀ ਸਾਹਿਬੋਂ ਸਿੱਖ ਤੇ ਸੁਨੇਹੇ ਪੱਤ੍ਰ ਭੇਜ ਸੰਤ ਲਾਲ ਸਿੰਘ ਜੀ ਤੇ ਜੈ ਸਿੰਘ ਜੀ ਮੌਲੀ ਰਾਗੀ ਤੇ ਸੰਤ ਮੋਹਣ ਸਿੰਘ ਜੀ ਵਡਾਲਾ ਆਦਿ ਨੂੰ ਹੋਲੇ ਦੇ ਮੇਲੇ ਤੇ ਪਹਿਲੋਂ ਕੁਝ ਸ਼ੇਖੂਪੁਰੇ ਤੇ ਲਾਇਲਪੁਰ ਦੇ ਜਿਲੇ ਵਿਚ ਦੌਰਾ ਕਰਨ ਲਈ ਬੁਲਾਇਆ ਤੇ ਸੰਤ ਆਲਾ ਸਿੰਘ ਜੀ, ਉੱਤਮ ਸਿੰਘ ਜੀ ਸਮੇਤ ਆਪ ਵਰਨੀ ਆਏ। ਏਧਰ ਹੀ ਘੋੜੇ ਕਈ ਨਗਰੀਂ ਸਿੱਖਾਂ ਕੋਲ ਸਮੇਤ ਸੇਵਕਾਂ ਛੱਡ ਗਏ ਸੀ। ਸਭ ਜਥੇਦਾਰਾਂ ਤੇ ਰਾਗੀਆਂ ਸਮੇਤ ਸਤਿਗੁਰੂ ਜੀ ਵਰਨਾਂ ਦੇ ਡੇਰਿਆਂ ਤੋਂ ਮੱਕੀ, ਬਾਹੜੀਆਂ ਵਾਲੇ, ਝਬਰੀ, ਮਾਲੂਵਾਲ ਆਦਿ ਤੋਂ ਦੌਰਾ ਕਰਦੇ ਸੌਂਦੇਵਾਲ ਬਾਬੇ ਸੌਣ ਸਿੰਘ ਜੀ ਪਾਸ ਪੁੱਜੇ। ਏਥੇ ਹੀ ਦੁਆਲੇ ਦੇ ਨਗਰ ਖਾਨਪੁਰ ਦੇ ਈਸਰ ਸਿੰਘ ਤੇ ਮਾਲੂਵਾਲ ਦੇ ਡੇਰੇ ਦੇ ਕੇਹਰ ਸਿੰਘ ਤੇ ਰੰਗਾ ਸਿੰਘ ਵਾਲੇ ਦੇ ਟਹਿਲ ਸਿੰਘ ਜੀ ਆਦਿ ਨੇੜੇ ਦੇ ਨਗਰਾਂ ਦੇ ਸਿੱਖ ਤੇ ਸਾਧ ਸੰਗਤ ਬਹੁਤ ਆਈ। ਨਨਕਾਣੇ ਦੇ ਮੇਲੇ ਤੇ ਕੀਤੀਆਂ ਅਰਜ਼ਾਂ, ਕੁੱਜਰਾਂ, ਬਬਰਾਂ, ਤ੍ਰਿਖੀ ਆਦਿ ਪਿੰਡਾਂ ਦੇ ਸਿੱਖਾਂ ਨਾਲ ਭੀ ਦੌਰਾ ਕਰਦੇ ਚਰਨ ਪਾਂਦੇ ਦਰਸ਼ਨ ਦੇਂਦੇ ਆਏ ਸੀ ਸਤਿਗੁਰੂ ਜੀ।

ਸੌਂਦੇ ਵਾਲੀਏ ਬਾਬਾ ਸੌਣ ਸਿੰਘ ਜੀ ਪਾਸ ਬੜੀ ਰੌਣਕ ਸਦਾ ਸਿੱਖਾਂ ਦੀ ਰਹਿੰਦੀ ਸੀ। ਈਸਰ ਸਿੰਘ ਜੀ ਖਾਨਪੁਰੀ ਤੇ ਕੇਹਰ ਸਿੰਘ ਜੀ ਆਦਿ ਨੇੜੇ ਦੇ ਨਗਰਾਂ ਦੇ ਸਾਧ ਤੇ ਹੋਰ ਬਿਹੰਗਮ ਤੇ ਜਥੇਦਾਰ ਭੀ ਏਥੇ ਆਮ ਆ ਟਿਕੇ ਰਹਿੰਦੇ ਸੀ। ਬੜੇ ਪ੍ਰੇਮ ਨਾਲ ਮਿਲਦੇ ਤੇ ਵਿਛੜਨ ਵੇਲੇ ਵੈਰਾਗ ਕਰਦੇ ਹਉਕੇ ਭਰਦੇ ਸੀ। ਇਕ ਦੂਸਰੇ ਨੂੰ ਵਿਦਾ ਕਰਦੇ ਭੀ ਉਸ ਦੇ ਨਗਰ ਜਾ ਕਈ ਦਿਨ ਟਿਕਦੇ ਸੀ।

ਇਸ ਦੌਰੇ ਸਮੇਂ ਸਤਿਗੁਰੂ ਜੀ ਭੈਣੀ ਸਾਹਿਬੋਂ ਮਸਤਾਨ ਸਿੰਘ ਜੀ ਕਿਆਮਪੁਰ ਵਾਲਿਆਂ ਨੂੰ ਤੇ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਜੀ ਨੂੰ ਭੀ ਨਾਲ ਲਿਆ ਸੀ ਤੇ ਲਾਲ ਸਿੰਘ ਬਲ੍ਹਆਣੀਆਂ ਡੇਰੇ ਭੈਣੀ ਸਾਹਿਬ ਦੀ ਸੰਭਾਲ ਲਈ ਸਿਰਫ਼ ਛਡਿਆ ਸੀ।

---

*ਸੰਤ ਮੰਗਲ ਸਿੰਘ, ਤਰਲੋਕ ਸਿੰਘ ਜੀ ਤੇ [illegible] ਸਿੰਘ ਜੀ ਸਰਦਾਰ ਨੂੰ ਜ਼ਿਲ੍ਹੇ 'ਚ ਜਾ ਅਫ਼ਸਰੀ ਦੇ ਕਿਹਾ ਸੀ, ਹੁਣ ਗੁਰੂ ਹਰੀ ਸਿੰਘ ਜੀ ਵਾਲਾ ਸਮਾਂ [illegible] ਰਿਹਾ। ਹੁਣ ਕੋਈ ਪ੍ਰਤਾਪੀ ਗੁਰੂ ਤੇ ਉਸ ਦੇ ਸਿੱਖ ਭੈਣੀ ਸਾਹਿਬ [illegible] ਨਹੀਂ ਸਕਦੇ, ਸਰਦਾਰ ਸੁਰਤ ਸਿੰਘ ਨੂੰ ਕਹੋ।

Sri Satguru Jagjit Singh Ji Elibrary NamdhariElibrary@gmail.com

## ਸੰਤ ਬਹਾਦਰ ਸਿੰਘ ਜੀ

*ਸੰਤ ਬਹਾਦਰ ਸਿੰਘ ਜੀ ਕੋਟਿਆਂ ਵਾਲੀਏ ਭੀ ਸੰਤ ਆਲਾ ਸਿੰਘ ਜੀ ਦੇ ਜਥੇ ਨਾਲੋਂ ਸਤਿਗੁਰੂ ਜੀ ਨਾਲ ਰਹਿਣ ਲਗੇ ਸੀ। ਭੈਣੀ ਸਾਹਿਬ ਤੇ ਦੌਰੇ ਵਿਚ ਭੀ ਦੋਵੇਂ ਵੇਲੇ ਦਾ ਦੀਵਾਨ, ਆਸਾ ਦੀ ਵਾਰ ਤੇ ਪਿਛਲੇ ਪਹਿਰ ਦਾ ਰਾਗੀਆਂ ਜਾ ਜਥੇਦਾਰਾਂ ਤੋਂ ਜ਼ਰੂਰ ਸੁਨਣ ਦਾ ਸਤਿਗੁਰੂ ਜੀ ਦਾ ਨੇਮ ਬੰਧਾਨ ਸੀ। ਜਿਵੇਂ ਸਦਾ ਨਹਿਰ ਜਾਂ ਭੈਣੀ ਸਾਹਿਬ ਨਿਮਾਣੀ ਦੇ ਮੇਲੇ ਤੋਂ ਸੌਣ ਭਾਦੋਂ ਦੇ ਦਿਨਾਂ ਵਿਚ ਚਾਲੀ ਦਿਨ ਕਠਨ ਤੱਪ ਕਰਨ ਦਾ ਨੇਮ ਸੀ।

## ਸੰਤ ਈਸਰ ਸਿੰਘ ਜੀ

ਸੰਤ ਈਸਰ ਸਿੰਘ ਜੀ ਖਾਨਪੁਰੀ ਪਿੰਡ ਸਿਆਲਕੋਟ ਜ਼ਿਲੇ ਦੇ ਲਾਇਲਪੁਰ ੧੦ ਮੁਰਬੇ ਚੰਗੇ ਆਮਦਨ ਵਾਲੇ ਵਸਾ ਬੜੇ ਉਦਾਰ ਸੁਭਾ ਵਿਚ ਵਿੱਸ ਕੇ ਆਏ ਅਥਿਤੀ ਸਾਧ ਦੀ ਸੇਵਾ ਕਰਦੇ ਸੀ ਬੜੇ ਨਿੰਘੇ ਤੇ ਪੰਥਕ ਦਰਦ ਵਾਲਾ ਦਿਲ ਰਖ ਮਨਮੇਲੀਆਂ ਨਾਲ ਅਵਿਰਲ ਵਰਤਦੇ ਸੀ। ਇਹਨਾਂ ਪਾਸ ਬਿਹੰਗਮਾਂ ਤੇ ਨੇੜੇ ਦੇ ਨਗਰਾਂ ਦੇ ਸਾਧੂਆਂ ਦਾ ਬੜਾ ਪ੍ਰਵਾਹ ਪਿਆ ਰਹਿੰਦਾ ਸੀ। ਇਹ ਹਰ ਆਏ ਸਿੰਘ ਨਾਮਧਾਰੀ ਨੂੰ ਆਪਣੇ ਘਰ ਦੇ ਜੀਆਂ ਵਾਂਗੂ ਜਾਣ ਵਲ ਵਲੇਵਾਂ ਘਟ ਹੀ ਕਰਦੇ ਸੀ। ਸੋਨੇ ਦੇ ਕੜਿਆਂ ਦੀਆਂ ਜੋੜੀਆਂ ਸੰਦੂਕ ਵਿਚ ਧਰਦਿਆਂ ਇਕ ਸਿੰਘ ਵੇਖਿਆ ਤੇ ਵੇਲਾ ਮਿਲੇ ਕੱਢ ਲੈ ਚਲਾ ਗਿਆ। ਲੋੜ ਪਈ ਤੇ ਕੜੇ ਨਾ ਲਭੇ ਤਾਂ ਈਸਰ ਸਿੰਘ ਜੀ ਘਰ ਦੇ ਸਭ ਜੀਆਂ ਨੂੰ ਪੱਕੀ ਕੀਤੀ। ਮਤ ਕੋਈ ਕਿਤੇ ਨਾਮ ਲਵੇ ਕਿ ਸਾਡੇ ਕੜੇ ਫਲਾਣਾ ਕੂਕਾ ਸਿੰਘ ਲੈ ਗਿਆ ਏ। ਲੋਕ ਤੇ ਅਗੇ ਹੀ ਇਹਨਾਂ ਤੇ ਅਨਹੋਣੀਆਂ ਊਜਾਂ ਥੱਪਦੇ ਨੇ। ਸਾਨੂੰ ਕੋਈ ਘਾਟ ਨਹੀਂ ਪਈ ਹੋਈ। ਪੰਥ ਦੀ ਹੱਤਕ ਹੋਇਆਂ ਘਾਟ ਪਵੇਗੀ। ਉਹ ਸਿੰਘ ਕਿੰਨ੍ਹਾ ਚਿਰ ਇਹਨਾਂ

---

*ਇਹ ਸੰਤ ਜੀ ਕੋਟ ਨੈਣ ਪਿੰਡ ਨੇੜੇ ਜ਼ਿਲ੍ਹਾ ਗੁਜਰਾਂਵਾਲਾ ਵਿਚੋਂ ਕਟਿਆਂ ਵਾਲੀ ਮੁਰੀਦਕੇ ਵਿਚ ਆ ਵਸੇ ਸੀ। ਪਿਤਾ ਬਖਤਾਵਰ ਸਿੰਘ ਸਹਿਜਧਾਰੀ ਸੀ। ਪਰ ਸੰਤ ਜੀ ਸੰਤ ਸੁੰਦਰ ਸਿੰਘ ਜੀ ਪੰਡਤਾਂ ਵਾਲਿਆਂ ਦੀ ਸੰਗਤ ਨਾਲ ਕੂਕੇ ਹੋਏ। ਇਹ ਸੁੰਦਰ ਸਿੰਘ ਜੀ ਢੋਲਕੀ ਗਲ ਪਾ, ਕਥਾ ਕਰੇ ਪ੍ਰੇਮ ਨਾਲ ਸ਼ਬਦ ਪੜ੍ਹਿਆ ਕਰਦੇ ਸੀ। ਬਹਾਦਰ ਸਿੰਘ ਸੰਤ ਸੁੰਦਰ ਸਿੰਘ ਜੀ ਕੂਕੇ ਵਾਲਿਆਂ ਨਾਲ ਫਿਰੇ ਵਾਹੀ ਕਰ ਕਰ ਸਿਆਲਕੋਟ ਦੇ ਜ਼ਿਲੇ ਧਰਮ ਕੋਟ ਦੇ ਡੇਰੇ ਸਾਧਾਂ-ਵਾਲੀ ਆ ਕੁਝ ਦਿਨ ਟਿਕੇ। ਇਹ ਧਰਮ ਕੋਟ ਮਰਦਾਨੇ ਬਾਣੇ ਧਰੇ ਸ਼ਬਦ ਪੜ੍ਹਿਆ ਕਰਦੀ ਸੀ ਤੇ ਕਈ ਜਨਾਨ ਸੁਣਦੀਆਂ ਸੀ। ਤੇ ਸੰਤ ਸੁੰਦਰ ਸਿੰਘ ਜੀ ਕਿਸੇ ਨੂੰ ਤਾੜਦੇ ਨਾ ਸੀ ਕਈ ਘਾਟ ਪੈਂਦ ਦੇ ਕੋਈ ਇਹਨਾਂ ਦੇ ਜਥੇ ਵਿਚ ਰਲ ਦਿਨ ਕਟੀ ਕਰਦੇ ਏਥ ਸੰਤ ਬਹਾਦਰ ਸਿੰਘ ਜੀ ਸੰਤ ਆਲਾ ਸਿੰਘ ਜੀ ਦੇ ਜਥੇ ਵਿਚ ਰਲ ਜਪ ਤਪ ਸੇਵਾ ਨਿਸ਼ਕਾਮ ਦਾ ਸੁਖ ਲੈਣ ਲਗੇ। ਸਤਿਗੁਰੂ ਜੀ ਨਾਲ ਸੰਤ ਆਲਾ ਸਿੰਘ ਜੀ ਦਾ ਪ੍ਰੇਮ ਸੀ। ਬਹਾਦਰ ਸਿੰਘ ਜੀ ਦਾ ਭਾਈ ਵਜ਼ੀਰ ਸਿੰਘ ਨਾਲ ਪ੍ਰੇਮ ਪੈ ਗਿਆ ਤੇ ਤਗੜਾ ਸਰੀਰ ਰੋਕ ਕਰ ਸਤਿਗੁਰੂ ਜੀ ਨਾਲ ਭੀ ਦਿਨ ਵਿਚ ਵਧੇ ਫਿਰਦੇ ਤੇ ਆਸਣ ਚੌਕ ਵੀ ਜੇ ਦਾ ਸੰਭਾਲ ਲਈ। ਇਹ ਸੰਤ ਜੀ ਘਟੀ ਨਾਲ ਘਰ ਨਾ ਗਏ। ਸਨ-ਵਿਆਹੀ ਇਹਨਾਂ ਦੀ, ਮਾਤਾ ਤੇ ਪ੍ਰਵਾਰ ਨੇ ਸਲਾਹ ਕਰ ਛੋਟੇ ਭਰਾ ਇਹਨਾਂ ਦੇ ਮੋਹਣ ਸਿੰਘ ਸੂਬੇਦਾਰ ਨਾਲ ਅਨੰਦਾਂ ਕਰ ਉਸਦੇ ਘਰ ਟੋਰ ਦਿੱਤੀ। ਇਹ ਸਤਿਗੁਰੂ ਜੀ ਨਾਲ ਘਰ ਗਏ ਪਰ ਘਰ ਦਾ ਵਰਤਾਰਾ ਸੁਣ ਇਹਨਾਂ ਆਪਣਾ ਮਨ ਜ਼ਰਾ ਭੀ ਖਰਾ ਨਾ ਕੀਤਾ। ਜਦੋਂ ਇਹਨਾਂ ਦੇ ਤਪ ਤੇ ਭਜਨ ਬੰਦਗੀ ਦੇ ਪ੍ਰਤਾਪੋਂ ਸਭ ਰੋਗ ਛੁਟੇ ਤਦ ਕਲਿਆਣ ਸਿੰਘ ਉਪਦੇਸ਼, ਨਿਹਾਲ ਸਿੰਘ—ਲਾਲ ਸਿੰਘ ਆਦਿ ਨਾਮਧਾਰੀ ਸਿੰਘ ਸਜ ਗਏ। ਹੁਣ ਇਹਨਾਂ ਦਾ ਸਭ ਪ੍ਰਵਾਰ ਸੰਤ ਨਰਾਇਣ ਜੀਵਨ ਕਰਕੇ ਮੇਲ ਵਸਦਾ ਹੈ।

ਦੇ ਘਰ ਨਾ ਆਇਆ ਤਾਂ ਈਸਰ ਸਿੰਘ ਜੀ ਉਚੇਚਾ ਮਿਲ ਕਿਹਾ, ਜਦ ਮੇਰੇ ਅੰਦਰ ਕੋਈ ਸ਼ਕ ਗਿਲਾ ਨਹੀਂ ਆਇਆ ਤਾਂ ਤੂੰ ਕਿਉਂ ਤੇ ਮਨ ਪਾਇਆ ਹੈ। ਹੁਣ ਇਹਨਾਂ ਦਾ ਪੁੱਤ੍ਰ ਆਸਾ ਸਿੰਘ ਸ਼ਾਮਪੁਰ ਬਟਾਲੇ ਕੋਲ ਮਾਲਕੀ ਤੇ ਵਸਦਾ ਬੜਾ ਭਲਾ ਲੋਕ ਏ।

## ਸੂਬਾ ਕੇਹਰ ਸਿੰਘ ਜੀ

ਸੂਬਾ ਕੇਹਰ ਸਿੰਘ ਜੀ ਮਾਲੂਆਲੀਏ। ਇਹ ਬੜੇ ਸੇਵਕ ਸੂਬਾ ਇਕ ਰਸ ਸਤ ਡੇਰੇ ਆਏ ਦੀ ਸੇਵਾ ਆਦਰ ਕਰਨ ਵਾਲਿਆਂ ਦਾ ਪ੍ਰਤਾਪ ਤੇ ਜੱਸ ਸੁਣ ਇਕ ਗਵਾਢੀ ਨੇ ਇਹਨਾਂ ਨੂੰ ਮਰਵਾਣਾ ਲੋਚ ਕਿਤੋਂ ਖੂਨੀ ਸਜਣ ਸਦੇ, ਜਦ ਉਹ ਕੇਹਰ ਸਿੰਘ ਜੀ ਦੇ ਡੇਰੇ ਪਾਸੋਂ ਦੁਪਹਿਰੀਂ ਲੰਘਣ ਲਗੇ ਕੇਹਰ ਸਿੰਘ ਜੀ ਨੇ ਘੋੜੇ ਫੜ ਛਾਵੇਂ ਬੰਧੇ ਮੰਜੇ ਡਾਹ ਸਮੇਤ ਘੋੜਿਆਂ ਉਹਨਾਂ ਦੀ ਬਹੁਤ ਸੇਵਾ ਕੀਤੀ, ਉਹ ਥੋੜੇ ਦਿਨ ਰਹਿੰਦੇ ਟੁਰਨ ਲਗੇ ਤਾਂ ਕੇਹਰ ਸਿੰਘ ਕਿਹਾ ਅੱਜ ਏਥੇ ਹੀ ਰਵੋ। ਵਿਚੋਂ ਇਕ ਨੇ ਕਿਹਾ ਕੰਮ ਜਰੂਰੀ ਤੇ ਮਿਥੇ ਹੋਏ ਦਿਨ ਦਾ ਏ। ਕੇਹਰ ਸਿੰਘ ਕਿਹਾ, ਜੇ ਦਸੋ ਤਾਂ ਸ਼ਾਇਦ ਮੈਂ ਭੀ ਤੁਹਾਡਾ ਸਾਥ ਦੇਵਾਂ ਉਸ ਕੰਮ ਵਿਚ। ਇਹ ਸੁਣ ਉਸ ਨੇ ਦੱਸ ਦਿੱਤਾ ਇਕ ਕੇਹਰ ਸਿੰਘ ਨੂੰ ਅਜੇ ਅਸਾਂ ਫਲਾਣੇ ਦੇ ਕਹੇ ਮਾਰ ਰਾਤੋ-ਰਾਤ ਚਲੇ ਜਾਣਾ ਹੈ। ਕੇਹਰ ਸਿੰਘ ਕਿਹਾ, ਉਹ ਤੇ ਮੈਂ ਹੀ ਹਾਂ ਮਤੇ ਮੈਂ ਰਾਤ ਨੂੰ ਤੁਹਾਨੂੰ ਨਾ ਮਿਲਾਂ ਹੁਣੇ ਹੀ ਤੁਸੀਂ ਆਪਣਾ ਕੰਮ ਮੁਕਾਉ। ਉਹਨਾਂ ਕਿਹਾ, ਅਸਾਂ ਤੇਰਾ ਲੂਣ ਖਾਧਾ ਹੈ। ਹੁਣ ਤੇਰੇ ਤੇ ਵਾਰ ਨਹੀਂ ਕਰ ਸਕਦੇ। ਸਾਰੇ ਜਿਧਰੋਂ ਆਏ ਸਨ ਉਧਰੇ ਪਰਤ ਗਏ। ਇਕ ਨੇ ਸਿਰਫ ਸਦਣ ਵਾਲੇ ਨੂੰ ਜਾ ਕਿਹਾ :—

ਸੇਵਾ ਐਸੀ ਸਿਫਤ ਹੈ ਵੈਰੀ ਮਿਤ ਬਣਾਏ।
ਪਾਪੋਂ ਸੋ ਭੀ ਬਚ ਰਹੇ ਲਵੇ ਲੂਣ ਜੋ ਖਾਏ। (ਰਹਿਮੀ)

ਤੂੰ ਸਾਥੋਂ ਕੈਸੇ ਚੰਗੇ ਪੁਰਸ਼ ਦਾ ਕੰਧਾ ਕਰਾਣ ਲਗਾ ਸੈਂ। ਉਸ ਦੀ ਸੇਵਾ ਨੇ ਉਹਦੀ ਜਾਣ ਤੇ ਸਾਨੂੰ ਮਹਾਂ ਪਾਪੋਂ ਬਚਾਇਆ ਹੈ। ਉਹ ਗਵਾਂਢੀ ਬੰਨੇ ਦਾ ਸ਼ਰਮਿੰਦਾ ਹੁੰਦਾ ਮੱਥੇ ਨਾ ਲਗੇ ਤੇ *ਕੇਹਰ ਸਿੰਘ ਨੇ ਉਸ ਨੂੰ ਮਿਲ ਕਿਹਾ, ਜਿਸ ਗੁਣ ਨੇ ਮੇਰੀ ਮੌਤੋਂ ਤੇ ਤੇਰੇ ਆਦਿਆਂ ਦੀ ਪਾਪੋਂ ਰਖਿਆ ਕੀਤੀ ਏ ਤੂੰ ਭੀ ਉਹ ਗੁਣ ਧਾਰਨ ਕਰ। ਇਹ ਸਿਖਿਆ ਸੁਣ ਉਹ ਭੀ ਸਿੰਘ ਸਜ ਗਿਆ।

## ਬਾਬਾ ਸੌਣ ਸਿੰਘ ਜੀ

ਬਾਬਾ ਸੌਣ ਸਿੰਘ ਜੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਸਿਦਕੀ ਸਿੱਖ ਸੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਤੇ ਭੀ ਬੜੀ ਸਰਧਾ ਸੀ ਆਪ ਦੀ। ਸੰਤ ਮਿਤ ਸਿੰਘ ਜੀ ਜੀਉਣ ਭਿੰਡਰ ਵਾਲੇ ਪਿਛੋਂ ਇਕੋ ਜ਼ਿਲ੍ਹਾ ਸਿਆਲਕੋਟ ਹੋਣ ਕਰ ਸੌਣ ਸਿੰਘ ਜੀ ਪਾਸ ਬਹੁਤ ਵੇਰੀ ਆ ਟਿਕ ਰਿਹਾ ਕਰਦੇ ਸੀ, ਪਰ ਸਤਿਗੁਰੂ ਪਰਤਾਪ ਸਿੰਘ ਜੀ ਤੇ ਮਿਤ ਸਿੰਘ ਜੀ ਦੀ ਸਰਧਾ ਨਹੀਂ ਸੀ। ਬਾਬਾ ਸੌਣ ਸਿੰਘ ਜੀ ਬਥੇਰਾ ਗੁਰਬਾਣੀ ਦੀਆਂ ਤੁਕਾਂ ਦਾ ਸਾਰ ਸਮਝਾਂਦੇ ਤੇ ਤੁਕਾਂ ਭੀ ਸੁਣਾਂਦੇ।

"ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥...
ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ ॥
ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ ॥"

ਆਦਿ। ਪਰ ਸੰਤ ਮਿਤ ਸਿੰਘ ਜੀ ਕਹਿੰਦੇ ਤਾਂਵੇਂ ਸੌਣ ਸਿੰਘਾ ਤੂੰ ਗੁਰੂ ਹਰੀ ਸਿੰਘ ਜੀ ਦੇ ਬਚਨ ਤੇ ਵਰ ਬਹੁਤ

*ਇਹ ਸੂਬਾ ਕੇਹਰ ਸਿੰਘ ਜੀ ਹੁਣ ਬਜੋਰੋ, ਹੁਸ਼ਿਆਰਪੁਰ ਜ਼ਿਲ੍ਹੇ ਵਿਚ ਵਸਦੇ ਹਨ ਸਣੇ ਪ੍ਰਵਾਰ।

Sri Satguru Jagjit Singh Ji Elibrary NamdhariElibrary@gmail.com

ਮੈਨੂੰ ਦਸਦੇ, ਪਰ ਜਿਚਰ ਮਨ ਪੂਰਾ ਪਰਖ ਨ ਮੰਨੇ, ਉਚਰ ਆਖੇ ਅਖਾਏ ਗੁਰ ਨਿਹਚਾ ਕਿਵੇਂ ਟਿਕੇ। ਇਹ ਕੋਈ ਕੌਡੀਆ ਦਾ ਤੇ ਵਣਜ ਨਹੀ, ਸਿਰ ਦਾ ਸੌਦੇ।

## ਸੰਤ ਮਿੱਤ ਸਿੰਘ ਜੀ

ਸਤਿਗੁਰੂ ਜੀ ਚੂਹੇ-ਭਾੜ ਹੋਲੇ ਤੇ ਦੋ ਚਾਰ ਦਿਨ ਪਹਿਲੋਂ ਹੀ ਪੁੱਜ ਕੁਝ ਸਾਂਭਾ ਸੋਚ ਜੋਗ ਜਗਾ ਆਦਿ ਦੇਖਣ ਲਈ ਦਰਸਨ ਦਿੱਤੇ ਸੀ ਤੇ ਸੰਤ ਮਿਤ ਸਿੰਘ ਜੀ ਭੀ ਚੂਹੇ-ਭਾੜ ਸਾਧ ਸੰਗਤ ਦੇ ਡੇਰੇ ਕੁਝ ਦਿਨ ਅਗਾਂਦੀ ਹੀ ਆ ਟਿਕੇ ਹੋਏ ਸੀ। ਸਤਿਗੁਰੂ ਜੀ ਇਕ ਦਿਨ ਅੰਮ੍ਰਿਤ ਵੇਲੇ ਮਿਤ ਸਿੰਘ ਜੀ ਨੂੰ ਜੰਗਲ ਜਾਂਦੇ ਮਿਲੇ ਤੇ ਚੁਪੇੜ ਉਘਰ ਕਿਹਾ, ਕਹੁ ਕੀ ਦੇਖਣਾ ਹੈ, ਜੋ ਕਹਿੰਦਾ ਹੈਂ, ਕੁਝ ਦੇਖ ਕੇ ਮੰਨਾਂਗਾ। ਮਿਤ ਸਿੰਘ ਜੀ ਸਤਿਗੁਰੂ ਜੀ ਦੇ ਸੋਹਣੇ ਮੁਖੜੇ ਵਲ ਨਿਗਾਹ ਭਰ, ਉਤਾਂਹ ਕਰ ਝਾਕਿਆ ਤਾਂ ਗੁਰ ਨਾਨਕ ਦਾ ਪਹਿਲੋਂ ਤੇ ਫੇਰ ਸਤਿਗੁਰੂ ਰਾਮ ਸਿੰਘ ਜੀ ਦਾ ਸਰੂਪ ਸੋਹਣਾ ਤੇ ਤੇਜ ਪ੍ਰਤਾਪ ਵਾਲਾ ਸਾਖਿਆਤ ਜਾਪਿਆ ਤੇ ਅਜਿਹਾ ਝਲਕਾਰਾ ਪਿਆ ਕਿ ਮਿਤ ਸਿੰਘ ਜੀ ਜੀਉਂਣ ਭਿੰਭਰ ਧਰਤੀ ਤੇ ਜਾ ਪਏ ਤੇ ਤਿੰਨ ਪਹਿਰਾਂ ਪਿਛੋਂ ਕਿਸੇ ਸਿੱਖ ਭਾਲ ਸੰਭਾਲ ਸੁਰਤ ਵਿਚ ਆਂਦੇ। ਸੰਤ ਜੀ ਸਤਿਗੁਰੂ ਜੀ ਦੀ ਚਰਨੀ ਆ ਲਗੇ ਤੇ ਬੜੇ ਖਿੜ ਕੇ ਸਾਧ ਸੰਗਤ ਵਿਚ ਖੜੇ ਕੇ ਹੱਥ ਜੋੜ ਕੇ ਉਚਾ ਅਵਾਜਾ ਕਰ ਸੁਣਾਇਆ, ਜੇ ਸਤਿਗੁਰੂ ਜੀ ਅੱਜ ਮੇਰੇ ਤੇ ਇਹ ਕਿਰਪਾ ਨ ਕਰਦੇ ਜੋ ਮੈਂ ਦੱਸ ਨਹੀ ਸਕਦਾ ਤਾਂ ਮੇਰਾ ਇਹ ਹੋਲਾ ਮੇਲਾ ਭੀ ਤੇ ਅਗੋਂ ਦਾ ਰਹਿੰਦਾ ਜਨਮ ਭੀ ਐਵੇਂ ਹੀ ਜਾਣਾ ਸੀ। ਇਹਨਾਂ ਸੰਤਾਂ ਦਾ ਪ੍ਰਵਾਰ ਹੁਣ ਕੌਣਣ ਪੁਰ ਸਰਸੇ ਨੇੜੇ ਹੈ।

## ਬਾਬਾ ਜੈਮਲ ਸਿੰਘ ਜੀ

ਚੂਹੇ-ਭਾੜ ਜ਼ਿਲਾ ਸੇਖੂਪੁਰਾ ਦੇ ਹੋਲੇ ਤੇ ਬਹੁਤ ਬਿਰਧ ਸਾਧ ਤੇ ਮਾਤਾ ਜਿਉਣ ਕੌਰ ਜੀ, ਫਤਹ ਕੌਰ ਜੀ, ਭੂਪਿੰਦਰ ਕੌਰ ਜੀ ਭੀ ਦਰਸਨ ਦਿਤੇ ਸੀ। ਬਾਬੇ ਜੈਮਲ ਸਿੰਘ ਮਾਂਗੇ ਦੇ ਖੂਹ ਵਾਲੇ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਸਮੇ ਦੇ ਸਿੱਖ ਸੀ ਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਪ੍ਰਸਿੱਧ ਤੇ ਰਿਧੀ ਸਿਧੀ ਵਾਲੇ ਤੇ ਕਮਾਈ ਵਾਲੇ ਸਿੱਖਾਂ ਵਿਚੋਂ ਸੀ। ਇਹਨਾਂ ਨੇ ਸੁਣਿਆ ਕਿ ਮਿਤ ਸਿੰਘ ਨਾਲ ਗੁਪਤ ਚੋਜ ਵਰਤਿਆ ਹੈ ਤਾਂ ਕਿਹਾ, ਮੈਂ ਤੇ ਸਭ ਦੇ ਸਾਹਵੇਂ ਵੱਟਾ ਤੇ ਵੇਖਾਂਗਾ ਤੇ ਉਚੇਚੇ ਮੇਰੇ ਕੋਲ ਆਉਣਗੇ ਤਾਂ ਮੰਨਾਂਗਾ। ਸਤਿਗੁਰੂ ਜੀ ਇਕ ਦਿਨ ਚੂਹੇ-ਭਾੜ ਦੇ ਹੋਲੇ ਸਮੇਂ ਹੀ ਨਹਿਰ ਵਲੋਂ ਇਸ਼ਨਾਨ ਕਰ ਕੁਝ ਸਿੱਖਾਂ ਸਮੇਤ ਆ ਰਹੇ ਸੀ, ਅਗੋਂ ਜੈਮਲ ਸਿੰਘ ਭੀ ਆਉਂਦੇ ਨਗਰ ਵਲੋਂ ਦੂਰੋਂ ਸਤਿਗੁਰੂ ਜੀ ਨੂੰ ਵੇਖ ਜੈਮਲ ਸਿੰਘ ਜੀ ਦੂਜੀ ਵੱਟੇ ਹੋ ਗਏ। ਸਤਿਗੁਰੂ ਜੀ ਭੀ ਦੂਰੋਂ ਹੀ ਦੂਜੀ ਵੱਟੇ ਹੋ ਗਏ। ਜੈਮਲ ਸਿੰਘ ਜੀ ਤੀਜੇ ਕਿਲੇ ਦੀ ਵੱਟ ਵੱਲ ਹੋ ਗਏ। ਸਤਿਗੁਰੂ ਜੀ ਭੀ ਤੀਜੇ ਕਿਲੇ ਵਲੋਂ ਹੋ ਅਗੋਂ ਮਿਲ ਕਿਹਾ, ਦੱਸ ਕਿ ਹੋਰ ਕੁਝ। ਬਾਬਾ ਜੀ ਮੱਥਾ ਟੇਕਿਆ ਤੇ ਕਿਹਾ, ਹੱਛਾ ਜੀ ਵੱਟਾਂ ਤੇ ਮਿਲੇ ਵੇਖ ਲੇ ਹੁਣ ਉਚੇਚੇ ਮਿਲੋਗੇ ? ਤਾਂ ਸਤਿਗੁਰੂ ਜੀ ਕਿਹਾ, ਜਿਵੇਂ ਆਪ ਦੀ ਰਜਾ। ਇਹ ਰਹਿੰਦੀ ਵਾਰਤਾ ਅਗਲੇ ਸਾਲ ਵਿਚ ਵਰਤੀ ਲਿਖਾਂਗਾ। ਵਹਿਮੀਂ

## ਮਹੰਤ ਦਲ ਸਿੰਘ ਜੀ

ਹੋਲਾ ਚੂਹੇ-ਭਾੜ ਦਾ ਮੰਗ ਤੇ ਬਹੁਤਿਆਂ ਮਿਲ ਲਿਆ ਸੀ। ਪਰ ਫੇਰ ਸਿਰਫ ਮਹੰਤ *ਦਲ ਸਿੰਘ ਹੀ ਉਥੇ ਹੌਸਲੇ ਅਤੇ ਉਤਸ਼ਾਹ ਵਾਲਾ ਰਹਿ ਗਿਆ। ਇਹ ਘੁਲਦਾ, ਸੋਚੀ ਖੇਡਦਾ ਤੇ ਚੰਗੀ ਪਹੁੰਚ ਵਾਲਾ ਹੋਣ ਕਰ, ਸੰਤ ਆਲਾ ਸਿੰਘ ਜੀ ਨੂੰ ਜਾ ਮਿਲਿਆ ਤੇ ਸਾਰੀ ਗੱਲ ਦਸੀ। ਸੰਤ ਜੀ ਆਪਣਾ ਸਾਰਾ

---

*ਮਹੰਤ ਦਲ ਸਿੰਘ ਨੇ ਆਪਣਾ ਮਰੱਬਾ ਗਹਿਣੇ ਪਾ ਹੋਲਾ ਨਿਭਾਇਆ ਸ. ਜਾਹਿਬ ਸਿੰਘ ਜੀ ਮਨਾਂਵਾਲੀਆ ਪਾਸ, ਜੋ ਬਾਅਦ ਛੁਡਾਇਆ। ਹੁਣ ਇਹ ਮਹੰਤ ਦਲ ਸਿੰਘ ਜੀ ਸਿਰਸਾ-ਪਟੀ ਜੀਵਨ ਨਗਰ ਡੇਰੇ ਰਹਿੰਦੇ ਹਨ। ਮਹੰਤ ਜੀ, ਜਵਾਨੀ ਵੇਲੇ ਬੜੇ ਬਲੀ ਤੇ ਉਦਾਰ ਸੁਭਾ ਹੋਏ ਰਿਹੇ ਹਨ। ਹੁਣ ਭੀ ਸੰਤ ਸੁਭਾ ਹਨ।

ਜਥਾ ਸਾਥ ਲੈ ਚੂਹੇ-ਝਾੜ ਆਏ। ਖੂਹਾ ਲਵਾਇਆ ਲੰਗਰ ਛਤਾਇਆ। ਜੋ ਹੱਥ ਹੋਰ ਲੋੜੀਂਦਾ ਕੰਮ ਆਇਆ ਕੀਤਾ। ਕੁਝ ਮਹੀਨੇ ਉਪਦੇਸ਼ ਦੇ ਹਰਨਾਮ ਸਿੰਘ, ਲਾਭ ਸਿੰਘ, ਹੁਕਮ ਸਿੰਘ ਆਦਿ ਸਿੱਖਾਂ ਨੂੰ ਨਾਲ ਮਿਲਾ ਹੋਲੇ ਦੇ ਪ੍ਰਬੰਧ ਦੇ ਆਹਰੇ ਲਾਇਆ ਸੀ।

ਸ਼ੇਖੂਪੁਰੇ ਦੇ ਜ਼ਿਲ੍ਹੇ ਦੀ ਸੰਗਤ ਨੇ ਹੱਥੀਂ ਸੇਵਾ ਲੰਗਰ ਪਕਾਣ ਵਰਤਾਣ ਦੀ ਕੀਤੀ। ਅਗਲੇ ਸਾਲ ਲਈ ਹੋਲਾ ਤੇਗ ਸਮੇਂ ਨ ਸੁਣਾਇਆ ਗਿਆ ਸਿਰਫ ਕਿਹਾ ਹੀ ਸੀ ਜਿਥੇ ਸਤਿਗੁਰੂ ਕਰਾਵੇਗਾ ਜੇ ਵਸਦੀ ਰਹੀ ਤਾਂ ਹੋਵੇਗਾ ਜ਼ਰੂਰ।

ਹੋਲੇ ਤੇ ਸਤਿਗੁਰੂ ਜੀ ਤੇ ਸਾਧ ਸੰਗਤ ਵਲੋਂ ਕੀਤੇ ਕਰਾਏ ਪਾਠ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸਨ ਨਮਿਤ ਬਹੁਤ ਪਏ, ਹਵਨ ਹੋਇਆ, ਅੰਮ੍ਰਿਤ ਪ੍ਰਚਾਰ ਹੋਇਆ, ਬਹੁਤ ਸਰੀਰਾਂ ਭਜਨ ਪੁੱਛਿਆ, ਅਰਦਾਸਾ ਹੋ ਕੜਾਹ ਪ੍ਰਸਾਦ ਵਰਤਿਆ ਤੇ ਸੇਵਕਾਂ ਨੂੰ ਸੰਗਤਾਂ ਤੇ ਸਤਿਗੁਰੂ ਜੀ ਦੀ ਖੁਸ਼ੀ ਦਾ ਲਾਹਾ ਮਿਲਿਆ, ਖਰਚ ਖੇਚਲ ਸਫਲ ਹੋਏ।

੧੯੭੪ ਬਿਕ੍ਰਮੀ ਸਾਲ ਹੋਇਆ ਬਤੀਤ।
ਭੁਲ ਵਹਿਮੀ ਦੀ ਬਖਸ਼ਨੀ ਜੋ ਬਖਸ਼ਿੰਦੀ ਰੀਤ।

## *੧੯੭੫ ਬਿਕ੍ਰਮੀ ਸਾਲ ਦਾ ਅਰੰਭ*

ਭੈਰਉ ਮਹਲਾ ੫ ॥

ਕਰਿ ਕਿਰਪਾ ਕਰਹੁ ਪ੍ਰਭਿ ਦਾਤਿ ॥ ਤੁਮਰੀ ਉਸਤਤਿ ਕਰਉ ਦਿਨ ਰਾਤਿ ॥...
ਹਉ ਬਲਿਹਾਰਿ ਜਾਉ ਗੁਰ ਦੇਵ ॥ ਸਫਲ ਦਰਸਨੁ ਜਾ ਕੀ ਨਿਰਮਲ ਸੇਵ ॥
ਰਾਖਿ ਲੀਨੇ ਸਭੁ ਜਨ ਕਾ ਪੜਦਾ ॥ ਨਾਨਕੁ ਤਿਸਕੀ ਉਸਤਤਿ ਕਰਦਾ ॥

ਇਹ ਗੁਰਬਾਣੀ ਦੀਆਂ ਤੁਕਾਂ ਅਗਲੇ ਸਾਲ ਦੇ ਅਰੰਭ ਲਈ ਮੈਂ ਲਿਖੀਆਂ ਹਨ। ਇਹਨਾਂ ਵਿਚ ਅਰਜ਼ ਤੇ ਅਰਾਧਨਾ ਤੇ ਗੁਰ ਉਸਤਤਿ ਏ। ਮੇਰੇ ਤੇ ਸਤਿਗੁਰੂ ਕਿਰਪਾ ਕਰੇ, ਮੈਂ ਦਿਨ ਰਾਤ ਉਸ ਦੀ ਉਸਤਤਿ ਕਰਾਂ। ਮੈਂ ਬਲਿਹਾਰੇ ਜਾਂਦਾ ਹਾਂ ਸ੍ਰੀ ਗੁਰੂ ਦੇਵ ਜੀ ਦੇ। ਜਿਨ੍ਹਾਂ ਦਾ ਦਰਸਨ ਸਫਲ ਹੈ, ਸੇਵਾ ਨਿਰਮਲ ਹੈ। ਜਿਸ ਸਤਿਗੁਰੂ ਜੀ ਨੇ ਮੇਰਾ ਪੜਦਾ ਰਖਿਆ ਹੈ ਸਭ ਭੁੱਲਾਂ ਛਿੱਦ੍ਰਾਂ ਨੂੰ ਢੱਕ, ਮੈਨੂੰ ਇਹ ਸੇਵਾ ਆਪਣੇ ਜੀਵਨ-ਇਤਿਹਾਸ ਦੀ ਬਖਸ਼, ਸੋਭਾ ਜੋਗ ਨਿਰਮਲ ਕਰਨੀ ਜੋਗ ਬਣਾਇਆ ਹੈ। ਮੈਂ ਉਸ ਆਪਣੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਉਸਤਤਿ ਕਰਦਾ ਹਾਂ।

ਸੰਗਤ ਸਾਧ ਸੁਨੋ ਦੇ ਕਾਨ। ਸ੍ਰੀ ਸਤਿਗੁਰ ਕੇ ਕੌਤਕ ਆਨ।
ਵਡ ਪ੍ਰਤਾਪੀ ਸਤਿਗੁਰ ਪੂਰੇ। ਕਰੇ ਦਾਸ ਕੇ ਸਭ ਭ੍ਰਮ ਦੂਰੇ।
ਦੁਆਦਸ ਸਤਿਗੁਰ ਪੁਰਖ ਅਕਾਲ। ਰਿਦੇ ਦਿੜ੍ਹਾਯੋ ਚੂਕੀ ਭਾਲ।
ਆਸ ਤ੍ਰਿਸੈ ਕੀ ਦੇਵਨ ਹਾਰੇ। ਆਪ ਭਏ ਸਤਿਗੁਰੂ ਪਿਆਰੇ।
ਤਰਨ ਸਿੰਘ ਕੁਝ ਕਰਨ ਨਾ ਜਾਣੇ। ਜੱਸ ਲਿਖਣ ਕੀ ਇੱਛਾ ਠਾਣੇ।
ਅੰਤਰ ਰਿਦੇ ਕੀਨੀ ਅਰਦਾਸ। ਭੀ ਪ੍ਰਤੱਖ ਕਰੀ ਗੁਰ ਪਾਸ।

ਵਰ ਦੀਨੇ ਪੂਰਨ ਹੋਏ ਆਸ । ਸਾਚ ਲਿਖਣ ਕਰ ਨਿਰਨੈ ਰਾਸ ।
ਬਿਨ ਦੇਖੇ ਦ੍ਰਿਸ਼ ਲਿਖਾ ਨਾ ਭਾਇ । ਸੁਨੇ ਪੜ੍ਹੇ ਪੜ ਅੰਤਰ ਜਾਏ ।
ਹੇਤ ਇਸੀ ਇਤਿਹਾਸਨ ਮਾਹੀ । ਦੀਸੈ ਫਰਕ ਸੁ ਸਮਤਾ ਨਾਹੀ ।
ਮੈਂ ਕਰ ਜੋਰੇ ਕਾਗਦ ਲੀਨਾ । ਧਰਾ ਵਹਿਮ ਨਿਤ ਪੂਰਨ ਕੀਨਾ ।
ਵਹਿਮੀ ਨਾਮ ਪ੍ਰਗਟ ਹੋਇ ਗਯੋ । ਗੁਰ ਜੱਸ ਲਿਖਣ ਵਹਿਮ ਨਿਤ ਭਯੋ ।
ਰਾਮ ਦਰਸ ਕੀ ਇਕ ਅਭਿਲਾਂਖ । ਗੁਰ ਜੱਸ ਲਿਖਣ ਦੂਸਰੀ ਕਾਂਖ ।
ਪੂਰਨ ਹੋਵੈ ਪੂਰਨ ਹੋਵੈਂ । ਨਾਤਰ ਆਵਨ ਮੈ ਮਨ ਜੋਵੈਂ ।
ਤਾਂ ਤੇ ਗੁਰ ਸੰਗਤ ਪ੍ਰਤਿ ਬਿਨੈਂ । ਪੂਰਨ ਕਰੈਂ ਦੋਸ ਨਹੀ ਗਿਨੈਂ ।

## ਬੀਬੀ ਨੰਦਾਂ ਨਮਿੱਤ ਭੋਗ

ਸਤਿਗੁਰੂ ਪਰਤਾਪ ਸਿੰਘ ਜੀ ਸੰਤ ਆਲਾ ਸਿੰਘ ਜੀ ਨੂੰ ਸਮੇਤ ਜਥੇ ਹੋਲੇ ਬੂਹੇ-ਭਾਣ ਤੋਂ ਨਾਲ ਹੀ ਭੈਣੀ ਸਾਹਿਬ ਲੈ ਆਏ, ਸੰਤ ਮੋਹਣ ਸਿੰਘ ਜੀ ਭੀ ਨਾਲ ਸੀ । ਸਤਿਗੁਰੂ ਜੀ ਬੀਬੀ ਨੰਦਾਂ ਦੇ ਨਮਿਤ ਪਾਠ ਕਰਨੇ ਕੋਠੀ ਰਾਮਸਰ ਕੋਢੇ ਅਰੰਭੇ ਕਿਉਂਕਿ ਵੈਸਾਖੀ ਨੂੰ ਬੀਬੀ ਨਮਿਤ ਖੁਲ੍ਹੇ ਭੋਗ ਪੈਣੇ ਸੀ । ਵੈਸਾਖੀ ਵਾਲੇ ਦਿਨ ਇਕ ਅਖੰਡ ਪਾਠ ਆਦਿ ਗ੍ਰੰਥ ਸਾਹਿਬ ਦਾ ਕਰ ਭੋਗ ਭੀ ਪਾਇਆ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ । ਸਤਿਗੁਰੂ ਜੀ ੧੧ ਸਧਾਰਨ ਜੋ ਪਾਠ ਸਾਧਾਂ ਕੀਤੇ ਸੀ ਜੋ ਮਾਤਾ ਜਿਊਣ ਕੌਰ ਜੀ ਵਲੋਂ, ੫ ਪਾਠ ਸੁਰਤ ਸਿੰਘ ਜੀ ਵਲੋਂ, ੫ ਗਜਿੰਦਰ ਸਿੰਘ ਵਲੋਂ, ਪੰਜ ਬਸੰਤ ਸਿੰਘ ਵਲੋਂ, ੨ ਸਾਧੂ ਕਰਮ ਸਿੰਘ, ੧ ਹਰੀ ਸਿੰਘ, ੧ ਭਾਈ ਸੁੰਦਰ ਸਿੰਘ, ੨ ਬਰਮ ਸਿੰਘ, ੧ ਸੰਤਾ ਸਿੰਘ, ੧ ਸੰਤਾ ਸਿੰਘ ਗ੍ਰੰਥੀ ਨਾਰੰਗਵਾਲੀਆ, ੧ ਮੰਗਲ ਸਿੰਘ ਧਰਮਸਾਲੀਆ, ੧ ਮਾਘਾ ਸਿੰਘ, ੧ ਨੰਦ ਸਿੰਘ, ੧ ਇੰਦਰ ਸਿੰਘ ਚੱਕਰਵਰਤੀ, ੧ ਨਾਹਰ ਸਿੰਘ, ੧ ਹੀਰਾ ਸਿੰਘ ਗ੍ਰੰਥੀ, ੧ ਨੱਥਾ ਸਿੰਘ ਮਜ਼੍ਹਬੀ ਵਲੋਂ ਪਾਠ ਬੀਬੀ ਨੰਦਾਂ ਨਮਿੱਤ ਕੀਤੇ ਕੁਲ ੪੧ ਸਧਾਰਨ ਤੇ ੧ ਅਖੰਡ ਪਾਠ ਦਾ ਭੋਗ ਪਿਆ । ਇਹ ਵੇਰਵਾ ਤੇ ਤਾਰੀਖ ਮੈਂ ਸੁਰਤ ਸਿੰਘ ਜੀ ਬੀਬੀ ਨੰਦਾਂ ਦੇ ਪੁੱਤ੍ਰ ਪਾਸੋਂ ਇਕ ਕਾਗਤ ਤੋਂ ਅਰਜ ਕਰ ਲਿਖਿਆ ਹੈ ।

ਬੀਬੀ ਨੰਦਾਂ ਦੇ ਸਪੁੱਤ੍ਰ ਤੇ ਪ੍ਰਵਾਰ / ਬਸੰਤ ਸਿੰਘ, ਸੁਰਤ ਸਿੰਘ

ਹਰਨਾਮ ਸਿੰਘ ਪੂਰਨ ਸਿੰਘ

ਦੇ ਗੁਰਬਖਸ਼ ਸਿੰਘ ਜੀ ਰਾਗੀ ਲੁਧਿਆਣੇ ਰਹਿੰਦੇ ਹਨ ਜੋ ਘੜੀਆਂ ਦਾ ਕੰਮ ਕਰਦੇ ਹਨ, ਤੇ ਗਜਿੰਦਰ ਸਿੰਘ ਦੇ ।

## ਭਾਈ ਵੀਰੂ ਤੇ ਨਾਥ ਜੀ

ਇਸ ਸਾਲ ਨਿਮਾਣੀ ਇਕਾਦਸੀ, ਜਿਸ ਨੂੰ ਨਿਰਜਲਾ ਇਕਾਦਸੀ ਭੀ-ਆਖਦੇ ਹਨ । ਸੋ ਮੇਲਾ ਗੁਰੂ ਹਰੀ ਸਿੰਘ ਜੀ ਦਾ ਅਰੰਭਿਆ ਸਦਾ ਹੁੰਦਾ ਸੀ । ਇਸ ਤੇ ਆਪਣੇ ਨਾਮਧਾਰੀ ਰਾਗੀਆਂ ਤੇ

ਜਥੇਦਾਰਾਂ ਨਾਲੋਂ ਵਧ ਨਵੇਂ ਰਾਗੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਭਾਈ ਵੀਰੂ ਤੇ ਲਾਲ ਆਏ। ਸੰਤ ਲਾਲ ਸਿੰਘ ਜੀ ਭੁਰੇਗਿੱਲੀਆਂ ਸਤਿਗੁਰੂ ਜੀ ਅਗੇ ਅਰਜ਼ ਕੀਤੀ ਕਿ ਇਹਨਾਂ ਦੇ ਕੀਰਤਨ ਵਿਚ ਰਸ ਕੂਕਿਆਂ ਦੇ ਰਾਗੀਆਂ ਵਰਗਾ ਪੈਂਦਾ ਏ. ਤੇ ਉਚੇਚੇ ਸਤ ਤੋਂ ਤੇਗ ਵਾਲੇ ਦਿਨ ਇਹਨਾਂ ਨੂੰ ਵਕਤ ਦਿਵਾਇਆ। ਭਾਈ ਵੀਰੂ, ਤੂਬ ਤੇ ਲਾਲ ਵਾਜਾ ਲੈ ਸਬਦ :—

ਸਤਿਗੁਰ ਮੈ ਬਲਿਹਾਰੀ ਤੋਰ ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥

ਦੀਆਂ ਕੁਝ ਹੀ ਤੁਕਾਂ ਪ੍ਰੇਮ ਪ੍ਰੀਤ ਵਿਚ ਰਚ ਅਜੇ ਪੜ੍ਹੀਆਂ ਸੀ ਕਿ ਸੰਤ ਮੰਗਲ ਸਿੰਘ ਵੜ੍ਹਹੀ ਰੱਕੀਦੇ ਮਸਤਾਨੇ ਹੋ ਗਏ ਤੇ ਕਹਿਣ ਲਗ ਪਏ।

## ਟੇਢੀ ਪੱਗ ਦੂਰ

ਅੱਜ ਦੀਵਾਨ ਵਿਚ ਕਿਸੇ ਨੂੰ ਸਤਿਗੁਰੂ ਜੀ ਦੇ ਨੇੜੇ ਟੇਢੀ ਪੱਗ ਵਾਲੇ ਨੂੰ ਨਹੀਂ ਬੈਠੇ ਰਹਿਣ ਦੇਣਾ। ਜੋ ਚਾਹੁੰਦਾ ਹੈ ਮੈਂ ਨੇੜੇ ਹੀ ਬਢ੍ਹਾਂ ਸੋ ਸਿੱਧੀ ਕਰ ਲਵੇ। ਮਹਾਰਾਜ ਨਿਹਾਲ ਸਿੰਘ ਜੀ ਤੇ ਮਹਾ: ਗੁਰਦਿਆਲ ਸਿੰਘ ਜੀ ਇਹਨਾਂ ਸੰਤ ਜੀ ਦੇ ਸੁਭਾ ਤੋਂ ਮਾਨਾਂ ਵਾਲੇ ਦੇ ਜਾਣੂ ਸੀ ਉਹ ਉਠ ਕੇ ਲਾਂਭੇ ਹੋ ਬੈਠੇ। ਫੇਰ ਸੰਤ ਜੀ ਕਿਹਾ*, ਹੁਣ ਸਭਾਂ ਔਖੇ ਔਡੀ ਬਹਿਣਗੀਆਂ ਜੋ ਸਿੱਧੀ ਨਾ ਕਰੇਗਾ ਫੇਰ ਨਾ ਕਹੇ ਉਠਾ ਕੇ ਵਖਰਾ ਬਹਾ ਦਿੱਤਾ ਜਾਵੇਗਾ ਇਹ ਸੁਣ ਕਈਆਂ ਦਸਤਾਰੇ ਉਤਾਰ ਕੇ ਸਿੱਧੇ ਸਜਾ ਲੈ ਤੇ ਕਈਆਂ ਪੱਗਾਂ ਭੀ ਫੇਰ ਲਈਆਂ। ਜੋ ਨਾ ਸਿੱਧੇ ਦਸਤਾਰੇ ਕਰ ਸਕੇ ਤੇ ਜਰ ਸਕੇ ਸੰਤ ਜੀ ਦਾ ਇਹ ਕਹਿਣਾ, ਉਹ ਕਹਿਣ ਲਗ ਪਏ ਇਹ ਬੌਰਾ ਕੀ ਕਰਦਾ ਏ ?

ਇਹ ਸੁਣ ਸ਼ਬਦ ਵਿਚ ਬਚਨ ਹੁੰਦੇ ਜਾਣ ਭਾਈ ਵੀਰੂ ਧਾਰਨਾ ਬਦਲ ਲਈ ਤੇ ਪੜ੍ਹਨ ਲਗ ਪਿਆ "ਮੈਂ ਨਹੀ ਬੌਰਾ ਮੈਨੂੰ ਰਾਮ ਕੀਆ ਬੌਰਾ।" ਤੇ ਕਦੀ ਪੜ੍ਹੇ ਇਹ ਆਪ ਨਹੀਂ ਇਹਨੂੰ ਰਾਮ ਕੀਆ ਬੌਰਾ ਤੇ ਪ੍ਰਮਾਣ ਭੀ ਲਾਵੇ :—

ਆਪੇ ਲਾਇਓਨੁ ਆਪਨਾ ਪਿਆਰੁ ॥...
ਤੇ ਆਪਨੀ ਭਗਤਿ ਪ੍ਰਭਿ ਆਪਿ ਕਰਾਈ ॥...
ਸੋ ਸੇਵਕੁ ਜੋ ਲਾਇਆ ਸੇਵ ॥

ਤੁਕਾਂ ਪੜ੍ਹਦਾ ਵੀਰੂ ਆਪ ਭੀ ਮਸਤ ਹੋ ਗਿਆ। ਤੇ

ਇਹ ਰਸ ਛਾਡੇ ਉਹ ਰਸ ਆਵਾ ॥...
ਅਬਹਿ ਨ ਮਾਤਾ ਸੁ ਕਬਹੁ ਨ ਮਾਤਾ ॥
ਕਹਿ ਕਬੀਰ ਰਾਮੈ ਰੰਗਿ ਰਾਤਾ ॥

---

*ਕਈ ਸਿੰਘ ਇਹ ਦੱਸਦੇ ਹਨ ਸੰਤ ਜੀ ਬਹੁਤ ਤਰਿਕਾਲ ਵੇਲੇ ਭੀ ਕੀਤੇ ਸੀ ਕਿ ਹੁਣ ਮੈਂ ਅੜੀ ਔਰ ਸਜਾ ਕਰਾਵਾਂਗਾ ਸਿੱਧੀਆਂ ਤੇ ਟੇਢੀਆਂ ਦਸਤਾਰਾਂ ਵਾਲੇ ਸਿੱਧੀ ਤੇ ਖੁੱਲ੍ਹੇ ਦੁਸ਼ਾਲਾਂ ਤੇ ਸਲਵਾਰਾਂ ਭੀ ਅੜੀ ਔਰ ਕਰਾਵਾਂਗਾ ਅੰਗਰੇਜ਼ ਦੀ ਸਜਾ ਉਨ੍ਹਾ ਕੋਟੀਆਂ ਦਾ ਰਾਜ ਚਾਪ ਫੇਰ ਰਾਮਰਾਜ ਲਿਆਵਾਂਗਾ।

Sri Satguru Jagjit Singh Ji Elibrary NamdhariElibrary@gmail.com

ਆਦਿ ਤੁਕਾਂ ਪ੍ਰਮਾਣਾਂ ਦੇ ਸੁਆਦ ਵਿਚ ਉਹ ਆਪ ਰੱਜਿਆ ਰਿਹਾ ਤੇ ੨੫੦-੩੦੦ ਰੁਪਿਆ ਉਸ ਨੂੰ ਸ਼ਬਦ ਦੀ ਭੇਟਾ ਨਾਮਧਾਰੀਆਂ ਮਸਤਾਨਿਆਂ ਵਲੋਂ ਮੱਥਾ ਭੇਟਾ ਹੋ ਗਿਆ। ਉਸ ਸਮੇਂ ਦਰਬਾਰ ਸਾਹਿਬ ਅੰਮ੍ਰਿਤਸਰ ਲੋਕ ਆਨੇ ਪੈਸੇ ਹੀ ਮੱਥਾ ਟੇਕਦੇ ਸੀ। ਮਸਾਂ ਇਹਨਾਂ ਨੂੰ ਦੋ ਚਾਰ ਦਮੜੇ ਹੀ ਹੋਇਆ ਕਰਦੇ ਸੀ। ਨਾਮਧਾਰੀ ੧) ਤੋਂ ਘੱਟ ਕਦੇ ਕੋਈ ਨਾ ਟੇਕਣ ਦੇ ਆਦੀ ਸੀ। ਕਈਆਂ ਨੇ ੫) ਭੀ ਭੇਟਾ ਧਰੇ ਸੀ ਸ਼ਬਦ ਦੀ ਮਸਤੀ 'ਚ।

ਭਾਈ ਵੀਰੂ ਮੁਹੰਮਦ ਸਾਹਿਬ ਤੇ ਈਸਾ, ਮੂਸਾ, ਹਜ਼ਰਤ ਅਲੀ ਦੇ ਤੇ ਮਨਸੂਰ ਤੇ ਸ਼ਮਸ ਤੇ ਹੀਰ ਰਾਂਝੇ, ਸੋਹਣੀ ਮਹੀਂਵਾਲ ਦੇ ਹਾਲ ਸੁਣਾ ਸੁਣਾ ਕਿਹਾ ਜੇ ਉਹਨਾਂ ਵਿਚ ਮਸਤੀ ਨਾ ਵਸਦੀ ਤਾਂ ਉਹ ਇਤਨੇ ਕਸ਼ਟ ਖਿੜੇ ਮੱਥੇ ਨਾ ਸਹਾਰਦੇ ਤੇ ਮਹਿਬੂਬਾਂ ਦੇ ਮੋਹ ਵਿਚ ਗੜੁੱਚ ਹੋਏ ਦੇਹ ਦੀ ਸੁਧੋਂ ਪਰੇ ਹੋ ਨਾ ਵਰਤਦੇ ਜਿਵੇਂ ਹਜ਼ਰਤ ਅਲੀ ਦੇ ਪੇਟ ਵਿਚੋਂ ਤੀਰ ਸਿਜਦੇ ਗਿਆਂ, ਖਿਚਿਆ ਗਿਆ ਸੀ ਤੇ ਉਹਨਾਂ ਨੂੰ ਜ਼ਰਾ ਦਰਦ ਨਾ ਹੋਇਆ ਸੀ।

ਜੇ ਪੂਰੇ ਪ੍ਰਮਾਣ ਲਾ ਪੂਰੀ ਥਿਊਰੀ ਤੇ ਨਿਭਣ ਵਾਲਾ ਉਸ ਸਮੇਂ ਦਾ ਇਹ ਇਕੋ ਰਾਗੀ ਅੰਮ੍ਰਿਤਸਰ ਦਾ ਮੰਨ ਲਈਏ ਤਾਂ ਝੂਠ ਨਹੀਂ ਇਸ ਤੋਂ ਪਿਛੋਂ ਭਾਈ ਚਾਂਦ ਅੰਮ੍ਰਿਤਸਰੀ ਹੋਇਆ ਹੈ ਜੋ ਹੁਣ ਪਾਕਿਸਤਾਨ ਚਲਾ ਗਿਆ ਹੈ।

## *ਸ੍ਰ: ਤੇਜਾ ਸਿੰਘ ਜੀ*

ਸ੍ਰ: ਤੇਜਾ ਸਿੰਘ ਜੀ ਜੋ ਚੰਦੋਵਾਲੀਏ ਹੁਣ ਸਰਸੇ ਹਨ ਉਹਨਾਂ ਮੈਨੂੰ ਇਹ ਸਭ ਵਾਰਤਾ ਦੱਸੀ ਹੈ ਤੇ ਇਹਦਾ ਮੁੱਢ ਇਸ ਤਰ੍ਹਾਂ ਬੱਝਾ ਦੱਸਿਆ ਹੈ।

ਮੈਂ ਅੰਮ੍ਰਿਤਸਰ ਹਾਈ ਸਕੂਲ ਵਿਚ ਪੜ੍ਹਦੇ ਸਮੇਂ ਕਦੇ ਕਦੇ ਸ਼ਬਦ ਪੜ੍ਹਦਾ ਤੇ ਰਸ ਬਣਦਾ ਸੀ। ਸ੍ਰ: ਰਘਬੀਰ ਸਿੰਘ ਰਾਜਾਸਾਂਸੀ ਵਾਲੇ ਮੈਨੂੰ ਕਿਹਾ, ਤੂੰ ਸਾਡੇ ਪਿੰਡ ਗੁਰ ਨਾਨਕ ਦੇ ਪ੍ਰਕਾਸ਼ ਦਿਨ ਤੇ ਆ। ਮੈਂ ਕਿਹਾ, ਸੰਤ ਲਾਲ ਸਿੰਘ ਜੀ ਕੂਕੇ ਗਿੱਲੀਏ ਜੇ ਆਉਣ ਤਾਂ ਮੈਂ ਭੀ ਆਵਾਂਗਾ। ਉਸ ਕਿਹਾ, ਉਹ ਤੇ ਮੇਰੇ ਸ਼ਿਕਾਰ ਖੇਡਣ ਦੇ ਸਮੇਂ ਦੇ ਯਾਰ ਹਨ। ਮੇਰੇ ਸੱਦੇ ਤੇ ਜ਼ਰੂਰ ਆਉਣਗੇ।

ਸੰਤ ਜੀ ਸ੍ਰ: ਦੇ ਸੱਦੇ ਤੇ ਆਏ ਤੇ ਕ੍ਰਿਸ਼ਨ ਸੁਦਾਮੇ ਦੀ ਤਰ੍ਹਾਂ ਪੁਰਾਣਾ ਸਮਾਂ ਯਾਦ ਕਰ ਕਰ ਜੱਫੀ ਪਾ ਮਿਲੇ ਤੇ ਕਿਹਾ, ਅਗੇ ਸ਼ਿਕਾਰ ਰਲ ਖੇਡਦੇ ਸਾਂ ਹੁਣ ਸ਼ਬਦ ਰਲ ਪੜ੍ਹਾਂਗੇ। ਕਤਕ ਦੇ ਮੇਲੇ ਦਾ ਰਸ ਬੱਝਾ ਦੇਖ ਰਾਜੇਸਾਂਸੀ ਦੇ ਸਰਦਾਰਾਂ ਕਿਹਾ, ਪੋਹ ਸੁਦੀ ਸਤਮੀ ਦੇ ਮੇਲੇ ਭੀ ਆਉਣਾ। ਸੰਤ ਜੀ ਤੇ ਮੈਂ ਕਿਹਾ, ਜੇ ਅੰਮ੍ਰਿਤਸਰ ਵੀਰੂ ਤੇ ਲਾਲ ਰਾਗੀਆਂ ਨੂੰ ਸੱਦੋ ਅਸੀਂ ਭੀ ਆਵਾਂਗੇ। ਭਾਈ ਵੀਰੂ ਹੋਣੀ ਪੋਹ ਸੁਦੀ ਸਤਮੀ ਤੇ ਰਾਜੇਸਾਂਸੀ ਗਏ ਤੇ ਸ਼ਬਦ ਦਾ ਰਸ ਬਣਿਆ। ਕਈ ਨਾਮਧਾਰੀ ਭੀ ਆਏ ਹੋਏ ਸੀ। ਸ਼ਬਦ ਸੀ ਭੈਰਵੀ ਵਿਚ "ਸੇਖ ਫਰੀਦੈ ਖੈਰ ਦੀਜੈ ਬੰਦਗੀ" ਇਕੋ ਸ਼ਬਦ ਨੂੰ ਪ੍ਰਮਾਣ ਦੇ ਦੇ ਰਸ ਬਣੇ ਕਰ ਵੀਰੂ ਪੜ੍ਹੇ। ਕਈ ਕੂਕੇ ਮਸਤਾਨੇ ਹੋਏ। ਭਾਈ ਹੋਰਾਂ ਨੂੰ ਬੜੇ ਭਰੇ ਹੋਏ ਦੀਵਾਨ ਵਿਚ ਅੰਮ੍ਰਿਤਸਰ ਦੇ ਤਿੰਨ ਰੁਪੈ ਹੁੰਦੇ ਸੀ, ਰਾਜੇਸਾਂਸੀ ੩੨) ਰੁਪੈ ਹੋਏ ਇਕੋ ਸ਼ਬਦ ਵਿਚ। ਤਾਂ ਵੀਰੂ ਕਿਹਾ, ਸਾਨੂੰ ਪੁਜਾਰੀਆਂ ਤੇ ਸਿੰਘ-ਸਭੀਆਂ ਐਵੇਂ ਹੀ ਭੁਲੇਖੇ ਵਿਚ ਪਾਈ ਰਖਿਆ ਹੈ, ਕੂਕੇ ਸਿੱਖ ਨਹੀਂ। ਤੇ ਗੁਰਬਾਣੀ ਨੂੰ ਨਹੀਂ ਮੰਨਦੇ। ਅਸਲ ਗੁਰਬਾਣੀ ਦੇ ਆਸ਼ਕ ਤੇ ਗੁਰ ਨਾਨਕ ਜੀ ਦੇ ਸਿੱਖ ਹੀ ਇਹ ਹਨ, ਸ਼ਬਦ ਦੀ ਸਮਝ ਤੇ ਕਦਰ ਵਾਲੇ।

ਸ੍ਰ: ਤੇਜਾ ਸਿੰਘ ਨਾਲ ਵੀਰੂ ਬੜਾ ਸਨੇਹ ਕਰੇ ਤੇ ਸੰਤ ਲਾਲ ਸਿੰਘ ਜੀ ਅਗੇ ਭੀ ਵੀਰੂ ਅਰਜ਼

Sri Satguru Jagjit Singh Ji Elibrary NamdhariElibrary@gmail.com

ਕੀਤੀ, ਤੁਸੀਂ ਸਾਨੂੰ ਆਪਣੇ ਮੇਲਿਆਂ ਦਾ ਪਤਾ ਦਿਆ ਕਰੋ। ਸੰਤ ਜੀ ਭਾਈ ਵੀਰੂ ਨੂੰ ਕਿਹਾ, ਤੂੰ ਭੈਣੀ ਸਾਹਿਬ ਅਗੋਂ ਲਿਮਾਣੀ ਦੇ ਮੇਲੇ ਤੇ ਆਉਣਾ। ਇਸ ਲਈ ਭਾਈ ਵੀਰੂ ਤੇ ਲਾਲ ਇਸ ਨਿਮਾਣੀ ਦੇ ਮੇਲੇ ਤੇ ਆਏ ਸੀ।

ਸਤਿਗੁਰੂ ਜੀ ਦੱਸਦੇ ਸੀ, ਮੈਂ ਇਹੋ ਜਿਹੇ ਰਾਗੀਆਂ ਤੋਂ ਹੀ ਰੀਤਾਂ ਤੇ ਰਾਗ ਸੁਣੇ ਸਦਾ ਲਈ ਹਿਰਦੇ ਵਿਚ ਰੱਖੇ ਹੋਏ ਹਨ। ਕਦੀ ਦਾਅ ਲਗੇ ਹੀ ਇਹ ਭਾਈ ਵੀਰੂ ਹੋਰੀਂ ਸਤਿਗੁਰੂ ਜੀ ਦਾ ਦਰਸਨ ਮੇਲਾ ਕਰਦੇ ਤੇ ਸਬਦ ਸੁਣਾਂਦੇ ਸੀ, ਨਹੀਂ ਤੇ ਪੁਜਾਰੀ ਤੇ ਸਿੰਘ-ਸਭੀਏ ਇਹਨਾਂ ਨੂੰ ਨ ਭੈਣੀ ਸਾਹਿਬ ਆਉਣ ਦੇਂਦੇ।

ਇਹ ਸ: ਤੇਜਾ ਸਿੰਘ ਜੀ ਅੰਮ੍ਰਿਤਸਰੋਂ ਚੰਗਾ ਪੜ੍ਹ, ਫੌਜ ਰਸਾਲੇ ਨੰ: ੨ 'ਚ ੧੩ ਸਾਲ ਰਹੇ, ੬ ਸਾਲ ਸੀ. ਪੀ. ਸਾਗਰ ਸ਼ਹਿਰ, ੭ ਸਾਲ ਫਰਾਂਸ, ਰੂਸ, ਸ਼ਾਮ ਦੀ ਲੜਾਈ 'ਚ, ਫੇਰ ਪੰਜ ਸਾਲ ਜੈਕਬਾਬਾਦ, ੨੦ ਸਾਲ ਬੰਬਈ ਬਦੇਸੀ ਹੱਦ ਤੇ ਸਰਕਾਰ ਦੇਖ-ਭਾਲ ਤੇ ਨੇਕ ਜਾਣ ਲਾਏ। ਵਪਾਰੀ ਤੇ ਆਉਣ ਜਾਣ ਵਾਲੇ, ਚੋਰੀ ਮਸੂਲ ਵਾਲਾ ਮਾਲ ਲੰਘਾਦੇ ਫੜਨ ਤੇ। ਨੌਤੀ ਰਲ ਕੇ ਸਰਕਾਰ ਦਾ ਹਰਜ ਕਰਦੇ ਸੀ। ਜੈਕਬਾਬਾਦ ਵਲੋਂ ਈਰਾਨ, ਅਫਗਾਨਸਤਾਨ ਨੂੰ ਖੁਸ਼ਕੀ ਰਸਤਾ ਏ ਤੇ ਬੰਬਈ ਵਲੋਂ ਸਮੁੰਦਰੀ, ਕਰਾਚੀ ਦੇ ਸੂਬੇ ਮੰਗ ਕੇ ਲਏ ਸੀ। ਜੋ ਜੈਕਬਾਬਾਦ ਸੁਦਾਰ ਜੀ ਦੇ ਰਸੂਖ ਤੇ ਪ੍ਰਚਾਰ ਦਾ ਸਦਕਾ ਕਈ ਲੋਕ ਸਿੱਖ ਸਜੇ ਸੀ ਤੇ ਸਤਿਗੁਰੂ ਜੀ ਕਈ ਵਾਰ ਦਰਸ਼ਨ ਦਿੱਤੇ ਸੀ। ਇਹ ਹਾਲ ਉਸ ਸਮੇਂ ਜੇ ਗੁਰੂ ਲਿਖਾਇਆ ਤਾਂ ਲਿਖਾਂਗਾ।

ਮਿਰਜ਼ਾ ਹਕੀਮ ਹੈਦਰ ਬੇਗ ਦਾ ਤੇ ਸੇਠਾਂ ਦਾ ਤੇ ਜਥਿਆਂ ਤੇ ਜਾਣ ਦਾ ਤੇ ਸਤਿਗੁਰੂ ਜੀ ਦੇ ਚੋਜਾਂ ਦਾ ਸਮਾਂ। ਸੁਦਾਰ ਤੇਜਾ ਸਿੰਘ ਜੀ ਤੇ ਪ੍ਰਭਾਵ ਤੇ ਪ੍ਰਚਾਰ ਦਾ ਅਸਰ ਇਹੋ ਜਿਹਾ ਸੀ, ਜੈਕਬਾਬਾਦ ਤੇ ਬੰਬਈ।

'ਵਹਿਮੀ'

## *ਨਿਤਨੇਮ ਕੋਠੀ ਵਿਚ*

ਸਤਿਗੁਰੂ ਪਰਤਾਪ ਸਿੰਘ ਜੀ ਆਪਣਾ ਚਾਲੀ ਦਿਨਾਂ ਨਿਤਨੇਮ ਇਸ ਸਾਲ ਭੈਣੀ ਸਾਹਿਬ ਰਾਮਸਰ ਵਾਲੀ ਕੋਠੀ ਵਿਚ ਅਰੰਭਿਆ ਤੇ ਸਿਵਾਏ ਮਾਤਾ ਜਿਉਣ ਕੌਰ ਜੀ ਤੇ ਫਤਹ ਕੌਰ ਜੀ ਹੋਰ ਜਨਾਨਾ ਸਰੀਰ ਏਧਰ ਆਉਣੋਂ ਰੋਕਣ ਲਈ ਪਹਿਰਾ ਲਾਇਆ। ਸੰਤ ਆਲਾ ਸਿੰਘ ਜੀ ਸਮੇਤ ਜੱਥੇ ਸੱਦ ਸਾਥ ਰਲਾਏ। ਸੰਤ ਮੋਹਣ ਸਿੰਘ ਜੀ ਵੜਾਲੀਏ ਅਗੇ ਹੀ ਸਾਥ ਸੀ। ਅਠੀ ਪਹਿਰੀਂ ਪ੍ਰਸਾਦ ਛਕਣਾ। ਰਾਤ ਦੁੱਧ ਤੇ ਲੱਡੂ ਵੇਲੇ ਸਰਦਾਈ ਸਭ ਨੂੰ ਮਿਲਦੀ। ਪਹਿਲੋਂ ਗ੍ਰੰਥ ਸਾਹਿਬ ਦੇ ਇਕ ਦੋ ਅਖੰਡ ਪਾਠ ਟੋਰੇ ਕੋਠੀ ਵਿਚ, ਬੜੇ ਸੰਜਮ ਦਾ ਵਿਚਰਨਾ, ਬੋਲਣਾ, ਸਭ ਜੋਗ ਬਣਾਇਆ।

## *ਮੜ੍ਹੀ ਤੋਂ ਹਰਿ ਮੰਦਰ*

ਇਕ ਦਿਨ ਇਕ ਸਿੰਘ ਨੇ ਗੁਰੂ ਹਰੀ ਸਿੰਘ ਜੀ ਦੇ ਅੰਤਲੇ ਥਾਂ ਜਿਥੇ ਸਸਕਾਰ ਵਾਲੀ ਬਿਭੂਤ ਭਰੀ ਗਾਗਰ ਦਬੀ ਹੋਈ ਸੀ ਤੇ ਉਪਰ ਛੋਟਾ ਜਿਹਾ ਮੱਟ ਬਣਿਆ ਸੀ ਦੀਵਾ ਉਸ ਵਿਚ ਜਗਾਣ ਲਈ, ਕਰਤਾਰ ਸਿੰਘ ਜਲੰਧਣ ਵਾਲੇ (ਸੰਤ ਆਲਾ ਸਿੰਘ ਜੀ ਦੇ ਸੇਵਕ) ਪਾਸੋਂ ਘਿਉ ਮੰਗਿਆ ਤੇ ਉਸ ਨ ਦਿੱਤਾ ਅਤੇ ਕਿਹਾ, ਛਕਣ ਲਈ ਬੇਸ਼ਕ ਲੈ ਲੈ, ਮੈਂ ਮੜ੍ਹੀ* ਤੇ ਦੀਵਾ ਜਗਾਣ ਲਈ ਨਹੀਂ ਦੇਣਾ ਘਿਉ। ਉਹ ਮੰਗੋ

*ਸੰਤ ਮੋਹਕਮ ਸਿੰਘ ਜੀ ਕਿਹੁੰ ਦੱਸਿਆ ਹੈ ਜੋ ਸਤਿਗੁਰੂ ਜੀ ਦੇ ਜਾਮਣਾਂ ਦੀ ਸੇਵਾ ਵਾਲੇ ਹਨ ਕਿ ਬੀਬੀ ਨੈਣਾਂ ਦੀ ਭੀ ਮੜ੍ਹੀ ਬੇਲ ਬਣੀ ਹੋਈ ਸੀ ਤੇ ਦੀਵਾ ਭੀ ਮੁਕਤ ਸਿੰਘ ਕਦੀ ਕਦੀ ਜਗਾਂਦਾ ਸੀ। ਤੇ ਸਿੰਘ ਬੋਲ ਦੀ ਗੁਰੂ ਜੀ ਬਿਭੂਤੀ ਤੇ ਸਵਾਲ ਦੇ ਸਦ ਲੈਂਦੇ, ਕਈ ਸਿਰ ਭੀ ਟਿਕਾ ਕੇ ਲੰਘਦੇ ਸੀ। ਸਤਿਗੁਰੂ ਜੀ ਫਿਰ ਬੀਬੀ ਦੀ ਮੜ੍ਹੀ ਭੀ ਢਾਹ ਦਿੱਤੀ ਸੀ ਉਸੇ ਵਕਤ।'

ਉਹ ਦਏ ਨਾ, ਚੰਗਾ ਰੌਲਾ ਪਿਆ ਤਾਂ ਸਤਿਗੁਰੂ ਜੀ ਕਰਤਾਰ ਸਿੰਘ ਤੋਂ ਸਵੇਰੇ ਪੁੱਛਿਆ, ਰਾਤ ਰੌਲਾ ਕਿਹਾ ਪਿਆ ਸੀ ? ਕਰਤਾਰ ਸਿੰਘ ਦੱਸਿਆ, ਉਸ ਦੀਵੇ ਲਈ ਸਿੱਖ ਘਿਉ ਮੰਗਦਾ ਸੀ ਤੇ ਮੈਂ ਨ ਦਿੱਤਾ ਸੀ। ਹੁਣ ਸਗੋਂ ਆਪ ਦਸੋ, ਅਗੋਂ ਦਿਆਂ ਕਿ ਨਾ, ਰਾਤ ਤੇ ਨਹੀ ਦਿੱਤਾ। ਸਤਿਗੁਰੂ ਜੀ ਉੱਤਰ ਦਿੱਤਾ; ਚੰਗਾ ਹੁੰਦਾ ਜੇ ਤੂੰ ਉਹ ਮੜ੍ਹੀ ਢਾਹ ਕੇ ਮੈਨੂੰ ਪਿਛੋਂ ਪੁਛਦੋਂ, ਤੂੰ ਕਮਜ਼ੋਰ ਹੀ ਨਿਕਲਿਆ ਹੈਂ। ਤੂੰ ਨਹੀਂ ਸੁਣਿਆ, ਸਤਿਗੁਰੂ ਰਾਮ ਸਿੰਘ ਜੀ ਸਮੇਂ ਸਿੱਖ ਗੋਰਾਂ, ਮੜ੍ਹੀਆਂ ਢਾਹਦੇ ਸੀ ਭਾਵੇਂ ਸਰਕਾਰ ਸਜ਼ਾ ਭੀ ਦੇਵੇ।

ਇਹ ਬਚਨ ਕਰਦੇ ਸਤਿਗੁਰੂ ਜੀ ਪਲ ਭਰ ਚੁੱਪ ਕਰ ਝਟ ਕਿਹਾ, ਇਹ ਮੇਰੀ ਕਮਜ਼ੋਰੀ ਹੈ। ਜੇ ਮੈਂ ਆਪ ਹੀ ਅਣਝੱਕ ਨਾ ਹੋਇਆ ਤਾਂ ਤੁਸੀਂ ਕਿਵੇਂ ਹੋਵੋ ਆਖ ਕਿਹਾ, ਔਛਾ, ਹੁਣ ਜੇ ਸਤਿਗੁਰੂ ਨੂੰ ਭਾਵੇ ਮੈਂ ਅਜੇ ਫੈਸਲਾ ਤੇ ਹੌਸਲਾ ਕਰਾਂਗਾ।

ਸਤਿਗੁਰੂ ਪਰਤਾਪ ਸਿੰਘ ਜੀ ਆਪ ਕਹੀ ਫੜ ਖੜ੍ਹੇ ਤੇ ਢਾਹੁਣ ਲਗ ਪਏ ਤੇ ਦੀਵਾ ਪਰੇ ਵਗਾਇਆ। ਕਿਸੇ ਸਿੱਖ ਮਾਤਾ ਜੀ ਨੂੰ ਜਾ ਦੱਸਿਆ। ਮਾਤਾ ਜਿਉਣ ਕੌਰ ਜੀ ਆਏ ਕਿਹਾ, ਗੁਰੂ ਹਰੀ ਸਿੰਘ ਜੀ, ਆਪਣੇ ਪਿਤਾ ਦਾ ਅਸਥਾਨ ਜਾਣ ਨ ਢਾਉ। ਸਤਿਗੁਰੂ ਜੀ ਉੱਤਰ ਦਿੱਤਾ, ਮਾਤਾ ਜੀ ਮੈਂ ਗੁਰੂ ਜੀ ਦਾ ਨਿਸ਼ਾਨ ਕਾਇਮ ਕਰਨ ਲਗਾ ਹਾਂ। ਗ੍ਰੰਥ ਸਾਹਿਬ ਦਾ ਵਾਕ ਹੈ—

"ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਈ ॥"

ਤੇ ਦਸਮ ਜੀ ਦਾ ਵਾਕ ਹੈ—

"ਬ੍ਰਤਿ ਗੋਰ ਮੜੀ ਮਟ ਭੂਲ ਨ ਮਾਨੈ ॥"

ਤੇ ਸਤਿਗੁਰੂ ਰਾਮ ਸਿੰਘ ਜੀ ਬਾਬੇ ਜਮੀਤ ਸਿੰਘ ਜੀ ਨੂੰ ਗੁਰੂ ਬਾਲਕ ਸਿੰਘ ਜੀ ਦੇ ਫੁੱਲ ਲਈ ਜਾਂਦੇ ਸਮੇਂ ਕਿਹਾ ਸੀ, ਕਿਤੇ ਹੌਡੀ ਨ ਲੈ ਕੋਈ ਦੇਂਖੀਂ, ਖੜ੍ਹਿਆਂ ਤੇ ਕੁੱਤੇ ਮੁਤਦੇ ਹਨ। ਜਮੀਤ ਸਿੰਘ ਨ ਮੁੜਿਆ ਤੇ ਹੌਡੀ ਲੈ ਵੜਾ ਬਣਾਇਆ। ਮੈਂ ਕੁੱਤੇ ਮੁਤਦੇ ਦੇਖੇ ਹਨ। ਪਹਿਲੇ ਪਹਿਲ ਵਿਆਜ ਭੀ ਲੈਣੋ ਨ ਮੁੜਿਆ ਸੀ ਤੇ ਖਾਧਾ ਉਗਲਾਵੈਂਗਾ ਦਾ ਸਰਾਪ ਭੀ ਸਤਿਗੁਰੂ ਜੀ ਪਾਸੋਂ ਬਾਬੇ ਲਿਆ ਸੀ, ਪਿਛੋਂ ਹੀ ਪਰਖ ਠੀਕ ਹੋਇਆ ਸੀ। ਸਤਿਗੁਰੂ ਜੀ ਮਾਤਾ ਜੀ ਨੂੰ ਕਿਹਾ, ਤੁਸੀਂ ਜਾ ਕੇ ਲੰਗਰ ਤੇ ਡੇਰੇ ਦਾ ਖਿਆਲ ਰਖੋ ਤੇ ਆਪ ਇੱਟਾਂ ਪਰ੍ਹੇ ਬਰਨ ਲਗ ਪਏ (ਸਤਿਗੁਰੂ ਜਗਜੀਤ ਸਿੰਘ ਜੀ ਵੀ ਇਹ ਇੱਟਾ ਦੂਰ ਲਿਜਾਣ ਦਾ ਕੰਮ ਕਰਦੇ ਰਹੇ ਉਸ ਸਮੇਂ ਬਾਲ ਰੂਪ 'ਚ) ਮਾਤਾ ਜੀ ਇਹ ਕਹਿ "ਮੋਹਿਓ ਹੀ ਮੁਰਜਾਤ ਹੈ ਰਾਜਾ ਰੰਕ ਅਰ ਰਾਉ। ਗੁਰੂ *ਗੋਬਿੰਦ ਸਿੰਘ ਮੋਹਿਓ ਨ ਮੁਰੇ ਜਾਕਾ ਅਟਲ ਸੁਭਾਉ।" ਚਲੇ ਗਏ ਤੇ ਸਤਿਗੁਰੂ ਜੀ ਭਾਈ ਵਜੀਰ ਸਿੰਘ ਤੇ ਹੋਰ ਸਾਧਾਂ ਨੂੰ ਨੇੜੇ ਸੱਦ ਕਿਹਾ, ਹੁਣ ਅਰਾੜਾ ਤਾਰਾ ਲੰਘ ਗਿਆ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਰਾਤ ਦੇ ਦੀਵਾਨ ਬਾਅਦ ਸਾਧਾਂ ਨੂੰ ਦੱਸਿਆ ਇਸ ਅਸਥਾਨ ਤੇ ਗੁਰੂ ਹਰੀ ਸਿੰਘ ਜੀ ਦੇ ਨਾਮ ਪਰ ਹਰੀਮੰਦਰ ਪਾਵਾਂਗੇ, ਜਿਸ ਵਿਚ ਸਾਧ ਸੰਗਤ ਭਜਨ ਬਾਣੀ ਪਾਠ ਮੇਲੇ ਠਾਠ ਕੀਤਾ ਕਰਨਗੇ। ਇਸ ਚਾਲ੍ਹੀਏ ਦੇ ਭੋਗ ਬਾਅਦ ਸਤਿਗੁਰੂ ਜੀ ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲਿਆਂ ਤੋਂ ਅਰਦਾਸਾ ਸੁਧਾ ਹਰੀਮੰਦਰ ਦੀ ਨੀਂਹ ਰਖੀ। ਤੇ ਉਹ ਅਸਥਾਨ ਕੋਠੀ ਵਲੋਂ ਚੜ੍ਹਦੇ, ਪਹਾੜ

---

*ਮਾਤਾ ਜੀ ਇਹ ਭੀ ਕਿਹਾ ਸੀ ਇਹਨਾਂ ਦੇ ਪ੍ਰਕਾਸ਼ ਬਾਅਦ ਕਾਫੀ ਨਿਸ਼ਾਨੀਆਂ ਆਇਆਂ ਦੱਸਿਆ ਸੀ, ਦਸਮ ਜੀ ਦਾ ਇਹ ਅਵਤਾਰ ਹਨ।

ਦੀ ਨੀਂਹ ਰਖੀ। ਤੇ ਉਹ ਅਸਥਾਨ ਕੋਠੀ ਵਲੋਂ ਚੜ੍ਹਦੇ, ਪਹਾੜ ਦੀ ਗੁਠ ਵਿਚ ਲਿਆ। ਬਾਅਦ ਮੰਦਰ ਬਣਾ ਹੁਕਮ ਕੀਤਾ, ਇਸ ਥੜੇ ਤੇ ਕਦੇ ਕੋਈ ਸਿੱਖ ਚਰਨ ਧੋਤੇ ਬਿਨਾਂ ਨਾ ਚੜ੍ਹੇ। ਸੰਤ *ਮੁਹਕਮ ਸਿੰਘ ਜੀ ਗੁਰੂ ਕੇ ਸੇਵਕ ਮੈਨੂੰ ਇਹ ਸਭ ਵਾਰਤਾ ਅਖੀਂ ਵੇਖੀ ਦੱਸੀ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਪਾਸ ਮੈਂ ਅਰਜ਼ ਕੀਤੀ ਜਿਵੇਂ ਦੇ ਮੈਂ ਸੰਤ ਮੋਹਕਮ ਸਿੰਘ ਜੀ ਪਾਸੋਂ ਹਰੀਮੰਦਰ ਬਨਣ ਤੇ ਉਹ ਮੜ੍ਹੀ ਢਾਹੁਣ ਦੇ ਸਮੇਂ ਮਾਤਾ ਜੀ ਦੇ ਤੇ ਆਪ ਦੇ ਬਚਨ ਸੁਣੇ ਹਨ ਠੀਕ ਓਵੇਂ ਹੀ ਹੋਏ ਸੀ।

ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ ॥
ਤੇ ਬ੍ਰਤਿ ਗੋਰ ਮੜੀ ਮਟ ਭੂਲ ਨ ਮਾਨੈ ॥

ਆਦਿ, ਤਾਂ ਸਤਿਗੁਰੂ ਜੀ ਉੱਤਰ ਦਿੱਤਾ ਮੈਨੂੰ ਤੇ ਤੇਰੇ ਕਬਿਤ ਭੀ ਇਸ ਪਖ ਦੇ ਯਾਦ ਹਨ ਜੋ ਤੂੰ ਬਹੁਤ ਚਿਰ ਹੋਇਆ ਇਸੇ ਆਸੇ ਦੀ ਸਿਧੀ ਬਾਰੇ ਲਿਖੇ ਸੀ ਸਤਿਜੁਗ ਤੇ। ਹੋਰ ਜੋ ਸਾਖ ਸਤਿਗੁਰੂ ਜੀ ਬਾਬਤ ਜ਼ਬਾਨੀ ਸੁਣੀਦੀ ਹੈ, ਤੂੰ ਉਹਨਾਂ ਕਬਿਤਾਂ ਵਿਚ ਲਿਖੀ ਹੈ ਮੈਨੂੰ ਉਹ ਭੀ ਯਾਦ ਏ, ਜੋ ਸੰਤ ਮੰਗਲ ਸਿੰਘ ਜੀ ਨੇ ਨਿਰੰਕਾਰ ਸਿੰਘ ਜੀ ਤੋਂ ਲਾਹੌਰ ਸਤਿਜੁਗ ਹੁੰਦੇ ਸਮੇਂ ਉਸ ਤੇ ਲਿਖਾਈ ਸੀ। ਮੈਂ ਕਿਹਾ, ਉਹ ਕਿਹੜੀ ਸਾਖ ਹੈ, ਤਾਂ ਸਤਿਗੁਰੂ ਜੀ ਬਚਨ ਕੀਤਾ ਜੋ ਸਤਿਗੁਰੂ ਰਾਮ ਸਿੰਘ ਜੀ ਨੂੰ ਅਕਾਲ ਪੁਰਖ ਜੀ ਆਵਾਜ਼ਾ ਤੇ ਦਰਸਨ ਦੇ ਇਸ ਨਾਮਧਾਰੀ ਪੰਥ ਦੇ ਸਾਜਨ ਬਾਬਤ ਸਮਝਾਈ ਸੀ। ਉਹ ਤੂੰ ਆਪ ਹੀ ਲਿਖੀ ਹੈ ਸੁਣ, ਤੇ ਹੁਣ ਉਹ ਕਬਿਤ ਜੋ ਮੜ੍ਹੀਆਂ ਗਿਰਾਨ ਬਾਬਤ ਤੂੰ ਹੀ ਲਿਖਿਆ ਹੈ।

## ਮੇਰੇ ਕਬਿੱਤ ਸਤਿਗੁਰੂ ਜੀ ਸੁਣਾਏ

ਬੰਦਗੀ ਜੋਹਦ ਤਪ ਕਰਤ ਖੱਪ ਕਾਂਕਰ ਕੇ,
ਭਈ ਨਭ ਬਾਣੀ ਕਈ ਬਾਰ ਪੈ ਲਖਾਏ ਕੇ।
ਸ੍ਰੀ ਗੁਰੂ ਦਸਮ ਕੀ ਰਸਮ ਬਤਾਏ ਜਗ,
ਮਗਨ ਗੁਰਿੰਦ ਰਹੇ ਲਗਨ ਮਨ ਲਾਏ ਕੇ।
ਬਹੁਤ ਬੁਰ-ਹਾਲੀ ਹੁਏ ਸੁਚਾਲੀ ਕੇਸ ਵਾਲੀ ਤਬ,
ਸ਼ਕਲ ਦਖਾਲੀ ਅਸ ਆਹਲੀ ਸ਼ਬ ਪਾਏ ਕੇ।
ਪਾਗ ਗੋਲ ਤੋਲ ਕਰ ਕੌਂਛ ਸੂਛ ਉਨ ਮਾਲ,
ਕਹਿਯੋ ਬੋਲ ਕਰੋ ਪ੍ਰੰਨਿਰੋਲ ਸੌਚ ਤ੍ਰਾਏ ਕੇ।
ਧਰ ਕੈ ਨਗੀਨੀ ਛੀਨੀ ਹਰਕੈ ਨਬੀਨੀ ਬੁਧਿ,
ਦੀਨੀ ਮਸਕੀਨੀ ਭੀਨੀ ਕਰਿਆ ਸੁਧਾਰ ਪੰਥ।
ਜਪ ਤਪ ਸਚ ਸੁਚ ਸਬਦ ਕੀ ਮਸਤੀ ਦੈ,
ਮੜ੍ਹੀ ਗੋਰ ਗਿਰਾਯੋ ਦਸਮ ਅਵਤਾਰ ਸੰਥ।
ਸਤ ਕਰੀ ਮੜ੍ਹੀ ਗੋਰ ਬੜੀ ਗਿਰਵਾਈ ਕਹਿ,
ਹੈ ਕੁਛ ਨਾਹਿ ਬੀਚ ਭਰਮ ਕੂੜ ਕਾਰ ਔਥ।

---

*ਸੰਤ ਜੀ ਜ਼ਮੋਰ ਜ਼ਿਲ੍ਹਾ ਲਾਹੌਰ ਦੇ ਸੇਵੂ ਹਨ ਤੇ ਇਨ੍ਹੇ ਸਾਰ ਕਿਸਾਣੀ ਤੇ ਮੇਲੇ ਤੋਂ ਇਹ ਸਤਿਗੁਰੂ ਜੀ ਦੇ ਸਾਥ ਰਿਹੇ।

ਪਾਂਚ ਸਿਖ ਕਰ ਅਰਦਾਸ ਧਰੇਂ ਗਿਰੇ ਗੋਰ,
ਟੌਲ ਲਿੰਡ ਤੋੜੇ ਘਨੇ ਲਿਖੂੰ ਬਨੇ ਭਾਰ ਗ੍ਰੰਥ।

ਮੈਂ ਇਹ ਕਬਿਤ ਸੁਣ ਅਸਚਰਜ ਹੋ ਅਰਜ਼ ਕੀਤੀ ਆਪ ਧੰਨ ਹੋ ਜਿਨ੍ਹਾਂ ਇਹ ਮੇਰੇ ਕਬਿਤ ਚਿੱਤ ਵਿਚ ਵਸਾ ਚੇਤੇ ਰਖੇ ਹਨ। ਮੈਨੂੰ ਲਿਖਣ ਵਾਲੇ ਨੂੰ ਭੀ ਇਸ ਤਰ੍ਹਾਂ ਸੁਧ ਯਾਦ ਨਾ ਸੀ, ਤੇ ਅਰਜ਼ ਕੀਤੀ ਇਸ ਵਿਚ ਕੀ ਭੇਦ ਹੈ ਕਿ ਕਵੀ ਨੂੰ ਆਪਣੀ ਲਿਖੀ ਬਾਣੀ ਭੀ ਸਾਰੀ ਚੇਤੇ ਨਹੀਂ ਰਹਿੰਦੀ ਤੇ ਮਹਾਂਪੁਰਖਾਂ ਨੂੰ ਉਸ ਦਾ ਮਤਲਬ ਭੀ ਨਹੀਂ ਭੁਲਦਾ। ਤਾਂ ਸਤਿਗੁਰੂ ਜੀ ਉੱਤਰ ਦਿੱਤਾ। ਕਵੀ ਜੋ ਲਿਖਦਾ ਹੈ ਤਦੋਂ ਜੁਗ ਉਸ ਥਾਂ ਦੀ ਸੈਰ ਹੀ ਭੌਰ ਤਰ੍ਹਾਂ ਕਰਦਾ ਹੈ, ਤੇ ਠੱਕਰ ਮੰਨਣ ਵਾਲੇ ਉਸ ਥਾਂ ਦੇ ਵਾਸੀ ਹੀ ਸਦਾ ਰਹਿੰਦੇ ਹਨ ਇਸ ਲਈ ਉਹ ਨਹੀਂ ਭੁੱਲਦੇ। ਮੇਰਾ ਚੇਤਾ ਤੇ ਗੁਰੂ ਹਰੀ ਸਿੰਘ ਜੀ ਦੇ ਵਰ ਕਰ ਹੈ ਹੀ ਐਸਾ।

## ਸੂ: ਭਗਤ ਸਿੰਘ ਘਾਕੀ

ਸਤਿਗੁਰੂ ਜੀ ਦਾ ਰੇਸਾਂ ਵਿਚ ਵਾਕਫ ਬਣਿਆ ਸੀ ਸੁਦਾਰ ਸਾਮ ਸਿੰਘ ਭੁਲੇਵਾਲ ਜਿਲਾ ਅੰਮ੍ਰਿਤਸਰ ਦਾ। ਮਾਨਾਂਵਾਲੇ ਸੁਦਾਰਾਂ ਵੱਲ ਵਿਆਹਿਆ ਕਰ ਬਹੁਤ ਸਰਧਾ ਰਖਦਾ ਸੀ। ਇਕ ਘੋੜਾ ਨਾ ਚੜ੍ਹਨ ਦੇਂਦਾ ਕਰ ਭੈਣੀ ਸਾਹਿਬ ਡੇਰੇ ਨੂੰ ਅਰਦਾਸ ਕਰਾ ਦਿੱਤਾ ਉਸ। ਸਤਿਗੁਰੂ ਜੀ ਘੋੜਿਆਂ ਦੇ ਮੁਖਤਾਰ ਭਗਤ ਸਿੰਘ ਨੂੰ ਕਿਹਾ ਤੂੰ ਏਸ ਤੇ ਨਹੀਂ ਚੜ੍ਹਨਾ। ਪਰ ਭਗਤ ਸਿੰਘ ਘੋੜਾ ਫਿਰ ਸਾਂਭ ਜਾਚ ਚੜ੍ਹਨ ਲਗਾ ਤੇ ਇਕ ਰੇਸ ਵਿਚ ਦੂਜਾ ਭੀ ਜਿੱਤਿਆ। ਸੁਣ ਸਤਿਗੁਰੂ ਜੀ ਖੁਸ਼ ਨਾ ਹੋਏ ਸਗੋਂ ਕਿਹਾ, ਭਗਤ ਸਿੰਘ ਚੰਗਾ ਨਹੀਂ ਕਰਦਾ ਜੋ ਇਸ ਘੋੜੇ ਤੇ ਚੜ੍ਹਦੈ।

ਇਕ ਦਿਨ ਭਗਤ ਸਿੰਘ ਭੈਣੀ ਸਾਹਿਬ ਉਸੇ ਘੋੜੇ ਤੇ ਚੜ੍ਹਿਆ ਔਂਦਾ ਬਾਹਰੋਂ ਦੇਖ ਸਤਿਗੁਰੂ ਜੀ ਸੌਂਦਿਆ ਭਗਤ ਸਿੰਘ ਘੋੜੇ ਤੇ ਚੜ੍ਹਿਆ ਹੀ ਪਾਸ ਚਲਿਆ ਗਿਆ। ਅੱਗੇ ਇਕ ਚੁੱਕ ਸੀ ਇਕ ਹੋਰ ਕੀਤੀ। ਗੁਰੂ ਜੀ ਦੀ ਅਦਬ ਭਾਵਨਾ ਅੰਦਰ ਨਾ ਚੇਤੇ ਰਖੀ, ਘੋੜਾ ਖੂਹੇ ਉਠ ਵਗਦਾ ਵੇਖ ਉਛਲਿਆ ਤੇ ਭਗਤ ਸਿੰਘ ਪਰੇ ਜਾ ਡਿੱਗਾ ਤੇ ਬਾਂਹ ਟੁੱਟ ਗਈ। ਇਕ ਸਾਦੇ ਜਿਹੇ (ਬਗੇ) ਹਕੀਮ ਤੋਂ ਬੰਨ੍ਹਾਈ। ਨੀਮ ਹਕੀਮ ਖਤਰਾ ਜਾਨ ਵਾਲੀ ਸਗੋਂ ਗਲ ਵਰਤੀ ਦਰਦ ਵੱਧ ਗਈ, ਤਾਪ ਚੜ੍ਹਨ ਲੱਗ ਪਿਆ ਜੋ ਕਈ ਦਿਨ ਨਾ ਲੱਥਾ। ਇਕ ਰਾਤ ਸੁਾਸ ਔਣੇ ਰਹੇ ਤੇ ਮਰ ਗਿਆ। ਸੰਤਾ ਸਿੰਘ ਵਡਾਲੇ ਜੌਹਲਾਂ ਦੇ ਘੋੜੇ ਸਾਂਭਣ ਵਾਲੇ ਭੱਜ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਤੇ ਮਸਤਾਨ ਸਿੰਘ ਜੀ ਨੂੰ ਦੱਸਿਆ। ਚੱਕਰਵਰਤੀ ਜੀ ਤੁਰਤ ਆ ਅਰਦਾਸਾ ਕੀਤਾ ਤੇ ਕਿਹਾ, ਇਹ ਤੇ ਨਹੀਂ ਮਰਦਾ ਪਰ ਹੋਰ ਡੇਰੇ 'ਚੋਂ ਸਵੇਰੇ ਚੜ੍ਹੇਗਾ, ਮੈਨੂੰ ਅੰਤਰ ਆਤਮੇ 'ਚੋਂ ਅਵਾਜ਼ਾ ਆਇਆ ਹੈ। ਭਗਤ ਸਿੰਘ ਬਚ ਰਿਹਾ ਤੇ ਹੋਰ ਸਰੀਰ ਸਵੇਰੇ ਚੜ੍ਹ ਗਿਆ। ਸਤਿਗੁਰੂ ਜੀ ਅਗਲੇ ਰੋਜ਼ ਨਹਿਰ ਤੋਂ ਆਏ ਤੇ ਭਗਤ ਸਿੰਘ ਨੂੰ ਕਿਹਾ ਅੱਗੇ ਤੇ ਟੁਟੀ ਸਾਧ ਸੰਗਤ ਗੰਢ ਦਿੱਤੀ ਹੈ। ਹੁਣ ਤੂੰ ਦਿਲੋਂ ਨਰਮ ਤੇ ਸਾਧ ਸੰਗਤ ਦਾ ਅਨੁਸਾਰੀ ਹੋ ਕੇ ਰਹਿਣਾ, ਕਿਉਂਕਿ ਇਹ ਮੁਖਤਾਰੀ ਬੁਰੀ ਬੀਮਾਰੀ ਏ।

ਤਕੜੇ ਹੋਏ ਨੂੰ ਸਾਧਾਂ ਕਿਹਾ, ਭਗਤ ਸਿੰਘ ਤੂੰ ਇਸ ਘੋੜੇ ਤੇ ਨਾ ਚੜ੍ਹਨਾ ਸੀ ਤੇ ਸਤਿਗੁਰੂ ਜੀ ਪਾਸ ਉਤਰ ਕੇ ਜਾਣਾ ਸੀ। *ਭਗਤ ਸਿੰਘ ਭੁਲ ਮੰਨੀ ਤੇ ਸਾਧਾਂ ਦੀ ਮੱਤ ਪੱਲੇ ਬੰਨ੍ਹੀ। ਭਗਤ ਸਿੰਘ

*ਇਹ ਸੂ: ਭਗਤ ਸਿੰਘ ਡੋਲੇਕੇ ਜਿਲ੍ਹਾ ਗੁਰਦਾਸਪੁਰ ਦਾ ਹੁਣ ਤੱਕ ਨਵਾਂ ਜੀਵਨ ਨਗਰ ਦੇ ਨੇੜੇ ਵਸਿੰਦਾ ਹੈ। (ਚਲਾਣਾ ਕਰ ਗਿਆ ਹੈ)

ਏਕ ਸਮੇਂ ਹੋਰ ਘੋੜੀ ਤੇ ਚੜ੍ਹਿਆ ਲਾਭ ਸਿੰਘ ਫੱਤੇਵਾਲ ਜ਼ਿਲ੍ਹਾ ਸਿਆਲਕੋਟ ਵਾਲੇ ਨਾਲ ਜੁਹੇ ਫੇਰ ਨੇੜੇ ਆਏ ਘੋੜੀਆਂ ਦੁੜਾਈਆਂ, ਰੁੱਖ ਤਲੇ ਰਾਮਸਰ ਨੇੜੇ ਆ ਭਗਤ ਸਿੰਘ ਦਾ ਸਿਰ ਟਾਹਣ ਨੂੰ ਵਜਾ ਤੇ ਡਿੱਗ ਪਿਆ ਖੋਪਰੀ ਦਾ ਮਾਸ ਲੱਥ ਗਿਆ। ਇਹ ਬੇਹੋਸ਼ੀ ਵਿਚ ਪਿਆ ਕਹੀ ਜਾਵੇ ਮੇਰੇ ਸਤਿਗੁਰੂ ਜੀ ਕਿਥੇ ਹਨ। ਸਤਿਗੁਰੂ ਜੀ ਕੋਠੀ ਵਿਚੋਂ ਸੁਣ ਦੌੜੇ ਤੇ ਰਾਮਸਰ ਵਿਚੋਂ ਰੁਮਾਲ ਆਪਣਾ ਭਿਉਂ ਉਸ ਦੇ ਮੂੰਹ ਵਿਚ ਜਲ ਪਾਇਆ ਤੇ ਮਥੇ ਦਾ ਮਾਸ ਖਿੱਚ ਮੁੜ ਮਥੇ ਤੇ ਲਾ ਉਤੇ ਗਿਲਾ ਉਹੋ ਰੁਮਾਲ ਬੰਨ੍ਹ ਦਿਤਾ ਤੇ ਕੁਝ ਚਿਰ ਬੀਮਾਰ ਰਹਿ ਤਕੜਾ ਹੋਇਆ। ਇਸ ਦਾ ਨਾਮ ਸਦਾਰ ਭਗਤ ਸਿੰਘ ਪਿਆ, ਘੋੜੇ ਦੁੜਾਣੋਂ ਨਜ਼ਰ ਨਰਮ ਹੋਣ ਕਰ ਹਟਾਇਆ ਤੇ ਗੁਰੂ ਜੀ ਰੰਗੇ ਘਰ ਵਿਆਹਿਆ।

## ਸੇਠ ਦਿਆਲ ਸਿੰਘ ਜੀ

ਸੇਠ ਦਿਆਲ ਸਿੰਘ ਜੀ ਤੇ ਗੁਰਮੁਖ ਸਿੰਘ ਜੀ ਛਿਲੋਕੇ ਵਾਲਿਆਂ, ਜਿਨ੍ਹਾਂ ਸ਼ੇਖੂਪੁਰਾ ਬੇਦਾਦ ਭੀ ਖਰੀਦਿਆ, ਗੁਜਰਾਂਵਾਲੇ ਮਕਾਨ ਭੀ ਪਾਏ। ਛਿਲੋਕੀ ਪਾਠ ਭੀ ਕਰਾਏ ਤੇ ਹੋਲਾ ਭੀ ਸ਼ੇਖੂਪੁਰੇ, ਹੋਰ ਮੇਲੇ ਭੀ ਕੀਤੇ ਇਸੇ ਸਾਲ ਦੀ ਬੀਤੀ ਨਿਮਾਣੀ ਤੇ ਅਰਜ ਕਰ ਹੋਲਾ ਇਸ ਸਾਲ ਦਾ ਮੰਗ ਕੇ ਲਿਆ।

ਸਤਿਗੁਰੂ ਜੀ ਉੱਤਰ ਦਿੱਤਾ, ਸਾਥੀਆਂ ਦੇ ਸਾਂਵਿਆਂ ਨਾ ਰਹਿਣ ਦੇ ਦੁੱਖੋਂ ਇਹ ਹੋਲਾ ਅਜੇ ਕਿਸੇ ਨਾ ਮੰਗਿਆ ਸੀ ਤੇ ਮੇਰੀ ਆਪਣੇ ਵਲੋਂ ਕਰਨ ਦੀ ਸਲਾਹ ਸੀ। ਚੰਗਾ ਹੁਣ ਤੁਹਾਡਾ ਹੀ ਹੋਲਾ ਹੋਇਆ ਤਾਂ ਸੇਠਾਂ ਕਿਹਾ, ਪਦਾਰਥ ਸਾਡਾ ਹੀ ਲੱਗੇ ਤੇ ਹੋਵੇ ਹੋਲਾ ਜਿਥੇ ਆਪ ਦੀ ਰਜ਼ਾ ਹੋਵੇ। ਮੈਂ ਵਹਿਮੀ ਭੁਲਣਹਾਰ ਹੋਣ ਕਰ ਨਿਮਾਣੀ ਦੇ ਸਮੇਂ ਇਹ ਵਾਰਤਾ ਭੁੱਲ ਆਇਆ ਸਾਂ ਆਪ ਨੇ ਬਖਸ਼ਿਸ਼ ਕਰਨੀ ਅਗੋਂ ਜੋਗ।

ਸਤਿਗੁਰੂ ਜੀ ਹਰੀਮੰਦਰ ਬਣਾ ਵਿਚ ਪਾਠ ਕਰਨ ਦਾ ਹੁਕਮ ਦਿੱਤਾ ਕਿ ਜੋ ਬਿਹੰਗਮ ਸ੍ਰੀ ਭੈਣੀ ਸਾਹਿਬ ਰਵ੍ਹੇ ਉਹ ਇਸ ਮੰਦਰ ਵਿਚ ਰਹਨ, ਪੈ, ਜਦ ਭੀ ਵੇਹਲ ਲਗੇ, ਗ੍ਰੰਥ ਸਾਹਿਬ ਆਦਿ ਜਾਂ ਦਸਮ ਗ੍ਰੰਥ ਪ੍ਰਕਾਸ ਪੜ੍ਹੇ ਤੇ ਇਸ ਅਲਮਾਰੀ ਵਿਖੇ ਰਖੇ।

ਸਾਧ ਸੰਗਤ ਉਵੇਂ ਹੀ ਅਰੰਭ ਪਾਠ ਕਰਦੀ। ਸਤਿਗੁਰੂ ਜੀ ਹੋਰ ਅਬਾਦੀ ਭੀ ਰਾਮਸਰ ਦੁਆਲੇ ਵਧਾਣੀ ਸ਼ੁਰੂ ਕੀਤੀ। ਕਈ ਕੁਟੀਆਂ ਪਵਾਈਆਂ, ਘੜੇ ਬਣਾਏ, ਖੂਹੇ ਪੁਟਾਏ, ਤਬੇਲੇ ਦੁਆਲੇ ਬੋਹੜਾਂ ਤਲੇ ਘੜੇ ਬਣਾਏ। ਹੋਰ ਗਊਆਂ ਮੱਝਾਂ ਲਈ ਬਹੁਤ ਥਾਂ ਵਲਿਆ, ਛੱਤਿਆ।

## ਨਸਲ ਸੁਧਾਰ

ਡੇਰੇ ਜੋਗ ਦੁੱਧ ਘਿਉ ਦੀ ਲੋੜ ਲਈ ਆਪ ਸਾਂਭਾਂ ਕਰਨ ਦੀ ਸਲਾਹ ਬਣਾਈ ਕਿਉਂਕਿ ਆਪਣੇ ਘਰ ਬਿਨਾਂ ਖਾਲਸ ਐਸੇ ਪਦਾਰਥ ਨ ਮਿਲਦੇ ਜਾਣੇ। ਗਊਆਂ ਭਾਵੇਂ ਅਗੇ ਭੀ ਡੇਰੇ ਵਿਚ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਚੰਗੀਆਂ ਸੀ, ਪਰ ਲੋਕ ਦੁਆਲੇ ਦੇ ਪਿੰਡਾਂ ਦੇ ਰਾਮ ਛੱਡਿਆਂ ਦੀਆਂ ਗਊਆਂ ਸਮੇਤ ਸਾਨ੍ਹਾਂ ਉਜਾੜਿਆਂ ਤੋਂ ਅੱਕ ਭੈਣੀ ਸਾਹਿਬ ਦੇ ਜਾਂਦੇ ਸੀ ਤੇ ਸਾਧ ਉਹ ਕੱਠੀਆਂ ਚਾਰਦੇ ਸੀ, ਜਿਸ ਕਾਰਨ ਨਸਲ ਸੁਧਰੀ ਨ ਸੀ ਰਹਿੰਦੀ। ਸਤਿਗੁਰੂ ਜੀ ਗਊਆਂ ਮਿੰਟਗੁਮਰੀ, ਸਾਹੀਵਾਲ, ਹਿਸਾਰ, ਹਰਿਆਣਾ ਤੇ ਭੈਂਸਾਂ ਨੀਲੀ ਰਾਵੀ, ਮੁਰਹ, (ਰੋਹਤਕੀ) ਦਾ ਉਵੇਂ ਦਾ ਸਾਨ੍ਹ ਲਿਆ ਦੋਨਾਂ ਦੇ ਸਾਂਭਣੇ ਸ਼ੁਰੂ ਕੀਤੇ। ਮਾੜੀ ਨਸਲ ਲੋੜਵੰਦਾਂ ਨੂੰ ਮੰਗਿਆਂ ਮੁਫਤ ਦੇ ਮੁਕਾਣੀ ਸ਼ੁਰੂ ਕੀਤੀ ਤੇ ਚੰਗੀ ਜਿਥੋਂ ਮਿਲੇ, ਸਾਈਂ ਦਾ ਮੂੰਹ ਮੰਗਿਆ ਮੁੱਲ ਦੇ, ਲੈ ਆ ਵਧਾਣੀ ਸ਼ੁਰੂ ਕੀਤੀ। ਦੁੱਧ ਤੇ ਖੁਰਾਕ ਖਰਚ ਆਮਦਨ ਦਾ ਹਿਸਾਬ ਲਾ ਰਖਣਾ ਅਰੰਭਿਆ।

Sri Satguru Jagjit Singh Ji Elibrary NamdhariElibrary@gmail.com

ਘੋੜਿਆਂ ਦੇ ਦੇਖਣ ਨੂੰ ਬਲੋਚਸਤਾਨ ਤੇ ਅਰਬ 'ਚੋਂ ਜਾ ਲਿਆਣ ਵਾਲੇ ਲੋਕਾਂ ਨੂੰ ਮਿਲ ਖਰੀਦਣੇ, ਸਾਂਭਣੇ ਤੇ ਨਸਲ ਦੀ ਵੰਡ ਤੇ ਸਾਂਭ ਵਧਾਈ। ਹਰ ਨਸਲ ਦੀ ਪਛਾਣ ਰੱਖਦੇ ਤੇ ਸਲਾਹੁਤਾ ਕਰਦੇ। ਏਕ ਸਮੇਂ ਮੇਰੇ ਪਿੰਡ ਕਾਰ ਤੇ ਸਚੇ ਪਾਤਸਾਹ ਜਾ ਰਹੇ ਸੀ। ਇਕ ਭੈਂਸ ਚਰਦੀ ਦੇਖ ਉਸ ਦੀ ਲੰਮੀ ਧੌਣ ਦੀ ਸਿਫਤ ਕਰਦਿਆਂ ਕਿਹਾ, ਸਤਿਗੁਰੂ ਰਾਮ ਸਿੰਘ ਜੀ ਦੀ ਲੰਮੀ ਗਰਦਨ ਦੀ ਤੇ ਸੁੰਦਰਤਾ ਦੀ ਸਿਫਤ ਹੀ ਨਹੀਂ ਹੋ ਸਕਦੀ। ਪਰ ਭਾਵੇਂ ਕਿਸੇ ਦੀ ਲੰਮੀ ਧੌਣ ਹੋਵੇ, ਉਹ ਮੋਰ, ਕਬੂਤਰ ਤਰ੍ਹਾਂ ਸਭ ਨੂੰ ਮੋਹ ਲੈਣ ਵਾਲੀ ਹੁੰਦੀ ਏ।

ਸੇਖੂਪੁਰੇ ਦੇ ਜ਼ਿਲੇ ਵਿਚ ਜਿਵੇਂ ਜਵਾਨ ਆਪ ਚੰਗੇ ਉੱਚੇ, ਲੰਮੇ ਤੇ ਸੋਹਣੇ ਹੁੰਦੇ ਹਨ ਤਿਵੇਂ ਲੋਕ ਮੱਝਾਂ ਭੀ ਚੰਗੇ ਸੁਭਾ ਤੇ ਨਸਲ, ਦੁੱਧ ਵਾਲੀਆਂ ਰਖਦੇ। ਸਤਿਗੁਰੂ ਜੀ ਜਿਥੇ ਰਾਵੀ ਦੇ ਉਰਾਰ, ਪਾਰ ਸਿੱਖਾਂ ਦੇ ਪਿਆਰ ਲਈ ਫਿਰਦੇ ਰਹਿੰਦੇ। ਗਊਆਂ ਮੱਝਾਂ ਦੀਆਂ ਸੂਰਤਾਂ, ਦੁੱਧ, ਨਸਲਾਂ ਦੇ ਦੀਵਾਨੇ ਹੋਏ ਰਹਿੰਦੇ।

## *ਦੌਰਾ ਰਾਵੀਓਂ ਪਾਰ*

## *ਅਨੇਕ ਪਿੰਡਾਂ ਦੇ ਸਿੱਖਾਂ ਦੇ ਨਾਮ*

ਲਾਹੌਰੋਂ ਰਾਵੀਓਂ ਪਾਰ ਖਾਨਪੁਰ ਕੌਲੋ ਖੁਸ਼ਾਲ ਸਿੰਘ ਰਾਮਗੜ੍ਹੀਏ ਵੱਲ ਅਰਜਨ ਸਿੰਘ, ਫੌਜਾ ਸਿੰਘ ਨੰਬਰਦਾਰ, ਗਾਜ਼ੀ ਮੁਦਕੇ ਕਾਲਾ ਸਿੰਘ, ਵਰਿਆਮ ਸਿੰਘ ਤੇ ਉਹਨਾਂ ਦੇ ਪੁੱਤ੍ਰ ਦਲੀਪ ਸਿੰਘ, ਟਹਿਲ ਸਿੰਘ, ਸੇਖੂਪੁਰੇ ਜ਼ਿਲ੍ਹੇ 'ਚ ਬੁਧ ਸਿੰਘ, ਜੈਮਲ ਸਿੰਘ, ਤਾਰਾ ਸਿੰਘ, ਹਰਨਾਮ ਸਿੰਘ ਆਦਿ ਬਹੁਤ ਸਿੱਖ ਸਨ ਓਧਰ ਜਾਂਦੇ। ਕਦੀ ਬਾੜੀਆਂ ਵਾਲੇ ਬੂਟਾ ਸਿੰਘ ਉਸ ਦੇ ਪੁਤ੍ਰ ਖੜਕ ਸਿੰਘ, ਹਰੂਤ ਸਿੰਘ, ਬਿਸ਼ਨ ਸਿੰਘ, ਕਿਸ਼ਨ ਸਿੰਘ ਵਲ ਤੇ ਕਦੇ ਬੱਲ੍ਹੜਕੇ ਨੰਦ ਸਿੰਘ ਸੁਨਿਆਰ ਵੱਲ ਕਦੇ ਛੰਡੀ ਵਧਾਵਾ ਸਿੰਘ, ਲਾਲ ਸਿੰਘ, ਦਲੀਪ ਸਿੰਘ ਕੋਬੇ ਸਿੰਘਾਂ ਵੱਲ। ਕਦੇ ਪੰਜਹਾਤੀ ਵਰਿਆਮ ਸਿੰਘ ਵੱਲ, ਕਦੇ ਮਾਨਾਂਵਾਲੇ ਸ੍ਰ: ਸੁੰਦਰ ਸਿੰਘ, ਭਗਵਾਨ ਸਿੰਘ ਹੋਰਾਂ ਵਲ, ਕਦੇ ਕੌਂਟਿਆਂ ਵਾਲੀ ਸੰਤ ਬਹਾਦਰ ਸਿੰਘ ਜੀ ਦੇ ਪ੍ਰਵਾਰ ਵਲ ਮੁਹਾਰਾਂ ਮੋੜਦੇ, ਪਰ ਸਭ ਸਿੱਖਾਂ ਨੂੰ ਇਹੋ ਉਪਦੇਸ਼ ਦੇਂਦੇ ਆਪ ਭੀ ਚੰਗੇ ਪਸ਼ੂ ਦੁਧਾਲੂ ਰਖੋ ਤੇ ਸਾਨੂੰ ਜਿਥੋਂ ਚੰਗਾ ਮਿਲੇ, ਲੈ ਘਲੋ ਜਾਂ ਦੱਸ ਪਾਉ। ਮਨ ਪਸੰਦ ਮਾਲ ਦੀ ਕੀਮਤ ਦਾ ਖਿਆਲ ਨ ਕਰਨਾ। ਜੋ ਸਾਈਂ ਮੰਗੇ ਉਸ ਦੇ ਅਗੇ ਕੱਢ ਧਰਨਾ। ਕਹਿੰਦੇ ਭੀ, ਕਰਦੇ ਭੀ।

ਸਤਿਗੁਰੂ ਜੀ ਕਦੇ ਨਨਕਾਣੇ ਤੋਂ ੧੦੯ ਚੱਕ ਚੌਧਰੀ ਜੈਮਲ ਸਿੰਘ, ਕੇਸਰ ਸਿੰਘ ਜੀ ਵੱਲ ੨–੩ ਚੱਕ ਅਗੇ ਲਾਇਲਪੁਰ ਵਿਚ, ਰਤੇ ਚੋਏ, ਬੂਰ-ਮਾਜਰੇ, ੧੯ ਚੱਕ ਸ੍ਰ: ਅਰਬੇਲ ਸਿੰਘ ਵੱਲ, ੭੨ ਚੱਕ ਛੰਨੀਆਂ, ਮਾਨਪੁਰ, ੨੭੧ ਚੱਕ ਕਿਸ਼ਨ ਸਿੰਘ, ਸ਼ਾਮ ਸਿੰਘ, ਹਰਨਾਮ ਸਿੰਘ, ਤੰਤੌਲਿਆਂ ਵਾਲੀ ਜਗ੍ਹਾ ਦੇ, ਕਰੜੀ ਮਾਨ ਸਿੰਘ, ਮੇਵਾ ਸਿੰਘ, ਆਸਾ ਸਿੰਘ ਵੱਲ, ਰੀਗਾ ਸਿੰਘ ਵਾਲੇ ਟਹਿਲ ਸਿੰਘ, ਬਖਸ਼ੀਸ਼ ਸਿੰਘ, ਘਣੀਏ ਕੇ ਅਮਰ ਸਿੰਘ, ਲਾਭ ਸਿੰਘ, ਚਹਿਲ ਪਧਰੀ ਨਰਾਇਣ ਸਿੰਘ ਤੇ ਉਸ ਦੇ ਪੁੱਤ੍ਰ ਹਰਨਾਮ ਸਿੰਘ, ਕਰਤਾਰ ਸਿੰਘ, ਖਜਾਨ ਸਿੰਘ, ਘੰਤਾ ਸਿੰਘ ਵੱਲ, ਸੀਹੋਵਾਲ ਸਰਧਾ ਸਿੰਘ, ਟੋਭਾ ਟੇਕ ਸਿੰਘ ਤੋਂ ਪਰਤ ਪੇਡੇ ਸੁਰੈਣ ਸਿੰਘ, ਕਿਆਮ ਪੁਰ ਬਿਸ਼ਨ ਸਿੰਘ, ਪ੍ਰਤਾਪ ਸਿੰਘ ਵਲੋਂ ਹੋ ਪਿੱਛੇ ਨੂੰ ਪਰਤਦੇ—੧੪ ਚੱਕ ੩੦੧ ਚੱਕ ਕਿਸ਼ਨ ਸਿੰਘ ਗੋਜਰੇ ਵਹੀਲੇ, ਰਾਮ ਸਿੰਘ, ਲਛਮਣ ਸਿੰਘ, ਚੋਖਲੀ ਸੰਤਾ ਸਿੰਘ, ਲਹਿਲੀਆਂ ਸ਼ਾਮ ਸਿੰਘ, ਭੁੰਡਾਲੇ ਘਸੀਟਾ ਸਿੰਘ, ਮਾਸਟਰ ਬਲਵੰਤ ਸਿੰਘ, ਤੇਜਾ ਸਿੰਘ, ਅਫਰ ਸਿੰਘ, ਵਡੇ ਖਿਆਲੇ, ਸੁਦਾਗਰ

ਸਿੰਘ, ਮੰਗਲ ਸਿੰਘ, ਭਾਨ ਸਿੰਘ, ਨਿੱਕੇ ਖਿਆਲੇ ਭਗਤ ਸਿੰਘ, ਹਜ਼ਾਰਾ ਸਿੰਘ, ੩੦ ਚੱਕ ਜ਼ੈਲਦਾਰ, ਢੋਟੀਆਂ ਗੁਰਚਰਨ ਸਿੰਘ ਤੇ ਉਸ ਦੇ ਪੁੱਤ੍ਰ ਸਾਧੂ ਸਿੰਘ, ਤਾਰਾ ਸਿੰਘ, ਮਹੰਤ ਸੁਰੈਣ ਸਿੰਘ, ਸੰਤ ਮੰਗਲ ਸਿੰਘ ਜੀ, ਅਰਜਨ ਸਿੰਘ, ਲਾਭ ਸਿੰਘ ਪੀਰ, ਢੋਟੀਆਂ ਤੋਂ ਚਣਘੋਟ ਝਨਾਊ ਪਾਰ ੪੫ ਚੱਕ, ਬੁਢਾ ਸਿੰਘ ੧੦੧, ਨਰੈਣ ਸਿੰਘ ੯ ਚੱਕ, ਸੁੰਦਰ ਸਿੰਘ ੯੫ ਚੱਕ, ਚਰਨ ਸਿੰਘ ਚੰਦੇਵਾਲੀਆ। ਸਰਗੋਧੇ ਸ਼ਹਿਰ ਵਿਚ ਜੈਮਲ ਸਿੰਘ, ਗੁਲਾਬ ਸਿੰਘ ਆਦਿ ਬਹੁਤ ਸਿੱਖ ਸਨ। ੩੫ ਚੱਕ ਦਲੀਪ ਸਿੰਘ ਵਲੋਂ ਹੋ ਭੱਟੀਆਂ ਦੇ ਪਤਨੋਂ ਲੰਘ ਸ਼ੇਖੂਪੁਰੇ ਦੇ ਜ਼ਿਲ੍ਹੇ ਵਿਚ ਆਉਂਦੇ।

ਸਰਗੋਧੇ ੧੦੧ ਚੱਕ ਫੌਜਾ ਸਿੰਘ, ਕਰਤਾਰ ਸਿੰਘ, ਭਗਵਾਨ ਸਿੰਘ, ਨਰੈਣ ਸਿੰਘ ਦੇ ਪੁੱਤ੍ਰ ੯੦ ਚੱਕ ਸੁੰਦਰ ਸਿੰਘ, ੮੫ ਚੱਕ ਮਲੂਕ ਸਿੰਘ, ਜਗਤ ਸਿੰਘ, ੭ ਚੱਕ ਢਿਲੋਂਕਿਆਂ ਵਾਲੇ, ਇੰਦਰ ਸਿੰਘ ਆਦਿ, ੭੫ ਚੱਕ ਮਘਰ ਸਿੰਘ, ਬੰਤਾ ਸਿੰਘ, ਬੁੱਢਾ ਸਿੰਘ ਅਫਲਾਤੂਨ, ੪੬ ਚੱਕ ਭਗਤ ਸਿੰਘ, ਜੋਧਪੁਰੀ ਈਸਰ ਸਿੰਘ, ਢੋਟੀਆਂ ਤੋਂ ਹੁੰਦੇ ਚੂਨੇਂ ਸੋਹਣ ਸਿੰਘ, ਦੂਲਾ ਸਿੰਘ, ਬਹਾਦਰ ਸਿੰਘ ਵਲੋਂ ਭੂਪਾਲ ਵਾਲੇ ਰਘਬਾ ਸਿੰਘ, ਭੁਲੇਰ ਗੰਡਾ ਸਿੰਘ, ਸੁੰਦਰ ਸਿੰਘ, ਗਿੱਲੀ ਪੁੱਜਦੇ, ਠੇਠਰਕੇ ਮਹਿੰਮਦ ਵਾਲੀ ਜਗਤ ਸਿੰਘ, ਨਰੈਣ ਸਿੰਘ, ਝੰਡਾ ਸਿੰਘ ਵਲੋਂ ਘਣੀਸ਼ਾਮ, ਸ਼ਰਮ ਸਿੰਘ, ਲਹਿਣਾ ਸਿੰਘ ਵਲੋਂ ਹੁੰਦੇ ਵਰਨੀ ਸ਼ੇਖੂਪੁਰੇ ਜ਼ਿਲ੍ਹੇ ਵਿਚ ਆਉਂਦੇ।

ਕਦੀ ਨਨਕਾਣੇ ਤੋਂ ੯ ਚੱਕ ਸ਼ਬਰੀ, ਕਟਿਆਂ ਵਾਲੀ, ਰਤੇ ਚੋਏ, ੧੮-੧੯-੨੦ ਚੱਕ ਤੋਂ ਸਰਹਾਲੀ ਫੰਨੀਆਂ, ਈਸਰ ਸਿੰਘ, ਕਰਤਾਰ ਸਿੰਘ, ਝੰਡਾ ਸਿੰਘ ਵਲੋਂ ਗੰਗਾ ਸਿੰਘ ਵਾਲੇ ਨਾਰੋਵਾਲ, ਝਕੋਲਿਆਂ ਵਾਲੀ ਮਹੰਤ ਕਿਸ਼ਨ ਸਿੰਘ, ਬੁਜਿਆਂ ਵਾਲੀ ਸੰਤ ਭਾਨ ਸਿੰਘ ਮਿੰਟਗੁਮਰੀ ਗਨੇਸ਼ਾ ਸਿੰਘ, ਟੇਕ ਸਿੰਘ ਆਦਿ ਵੱਲ।

ਕਦੀ ਨਨਕਾਣਿਓਂ ੧੯ ਚੱਕ ਦੁਗੀਰ ਅਤਰ ਸਿੰਘ ਲਾਲੇ ਵਲੋਂ ਤੇ ਈਸਰ ਸਿੰਘ ਵਲੋਂ ੧੫ ਚੱਕ ਸਮਸੇ ਜਵਾਲਾ ਸਿੰਘ ਤੇ ਧਰਮ-ਕੌਰ ਉਸ ਦੀ ਸੁਪਤਨੀ ਗਿੱਲ ਵੱਲ ਕਈ ਕਈ ਦਿਨ ਰਹਿੰਦੇ।

ਮਾਨਾਂ-ਵਾਲੇ ਦੇ ਦਵਾਲੇ ਚੱਕ ਕੋਰਾਂ ਨਟਿਆਂ 'ਚ ਸਿੱਖਾਂ ਦੇ ਵੱਲ ਉਤਾਰੇ ਕਰਦੇ। ਹੇਅਰ, ਗੁਰਾਏਵਾਲਾ, ਹਾਥੀਆਣਾ, ਦੀਵਾਨ ਵਾਲਾ ਲੱਡੇ ਦਾ ਹਾਤਾ, ਰੋੜਾਂ ਵਾਲੀ, ਸੰਤਾਂ ਵਾਲੀ, ਦੁਆਬੀਆਂ ਵਾਲੇ ਠੱਟੇ ਆਦਿ ਵਿਚ ਕੰਬੋਆਂ, ਸੈਣੀਆਂ ਸਿੱਖਾਂ ਵਲ ਦਰਸਨ ਦੇਂਦੇ। ਕੋਟਵਾਰ ਦੇ ਨਾਲ ਕੋਟਲਾ ਸ਼ਾਮ ਸਿੰਘ, ਸੁੰਦਰ ਸਿੰਘ ਦੀ ਕੋਰ, ਗੁਰਦਿਤ ਸਿੰਘ ਦੀ ਕੋਰ, ਰਘਬੀਰ ਸਿੰਘ ਦੀ ਕੋਰ ਹੀਰਾ ਸਿੰਘ ਦੀ, ਮਾਨਾਂਵਾਲਿਓਂ ਚੜ੍ਹਦੇ ਲਹਿੰਦੇ ਸਿੱਖਾਂ ਦੇ ਪਿਆਰ ਤੇ ਅਰਜ਼ਾਂ ਨੂੰ, ਤੇ ਗਊਆਂ, ਮੱਝਾਂ, ਘੋੜੀਆਂ ਦੀ ਗਰਜ ਨੂੰ ਦਰਸਨ ਦੇਂਦੇ। ਕਦੇ ਕਿਸੇ ਤਰਫੋਂ, ਕਦੇ ਕਿਸੇ ਤਰਫੋਂ ਟੁਰਦੇ ਸਿੱਖਾਂ ਵਲ ਘੋੜੇ ਭੀ ਸਾਂਭਣ ਨੂੰ ਖਲ੍ਹਾਰੇ ਹੁੰਦੇ ਸੀ। ਪੰਥਕ ਪ੍ਰਚਾਰ ਤੇ ਸਿੱਖਾਂ ਦਾ ਪਿਆਰ ਤੇ ਆਪਣਾ ਆਹਰ ਆਦਿ ਸਦਾ ਬਰਕਰਾਰ ਰਖਦੇ।

ਕਦੀ ਗਿੱਲਾਂ ਤੋਂ ਵਡੀ ਮੰਜ਼ਲ ਗੱਡੀ ਰਸਤੇ ਕੁਝ ਪੈਦਲ ਚੂਹੜਕਾਣੇ ਮੰਡੀ ਆ ਉਤਰ ਬੁਧ ਸਿੰਘ ਬਜਾਜ ਤੇ ਉਸ ਦੀ ਸੁਪਤਨੀ ਸਾਹਿਬ ਕੌਰ ਤੇ ਭੈਣ ਮੇਲੋ ਜੋ ਵਿਧਵਾ ਬੀਬੀਆਂ ਪਰ੍ਹਾ ਦਿਨ ਕਟਦੀ ਪੁੱਤ੍ਰ ਪਾਲਦੀ ਵਲ ਦਰਸਨ ਆ ਦੇਂਦੇ। ਮੁਰੀਦਕਿਆਂ 'ਚੋਂ ਹੁੰਦੇ ਵਰਨੀ-ਚਕਿਆਂ ਦੇ ਡੇਰੇ ਮਹੰਤਾਂ ਤੇ ਉਹਨਾਂ ਮਹੰਤਾਂ ਦੀ ਮਾਤਾ ਕੋਰੋਟਾਣੀ ਦੇ ਪ੍ਰੇਮ ਵੱਸ ਹੋਏ ਵਡੀ ਮਜ਼ਲ ਘੋੜਿਆਂ ਦੀ ਕਰ ਭੀ ਔਂਦੇ।

ਮੈਂ ਇਕ ਇਕ ਸਾਧ ਦੀ ਇਕ ਇਕ ਸਾਖੀ ਸਿੱਖਿਆ ਤੇ ਗੁਰਮਤ ਰੂਪੀ, ਜੋ ਆਪਣੀ ਬੁੱਧ

Sri Satguru Jagjit Singh Ji Elibrary NamdhariElibrary@gmail.com

ਅਨੁਸਾਰ ਭੀ ਸੁਣੀ ਲਿਖਾਂ ਤਾਂ ਵੱਖ ਵੱਖ ਪੋਥੀ ਬਣੇ, ਜੇ ਗੁਰੂ ਜੀ ਇਹ ਸੇਵਾ ਮੈਥੋਂ ਕਰਾਈ ਤਾਂ ਸਮੇਂ ਸਮੇਂ ਥੋੜਾ ਥੋੜਾ ਗੁਣ ਲਿਖ ਖਿਮਾਂ ਮੰਗਾਂਗਾ। ਹੁਣ ਇਥੇ ਇਹ ਹੀ ਠੀਕ ਜਾਣ ਇਹ ਅੱਖਰੇ ਬੜੇ ਸੰਕੋਚ ਨਾਲ ਦੇ, ਸਮਰੱਥ ਸਤਿਗੁਰੂ ਜੀ ਦੇ ਇਤਿਹਾਸ ਵਲ ਮੁੜਦਾ ਹਾਂ।

ਮੈਂ ਅਲਪੱਗ ਬੁਧੀ-ਜੀਵ ਹਾਂ ਤੇ ਗੁਰਸਿੱਖੀ ਬੇਅੰਤ ਹੈ। ਜਿਸ ਦੀ ਬਾਬਤ ਭਾਈ ਗੁਰਦਾਸ ਜੀ ਭੀ ਲਿਖਿਆ ਹੈ :—

ਲੱਖ ਭਗਤ ਜਗਤਿ ਵਿਚਿ ਲਿਖ ਨ ਗਏ ਗੁਰੁਸਿਖੀ ਟੇਵਾ।
ਦਸ ਅਉਤਾਰ ਨ ਸਿਖਿਆ ਗੀਤਾ ਗੋਸਟਿ ਅਲਖ ਅਭੇਵਾ।

ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਇਹਨਾਂ ਤੁਕਾਂ ਦਾ ਅਰਥ ਇਹ ਕੀਤਾ ਕਰਦੇ ਸੀ। ਕਿ ਕਿਸੇ ਤੋਂ ਗੁਰਸਿੱਖੀ ਦਾ ਪੱਕਾ ਟੇਵਾ ਪਤਾ—ਨਿਸਚੇ ਨਿਸ਼ਾਨ ਨਹੀਂ ਲੱਗਾ। ਗੀਤਾ ਤੇ ਹੋਰ ਗੋਸਟਾਂ ਵਿਚ ਭੀ ਇਸ ਗੁਰਸਿੱਖੀ ਮਾਰਗ ਨੂੰ ਅਲੱਖ ਅਭੇਵਾ ਹੀ ਕਿਹਾ ਹੈ। ਜੋ ਕਹਿੰਦਾ ਹੈ ਆਹ ਹੱਦ ਹੈ ਇਸ ਬਾਰੇ ਠੀਕ ਨਹੀਂ, ਮੈਂ ਭੀ ਇਹੋ ਅਰਥ ਅੰਦਰ ਵਸਾ ਗੁਰਸਿੱਖਾਂ ਵਲੋਂ ਖਿਮਾਂ ਦਾ ਜਾਚਕ ਹਾਂ।

ਜਿਵੇਂ ਫੀਰੋਜ਼ਪੁਰ ਦੇ ਜ਼ਿਲ੍ਹੇ ਗੁਰੂਸਰ ਜਲੰਧਰ 'ਚ ਪਧਾਣਾ ਤੇ ਮੁਠੱਡੇ ਅੰਮ੍ਰਿਤਸਰ 'ਚ ਸਰਹਾਲੀ, ਭੈਣੀ ਵਾਲੀ, ਲਾਹੌਰ ਜ਼ਿਲੇ 'ਚ ਰਾਜੇਜੰਗ, ਮਹਾਰੀ, ਡੱਫਰਕੇ, ਮਾਂਗਾ, ਖਿਆਲੀ, ਗੁਜਰਾਂਵਾਲਾ 'ਚ ਸਮਸਾ ਮਦਾਰ ਲਾਲੇਪੁਰ ਸੀ ਜਿਵੇਂ ਸ਼ੇਖੂਪੁਰੇ 'ਚ ਵਰਨ ਸੀ ਗੁਰੂ ਕੀ ਕਾਂਸੀ ਤੇ ਜਿਵੇਂ ਨਨਕਾਣੇ ਨੇੜੇ ਚੱਬਰ ਤਿਵੇਂ ਲਾਇਲਪੁਰ ਦੇ ਜ਼ਿਲ੍ਹੇ ਵਿਚ ਢੋਟੀਆਂ ਸੀ ਜਾਂ ਸਦੋਵਾਲਾ। ਜਿਥੇ ਸਤਿਗੁਰੂ ਜੀ ਏਧਰੋਂ ਉਧਰੋਂ ਔਣ ਦਾ ਆਮ ਉਤਾਰਾ ਰਖਦੇ ਸੀ। ਢੋਟੀਆਂ ਵਿਚ ਰੱਸਾ ਖਿੱਚਣ ਵਾਲੇ ਜਵਾਨ ਤੇ ਸੇਵਾ, ਸਰਧਾ, ਸਿਦਕ ਵਾਲੇ ਸਿੱਖ ਬਹੁਤ ਸੀ ਗਿੱਲਾਂ ਵਾਂਗੂ। ਰੱਸਾ ਖਿੱਚਣ ਵਾਲੇ ਹੈ ਤੇ ੩੦ ਕੁ ਸਨ ਪਰ ੧੨–੧੪ ਤਾਂ ਇਕ ਨੰਬਰ ਸੀ ਤੇ ਸਰਧਾ ਵਾਲੇ ਸਾਰੇ ਘਰ ਹੀ ਸੀ, ਪਰ ਇਕ ਦੋ ਘਰ ਮਹੰਤ ਸੁਰੈਣ ਸਿੰਘ ਜੀ ਜਿਨ੍ਹਾਂ ਨੂੰ ਭਜਨ ਦੌਲਤ ਦਾ ਭੀ ਦੁਆਲੇ ਦੇ ਨਗਰਾਂ ਵਿਚ ਹੁਕਮ ਸੀ ਤੇ ਸੰਤ ਮੰਗਲ ਸਿੰਘ ਜੀ ਅਜਿਹੇ ਸਿੰਘ ਸੀ, ਜਿਨ੍ਹਾਂ ਪਿਛੇ ਸਾਰੇ ਨਗਰ ਤੇ ਕਈ ਨੇੜੇ ਦੇ ਨਗਰਾਂ ਨੂੰ ਭੀ ਸਤਿਗੁਰੂ ਜੀ ਦੇ ਦਰਸਨ ਦਾ ਸੁਭਾਗ ਪ੍ਰਾਪਤ ਬਹੁਤ ਵਾਰੀ ਹੋਇਆ ਕਰਦਾ ਸੀ।

## *ਸੰਤ ਮੰਗਲ ਸਿੰਘ ਜੀ ਢੋਟੀਆਂ*

ਸੰਤ ਮੰਗਲ ਸਿੰਘ ਜੀ ਆਪਣੇ ਘਰ* ਵਿਚ ਹੀ ਵਖਰਾ ਅਸਥਾਨ ਸੋਹਣਾ ਸਮੇਤ ਖੂਹੇ ਸਫਾਈ ਦੇ ਸਤਿਗੁਰੂ ਜੀ ਨਮਿਤ ਹੀ ਰਖਦੇ। ਜੋੜਾ, ਹੁੱਕਾ, ਮੁਸਲਮਾਨ ਮਰੂਬੀ ਉਸ ਅੰਦਰ 'ਚ ਮੁਸ਼ਕ ਮੰਦੀ ਨਾ ਜਾਣ ਦੇਂਦੇ ਤੇ ਸਤਿਗੁਰੂ ਜੀ ਦੇ ਆਇਆਂ ਮੰਜੇ ਨਵਾਰੀ ਪਰ ਚੰਦੋਆ ਤਾਣ ਦੇਂਦੇ। ਉਹ ਮੰਜਾ ਹੋਰ ਕਿਸੇ ਨੂੰ ਕਦੇ ਨਾ ਲੈਣ ਦੇਂਦੇ। ਜਦ ਪਤਾ ਲਗੇ ਸਤਿਗੁਰੂ ਜੀ ਔਣਾ ਹੈ ਦੂਰ ਦੂਰ ਹੱਥੀਂ ਝਾੜੂ ਸਫਾਈ ਕਰ ਕਰਾ ਜਲ ਛੌਂਕਦੇ ਤੇ ਨਗਰ ਵਿਚ ਹੋਕਾ ਫਿਰਾ ਦੇਂਦੇ ਜੇ ਕੋਈ ਨਾ ਹੋਕੇ ਵਾਲਾ ਮਿਲਦਾ ਆਪ ਪੀਪਾ ਵਜਾ ਉਚੀ ਜਗ੍ਹਾ ਚੜ੍ਹ ਹੋਕਾ ਦੇਂਦੇ। ਸਭ ਕੰਮ ਠੱਪ ਪੁੱਤ੍ਰਾਂ ਤੇ ਕਾਮਿਆਂ ਨੂੰ ਕਹਿੰਦੇ ਦਰਸਨ ਤੇ ਨਮਸਕਾਰ ਕਰ ਕਾਰੇ ਲਗਿਆ ਜੇ ਭੁੰਜੇ ਉਚਰ ਪੈਰ ਹੀ ਨਾ ਪੈਂਦਾ, ਚਾ ਨਾਲ ਔਂਤੀ, ਘੁੱਕੀ ਫਿਰਦੇ। ਸਤਿਗੁਰੂ ਜੀ ਤੋਂ ਵਾਰਨੇ ਫੇਰਨੇ ਹੀ ਕਰਦੇ ਰਹਿੰਦੇ, ਘਰ ਦਾ ਖਿਆਲ ਉਚਰ ਕੁੱਝ ਨਾ ਕਰਦੇ। ਚਿਤ ਤੇ ਹੱਥ ਸੇਵਾ ਵਿਚ ਰੁੱਝੇ ਰਹਿੰਦੇ। ਵਿੱਦਿਆ ਕਰਨ

*ਘਰ ਵਿਚ ਹੀ ਖੂਹੀ ਤੇ ਤਬੇਲਾ ਕਬੂ ਦੇ ਘੋੜਿਆਂ ਲਈ ਬਣਾਇਆ ਹੋਇਆ ਸੀ ਸੰਤ ਜੀ।

ਵੇਲੇ ੭ ਮੀਲ ਨਹਿਰ ਵਾਲੇ ਬੰਗਲੇ ਤਕ ਕਦੇ ੧੦ ਮੀਲ ਪੱਕੀ ਸੜਕੇ ਲਾਇਲਪੁਰ ਤੋਂ ਹੀ ਜਾ ਮੁੜਦੇ। ਸਤਿਗੁਰੂ ਜੀ ਭੀ ਇਹਨਾਂ ਦੇ ਘਰ ਨੂੰ ਆਪਣਾ ਘਰ ਹੀ ਸਮਝਦੇ ਤੇ ਕਈ ਵਾਰੀ ਆ ਕਹਿੰਦੇ ਅੱਜ ਦੂਰੋਂ ਧਾਰੀ ਸੀ ਆਪਣੇ ਘਰ ਹੀ ਜਾ ਰਾਤ ਰਹਿਣਾ ਤੇ ਬਹਿਣਾ ਏ।

ਸੰਤ ਮੰਗਲ ਸਿੰਘ ਜੀ ਦੇ ਘਰੋਂ ਹਰਨਾਮ ਕੌਰ ਭੀ ਬੜੇ ਸਿੱਖੀ ਪ੍ਰੇਮ ਵਾਲੀ ਸੀ। ਸਤਿਗੁਰੂ ਜੀ ਇਸ ਨੂੰ ਬੇਬੇ ਹੀ ਕਿਹਾ ਕਰਦੇ ਸੀ। ਇਸ ਦੇ ਮਨ ਵਿਚ ਏਕ ਸਮੇਂ ਆਈ ਜਿਵੇਂ ਬੇਬੇ ਆਖਦੇ ਹਨ ਕਦੇ ਬੇਬੇ ਆਖ ਆਪ ਕੋਲ ਬਹਿ ਮੇਰੇ ਕੋਲੋਂ ਕੋਈ ਪਦਾਰਥ ਮੰਗ ਭੀ ਛਕਣ ਤਾਂ ਮੰਨਾ ਸੱਚੇ ਦਿਲੋਂ ਬੇਬੇ ਆਖਦੇ [illegible]

## ਰੋੜੀ ਲੱਸੀ

ਸਤਿਗੁਰੂ ਜੀ ਇਕ ਦਿਨ ਸਵੇਰੇ ਸੰਤ ਜੀ ਤੋਂ ਪੁੱਛ ਲੱਸੀ ਬਣੀ ਹੈ ? ਹਰਨਾਮ ਕੌਰ ਪਾਸ ਜਾ ਕਿਹਾ ਬੇਬੇ ਲੱਸੀ ਛਕਾ। ਬਿਦਰ ਦੀ ਇਸਤ੍ਰੀ ਤਰ੍ਹਾਂ ਬੇਬੇ ਨੂੰ ਹੱਥ ਪੈਰ ਪੈ ਗਏ ਤੇ ਕਾਹਲ੍ਹ ਨਾਲ ਲੱਸੀ ਛਕਾ ਦਿੱਤੀ। ਸਤਿਗੁਰੂ ਜੀ ਲੱਸੀ ਛਕ ਕੋਲ ਬੈਠਿਆਂ ਕਿਹਾ ਬੇਬੇ ਮੇਰੀ ਤੇ ਕੋਈ ਗੱਲ ਨਹੀਂ ਪਰ ਸਾਧਾਂ ਨੂੰ ਮਖਣੋਂ ਬਿਨਾਂ ਹੀ ਰੋੜੀ ਲੱਸੀ ਨਹੀਂ ਛਕਾਈਦੀ। ਮੈਂ ਜਾਣਿਆਂ ਹੈ ਜਦ ਮੈਨੂੰ ਇਸ ਤਰ੍ਹਾਂ ਦੀ ਮਿਲੀ ਹੈ ਤਾਂ ਸਾਧਾਂ ਨੂੰ ਭੀ ਇਵੇਂ ਹੀ ਮਿਲਦੀ ਹੋਵੇਗੀ ਬੇਬੇ ਸਤਿ ਬਚਨ ਕੀਤਾ। ਮੈਂ ਹੁਣ ਇਸ ਮਾਤਾ ਨੂੰ ਜੀਵਨ ਨਗਰ ਵੇਖਿਆ ਹੈ ਇਹ ਉਸੇ ਸੁਭਾ ਵਿਚ ਵਰਤਦੀ ਹੈ।

ਸਤਿਗੁਰੂ ਜੀ ਏਕ ਸਮੇਂ ਗੰਦਲਾਂ ਦਾ ਸਾਗ ਬਣਿਆ ਦੇਖ ਮਕੀ ਦੇ ਪ੍ਰਸ਼ਾਦੇ ਬੇਬੇ ਤੋਂ ਕੋਲ ਬਹਿ ਪਕਵਾਏ ਤੇ ਸੰਤ ਜੀ ਹੱਥੀਂ ਛਕਾਂਦੇ ਰਹੇ। ਸੰਤ ਜੀ ਸਤਿਗੁਰੂ ਜੀ ਨਾਲ ਧਾਨੀ ਬਿਰਤੀ ਹੁੰਦਿਆਂ ਮਸਤਾਨਿਆਂ ਵਾਂਗੂ ਵਰਤਦੇ ਸੀ। ਏਕ ਸਮੇਂ ਸੰਤ ਜੀ ਝੂੰਬਰੇ ਮੰਡੀ ੧੨ ਕੋਹਾਂ ਤੇ ਜਾ ੯੦੦) ਦਾ ਨਰਮਾ ਵੇਚਿਆ ਸਤਿਗੁਰੂ ਜੀ ਅਚਾਨਕ ਆਏ ਦੇਖ ਸੰਤ ਜੀ ਨੂੰ ਚਾ ਚੜ੍ਹ ਗਿਆ ਤਾਂ ਹੱਥ ਜੋੜ ਸਤਿਗੁਰੂ ਜੀ ਅਗੇ ਅਰਜ਼ ਕੀਤੀਓ ਨੇ ਸੱਚੇ ਪਾਤਸ਼ਾਹ ! ਇਹ ਰਕਮ ਆਪ ਰਖੋ ਮੇਰੀ ਸੁਰਤ ਇਸ ਨੂੰ ਸਾਂਭਣ ਵੱਲ ਜਾ, ਸੇਵਾ ਭਜਨ ਦੇ ਸੁਆਦ ਵਿਚ ਵਿਘਨ ਪੈਂਦੇ, ਜੇ ਹਰਨਾਮ ਕੌਰ ਨੂੰ ਦੇਵਾਂਗਾ ਤਾਂ ਉਸ ਦੀ ਭੀ ਸੁਰਤ ਗਵਾਏਗੀ। ਸਾਡੇ ਕੋਲ ਔਂਗੋ ਬਥੇਰੀ ਮਾਇਆ ਹੈ। ਸਤਿਗੁਰੂ ਜੀ ਉਹ ਮਾਇਆ ਸੰਤ ਜੀ ਨੂੰ ਵਾਪਸ ਦੇ ਕਿਹਾ, ਸਾਡੀ ਜਾਣ ਕਿਤੇ ਘਰ 'ਚ ਧਰ ਦਿਉ ਤੇ ਗਵਾਚਣ ਦਾ ਫਿਕਰ ਨਾ ਰਖੋ। ਸਤਿਗੁਰੂ ਜੀ ਸੁਨਣ ਵਾਲਿਆਂ ਸਿੱਖਾਂ ਨੂੰ ਸੰਤ ਜੀ ਦੇ ਘਰੋਂ ਜਾਣ ਬਾਅਦ ਕਿਹਾ, ਇਹੋ ਜਿਹੇ ਸਾਧੂ :—

ਜਬ ਲਗੁ ਤਾਗਾ ਬਾਹਉ-ਬੇਰੀ ॥ ਤਬ ਲਗੁ ਬਿਸਰੈ ਰਾਮੁ ਸਨੇਹੀ ॥

ਦੀ ਵਰਤੋਂ ਵਾਲੇ ਵਿਰਲੇ ਹੁੰਦੇ ਹਨ ਤੇ ਇਹੋ ਜਿਹਾਂ ਬਾਬਤ ਹੀ ਗੁਰਵਾਕ ਹੈ :—

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ ॥

ਹੋਰ ਢੇਟੀਆਂ ਦੇ ਸਿੱਖ ਸਤਿਗੁਰੂ ਜੀ ਨੂੰ ਕਹਿੰਦੇ ਖੌਰੇ ਤੁਸਾਂ ਉਹਨਾਂ ਦੇ ਘਰ ਕੀ ਦੇਖਿਆ ਹੋਇਆ ਹੈ।

ਏਕ ਸਮੇਂ ਸਤਿਗੁਰੂ ਜੀ ਨਹਿਰ ਵਾਲੇ ਬੰਗਲੇ ਵਲੋਂ ਟਾਂਗੇ ਤੇ ਢੇਟੀਂ ਆਏ। ਅਰਜਨ ਸਿੰਘ ਅਗੋਂ

ਹੋ ਵਾਗ ਫੜੀ ਤੇ ਆਪ ਦੇ ਘਰ ਚੁਬਾਰੇ 'ਚ ਜਾ ਉਤਾਰਾ ਕੀਤਾ। ਸੰਤ ਜੀ ਦੇ ਘਰ ਸੋਗ ਵਾਂਗੂੰ ਸੁੰਞਾ ਕਿਹਾ ਕਿਸੇ ਦੀਵਾ ਨ ਬਾਲਿਆ ਤੇ ਕਹਿਣ ਕੀ ਭੁੱਲ ਸਾਥੋਂ ਹੋਈ ਹੈ। ਥੋੜੀ ਦੇਰ ਬਾਅਦ ਬੱਦਲ ਬਣਿਆਂ ਤਾਂ ਸਤਿਗੁਰੂ ਜੀ ਇਹ ਆਖ ਉੱਠ ਤੁਰੇ, ਇਹ ਮੀਂਹ ਪੈਣ ਤੇ ਏਥੇ ਔਖੇ ਹੋਵਾਂਗੇ, ਸੰਤ ਜੀ ਦਾ ਘਰ ਬਾਹਰਵਾਰ ਏ ਸੁੱਖ ਰਹੇਗਾ। ਸੰਤ ਮੋਹਕਮ ਸਿੰਘ ਜੀ ਅਵਾਜ ਦਿੱਤੀ, ਸੰਤ ਜੀ ਬੂਹਾ ਖੋਲ੍ਹੋ ਸਤਿਗੁਰੂ ਜੀ ਆਏ ਹਨ। ਸੰਤ ਜੀ ਬੂਹਾ ਖੋਲ੍ਹ ਮੰਜੇ ਤੇ ਚੰਦੋਆ ਲਾਣ ਲਗੇ ਸਤਿਗੁਰੂ ਜੀ ਚੁੱਪ ਕੀਤਿਆਂ ਆ ਮੰਜੇ ਤੇ ਬੈਠੇ ਤੇ ਕਿਹਾ, ਸੰਤ ਜੀ ਛੱਡੋ ਤੁਸਾਂ ਦਾ ਸਦਾ ਚੰਦੋਆ ਹੀ ਹੈ।

ਏਕ ਸਮੇਂ ਸਤਿਗੁਰੂ ਜੀ ਦੇ ਘੋੜੇ ਦੀ ਵਾਗ ਫੜ ਹੋਰ ਸਿੱਖਾਂ ਪਿੰਡ ਵਿਚ ਉਤਾਰਾ ਕਰਾਣਾਂ ਚਾਹਿਆ। ਸੰਤ ਜੀ ਦੇ ਘਰ ਕੋਲ ਆ ਕਾਲਾ ਘੋੜਾ ਅੜ ਗਿਆ, ਵਾਗ ਖਿੱਚ ਰਹੇ ਸਿੱਖ ਤੋਂ ਉੱਕਾ ਅਗੇ ਨਾ ਹੋਇਆ ਤਾਂ ਸਤਿਗੁਰੂ ਜੀ ਇਹ ਆਖ ਕਿ ਇਹ ਘਰ ਤੇ ਛੱਡ ਕੇ ਘੋੜਾ ਭੀ ਅਗੇ ਨਹੀਂ ਜਾਂਦਾ ਮੈਂ ਕਿਵੇਂ ਜਾਵਾਂ। ਘੋੜੇ ਤੋਂ ਉਤਰ ਸੰਤ ਜੀ ਦੇ ਘਰ ਉਤਾਰਾ ਆ ਕੀਤਾ।

ਸਤਿਗੁਰੂ ਜੀ ਜਦੋਂ ਲਾਇਲਪੁਰ ਔਂਦੇ। ਗੰਗਾ ਸਿੰਘ ਵਾਲੇ, ਗੰਡਾ ਸਿੰਘ ਵਾਲੇ, ਚੋਘਲ ੭੦ ਚੱਕ ਛੰਨੀਆ, ੧੦੯ ਚੱਕ ਨਰੈਣਗੜ੍ਹ, ਸਦੋਵਾਲ, ਮਾਲੂਵਾਲ, ਢੇਟੀਆਂ, ਖਿਆਲਾ ਤੇ ਦੂਜਾ ਖਿਆਲਾ ਜੋ ਡੇਢ ਮੀਲ ਤੇ ਸੀ ਜਿਥੇ ਸੰਤ ਜਵੰਦ ਸਿੰਘ ਜੀ ਜ਼ਿੰਦਾ ਸ਼ਹੀਦ ਸੀ ਤੋਂ ਝਟ ਸੰਗਤ ਸੁਣ ਔਂਦੀ, ਕਰਨੈਲ ਸਿੰਘ ਨੇ ਢੇਟੀਂ ਗੁਰਦੁਆਰੇ ਨੌਬਤ ਰਖੀ ਹੋਈ ਸੀ। ਉਹ ਵਜਾਂਦਾ ਤੇ ਦੱਸਦਾ ਕਿ ਸਤਿਗੁਰੂ ਜੀ ਲਾਇਲਪੁਰ ਆਏ ਹੋਏ ਹਨ। ਜਾਂ ਸਵੇਰੇ ਵਾਰ ਵਿਚ ਔਣਗੇ ਸੰਤ ਜੀ ਰਾਤ ਦਹੀਂ ਦੀ ਚਾਟੀ ਜਮਾ ਇਸ਼ਨਾਨ ਕਰ ਲੋਈ 'ਚ ਵਲ੍ਹੇਟ ਚੁੱਕ ੬ ਕੋਹ ਲਾਇਲਪੁਰ ਅਪੜ ਜਾਂਦੇ ਤੇ ਲੰਗਰ ਵਿਚ ਜਾ ਦੇਂਦੇ।

ਸੰਤ ਜੀ ਮਰਯਾਦਾ ਦੇ ਏਨੇ ਪੱਕੇ ਸੀ ਕਿ ਹਰਨਾਮ ਕੌਰ ਨੂੰ ਔਂਗੀ 'ਚ ਵਲ੍ਹੇਟ ਬੱਚੇ ਨੂੰ ਦੁੱਧ ਦੇਣਾ ਦੱਸਿਆ ਹੋਇਆ ਸੀ। ਜੇ ਕਦੀ ਬੇਬੇ ਹਰਨਾਮ ਕੌਰ ਦੁੱਧ ਦੇਂਦੀ ਬੱਚੇ ਨੂੰ ਖੁਲ੍ਹੀ ਹੋ ਜਾਵੇ ਤਾਂ ਸੰਤ ਜੀ ਬੈਠੀ ਦੇ ਸਿਰ ਜੱਲ ਦੀ ਗਾਗਰ ਵਹਾ ਇਸ਼ਨਾਨ ਕਰਾਂਦੇ ਕਿ ਨਾ ਬੱਚਾ ਦੁਖੀ ਹੋ ਰੋਵੇ ਤੇ ਨਾ ਮਰਯਾਦਾ ਵਿਚ ਫਰਕ ਪਵੇ।

ਜਿਸ ਸੰਤ ਸ਼ੇਰ ਸਿੰਘ ਰਾਮਗੜ੍ਹੀਏ ਤੋਂ ਸੰਤ ਮੰਗਲ ਸਿੰਘ ਜੀ ਭਜਨ ਪੁੱਛਿਆ ਹੋਇਆ ਸੀ, ਉਸ ਨੂੰ ਪੱਠਿਆ ਦੀ ਪੰਡ ਲਈ ਆਉਂਦਾ ਵੇਖ, ਭੱਜ ਆਪ ਸਿਰ ਤੇ ਚੁੱਕ ਉਸ ਦੇ ਘਰ ਛੱਡ ਆਉਂਦੇ। ਕਿਸੇ ਨੂੰ ਆਪਣੇ ਖੇਤ 'ਚੋਂ ਪੱਠੇ ਵਢਦਾ ਦੇਖ ਪਿਛੇ ਹਟ ਜਾਂਦੇ, ਮਤ ਦੇਖ ਸ਼ਰਮਿੰਦਾ ਨਾ ਹੋਵੇ। ਕਿਸੇ ਦੇ ਖੇਤ ਦਾ ਦਾਲਾ ਭਾਜਾ ਘਰ ਆਇਆ ਨਾ ਛਕਦੇ ਤੇ ਹੁੰਦੇ ਚਾਰੇ ਕਿਸੇ ਖਤੋਂ ਮੰਗ ਕੇ ਭੀ ਨਾ ਲਿਆਉਣ ਦੇਂਦੇ। ਸਗੋਂ ਘਰ-ਦਿਆਂ ਨੂੰ ਕਹਿੰਦੇ, ਆਪ ਵੰਡ ਕਿਨ੍ਹ ਵਰਤਾਣਾ ਚਾਹੀਦੈ। ਬੁਜ਼ਵਾਂ ਤੇ ਵਿਗੁਚਦਾਂ ਮੰਗਣਾ ਸੁਭਾ ਕੁਝ ਨਹੀਂ ਹੁੰਦਾ। ਸੰਤ ਜੀ ਸਾਧ ਸੰਗਤ ਦੇ ਮੇਲਿਆਂ ਤੇ ਸਰਦਾਈ ਤੇ ਲੰਗਰ ਦੀ ਸੇਵਾ ਦਾ ਬਹੁਤ ਆਹਰ ਰਖਦੇ, ਦੀਵਾਨ ਭੀ ਸੁਣਦੇ, ਪਰ ਕਦੀ ਥੋੜਾ ਹੀ।

ਇਹ ਸੰਤ ਮੰਗਲ ਸਿੰਘ ਜੀ ਤੇ ਗੰਡਾ ਸਿੰਘ ਜੀ, ਪਾਲਾ ਸਿੰਘ ਤੇ ਦੇਵਾ ਸਿੰਘ ਖਿਆਲੇ ਦੇ ਤੇ ਦੂਜੇ ਸਭ ਸਿੱਖ ਪਿੰਡ ਢੇਟੀਆਂ ਦੇ ਸੀ ਤੇ ਇਥੇ ਇਕੋ ਨਗਰ ਸੀ। ਸਤਿਗੁਰੂ ਜੀ ਨਾਲ ਸਭ ਰੱਸਾ ਖਿਚਣ ਵਾਲੇ ਤੇ ਇਹ ਸਿੱਖ ਸਭ ਪੂਰਾ ਪਿਆਰ ਕਰਦੇ ਸੀ ਤੇ ਸਤਿਗੁਰੂ ਜੀ ਇਹਨਾਂ ਸਭ ਨਾਲ ਸਿਖਿਆ-ਸਲਾਹ ਵਜੋਂ ਭਿੰਨ ਭਿੰਨ ਵਰਤਦੇ ਸੀ।

ਕੋਈ ਇਹ ਨਾ ਸਮਝੇ, ਭਿੰਨ ਭਿੰਨ ਤੋਂ ਵਖੇਵਾਂ ਹੈ । ਭਾਵ ਜਿਵੇਂ ਜੋਗ ਸੀ ਤੇਹੀ ਸਿੱਖਿਆ ਦੇਂਦੇ ਸੀ । ਜਿਵੇਂ ਕਿ ਜਵਾਨਾਂ ਨੂੰ ਸੰਜਮ ਰਖਣ ਤੇ ਕਸਰਤ ਕਰਨ ਦੀ, ਇਕਾਂਤ ਸ਼ਾਂਤ ਰਹਿਣ ਦੀ ਤੇ ਆਪੋ ਵਿਚ ਮਿਲ ਰਹਿਣ ਦੀ ।

## ਰੱਸੇ ਦੀ ਟੀਮ ਚੋਟੀਆਂ ਵਾਲੇ

ਰੱਸਾ ਖਿੱਚਣ ਵਾਲਿਆਂ ਦਾ ਮੋਹਰੀ ਲਾਲ ਸਿੰਘ ਸੀ । ਇਹ ਗੁਰਮੁਖੀ ਥੋੜ੍ਹੀ ਪੜ੍ਹ ਲਿਖ ਲੈਂਦਾ ਸੀ । ਸਾਰੇ ਇਸ ਦਾ ਅਦਬ ਅਸਰ ਮੰਨਦੇ ਸੀ । ਪਾਲ ਸਿੰਘ, ਊਧਮ ਸਿੰਘ, ਸਾਧੂ ਸਿੰਘ, ਨਰੈਣ ਸਿੰਘ ਲੰਮੂੰ, ਨਰੈਣ ਸਿੰਘ ਮੋਟਾ ਬੀੜੀ ਵਾਲਾ, ਵੰਜਾ ਸਿੰਘ, ਬਿਸ਼ਨ ਸਿੰਘ, ਤੋਲਾ ਸਿੰਘ, ਵਧਾਵਾ ਸਿੰਘ, ਗੁਰਦਿੱਤ ਸਿੰਘ, ਮੋਲ ਸਿੰਘ, ਪਾਲ ਸਿੰਘ ਤੇ ਇਹਨਾਂ ਦੇ ਸੇਵਕ ਸਾਥੀ ਬਹਾਦਰ ਸਿੰਘ ਮਹਿਰਾ ਤੇ ਝੰਡਾ ਸਿੰਘ ਨਾਈ ਸੀ, ਇਹਨਾਂ ਨੂੰ ਭੀ ਪੂਰੀ ਖੁਰਾਕ ਦੇਂਦੇ ।

ਖੁਰਾਕ ਅੱਧ-ਅੱਧ ਸੇਰ ਘਿਉ, ਬਦਾਮ ਬੇ-ਹਿਸਾਬੇ, ਹਰ ਘਰੋਂ ਸੇਰ ਦੁੱਧ ਲਿਆਉਣਾ ਮੋਟੇ ਨਰੈਣ ਸਿੰਘ ਜ਼ੁੰਮੇ ਸੀ । ਲਾਲ ਸਿੰਘ ਦੇ ਜ਼ੁੰਮੇ ਸਭ ਨੂੰ ਇਸ਼ਨਾਨ ਸਮੇਂ ਜਗਾਣਾ* ਤੇ ਸਭ ਦੀ ਰਾਤ ਰਾਖੀ ਭੀ ਰਖਣੀ । ਇਹ ਸਭ ਭਜਨ ਬਾਣੀ, ਬੰਦਗੀ, ਸੁਚ, ਸਾਦਗੀ, ਸੰਜਮ, ਜੋਰ, ਮਾਲਸ਼, ਖੁਰਾਕ 'ਚ ਹੀ ਚਿੱਤ ਰਖਦੇ । ਲੋਕ ਸਭ ਇਹਨਾਂ ਤੇ ਸਰਧਾ ਰਖਦੇ, ਸੁਖਣਾਂ ਸੁਖਦੇ, ਖੁਰਾਕ ਦੇਂਦੇ । ਇਹ ਰੱਸਾ ਖਿਚਦੇ ਝ—ਝ ਘੰਟੇ ਇਕਦਮ ਜੋਰ ਲਾਈ ਰਖਦੇ । ਆਮ ਟੀਮਾਂ ਨੂੰ ਦਮੋਂ ਕੱਢ ਹੀ ਹਰਾਂਦੇ । ਪਹਿਲੋਂ ਰੱਸਾ ਬੰਨ੍ਹ ਰਖਦੇ, ਫੇਰ ਹੰਭਲਾ ਮਾਰ ਮੋਢੇ ਤੇ ਰੱਖ ਲੀਕੋਂ ਪਾਰ ਲੈ ਜਾਂਦੇ ।

ਮੋਰ ਸਾਹਿਬ ਡਿਪਟੀ ਲਾਇਲਪੁਰ ਦਾ, ਇਹਨਾਂ ਨੂੰ ਲਾਇਲਪੁਰ ਤੇ ਹੋਰ ਥਾਈਂ ਲੈ ਜਾਂਦਾ, ਭਾੜਾ ਭਰ ਖੁਰਾਕ ਘਿਉ ਆਦਿ ਘਰ ਦੇ ਦੇ ਪੀਪੇ ਨਾਲ ਧਰ । ਰਗੜਾ ਸੁਨਹਿਰੇ ਵਿਚ ਸਰਦਾਈ ਦਾ ਇਹਨਾਂ ਦਾ, ਡ ਸੇਰ ਗਿਰੀਆਂ ਬਦਾਮਾਂ ਦੀਆਂ ਦਾ ਪੈਂਦਾ ਸੀ । ਪੰਜ ਮਣ ਦਾ ਤੋਲ ਜਲ ਦਾ ਚਰਖੜੀ ਨਾਲ ਖੂਹ 'ਚੋਂ ਖਿਚਣ ਵਾਲਾ ਸੀ । ਸਾਢੇ ਤਿੰਨ ਮਣ ਵਜਨ ਇਕ ਇਕ ਦਾ ਸੀ । ਦੋ ਵੇਲੇ ਪਿੰਡ ਰੱਸਾ ਖਿਚਦੇ । ਪੰਜ ਸ਼ਬਦ ਗੁਰਬਾਣੀ ਦੇ, ਉੱਚੀ ਅਵਾਜ਼, ਰਸੀਲੀ ਸੁਰ 'ਚ ਰਲ ਪੜ੍ਹਦੇ, ਤਿੰਨ ਤਿੰਨ ਕੋਹ ਤੇ ਅਵਾਜ਼ਾ ਸੁਣੀਦਾ ਸੀ । ਹਰ ਹੋਲੇ ਤੇ ਜਾਂਦੇ, ਜੇ ਕੋਈ ਹੋਰ ਖਿੱਚਦਾ ਤਾਂ ਭੀ ਲੈ ਜਾਂਦੇ । ਅੰਗਰੇਜ਼ ਜਵਾਨਾਂ ਨੂੰ ਭੀ ਖਿੱਚ ਲੈ ਜਾਂਦੇ ਭਾਵੇਂ ਉਹ ਬੂਟਾਂ ਸਣੇ ਹੀ ਖਿਚਦੇ । ਇਹਨਾਂ 'ਚੋਂ ਕਈਆਂ ਦੇ ਪੈਰਾਂ ਦੇ ਨੌਂਹ ਜ਼ਿਮੀਂ 'ਚ ਖੁਭਦਿਆਂ ਘਸ ਗਏ ਹੋਏ ਸੀ । ਸਰਕਾਰੋਂ ਇਹਨਾਂ ਨੂੰ ਇਕ ਇਕ ਮੁਰੱਬਾ ਇਨਾਮ ਭੀ ਮਿਲਿਆ ਹੋਇਆ ਸੀ । ਜਦ ਨੁਸ਼ਹਿਰੇ ਗੁਜਰਾਂਵਾਲੇ ਦੇ ਜ਼ਿਲ੍ਹੇ 'ਚ ਇਹਨਾਂ ਅੰਗਰੇਜ਼ ਖਿਚੇ ਤਾਂ ਜਿੰਨਿਆਂ ਦੇ ਨਾਮ ਲਿਖਾਏ, ਸਭ ਨੂੰ ਇਨਾਮ ਮਿਲੇ ਮੁਰੱਬੇ ਕਈਆਂ ਨਾ ਭੀ ਲਏ, ਕੀ ਪੁੱਟਣ ਦਾ ਵਖਤ ਕਰਨਾ ਹੈ, ਅਗੇ ਬਥੇਰੀ ਜ਼ਮੀਨ ਤੇ ਆਮਦਨ ਏ ।

---

*ਕਿਰਤਜਾਏ ਗੁਰਦੁਆਰੇ ਹੀ ਸੀ, ਅਗੇ ਜਾਣ ਦੀ ਮਨਾਹੀ ਸੀ ਸਭ ਨੂੰ ।

ਨਨਕਾਣੇ ਸਾਹਿਬ, ਦਿੱਲੀ, ਗੁਜਰਾਂਵਾਲੇ, ਲਾਇਲਪੁਰ ਆਦਿ ਥਾਈਂ ਲੈ ਜਾਂਦਾ, ਹੋਰ ਮੇਲੇ ਨੁਸ਼ਹਿਰੇ ਆਦਿ ਭੀ ਮੋਰ ਸਾਹਿਬ ਲੈ-ਜਾਂਦਾ ਸੀ ।

Sri Satguru Jagjit Singh Ji Elibrary NamdhariElibrary@gmail.com

ਇਕ ਸਮੇਂ ਦਿੱਲੀ ਜਾਰਜ* ਪੰਚਮ ਦੇ ਆਇਆਂ ਰੱਸਾ ਖਿਚਿਆ, ਦੋ ਦਿਨ ਬਦਲ ਬਦਲ ਗੋਰੇ ਹਾਕਮਾਂ ਲਾਏ। ਫੇਰ ਭੀ ਇਹ ਜਿਤੇ ਤਾਂ ਗੋਰਿਆਂ ਫੋਟੋਆਂ ਲਈਆਂ, ਵਲੈਤ ਗਈਆਂ, ਇਹ ਨਾਲ ਲਿਖਿਆ ਕਿ ਇਹ ਨਾਮਧਾਰੀ ਹਨ ਤੇ ਬਦਾਮ, ਘਿਉ ਹੀ ਖਾਂਦੇ ਹਨ ਤੇ ਸਮੇਂ ਦੇ ਲਾਸਾਨੀ ਜਵਾਨ ਹਨ।

ਮੈਂ ਭੀ ਵੇਖੇ ਸੀ ਇਹਨਾਂ ਜਿਹਾ ਖਿਧਾ ਤੇ ਕਮਾਇਆ ਹੋਇਆ ਸੁਥਰਾ ਸਰੀਰ ਘੱਟ ਹੀ ਦਿਸਦੇ ਹੁਣ।

ਤੋਲਾ ਸਿੰਘ ਭੈਣੀ ਸਾਹਿਬ ਕੋਠੀ ਵਾਲੇ ਖੂਹ ਦੇ ੩ ਫੇਰੇ ਕੱਲੇ ਆਂਦੇ, ਸਤਿਗੁਰੂ ਜੀ ੭ ਗੇੜੇ ਆਂਦੇ, ਸਭ ਦੇਖ ਮੋਹਤ ਹੋ ਗਏ। ਬਿਸ਼ਨ ਸਿੰਘ ਮਾਲੀ ਸੰਡੇ ਮਾਰਨ ਆਏ ਨੂੰ ਪਰ੍ਹੇ ਸੁੱਟ ਗੋਡੇ ਮਾਰੇ ਸੀ। ਸਤਿਗੁਰੂ ਜੀ ਇਹਨਾ ਦੀ ਖੇਡ ਰੱਸਾ ਸੋਟੀ ਆਦਿ ਕਈ ਵਾਰ ਦੇਖਦੇ ਸੀ ਤੇ ਆਪ ਇਹਨਾਂ ਨੂੰ ਨੇਜਾਬਾਜੀ ਤੇ ਹੋਰ ਕਰਤਬ ਘੋੜ-ਸਵਾਰੀ ਦੇ ਨਿੰਬੂ ਚੀਰਦੇ ਤਲਵਾਰ ਨਾਲ ਕਰ ਵਖਾਏ ਸੀ।

ਹੋਰ ਢੱਟੀਆਂ ਦੇ ਸਿੱਖ ਅਛਰ ਸਿੰਘ, ਫਸਨ ਸਿੰਘ, ਆਸਾ ਸਿੰਘ, ਠਾਕਰ ਸਿੰਘ, ਅਰਜਨ ਸਿੰਘ, ਦਸੌਂਧਾ ਸਿੰਘ, ਹਰੀ ਸਿੰਘ, ਈਸਰ ਸਿੰਘ, ਜੀਵਨ ਸਿੰਘ, ਸੁਹੇਲ ਸਿੰਘ, ਕਰਤਾਰ ਸਿੰਘ, ਬਘੇਲ ਸਿੰਘ, ਦੇਵਾ ਸਿੰਘ, ਉਜਾਗਰ ਸਿੰਘ, ਸੋਤਾ ਸਿੰਘ, ਹਜਾਰਾ ਸਿੰਘ, ਸੋਹਣ ਸਿੰਘ ਆਦਿ ਚੰਗੇ ਤਕੜੇ ਸੀ, ਲੋੜ ਨੂੰ ਰੱਸਾ ਖਿਚਣ ਨੂੰ ਲਾ ਭੀ ਲੈਂਦੇ ਸੀ। ਪਰ ਸੰਜਮ ਨ ਪੂਰਾ ਰਹਿਣ ਕਰ ਇਹ ਪੂਰੇ ਨ ਉਤਰਦੇ ਸੀ।

ਸਤਿਗੁਰੂ ਜੀ ਚੇਤ੍ਰ-ਚੇਤੇ ਵੱਡ ਤੀਰਥ ਹਰੀ ਪੁਰੇ ਤੇ ਵੈਸਾਖੀ ਅੰਮ੍ਰਿਤਸਰ ਜਾਂ ਭੈਣੀ ਸਾਹਿਬ ਤੇ ਨਿਮਾਣੀ ਦਾ ਮੇਲਾ ਭੀ ਭੈਣੀ ਸਾਹਿਬ ਕਰਦੇ। ਸੌਣ ਭਾਦੋਂ ਆਪਣਾ ਸਦਾ ਦਾ ਚਾਲੀ ਦਿਨਾਂ ਤਪ-ਨੇਮ ਕਰਦੇ, ਮੱਸਿਆ ਤੇ ਤਰਨ ਤਾਰਨ ਭੀ ਦਰਸ਼ਨ ਦੇਂਦੇ। ਦੁਸਹਿਰਾ ਗੁਜਰਾਂਵਾਲੇ, ਦੀਪਮਾਲਾ ਅੰਮ੍ਰਿਤਸਰ, ਕਤਕ ਪੂਰਨਮਾਸ਼ੀ ਦੇ ਮੇਲੇ ਤੇ ਨਨਕਾਣੇ ਸਾਹਿਬ, ਮਾਘੀ ਮੁਕਤਸਰ, ਹੋਲਾ ਜਿਥੇ ਹੋਵੇ। ਸਾਧ ਸੰਗਤ ਦੀਆਂ ਅਰਜ਼ਾਂ ਨੂੰ ਹੋਰ ਮੇਲਿਆਂ ਤੇ ਭੀ ਦਰਸ਼ਨ ਦੇਂਦੇ।

ਭੈਣੀ ਸਾਹਿਬ ਹਰੀਮੰਦਰ ਵਿਚ ਪਾਠ ਟੋਰੀ ਰਖਦੇ ਤੇ ਭੋਗ ਹੋਲੇ ਜਾਂ ਹੋਰ ਮੇਲੇ ਤੇ ਉਹਨਾਂ ਪਾਠਾਂ ਦੇ ਪਾਂਦੇ, ਭੈਣੀ ਸਾਹਿਬ ਹਰੀਮੰਦਰ ਦੇ ਬਣਨ ਦਾ ਤੇ ਬਰ੍ਹੇ ਦੇ ਬਣਨ ਦਾ ਕੰਮ ਚਲਦਾ ਸੀ।

## *ਭਾਈ ਹਰਨਾਮ ਸਿੰਘ ਜੀ ਰਾਗੀ*

ਇਕ ਸਮੇਂ ਭੈਣੀ ਸਾਹਿਬ ਭਾਈ ਹਰਨਾਮ ਸਿੰਘ ਜੀ ਰਾਗੀ ਚਵਿੰਡਾ ਜ਼ਿਲ੍ਹਾ ਅੰਮ੍ਰਿਤਸਰ ਵਾਲਿਆਂ ਦੇ ਦੀਵਾਨ ਸਮਾਪਤ ਹੋਣ ਬਾਅਦ ਸਾਧਾਂ ਦੇ ਬਚਨ ਓਲੇ ਤਾਂ ਸਤਿਗੁਰੂ ਜੀ ਹਰਨਾਮ ਸਿੰਘ ਨੂੰ ਕਿਹਾ, ਕਿਸੇ ਸਿੱਖ ਕਿਹਾ ਹੈ ਕੁਤੀਏ ਪਾਤਸ਼ਾਹੀ ਦਸਵੀਂ ਕਹਿ ਕਈ ਅਜੇ ਅਰਦਾਸਾ ਕਰਦੇ ਹਨ ਤੇ ਗੁਰੂ ਬਾਲਕ ਸਿੰਘ ਜੀ

---

*ਇਹ ਜਾਰਜ ਪੰਚਮ ੧੯੦੧ ਵਿਕ੍ਰਮੀ ਤੋਂ ੧੯੦੫ ਤਕ ਰਹੀ ਰਾਜਾਈ ਸਮਾਨ ਤੇ ਕੰਮ ਦੀ ਤੇ ਅਮਰੀਕਾ ਵਿਚ ਪੈ ਸੁਲਾਹ ਕਰਾਈ ਸੀ। ਇਹ ੧੯੧੪ ਈ: ਤੋਂ ੧੯੧੮ ਈ: ਤਕ ਦਿੱਲੀ ਆਇਆਂ ਸੀ। ਇਸੇ ਸਮੇਂ ਸਤਿਗੁਰੂ ਜੀ ਆਏ ਸਿੰਘੋ ਨੂੰ ਕਿਹਾ ਸੀ ਜਾਰਜ ਸਿੰਘ ਕੋਈ ਨਹੀਂ ਜਾਏਗਾ ਲਾਭ ਹੋ। ਪਰ ਸਿੰਘ-ਸਭੀਆਂ ਗੁਰਦੁਆਰਿਆਂ ਤੇ ਥੇਲਾਂ ਵਿਚ ਪਾਠ ਕੀਤੇ, ਅਰਦਾਸੇ ਕੀਤੇ ਤੇ ਜਾਇਆ ਸੀ—ਐਸੇ ਦੂਰ ਦੂਜਾ ਰਾਜ ਸਦਾਇਆ ਟੋਪੀ ਵਾਲੇ ਦਾ।

ਨੂੰ ਬਾਬਾ ਬਾਲਕ ਸਿੰਘ ਕਹਿੰਦੇ ਹਨ ਤੇ ਕਈ ਗੁਰੂ ਹਰੀ ਸਿੰਘ ਜੀ ਦਾ ਨਾਮ ਭੀ ਨਹੀਂ ਲੈਂਦੇ। ਆਪ ਨੂੰ ਕੁਝ ਭੇਦ ਹੋਵੇ। ਹਰਨਾਮ ਸਿੰਘ ਕਿਹਾ, ਮੈਨੂੰ ਕੋਈ ਪਤਾ ਨਹੀਂ। ਇਕ ਸਿੱਖ ਕੋਲੋਂ ਕਿਹਾ ਸੁਣਿਆ ਹੈ ਇਹ ਭੀ (ਭਾਵ) ਹਰਨਾਮ ਸਿੰਘ ਜੀ ਭੀ ਪਾਤਸ਼ਾਹੀ ਦੱਸ ਕਹਿ ਹੀ ਅਰਦਾਸਾ ਕਰਦੇ ਹਨ। ਇਹ ਸੁਣਦਿਆਂ ਪੁਰਲ ਕਰਦਿਆਂ ਹਰਨਾਮ ਸਿੰਘ ਕਹਿ ਦਿੱਤਾ, ਕੌਣ ਐਸਾ ਵੈਸਾ ਆਖਦਾ ਏ। ਸਤਿਗੁਰੂ ਜੀ ਤੇ ਚੁੱਪ ਕਰ ਰਹੇ, ਪਰ ਸੰਤ ਜਵੰਦ ਸਿੰਘ ਜੀ ਜ਼ਿੰਦਾ ਸ਼ਹੀਦ ਖੂੰਡਾ ਫੜ ਖੜੇ ਕਿਹਾ, ਕੁੱਤਿਆ ਮਰਾਸੀਆ ਸਾਡੇ ਤੋਂ ਹੀ ਮੰਗ ਖਾ, ਸਾਧਾਂ ਨੂੰ ਗਾਲ੍ਹੀ ਕੱਢਣ ਲਗ ਪਿਆ ਏਂ।

ਹਰਨਾਮ ਸਿੰਘ ਖਲੋਤਾ ਹੀ ਥਰ ਥਰ ਕੰਬੀ ਜਾਵੇ। ਸਤਿਗੁਰੂ ਜੀ ਜਵੰਦ ਸਿੰਘ ਜੀ ਨੂੰ ਸਹਿਜ ਨਾਲ ਫੜ ਬਹਾਇਆ ਤੇ ਕਿਹਾ, ਇਹ ਮਨ ਦਾ ਮੈਲਾ ਨਹੀਂ, ਅੰਜਾਨ ਮੁੰਡਾ ਜੱਟਾਂ ਦਾ ਮਿਰਜ਼ੇ ਦੀਆਂ ਸੁਰਾਂ ਸੋਹਣੀਆਂ ਲਾਂਦਾ ਸੁਣ ਸੰਤ ਕੇਸਰ ਸਿੰਘ ਜੀ ਕਿੱਲੀ ਨੇ ਤੁਹਾਡੇ ਵਿਚ ਲਿਆ ਸਿੱਖ ਸਜਾ ਰਾਗੀ ਬਣਾਇਆ ਏ। ਤੁਸੀਂ ਭੀ ਸਹਿਜ ਨਾਲ ਇਸ ਨੂੰ ਸਵਾਰੋਗੇ ਤਾਂ ਹੀ ਸੌਰੇਗਾ। ਹਰਨਾਮ ਸਿੰਘ ਨੂੰ ਤਾਰਨ ਸਮੇਂ ਤੇਜ ਹੈ ਤੁਸਾਂ ਤੋਂ ਭੀ ਝੂਠ ਬੋਲਿਆ ਗਿਆ ਹੈ, ਜ਼ਿਮੀਂਦਾਰ ਨੂੰ ਮਰਾਸੀ ਕਹਿ ਦਿੱਤਾ ਜੇ। ਹਰਨਾਮ ਸਿੰਘ ਹੱਥ ਜੋੜ ਭੁੱਲ ਮੰਨੀ ਤੇ ਸੰਤ ਜੀ ਵੀ ਭੁੱਲ ਮੰਨੀ ਤੇ ਵਾਰਤਾਲਾਪ ਵਾਲਾ ਸੁੱਖ ਫੇਰ ਟੁਰਿਆ ਤਾਂ ਸਤਿਗੁਰੂ ਜੀ ਕਿਹਾ, ਜਦ ਸਤਿਗੁਰੂ ਰਾਮ ਸਿੰਘ ਜੀ ਗੁਰੂ ਬਾਲਕ ਸਿੰਘ ਲਿਖਿਆ ਹੈ ਤਾਂ ਬਾਬਾ ਕਹਿਣਾ ਠੀਕ ਨਹੀਂ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਦੋ ਗੁਰੂਆਂ ਦਾ ਸਿਮਰਨ ਇਸ ਚੰਡੀ ਦੀ ਵਾਰ ਤੋਂ ਵਧ ਜਦ ਕੀਤਾ ਹੁਕਮਨਾਮੇ ਵਿਚ ਵੇਖ ਗੁਰੂ ਹਰੀ ਸਿੰਘ ਜੀ ਇਹ ਪੌੜੀ ਪਾਤਸ਼ਾਹੀ ਬਾਰ੍ਹਵੀਂ ਦੀ ਹੀ ਹੁਣ ਉਚਾਰ ਗ੍ਰੰਥ ਸਾਹਿਬ ਦੇ ਆਸ਼ੇ ਅਨੁਸਾਰ ਲਿਖੀ ਹੈ ਤਾਂ ਸਾਨੂੰ ਪਾਤਸ਼ਾਹੀ ਬਾਰ੍ਹਵੀਂ ਹੀ ਕਹਿਣਾ ਜੋਗ ਹੈ, ਤੇ ਕਿਹਾ, ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ "ਇਸ ਨੂੰ ਅੱਜ ਤੋਂ ਸਿਰ-ਕਰਤਾ ਜਾਨਣਾ ਇਹ ਮੇਰੇ ਧਕੇ ਨੂੰ ਬਖਸ਼ ਲਵੇਗਾ ਇਸ ਦਾ ਅੱਜ ਤੋਂ ਹਰੀ ਸਿੰਘ ਨਾਮ ਹੋਇਆ।" ਆਦਿ ਬਚਨਾਂ ਤੇ ਪ੍ਰਤੀਤ ਹੈ ਉਹ ਤੇ ਪਾਤਸ਼ਾਹੀ ਬਾਰ੍ਹਵੀਂ ਹੀ ਕਹੇ ਤੇ ਜਿਸ ਨੂੰ ਮਨ-ਮਰਜ਼ੀ ਦੀ ਲੋੜ ਹੋਵੇ ਉਹਨੂੰ ਕੌਣ ਮੋੜ ਸਕਦੈ ਕਹਿ ਬਚਨ ਮੁਕਾ ਦਿੱਤਾ।

## ਮਹਿਮਦ ਵਾਲੀਆ

ਭੈਣੀ ਸਾਹਿਬ ਹਰੀਮੰਦਰ ਬਣਦੇ ਕੋਲ ਬਹੁਤ ਸਿੱਖ ਜੁੜੇ ਸੀ ਕੋਈ ਕਾਨੇ ਦੇ, ਕੋਈ ਇੱਟ ਫੜਾਏ, ਕੋਈ ਮਿੱਟੀ ਪੁੱਟੇ, ਚਤਰ ਸਿੰਘ ਮਹਿਮਦ ਵਾਲੀ ਜ਼ਿਲ੍ਹਾ ਸਿਆਲਕੋਟ ਦੇ ਇਕ ਸਿੱਖ ਨੂੰ ਜ਼ੋਰ ਆਪਣਾ ਜਤਾਣ ਲਈ ਜੱਫਾ ਮਾਰ ਉਸ ਦੇ ਤਰਲੇ ਕਰਦਿਆਂ ਚੋਖਾ ਔਖਾ ਕੀਤਾ ਤੇ ਥੱਲੇ ਲੈ ਰਗੜਿਆ ਉਹ ਸਿੱਖ ਰੋਂਦਾ ਸਤਿਗੁਰੂ ਜੀ ਪਾਸ ਗਿਆ। ਸਤਿਗੁਰੂ ਜੀ ਖੂੰਡਾ ਲੈ ਜੋ ਸਦਾ ਹੱਥ ਰਖਦੇ ਸੀ, ਆਏ ਚਤਰ ਸਿੰਘ ਨੂੰ ਮਾਰਿਆ ਤੇ ਉਸ ਨੇ ਬੈਠ ਕੇ ਸਹਾਰਿਆ। ਸੰਤ ਬਹਾਦਰ ਸਿੰਘ ਜੀ ਗੁਰੂ ਕੇ ਚੌਰ ਬਰਦਾਰ ਆਸਣ ਦੀ ਸੇਵਾ ਵਾਲਿਆਂ ਚਤਰ ਸਿੰਘ ਨੂੰ ਕਿਹਾ, ਤੂੰ ਤੱਜ ਜਾਹ। ਸਤਿਗੁਰੂ ਜੀ ਬਚਨ ਕੀਤਾ ਜੇ ਏਥੇ ਰਹਿੰਣਾ ਹੈ ਤਾਂ ਉਸ ਸਿੱਖ ਤੋਂ ਮਾਫੀ ਮੰਗੇ, ਨਹੀਂ ਤੇ ਏਥੋਂ ਚਲਾ ਜਾਏ ਚਤਰ ਸਿੰਘ ਗਵਾਲੀਅਰ ਭਤੀਜਿਆਂ ਪਾਸ ਚਲਾ ਗਿਆ ਤੇ ਉਹਨਾਂ ਨਾਲ ਲੜ ਮਾਰ ਖਾ ਹਸਪਤਾਲ ਪਿਆ, ਸਤਿਗੁਰੂ ਜੀ ਫੱਟਿਆ ਪਿਆ ਸੁਣ ਗਏ ਤੇ ਲਿਆ ਇਲਾਜ ਕਰਾਇਆ ਤਕੜਾ ਕੀਤਾ।

## ਘੋੜਿਆਂ ਵਾਲੇ

ਭਗਤ ਸਿੰਘ ਭੋਲੇਕੇ, ਲਾਭ ਸਿੰਘ ਵੱਤਾ, ਨਿਰੰਜਨ ਸਿੰਘ ਚੰਦੇਵਾਲ, ਬਸੰਤ ਸਿੰਘ ਜਿਉਣ ਭਿੰਡਰ, ਜਗਤ ਸਿੰਘ ਬਲੱਗਣ, ਸੰਗਾਰਾ ਸਿੰਘ ਨੂਰਪੁਰ, ਗੁਰਮੁਖ ਸਿੰਘ ਝੱਬਰ, ਸੁਦਾਗਰ ਸਿੰਘ ਜ਼ਮਸ਼ੇਰ ਆਦਿ ਸਭ ਚੰਗੇ ਘੁਲਦੇ ਸੀ ਪਰ ਚਤਰ ਸਿੰਘ ਤਕੜਾ ਭੀ ਸੀ ਤੇ ਅੜਬ ਭੀ ਸੀ। ਘੁਲਣ ਦਾ ਬੇਰੁਕਾ ਦਬ ਦੁਖੀ ਕਰਦਾ ਸੀ। ਹਰਨਾਮ ਸਿੰਘ ਜੀ ਨਵਾਣੀਏ ਪਾਸੋਂ ਸਭ ਗਤਕਾ ਭੀ ਸਿਖੇ ਸੀ, ਇਸ ਉਪਰ ਲਿਖੀ ਵਾਰਤਾ ਸਤਿਗੁਰੂ ਜੀ ਦੀ ਝਿੜਕ ਤੇ ਪਿਆਰ ਕਰਨ ਦੀ ਪਿਛੋਂ ਇਹ ਚਤਰ ਸਿੰਘ ਸਭ ਤੋਂ ਸੁਭਾ ਦਾ ਸੁਥਰਾ ਹੋ ਗਿਆ। ਜੋ ਇਸ ਨੂੰ ਅਗੇ ਅਸਟਾਵਕਰ ਕਹਿੰਦੇ ਸੀ ਬਹੁਤੇ ਵੱਲ ਵੇਖ ਇਹਦੀ ਬੁਧ ਵਿਚ ਉਹ ਇਸ ਨੂੰ ਸਾਧ ਕਮਾਈ ਵਾਲਾ ਰਾਤ ਜਾਗਦਾ ਵੇਖ ਕਹਿਣ ਲਗੇ।

ਲਾਹੌਰ ਬਾਬਾ ਧਿਆਨ ਸਿੰਘ ਜੀ ਦੀ ਕੋਠੀ ਬਣਵਾਈ ਵਿਚ ਰਹਿੰਦੇ ਸੀ ਘੋੜੇ ਕਬਰਾਂ ਤੇ ਸੁਏ ਨੇੜੇ ਦਖਣ ਵਲ ਸਹਿਰ ਦੇ। ਖੂਹ ਤੇ ਪਾਣੀ ਕਢਣ ਸਮੇਂ ਮੁਸਲਮਾਨਾਂ ਨਾਲ ਬੋਲ ਬਕਾਰਾ ਹੋ ਪੈਂਦਾ ਉਹ ਕਹਿੰਦੇ ਤੁਹਾਡੇ ਵਾਲਾਂ ਦਾ ਪਾਣੀ ਖੂਹ ਵਿਚ ਪੈਂਦਾ ਏ ਤੁਸੀਂ ਕਾਫਰ ਹੋ ਤੇ ਬਹੁਤੇ ਹੋਣ ਕਰ ਹੰਕਾਰ ਭੀ ਕਰਦੇ। ਏਕ ਸਮੇਂ ਅੱਕ ਕੇ ਸਿੱਖਾਂ ਕੁੱਟ ਅੰਦਰੀ ਵਾੜੇ ਤਲੇਮਾਣਸਾਂ ਵਿਚ ਪੈ ਅਗੋਂ ਲਈ ਵੇਲੇ ਦੀ ਵੰਡ ਕਰ ਦਿਤੀ।

## ਸੰਤ ਗੁਪਾਲ ਸਿੰਘ ਜੀ

*ਸੰਤ ਗੁਪਾਲ ਸਿੰਘ ਜੀ ਲਾਲੇਪੁਰ ਦੇ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦੇ ਸਰਧਾਲੂ ਮਸਤ ਹੋ ਵਿਹਾਰ ਛੱਡ, ਦੋ ਵਾਰ ਤੁਰਦੇ ਭੈਣੀ ਸਾਹਿਬ ਆਏ ਤੀਜੀ ਵਾਰ ਚਿਤ ਧਾਰ ਟੁਰੇ ਜੇ ਸਤਿਗੁਰੂ ਜੀ ਇੱਛਾ ਪੂਰਕ ਤੇ ਜਾਣੀਜਾਣ ਹੋਏ ਤਾਂ ਮੰਨਾਂਗਾ ਨਹੀਂ ਤੇ ਵੇਖੋ ਵੇਖੀ ਕੀ ਪਿਆ ਨਿਉਣਾ ਏ। ਬੇ ਖਰਚੇ ਗੁਜਰਾਂਵਾਲਿਉਂ ਪੱਕੀ ਸੜਕ ਦੇ ਨਾਲ ਨਾਲ ਟੁਰਨ। ਮਤ ਹੋਰ ਰਸਤੇ ਰਾਹ ਪੁੱਛਣਾ ਪਵੇ ਖਰਚ ਨਾ ਲਿਆ ਮਤ ਗੱਡੀ ਜਾਂ ਟਾਂਗੇ ਤੇ ਚੜ੍ਹਨ ਨੂੰ ਚਿੱਤ ਕਰੇ। ਬੋਲਣ ਤੋਂ ਮਨ ਸੰਕੋਚ ਕਰਦਾ ਸੀ। ਟੁਰਦਿਆਂ ਪੈਰੀਂ ਛਾਲੇ ਪੈ ਗਏ ਜਲ ਹੀ ਛਕਦੇ ਲਿੱਸੇ ਹੋ ਗਏ। ਹੀਰਾਂ ਤੋਂ ਭੈਣੀ ਸਾਹਿਬ ਨੂੰ ਹੋਏ। ਸਤਿਗੁਰੂ ਜੀ ਅਗੋਂ ਅਕਾਲ ਬੁੰਗੇ ਮੱਥਾ ਟੇਕ ਮਿਲੇ ਤੇ ਕਿਹਾ, ਲੋੜ ਨੂੰ ਬੋਲਣ ਤੇ ਭਾੜਾ ਦੇ ਚੜ੍ਹਨ ਤੇ ਕੁਝ ਨਹੀਂ ਘਟਦਾ। ਏਨੇ ਔਖੇ ਅਗੋਂ ਨਹੀਂ ਹੋਣਾ, ਕਹਿ ਕੋਠੀ ਲੈ ਜਾ ਸਰਬਤ ਬਦਾਮਾਂ ਦਾ ਛਕਾਇਆ, ਭਾਈ ਵਜੀਰ ਸਿੰਘ ਜੀ, ਸਤਿਗੁਰੂ ਜੀ ਚਰਨ ਦੇਖੇ ਤਾਂ ਛਾਲੇ ਪਏ ਹੋਏ ਸੀ। ਭਾਈ ਜੀ ਸੰਤ ਜੀ ਨੂੰ ਕਿਹਾ, ਤੁਹਾਨੂੰ ਦਰਦ ਤੇ ਨਹੀਂ ਹੁੰਦਾ ਪੈਰਾਂ ਨੂੰ। ਸੰਤ ਜੀ ਕਿਹਾ, ਭੈਣੀ ਸਾਹਿਬ ਦੀ ਜੂਹ ਵਿਚ ਵੜਦਿਆਂ ਅੰਦਰ ਰੱਜ ਗਿਆ ਤੇ ਥਕੇਵਾਂ ਭੱਜ ਗਿਆ ਸੀ।

ਸਤਿਗੁਰੂ ਜੀ ਜਿਵੇਂ ਗੁਜਰਾਂਵਾਲੇ ਵੱਲ ਜਦੋਂ ਔਂਦੇ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਨੂੰ ਜ਼ਰੂਰ ਮਿਲਦੇ ਤਿਵੇਂ ਲਾਇਲਪੁਰ ਦੇ ਜ਼ਿਲ੍ਹੇ ਵਲ ਗਏ ਸੰਤ ਰਲਾ ਸਿੰਘ ਜੀ ਨੂੰ ਜ਼ਰੂਰ ਹੀ ਜਿਥੇ ਹੁੰਦੇ ਜਾ ਦਰਸਨ ਦੇਂਦੇ :—

*ਹੁਣ ਇਹ ਸੰਤ ਜੀ ਜੋੜਨ ਨਗਰ ਨੇੜੇ ਆਸ਼ਰਮ ਬਣਾ ਕੇ ਰਹਿੰਦੇ ਹਨ। ਮਸਤੀ ਵੇਲੇ ਵਿਹਾਰ ਛਡ ਦਿਤੇ ਸੇ ਤੇ ਕਹਿੰਦੇ ਸੇ ਪਸ਼ੂ ਹਨ ਇਹ ਸਾਰੇ ਵਰਤਾਰਸੇ ਜੀ ਆਏ ਹੋਏ ਹਨ ਤੇ ਦਾਣੇ ਝੋਲੀ ਵਿਚ ਪਾ ਮਾਤਾ ਨੂੰ ਤਸੱਲੀ ਕਰ ਕਿਹੇ ਸੋ ਮਿਲ ਤੁਰ ਵਰਤ ਕੇ ਭੀ ਨਾਮ ਜਪ ਲਵੋ।

ਏਕ ਜੰਜਾਲ ਹਮਾਰਾ ਕਹੀਏ ਸਾਧ ਮੂਰਤ ਕੇ ਪਰਸਨੁ ॥

ਵਾਕ ਨੂੰ ਪੂਰਾ ਕਰਦੇ।

## ਸੰਤ ਰਲਾ ਸਿੰਘ ਜੀ

ਇਹ ਸੰਤ ਰਲਾ ਸਿੰਘ ਜੀ ਤਾਜੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਜੰਮ ਲਾਇਲਪੁਰ 'ਚ ਬੁਜਿਆਂਵਾਲੀ ਦੇ ਸੰਤ ਨਥਾ ਸਿੰਘ ਜੀ (ਪਤੰਗ) ਦੀ ਸੰਗਤ ਨਾਲ ਸਿਖ ਸਜੇ ਸੁਧਰੇ ਤੇ ਕੌਲੇ ਰਹਿ ਚਾਹਲੀਏ ਤੇ ਤਪ ਕਰਨ ਲਗੇ। ੨੯੭ ਚੱਕ 'ਚ ਸਾਲ ਭਰ ਇਕ ਗੁਫਾ 'ਚ ਹੀ ਰਹੇ। ਵਿਹਾਰ 'ਚ ਇਹਨਾਂ ਤੋਂ ਸਹੇ ਦਾ ਬੱਚਾ ਮਰ ਗਿਆ ਸੀ। ਜਿਵੇਂ ਭਾਈ ਤਲੋਕੇ ਛੇਵੇਂ ਗੁਰਾਂ ਦੇ ਸਿੱਖ ਸ਼ਿਕਾਰ ਤੇ ਲੋਹੇ ਦੀ ਤਲਵਾਰ ਛਡੀ ਸੀ ਤੇ ਜਿਵੇਂ ਗੁਰੂ ਨਾਨਕ ਜੀ ਨੂੰ ਸਚੇ ਸੌਦੇ ਕੀਤੇ ਤੋਂ ਮਾਰ ਪਈ ਤੇ ਬੇਬੇ ਨਾਨਕੀ ਕਿਹਾ ਸੀ।

ਨਹਿ ਆਗੇ ਕੁਛ ਕਰੇ ਬਿਉਹਾਰਾ ॥
ਨਹਿ ਬਿਗਰੇ ਨਹਿ ਉਪਜੇ ਰਾਰਾ ॥

ਤਿਵੇਂ ਸੰਤ ਜੀ ਵਿਹਾਰ ਦਾ ਤਿਆਗ ਕੀਤਾ। ੪੫ ਚੱਕ ਰਹਿੰਦੇ ਸੀ ੧੮ ਕੋਹਾਂ ਤੇ ਗੋਜਰੇ ਇਹਨਾਂ ਦੀ ਖਰਧਾਲੂ ਇਕ ਮਾਈ ਸਤਿਨਾਮ ਕਰ ਕੇ ਰਹਿੰਦੀ ਸੀ ਤੇ ਰਾਤ ਜਾਗ ਬੰਦਗੀ ਕਰਦੀ ਸੀ ਤੇ ਬੜੀ ਸੇਵੀ ਰਖਦੀ ਸੀ। ਆਪਣੇ ਡੇਰੇ ਕਈ ਵੇਰ ਸਾਧ ਜਿੰਨੇ ਔਣੇ ਹੁੰਦੇ ਸੀ ਅਗਦੀ ਕਹਿ ਪ੍ਰਸਾਦ ਤਿਆਰ ਕਰਾਕੇ ਰਖਦੀ ਸੀ। ੧੮ ਸਾਲ ਸੰਤ ਜੀ ਉਸ ਪਾਸ ਰਹੇ ਤੇ ਬਹੁਤ ਤਪੱਸਿਆ ਕਰ ਸਹਿਜ ਪਦ ਪ੍ਰਾਪਤ ਕੀਤਾ ਤੇ ਸਤਿਗੁਰੂ ਜੀ ਤੇ ਸਾਧ ਸੰਗਤ ਦੇ ਪ੍ਰੇਮ ਵਸ ਹੋ ਫਿਰਨ ਟੁਰਨ ਭੀ ਲਗ ਪਏ ਸਾਧ ਸੰਗਤ ਵਿਚ।

ਦੋ ਸੇਵਕ ਕਰਤਾਰ ਸਿੰਘ ਤੇ ਸੁਖਦੇਵ ਸਿੰਘ ਇਹਨਾਂ ਦੇ ਸੰਗ ਰਹਿੰਦੇ ਆਪੋ ਰਲੇ। ਏਕ ਸਮੇਂ ਜਾਂਦਿਆਂ ਇਕ ਬਿਰਧ ਬੁਢਕੀ ਤਲੇ ਇਹਨਾਂ ਸੰਤਾਂ ਔਖਾ ਟੁਰਦਾ ਜਾਂਦਾ ਦੇਖਿਆ ਤੇ ਅਰਜ਼ ਕਰ ਉਸ ਦੀ ਬੁਢਕੀ ਚੁੱਕ ਲਈ ਉਹ ਫੇਰ ਭੀ ਨਾ ਇਹਨਾਂ ਨੂੰ ਰਲੇ ਤਾਂ ਉਸ ਦਾ ਹੁੱਕਾ ਭੀ ਚੁੱਕ ਲਿਆ ਤੇ ਤੋੜ ਉਸ ਨੂੰ ਪੁਚਾ ਆਪ ਕਿਤੇ ਜਾ ਟਿਕੇ। ਏਕ ਸਮੇਂ ਸਿਧ ਦਾ ਇਸ਼ਨਾਨ ਕਰ ਕੇ ਬੈਠਿਆਂ ਨੂੰ ਘਰ ਵਾਲਿਆਂ ਦੇ ਬਰੇ ਪਿਆਰ ਨਾਲ ਆ ਜੱਫੀ ਪਾਈ। ਸੰਤ ਜੀ ਔਗੋ ਉਸ ਤੋਂ ਭੀ ਵਧ ਪਿਆਰ ਕੀਤਾ ਜੱਫੀ ਮਾਰ, ਤਾਂ ਸੇਵਕਾਂ ਕਿਹਾ, ਤੁਸੀਂ ਖੁਣ੍ਹੇ ਹੋ ਗਏ ਹੋ। ਸੰਤ ਜੀ ਕਿਹਾ, ਗੁਰਵਾਕ ਹੈ :—

ਅਬ ਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ ॥

'ਬਡੇ ਭਾਗ ਗੁਰੂ ਸੇਵਹਿ' ਕਿਹਾ, ਗੁਰੂ ਜੀ ਨਾਮ ਦੇ ਨਾਲ ਪਿਆਰ ਭੀ ਮੰਗਿਆ ਹੈ। ਮੈਂ ਪਿਆਰ ਨੂੰ ਹੀ ਪਿਆਰ ਕੀਤਾ। ਖੁਣ੍ਹਾ ਤਦ ਹੁੰਦਾ ਜੇ ਪਿਆਰ ਨ ਪੂਰਾ ਕਰਦਾ। "ਸੋਧ ਸਗਰ ਸੋਧਨਾ ਸੁਖ" ਵਾਕ ਭੀ ਏਸੇ ਵਿਚਾਰ ਨਾਲ ਵਰਤਣ ਲਈ ਗੁਰੂ ਜੀ ਲਿਖਿਆ ਹੈ। ਕਰਤਾਰ ਸਿੰਘ ਕਿਹਾ, ਤੁਸੀਂ ਉਸ ਬੁੱਢੜੇ ਦਾ ਇਕ ਦਿਨ ਹੁੱਕਾ ਭੀ ਸਿੱਖ ਹੋ ਚੁੱਕ ਲਿਆ ਸੀ ਤਾਂ ਸੰਤ ਜੀ ਕਿਹਾ, ਲਿਖਿਆ ਹੈ :—

ਸਭ ਗੋਬਿੰਦ ਹੈ ਸਭ ਗੋਬਿੰਦ ਹੈ ਗੋਬਿੰਦ ਬਿਨ ਨਹੀਂ ਕੋਈ ॥

ਇਹ ਲਖਤਾ ਹੋਈ ਬਿਨਾਂ ਸਿੱਖ ਦਾ ਸਾਰਾ ਸਫਰ ਜਨਮ-ਜਾਤਰਾ ਦਾ ਸਫਲ ਨਹੀਂ ਹੁੰਦਾ*।

---

*ਕਿਉਂਕਿ, ਦਾਸੋਮ ਜੀ ਇਸੇ ਲਈ ਵੇਰਵਾ ਕੀਤਾ ਹੈ "ਕੇਵਲ ਧਰਮ ਭਰਮ ਮੈ ਚੀਨ੍ਹ ਧਰਮ ਕਰਮ ਅਨੁਰਾਗਾਹੁ" ਭਾਵ ਜੋ ਕਰਮ ਕੇਵਲ ਭਰਮ ਹੀ ਹਨ ਸੋ ਛਡੋ ਤੇ ਧਰਮ ਕਰਮ ਨਾਲ ਪ੍ਰੇਮ ਕਰੋ। ਏਹ ਮੰਨਣੀ ਕੇਵਲ ਭਰਮ ਹੈ ਜੋ ਆਤਮਾ ਪ੍ਰਮਾਤਮਾ ਰੂਪ ਦੀ ਪਰਖ ਨ ਕਰੇ। ਤਾਂ ਤੇ ਮੈਂ ਧਰਮ ਕਰਮ ਨਾਲ ਪਿਆਰ ਕੀਤਾ ਹੈ ਤੇ ਸਹੀ ਸਿਧ ਦਾ ਲਿਤਾ ਕੀਤਾ ਹੈ।

Sri Satguru Jagjit Singh Ji Elibrary NamdhariElibrary@gmail.com

## ਸੇਵਕਾਂ ਚ ਫ਼ਰਕ

ਸੰਤ ਜੀ ਏਕ ਸਮੇਂ ਸੇਵਕਾਂ ਨੂੰ ਕਿਹਾ, ਮੈਂ ਕਈ ਵਾਰ ਤੁਹਾਡੀ ਤਕਲੀਫ਼ ਦਾ ਕਾਰਨ ਬਣਿਆਂ ਹਾਂ ਤੁਸੀਂ ਮੇਰੇ ਕੋਲੋ ਚਲੇ ਜਾਉ। ਤਾਂ ਸੁਖਦੇਵ ਸਿੰਘ (ਇਹ ਮਾਸਟਰ ਨਿਹਾਲ ਸਿੰਘ ਜੀ ਦਾ ਛੋਟਾ ਭਾਈ ਸੀ, ਪਹਿਲਾ ਨਾਮ ਪਰਤਾਪ ਸਿੰਘ ਸੀ ਸਤਿਗੁਰੂ ਜੀ ਦਾ ਸਮਨਾਮ ਹੋਣ ਕਰਕੇ ਨਾਮ ਬਦਲਿਆ ਸੀ) ਜੋ ਬੜਾ ਠੰਡਾ ਤੇ ਵਿਚਾਰਵਾਨ ਸਾਧੂ ਸੀ। ਉਸ ਕਿਹਾ, ਤੁਹਾਡੇ ਸੱਦਿਆਂ ਤੁਹਾਡੇ ਕੋਲ ਆਇਆ ਨਹੀਂ ਤੇ ਤੁਹਾਡੇ ਘੱਲਿਆਂ ਜਾਣਾ ਨਹੀਂ। ਜਿਸ ਨੇੜੇ ਆਪ ਦੇ ਕੀਤਾ ਹੈ ਉਹ ਨਖੇੜੇਗਾ ਤਾਂ ਨਿਖੜਾਂਗਾ। ਕਰਤਾਰ ਸਿੰਘ ਕਿਹਾ, ਵੇਖੋ ਭਾਈ ਨਾਲੇ ਬੁੱਢੇ ਦੀ ਸੇਵਾ ਕਰਦੇ ਹਾਂ ਨਾਲੇ ਕਹਿੰਦਾ ਹੈ ਮੇਰੇ ਕੋਲੋਂ ਤੁਰ ਜਾਉ। ਇਹਨਾਂ ਦੋਨਾਂ ਸੇਵਕਾਂ ਦੇ ਬਚਨ ਸਮੇ ਸਮੇ ਅੱਗੇ ਔਣਗੇ।

## ਨੱਥਾ ਸਿੰਘ ਜੀ ਪਤੰਗ

ਸਤਿਗੁਰੂ ਜੀ ਰੋਜਰੇ ਤੋਂ ਸੰਤ ਰਲਾ ਸਿੰਘ ਜੀ ਪਾਸੋਂ ਹੋ, ਸੰਤ ਨਥਾ ਸਿੰਘ ਜੀ ਪਤੰਗ ਦੇ ਡੇਰੇ ਦਰਸਨ ਦਿੱਤੇ। ਵਾੜੀ ਬਹੁਤ ਹਰੀ ਫਲੀ ਵਖਰ ਦੀ ਭਰੀ ਵੇਖ ਪੁਛਿਓ ਨੇ, ਨਾਲ ਖਾਲ ਤੇ ਨੇੜੇ ਕੋਈ ਨਹੀਂ, ਸਿਰਫ਼ ਸੂਆ ਹੀ ਹੈ, ਪਾਣੀ ਕਿਵੇਂ ਤੇ ਕਿਥੋ ਦੇਂਦੇ ਹੋ ? ਸਿੰਘ ਦੱਸਿਆ, ਵਾੜੀ ਸੁਕਦੀ ਵੇਖ ਸੰਤ ਜੀ ਨੇ ਸੂਆ ਤੋੜ ਪਿਆਈ। ਕਿਸੇ ਸਿਕਾਇਤ ਲਾਈ। ਪਟਵਾਰੀ ਤੇ ਹਾਕਮ ਆਏ, ਪੁੱਛਿਆ ਲੋਕਾਂ ਤੋਂ, ਉਹਨਾਂ ਤੇ ਗਵਾਹੀ ਕੌਣ ਦੇਗਾ ? ਲੋਕਾਂ ਕਿਹਾ, ਉਹ ਨਾਮਧਾਰੀ ਹਨ ਝੂਠ ਨਹੀਂ ਬੋਲਣਗੇ। ਹਾਕਮ ਸੰਤ ਜੀ ਨੂੰ ਆ ਕਿਹਾ, ਤੁਸਾਂ ਪਾਣੀ ਸੂਆ ਤੋੜ ਦਿੱਤਾ ਹੈ ਕਿ ਨਹੀਂ ਜੇ, ਤੋੜ ਦਿੱਤਾ ਜੇ ਤਾਂ ਜੁਆਨ ਪਵੇਗਾ। ਸੰਤ ਜੀ ਉੱਤਰ ਦਿੱਤਾ, ਵਾੜੀ ਸਾਧਾਂ ਦੇ ਭਾਜੇ ਲਈ ਲਾਈ ਸੁਕਦੀ ਜਾਣ ਤੋੜ ਪਿਆਈ ਹੈ। ਤੁਸੀਂ ਜੁਆਨ ਲੈ ਲਉ, ਅਸੀਂ ਸਮਝਾਂਗੇ ਭਾਜਾ ਮੁੱਲ ਹੀ ਲੈਂਦੇ ਹਾਂ। ਅਗੋਂ ਭੀ ਤੇ ਪਿਆਣੀ ਹੈ ਏਸੇ ਤਰ੍ਹਾਂ। ਹਾਕਮ ਸੰਤ ਜੀ ਦੇ ਸਾਦੇ ਤੇ ਸੱਚੇ ਬਚਨ ਸੁਣ ਕਹਿ ਗਿਆ, ਜਿਵੇਂ ਸੁਣਿਆ ਸੀ, ਉਹ ਨਾਮਧਾਰੀ ਹਨ, ਝੂਠ ਨਹੀਂ ਬੋਲਣਗੇ, ਤਿਵੇਂ ਦੇ ਹੀ ਵੇਖੇ ਹਨ। ਤੇ ਕਹਿ ਗਿਆ, ਤੁਹਾਨੂੰ ਕਦੀ ਕੋਈ ਨ ਰੋਕੇਗਾ। ਸਤਿਗੁਰੂ ਜੀ ਪਤੰਗ ਜੀ ਦਾ ਨਿਸੰਗ ਸੱਚ ਬੋਲਣਾ ਸੁਣ ਕਿਹਾ, ਕੂਕੇ ਤਾਂ ਅਜਿਹੇ ਹੀ ਹੁੰਦੇ ਹਨ।

## ਬੇਪਰਵਾਹ

ਸੰਤ ਨੱਥਾ ਸਿੰਘ ਜੀ ਪਤੰਗ ਦੇ ਡੇਰੇ ਬੈਠਿਆਂ, ਸਾਧਾਂ ਦੇ ਬਰਨ ਕਰਦਿਆਂ, ਇਕ ਸਿੰਘ ਦੱਸਿਆ, ਗੁਰਦਾਸ ਪੁਰ ਦੇ ਜ਼ਿਲ੍ਹੇ 'ਚ ਨੇਨਰਕਿਆਂ ਤੋਂ ਬਖਸ਼ੀਸ਼ ਸਿੰਘ ਰੰਥ ਦਾ ਪੋਤ੍ਰਾ ਭਗਤ ਸਿੰਘ, ਜੋ ਪਹਿਲੋਂ ਬਦ-ਚਲਣ ਸੀ। ਆਲਿਮ ਜੀ ਤੋਂ ਭਜਨ ਪੁੱਛ ਸਿੰਘ ਸਜਿਆ, ਭਜਨ ਕਰ ਮਸਤ ਹੋਇਆ। ਇਕ ਬੀਬੀ ਉਸ ਤੇ ਮੋਹਤ ਹੋ ਗਈ। ਕੋਲ ਇਕਾਂਤ ਆਈ ਨੂੰ ਭਜਨ ਦੱਸ, ਸਿੱਖਿਆ ਦੇ ਸਮਝਾ, ਧੀ ਭੈਣ ਕਹਿ ਵਾਪਸ ਘਰ ਜਾ ਛੱਡ ਆਇਆ। ਸਤਿਗੁਰੂ ਜੀ ਉਸ ਦੀ ਸੋਭਾ ਸੁਣ ਬਚਨ ਕੀਤਾ, ਐਸੇ ਸਾਧੂ ਆਪਣਾ ਤੇ ਮਿੱਤ੍ਰਾਂ ਦਾ ਧਰਮ ਰਖਣ ਵਾਲੇ ਵਿਰਲੇ ਸੀਲਵੰਤ ਹੁੰਦੇ ਹਨ।

*ਇਸ ਭਗਤ ਸਿੰਘ ਨਾਲ ਤਾਰਾ ਸਿੰਘ, ਮੱਲਾ ਸਿੰਘ, ਮੰਗਲ ਸਿੰਘ, ਕੇਸਰ ਸਿੰਘ ਮਸਤਾਨੇ

---

*ਇਹ ਭਗਤ ਸਿੰਘ ਏਕ ਸਮੇਂ ਸ਼ਬਦ ਸੁਣ ਦੀਵਾਨ ਵਿਚ ਮਸਤ ਹੋ ਗਿਆ ਸੀ। ਕੜਾਹ ਪ੍ਰਸ਼ਾਦ ਆਏ ਨਾ ਉਠਿਆ। ਕਾਂਗੜੀ ਪ੍ਰਸਾਦ ਵਿਚੋਂ ਡੰਡਾ ਪਕੜਦਾ ਇਸ ਦੇ ਸਿਰ ਨੂੰ ਲਾਇਆ, ਲਹੂ ਪੈ ਗਿਆ, ਪਰ ਇਹ ਨ ਹਿਲ ਪਰ੍ਹੇ ਹੋਇਆ, ਨ ਰੰਜਸ਼ ਹੀ ਕੀਤੀ। ਆਖਦੇ ਹਨ ਆਪਣੇ ਗੁਰੂ ਰੰਥ ਨੂੰ ਸਿੰਘ ਬੇਪਰਵਾਹ ਕਹਿਆ ਤੇ ਉਸ ਕਿਹਾ ਸੀ ਇਹ ਬੇਪਰਵਾਹੀ ਤੈਨੂੰ ਅਨਕਾਲ ਮਰਵਾਏਗੀ।

Sri Satguru Jagjit Singh Ji Elibrary NamdhariElibrary@gmail.com

ਭੀ ਰਲ ਗਏ। ਭਗਤ ਸਿੰਘ ਇਹਨਾਂ ਨੂੰ ਕਿਹਾ, ਸਾਡੇ ਜੱਥੇ ਵਿਚ ਜੋ ਰਲੇ ਜਿਸ ਰਾਮ ਦੀ ਰਜ਼ਾ ਤੇ ਰਾਜ਼ੀ ਰਹਿਣਾ ਹੈ। ਸਭ ਸਤਿਬਚਨ ਕਰ ਸਾਥ ਰਹਿੰਦੇ। ਜੇ ਅੰਨ ਮਿਲਦਾ ਤਾਂ ਛਕ ਲੈਂਦੇ, ਨਹੀਂ ਤੇ ਜਲ ਛਕ ਹੀ ਪ੍ਰਸੰਨ ਰਹਿੰਦੇ। ਰਾਤ ਦਿਨ ਨਾਮ ਜਪਦੇ, ਸ਼ਾਂਤ ਚਿਤ ਰਹਿੰਦੇ। ਇਹਨਾਂ ਨੂੰ ਮਿੰਟਗੁਮਰੀ ੯੫ ਚੱਕੋਂ ਨੂਰ ਸ਼ਾਹ ਚਲ ਜਾਂਦਿਆਂ ਲੋਕਾਂ ਕਿਹਾ, ਤੁਸੀਂ ਡਾਕੂ ਹੋ। ਇਹਨਾਂ ਕਿਹਾ, ਤੁਸੀਂ ਭੀ ਡਾਕੂ ਬਣੋ। ਸਾਡੇ ਨਾਲ ਰਲੋ ਆਖ ਸ਼ਬਦ ਪੜ੍ਹਦੇ, "ਲੂਟਨਾ ਹੈ ਤਾ ਲੂਟਿ ਲੈ ਰਾਮ ਨਾਮ ਹੈ ਲੂਟਿ ॥" ਅਗਲੇ ਪਿੰਡ ਨੂੰ ਤੁੱਰੇ। ਲੋਕਾਂ ਰੌਲਾ ਪਾ ਦਿੱਤਾ, ਹਨੇਰੇ ਕਰ ਕੋਈ ਪਛਾਣ ਨ ਸਕਿਆ। ਕਈਆਂ ਨੇ ਸੋਟੇ ਮਾਰੇ, ਇਕ ਨੇ ਪਿਸਤੌਲ ਚਲਾਇਆ। ਭਗਤ ਸਿੰਘ ਮਰ ਗਿਆ ਤੇ *ਮੰਗਲ ਸਿੰਘ ਮੁਨੀਰੀ ਵਾਲੇ ਦੀ ਅੱਖ ਨਿਕਲ ਗਈ ਤੇ ਦੂਜਿਆਂ ਨੂੰ ਭੀ ਸੱਟਾਂ ਲਗੀਆਂ। ਸਵੇਰ ਹੋਈ, ਲੋਕਾਂ ਸੰਵਾਣ ਹਸਪਤਾਲ ਪੁਚਾਏ। ਮਾਰਨ ਵਾਲਿਆਂ ਦੇ ਵਿਰੋਧੀ ਭੀ ਤੇ ਦੁਆਲੇ ਦੇ ਸਿੱਖ ਭੀ ਸੁਣ ਆਏ ਮਿਲੇ। ਸ੍ਰ: ਦਇਆ ਸਿੰਘ ਭੀ ਕਕੜਾਂ ਵਾਲਾ ਪਾਸ ਗਿਆ ਤੇ ਕਿਹਾ, ਜੋ ਚਾਹੋ ਮਦਦ ਕਰੀਏ। ਸਾਧਾਂ ਉੱਤਰ ਦਿੱਤਾ, "ਆਪੇ ਪਾਵਕੁ ਆਪੇ ਪਵਨਾ" ਤੁਹਾਡੇ ਸਭ ਵਲੋਂ ਸਾਨੂੰ ਮਦਦ ਪੁੱਜ ਗਈ ਹੈ। ਅਸੀਂ ਕੌਂਕਿਆਂ, ਬਿੱਲਿਆਂ ਦੀ ਕਚਹਿਰੀ ਵਿਚ ਰੁਲਣਾ ਨਹੀਂ ਚਾਹੁੰਦੇ। ਤੇ ਸਿੱਖ ਦਾ ਸਰੀਰ ਪੜਵਾਣਾ ਨਹੀਂ ਚਾਂਹਦੇ, ਕਹਿ ਭਗਤ ਸਿੰਘ ਦਾ ਸਸਕਾਰ ਕਰ ਤੇ ਮੰਗਲ ਸਿੰਘ ਦੀ ਅੱਖ ਤੇ ਪੱਟੀ ਬੰਨ੍ਹ, ਧੰਨ ਸਤਿਗੁਰੂ ਰਾਮ ਸਿੰਘ ਕਹਿੰਦੇ ਸ਼ਬਦ ਪੜ੍ਹਦੇ, "ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥" ਪੜ੍ਹਦੇ ਮੌਜ 'ਚ ਹਸਪਤਾਲੋਂ ਚਲੇ ਗਏ। ਸਭ ਸਰਕਾਰੀ ਲੋਕ ਤੇ ਸੱਜਣ, ਦੁਸ਼ਮਨ ਉਹਨਾਂ ਦੇ ਚਰਨਾਂ ਤੇ ਮੱਥਾ ਟੇਕਣ ਤੇ ਕਹਿਣ, ਧੰਨ ਐਸੇ ਸਿੱਖ ਤੇ ਧੰਨ ਇਹਨਾਂ ਦਾ ਗੁਰੂ ਹੈ ਜਿਸ ਇਹਨਾਂ ਨੂੰ ਐਸੀ ਸਦਾ ਸੁਖੀ ਰਹਿਣ ਦੀ ਸਿੱਖਿਆ ਦਿੱਤੀ ਹੈ। ਇਹ ਸਿੱਖਾਂ ਦੀ ਸੋਭਾ ਦੇ ਬਚਨ ਸੁਣ, ਸਤਿਗੁਰੂ ਜੀ ਬਚਨ ਕੀਤਾ ਕਿ ਛੋਟੀਆਂ ਛੋਟੀਆਂ ਤੇ ਛਾਲਾਂ ਮਾਰਨ ਵਾਲੇ ਬਥੇਰੇ ਹੁੰਦੇ ਹਨ। ਏਡੀ ਵੱਡੀ ਛਾਲ ਮਾਰਨ ਵਾਲਾ ਕੋਈ ਵਿਰਲਾ ਹੀ ਹੁੰਦਾ ਏ। ਜਿਵੇਂ ਦੀ ਇਸ ਮਸਤਾਨਿਆਂ ਦੇ ਜਥੇ ਨੇ ਰਜ਼ਾ ਵਿਚ ਰਾਜ਼ੀ ਰਹਿਣ ਵਾਲੀ ਛਾਲ ਮਾਰ ਕੇ ਵਿਖਾਈ ਹੈ। ਇਸ ਤਰ੍ਹਾਂ ਮਾਈ ਦਾਨੀ ਚੰਧੇ ਵਾਲੀ ਬ੍ਰਹਮਗਿਆਨੀ ਨੇ ਰਜ਼ਾ ਵਿਚ ਰਾਜ਼ੀ ਰਹਿ ਵਿਖਾਇਆ ਸੀ। ਸਿੱਖਾਂ ਅਰਜ਼ ਕੀਤੀ ਉਹ ਕਿਵੇਂ ਹੋਈ ਸੀ।

## ਮਾਈ ਦਾਨੀ

ਸਤਿਗੁਰੂ ਜੀ ਬਚਨ ਕੀਤਾ, ਮਾਈ ਦਾ ਇਕੋ ਪੁੱਤ੍ਰ ਸੀ, ਸ਼ਰੀਕਾਂ ਮਾਰ ਦਿੱਤਾ। ਹਾਕਮ ਆਏ ਪੁੱਛਿਆ, ਤੇਰਾ ਪੁੱਤ੍ਰ ਕਿਸ ਮਾਰਿਆ ਹੈ? ਮਾਈ ਕਿਹਾ ਜਿਸ ਦਿੱਤਾ ਸੀ ਤੇ ਕਿਹਾ "ਜਿਸਕੀ ਬਸਤੁ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ ॥" ਜਦ ਗੁਰਵਾਕ ਮੈਂ ਪੜ੍ਹਿਆ ਹੈ ਤਾਂ ਕਿਸੇ ਤੇ ਕਿਉਂ ਰੋਸ, ਗਿਲਾ ਕਰਾਂ। ਹਾਕਮ ਹੈਰਾਨ ਹੋ ਚਲਾ ਗਿਆ। ਮਾਈ ਨੇ ਪੁੱਤ੍ਰ ਦੇ ਭੋਗ ਤੇ ਉਹਨਾਂ ਹੀ ਸ਼ਰੀਕਾਂ ਨੂੰ ਸੱਦ ਪ੍ਰਸ਼ਾਦ ਛਕਾਇਆ ਤੇ ਕਿਹਾ, ਤੁਹਾਡਾ ਕੋਈ ਕਸੂਰ ਨਹੀਂ, ਉਹਦੀ ਉਮਰ ਏਤਨੀ ਸੀ ਤੇ ਰਾਮ ਮੇਰੇ ਦੀ ਰਜ਼ਾ ਹੀ ਇਵੇਂ ਦੀ ਸੀ। ਉਹ ਸਭ ਮਾਈ ਦੀ ਚਰਨੀਂ ਲਗੇ ਤੇ ਤਜਨ ਪੁੱਛ ਸਿੱਖ ਹੋਏ ਤੇ ਪਾਪ ਕੀਤੇ ਦਾ ਪਛੋਤਾ ਕੀਤਾ। ਇਹ ਵਾਰਤਾ ਸੁਣਾ ਸਤਿਗੁਰੂ ਜੀ ਬਚਨ ਕੀਤਾ। ਏਡੀ ਵੱਡੀ ਛਾਲ ਮਾਰਨ ਵਾਲਾ ਵਿਰਲਾ ਹੀ ਕਦੀ ਕੋਈ ਹੁੰਦਾ ਹੈ, ਨਹੀਂ ਤੇ ਵੈਰਾਂ ਦੇ ਲੈਣ ਤੇ ਜਨਮ ਮਰਨ ਦੇ ਪੰਧਾਂ ਵਿਚ ਪੈਣ ਵਾਲੇ ਤੇ ਇਕ ਮਰ ਗਏ ਦੇ ਬਦਲੇ ਹੋਰ ਕਈ ਮਰਵਾਣ ਵਾਲੇ ਤਾਂ ਬਹੁਤ ਹੁੰਦੇ ਹਨ। ਐਸੇ ਰਾਮ ਦੀ ਰਜ਼ਾ ਵਿਚ ਰਾਜ਼ੀ ਰਹਿਣ ਵਾਲੇ ਤੇ ਵਿਰੋਧੀਆਂ ਤੇ ਖਿਮਾਂ ਰਖਣ ਵਾਲੇ ਵਿਰਲੇ ਹੁੰਦੇ ਹਨ।

*ਇਹ ਮਸਤਾਨੇ ਭਗਤ ਸਿੰਘ ਫੇਰੂਮਾਨ, ਮੰਗਲ ਸਿੰਘ ਸਮਾਧ ਪੁਰੀ, ਜਾਦਾ ਸਿੰਘ ੯੫ ਚੱਕ ਦਾ ਸੀ।

Sri Satguru Jagjit Singh Ji Elibrary NamdhariElibrary@gmail.com

## ਬਾਬੇ ਜੈਮਲ ਸਿੰਘ ਨੂੰ ਮਿਲੇ

ਸਤਿਗੁਰੂ ਜੀ ਨਨਕਾਣੇ ਦੇ ਮੇਲੇ ਤੇ ਲਾਇਲਪੁਰ ਦੇ ਜ਼ਿਲ੍ਹੇ ਵਿਚੋਂ ਤੇ ਸ਼ੇਖੂਪੁਰੇ ਦੇ 'ਚ ਹੁੰਦੇ ਪਰਤੇ, ੨੫ ਕੋਹਾਂ ਦਾ ਪੰਧ ਕਰ ਮਾਗੋ ਪੁੱਜਣਾ ਸੀ। ਪਰ ਬਾਬੇ ਜੈਮਲ ਸਿੰਘ ਹੋਲੇ ਤੇ ਇਕ ਆਸ਼ਾ ਪੂਰੀ ਹੋਈ ਤੋਂ ਹੁਣ ਧਾਰੀ ਹੋਈ ਸੀ ਜੇ ਆਪੇ ਆ ਵਲਾ ਪਾ ਮਾਂਗੋ ਜਾਣੋਂ ਪਹਿਲਾਂ ਮਿਲਣ ਤਾਂ ਮੰਨਾਂਗਾ। ਸਤਿਗੁਰੂ ਜੀ ੪ ਕੋਹ ਮਾਗਿਉਂ ਟਿੱਬੇ ਵਾਲੇ ਖੂਹ ਤੇ ਹਨੇਰੇ ਪੈ ਅੱਪੜੇ ਤੇ ਬਾਬੇ ਨੂੰ ਅਵਾਜ਼ ਮਾਰੀ। ਬਾਬਾ ਦਰਸਨ ਕਰ ਚਰਨੀ ਲਗਾ ਤੇ ਕਿਹਾ, ਬੱਸ ਮੇਰੀ ਨਿਸ਼ਾ ਹੋ ਗਈ ਹੈ ਹੁਣ ਮੈਂ ਹੀ ਆਪ ਪਾਸ ਆਵਾਂਗਾ। ਸਤਿਗੁਰੂ ਜੀ ਕੁਵੇਲੇ ਮਾਂਗੋ ਪੁੱਜੇ। ਸੁੰਦਰ ਸਿੰਘ, ਬੁਲਾਕਾ ਸਿੰਘ, ਫਤੇ ਸਿੰਘ ਵਲ ਜਾ ਦਸਿਆ, ਅਸੀਂ ਬਾਬੇ ਜੈਮਲ ਸਿੰਘ ਕੋਲੋਂ ਹੋ ਆਏ ਹਾਂ। ਤਾਂ ਸਭ ਨੇ ਕਿਹਾ, ਇਹ ਬਾਬਾ ਭੀ ਰਿਹੋਕੜਾ ਆਂਹਦਾ ਸੀ, ਆਪੇ ਆ ਮਿਲਣਗੇ, ਰਹਿੰਦੀ ਰਿਆੜ ਮੁਕੇਗੀ। ਚੂਹੇ-ਝਾੜ ਤੇ ਵੱਟਾਂ ਵਲਾਦੇ ਨੂੰ ਜਦ ਮਿਲੇ ਸੋ ਤਾਂ ਕਿਹਾ ਸਾ ਸੁ ਹੁਣ ਇਹ ਨਹੀਂ ਕਿਤੇ ਜਾਣ ਦੇਂਦੇ। ਇਸ ਮੇਲੇ ਬਾਅਦ ਬਾਬਾ ਜੈਮਲ ਸਿੰਘ ਉਚੇਚਾ ਆ ਦਰਸਨ ਕਰਦਾ।

## ਹੋਲਾ ਅਨੰਦ ਪੁਰ

ਸਤਿਗੁਰੂ ਜੀ ਸੰਗਤਾਂ ਨੂੰ ਤਾਰਦੇ ਭੈਣੀ ਸਾਹਿਬ ਆਏ। ਸੇਠ ਦਿਆਲ ਸਿੰਘ ਤੇ ਗੁਰਮੁਖ ਸਿੰਘ ਜੀ ਫਿਲੋਕਿਆਂ ਵਾਲੇ ਆਏ ਤੇ ਅਰਜ਼ ਕੀਤੀ, ਹੋਲਾ ਨੇੜੇ ਆਇਆ ਹੈ, ਮਾਇਆ ਲੈ ਲਵੋ ਤੇ ਜਿਥੇ ਰਜ਼ਾ ਹੈ ਹੋਲਾ ਕਰੋ। ਸਤਿਗੁਰੂ ਜੀ ਕਿਹਾ, ਐਤਕੀਂ ਅਨੰਦ ਪੁਰ ਕਰੀਏ। ਸੇਠਾਂ ਸਤਿਬਚਨ ਕੀਤਾ ਤੇ ਸਤਿਗੁਰੂ ਜੀ ਕਿਹਾ, ਮਾਤਾ ਜੀਵਣ ਕੌਰ ਜੀ ਦੀ ਸਾਰੀ ਜ਼ੁਮੇਵਾਰੀ ਕਰੋ ਤੇ ਇਹਨਾਂ ਨੂੰ ਮਾਇਆ ਦਿਓ।

ਸਤਿਗੁਰੂ ਜੀ ਅਨੰਦ ਪੁਰ ਸਾਹਿਬ ਗਏ ਕੁਝ ਸੁਜਾਨ ਸਿੰਘ ਨਾਲ ਲੈ। ਚਰਨ ਗੰਗਾ ਕੰਢੇ ਜਗ੍ਹਾ ਵੇਖ ਕੁਝ ਛੱਪਰ ਤੇ ਕੁਝ ਤੰਬੂ ਲਾਏ ਚੰਗੇ ਜਾਣੇ। ਸੰਤ ਸਵੰਦ ਸਿੰਘ ਜੀ ਤੇ ਸੇਵਾ ਸਿੰਘ ਜੀ ਮਹੰਤ, ਲਾਲ ਸਿੰਘ ਜੀ ਲਤਾਲਾ ਏ ਅਤੇ ਕੇਲਾ ਸਿੰਘ ਜੀ ਸਿਆਣੇ ਜਾਣ ਜ਼ੁਮੇਵਾਰ ਕਰ ਛੱਡ ਆਏ ਤੇ ਕਹਿ ਆਏ, ਸਰਕਾਰੇ ਭੀ ਅਰਜ਼ੀ ਦੇਣੀ ਕਿ ਪਹਾੜਾਂ ਤੇ ਦੁਆਲੇ ਦੇ ਪਿੰਡਾਂ ਵਿਚ ਸਰਕਾਰ ਕਹਿ ਦੇਵੇ, ਕੋਈ ਹੁੱਕਾ, ਸਿਗਰਟ ਤੇ ਸ਼ਰਾਬ ਲੈ ਕੇ ਹੋਲੇ ਦੇ ਮੇਲੇ ਵਿਚ ਨਾ ਵੜੇ। ਨਿਹੰਗਾਂ ਸੁਣਿਆ, ਇਸ ਸਾਲ ਭੀ ਹੋਲਾ ਕੂਕਿਆਂ ਅਨੰਦਪੁਰ ਕਰਨਾ ਹੈ ਤਾਂ ਬਹੁਤ ਕੁੜ੍ਹੇ ਤੇ ਆਪੇ ਵਿਚ ਕਹਿਣ, ਲੋਕ ੬੮ ਵਾਲੇ ਹੋਲੇ ਤੇ ਗੰਦ ਬੋਲੀਆਂ ਦੀਆਂ ਟੋਲੀਆਂ ਰੁਕੀਆਂ ਜਾਣ ਉਹਨਾਂ ਦੀ ਸਿਫਤ ਬਹੁਤ ਕਰਦੇ ਹਨ। ਇਸ ਸਾਲ ਅਸਾਂ ਏਥੇ ਉਸ ਨੂੰ ਚੋਰ ਨਹੀਂ ਹੋਣ ਦੇਣਾ। ਇਹ ਸਲਾਹ ਕਰ ਉਹਨਾਂ ਨਿਹੰਗਾ ਅਗੇ ਨਾਲੋਂ ਬਹੁਤੇ ਸੱਦੇ।

ਮਾਤਾ ਜਿਉਣ ਕੌਰ ਜੀ ਸਭ ਰਸਤ ਲਿਖਾਈ ਤੇ ਸਤਿਗੁਰੂ ਜੀ ਲੁਧਿਆਣਿਉਂ ਖਰੀਦ ਗੱਡੇ ਉਠਾਂ ਤੇ ਅਨੰਦਪੁਰ ਸਾਹਿਬ ਪੁਚਾਈ ਤੇ ਹੋਲੇ ਜੋਗ ਕੱਖ ਤੰਬੂ ਭੀ ਏਸੇ ਤਰ੍ਹਾਂ ਪੁਚਾਏ।

ਮਾਤਾ ਜੀ ਹਰ ਮੇਲੇ ਤੇ ਘਿਉ, ਖੰਡ, ਸ਼ਕਰ, ਗੁੜ ਤੇ ਦੁੱਧ ਬਦਾਮਾਂ ਦੇ ਪੀਪੇ ਭਰ ਤਿੰਨ ਪਲੇ ਭੀ ਪਾਸ ਰਖਦੇ। ਸਭ ਦਰ ਆਏ ਨੂੰ ਬੁੱਕ ਭਰ ਪਲਾ ਭਰ ਮੰਗੀ ਵਸਤ ਵਰਤਾਂਦੇ ਰਹਿੰਦੇ। ਅਨੰਦਪੁਰ ਵਲ ਜਾਣ ਵਾਲੀਆਂ ਸੰਗਤਾਂ ਵਿਚੋਂ ਕਈ ਅਮੀਰ ੫) ਦੀ ਰਸਤ ਛਕ ੫੦) ਮੱਥਾ ਟੇਕ ਜਾਂਦੇ। ਹਰਨਾਮ ਸਿੰਘ ਨਥਾਣੀਆ ਰੋਜ਼ ਮਾਤਾ ਜੀ ਦੇ ਡੇਰੇ 'ਚੋਂ ੨–੩ ਸੌ ਰੋਕ ਕੱਢਦਾ ਹੋਰ ਰਸਤ ਲਿਔਣ ਲਈ।

## ਅਸੀਂ ਵੀ ਤੇਰੇ

ਮਾਤਾ ਜੀ ਨਿਹੰਗਾਂ ਨੂੰ ਕਹਿੰਦੇ, ਵੇ ਨਿਹੰਗੋ ਕਿਤੇ ਦੰਗਾ ਨਾ ਕਰਿਉ ਅਨੰਦਪੁਰ ਸੁਣਿਆਂ ਹੈ

ਤੁਸੀਂ ਆਖਦੇ ਹੋ ਪਰਤਾਪ ਸਿੰਘ ਨੂੰ ਗੁਰੂ ਬਣ ਚੋਰ ਨਹੀਂ ਭਲੇਣ ਦੇਣਾ ਨਿਹੰਗ ਰਸਤ ਮਨ-ਮੰਗੀ ਲੈ ਕਹਿੰਦੇ ਚਰਨੀਂ ਹਥ ਲਾ, ਮਾਤਾ ਜੀ ਉਹ ਭੀ ਤੇਰਾ ਪੁੱਤ੍ਰ ਤੇ ਅਸੀਂ ਭੀ ਤੇਰੇ ਪੁੱਤ੍ਰ ਲੜਨਾ ਕਿਉਂ ਹੋਇਆ।

ਸੰਤ ਵਧਾਵਾ ਸਿੰਘ ਜੀ ਦੁਰਗਾਪੁਰ, ਤਹਿਸੀਲ ਨਵਾਂ ਸ਼ਹਿਰ ਵਾਲਿਆਂ ਹੋਲੇ ਤੇ ਜਾਣ ਵਾਲੀਆਂ ਸੰਗਤਾਂ ਨੂੰ ਸਭ ਰਸਤ ਘਰ ਦੀ ਛਕਾ ਦਿੱਤੀ ਤੇ ਅਨੰਦਪੁਰ ਵਿਚਕਾਰਲੇ ਦਿਨ ਗੁਰੂ ਜੀ ਤੇ ਸੰਗਤ ਦਾ ਦਰਸਨ ਮੇਲਾ ਕੀਤਾ। ਤੇ ਇਕ ਦਿਨ ਰਹਿ ਇਕ ਸਿੱਖ ਨੂੰ ਆਪਣੇ ਵਲੋਂ ਕਹਿ ਕਿ ਸਤਿਗੁਰੂ ਜੀ ਪਾਸ ਮੇਰੀ ਅਰਜ ਕਰ ਦੇਣੀ ਕਿ ਵਧਾਵਾ ਸਿੰਘ ਹੁਣ ਘਰ ਦਾ ਚੂਨ ਭੂਨ ਹੀ ਛਕਾਵੇਗਾ ਵਾਪਸ ਸੰਗਤ ਔਦੀ ਨੂੰ ਰੀਝਦਾ ਰੱਜਵਾਂ ਜੇ ਆਪ ਕਿਰਪਾ ਹੀ ਕਰੋਗੇ ਤਾਂ ਪ੍ਰਸਾਦ ਮਿਲੇਗਾ।

## *ਨਿਹੰਗ ਨੱਸ ਗਏ*

ਦੋ ਦਿਨ ਅਨੰਦਪੁਰ ਬੜੇ ਅਨੰਦ ਦਾ ਦੀਵਾਨ ਮੇਲਾ ਲੰਗਰ ਹੋਇਆ। ਨਿਹੰਗ ਹੰਗਤਾ ਭਰੇ ਬੋਲ-ਬਕਾਰੇ ਤੇ ਕਰਦੇ ਪਰ ਨਾਮਧਾਰੀਆਂ ਵਲੋਂ ਹਰ ਥਾਂ ਦੀਵਾਨ ਲੰਗਰ ਰਸਤੇ ਆਦਿ ਤੇ ਪੂਰਾ ਹੁਸ਼ਿਆਰੀ ਦਾ ਤੇ ਸਹਿਜ ਪਿਆਰ ਭਰਿਆ ਪਹਿਰਾ ਹੋਣ ਕਰ ਉਹਨਾਂ ਦਾ ਜੋਰ ਨਾ ਪਿਆ। ਤੀਜੇ ਦਿਨ ਕੁਝ ਨਿਹੰਗਾਂ ਖਿਝ ਕੇ ਕੂਕਿਆਂ ਦੇ ਤੰਬੂਆਂ ਦੇ ਰਸੇ ਘੋੜੇ ਬੰਨ੍ਹਣ ਦਾ ਪੱਜ ਲਾ ਕੇ ਵਢ ਦਿੱਤੇ ਤੇ ਕੁਝ ਰੋਕਣ ਵਾਲਿਆਂ ਵਲੋਂ ਤਗੜਾ ਹੋ ਵਰਜਣ ਤੇ ਝਗੜਾ ਹੋਇਆ।

ਸਤਿਗੁਰੂ ਜੀ ਪਾਸ ਸਿੱਖ ਭੱਜਾ ਗਿਆ ਤੇ ਕਿਹਾ, ਨਿਹੰਗ ਉਪਾਧ ਉਠਾਂਦੇ ਹਨ ਤੇ ਉਹਨਾਂ ਤੰਬੂਆਂ ਦੇ ਰਸੇ ਵੱਢ ਦਿੱਤੇ ਹਨ। ਸਤਿਗੁਰੂ ਜੀ ਸਿਆਣੇ ਸਿੱਖ ਸੱਦ ਕਿਹਾ। ਅਸੀਂ ਸੁਣਦੇ ਤੇ ਵੇਖਦੇ ਭੀ ਹਾਂ। ਪੁਲਸ ਪ੍ਰਸਾਦੇ ਛਕ ਪਈ ਝਾਕਦੀ ਏ। ਉਹਨਾਂ ਵਲੋਂ ਬੇਸ਼ਕ ਕੁਝ ਪਿਆ ਹੋਵੇ। ਗੋਰਿਆਂ ਦਾ ਨਿਮਕ ਖਾਣੇ ਗੈਰ ਹੀ ਜਾਣੋ। ਤੁਸੀਂ ਨਿਹੰਗਾਂ ਨੂੰ ਭਰਾ ਹੀ ਜਾਣੋ ਤੇ ਜਾ ਕੇ ਵੇਖੋ ਵਾਧਾ ਕਿਦ੍ਹਾ ਹੈ। ਆਪਣੇ ਸਿੱਖਾਂ ਨੂੰ ਸਮਝਾਉ ਕਿ ਜੇ ਤੁਸੀਂ ਭੀ ਨਿਹੰਗਾਂ ਭੰਗ ਪੀਣਿਆਂ ਵਾਂਗੂ ਹੀ ਹੋ ਵਰਤੇ ਤਾਂ ਫਰਕ ਕੀ ਹੋਇਆ। ਸਿਆਣੇ ਜੋ ਆਖਦੇ ਹਨ ਭੁਖੇ ਹੀ ਬਹੁਤੇ ਹੁੰਦੇ ਭੁਏ। ਜਿਨ੍ਹਾਂ ਦਾ ਨਾ ਕੁਝ ਪਿੰਡ ਤੇ ਨਾ ਕੁਝ ਜੁਹੋ। ਤੁਸੀ ਤਾਂ ਇਵੇਂ ਦੇ ਨ ਬਣੋ, ਤੁਸਾਂ ਹੋਲਾ ਵਿਢਿਆ ਹੈ: ਸਿਆਣਿਆਂ ਜਾ ਡਿਠਾ ਸਿਰਫ ਰਸੇ ਹੀ ਕੁਝ ਕਟੇ ਸੀ ਨਿਹੰਗਾਂ, ਡਰਦੇ ਹਰਨ ਹੋ ਗਏ ਸੀ। ਮਤ ਕੂਕੇ ਕੁਦ ਨ ਪੈਣ। ਕੂਕਿਆਂ ਦਾ ਇਕੱਠ ਬਹੁਤ ਸੀ ਤੇ ਨਿਹੰਗ ਬਹੁਤ ਘਟ ਸੀ। ਸਿੱਖ ਆਪਣਿਆਂ ਨੂੰ ਹੌਸਲਾ ਦੇ ਆਏ ਤੇ ਦੱਸਿਆ ਕਾਹਲ ਕਰਦੇ ਤਾ ਭੁਤਨਿਆਂ ਦੀ ਖੇਡ ਕਰ ਲਭ ਮਰਦੇ :—

ਗੁਰ ਚਰਨੀ ਮਨ ਧੀਰਾ ॥

ਆਪ ਦੀ ਮਤ ਵਰਤ ਸਾਂਤ ਵਰਤ ਗਈ ਹੈ। ਸਤਿਗੁਰੂ ਜੀ ਵਲੋਂ ਤੇ ਸੰਗਤ ਵਲੋਂ ਪਾਠਾਂ ਕੀਤਿਆਂ ਦੇ ਕਈ ਭੋਗ ਪਾਏ ਕੁਝ ਬੀੜਾਂ ਪ੍ਰਕਾਸ਼, ਹਵਨ ਕੀਤਾ ਅੰਮ੍ਰਿਤ ਬਣਾਏ ਤੇ ਹੋਲੇ ਦੀ ਸਮਾਪਤੀ ਦੇ ਦੀਵਾਨ ਸਮੇਂ ਸੰਤ ਲਾਲ ਸਿੰਘ ਜੀ ਭੁਰੇਗਿਲੀਆਂ ਤੇ ਕਾਲੂ ਮਤ੍ਰ ਕੇ ਰਾਗੀ ਜੱਥੇ ਸ਼ਬਦ ਪੜ੍ਹਿਆ।

ਗੁਰਿ ਪੂਰੇ ਮੇਰੀ ਰਾਖਿ ਲਈ ॥

ਤਾਕੀ ਸਰਨਿ ਪਰਿਓ ਨਾਨਕ ਦਾਸ ਜਾ ਤੇ ਊਪਰਿ ਕੋ ਨਾਹੀ ॥

ਸਭ ਸੰਗਤ ਸ਼ਾਂਤ ਚਿੱਤ ਸੁਣਦੀ ਪੁਲਸ ਦੇ ਸਿਪਾਹੀ ਥਾਣੇਦਾਰ ਤੇ ਇਕ ਉਪਰਲਾ ਅਫਸਰ ਅੰਗਰੇਜ਼ ਭੀ ਦੀਵਾਨ ਵਿਚ ਆਇਆ ਤੇ ਸਭ ਨੇ ਬੜੇ ਚੰਗੇ ਸੁਭਾ ਸੀਸ ਨਿਵਾ ਮਥਾ ਟੇਕਿਆ। ਸਤਿਗੁਰੂ ਜੀ ਆਦਰ ਦੇ, ਸੰਗਤ ਵਿਚ ਜੋਗ ਜਗ੍ਹਾ ਰਖੀ ਵਾਲੇ ਥਾਂ ਇਸ਼ਾਰਾ ਕਰ ਬਹਾਇਆ।

Sri Satguru Jagjit Singh Ji Elibrary NamdhariElibrary@gmail.com

ਥਾਣੇਦਾਰ ਤੇ ਗੋਰੇ ਨੇ ਸਤਿਗੁਰੂ ਜੀ ਦੇ ਹਜ਼ੂਰ ਹੱਥ ਜੋੜ ਕਿਹਾ, ਆਪ ਦੇ ਸਮਰਥਾਣ ਨਾਲ ਸਭ ਮੇਲੇ ਵਿਚ ਸਾਂਤ ਰਹੀ ਹੈ ਨਹੀਂ ਤੇ ਕਾਲੂ ਕਰ ਐਵੇਂ ਕਈਆਂ ਹਾਲੋਂ-ਬਿਹਾਲ ਤੇ ਬੇਸੁਆਦ ਹੋ ਜਾਣਾ ਸੀ। ਅਸਾਂ ਸੁਣਿਆਂ ਹੈ ਨਿਹੰਗਾਂ ਉਪਾਧੀ ਉਠਾਈ ਸੀ। ਸਤਿਗੁਰੂ ਜੀ ਸਹਿਜ ਨਾਲ ਉੱਤਰ ਦਿੱਤਾ ਅਸੀਂ ਜਾਣਦੇ ਹਾਂ ਤੁਹਾਡੀ ਖੁਫੀਆ ਤੇ ਪਰਗਟ ਪੁਲਸ ਸਭ ਕੁਝ ਜਾਣਦੀ ਹੈ ਪਰ ਇਹ ਜੋ ਅਰਾਮ ਰਿਹਾ ਹੈ ਸਤਿਗੁਰੂ ਰਾਮ ਸਿੰਘ ਜੀ ਦੇ ਬਚਨਾਂ "ਬੋਲ ਕਬੋਲ ਸਭ ਦਾ ਸਹਿ ਜਾਣਾ" ਤੇ "ਕਾਲੂ ਕਰਨੀ ਭੂਤਨਿਆਂ ਦੀ ਕਾਰ ਏ" ਸੋਚ ਅਸੀਂ ਆਪ ਸੁਖੀ ਰਹੇ ਹਾਂ ਤੇ ਉਹਨਾਂ ਨਿਹੰਗਾਂ ਨੂੰ ਭੀ ਦੰਗਾ ਕਰਨੋਂ ਹੈਰਾਨ ਹੋਣੋ ਬਚਾ ਲਿਆ ਹੈ। ਸਤਿਗੁਰੂ ਜੀ ਪਾਸ ਭੋਗ ਸਮੇਂ ਸਿੱਖਾਂ ਵਲੋਂ ਦੁੱਖ ਸੁੱਖ ਮੇਲਿਆਂ ਤੇ ਬੂਤਾਂ ਲੋੜਾਂ ਤੇ ਆਪੋ ਵਿਚ ਦੀਆਂ ਅਰਜ਼ਾਂ ਜੋ ਆਈਆਂ ਸੀ ਸਤਿਗੁਰੂ ਜੀ ਜੋਗ ਉੱਤਰ ਦਿੱਤੇ ਤੇ ਸੰਤ ਵਧਾਵਾ ਸਿੰਘ ਜੀ ਦੁਰਗਾ ਪੁਰ ਵਾਲਿਆਂ ਦੀ ਅਰਜ਼ ਸੁਣ ਸਾਧ ਸੰਗਤ ਵਿਚ ਅਖਵਾਇਆ। ਦੁਰਗਾਪੁਰ ਵਾਪਸ ਜਾਂਦਿਆਂ ਜੋਗ ਸਾਧ ਸੰਗਤ ਰਸਤ ਭੇਜੇਗੀ ਤਾਂ ਹੀ ਸੰਤਾਂ ਵਲੋਂ ਲੰਗਰ ਸੁਆਦ ਦਾ ਸਰੇਗਾ। ਇਹ ਸੁਣ ਸੰਤ ਸੁੰਦਰ ਸਿੰਘ ਜੀ ਭੂਰੀ ਵਾਲਿਆਂ ਝੋਲੀ ਕਰ ਸੰਗਤ ਵਿਚ ਫੇਰਾ ਲਾਇਆ, ਸੰਗਤ ਪਦਾਰਥ ਪਾਇਆ ਭੂਰੀ ਵਾਲਿਆਂ ਤੁਰਤ ਦੁਰਗਾਪੁਰ ਸਿੱਖ ਭੇਜ ਪਹੁੰਚਾਇਆ ਤਾਂ ਵਧਾਵਾ ਸਿੰਘ ਜੀ ਲੰਗਰ ਚਲਾਇਆ ਤੇ ਰੀਝ ਨਾਲ ਸਭ ਆਏ ਨੂੰ ਵਰਤਾਇਆ ਤੇ ਸੁਣਵਾਇਆ ਗਿਆ, ਹੋਲਾ ਅਗਲੇ ਸਾਲ ਦਾ ਵਰਨਾ ਦੀ ਸੰਗਤ ਜ਼ਿਲ੍ਹਾ ਸ਼ੇਖੂਪੁਰੇ ਵਲੋਂ ਹੋਵੇਗਾ, ਹੋਲਾ ੧੯੭੫ ਦਾ ਨਿਰਵਿਘਨ ਸਹਿਤ ਭੋਗਾਂ, ਹਵਨ, ਲੰਗਰ ਦੇ ਸਮਾਪਤ ਹੋਇਆ।

ਸਤਿਗੁਰੂ ਜੀ ਅਗਲੇ ਤਲਕ ਕੇਸਗੜ੍ਹ ਸਾਹਿਬ ਗੁਰਦੁਆਰੇ ਦੇ ਦਰਸਨ ਨੂੰ ਟੁਰੇ। ਇਕ ਨਿਹੰਗ ਸਿੰਘ ਅਗਦੀ ਉਪਰ ਪੌੜਾਂ ਦੇ ਖੜਾ ਤਲਵਾਰ ਨੰਗੀ ਕਰ ਕਹੇ ਮੈਂ ਏਥੇ ਪਰਤਾਪ ਸਿੰਘ ਨੂੰ ਨਹੀਂ ਮਥਾ ਟੇਕਣ ਦੇਣਾ ਉਹ ਗੁਰੂ ਗ੍ਰੰਥ ਸਾਹਿਬ ਦੇ ਸਾਹਵੇਂ ਚੌਰ ਕਰਾਂਦਾ ਤੇ ਗੁਰੂ ਅਖਵਾਂਦੈ। ਸੰਗਤ ਸੁਣਿਆਂ ਤੇ ਸਤਿਗੁਰੂ ਜੀ ਨੂੰ ਦੱਸਿਆ। ਸਤਿਗੁਰੂ ਜੀ ਕੁਝ ਕਿਸੇ ਨੂੰ ਹੋਰ ਉੱਤਰ ਨਾ ਦਿੱਤਾ।

"ਸੋ ਡਰੇ ਜਿਨਿ ਪਾਪ ਕਮਤੇ ਰਾਮ ॥"

ਤੁਕ ਹੀ ਪੜ੍ਹੀ, ਪੌੜਾਂ ਤੇ ਚੜ੍ਹ ਗਏ ਤੇ ਉਸ ਨਿਹੰਗ ਸਾਹਿਬ ਦੀ ਚਰਨੀਂ ਹੱਥ ਲਾ ਕਿਹਾ, ਨਿਹੰਗ ਸਿੰਘ ਜੀ ਸਤਿ ਸ੍ਰੀ ਅਕਾਲ। ਉਸ ਨਿਹੰਗ ਗੁਰਬਰ ਅਕਾਲ ਕਹਿ ਤਲਵਾਰ ਮਿਆਨ ਵਿਚ ਪਾ-ਲਈ ਤੇ ਸੰਗਤ ਵਿਚ ਰਲ ਗਿਆ।

ਪੁਜਾਰੀਆਂ ਸੌ ਰੁਪਿਆ ਤੇ ਭੇਟਾ ਧਰੀ ਲੈ ਲਿਆ ਤੇ ਮੇਲੇ ਦੀ ਰਸਤ ਵਧੀ ਲੈਣੋ ਇਨਕਾਰ ਕੀਤਾ। ਸੋ ਸਤਿਗੁਰੂ ਜੀ ਸ਼ਹੀਦੀ ਬਾਗ ਦੇ ਸੰਤ ਤੇ ਨਿਹੰਗ ਸਿੰਘ ਸੰਪੂਰਨ ਸਿੰਘ ਨੂੰ ਸੱਦ ਭੇਟਾ ਕੀਤੀ ਉਸ ਨੇ ਬੜੇ ਹੀ ਖੁਸ਼ ਹੋ ਸਤਬਚਨ ਤੇ ਸੁਅਸਤ ਕੀਤੀ ਤੇ ਹੋਰ ਆਪਣੇ ਅੰਦਰਲੇ ਦਾ ਉਤਸ਼ਾਹ ਤੇ ਸਰਧਾ ਜਨਾਈ ਤੇ ਕਿਹਾ, ਜੇ ਆਪ ਨਾ ਸਾਂਤ ਵਰਤਾਂਦੇ ਤਾਂ ਕਲਜੁਗੀ ਮਤ ਵਾਲਿਆਂ ਕਾਲ੍ਹਿਆਂ ਤੇ ਈਰਖਾਲੂਆਂ ਸਤਿਜੁਗੀ ਸੁਆਦ ਭੰਗ ਕਰਨ ਵਲੋਂ ਕਸਰ ਨਹੀਂ ਛੱਡੀ। ਸਤਿਗੁਰੂ ਜੀ ਸ਼ਹੀਦੀ ਸਥਾਨ ਸੀਸ ਨਿਵਾ ਕਿਹਾ, ਸਭ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਦਾ ਫਲ ਹੈ।

## ਰਾਮ ਵਿਯੋਗੀ

ਇਕ ਦਿਨ ਕਾਲੂ ਰਾਗੀ ਦੇ ਸਾਥੀ ਬੌਰਿਆਂ ਸੰਦਲ, ਹਜਾਰੀ, ਸੋਹਣੇ ਨੇ ਭਰੇ ਦੀਵਾਨ ਵਿਚ ਖੜੇ ਕੇ ਗੀਤ ਸੁਣਾਇਆ :—

Sri Satguru Jagjit Singh Ji Elibrary                NamdhariElibrary@gmail.com

ਸਾਈਆਂ ਲਾਜ ਰਖੀਂ ਲਾਈਆਂ ਅਖੀਆਂ ਦੀ।
ਸਾਨੂੰ ਸਾੜਦੀ ਏ ਬੋਲੀ ਸਖੀਆਂ ਦੀ।
ਉਹ ਆਖਦੀਆਂ ਤੂੰ ਝੂਠੀ ਏਂ।
ਐਵੇਂ ਬਣ ਬਣ ਬਹਿੰਦੀ ਅਨੂਠੀ ਏਂ।
ਉਸ ਮਿਲਣਾ ਨਹੀਂ ਹੁਣ ਆ ਤੈਨੂੰ।
ਲਾ ਲਾਰੇ ਰਿਹਾ ਅਜ਼ਮਾ ਤੈਨੂੰ।
ਫੜ ਤਾਘ ਉਡੀਕਾਂ ਰਖੀਆਂ ਦੀ।
ਸਾਈਆਂ ਲਾਜ ਰਖੀਂ ਲਾਈਆਂ ਅਖੀਆਂ ਦੀ।

ਸਤਿਗੁਰੂ ਜੀ ਸੁਣ ਕੇ ਵੈਰਾਗ ਵਿਚ ਨੇਤ੍ਰ ਭਰ ਕਿਹਾ, ਇਹਨਾਂ ਨੂੰ ਬਦਾਮ ਤੇ ਹੋਰ ਇਨਾਮ ਦੇ ਚੁਪ ਕਰਾ ਦਿਓ ਮੈਥੋਂ ਏਡੇ ਦਰਦ ਭਰੇ ਬੋਲ ਸੁਣ ਸਹਾਰੇ ਨਹੀਂ ਜਾਂਦੇ। ਇਹ ਕਹਿ, ਕਿੰਨਾ ਚਿਰ ਹੀ ਬੁਕਲ ਵਿਚ ਮੁਖ ਪਾਏ ਭੁਸਕੋਰੇ ਭਰਦੇ ਰਹੇ। ਤੇ ਸੰਗਤ ਭੀ ਸਭ ਵੈਰਾਗੀ ਹੋਈ ਰਹੀ।

ਮੈਂ ਹੁਣ ਉਦਾਸ ਹੁੰਦਾ ਹਾਂ ਕਿ ਗੁਰੂ ਰਾਮ ਸਿੰਘ ਜੀ ਦਾ ਵੈਰਾਗ ਛਡਿਆ ਨਾਮ ਭੀ ਕੋਈ ਉਸ ਉਡੀਕ , ਵੈਰਾਗ ਨਾਲ ਨਹੀਂ ਲੈਂਦਾ।

ਇਹ ਹੋਲਾ ਚਰਨ ਗੰਗਾ ਤੇ ਹੋਇਆ ਸੀ।

ਨਦੀ ਦੇ ਘਾਹ ਤੇ ਸੰਗਤ ਬੜੇ ਸੁੱਖ ਨਾਲ ਰਹੀ ਸੀ ਤੇ ਜਲ ਜਿਥੇ ਲੋੜਦੇ ਸਾਧ ਚਾਰ ਹਥ ਟੋਆ ਪੁਟ ਜਲ ਕਢ ਵਰਤਦੇ। ਦੀਵਾਨ ਭਾਵੇਂ ਆਸਾ ਦੀ ਵਾਰ ਤੇ ਪਿਛਲੇ ਪਹਿਰ ਦੇ ਕੀਰਤਨ ਵਿਰਲਾ ਭੀ ਘਟ ਰਸ ਰੌਣਕ ਵਾਲਾ ਨਹੀਂ ਸੀ ਹੁੰਦਾ ਪਰ ਸਾਧ ਅਪਣੇ ਆਪਣੇ ਜਥਿਆਂ ਵਾਲੇ ਵਖ ਰਖ ਭੀ ਰਾਤ ਲਾਂਦੇ ਸੀ। ਜਥੇਦਾਰ ਬਿਸ਼ਨ ਸਿੰਘ ਭਦੌੜ ਦੇ ਤੇ ਮਸਤਾਨ ਸਿੰਘ ਜੀ ਰਾਏ-ਸਰ ਵਾਲੇ ਸੂਬੇ ਨੇ ਰਾਤ ਦਾ ਦੀਵਾਨ ਮਿੱਠੀਆਂ ਮਾਲਵੇ ਦੀਆਂ ਧਾਰਨਾ ਦਾ ਰਲ ਅਰੰਭ ਭੋਗ ਵਾਲੇ ਦਿਨ ਚੋਖਾ ਦਿਨ ਚੜ੍ਹੇ ਹੀ ਥੰਮਿਆ। ਕਈ ਸਾਧ ਸਾਰੀ ਰਾਤ ਨਾ ਸੌਂਦੇ ਤੇ ਨ੍ਹੌਂਦੇ ਸੀ ਸਬਦ-ਸੁਆਦ ਵਿਚੋਂ ਉਠ।

## ਮੁਕਤੀ ਬਾਰ੍ਹਵੇਂ ਗੁਰੂ ਤੋਂ ਹੀ

ਸੰਤ ਵਧਾਵਾ ਸਿੰਘ ਜੀ ਦੁਰਗਾ ਪੁਰ ਵਾਲਿਆਂ ਪੰਡਿਤ ਬਸੰਤ ਸਿੰਘ ਜੀ ਪਧਾਣੇ ਵਾਲਿਆਂ ਨੂੰ ਦੱਸਿਆ ਸੀ। ਸਾਡੇ ਨਗਰ ਦੁਰਗਾ ਪੁਰ ਇਕ ਬੜੀ ਉਮਰ ਵਾਲਾ ਤੇ ਰਿੱਧੀ ਸਿੱਧੀ ਵਾਲਾ ਸਾਧ ਰਹਿੰਦਾ ਸੀ ਤੇ ਕਹਿੰਦਾ ਸੀ, ਮੈਂ ਗੁਰੂ ਨਾਨਕ ਜੀ ਤੋਂ ਲੈ ਦਸਮ ਜੀ ਤਕ ਸਭ ਗੁਰੂਆਂ ਦੇ ਦਰਸਨ ਕੀਤੇ ਹਨ। ਪਰ ਮੇਰਾ ਭਾਗ ਸਤਿਗੁਰੂ ਰਾਮ ਸਿੰਘ ਜੀ ਬਾਰ੍ਹਵੇਂ ਗੁਰੂ ਜੀ ਕੋਲੋਂ ਸਬਦ ਮਿਲ ਮੁਕਤ ਹੋਣ ਦਾ ਏ। ਜੋ ਉਸ ਦੇ ਸੇਵਕ ਸੀ ਉਹਨਾਂ ਨੂੰ ਭੀ ਕਹਿੰਦਾ, ਤੁਸੀਂ ਭੀ ਉਹਨਾਂ ਸਤਿਗੁਰੂ ਪਾਸੋਂ ਹੀ ਭਜਨ ਲਿਆ ਜੇ, ਮੈਂ ਤੇ ਅਜੇ ਆਪ ਹੀ ਆਸ ਰਖੀ ਉਡੀਕ ਰਿਹਾ ਹਾਂ। ਉਹ ਆਪੇ ਆਉਣਗੇ। ਸਤਿਗੁਰੂ ਰਾਮ ਸਿੰਘ ਜੀ ਦੌਰਾ ਕਰਦੇ ਦੁਰਗਾ ਪੁਰ ਆਏ, ਅਵਾਜ਼ਾ ਦੇ, ਉਸ ਸਾਧ ਨੂੰ ਸੱਦ ਦਰਸਨ ਦੇ ਭਜਨ ਦੱਸਿਆ। ਉਸ ਦੇ ਸੇਵਕਾਂ ਭੀ ਭਜਨ ਲੈਣ ਦੀ ਅਰਜ ਕੀਤੀ ਤਾਂ ਸਤਿਗੁਰੂ ਜੀ ਉਹਨਾਂ ਨੂੰ ਕਿਹਾ, ਇਹ ਸੰਤ ਜੀ ਥੋੜੇ ਦਿਨਾਂ ਨੂੰ ਚੜ੍ਹ ਜਾਣਗੇ, ਤੁਸੀਂ ਅੰਮ੍ਰਿਤਸਰ ਆਉਣਾ ਉਥੇ ਭਜਨ ਦੱਸਾਂਗੇ, ਹਾਲੀ ਰਾਮ ਰਾਮ ਹੀ ਜਪੋ।

ਉਹ ਸਾਧ ਥੋੜ੍ਹੇ ਦਿਨਾਂ ਬਾਅਦ ਚੜ੍ਹ ਗਿਆ ਉਹਨਾਂ ਮਿਰਤਕ ਸੰਸਕਾਰ ਕਰ ਸ੍ਰੀ ਅੰਮ੍ਰਿਤਸਰ

ਜੀ ਜਾ. ਸਤਿਗੁਰੂ ਜੀ ਪਾਸੋਂ ਭਜਨ ਪੁੱਛਿਆ।

ਮੈਂ ਪੰਡਿਤ ਬਸੰਤ ਸਿੰਘ ਜੀ ਪਾਸੋਂ ਹੋਰ ਸਤਿਗੁਰੂ ਜੀ ਦੇ ਬਚਨ ਸੁਣ ਬਾਅਦ ਇਸ ਬਚਨ ਤੇ ਸ਼ੰਕਾ ਆਈ ਬਾਬਤ ਪੁੱਛਿਆ ਕਿ ਗੁਰੂ ਧਾਰੇ ਬਿਨਾਂ ਰਿਧੀ ਸਿਧੀ ਤੇ ਹੋਰ ਸ਼ਕਤ ਕਿਵੇਂ ਪੈਦਾ ਹੋ ਸਕਦੀ ਏ। ਪੰਡਿਤ ਜੀ ਉੱਤਰ ਦਿੱਤਾ. ਫਰੀਦ ਜੀ ਵਿਚ ਗੁਰੂ ਜੀ ਦੇ ਮਿਲੇ ਤੋਂ ਪਹਿਲਾਂ ਹੀ ਸ਼ਕਤ 'ਚਿੜੀਆਂ ਨੂੰ ਮਾਰ ਜਵਾਨ ਦੀਂ' ਜਿਵੇਂ ਆ ਦੱਸੀ ਸੀ। ਪਰ ਨਜਾਤ ਗੁਰੂ ਨੂੰ ਮਿਲਿਆ ਹੀ ਮਿਲੀ ਸੀ। ਹੋਰ ਤਪ, ਚਿਲੇ, ਕਸ਼ਟ ਹੋਰ ਸ਼ਕਤਾਂ ਦੇ ਸਕਦੇ ਹਨ ਜਿਵੇਂ ਸੱਪ, ਚੂਹੇ ਦਾ ਮੰਤ੍ਰ ਏ। ਫਰੀਦ ਮੁਲਤਾਨ ਜਾ ਕੁਤਬ ਦੀਨ ਨੂੰ ਪਰਖ ਗੁਰੂ ਧਾਰ ਫਕਰਾਂ ਤੇ ਗੁਰੂ-ਪੀਰਾਂ ਦੀ ਪੰਗਤੀ ਤੇ ਮੁਕਤ ਜੋਗ ਬਣਿਆ ਸੀ।

## ੧੯੭੯ ਵਾਂ ਸਾਲ ਦਾ ਅਰੰਭ

ਸਾਧ ਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ ॥
ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ ॥
ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ ॥

ਇਸ ਦਾ ਅਰਥ ਜੋ ਮੇਰੇ ਅੰਦਰ ਆਇਆ ਹੈ ਉਹ ਮੈਂ ਇਸ ਸਮੇਂ ਇਸ ਤਰ੍ਹਾਂ ਲਾਇਆ ਹੈ।

ਉਸ ਸੰਤ ਸਾਧ, ਸੰਤ ਕੇਸਰ ਸਿੰਘ ਜੀ 'ਰੂਪ' ਤੇ ਸਰਧਾ ਧਾਰ ਜਿਨ੍ਹਾਂ ਸਤਿਗੁਰੂ ਰਾਮ ਸਿੰਘ ਜੀ ਤੋਂ ਭਜਨ ਲਿਆ ਤੇ ਸਵਾਸ ਸਵਾਸ ਰਸ ਲੈ ਜਾਗ, ਜਪਿਆ ਤੇ ਬਾਬੇ ਜਮੀਤ ਸਿੰਘ ਜੀ ਗਿੱਲ ਪਾਸ ਕੁਝ ਚਿਰ ਰਹੇ। ਫੇਰ ਗੁਰੂ ਹਰੀ ਸਿੰਘ ਜੀ ਨਾਲ ਭੈਣੀ ਸਾਹਿਬ ਰਹੇ, ਬੰਦਗੀ ਕੀਤੀ ਤੇ ਗੁਜਰਾਂਵਾਲੇ ਆ ਦੁਸਹਿਰੇ ਦਾ ਮੇਲਾ ਸਦਾ ਕਰਨਾ ਧਾਰਿਆ ਤੇ ਗੁਜਰਾਂਵਾਲੇ ਦੁਆਲੇ ਬਹੁਤ ਨਗਰਾਂ ਵਿਚ ਨਾਮਧਾਰੀ ਸਿੱਖਾਂ ਨੂੰ ਸੁਧਾਰਿਆ। ਅੰਨ ਦਾ ਲੰਗਰ ਤੇ ਭਜਨ ਦਾ ਭੰਡਾਰਾ ਵਰਤਾਇਆ। ਮੇਰੇ ਜਿਹਾਂ ਕਈਆਂ ਨੂੰ ਭਜਨ ਦੱਸ ਗੁਰੂ ਵਲ ਲਾਇਆ। ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦਾ ਸਿਮਰਨ ਮੇਰੇ ਸਦਾ ਮਨ ਵਿਚ ਵਸਦੇ, ਜਿਨ੍ਹਾਂ ਸੋਝੀ ਦਿੱਤੀ, ਗਿਆਨ ਕੀਤਾ ਕਿ ਸਮੇਂ ਦਾ ਮਾਲਕ ਸਤਿਗੁਰੂ ਹੈ। ਸਾਧ ਸਿਰਫ ਖੇਤ ਵਿਚ ਬੀਜ ਹੀ ਖਲਾਰਨ ਵਾਲੇ ਵਾਂਗ੍ਰਿ ਹੁੰਦੇ ਹਨ। ਜਿਨ੍ਹਾਂ ਦੀ ਦਇਆ ਨਾਲ ਸੁਜਾਨ ਪੁਰਖ ਸਤਿਗੁਰੂ ਪਰਤਾਪ ਸਿੰਘ ਜੀ ਦੀ ਮੈਨੂੰ ਸੋਝੀ ਮਿਲੀ। ਮੈਂ ਉਹਨਾਂ ਸਾਧਾਂ ਤੋਂ ਵਾਰਨੇ ਤੇ ਬਲਿਹਾਰਨੇ ਜਾਂਦਾ ਹਾਂ।

ਸਤਿਗੁਰੂ ਪਰਤਾਪ ਸਿੰਘ ਜੀ ਤੋਂ ਕੁਰਬਾਨ ਜਾਂਦਾ ਹਾਂ ਜਿਨ੍ਹਾਂ ਸਭ ਵਿਚ ਰਮਿਆ ਰਾਮ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਮੈਨੂੰ ਜਨਾਇਆ। ਮੈਂ ਹੁਣ ਉਸ ਮਜਨੂੰ ਵਾਂਗ੍ਰਿ ਜਿਸ ਕਿਹਾ ਸੀ, ਉਸ ਅੱਲਾ ਦੇ ਮਿਲਣ ਦੀ ਬਾਬਤ "ਅਗਰ ਹੈ ਖਾਹਸ ਮਿਲਨੇ ਕੀ ਤੋ ਲੇਲੀ ਬਣ ਕੇ ਆ ਜਾਵੇ।" ਅਰਥਾਤ—ਮੈਂ ਹੋਰਸ ਕੋਲ, ਉਸ ਆਪਣੇ ਪਿਆਰੇ ਬਿਨਾਂ ਜਾਣਾ ਨਹੀਂ ਚਾਹੁੰਦਾ। ਜੇ ਉਸ ਅੱਲਾ ਨੂੰ ਭੀ ਮੈਨੂੰ ਮਿਲਣ ਦੀ ਲੋੜ ਹੈ ਤਾਂ ਲੇਲੀ ਦਾ ਸਰੂਪ ਬਣ ਕੇ ਆਵੇ। ਤਿਵੇਂ ਮੇਰਾ ਭੀ ਹੋਰ ਰੱਬ ਅਕਾਲ ਪੁਰਖ ਤੇ ਸਰੂਪ ਦਾ ਮਿਲਣਾ ਸਤਿਗੁਰੂ ਰਾਮ ਸਿੰਘ ਜੀ ਦੇ ਦਰਸਨ ਬਿਨਾਂ ਮੁਕ ਗਿਆ ਹੋਇਆ ਏ, ਮੈਂ ਇਹ ਮੰਗਲ ਸੰਤਾਂ, ਸਤਿਗੁਰੂ ਜੀ ਤੇ ਅਕਾਲ ਪੁਰਖ ਦਾ ਕੀਤਾ ਹੈ ਤੇ ਅਰਜ ਕਰ ਮੰਗਦਾ ਹਾਂ।

ਮਲ੍ਹਾਰ ਮਹਲਾ ੫ ॥

ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ ॥
ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ॥

ਦੇ ਭਾਵ ਅਨੁਸਾਰ ਰਸ ਨਾਲ ਸਤਿਗੁਰੂ ਜੀ ਦੇ ਗੁਣ ਗਾਉਣ ਦੀ ਸੁਰਤ ਬੀਚਾਰ ਮੈਨੂੰ ਪ੍ਰਾਪਤ ਹੋਵੇ। ਖੋਜੀ ਉਪਜੈ ਦੇ ਅਰਥ ਵਾਂਗੂ ਵਧਦਾ ਰਹਾਂ। ਤੇ ਬਾਦੀ ਬਿਨਸੈ ਨ ਹੋ ਜਾਵਾ। ਮੈਂ ਸਤਿਗੁਰੂ ਜੀ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਮੈਨੂੰ ਵਰ ਦਿੱਤਾ ਹੈ। ਤੂੰ ਉਦਮ ਕਰ ਅਸੀਂ ਮਦਦ ਕਰਾਂਗੇ।

## ਅਟਲ ਪ੍ਰਤਾਪੀ ਦੀ ਛਾਪ

ਸਤਿਗੁਰੂ ਪਰਤਾਪ ਸਿੰਘ ਜੀ ਦੀ ਉਮਰ ਇਸ ਸਮੇਂ ੨੯ ਬਰਸਾਂ ਦੀ ਸੀ ਤੇ ਭਰਵਾਂ ਦਾੜ੍ਹਾ ਉਰੇ ਸੁਰੇ ਮੁਛੈਰੇ ਜੋ ਉਪਜਨ ਤੋਂ ਹੀ ਸਾਂਭ ਸਵਾਰ ਇਸਨਾਨ ਸਮੇਂ ਪਰਨੇ ਸਾਥ ਪੂੰਜ ਬੰਨ੍ਹ ਸਵਾਰੇ ਹੋਏ ਸੀ। ਦਸਤਾਰ ਹੰਸ ਦੀ ਚੋਟੀ ਤਰ੍ਹਾਂ ਗੋਲ, ਬਸਤ੍ਰ ਸਫੈਦ। ਮਾਲਾ ਉਨ ਦੀ ਦੁੱਧ ਰੰਗੀ ਮੋਟੇ ਮਣਕਿਆਂ ਭਰੀ, ਹਰ ਵੇਲੇ ਹੱਥ ਵਿਚ ਜਾਂ ਗਲੇ ਸੋਭਦੀ। ਮੁਖ ਤੇ ਸੀਤਲਾ ਦੇ ਬਿਮ ਭਿਮ ਭਿਮ ਕਰਦੇ। ਅਧਰ ਪਿਪਲ ਦੀਆਂ ਪਪੀਤੀਆਂ ਜਿਹੇ ਲਾਲ ਕੋਮਲ, ਮਸਤਕ ਚੌੜਾ, ਨੱਕ ਉੱਚਾ ਤੇ ਕੁਝ ਕੁੰਢਾ, ਨੇਤ੍ਰ ਮੋਟੇ ਤੇ ਲੰਮੇ। ਬੜੀ ਸੂਝ ਭਰੇ ਮੋਹਣੇ, ਜਿਸ ਵੱਲ ਤ੍ਰਿਛੇ ਕਰ ਤੱਕਦੇ ਉਹ ਅੰਦਰੋਂ ਫਤਿਆ ਜਾਂਦਾ। ਸਤਿਗੁਰੂ ਰਾਮ ਸਿੰਘ ਜੀ **ਗੜ੍ਹੀ ਵਾਲੇ ਕਾਨ੍ਹ ਸਿੰਘ ਜੀ ਨੂੰ ਕਿਹਾ ਸੀ, ਪਰਤਾਪ ਸਿੰਘ ਬੜੇ ਪਰਤਾਪ ਵਾਲਾ ਹੋਵੇਗਾ ਤੇ ਗੁਰੂ ਹਰੀ ਸਿੰਘ ਜੀ ਜੋ ਆਪ ਦੇ ਪ੍ਰਕਾਸ਼ ਸਮੇਂ ਵਰ ਦਿੱਤੇ ਸੀ, ਇਸ ਦੀ ਛਤਰ ਛਾਇਆ ਸਾਧ ਸੰਗਤ ਨੂੰ ਬੜੇ ਸੁਖ ਹੋਣਗੇ। ਸੋ ਸਮਾਂ ਸਾਖਿਆਤ ਸਾਧ ਸੰਗਤ ਨੂੰ ਸੁੱਖਾਂ ਭਰਿਆ ਮਿਲਿਆ ਹੋਇਆ ਸੀ। ਜਿਵੇਂ ਆਪ ਦੇ ਆਵਣ ਸਮੇਂ ਤੋਂ ਹੀ ਪੁਲਸ ਦੀ ਚੋਕੀ ਬੂਹੇ ਤੋਂ ਪਰ੍ਹੇ ਹੋ ਬੈਠੀ ਸੀ, ਤਿਵੇਂ ਹੁਣ ਮੇਲਿਆਂ, ਮਰਨੇ ਪਰਨੇ ਤੇ ਭੀ ਸਰਕਾਰ ਨੂੰ ਇਤਲਾਹ ਨਹੀਂ ਸੀ ਦੇਣੀ ਪੈਂਦੀ। ਪੁਲਸ ਮਾਮੂਲੀ ਪੁੱਛ ਪੜਤਾਲ ਕਰਦੀ ਸੀ।

ਸੰਤ ਇੰਦਰ ਸਿੰਘ ਜੀ ਸਤਿਗੁਰੂ ਜੀ ਨੂੰ ਬੰਦੀ-ਛੋੜ ਲਿਖਦੇ ਜੋ ਕਦੀ ਕਾਗਤਾਂ ਤੇ ਹੀ ਪੜ੍ਹ ਕੁਝ ਸੋਚਿਆ ਕਰੇ, ਉਹ ਸਤਿਗੁਰੂ ਜੀ ਦਾ ਸਮਾਂ ਤੇ ਸਤਿਗੁਰੂ ਰਾਮ ਸਿੰਘ ਜੀ ਬਦੇਸ ਜਾਣ ਤੋਂ ਬਾਅਦ ਦਾ ਸਮਾਂ ਇਤਿਹਾਸ ਤੋਂ ਪੜ੍ਹ ਅਵੱਸ਼ ਮੰਨ ਸਕਦਾ ਹੈ ਕਿ ਸਤਿਗੁਰੂ ਪਰਤਾਪ ਸਿੰਘ ਜੀ ਠੀਕ ਹੀ ਬੰਦੀ ਛੋੜ ਸੀ। ਮੈਂ ਸਤਿਗੁਰੂ ਜੀ ਦੇ ਨਾਮ ਦੇ ਚਾਰੇ ਅੱਖਰ ਵੱਖ ਵੱਖ ਭੀ ਸੰਤ ਚਵਿੰਡੇ ਵਾਲਿਆਂ ਤੋਂ ਸੁਣੇ ਕਰ ਲਿਖਦਾ ਹਾਂ। ਉਹ ਆਖਦੇ ਸੀ ਪੈਰੀਂ ਅੱਖਰ ਲੱਗਾ ਔਖਾ ਹੀ ਹੁੰਦੈ, ਜਿਵੇਂ ਆਖਦੇ ਹਨ—

ਢਾਈ ਅੱਖਰ ਪ੍ਰੇਮ ਦੇ ਪੜ੍ਹੇ ਸੋ ਪੰਡਿਤ ਹੋਏ ॥

ਸਤਿਗੁਰੂ ਪਰਤਾਪ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੀ ਮਰਯਾਦਾ ਅਨੰਦ ਤੇ ਦਾਜ ਵਿਖਾਲਾ ਫਜ਼ੂਲ-ਖਰਚੀ ਵਧੀ, ਖਾਣਾ ਬਨਣਾ ਹੋਰਦਾਂ ਹੋਇਆ ਵੇਖ ਕੂਕਿਆਂ ਤੇ ਪਾਬੰਦੀਆਂ ਦੀ ਮਾਰੋਂ ਆਪ ਅੱਗੇ ਲਗ ਬਾਣੀ, ਭਜਨ, ਗੁਰਮਰਯਾਦਾ, ਸਾਦਗੀ ਦਾ ਦੇਸ 'ਚ ਦੌਰਾ ਕਰ ਉਪਦੇਸ ਦ੍ਰਿੜਾਂਦੇ ਤੇ ਸਾਧ

---

**ਇਹ ਗੜ੍ਹੀ ਮਹਾਂ ਸਿੰਘ ਦੀ ਅਮਰੋ ਖਾਸ ਫਲੌਰ ਦੇ ਪ੍ਰਗਟੇ 'ਚ ਕਾਨ੍ਹ ਸਿੰਘ ਜੀ ਦੇ ਪੁੱਤ੍ਰ ਕੇਹਰ ਸਿੰਘ ਜੀ ਤੇ ਤਾਰਾ ਸਿੰਘ ਜੀ ਸੀ, ਹੁਣ ਪੋਤ੍ਰਾ ਬੇਗਾ ਸਿੰਘ ਬੈਂਕਾ ਜ਼ਿਮੀਦਾਰ ਹੈ।

Sri Satguru Jagjit Singh Ji Elibrary NamdhariElibrary@gmail.com

ਸੰਗਤ ਨੂੰ ਆਪ ਗੁਰ ਹੁਕਮ ਵਰਤ ਕੇ ਗੋਰੇ ਦੀ ਮਤੇ ਨਾ-ਮਿਲਵਰਤੋਂ ਕਰ ਬਚਾਂਦੇ। ਖੱਦਰ ਪਹਿਨਦੇ ਤੇ ਨੌਕਰ ਹੋਣੇ ਅੰਗਰੇਜ਼ੀ ਪੜ੍ਹਨੇ ਕਚਹਿਰੀਆਂ ਵਿਚ ਜਾਣੇ ਰੋਕਦੇ।

## ਮਹਾਰਾਜ ਗੁਰਦਿਆਲ ਸਿੰਘ ਜੀ

ਮਹਾਰਾਜ ਗੁਰਦਿਆਲ ਸਿੰਘ ਜੀ ਗੁਰਮੁਖੀ, ਹਿੰਦੀ, ਅੰਗਰੇਜ਼ੀ ਦੀਆਂ ਪੁਸਤਕਾਂ ਪੜ੍ਹ ਬਿਰਧਾਂ ਤੋਂ ਸੁਣੇ ਬਚਨ ਨਾਮਧਾਰੀ ਇਤਿਹਾਸ ਸਬੰਧੀ ਖੋਜ ਰੋਜ ਲਿਖਦੇ ਤੇ ਦੇਸ ਭਗਤਾਂ, ਕਾਂਗਰਸ ਦੇ ਕੰਮ ਕਰਨ ਵਾਲਿਆਂ ਨਾਲ ਗਾਂਧੀ, ਲਾਲਾ ਲਾਜਪਤ ਰਾਏ, ਮਦਨ ਮੋਹਨ ਮਾਲਵੀ ਆਦਿ ਨਾਲ ਮੇਲ ਮੁਲਾਕਾਤ ਵਧਾ ਕੁਝ ਪੜ੍ਹੇ ਲਿਖੇ ਆਪਣੇ ਸਾਥੀਆਂ ਨੂੰ ਭੀ ਇਹ ਲਗਨ ਲਾਂਦੇ ਤੇ ਆਂਹਦੇ ਸਾਡਾ ਪਰਮ ਧਰਮ ਹੈ ਆਪਣੇ ਤੇ ਕੀਤੀਆਂ ਸਖਤੀਆਂ ਅੰਗਰੇਜ਼ ਵਲੋਂ ਸੰਸਾਰ ਨੂੰ ਦੱਸੀਏ ਤੇ ਗੋਰੇ ਨੂੰ ਸਭ ਭਾਰਤੀ ਮਿਲ ਧੱਸੀਏ। ਮਹਾਰਾਜ ਜੀ ਦਾ ਸਰੀਰ ਤੇ ਮਨ ਬੜਾ ਕੋਮਲ ਸੀ ਪਰ ਇਸ ਕੰਮ ਦੀ ਲਗਨ ਵਿਚ ਉਹ ਦਿਨ ਰਾਤ ਇਕ ਕਰ ਕੰਮ ਕਰਦੇ ਜਲਸਿਆਂ ਵਿਚ ਜਾਂਦੇ ਸਮੇਤ ਸਿੱਖਾਂ। ਆਪ ਕਾਂਗਰਸ ਦੇ ਨਿਰੇ ਸਾਦੇ ਮੈਂਬਰ ਹੀ ਨਾ ਸੀ ਸਰਬ ਹਿੰਦ ਕਾਂਗਰਸ ਦੇ ਭੀ ਆਪ ਖਾਸ ਮੈਂਬਰ ਸੀ ਲਿਖਣ ਬੋਲਣ ਕੰਮ ਕਰਨ ਵਾਲੇ। ਆਪ ਨੇ ਆਲਿਮ ਜੀ, ਚੱਕਰਵਰਤੀ ਜੀ ਅਲਖਾ ਸਿੰਘ ਜੀ ਮੰਗਲ ਸਿੰਘ ਜੀ ਤੇ ਮਨਸਾ ਸਿੰਘ ਜੀ ਕੌਮੀ ਤੇ ਪੰਡਤ ਬਸੰਤ ਸਿੰਘ ਜੀ ਆਦਿ ਨੂੰ ਨਾਲ ਲੈ ਚੰਗੀ ਇਜ਼ਤ ਕਾਂਗਰਸ ਵਿਚ ਬਣਾ ਲਈ ਸੀ ਤੇ ਰਾਤ ਦਿਨ ਲਿਖਣ ਦਾ ਸ਼ੌਕ ਤੇ ਇਤਿਹਾਸ ਖੋਜ ਪੜ੍ਹਨ ਲਿਖਣ ਦੀ ਲਗਨ ਵਿਚ ਮਗਨ ਰਹੇ, ਖਾਣ ਪੀਣ ਜਗਤ ਜੰਜਾਲ ਵਲੋਂ ਆਪਣੀ ਬਿਰਤੀ ਉੱਕਾ ਉਦਾਸ ਹੀ ਕਰ ਰਖੀ ਸੀ।

ਸਤਿਗੁਰੂ ਜੀ ਵੈਸਾਖੀ ਦੇ ਮੇਲੇ ਤੇ ਇਸ ਸਾਲ ਦਮਦਮੇ ਸਾਹਿਬ ਦਰਸਨ ਦਿੱਤੇ। ਕਿਉਂਕਿ ਇਥੇ ਦੀਵਾਨ ਭੀ ਲਗਦੇ ਤੇ ਹੋਰ ਸ਼ੌਕੀ ਖੇਡਾਂ ਭੀ ਨੇਜ਼ਾਬਾਜੀ ਤੇ ਮਨੁੱਖੀ ਦੌੜ, ਤੇ ਵਿਦਵਾਨਾਂ ਦਾ ਜੁੜ ਬੈਠਣਾ ਆਦਿ ਬਹੁਤ ਹੁੰਦਾ ਸੀ।

## ਝਗੜਾ ਤੇ ਸੁਲਾਹ

ਨਿਹੰਗ ਭੰਗ ਪੀ ਕੇ ਦੁਤੈਗੇ ਮਾਰਦੇ ਤੇ ਹਰ ਇਕ ਨੂੰ ਵੰਗਾਰਦੇ ਆਪਣਾ ਬੇਗਾਨਾ ਨਾ ਵਿਚਾਰਦੇ। ਨਾਮਧਾਰੀਆਂ ਦੇ ਦੀਵਾਨ ਵਿਚ ਸਿੱਖਾਂ ਨੂੰ ਮਸਤਾਨੇ ਹੋਇਆਂ ਦੇਖ ਗਲ ਆ ਪਏ। ਸੰਤ ਕਰਮ ਸਿੰਘ ਜੀ ਹਿੰਮਤ ਪੁਰੇ ਵਾਲਿਆਂ ਦੇ ਜਥੇ ਅਗੋਂ ਟਕੂਆਂ ਦੀ ਕੁੱਟ ਕੀਤੀ ਕੁਝ ਨਿਹੰਗ ਫਟੜ ਹੋਏ। ਪੁਲਸ ਆਈ ਟਕੂਏ ਸਭ ਸਤਿਗੁਰੂ ਜੀ ਦੇ ਮੰਜੇ ਤਲੇ ਲੁਕਾ ਦਿੱਤੇ। ਸਿਪਾਹੀ ਆਏ ਸਤਿਗੁਰੂ ਜੀ ਪਾਸ ਤੇ ਕਿਹਾ, ਅਸੀਂ ਆਪ ਤੇ ਬਲ ਨਹੀਂ ਪਾ ਸਕਦੇ ਚਰਨੀਂ ਹੱਥ ਲਾ ਅਰਜ ਕਰਦੇ ਹਾਂ ਜੇ ਤੁਸੀਂ ਇਕ ਦੋ ਸਿੰਘ ਫੜਾ ਦੇਵੋ ਤੇ ਨਿਹੰਗਾਂ ਨੂੰ ਵਲ ਅੰਦਰ ਤਾੜ ਕੇ ਰਫ਼ਾ ਦਫ਼ਾ ਕਰੀਏ ਹੋਰ ਗੱਲ ਨਾ ਵਧੇ ਸੰਤ ਕਰਮ ਸਿੰਘ ਜੀ ਨੇ ਲਾਲ ਸਿੰਘ ਤੇ ਭਗਤ ਸਿੰਘ ਨਾਮੀ ਦੋ ਸਿੰਘ ਹਾਜ਼ਰ ਕੀਤੇ। ਸਤਿਗੁਰੂ ਜੀ ਪੁਲਸੀਆਂ ਨੂੰ ਕਿਹਾ, ਨਿਹੰਗਾਂ ਨੂੰ ਤੇ ਇਹਨਾਂ ਨੂੰ ਇਕੋ ਜਿਹਾ ਜਾਨਣਾ ਦੋਏ ਸਾਡੇ ਹੀ ਹਨ। ਪੁਲਸ ਅੰਦਰ ਦਿੱਤੇ। ਪੰਜ ਨਿਹੰਗਾਂ ਤੇ ਦੋ ਕੂਕਿਆਂ ਲਈ ਸਤਿਗੁਰੂ ਜੀ ਪਹਿਲੋਂ ਕੜਾਹ ਪ੍ਰਸਾਦ ਤੇ ਸੌਂਫਣੀ ਸਰਦਾਈ ਭੇਜੀ, ਫੇਰ ਦਾਲਾ ਪ੍ਰਸਾਦੇ ਭੇਜੇ। ਨਿਹੰਗਾਂ ਨਾਂਹ ਕੀਤੀ, ਪਰ ਸਤਿਗੁਰੂ ਜੀ ਦੀ ਭੇਜੀ ਜਾਣ* ਛਕ ਲਈ ਤੇ ਅਗਲੇ ਸਵੇਰੇ ਪੁਲਸ ਨੂੰ ਆਖ ਦਿੱਤਾ ਖਾਲਸੇ ਦਾ ਬੋਲ ਬਕਾਰਾ ਹੋ ਗਿਆ ਸੀ ਉਹ ਉਬਾਲ ਲੰਘ ਗਿਆ ਤੇ ਜਿਨ੍ਹਾਂ ਦਾ ਪ੍ਰਸਾਦ ਲੂਣ ਛਕਿਆ ਅਸਾਂ ਨਿਹੰਗਾਂ ਹੁਣ ਬੁਰਾ ਨਹੀਂ ਤਕਣਾ ਸੁਲਾਹ ਦੇ ਬਿਆਨ ਦਿੱਤੇ ਖਲਾਸੀ ਕਰਾਈ ਆਪਣੀ ਤੇ ਸਿੱਖਾਂ ਦੀ।

---

*ਮੈਂ ਆਪ ਵੇਖੇ ਹਨ ਨਿਹੰਗ ਬਦਨਾਮ ਹੋ ਕੇ ਜਗਤ ਮੈਂ ਬਾਬੇ ਰਾਮ ਸਿੰਘ, ਬਾਬੇ ਹਰੀ ਸਿੰਘ ਤੇ ਬਾਬੇ ਪਰਤਾਪ ਸਿੰਘ ਦੀ ਜੈ ਕਾਰ ਹੋਈ ਆਇ ਕਹਿ, ਬਨੇ ਸੇਵਕ ਕਰਾਏ ਤੇ ਖੁਸ਼ੀਆਂ ਮਨਾਏ।

Sri Satguru Jagjit Singh Ji Elibrary NamdhariElibrary@gmail.com

## ਸਾਕਾ ਜਲ੍ਹਿਆਂ ਵਾਲਾ

ਇਸੇ ਵੈਸਾਖੀ ਤੇ ਸ੍ਰੀ ਅੰਮ੍ਰਿਤਸਰ ਜਲ੍ਹਿਆਂ ਵਾਲੇ ਬਾਗ ਵਿਚ ਜਲਸਾ ਹਿੰਦੂ, ਸਿੱਖ ਤੇ ਮੁਸਲਮਾਨਾਂ ਦਾ ਸਭ ਦਾ ਸਾਂਝਾ ਭਾਰਤ ਵਲੋਂ ਅੰਗੇਰਜ਼ਾਂ ਦੇ ਵਿਰੁੱਧ ਹੋ ਰਿਹਾ ਸੀ। ਇਸ ਤੋਂ ਕੁਝ ਦਿਨ ਪਹਿਲਾਂ ਅੰਮ੍ਰਿਤਸਰ ਵਿਚ ਮੁਕੰਮਲ ਹੜਤਾਲ ਹੋਈ ਸੀ। ਏਸ ਰੋਸ ਦੀ ਕਿ ਅੰਗਰੇਜ਼ ਨੂੰ ਹਿੰਦੁਸਤਾਨੀਆਂ ਜਰਮਨ ਜੰਗ ਵਿਚ ਬਹੁਤ ਮਦਦ ਦਿੱਤੀ ਹੈ ਉਸ ਦੇ ਇਵਜ਼ 'ਚ ਕੁਝ ਸਹੂਲਤਾਂ ਦੇਣ ਦੀ ਥਾਂ ਅੰਗਰੇਜ਼ਾਂ ਰੋਲਟ-ਐਕਟ, ਕਾਲਾ-ਕਾਨੂੰਨ ਸਗੋਂ ਲਾਗੂ ਕਰ ਦਿੱਤਾ ਏ। ਜਿਨ੍ਹਾਂ ਆਗੂਆਂ ਸੈਫੁਦੀਨ ਕਿਚਲੂ ਤੇ ਡਾ: ਸਤਪਾਲ ਨੂੰ ਸਰਕਾਰ ਜਲਾਵਤਨ ਕੁਝ ਦਿਨ ਬਾਅਦ ਫੜ ਕੇ ਕਰ ਦਿੱਤਾ ਸੀ। ਇਸ ਰੋਸ ਬਾਬਤ ਤਕਰੀਰਾਂ ਜਲਸੇ ਵਿਚ ਹੋ ਰਹੀਆਂ ਸੀ। ਮੇਲਾ ਵੇਖਣ ਆਏ ਤੇ ਸੁਨਣ ਆਏ ਅਗਣਤਾਂ ਤੇ ਵੈਸਾਖੀ ਵਾਲੇ ਦਿਨ ਅੰਗਰੇਜ਼ ਜਨਰਲ ਡਾਇਰ ਪੰਜਾਬ ਨੇ ਗੋਲੀ ਚਲਾ ਮਾਰੇ ਬੱਚੇ, ਬੁਢੇ, ਤੀਵੀਆਂ ਜਵਾਨ। ਦਬਾਣ ਲਈ ਕਿ ਇਹ ਡਰ ਜਾਣਗੇ।

ਹੋਇਆ ਇਸ ਦੇ ਉਲਟ ਕਿ ਸਭ ਭਾਰਤ ਵਿਚ ਜੋਸ਼ ਵੱਧ ਗਿਆ ਤੇ ਜੋ ਗਾਂਧੀ ਜਿਹੇ ਕਾਂਗਰਸੀ ਅਗੇ ਕੁਝ ਹੱਕ ਹੀ ਮੰਗਦੇ ਸੀ ਨੌਕਰੀਆਂ ਤੇ ਸੀਟਾਂ ਲਈ ਉਹ ਤੇ ਰਬਿੰਦਰਾ ਨਾਥ ਟੈਗੋਰ ਜਿਹੇ ਜੋ ਸਰਕਾਰ-ਭਗਤ ਸੀ ਸਭ ਗੋਰਿਆਂ ਦੇ ਖਿਲਾਫ ਅਜ਼ਾਦ ਹੋਣ ਲਈ ਇਸ ਜ਼ੁਲਮੀ ਰਾਜ ਤੋਂ ਲਚਾਰ ਹੋ ਤਿਆਰ ਹੋ ਪਏ।

## ਸ਼ਹੀਦ ਊਧਮ ਸਿੰਘ ਸੁਨਾਮ

ਊਧਮ ਸਿੰਘ ਕੰਬੋ ਜੋ ਸੁਨਾਮ ਦਾ ਜੰਮ ਤਦੋਂ ਅੰਮ੍ਰਿਤਸਰ ਪੜ੍ਹਦਾ ਸਭ ਇਹ ਹੱਤਿਆ ਕਾਂਡ, ਸਕੂਲੋਂ ਆਇਆ ਵੇਖ ਚੁੱਕਾ ਸੀ ਉਸ ਨੇਮ ਕੀਤਾ ਇਸ ਦੇ ਜ਼ੁੰਮੇਂਵਾਰ ਨੂੰ ਮਾਰਾਂਗਾ ਇਸੇ ਤਰ੍ਹਾਂ ਗੋਲੀ ਨਾਲ, ਉਸ ਮਗਰ ਪੁਲਸ ਲਗੀ ਰਹੇ। ਉਹ ਅਮਰੀਕਾ ਵੱਲ ਗਿਆ, ਫੇਰ ਗਦਰੀਆਂ ਦੀ ਸੰਗਤ ਕੀਤੀ, ਲਾਹੌਰ ਆਇਆ ਫੜਿਆ ਗਿਆ ਤੇ ਜੱਜ ਸਾਹਮਣੇ ਉਸ ਸੱਚ ਬੋਲਿਆ, "ਪਰ ਮੈਂ *ਮਾਰਨ ਮਰਨ ਤੋਂ ਕਰਦਾ ਨਹੀਂ ਇਨਕਾਰ। ਬੇਸ਼ਕ ਮੈਥੋਂ ਖੋਹ ਲੈ ਤੁਸਾਂ ਰੀਵਾਲਵਰ ਚਾਰ। ਜਲ੍ਹਿਆਂ ਵਾਲੇ ਬਾਗ ਦਾ ਜੋ ਜ਼ਾਲਮ ਸ਼ੈਤਾਨ। ਕਿਸੇ ਸਮੇਂ ਵੀ ਉਸ ਦੀ ਮਾਫ ਨਾ ਕਰਸਾਂ ਜਾਨ।" ਚਾਰ ਸਾਲ ਕੈਦ ਕੱਟ ਲੰਡਨ ਪੁੱਜ ੩੧ ਮਾਰਚ ੧੯੪੦ ਈ: ਨੂੰ ਜਦ ਉਹ ਹਿੰਦੁਸਤਾਨ ਦੀ ਅਡਵਾਇਰ ਨਿੰਦਿਆ ਕਰ ਰਿਹਾ ਸੀ। ਰਾਮ ਮੁਹੰਮਦ ਸਿੰਘ ਨਾਮ ਰਖ ਉਦੇ ਪੁਜੇ ਊਧਮ ਸਿੰਘ ਨੇ ਉਸ ਨੂੰ ਗੋਲੀਆਂ ਮਾਰ, ਮਾਰ ਦਿੱਤਾ ਤੇ ਆਪ ਖੜਾ ਰਿਹਾ ਜੋ ੧੩ ਜੂਨ ਨੂੰ ਫਾਂਸੀ ਲਗਾ ੧੯੪੦ ਈ: ਨੂੰ।

ਊਧਮ ਸਿੰਘ ਦੇ ਪਿਤਾ ਦਾ ਨਾਮ ਟਹਿਲ ਸਿੰਘ ਜੀ ਤੇ ਮਾਤਾ ਦਾ ਨੈ [illegible]ੀ ਸੀ ਮੈਂ ਉਸ ਦਾ ਸਾਰਾ ਹਾਲ ਹੁਣੇ ਇਸ ਲਈ ਲਿਖ ਦਿੱਤਾ ਹੈ ਮਤ ਮੈਥੋਂ ਗਲਤੀ ਨਾਲ ਤਦੋਂ ਲਿਖਣੋਂ ਨਾ ਰਹਿ ਜਾਵੇ। ਮੈਂ ਉਹਨਾਂ ਦਾ ਸਮਾਂ ਲਿਖਣ ਵੇਲੇ ਆਪ ਹੀ ਚਲ੍ਹ ਜਾਵਾਂ। ਇਸ ਗਲੋਂ ਕਈ ਸਮੇਂ ਮੈਂ ਪਹਿਲੇ ਹੀ ਤੋੜ ਤਕ ਲਿਖਦਾ ਹਾਂ ਗੁਰਸਿੱਖਾਂ ਦੇ ਬਚਨਾਂ ਵਿਚ ਭੀ।

ਇਹ ਊਧਮ ਸਿੰਘ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਸਮੇਂ ੨੦ ਵਰ੍ਹਿਆਂ ਦਾ ਸੀ ਤੇ ੨੦ ਵਰ੍ਹੇ ਬਾਅਦ ਉਸ ਨੇ ੧੯੭੬ ਬਿਕਰਮੀ ਦੇ ਸਾਕੇ ਦਾ ਬਦਲਾ ੧੯੯੭ 'ਚ ਲੰਡਨ ਜਾ ਲਿਆ ਸੀ।

ਊਧਮ ਸਿੰਘ ਫਿਰ ਜੰਮੇਗਾ ਕੋਈ।
ਮਾਂ ਤੇਰੀ ਦੀ ਕੁਖ ਸਫਲੀ ਹੋਈ।

---

*ਅੰਤਿਮ ਦੀ ਚਾਰ ਸਤਰਾਂ ਕਵੀ ਦੇ ਕਿਸੇ ਦੇ ਲਿਖੇ 'ਚੋਂ ਮੈਂ ਉਪਰ ਬੰਦ ਦਿੱਤੇ ਹਨ।

Sri Satguru Jagjit Singh Ji Elibrary NamdhariElibrary@gmail.com

ਟਹਿਲ ਸਿੰਘ ਪਿਤਾ ਨੂੰ ਅਮਰ ਕਰਾਇਆ।
ਚਾਤਰ ਜੇਹਿਆਂ ਕਈਆਂ ਜਸ ਗਾਇਆ। (ਵਹੀਮੀ)

## *ਨਿਹੰਗਾਂ ਤੇ ਸਰਦਾਈ ਛਕੀ*

ਸਤਿਗੁਰੂ ਜੀ ਦਮਦਮੇ ਵਲੋਂ ਪਰਤਦੇ ਜ਼ਿਲ੍ਹੇ ਜਲੰਧਰ (ਠੱਟੇ ਵਾਲੇ) ਨਿਹੰਗ ਸਿੰਘ ਜਵੰਦ ਸਿੰਘ ਜੀ ਦੇ ਡੇਰੇ ਦੁਆਬੇ ਵਿਚ ਦਰਸਨ ਦਿੱਤੇ। ਇਹਨਾ ਨਿਹੰਗ ਸਿੰਘ ਜੀ ਹੋਰਾਂ ਨਾਲ ਸਤਿਗੁਰੂ ਜੀ ਦਾ ਪਹਿਲੇ ਅਨੰਦ ਪੁਰ ਵਾਲੇ ਹੋਲੇ ਤੋਂ ਪ੍ਰੇਮ ਪੈ ਗਿਆ ਹੋਇਆ ਸੀ। ਕਿਉਂਕਿ ਇਹ ਸੰਤ੍ਰ ਮਤ ਨਿਹੰਗ ਜੀ ਮਾਸ ਸਰਾਬ ਦੇ ਤਿਆਗੀ, ਬੰਦਗੀ ਵਾਲੇ ਤੇ ਸੁਚ ਵਾਲੇ ਸਾਧੂ ਸੀ ਤੇ ਨਾਲ ਰਹਿੰਦੇ ਸੇਵਕਾਂ ਨੂੰ ਭੀ ਸਵਾਰ ਕੇ ਰਖਦੇ ਸੀ। ਦੋਹਾਂ ਹੋਲਿਆਂ ੧੯੬੯—੭੫ ਵਾਲੇ ਅਨੰਦ ਪੁਰ ਵਾਲਿਆਂ ਤੇ ਇਹਨਾਂ ਸਤਿਗੁਰੂ ਜੀ ਦਾ ਸਮੇਤ ਸਾਥੀਆਂ ਦੇ ਸਾਥ ਦਿੱਤਾ ਸੀ। ਗੰਦ ਬੋਲੀਆਂ, ਟੋਲੀਆਂ ਦੇ ਰੋਕਣ ਵਿਚ। ਨਿਹੰਗਾਂ ਵਲੋਂ ਰੱਸੇ ਤੰਬੂਆਂ ਦੇ ਕੱਟਣ ਸਮੇਂ ਇਹ ਸਤਿਗੁਰੂ ਜੀ ਦੇ ਪੱਖ ਦੇ ਹੀ ਰਹੇ ਸੀ।

ਕੁਝ ਚਿਰ ਗੁਰ ਮਾਰਗ ਦੇ ਇਹਨਾਂ ਦੇ ਡੇਰੇ ਬੈਠ ਬਚਨ-ਬਿਲਾਸ ਹੋਏ ਤੇ ਇਹਨਾਂ ਦੇ ਸੇਵਕਾਂ ਸਰਦਾਈ ਘਣਾ ਸਤਿਗੁਰੂ ਜੀ ਦੇ ਹਜ਼ੂਰ ਆਂਦੀ, ਸਤਿਗੁਰੂ ਜੀ ਛਕ ਲਈ। ਤਾਂ ਸਿੱਖ ਆਪ ਦੇ ਜੋ ਸੋਧੀ ਸੀ, ਉਨ੍ਹਾਂ ਇਹ ਕਹਿ ਨ ਛਕੀ ਕਿ ਸਾਨੂੰ ਇਸ ਸਮੇਂ ਲੋੜ ਨਹੀਂ ਲਗੀ।

ਠਟੇ ਤੋਂ ਵਿਦਾ ਹੋਏ ਤਾਂ ਸਿੱਖਾਂ ਕਿਹਾ, ਆਪ ਨੇ ਨਿਹੰਗ ਸਿੰਘ ਦੇ ਹਥੋਂ ਸਰਦਾਈ ਛਕੀ ਹੈ, ਖੁਲ੍ਹੇ ਹੋ ਗਏ ਹੋ। ਸਤਿਗੁਰੂ ਜੀ ਕਿਹਾ, ਖੁਲ੍ਹਾ ਹੀ ਹੋਇਆਂ, ਸੋਤਾ ਭੀੜਾ ਤੇ ਨਹੀਂ ਹੋਇਆ। ਜਿਵੇਂ ਸਤਿਗੁਰੂ ਰਾਮ ਸਿੰਘ ਜੀ ਬਾਬੇ ਲਹਿਣਾ ਸਿੰਘ ਖਰਜਾਬ ਵਾਲੇ ਦੇ ਪ੍ਰੇਮ ਵੱਸ ਹੋ ਉਜਰ ਨ ਕਰ ਸਕੇ ਸੀ, ਮੈਂ ਭੀ ਨਹੀਂ ਕਰ ਸਕਿਆ। ਜਿਵੇਂ ਪਸੀਆਂ ਵਾਲੇ ਦੀ ਘਸੀਟੀ ਚੂਹੜੀ ਦੇ ਮੰਜੇ ਤੇ ਗੁਰੂ ਹਰੀ ਸਿੰਘ ਜੀ ਜਾ ਬੈਠੇ ਸੀ ਤੇ ਸਤਿਗੁਰੂ ਰਾਮ ਸਿੰਘ ਜੀ ਅੜ੍ਹ ਚੂਹੜੇ ਦੇ ੧੧) ਭੇਟਾ ਤੇ ਸੱਕਰ ਦਾ ਥਾਲ ਲੈ ਲਿਆ ਸੀ, ਉਸ ਦੇ ਮੰਜੇ ਤੇ ਜਾ ਬੈਠੇ ਤੇ ਬਾਅਦ ਸਾਧਾਂ ਨੂੰ ਕਿਹਾ ਸੀ, ਤੁਸਾਂ ਪਹਿਲਾਂ ਨਾ ਦੱਸਿਆ। ਹੁਣ ਜੇ ਮੈਂ ਭਿਟ ਗਿਆ ਹਾਂ ਤੁਸੀਂ ਸੋਧ ਦਾ ਘਣਾ ਲਵੋ। ਤਿਵੇਂ ਭਾਈ ਤੁਸੀਂ ਭੀ ਮੈਨੂੰ ਜੋ ਮਰਜ਼ੀ ਹੋਵੇ ਕਰ ਲੈਣਾ। ਸਿੱਖਾਂ ਕਿਹਾ, ਆਪ ਦਾ ਆਏ ਪ੍ਰੇਮੀਆਂ ਨਾਲ ਐਸਾ ਹੀ ਵਰਤਾਵ ਹੈ, ਕੇਲੇ ਦੀ ਗੁਲੀਆਂ ਦੀ ਥਾਂ ਛਿੱਲਾਂ ਭੀ ਛਕ ਲੈਂਦੇ ਹੋ।

ਸਤਿਗੁਰੂ ਜੀ ਭੈਣੀ ਸਾਹਿਬ ਆਏ, ਅੰਮ੍ਰਿਤ ਛਕ ਸੋਧ ਦੇ ਹੋਏ ਤੇ ਕਿਹਾ, ਮੈਂ ਇਸ ਲਈ ਅੰਮ੍ਰਿਤ ਛਕਿਆ ਹੈ ਮਤੇ ਮੇਰੇ ਵਾਂਗੂ ਸਿੱਖ ਸਰਨ ਸੁਭਾ ਹੋ ਸੋਧ ਦਾ ਤਿਆਗ ਹੀ ਨ ਕਰ ਦੇਣ। ਸਿੱਖਾਂ ਸੁਣ ਕਿਹਾ, ਆਪ ਦੀਆਂ ਆਪ ਜਾਣੋ ਸਾਥੋਂ ਆਪ ਦਾ ਹੁਕਮ ਹੀ ਮਨਾਵੋ।

---

*ਇਸਲਾਮ ਦੀ ਦੂਜੀ [illegible] ਵਿਚ ਲਿਖਿਆ ਹੈ। "[illegible] । ਕਿ [illegible] [illegible]।" [illegible] ਕਿਹਾ ਹੈ [illegible], [illegible] ਦੀ [illegible] ਵਾਲੇ [illegible] ਹੁੰਦੇ ਹਨ।

Sri Satguru Jagjit Singh Ji Elibrary NamdhariElibrary@gmail.com

## ਸੇਠ ਮਹਿਲ ਸਿੰਘ ਜੀ

ਸਤਿਗੁਰੂ ਜੀ ਅੱਗੇ ਸੇਠਾਂ ਫਿਲੌਰਿਆਂ ਵਾਲਿਆਂ ਹੋਲੇ ਤੇ ਹੀ ਫਿਲੌਰੀ ਪਾਠ ਕਰਨ ਦੀ ਅਰਜ਼ ਕੀਤੀ ਸੀ ਤੇ ਕਿਹਾ ਸੀ, ਪਾਠੀ, ਲਾਂਗਰੀ, ਸ਼ਬਦੀ ਆਦਿ ਭੀ ਆਪ ਨੇ ਹੀ ਸਾਥ ਲਿਆਉਣੇ ਤੇ ਸਤਿਗੁਰੂ ਜੀ ਕਿਹਾ ਸੀ, ਅਸੀਂ ਆਵਾਂਗੇ ਭੀ ਆਪਣੀ ਮਰਜ਼ੀ ਨਾਲ ਤੇ ਤੁਹਾਨੂੰ ਸਭ ਰਸਤ ਜੋੜ ਰਖਣੀ ਚਾਹੀਦੀ ਏ।

ਸਤਿਗੁਰੂ ਜੀ ਸਮੇਤ ਮਾਘਾ ਸਿੰਘ ਅਲੋੜ ਤੇ ਸੰਤ ਇੰਦਰ ਸਿੰਘ ਜੀ, ਸੰਤ ਮਸਤਾਨ ਸਿੰਘ ਜੀ, ਸੰਤ ਮੋਹਣ ਸਿੰਘ ਜੀ ਵਡਾਲੀਆ ਦੇ ਜਥੇ ਫਿਲੌਰੀ ਪਾਠ ਕਰਨ ਲਈ ਦਰਸਨ ਦਿੱਤੇ। ੧੦੧ ਅਖੰਡ ਪਾਠ ਕਰਾਏ, ਕਈ ਆਦਿ ਗ੍ਰੰਥ ਸਾਹਿਬ ਲਿਆਏ, ਬੜਾ ਮੇਲਾ ਰਿਹਾ ਵੈਸਾਖ ਦੇ ਮਹੀਨੇ ਵਿਚ। ਸਾਧ ਸੰਗਤ ਰੋਜ਼ ਸੰਤ ਮੰਡਲੀ ਭੀ ਕਰਦੀ।

ਸਤਿਗੁਰੂ ਜੀ ਇਕ ਦਿਨ ਸੇਠ ਮਹਿਲ ਸਿੰਘ ਜੀ ਨੂੰ ਪੁੱਛਿਆ, ਸੇਠ ਭਗਵਾਨ ਸਿੰਘ ਜੀ ਨੂੰ ਸਿੱਖੀ ਦਾਨ, ਸੇਠ ਪਦਵੀ ਕਿਵੇਂ ਪ੍ਰਾਪਤ ਹੋਈ ਸੀ, ਆਪ ਨੇ ਸੇਠ ਪਿਤਾ ਜੀ ਪਾਸੋਂ ਸੁਣਿਆ ਹੀ ਹੋਵੇਗਾ। ਅਸਾਂ ਤੇ ਸਿਰਫ ਇਤਨਾ ਹੀ ਸੁਣਿਆ ਹੈ ਕਿ ਗੁਰੂ ਹਰੀ ਸਿੰਘ ਜੀ ਦੇ ਸਮੇਂ ਇਕ ਦੌਰੇ ਤੇ ਸਾਧ ਸੰਤ ਪੂਰੇ ਵਾਲੇ ਬਾਬੇ ਨਰੈਣ ਸਿੰਘ ਜੀ ਘੋੜੀਆਂ ਵਾਲੇ ਫਿਲੌਰੀ ਆਏਂ। ਕਿਸੇ ਕਿਹਾ, ਆਏ ਹਨ ਭਗਵਾਨ ਸਿੰਘ ਨੂੰ ਕੂਕੇ ਕੰਗਾਲ ਕਰਨ। ਤਾਂ ਨਰੈਣ ਸਿੰਘ ਜੀ ਕਿਹਾ ਸੀ, ਕੰਗਾਲ ਕਰਨ ਨਹੀਂ ਆਏ ਸੇਠ ਬਨਾਣ ਆਏ ਹਾਂ।

ਸੇਠ ਮਹਿਲ ਸਿੰਘ ਜੀ ਦੱਸਿਆ, ਭਗਵਾਨ ਸਿੰਘ ਜੀ ਜਨਮ ਤੋਂ ਕੁਝ ਸਾਦੇ ਤੇ ਸਾਧੂ ਸੁਭਾ ਦੇ ਸੀ। ਪਿਤਾ ਨੇ ਜੋਗ ਬਣਾ ਵਾਹੀ ਤੇ ਲਾਏ। ਖੂਹ ਦੀ ਵਾਹੀ ਪਾਣੀ ਦੂਰ ਹੋਣ ਕਰ ਔਖੀ ਸੀ। ਭਗਵਾਨ ਸਿੰਘ ਜੀ ਲੰਮਾ ਕਿਆਰਾ ਪਾ, ਇਕ ਪਿੰਡ ਦੇ ਜਠੇਰੇ ਦੀ ਮੜ੍ਹੀ ਬਣੀ ਦੇ ਰੁੱਖਜ 'ਚ ਚਿੰਤਾ ਕਰਦੇ ਸੁਤੇ ਰਾਤ। ਸਤਿਗੁਰੂ ਰਾਮ ਸਿੰਘ ਜੀ ਦਰਸਨ ਦੇ ਕੰਨ ਵਿਚ ਭਜਨ ਦਿੱਤਾ। ਜਾਗੇ, ਰਿਦੇ ਵਿਚ ਰਸ ਸੀ ਤੇ ਰਸਨਾ ਚਲਦੀ ਸੀ, ਪਰ ਉਦਾਸ ਹੁੰਦੇ ਓਹ ਦਰਸਨ ਕਦੋਂ ਤੇ ਕਿਵੇਂ ਹੋਵੇ। ਇਕ ਦਿਨ ਸੁਣਿਆ, ਕਿਲੇ ਦੀਦਾਰ ਸਿੰਘ ਦੇ ਕੂਕਿਆਂ ਦਾ ਗੁਰੂ ਆਇਆ ਹੈ। ਸਵਾ ਰੁਪਿਆ ਤੇ ਪਤਾਸੇ ਲੈ ਪੰਜਾਂ ਕੋਹਾਂ ਤੇ ਜਾ ਬੈਠੇ ਚਲਿਆਂ ਦੇ ਚੁਬਾਰੇ ਤਲੇ, ਚਿਤ ਧਾਰ, ਜੇ ਅੰਤਰਜਾਮੀ ਉਹੀ ਹਨ ਤਾਂ ਆਪੇ ਬੁਲਾਣਗੇ। ਆਸਾ ਦੀ ਵਾਰ ਦੇ ਦੀਵਾਨ ਦੀ ਸਮਾਪਤੀ ਬਾਅਦ ਸਿੱਖ ਆਏ ਕਿਹਾ, ਕੋਈ *ਭਗਵਾਨ ਸਿੰਘ ਨਹੂਲਾ ਫਿਲੌਰਿਆਂ ਦਾ ਸਿੱਖ ਪੌੜੀਆਂ ਪਾਸ ਤਲੇ ਹੈ ਤਾਂ ਉਪਰ ਆਵੇ ਸਤਿਗੁਰੂ ਜੀ ਯਾਦ ਕੀਤਾ ਹੈ।

---

*ਸੇਠ ਭਗਵਾਨ ਸਿੰਘ ਜੀ ਦੇ ਸਪੁੱਤ੍ਰ ਸੇਠ ਕਿਸ਼ਨ ਸਿੰਘ ਜੀ ਲੁਧਿਆਣਾ ਡਸਕੇ ਦੇ ਸੰਤ ਹਰਨਾਮ ਸਿੰਘ ਜੀ ਨੇ ਚਾੜ੍ਹ ਚਾਏ ਹਨ ਤੇ ਵਿਧਵਾ ਪਿਆਰ ਕੌਰ ਦਾ ਪੁੱਤ੍ਰ ਨਹੁਲੇ ਪਹੁੰਚੇ। ਲਹਰੀ ਜੋਗ ਜਾ ਡਸਕੇ ਇਸ ਵਿਧਵਾ ਦੇ ਪੁੱਤ੍ਰ ਮਿਹਰ ਸਿੰਘ ਦਾ ਪਤਾ ਪੁੱਛਿਆ ਤੇ ਲੋਕਾਂ ਦਸਿਆ, ਉਸ ਦੇ ਮਕਾਨ ਭੀ ਜਹਿਰੇ ਪੈ ਹੋਏ ਹਨ। ਸੇਠ ਕਿਹਾ, ਪੁੱਤ ਤੇ ਜਹਿਰੇ ਨਹੀਂ ਨਾ ਕਿਆ, ਸੇਠ ਜੀ ਪਿਆਰ ਕੌਰ ਨੂੰ ਮਿਲ ਪੁੱਤ ਨੂੰ ਸਦਾ, ਸਾਥ ਰਖਵੇ ਕੋਠੇ ਦੁਕਾਨ ਜੋਗ ਮਾਇਆ ਦੇ ਅਨੰਦ ਬਾਅਦ ਕੇਰ ਜਲੰਧਰ ਲੈ ਆਏ। ਸੇਠ ਮਿਹਰ ਸਿੰਘ ਬਣਾ ਦਿਤਾ ਮੈਂ ਦੇਖਿਆ ਹੈ। ਹੁਣ ਇਹ ਪਰਿਵਾਰ ਮਿਹਰ ਸਿੰਘ ਦੇ ਅਵਤਾਰ ਸਿੰਘ, ਨਰਿੰਦਰ, ਸਿੰਘ, ਦਰਸ਼ਨ ਸਿੰਘ ਆਦ ਭੀ ਸਿਆਮ ਹੀ ਹਨ। ਪਿਤਾ ਦਾ ਬਚਨ ਹੁਣ ਤਕ ਮੰਨਦੇ ਹਨ। ਇਹ ਸੰਤ ਵਰਕ ਕਦੀ ਜਾਵ ਏ ਸੇਠ ਬਣਾਏ ਹਨ।

ਉਪਰ ਗਏ ਦਰਸਨ ਕੀਤਾ ਤੇ ਮਸਤ ਹੋਏ, ਹੋਸ਼ ਆਈ ਤਾਂ ਅਰਜ ਕੀਤੀ, ਭਜਨ ਦਿਓ। ਸਤਿਗੁਰੂ ਜੀ ਬਚਨ ਕੀਤਾ, ਭਜਨ ਤੇ ਤੈਨੂੰ ਗੁੰਬਜ ਵਿਚ ਜਾ ਦਿੱਤਾ ਸੀ ਉਹੀ ਹੈ ਤਾਂ ਅਰਜ ਕੀਤੀ, ਜਾਹਰ ਭੀ ਮੋਹਰ ਲਾਵੋ। ਭਜਨ ਲੈ ਉਠ ਮੁੜੇ ਤਾਂ ਸਤਿਗੁਰੂ ਜੀ ਕਿਹਾ, ਪਤਾਸੇ ਤੇ ਸਵਾ ਰੁਪਿਆ ਵਾਪਸ ਹੀ ਲੈ ਜਾਣਾ ਜੇ। ਭੈਟਾ ਧਰੀ ਤੇ ਮਸਤ ਹੋਏ ਲੇਟਦੇ ਰਹੇ। ਸਤਿਗੁਰੂ ਜੀ ਹੋਸ਼ ਵਿਚ ਲਿਆ ਹੁਕਮ ਕੀਤਾ। ਦੀਪਮਾਲਾ ਤੇ ਅੰਮ੍ਰਿਤਸਰ ਆਉਣਾ। ਦੀਪਮਾਲਾ ਤੇ ਗਏ ਪ੍ਰਕਰਮਾ ਵਿਚ ਦੀਵਾਨ ਲਾ ਜੋਟੀਆਂ ਦੇ ਸਬਦ ਲੰਮੀ ਹੇਕੇ ਸਿੱਖ ਪੜ੍ਹਦੇ ਸੀ। ਸਤਿਗੁਰੂ ਜੀ ਹੁਕਮ ਕੀਤਾ, ਤੈਥੋਂ ਖੂਹ ਦਾ ਵਖਤ ਨਹੀਂ ਹੋਣਾ, ਬਰਾਨੇ ਬੀਜਿਆ ਕਰ। ਭਜਨ, ਬਾਣੀ, ਸਿਦਕ, ਸੰਤੋਖ ਵਾਲਿਆਂ ਦਾ ਥੋੜਾ ਪਦਾਰਥ ਭੀ ਨਹੀਂ ਮੁਕਦਾ।

ਘਰ ਆਏ ਸੁਕੇ ਬਰਾਨੇ ਵਿਚ ਬੀਜ ਰਲਾਣ ਲੋਕ ਕਹਿਣ, ਕੂਕਾ ਹੋ ਕਮਲਾ ਹੋ ਗਿਆ ਏ। ਵਰਖਾ ਹੋਈ ਬਹੁਤ ਫਸਲ ਹੋਇਆ ਤੇ ਸਦਾ ਬਰਾਨੇ ਹੀ ਫਸਲ ਕਰਨ। ਸਨਬੰਧੀਆਂ ਨਾਲ ਸਿਆਮ ਗਏ ਤੇ ਪਦਾਰਥ ਬਹੁਤ ਪ੍ਰਾਪਤ ਹੋਇਆ। ਗੁਰੂ ਹਰੀ ਸਿੰਘ ਜੀ ਦੇ ਸਮੇਂ ਆਪ ਭੀ ਗਰੀਬਾਂ ਨੂੰ ਧੀਆਂ ਦੇ ਸੇਠ ਬਣਾਦੇ ਤੇ ਸਾਨੂੰ ਭੀ ਸਿੱਖਿਆ ਦਿੱਤੀਉ ਨੇ, ਧੀਆਂ ਮਾੜਿਆਂ ਨੂੰ ਮਦਦ ਦੇ ਸਾਵੇਂ ਬਨਾਉਣਾ।

## ਭਵਿਖਤ ਵਾਕ

ਸਤਿਗੁਰੂ ਜੀ ਪੁੱਛਿਆ, ਕੋਈ ਭਵਿਖਤ ਵਾਕ ਭੀ ਦੱਸਦੇ ਸੀ। ਤਾਂ ਸੇਠ ਜੀ ਦੱਸਿਆ, ਏਕ ਸਮੇਂ ਪਿਤਾ ਜੀ ਭੈਣੀ ਸਾਹਿਬ ਗਏ ਸੀ। ਸਤਿਗੁਰੂ ਰਾਮ ਸਿੰਘ ਜੀ ਲਕੜਾਂ ਦੇ ਢੇਰਾਂ ਨੂੰ ਅੱਗ ਲਾ ਕੋਲ ਬੈਠ ਵੇਖਣ। ਪਿਤਾ ਜੀ ਅਰਜ ਕੀਤੀ, ਇਹ ਲਕੜਾਂ ਲੋਹ ਦੇ ਜਾਂ ਹੋਰੀਂ ਕੰਮ ਆਉਂਦੀਆਂ। ਸਤਿਗੁਰੂ ਜੀ ਬਚਨ ਕੀਤਾ, ਅੰਮ੍ਰਿਤਸਰ, ਲਾਹੌਰ ਆਦਿ ਸ਼ਹਿਰਾਂ ਨੂੰ ਇਵੇਂ ਅੱਗ ਲਗੇਗੀ। ਅਰਜ ਕੀਤੀ, ਫਿਰ ਕਿਵੇਂ ਬਚਾਂਗੇ? ਤਾਂ ਬਚਨ ਕੀਤੇ ਨੇ, ਪਸ਼ੌਰੋਂ ਉਪਾਧ ਛੇੜ ਛਿੜੀ ਤੇ ਰਾਵੀ ਤੋਂ ਪਾਰ ਹੋ ਜਾਣਾ। ਰਾਵੀ ਤਕ ਤੁਰਕਾਂ ਦਾ ਰਾਜ ਹੋਵੇਗਾ। ਸਦਾ ਤੇ ਸਾਰਾ ਸੁਖ ਤਾਂ ਰੁਆਲ ਸਰ ਤੇ ਸਹੋਵੇ ਸਾਹਿਬ ਰਹੇਗਾ। ਮੈਂ ਇਸੇ ਤਰ੍ਹਾਂ ਵੇਖ ਬੈਠਾ ਵੇਖਾਂਗਾ।

## ਰੁਆਲਸਰ

ਸਤਿਗੁਰੂ ਪਰਤਾਪ ਸਿੰਘ ਜੀ ਸੇਠ ਮਹਿਲ ਸਿੰਘ ਜੀ ਪਾਸੋਂ ਇਹ ਬਚਨ ਸੁਣ ਸਲਾਹ ਬਣਾਈ ਕਿ ਮੰਡੀ ਸਕੇਤ ਵਲ ਹੁਣੇ ਚਲੀਏ। ਕੀ ਜਾਣੀਏ ਉਹ ਬਚਨ ਗੁਰੂ ਕੇ ਕਿਸ ਵੇਲੇ ਵਰਤਣ। ਸੇਠ ਜੀ ਨਾਲ ਟੁਰੇ ਤੇ ਮੰਡੀ ਆਏ ਕਰਾਏ ਤੇ ਜਗ੍ਹਾ ਲੈ ਕੁਝ ਸਬਾਬ ਭੀ ਗੁਜਰਾਂਵਾਲਿਉਂ ਲਿਆ ਰਖਿਆ ਸਤਿਗੁਰੂ ਜੀ ਅੱਗੇ ੭੧ ਸੰਮਤ ੧੪ ਈ: ਦੀ ਲੜਾਈ ਸਮੇਂ ਦੇ ਸਕੇਤ ਕੁਝ ਕੋਠੇ ਸਬਾਬ ਕਰਾਏ ਲੈ, ਲਿਆ ਰਖਿਆ ਸੀ। ਹੁਣ ਆਪਣੇ ਨਾਲ ਪਹਾੜਾ ਸਿੰਘ ਲਾਂਗਰੀ ਅਣਖਾ ਸਿੰਘ ਦਾਤੇ ਵਾਲ ਡਾ: ਵਜੀਰ ਸਿੰਘ ਬਹਾਦਰ ਸਿੰਘ ਜੀ ਸਮੇਤ ਪਾਲਮਪੁਰ ਤਕ ਮੋਟਰ ਤੇ ਅਗੋ ਘੋੜਿਆਂ ਤੇ ਸਕੇਤ ਪੁੱਜੇ ਤੇ ਰਵਾਲਸਰ ਦਾ ਦਰਸਨ ਕਰ ਸੇਠ ਜੀ ਨੂੰ ਸਲਾਹ ਦਿੱਤੀ ਆਪ ਏਧਰ ਹੀ ਰਹੋ। ਸੇਠ ਮਹਿਲ ਸਿੰਘ ਜੀ ਤਦ ਤੋਂ ਹੁਣ ਤਕ ਮੰਡੀ ਹੀ ਕੁਝ ਪ੍ਰਵਾਰ ਸਮੇਤ ਰਹਿੰਦੇ ਹਨ। ਗੁਜਰਾਂਵਾਲੇ ਦੀ ਸੂਬੇਦਾਰੀ ਛੋਟੇ ਭਰਾ ਸੇਠ ਦਿਆਲ ਸਿੰਘ ਜੀ ਦੀ ਸੌਂਪਣਾ ਕੀਤੀ। ਸਤਿਗੁਰੂ ਜੀ ਅਗੇ ਅਰਜ ਕਰ ਕਿਹਾ, ਮੈਥੋ ਇਹ ਸਰਦਾਰੀ ਖਵਾਰੀ ਵਾਲਾ ਕੰਮ ਨਹੀਂ ਹੁੰਦਾ। ਹੁਣ ਇਹ ਸੇਠ ਦਿਆਲ ਸਿੰਘ ਜੀ ਭੀ ਸਿਆਮ ਵਲ ਰਹਿੰਦੇ ਹਨ ਤੇ ਉਥੇ ਦੇ ਹੀ ਸੂਬੇ ਹਨ। ਗੁਜਰਾਂਵਾਲੇ ਜ਼ਿਲ੍ਹੇ ਤੇ

Sri Satguru Jagjit Singh Ji Elibrary NamdhariElibrary@gmail.com

ਸੂਬਾ ਅਰੂੜ ਸਿੰਘ ਬੋਰਿਆ ਵਾਲੇ ਸਤਿਗੁਰੂ ਜੀ ਬਣਾਏ ਸੀ ਸੇਠ ਜੀ ਦੇ ਸਿਆਮ ਵਲ ਜਾਣ ਬਾਅਦ। ਇਹਨਾਂ ਸੇਠਾਂ ਦੇ ਹੋਰ ਬਚਨ ਸਮੇਂ ਸਮੇਂ ਸਿਰ ਫੇਰ ਲਿਖਾਂਗਾ।

## ਸੁਖ ਦੇਣਾ ਹੈ

ਹਿੰਦੁਸਤਾਨ ਵਿਚ ਸਭ ਤਰਫ਼ੀ ਅੰਗਰੇਜ਼ ਦੇ ਖਿਲਾਫ਼ ਖਲਕਤ ਬੋਲੇ, ਰੌਲਾ ਪੈ ਗਿਆ ਹੋਰ ਤਰਫ ਦਿੱਲੀ, ਆਗਰੇ, ਯੂ. ਪੀ. ਵਿਚ ਤੇ ਅਗੇ ਭੀ ਕੁਝ ਜਾਗਰਤ ਆਈ ਹੋਈ ਸੀ। ਪੰਜਾਬ ਵਿਚ ਭੀ ਨੀਂਦ ਉਘੜੀ ਨਾਮਧਾਰੀਆਂ ਦੇ ਨਾਲ ਦੇ ਕਈ ਹੋ ਟੁਰੇ। ਮਹਾਰਾਜ ਗੁਰਦਿਆਲ ਸਿੰਘ ਜੀ ਸਮੇਤ ਸਾਥੀਆਂ ਚਾਂਹਦੇ ਸੀ ਕੁਝ ਹੋਵੇ ਅੰਗਰੇਜ਼ ਨਾਲ ਆਢਾ ਲਾਈਏ। ਸਤਿਗੁਰੂ ਜੀ ਕਿਹਾ, ਸਤਿਗੁਰੂ ਰਾਮ ਸਿੰਘ ਜੀ ਜਿਵੇਂ ਸਮਾਈ ਰਖਣੀ ਗੁਰੂ ਹਰੀ ਸਿੰਘ ਜੀ ਨੂੰ ਕਹੀ ਸੀ ਤਿਵੇਂ ਉਹਨਾ ਰੱਖੀ ਤੇ ਕੰਮ ਭੀ ਉਹਨਾ ਦੇ ਦਸੇ ਸਬਕ— ਗੋਰੇ ਨਾਲ ਨਾ ਮਿਲ-ਵਰਤਣ ਤੇ ਆਪਣੀ ਮਰਯਾਦਾ ਕਾਇਮ ਰਖਣ ਆਦਿ ਦੀ ਕੀਤਾ ਤੇ ਗੁਪਤ ਸਿੱਖ ਭੀ ਟੋਰੀ ਰਖੇ। ਤਿਵੇਂ ਮੈਂ ਭੀ ਗੋਰੇ ਨਾਲ ਨਾ ਮਿਲ-ਵਰਤਣ ਤੇ ਨਾਮਧਾਰੀ ਪੰਥ ਦੀ ਮਰਯਾਦਾ ਨੂੰ ਨਿਭਾਣਾ ਹੈ। ਕੂਕੇ ਪੰਥ ਨੂੰ ਬਚਾਣਾ ਹੈ ਜਿਨ੍ਹਾਂ ਤਦੋਂ ਸਾਡਾ ਸਾਥ ਨਹੀਂ ਸੀ ਦਿੱਤਾ ਉਹਨਾਂ ਨੂੰ ਹੀ ਹੁਣ ਅਗੇ ਲਾਣਾ ਹੈ। ਹਾਂ ਜੇ ਆਪ ਦੇ ਨਾਲ ਰਲਣ ਉਹ ਕੰਮ ਕਰਨ ਜੋ ਹੁੰਦਾ ਦੇ, ਮੈਂ ਭੀ ਹੋ ਆਈ ਸੇਵਾ ਦੇਸ ਅਜ਼ਾਦੀ ਦੀ ਕਰਾਂਗਾ। ਜਿਨ੍ਹਾਂ ਤਦੋਂ ਸਾਡਾ ਤਮਾਸ਼ਾ ਵੇਖਿਆ ਸੀ ਹੁਣ ਅਸਾਂ ਉਹਨਾ ਦਾ ਵੇਖਣਾ ਹੈ। ਆਪ ਭੀ ਉਵੇਂ ਦੇ ਹੀ ਰਹਿ ਪੰਥ ਨੂੰ ਸੁੱਖ ਦੇਣਾ ਹੈ। ਹੁਣ ਸਤਿਗੁਰੂ ਰਾਮ ਸਿੰਘ ਜੀ ਦੇ ਵਾਕ :—

"ਸਦਾ ਭੈੜੀ ਸਾਡੇ ਮਗਰ ਹੀ ਨਹੀਂ ਰਹਿਣੀ।"

ਇਹ ਭੈੜੀ ਸਭ ਦੇ ਮਗਰ ਲਗੇਗੀ ਆਦਿ ਪੂਰੇ ਹੋਣੇ ਹਨ। ਦੇਸ ਅਜ਼ਾਦ ਹੋ ਕੇ ਹੀ ਰਹੇਗਾ। ਗੋਰੇ ਭਾਵੇਂ ਕੀ ਵਾਹ ਲਾਣ।

## ਮੇਲਾ ਨਿਮਾਣੀ ੧੯੭੬ ਬਿ:

ਭੈਣੀ ਸਾਹਿਬ ਨਿਮਾਣੀ ਦੇ ਮੇਲੇ ਤੇ ਇਸ ਸਾਲ ਬਹੁਤ ਰੌਣਕਾਂ ਹੋਈਆਂ ਪੰਥ ਦੇ ਸਭ ਰਾਗੀ ਤੇ ਸਬਦੀ ਸਤਿਗੁਰੂ ਜੀ ਉਚੇਚੇ ਸੱਦੇ, ਕਿਉਂਕਿ ਕਈ ਤਰ੍ਹਾਂ ਦੇ ਖਿਆਲਾਂ ਦੇ ਆ ਸਤਿਗੁਰੂ ਜੀ ਨੂੰ ਮਿਲਦੇ ਸਿੱਖ ਭੀ, ਹਿੰਦੂ ਭੀ, ਮੁਸਲਮਾਨ ਭੀ ਤੇ ਕਹਿੰਦੇ ਸੀ ਤੁਸੀਂ ਅਗੇ ਲਗੋ ਇਹ ਅਜ਼ਾਦੀ ਦੀ ਲਹਿਰ ਆਪ ਦੇ ਘਰੋਂ ਜਾਰੀ ਹੋਈ ਹੈ। ਕਾਂਗਰਸੀ ਭੀ ਆਏ ਤੇ ਹੋਰ ਪੰਥਾਂ ਦੇ ਭੀ ਆਏ, ਸਰਕਾਰੀ ਲੋਕ ਭੀ ਆਏ ਕਣਸੋਆਂ ਲੈਣ ਕਿ ਕੂਕੇ ਕੀ ਕੁਝ ਹੁਣ ਲੋਕਾਂ ਨਾਲ ਰਲ ਕਰਦੇ ਹਨ। ਸਤਿਗੁਰੂ ਜੀ ਸਭ ਆਏ ਨੂੰ ਆਦਰ ਨਾਲ ਬਠਾਏ ਕਿਹਾ, ਅਸਾਂ ਏਥੇ ਹੋਰ ਕੁਝ ਨਹੀਂ ਭਜਨ ਬਾਣੀ ਬਿਨਾਂ ਕਹਿਣਾ ਜਾਂ ਕਰਨਾ। ਇਹ ਮੇਲਾ ਗੁਰੂ ਹਰੀ ਸਿੰਘ ਜੀ ਦਾ ਰਖਿਆ ਉਸੇ ਤਰ੍ਹਾਂ ਹੋਵੇਗਾ, ਨਾ ਖਿਲਾਫ ਰਪਟ ਹੋਈ ਨਾ ਕਿਸੇ ਨਾਲ ਅਜੋੜ ਹੋਈ।

## ਹੁਕਮ ਨਾਮੇ ਭਾਲੋ

ਭੈਣੀ ਸਾਹਿਬ ਨਿਮਾਣੀ ਦੇ ਮੇਲੇ ਤੇ ਸੇਠ ਵਿਲੋਕਿਆਂ ਵਾਲੇ ਸਮੇਤ ਪ੍ਰਵਾਰ ਗਏ ਸੀ ਤੇ ਅਰਜ਼ ਸਭ ਪ੍ਰਵਾਰ ਮੇਲੇ ਦੇ ਭੋਗ ਸਮੇਂ ਕੀਤੀ, ਅਸਾਂ ਗੁਜਰਾਂਵਾਲੇ ਮਕਾਨ ਛੱਤੇ ਹਨ, ਸਾਧ ਸੰਗਤ ਦਾ ਮੇਲਾ ਹੋਵੇ ਤੇ ਵਸੋਂ ਕਰੀਏ। ਸਭ ਗੁਰੂ ਘਰ ਦਾ ਪ੍ਰਵਾਰ ਤੇ ਜਥੇਦਾਰ ਤੇ ਰਾਗੀ ਸੰਤ, ਮਹੰਤ ਦਰਸਨ ਦੇਣ। ਸਤਿਗੁਰੂ ਜੀ ਸਮੇਤ ਮਾਤਾ ਜਿਉਣ ਕੌਰ ਜੀ ਫਤਹ ਕੌਰ ਜੀ ਤੇ ਮਹਾਰਾਜ ਜੀ ਦੋਨਾਂ ਦੇ ਸੰਤ ਮੋਹਨ ਸਿੰਘ ਜੀ ਦੇ ਦਰਸਨ

ਦਿੱਤੇ। ਹਾੜ ਵਿਚ ਦਿਨ ਮਿਥੇ ਤੇ ਸਭ ਸੰਤ ਜਥੇਦਾਰਾਂ ਰਾਗੀਆਂ ਦਰਸ਼ਨ ਦਿੱਤੇ। ਭੈਣੀ ਸਾਹਿਬ ਸਤਿਗੁਰੂ ਜੀ ਇਕ ਵੱਖ ਥਾ ਇਤਬਾਰੀ ਸਾਧੂਆ ਦਾ ਇਕੱਠ ਕਰ ਕਿਹਾ ਸੀ, ਸਤਿਗੁਰੂ ਰਾਮ ਸਿੰਘ ਜੀ ਵਲੋਂ ਆਏ ਹੁਕਮਨਾਮੇ ਕੁਝ ਤਾ ਗੁਰੂ ਹਰੀ ਸਿੰਘ ਜੀ ਦੇ ਸਮੇਂ ਬਿਦੇਸ ਗਏ ਸਾਧਾਂ ਦੇ ਹਥੋਂ ਤੇ ਉਹਨਾ ਦੇ ਪ੍ਰਵਾਰ ਵਿਚੋਂ ਜਾਂ ਹੋਰ ਸਾਧਾਂ ਕੋਲੋਂ ਮਿਲੇ ਹਨ ਤੇ ਕਈ ਉਤਾਰੇ ਕੀਤੇ ਮਿਲੇ ਹਨ। ਬਹੁਤ ਅਜੇ ਸੰਗਤ ਵਿਚ ਸਾਧਾਂ ਪਾਸ ਪਏ ਲਕੋਏ ਸੁਣੀਂਦੇ ਹਨ, ਉਹ ਸਾਡੇ ਕੋਲ ਔਣੇ ਚਾਹੀਦੇ ਹਨ। ਕਿਉਂ ਕਿ ਸੰਤੋਖ ਸਿੰਘ ਜੀ ਜੋ ਗ੍ਰੰਥ ਲਿਖਿਆ ਹੈ ਉਸ ਵਿਚੋਂ ਬਹੁਤ ਹੁਕਮਨਾਮੇ ਆਏ ਮਲੂਮ ਹੁੰਦੇ ਹਨ ਤੇ ਸਾਨੂੰ ਥੋੜ੍ਹੇ ਮਿਲੇ ਹਨ। ਭਾਵੇਂ ਕਈ ਸਰਕਾਰ ਸਿੱਖਾਂ ਨੂੰ ਫੜ ਹੁਕਮਨਾਮੇ ਭੀ ਖੋਹ ਲਏ ਸੀ ਤੇ ਕੈਦ ਭੀ ਸਿੱਖਾਂ ਨੂੰ ਕਰਦੀ ਰਹੀ ਹੈ ਪਰ ਫੇਰ ਭੀ ਬਹੁਤ ਹੁਕਮਨਾਮੇ ਅਜੇ ਸਾਧ ਸੰਗਤ ਵਿਚ ਸੁਣੀਂਦੇ ਨੇ ਜੇ ਮਿਲ ਜਾਣ ਤਾਂ ਇਕ ਸੈਂਚੀ ਭੀ ਬਣ ਜਾਵੇ ਤੇ ਸੋਧ ਭੀ ਕੀਤੀ ਜਾਵੇ ਜੋ ਅੰਗਰੇਜ਼ਾਂ ਨੇ ਵਿਚ ਬਹੁਤ ਰਲਾ, ਸਿੰਘ-ਸਭੀਆਂ ਤੇ ਭਸੌੜੀਆਂ ਦੇ ਚੀਫ ਖਾਲਸੀਆਂ ਤੋਂ ਪਵਾਇਆ ਹੈ। ਉਹ ਭੀ ਕਢ ਦਿੱਤਾ ਜਾਵੇ ਜੋ ਸਿੱਖ ਉਹ ਗਲਤੀਆਂ ਪੜ੍ਹਦੇ ਹਨ ਸਤਿਗੁਰੂ ਜੀ ਦੇ ਬਚਨ ਜਾਣ ਉਹਨਾਂ ਨੂੰ ਉਹਨਾਂ ਦਾ ਅਸਰ ਹੁੰਦੇ ਜੋ ਗੋਰਿਆਂ ਦੇ ਟੋਰੇ ਮਤ, ਸਿੰਘ-ਸਭਾ ਦੇ ਨਾਲ ਮਿਲਦੀਆਂ ਗੱਲਾਂ ਹਨ।

## ਰਸੀਲੇ ਦੀਵਾਨ

ਇਸ ਮੇਲੇ ਗੁਜਰਾਂਵਾਲੇ ਦੇ ਤੇ ਸਾਧ ਸੰਗਤ ਵਿਚ ਕਹਾਇਆ ਹੁਕਮਨਾਮੇ ਸਤਿਗੁਰੂ ਰਾਮ ਸਿੰਘ ਜੀ ਦੇ ਜਿਸ ਕੋਲ ਜਿਹੇ ਹੋਣ ਭੈਣੀ ਸਾਹਿਬ ਭੇਜੇ ਕਿਸੇ ਹੀਲੇ। ਸਤਿਗੁਰੂ ਜੀ ਨੇ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਦੀ ਡਿਊਟੀ ਭੀ ਲਾਈ ਭਾਵੇਂ ਕਿਵੇਂ ਜਿਹਾ ਭੀ ਹੁਕਮਨਾਮਾ ਕਿਤੋਂ ਮਿਲੇ ਲੈ ਲਵੇ ਤੇ ਜੋ ਕੁਝ ਕੋਈ ਮੰਗੇ ਦੇ ਭੀ ਦੇਵੇ।

ਇਸ ਮੇਲੇ ਤੇ ਸੰਤ ਲਾਲ ਸਿੰਘ ਜੀ ਡੂਰੇਗਿੱਲਾਂ ਦੇ ਤੇ ਨੱਥਾ ਸਿੰਘ, ਕੱਥਾ ਸਿੰਘ ਰੋਹਦਕਿਆਂ ਵਾਲਿਆਂ ਦੇ ਬਹੁਤ ਰਸ ਭਰੇ ਦੀਵਾਨ ਲਗੇ। ਸ਼ੇਰ ਸਿੰਘ ਰਾਗੀ ਗੁਜਰਾਂਵਾਲੀਆ ਨੇ ਜਿਸ ਦਾ ਸੁਰ ਉੱਚਾ ਤੇ ਥੋੜਾ ਸੀ ਪਰ ਚਲਦਾ ਭਰਵਾਂ ਬਹੁਤ ਸੀ ਸਤਿਗੁਰੂ ਜੀ ਨੂੰ ਗੀਤਾਂ ਸੁਣਾ ਬਹੁਤ ਖੁਸ਼ ਕੀਤਾ। ਬਟੇਕੇ ਗੁਸਾਈਆਂ ਤੋਂ ਭੀ ਰਾਗੀ ਆਏ ਸੀ। ਜੋ ਸਿੰਘ ਮੌਲੀ ਭੀ ਬਹੁਤ ਰਸ ਨਾਲ ਆਸਾ ਦੀ ਵਾਰ ਲਾਂਦਾ ਰਿਹਾ। ਫਤੇ ਸਿੰਘ ਮਾਂਗੋ ਵਾਲੇ ਨੇ —

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥

ਤੇ ਤਿੰਨ ਘੰਟੇ ਖੜੇ ਹੱਲੇ ਦਾ ਦੀਵਾਨ ਇਕ ਦਿਨ ਲਾ ਪ੍ਰਮਾਣ ਦੇ ਦੇ ਮਨਾ ਦਿੱਤਾ, ਯਤੀਮਖਾਨੇ, ਸਿੰਘ-ਸਭਾ ਦੇ 'ਚੋਂ ਆਇਆਂ ਨੂੰ ਕਿ ਗੁਰੂ ਦੇਹਧਾਰੀ ਹੁੰਦਾ ਹੈ। ਸਭ ਨੇ ਮੰਨਿਆਂ ਕਿ ਇਸ ਜਿਹਾ ਇਕ ਥਿਊਰੀ ਤੇ ਸਬਦ ਪੜ੍ਹਨ ਵਾਲਾ ਨਾਮਧਾਰੀਆਂ ਵਿਚ ਨਹੀਂ ਹੋਇਆ। ਸੰਤ ਦੂਲਾ ਸਿੰਘ ਨੱਥੋ ਵਾਲੇ ਕਿੰਗ ਨਾਲ ਲਾਲ ਫੁਲਕਾਰੀ ਗਲ ਤੇ ਪੈਰੀਂ ਘੁੰਘਰੂ ਬੰਨ੍ਹੀ ਕਈ ਦੀਵਾਨ ਲਾਏ। ਸੰਤ ਸੋਹਣ ਸਿੰਘ ਚੱਕਰੀ ਵਾਲੇ ਦੀ ਸੁਰ ਸੁਣ ਕੇ ਕੋਈ ਕੋਲ ਦੀ ਦੇਖੇ, ਸੁਣੇ ਬਿਨਾਂ ਨਹੀਂ ਜਾ ਸਕਦਾ ਸੀ ਏਡੀ ਮਿੱਠੀ ਸੁਰ ਸੀ।

## ਕੋਈ ਹਿੰਦੂ ਚੱਕੋਂ ਭੀ ਆਇਐ ?

ਇਸ ਮੇਲੇ ਤੇ ਸੋਨਾਂ ਨੇ ਗੁਜਰਾਂਵਾਲੇ ਦੇ ਦੁਆਲੇ ਦੇ ਨਗਰਾਂ ਤੇ ਨੇੜੇ ਨੇੜੇ ਸਿਆਲਕੋਟ ਸ਼ੇਖੂਪੁਰੇ ਦੇ ਜ਼ਿਲ੍ਹੇ ਵਿਚ ਭੀ ਸਿੱਖਾਂ ਹੱਥੀਂ ਅਰਦਾਸਾਂ ਆਉਣ ਲਈ ਘਲੀਆਂ ਸੀ, ਕਿਉਂਕਿ ਸਤਿਗੁਰੂ ਜੀ ਉਹਨਾਂ ਨੂੰ ਹੁਕਮ ਦਿੱਤਾ ਸੀ, ਜੋ ਤੁਸਾਂ ਨਵੇਂ ਮਕਾਨਾਂ ਦਾ ਮੇਲਾ ਕਰਨਾ ਹੈ, ਨਵੇਂ ਨਵੇਂ ਸਿੱਖਾਂ ਦੇ ਦਰਸਨ ਕਰਨ ਨੂੰ ਸਾਡਾ ਭੀ ਜੀਅ ਕਰਦੈ, ਸੱਦੇ ਦੇਣੇ ਖੁਲ੍ਹੇ ਦਿੱਲ।

ਹਿੰਦੂ ਚੱਕੋਂ ਮੈਂ ਭੀ ਇਸ ਮੇਲੇ ਤੇ ਆਇਆ ਸਾਂ ਤੇ ਸੇਧ ਰਖ, ਸਰਦਾਈ ਜੋਗਾ ਜਲ, ਚਰਖੜੀ ਖਿੱਚ ਕੱਢਦਾ ਸਾਂ। ਭਜਨ ਤਦੋਂ ਆਪੇ ਹੁੰਦਾ ਸੀ ਤੇ ਬਾਣੀ ਕੰਠ ਬੜੀ ਛੇਤੀ ਹੁੰਦੀ ਸੀ। ਮੈਂ ਭਾਈ ਗੁਰਦਾਸ ਦੀ ਬਾਣੀ ਦਾ ਸਬਦ ਬੜੇ ਸੁਆਦ ਵਿਚ ਪੈ ਪੜ੍ਹਦਾ ਸਾਂ।

"ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ ॥"

ਭਜਨ ਮੈਂ ਸੰਤ ਕੇਸਰ ਸਿੰਘ ਜੀ 'ਧੂਪ' ਹੋਰਾਂ ਤੋਂ ਲਿਆ ਹੋਇਆ ਸੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਦਰਸਨ ਭੀ ਅਜੇ ਨ ਕੀਤਾ ਸੀ। ਚਿਤ ਵਿਚ ਚਾਅ ਸੀ ਜੇ ਸਤਿਗੁਰੂ ਰਾਮ ਸਿੰਘ ਜੀ ਸਤਿਗੁਰੂ ਹਨ ਤਾਂ ਉਹ ਦਰਸਨ ਦੇਣ। ਜੇ ਇਹ ਹਨ ਤਾਂ ਇਹ ਦਰਸਨ ਦੇਣ ਤਾਂ ਮੈਂ ਜਾਣਾ ਅੰਤਰਜਾਮੀ ਹਨ।

ਮੈਨੂੰ ਇਕ ਸਿੱਖ ਆ ਕਿਹਾ, ਅੱਜ ਸਤਿਗੁਰੂ ਜੀ ਸਾਧਾਂ ਨਾਲ ਬਚਨ ਕਰਦਿਆ ਕਿਹਾ ਸੀ ਕੋਈ ਹਿੰਦੂ ਚੱਕੋਂ ਭੀ ਸਿੱਖ ਆਇਆ ਹੈ ? ਤਾਂ ਮੈ ਕਿਹਾ ਸੀ, ਇਕ ਮੁੰਡਾ ਆਇਆ ਹੈ ਜੋ ਜਲ ਪੀਆ ਸਰਦਾਈ ਜੋਗਾ ਕਢਦੈ। ਮੈਂ ਪੁੱਛਿਆ, ਹੁਣ ਸਤਿਗੁਰੂ ਜੀ ਕਿਥੇ ਹਨ ? ਉਸ ਕਿਹਾ, ਬਾਹਰ ਸੈਰ ਨੂੰ ਗਏ ਹਨ। ਮੈਨੂੰ ਉਡੀਕ ਲਗ ਗਈ ਬਜਾਰ ਵਲ ਜਲ ਕੱਢਦਾ ਬਾਰ ਬਾਰ ਤੱਕਾਂ। ਦੂਰੋਂ ਦੇਖੇ ਸੰਗਤ ਦੀ ਭੀੜ ਵਿਚ ਆਉਂਦੇ। ਵਿਚੇ ਖਿਚਦਾ ਜਲ ਚਰਖੜੀ ਛਡ ਤੱਜ ਕੇ ਭੀੜ ਚੀਰਦਾ ਚਰਨੀਂ ਜਾ ਲਗਾ। ਸਤਿਗੁਰੂ ਜੀ ਮੇਰੇ ਚਿਹਰੇ ਵਲ ਵੇਖ ਕਿਹਾ, ਕਾਕਾ ਤੂੰ ਹਿੰਦੂ ਚੱਕੋਂ ਏਂ ਤੇ ਬਾਬੇ ਦਿਆਲ ਸਿੰਘ ਜੀ ਦਾ ਕੀ ਲਗਦੈਂ ? ਮੈਂ ਹੱਥ ਜੋੜ ਕਿਹਾ, ਮੈਂ ਬਾਬੇ ਦਿਆਲ ਸਿੰਘ ਜੀ ਦਾ ਪੋਤਰਾ ਹਾਂ। ਮੇਰੇ ਪਿਤਾ ਸੰਤ ਸਿੰਘ ਜੀ ਤੇ ਮਾਤਾ **ਜਿਉਣ ਕੌਰ ਜੀ (ਜਾਂ ਜੀਵਾਂ ਹੀ ਆਖਦੇ ਹਨ) ਕਹਿੰਦੇ ਸਨ, ਭਲਕੇ ਆਵਾਂਗੇ। ਸਤਿਗੁਰੂ ਜੀ ਪਿਆਰ ਕੀਤਾ ਤੇ ਕੰਡ ਤੇ ਹੱਥ ਫੇਰ ਕਿਹਾ, ਕਾਕਾ ਸਾਧ ਸੰਗਤ ਵਿਚ ਆਵਿਆ ਕਰ। ਮੈਂ ਗੁਰੂ ਹਰੀ ਸਿੰਘ ਜੀ ਦੇ ਸਮੇਂ ਦਾ ਤੁਹਾਡੇ ਪਿੰਡ ਗਿਆ ਹਾਂ। ਮੇਰਾ ਜੀਅ ਕਰਦੈ, ਮੇਰਾ ਉਸ ਬਾਬੇ ਦਿਆਲ ਸਿੰਘ ਦੇ ਘਰ ਨਾਲ ਪਿਆਰ ਰਵ੍ਹੇ ਤੇ ਉਸ ਘਰ ਦਾ ਸਾਡੇ ਨਾਲ ਪਿਆਰ ਪਵੇ। ਕਿਉਂਕਿ ਬੜਾ ਚੰਗਾ ਸਾਊਆਂ, ਪੁੱਜਦੇ ਜ਼ਿਮੀਂਦਾਰਾਂ ਸੋਧੀਆਂ ਦਾ ਘਰ ਏ, ਕਹਿ ਚਲੇ ਗਏ। ਮੈਂ ਅਗਲੇ ਭਲਕ ਪਿਤਾ ਜੀ ਤੇ ਮਾਤਾ ਜੀ ਨੂੰ ਸਤਿਗੁਰੂ ਜੀ ਦੇ ਮਿਲਣ ਦੀ ਤੇ ਬਚਨ ਹੋਏ ਦੀ ਗੱਲ ਸੁਣਾਈ ਤਾਂ ਉਹਨਾਂ ਹੱਸ ਕੇ ਕੰਡ ਤੇ ਥਾਪੀ ਦੇ ਬਚਨ ਕੀਤਾ, ਭਲੇ ਬੀਬੇ ਬਚੇ ਦੇ, ਤੂੰ ਤੇ ਇਹਨਾਂ ਸਤਿਗੁਰਾਂ ਨਾਲ ਸੰਦੇਹ ਸਾਡੇ ਨਾਲੋਂ ਵੱਧ ਪਾ ਲਿਆ ਏ। ਅਸੀਂ ਤੇ ਆਮ ਸੰਗਤ ਵਾਂਗੂ ਹੀ ਮੇਲਿਆਂ ਤੇ ਜਾ ਦਰਸਨ ਭੇਟਾ ਧਰਦੇ ਹਾਂ।

---

**ਮੇਰੀ ਮਾਤਾ ਜੀ ਨੂੰ ਪਿਤਾ ਮੇਰੇ ਬਸੀ ਹੀ ਕਹਿੰਦੇ ਸੀ। ਘਰਿੰਡਾ, ਰੁੱਤਣ, ਪਸਰੂਰ, ਸਮਾਣੀ, ਰਾਜੂ ਚੱਕ ਆਦਿ ਸ਼ਾਜਕਿਆਂ ਦਾ ਸਿਆਲਕੋਟ ਦੇ ਜ਼ਿਲ੍ਹੇ ਰੌਪਾ ਸੀ ਜਿਵੇਂ ਡਸਕੇ ਦੁਆਲੇ, ਜਮਕੇ, ਤਲਵੰਡੀ, ਆਦਿ ਬੀਨੇ-ਬਣ ਕਹਾਉਂਦਾ ਸੀ। ਮੇਰੇ ਨਾਨਕੇ ਗੁਰੂ-ਚੱਕ ਸੀ।

## ਜੀ ਆਇਆਂ ਲਿਖੋ

ਸੰਤ ਕੇਸਰ ਸਿੰਘ ਜੀ 'ਚੁਪ' ਹੋਰੀਂ ਇਹਨਾਂ ਸੇਠਾਂ ਦੇ ਬੂਹੇ ਤੇ ਲਿਖਿਆ 'ਬਿਨਾਂ ਆਗਿਆ ਕੋਈ ਅੰਦਰ ਨਾ ਆਵੇ' ਦੇਖ ਨਰਾਜ ਹੋ ਗਏ ਤੇ ਮੇਲੇ ਤਕ ਨ ਆਏ। ਸਤਿਗੁਰੂ ਜੀ ਸੰਤ ਜੀ ਨੂੰ ਤਾਂ ਮਿਲ ਕੁਝ ਨਾ ਕਿਹਾ, ਪਰ ਸੇਠਾਂ ਨੂੰ ਕਹਿ ਸੰਤ ਜੀ ਪਾਸ ਭੇਜਿਆ। ਸੰਤ ਜੀ ਕਿਹਾ, ਉਹ ਅੱਖਰ ਢਾਹ ਕੇ 'ਆਉ ਜੀ ਜੀਉ ਆਇਆਂ ਨੂੰ' ਲਿਖੋਗੇ ਤਾਂ ਆਵਾਂਗੇ। ਸੇਠਾਂ ਉਹ ਅੱਖਰ ਢਾਹ ਕੇ ਇਹ ਲਿਖਾ ਦਿੱਤੇ ਤੇ ਸੰਤ ਜੀ ਸੇਠਾਂ ਦੇ ਘਰੀਂ ਆਏ। ਸਤਿਗੁਰੂ ਜੀ ਇਹ ਅੱਖਰ ਦੇਖ ਕਿਹਾ, ਸੰਤ ਜੀ ਸੇਠਾਂ ਦਾ ਭਲਾ ਕੀਤਾ ਹੈ। ਗੁਰਵਾਕ— "ਜੋ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥" ਦਾ ਭਾਗੀ ਬਣਾਇਆ ਹੈ। ਸਰਦਾਰੀ ਬੀਮਾਰੀ ਦੇ ਅੱਖਰ ਢੁਹਾ।

ਇਸ ਮੇਲੇ ਤੇ ਸੇਠ ਮਹਿਲ ਸਿੰਘ ਜੀ, ਦਿਆਲ ਸਿੰਘ ਜੀ, ਗੁਰਮੁਖ ਸਿੰਘ ਜੀ ਨੇ ਸਣੇ ਪ੍ਰਵਾਰ ਹੱਥੀਂ ਬਹੁਤ ਸੇਵਾ ਕੀਤੀ। ਆਦਿ ਗ੍ਰੰਥ ਸਾਹਿਬ ਦੇ ਸਾਧਾਰਨ ਤੇ ਅਖੰਡ ਪਾਠਾਂ ਦੇ ਬਹੁਤ ਭੋਗ ਪਵਾਏ। ਸਭ ਰਾਗੀਆਂ, ਜਥੇਦਾਰਾਂ, ਸੰਤਾਂ ਨੂੰ ਖੁਲ੍ਹੇ ਦਿਲ ਮਾਇਆ, ਬਸਤ੍ਰਾਂ ਦੇ ਮਥੇ ਟੇਕੇ, ਸਤਿਗੁਰੂ ਜੀ ਨੂੰ ਸਮੇਤ ਪ੍ਰਵਾਰ ਬਹੁਤ ਮਾਇਆ, ਬਸਤ੍ਰ ਭੇਟਾ ਕੀਤੇ।

ਸਤਿਗੁਰੂ ਜੀ ਪਾਸੋਂ ਅਰਜ ਕਰ ਰਜਾ ਲੈ ਕਸੂਰ ਮੇਲਾ ਕੀਤਾ। ਸਰਹਾਲੀ ਦੇ ਦਲੀਪ ਸਿੰਘ, ਵਸਨ ਸਿੰਘ, ਹਾਕਮ ਸਿੰਘ, ਜੀਏ-ਬਗੇ ਦੇ ਧਾਰਾ ਸਿੰਘ, ਸੰਗਾ ਸਿੰਘ, ਗੁਰਬਖਸ ਸਿੰਘ, ਰਾਜੇ-ਜੰਗ ਦੇ ਜੰਗ ਸਿੰਘ, ਖੁਸ਼ਾਲ ਸਿੰਘ, ਹਰਸਾ ਸਿੰਘ, ਵੜਾਣੇ ਦੇ ਚਤਰ ਸਿੰਘ, ਗਗੜ ਦੇ ਖੜਕ ਸਿੰਘ, ਆਦਿ ਸ਼ਹਿਰ ਜਾਣ, ਪ੍ਰਚਾਰ ਨਾਮਧਾਰੀ ਪੰਥ ਦੇ ਨੂੰ ਮੁਖ ਰਖ। ਸਤਿਗੁਰੂ ਜੀ ਭੀ ਸੰਤ ਮੋਹਣ ਸਿੰਘ ਜੀ ਦੇ ਜਥੇ ਸਮੇਤ ਦਰਸਨ ਦਿੱਤੇ। ਦੀਵਾਨ ਲਗੇ ਕੁਝ ਪਾਠਾ ਦੇ ਭੋਗ ਪਏ।

## ਬਾਬਾ ਚਤਰ ਸਿੰਘ ਜੀ ਵੜਾਣਾ

ਚਤਰ ਸਿੰਘ ਵੜਾਣੀਏ ਸਤਿਗੁਰੂ ਜੀ ਅਗੇ ਅਰਜ ਕੀਤੀ, ਚੂੰਨੀ ਸਾਹ ਲਾਂਡ ਦੇ ਪਿੰਡ ਦੇ ਸਾਡੇ ਪਿੰਡ ਜ਼ਮੀਨ ਚੋਖੀ ਖਰੀਦੀ ਹੋਈ ਏ ਤੇ ਮਨ-ਮਰਜੀ ਕਰਦੈ। ਮੈਂ ਉਸ ਨੂੰ ਹੋਰ ਤੇ ਕੁਝ ਨਹੀਂ ਕਹਿੰਦਾ, ਪਰ ਜਦ ਸਮਾਂ ਬਣੇ ਸੱਚ ਕਹਿ ਦੇਂਦਾ ਹਾਂ। ਉਹ ਕਹਿੰਦਾ ਏ ਤੇਰੀ ਪਤ ਲੁਹਾ ਚੂਹੜਿਆਂ ਤੋਂ ਪਾਣੀ ਤੈਨੂੰ ਪਿਆਣਾ ਏ, ਤੂੰ ਸੋਧੀ ਬਣਿਆਂ ਫਿਰਦੈਂ। ਪਿੰਡ ਦੇ ਮੁਸਲਮਾਨ ਤੇ ਸਿੱਖ ਭੀ ਉਸ ਤੋਂ ਤੰਗ ਹਨ। ਮੈਂ ਕਿਵੇਂ ਕਰਾਂ? ਸਤਿਗੁਰੂ ਜੀ ਬਚਨ ਕੀਤਾ, ਉਸ ਨੂੰ ਇਹੋ ਦੁਖ ਹੈ। "ਜੋ ਕੋ ਬੋਲੈ ਸਚੁ ਕੂੜਾ ਜਲਿ ਜਾਵਈ ॥" ਤੂੰ ਫਿਕਰ ਨ ਕਰ, ਸੱਚ ਨ ਛਡੀਂ। ਉਹ ਹੰਕਾਰੀ ਜੋ ਕਿਸੇ ਨੂੰ ਨਹੀਂ ਮਿਲਦਾ ਉਸ ਤੇ ਬਿਪਤ ਪਿਆਂ ਸਭ ਉਸ ਦੇ ਉਲਟ ਹੋਣਗੇ। ਕੀ ਪਤੈ ਉਸ ਨੂੰ ਹੀ ਚੂਹੜਿਆਂ ਦਾ ਪਾਣੀ ਪੀਣਾ ਪਵੇ। ਗੁਰਵਾਕ ਹੈ— "ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ ॥" ਤੇਰਾ ਉਹ ਕੀ ਵਿਗਾੜ ਸਕਦੈ।

ਥੋੜੇ ਚਿਰ ਬਾਅਦ ਚੂੰਨੀ ਸ਼ਾਹ ਦੀ ਮੁਸਲਮਾਨਾਂ ਨਾਲ ਲੜਾਈ ਹੋ ਪਈ। ੨੫ ਬੰਦੇ ਉਹਦੇ ਉਹਨਾਂ ਲਿਖਾਏ ਤੇ ੧੦ ਚੂੰਨੀ ਸ਼ਾਹ ਉਹਨਾਂ ਦੇ ਲਿਖਾਏ, ਚਤਰ ਸਿੰਘ ਦਾ ਭੀ ਨਾਮ ਦਸਾਂ ਦੇ ਵਿਚ ਹੀ ਬੇਦੋਸ ਦਾ ਲਿਖਾ ਦਿੱਤਾ। ਥਾਣੇਦਾਰ ਆਇਆ, ਪਿੰਡ ਦੇ ਤੇ ਦੁਆਲੇ ਦੇ ਸਭ ਨੇ ਕਿਹਾ, ਇਹ ਹੀ ਮੰਦਾ ਹੈ। ਵੇਖੋ ਸੋਧੀ ਤੇ ਮਾਲਾ ਫੇਰਨ ਵਾਲੇ ਦਾ ਵਿਚ ਨਾਮ ਲਿਖਾ ਦਿਤਾ ਸੂ। ਥਾਣੇਦਾਰ ਧੱਕਾ ਮਾਰਿਆ, ਪਰੇ

ਵਿਚ ਪੱਗ ਲਹਿ ਪਰ੍ਹੇ ਜਾ ਪਈ ਤੇ ਬੇਹੋਸ਼ ਹੋ ਗਿਆ। ਸਿਪਾਹੀ ਕੋਲੋਂ ਕਾਹਲ ਨਾਲ ਬੂਹਤੇ ਦਾ ਪਿਆ ਪਾਣੀ ਚੂੰਨੀ ਸ਼ਾਹ ਦੇ ਮੂੰਹ ਵਿਚ ਪਾਇਆ, ਹੋਸ਼ 'ਚ ਲਿਆ ਜੋਲ੍ਹੇ ਮਾਰਿਆ ਤੇ ਚਤਰ ਸਿੰਘ ਨੂੰ ਥਾਣੇਦਾਰ ਛੱਡ ਦਿੱਤਾ। ਅੰਤ ਉਸ ਚੂੰਨੀ ਸ਼ਾਹ ਐਥੇ ਹੀ ਚਤਰ ਸਿੰਘ ਤੋਂ ਮਾਫੀ ਮੰਗ ਸੁਲ੍ਹਾ ਕੀਤੀ ਤੇ ਕਿਹਾ, ਤੇਰੇ ਪਿਛੇ ਮੇਰੇ ਸਭ ਵੈਰੀ ਹੋ ਗਏ ਹਨ। ਬਾਬਾ ਮਾਫੀ ਦੇ, ਤੁਸੀਂ ਮਾਲਾ ਫੇਰਨ ਵਾਲੇ ਡਾਢੇ ਹੁੰਦੇ ਜੇ ਆਖ ਛੁਟਿਆ।

## ਬੀੜ ਮਰਾਰਤੂ

ਪੰਜ ਅੱਸੂ ੧੯੭੬ ਨਾਭੇ ਦੇ ਰਾਜੇ ਰਿਪੁਦਮਨ ਸਿੰਘ ਦੇ ਘਰ ਸਰੋਜਨੀ ਦੇਵੀ ਦੇ ਪੇਟੋਂ (ਟਿਕਾ) ਪੈਦਾ ਹੋਇਆ, ਵਰਿਆਹ ਵਾਲੀ ਮਾਈ ਹੁਕਮੀ ਦੇ ਵਰ ਨਾਲ। ਰਾਜੇ ਪਿਆਰ ਪਾਰੋਂ ਪਰਤਾਪ ਸਿੰਘ ਹੀ ਨਾਮ ਰਖਿਆ ਤੇ ਮਹਿਲਾਂ ਵਿਚ ਸਤਿਗੁਰੂ ਜੀ ਦੇ ਚਰਨ ਪਵਾਏ, ਪਾਠ ਕਰਾਇਆ, ਇਕ ਕਾਰ, ਤੇ ਬੀੜ ਮਰਾਰਤੂ ਅਰਦਾਸਾ ਭੈਣੀ ਸਾਹਿਬ ਦੇ ਡੇਰੇ ਦੀਆਂ ਗਊਆਂ ਤੇ ਲੌਹ ਲਈ ਭੇਟਾ ਕੀਤੀ। ਇਹ ਹਾਲ ਸਭ ਅਗੇ ਜਾ ਕੇ ਬੀੜ ਦੇ ਸਮੇਂ 'ਚ ਲਿਖਾਂਗਾ। ਇਹ ਮਾਈ ਹੁਕਮੀ ਉਹ ਹੈ ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਸੂਬੇ ਦੀ ਪਦਵੀ ਦਿੱਤੀ ਸੀ।

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥
ਸਚੇ ਹੀ ਪਤੀਆਇ ਸਚਿ ਸਮਾਇਆ ॥

ਗੁਰਵਾਕ ਦਾ ਅਰਥ ਤੇ :—

ਪ੍ਰਭ ਕੀ ਸੇਵਾ ਜਨ ਕੀ ਸੋਭਾ ॥...
ਤੇ "ਜੋ ਹਰਿ ਜਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥..."
ਤੇ " ਹਰਿ ਹਰਿ ਹਰਿ ਹਰਿ ਹਰਿ ਜਨ ਊਤਮ ਕਿਆ ਉਪਮਾਂ ਤਿਨ ਦੀਜੈ ॥
ਰਾਮ ਨਾਮ ਤੁਲਿ ਅਉਰੁ ਨ ਉਪਮਾ ਜਨ ਨਾਨਕ ਕ੍ਰਿਪਾ ਕਰੀਜੈ ॥"

ਗੁਰਵਾਕ ਦਾ ਅਰਥ ਅੰਦਰ ਵਸਾ ਮੈਂ ਇਹ ਗੁਰੂ ਜਸ ਤੇ ਗੁਰੂ ਜਨਾਂ ਦੀ ਉਪਮਾ ਲਿਖਦਾ ਹਾਂ। ਆਪਣਾ ਜਨਮ ਸਫਲਾ ਕਰਨ ਲਈ ਤੇ ਗੁਰੂ ਜੀ ਦੀ ਤੇ ਗੁਰੂ ਜਨਾਂ ਦੀ ਸੇਵਾ ਸਮਝ ਕੇ ਇਹ ਨਿਤ ਚਿਤ ਲਾ ਕੇ ਕਾਰ ਕਰਦਾ ਹਾਂ। ਜਦ ਸੁਰਤ, ਸੁਆਦ ਜਰਾ ਅਭਕਦੇ ਤਦ ਮੈਂ ਐਸੇ ਗੁਰਵਾਕ :—

ਜਨ ਨਾਨਕ ਕ੍ਰਿਪਾ ਕਰੀਜੈ ॥

ਚਿਤਾਰ ਅਰਜ਼ ਕਰਦਾ ਹਾਂ ਤੇ ਕਿਰਪਾ ਹੁੰਦੀ ਹੈ।

## *ਮਾਘਾ ਸਿੰਘ ਦੀ ਰੇਸ*

ਸਤਿਗੁਰੂ ਜੀ ਦਾ ਦੌਰਾ ਮੁਠੌਡੀ ਗਿਆ। ਇਹ ਸਤਿਗੁਰੂ ਰਾਮ ਸਿੰਘ ਜੀ ਦਾ ਨਿਵਾਜਿਆ ਨਗਰ ਬਹੁਤ ਨਾਮਧਾਰੀ ਸੰਗਤ ਦਾ ਮੇਲੀ ਸੀ। ਸਤਿਗੁਰੂ ਜੀ ਦੇ ਨਾਲ ਇਸ ਵੇਰ ਮਾਘਾ ਸਿੰਘ ਅਲੌੜ ਦਾ ਸੀ। ਜੋ ਖੰਨੇ ਤੋਂ ਦੋ ਮੀਲ ਤੇ ਵੇ। ਇਸ ਗੁਰੂ ਕੇ ਹਾਲੀ ਦਾ ਕਦ ਥੋੜਾ ਸੀ ਤੇ ਸੰਰੀਰ ਬਹੁਤ ਸੁਥਰਾ ਸੀ। ਘੁਲਦਾ, ਦੌੜਦਾ ਭੀ ਤੇ ਤਗੜਾ ਤੀ ਬਹੁਤ ਸੀ। ਸਤਿਗੁਰੂ ਜੀ ਮਾਘਾ ਸਿੰਘ ਨੂੰ ਕੁਲੇ ਘੋੜੇ ਨਾਲ ਦੁੜਾਂਦੇ ਸੀ। ਘੜੀ ਹੱਥ ਵਿਚ ਲੈ ਇਹ ੩ ਮਿੰਟਾਂ ੨੦ ਸਕਿੰਟਾਂ ਵਿਚ ਮੀਲ ਭਰ ਭੌਜਦਾ ਸੀ।

ਮੁਠੌਡੀ ਮੰਗਲ ਸਿੰਘ ਨੰਬਰਦਾਰ ਦੀ ਘੋੜੀ ਤਿੱਖੀ ਸੀ ਉਸ ਨਾਲ ਮੌਜ ਮੇਲਾ ਵੇਖਣ ਲਈ ਭਜਾਇਆ। ੩੫ ਸਕਿੰਟਾਂ 'ਚ ਫਰਲਾਂਗ ਗਿਆ ਤੇ ਘੋੜੀ ਤੋਂ ਹੱਥ ਅਗੇ ਰਿਹਾ।

ਸਾਥੋਕੀ ਤਲਵੰਡੀ ਦਮਦਮੇ ਸਾਹਿਬ ਇਹ ਸਦਾ ਨੰਬਰ ਲੈਂਦਾ ਦੌੜ 'ਚ ੧੩ ਆਦਮੀ ਹੋਣਵੇਂ ਦੌੜਦੇ ਸੀ। ਬੰਦੂਕ ਦੇ ਤੀਜੇ ਫੈਰ ਨਾਲ ਨਸਦੇ ਸੀ। ੪ ਸਾਲ ਜਿਤਣ ਬਾਅਦ ਲੋਕਾਂ ਦੂਜਿਆਂ ਨੂੰ ਸਖਾਲ ਪਹਿਲੇ ਫੈਰ ਦੌੜਾ ਦਿੱਤਾ, ਇਹ ਤੀਜੇ ਫੈਰ ਭੀ ਦੌੜ ਅਗੇ ਲੰਘ ਗਿਆ। ੪ ਸਾਲ ਜੇਤੂ ਰਿਹਾ। ਪਰ ਸਤਿਗੁਰੂ ਜੀ ਇਹ ਰੋਦ ਵਰਤਿਆ ਵੇਖ ਇਸ ਨੂੰ ਫੇਰ ਨਾ ਉਹਨਾਂ ਵਿਚ ਦੌੜਨ ਲਈ ਪਾਇਆ। ਆਪਣੇ ਨਾਲ ਰਖਦੇ। ਹੋਲੇ ਤੇ ਹੋਰ ਮੇਲੇ ਦੌਰਿਆਂ 'ਚ ਦੌੜਾਂਦੇ ਖੇਡਾਂ ਵਿੰਹਦੇ, ਜਿਵੇਂ ਰੱਸਾ ਛੋਟੀਆਂ ਦੇ ਸਿੱਖਾਂ ਦਾ ਵੇਖਦੇ ਸੀ।

ਏਕ ਸਮੇਂ ਅਬਲੂ ਸੋਣ ਸਿੰਘ ਪਾਠੀ ਵਲ ਸਤਿਗੁਰੂ ਜੀ ਗਏ ਸੀ ਉਥੋਂ ਦਾ ਤਿੱਖਾ ਜਵਾਨ ਘੁੱਲਾ ਸਿੰਘ ਤੇ ਉਸ ਦੀ ਮਾਤਾ ਮਾਘਾ ਸਿੰਘ ਨੂੰ ਨਿਕਾ ਜਿਹਾ ਦੇਖ ਕਿਹਾ, ਏਸ ਨਿਕੇ ਜਿਹੇ ਕੜਾਹ ਖਾਣੇ ਕੀ ਦੌੜਨਾ ਹੈ। ਘੁੱਲਾ ਸਿੰਘ ਕਿਹਾ, ਮੈਂ ਆਪਣੀ ਲੱਤ ਵਢਾ ਦਿਆਂਗਾ ਜੇ ਇਹ ਸਾਥਾਂ ਭੱਜੇ। ਸੋਣ ਸਿੰਘ ਕਿਹਾ, ਸਾਡੇ ਜਵਾਨ ਮਾਘਾ ਸਿੰਘ ਦੀ ਸੌ ਕੋਹ ਤਕ ਧੁੰਮ ਹੈ। ਘੁੱਲਾ ਸਿੰਘ ਤੇ ਮਾਘਾ ਸਿੰਘ ਦੌੜੇ ੧੦–੧੫ ਕਰਮ ਹੀ ਦੌੜ ਘੁੱਲਾ ਸਿੰਘ ਖੜੇ ਗਿਆ ਕਿਉਂ ਕਿ ਮਾਘਾ ਸਿੰਘ ਬਹੁਤ ਅਗੇ ਜਾਂਦਾ ਸੀ ਤੇ ਕਦਮ ਨੌਂ ਨੌਂ ਹੱਥ ਅਗੇ ਪੈਂਦਾ ਸੀ। ਤੇ ਉਡਦਾ ਜਾਪਦਾ ਸੀ, ਘੁੱਲਾ ਸਿੰਘ ਨੀਵੀਂ ਪਾ ਲਈ। ਮਾਘਾ ਸਿੰਘ ਕਿਹਾ, ਆ ਘੁਲ ਕੇ ਭੀ ਦੇਖ ਲੈ। ਅਸੀਂ ਬਦਾਮ ਪੀਂਦੇ ਹਾਂ ਕੜਾਹ ਪ੍ਰਸਾਦ ਛਕਦੇ ਹਾਂ ਤੇ ਦੁਧ ਘਿਉ ਵਰਤਦੇ ਹਾਂ ਤੇ ਗੁਰੂ ਦੀ ਕਿਰਪਾ ਨਾਲ ਵੈਲਾਂ ਤੋਂ ਬਚੇ ਹੋਏ ਹਾਂ। ਸੁਣ, ਉਹ ਚੁੱਪ ਕਰ ਕੇ ਘਰ ਟੁਰ ਗਿਆ।

ਸੰਤ ਬਹਾਦਰ ਸਿੰਘ ਜੀ ਜਿਨ੍ਹਾਂ ਦਾ ਵਜ਼ਨ ੩ ਮਣ ਅਠ ਸੇਰ ਸੀ ਤੇ ਬਲ ਬਹੁਤ ਸੀ। ਸੇਬ ਨੂੰ ਅੰਗੂਠੇ ਦੀ ਦਬ ਨਾਲ ਤੋੜਦੇ। ਬਦਾਮ ਤਲੀ 'ਚ ਦੱਬ ਭੰਨਦੇ। ਤੇ ਮੁਕੀ ਮਾਰ ਇੱਟਾਂ ਤੋੜ ਦੇਂਦੇ ਸੀ। ਮਾਘਾ ਸਿੰਘ ੧ ਮਣ ੨੯ ਸੇਰ ਸੀ, ਘੁਲਣ ਲਗਾ ਬਹਾਦਰ ਸਿੰਘ ਜੀ ਨੂੰ ਸੁੱਟ ਜਾਂਦਾ ਸੀ ਥੋਰੀਆਂ ਮਾਘਾ ਸਿੰਘ ਤਿੰਨ ਢਾਈ ਮਣੀਆਂ ਪਿੱਠ ਤੇ ਚੁੱਕ ਚੁਬਾਰੇ ਤੇ ਭੈਣੀ ਸਾਹਿਬ ਲੈ ਚੜ੍ਹਦਾ ਸੀ ਤੇ ਦਾਣੇ ਸੁਕਣ ਲਈ ਖਲਾਰ ਦੇਂਦਾ ਸੀ ਉਤੇ ਜਾ ਸਹਿਜ ਨਾਲ।

ਸਤਿਗੁਰੂ ਜੀ ਜਿਵੇਂ ਖੇਡਾਂ ਕਰਦੇ ਤਿਵੇਂ ਸਾਥੀ ਭੀ ਖੇਡਣ ਵਾਲੇ ਸਾਥ ਰਖਦੇ। ਨੱਟੇ ਵਾਲੇ ਨਿਹੰਗ ਸਿੰਘ ਜਵੰਦ ਸਿੰਘ ਜੀ ਜੋ ਆਪ ਨੂੰ ਸੰਤ ਖਾਲਸਾ ਕਹੋਂਦੇ ਸੀ, ਉਹ ਭੀ ਸਤਿਗੁਰੂ ਜੀ ਨਾਲ ਹੀ ਦਮਦਮੇ ਮੁਕਤਸਰ ਦੀਪਮਾਲਾ ਤੇ ਮਿਲ ਖੇਡਦੇ।

## *ਨੇਜਾ ਬਾਜੀ*

ਕਈ ਵਾਰ ਕਿੱਲਾ ਨ ਵਿੰਨ੍ਹਿਆ ਜਾਂਦਾ ਤਾਂ ਸਤਿਗੁਰੂ ਜੀ ਘੋੜਾ ਬਦਲ ਕਿੱਲਾ ਪਾਸੇ ਪਰਨੇ ਦਾ ਗਡਾ, ਹਰ ਵਾਰ ਵਿੰਨ੍ਹਦੇ ਤਾਂ ਵੇਖਣ ਵਾਲੇ ਕਹਿੰਦੇ ਇਹ ਹੋਰਨਾਂ ਨੂੰ ਹੰਕਾਰੀ ਕਰ ਆਪ ਜਾਣ ਕੇ ਪਿਛੋਂ ਹਰਾਂਦੇ ਹਨ। ਜਾਪਦੈ ਇਹ ਜਾਣ ਕੇ ਹੀ ਪਹਿਲੋਂ ਨਾ ਸੀ ਕਿੱਲਾ ਛੂੰਹਦੇ। ਸੰਤ ਖਾਲਸਾ ਨਿਹੰਗ ਜੀ ਕਹਿੰਦੇ ਤੁਸੀਂ ਇਹਨਾਂ ਨੂੰ ਨਹੀਂ ਜਾਣਦੇ ਇਹ ਦਸਮ ਜੀ ਆਪ ਹੁਣ ਸ਼ਾਂਤੀ ਰੂਪ ਧਾਰਿਆ ਹੈ।

ਇਸ ਮਾਘਾ ਸਿੰਘ ਦਾ ਚਾਚਾ ਨਿਹਾਲ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦਾ ਸਿੱਖ ਸਜਿਆ ਸੀ। ਇਹਦੇ ਬੀਰਬਲ ਪਿਤਾ ਤੇ ਰੁਕੋ ਮਾਤਾ ਤੇ ਗੁਜਰ ਸਿੰਘ, ਗੁਪਾਲ ਸਿੰਘ, ਗਿਆਨ ਸਿੰਘ, ਉਦਮ ਸਿੰਘ, ਭਰਾ ਬਾਅਦ ਸਿੱਖ ਸਜੇ ਸੀ। ਪਰ ਨਿਹਾਲ ਸਿੰਘ ਇਸ਼ਨਾਨ, ਭਜਨ ਬਾਣੀ ਤੇ ਗੁਰਮਤ ਦਾ ਪੂਰਾ ਧਾਰਨੀ ਸੀ। ਪਰ ਪਦਾਰਥ ਦਾ ਤਿਆਗੀ ਤੇ ਅੰਗੋਰਜ਼ਾਂ ਦਾ ਪੂਰਾ ਨਾ-ਮਿਲ-ਵਰਤਨੀ ਸੀ। ਇਸ ਦੀ ਇਕ ਵਾਰਤਾ ਸਤਿਗੁਰੂ ਜੀ ਮੈਨੂੰ ਇਸ ਤਰ੍ਹਾਂ ਸੁਣਾਈ ਸੀ।

## ਭੱਠੇ ਭੱਠੇ ਕੂਕਿਓ

੧੯੩੦ ਬਿ: ਲਾਹੌਰ ਨੂੰ ਦਿਲੀਉਂ ਜਾਂਦੀ ਫੌਜ ਪੱਕੀ ਸੜਕੇ ਜੰਗੀ ਲਾਟ ਸ਼ਰਾਬੀ ਹੋਣ ਕਰ ਘੋੜੇ ਤੋਂ ਅਲੋੜ ਕੋਲ ਡਿੱਗਾ। ਨਿਹਾਲ ਸਿੰਘ ਉਸ ਨੂੰ ਬੇਹਾਲ ਪਿਆ ਦੇਖ ਚੁੱਕ ਘਰ ਲਿਆ ਪਾਣੀ ਪਿਆ ਪੱਖਾ ਝੱਲ ਹੋਸ਼ 'ਚ ਆਂਦਾ। ਉਹ ਕੂਕਾ ਜਾਣ ਡਰਿਆ। ਨਿਹਾਲ ਸਿੰਘ ਹੌਸਲਾ ਦਿੱਤਾ ਤੇ ਘੋੜਾ ਭੀ ਖੇਤ 'ਚੋਂ ਜਾ ਖੋਲ੍ਹ ਉਸ ਨੂੰ ਦਿੱਤਾ। ਲਾਟ ਨੇ ਘੋੜੇ ਦੀ ਤੇ ਆਪਣੀ ਫੋਟੋ ਦਿੱਤੀ ਤੇ ਇਕ ਚਿੱਠੀ ਭੀ ਲਿਖ ਦਿੱਤੀ ਜਿਸ ਤੇ ਸਭ ਪਤਾ ਲਿਖਿਆ ਸੀ। ਖੰਨੇ ਜਾ ਉਸ ਨੂੰ ਘੜੀ ਯਾਦ ਆਈ, ਅਗਲੇ ਰੋਜ ਕਈ ਲੋਕ ਭਾਲਣ ਟੋਰੇ ਪਰ ਕਿਹਾ ਕਿਸੇ ਕੂਕੇ ਨੂੰ ਨਹੀਂ ਘੜੀ ਦੀ ਭਾਲ ਲਈ ਕਹਿਣਾ।

ਸੰਤ ਜੀ ਘੜੀ ਭੀ ਉਥੋਂ ਭਾਲ ਘਰ ਲਿਆ ਰਖੀ ਲੈ ਕੇ ਖੰਨੇ ਗਏ ਤਾ ਉਸ ਲਾਟ ਨੇ ਘੜੀ ਲੈ ਸੰਤ ਜੀ ਨੂੰ ਆਦਰ ਨਾਲ ਬਹਾ ਇਕ ਹੋਰ ਚਿੱਠੀ ਲਿਖ ਦਿੱਤੀ ਤੇ ਕਿਹਾ ਜਿਸ ਅੰਗਰੇਜ਼ ਅਫ਼ਸਰ ਨੂੰ ਇਹ ਚਿੱਠੀ ਦਿਖਾਉਗੇ ਤੁਹਾਨੂੰ ਇਜ਼ਤ ਆਦਰ ਤੇ ਲੱਖ ਰੁਪਿਆ ਸਰਕਾਰੀ ਖਜਾਨੇ 'ਚੋਂ ਦਵਾਏਗਾ। ਸੰਤ ਜੀ ਚਿੱਠੀ ਲੈ :—

ਪਰਾਈ ਅਮਾਣ ਕਿਉਂ ਰਖੀਐ ਦਿੱਤੀ ਹੀ ਸੁਖੁ ਹੋਇ ॥

ਗੁਰਵਾਕ ਕਹਿ ਨੀਵੀਂ ਜਿਹੇ ਕਹਿ ਆਏ ਅਸਾਂ ਲੱਖ ਖਟ ਲਿਆ ਤੇਰੇ ਲੱਖ ਦੀ ਕੱਖ ਜਿੰਨੀ ਲੋੜ ਨਹੀਂ। ਨਗਰ ਆਏ ਅੰਗਰੇਜ਼ੀ ਪੜ੍ਹੇ ਹੋਏ ਤੋਂ ਦੋਵੇਂ ਚਿੱਠੀਆਂ ਪੜ੍ਹਾਈਆਂ ਤਾਂ ਲੱਖ ਦੀ ਤੇ ਹੋਰ ਲੋੜ ਦੀਆ ਸੁਣ ਸੰਤ ਜੀ ਅੰਦਰ ਰਖ ਛਡੀਆਂ। ੧੯੭੦ ਸੰਮਤ 'ਚ ਮੁਰੱਬੇ ਦੇਣ ਵਾਲਾ ਸਰਲੋਈ ਸਤੇਨ ਖੰਨੇ ਆਇਆ। ਭਰਾਵਾਂ ਸੰਤ ਜੀ ਨੂੰ ਸਮੇਤ ਚਿੱਠੀਆਂ ਧੱਕੇ-ਧੱਕੀ ਉਸ ਦੇ ਅਗੇ ਜਾ ਖਲ੍ਹਾਰਿਆ। ਉਸ ਦੇਖ ਕਿਹਾ, ਮੈਂ ਲੱਖ ਲਿਖ ਦੇਂਦਾ ਹਾਂ ਲਾਹੌਰੋਂ ਜਾ ਲੈ ਲਵੋ। ਭਰਾਵਾਂ ਕਿਹਾ, ਲੋਕ ਸਾਥੋਂ ਲੱਖ ਖੋਹ ਲੈਣਗੇ ਮੁਰੱਬੇ ਲਿਖ ਦਿਓ। ਉਸ ਚਾਰ ਮੁਰੱਬੇ ਰੰਗੋ ਅਬਾਦ ਲਿਖ ਦਿੱਤੇ। ਸੰਤ ਜੀ ਕਿਹਾ, ਮੈਂ ਅੰਗਰੇਜ਼ ਦੇ ਦਿੱਤੇ ਮੁਰੱਬੇ ਨਹੀ ਲੈਣੇ। ਕਿਉਂਕਿ ਇਹਨਾਂ ਸਿੰਘ ਬੇਦੋਸ ਤੋਪਾਂ ਅੱਗੇ ਉਡਾਏ ਹਨ ਤੇ ਸਤਿਗੁਰੂ ਜੀ ਨੂੰ ਬਿਦੇਸ ਕੀਤਾ ਹੈ ਤੇ ਇਹਨਾਂ ਨਾਲ ਵਰਤਣ ਦਾ ਕੂਕੇ ਨੂੰ ਹੁਕਮ ਨਹੀਂ। ਮੈਂ ਮਾੜਾ ਨਹੀਂ ਤਗੜਾ ਹਾਂ।

ਕਬੀਰ ਸਮਾਂ ਪਛਾਣ ਕੇ ਰੰਗ ਅਜ਼ਾਦੀ ਮਾਣ ॥
ਰਹਿਣਾ ਸਦਾ ਸਬੂਰ ਕੇ ਬਿਤ ਦਾ ਪੈਨ੍ਹਣ ਖਾਣ ॥

ਵਾਕ ਮੈਂ ਸੁਣਿਆ ਹੋਇਆ ਏ। ਸਤਿਗੁਰੂ ਜੀ ੧੯੭੨ ਵਿਚ ਉਹ ਚਿੱਠੀਆਂ ਸੁਣ ਮਾਘਾ ਸਿੰਘ ਤੋਂ ਮੰਗਾਈਆਂ। ਨਿਹਾਲ ਸਿੰਘ ਜੀ ਬਚਨ ਕੀਤਾ ਗੁਰੂ ਸਾਨੂੰ ਨਾ ਗੋਰੇ ਦੀ ਦਿੱਤੀ ਚੀਜ਼ ਖਵਾਏ। ਉਹ ਚਿੱਠੀਆਂ ਸਤਿਗੁਰੂ ਜੀ ਮਹਾਰਾਜ ਨਿਹਾਲ ਸਿੰਘ ਨੂੰ ਦਿੱਤੀਆਂ। ਅੰਤ ਉਹ ਘੁੰਮਦੀਆਂ ਗੁੰਮ ਹੋ ਗਈਆਂ। ਹੁਣ ਮਾਘਾ ਸਿੰਘ ਨੂੰ ਤੇ *ਨਿਹਾਲ ਸਿੰਘ ਦੇ ਪੁਤ੍ਰਾਂ ਨੂੰ ੧ ਮੁਰੱਬਾ ਸਤਿਗੁਰੂ ਜੀ ਉਹਨਾਂ ਚਿਠੀਆਂ ਦੇ ਇਵਜ 'ਚ ਦਿੱਤਾ ਹੈ *ਦਮਦਮੇ ਜੀਵਨ ਨਗਰ ਦੇ ਨੇੜੇ ਜੋ ਲੱਖ ਦਾ ਏ।

*੨੦੧੨ ਦੇ ਜ਼ਮਾਨੇ ਸਤਿਜੁਗ ਵਿਚ ਖੇਤ੍ਰ ਕੇ ਮੈਂ ਦਿੱਤਾ ਹੈ ਤੇ ਮਾਸਟਰ ਨਿਹਾਲ ਸਿੰਘ ਜੀ ਵਾਈਕਾਟ 'ਚ ਇਹ ਵਾਰਤਾ ਉਸ ਜ਼ਮਾਨੇ 'ਚ ਕੋਮ ਦਿੱਤੀ ਹੈ।

*ਸੰਗਿਆ ਵਾਲੇ ਵਾਸ ਪਟਿਆਲੇ ਨੇੜੇ ਸੀ, ਅਜੋਕ ਜ਼ਮਾਨੀ ਖੇਤੀ ਤੇ ਇਥੇ ਸੀ ਨਿਹਾਲ ਸਿੰਘ ਹੋਰੀਂ।

Sri Satguru Jagjit Singh Ji Elibrary NamdhariElibrary@gmail.com

ਜੋ ਗੁਰਵਾਕ "ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥" ਇਸੇ ਭਾਵ ਦੇ ਅਰਥ ਜੋਗ ਜਾਪਦੇ *ਕਬੀਰ ਜੀ ਨੂੰ ਕਿਸੇ ਪੁੱਛਿਆ ਸੀ, ਤੁਸੀਂ ਕੁਝ ਬਣੇ ਹੋ ਕਿ ਨਹੀਂ ਅਜੇ। ਤਾਂ ਉਹਨਾ ਕਿਹਾ ਸੀ, "ਸਾਹਿਬ ਹੋਣਾ ਸੋ ਰਹਾ ਦੂਰੇ ਹੋਣਾ ਦਾਸ। ਗਾਡਰ ਆਨੀ ਊਨ ਕੋ ਬਾਂਧੀ ਚਰੇ ਕਪਾਸ।" ਅਰਥਾਤ—ਊਨ ਦੀ ਲੋੜ ਲਈ ਭੇਡ ਆਂਦੀ ਸਗੋਂ ਘਰ ਦੀ ਕਪਾਹ ਖਾਂਦੀ ਹੈ। ਸਾਹਿਬ ਹੋਣਾ ਤੇ ਕਿਤੇ ਰਿਹਾ ਦਾਸ ਹੋਣਾ ਭੀ ਦੂਰ ਹੀ ਹੈ।

## ਗੰਡਾ ਸਿੰਘ ਦਾ ਗੁਮਾਨ

ਸਤਿਗੁਰੂ ਪਰਤਾਪ ਸਿੰਘ ਜੀ ਬਚਨ ਕੀਤਾ ਕਰਦੇ ਸੀ। ਮਾਇਆ ਚੇਤੰਨ ਜੜ੍ਹ ਤੋਂ ਬਚਿਆਂ ਨੂੰ ਮਾਨ ਮਾਇਆ ਦਾ ਚਾਅ ਲਗ ਜਾਏ ਤਾ ਕੀਤਾ ਕਤਰਿਆ ਗਵਾਚ ਜਾਂਦੇ। ਜਿਵੇਂ ਕਿ ਸੰਤ ਗੰਡਾ ਸਿੰਘ ਜੀ ਇੱਥਣ ਵਾਲੇ ਰਿਧੀ ਸਿਧੀ ਤੇ ਅੰਤਰਜਾਮਤਾ ਵਾਲੇ ਹੋਏ। ਸਤਿਗੁਰੂ ਹਰੀ ਸਿੰਘ ਜੀ ਸੁਣਿਆ ਕਿ ਰੱਮ ਦੀ ਕਾਰ ਉਹਨਾ ਵਿਚ ਪ੍ਰਗਟੀ ਹੈ, ਪਰ ਉਹ "ਰਿਧਿ ਸਿਧਿ ਅਵਰਾ ਸਾਦ" ਵਿਚ ਅਟਕ ਗਏ ਹਨ ਤੇ ਗੁਰ ਸਬਦ ਹੁੰਦਿਆ ਸੁਣਿਆ ਹੈ, ਮੰਜੇ ਤੇ ਬੈਠੇ ਰਹਿੰਦੇ ਹਨ ਜੋ ਕੋਈ ਆਵੇ ਉਸ ਦੇ ਮਨ ਦੀ ਦਸ ਉਲਟਾ ਉਸ ਤੇ ਆਪਣਾ ਪ੍ਰਭਾਵ ਪਾ ਲੈਂਦੇ ਹਨ। ਇਕ ਸਿੱਖ ਦੇ ਜੀਅ ਵਿਚ ਆਈ, ਇਹ ਗੁਰਬਾਣੀ ਦੀ ਬੇ-ਅਦਬੀ ਕਰਦੇ ਹਨ ਤਾ ਉਸ ਨੂੰ ਕਿਹੇ ਨੇ, ਜੋ ਤੈਨੂੰ ਕਹਿੰਦੇ ਮੈਨੂੰ ਨਹੀਂ ਕਹਿ ਸਕਦਾ, ਮੰਜੇ ਤੋਂ ਤਲੇ ਬਹੇ।

ਗੰਡਾ ਸਿੰਘ ਗੁਰੂ ਹਰੀ ਸਿੰਘ ਜੀ ਦੇ ਗਿਆਂ ਭੀ ਮੰਜੇ ਤੋਂ ਨ ਉਤਰਿਆ। ਗੁਰੂ ਜੀ ਪਰਾਂਦੀ ਥੋਨ ਚਲੇ ਆਏ। ਸਿੱਖਾਂ ਦੇ ਦਿਲ ਗਿਲਾਨ ਹੋਈ, ਕੋਈ ਨੇੜੇ ਨ ਜਾਏ। ਰਿਧਿ ਸਿਧਿ ਤੇ ਅੰਤਰਜਾਮਤਾ ਜਾਂਦੀ ਰਹੀ, ਰੁਲ ਮੋਇਆ। ਸੌਣ ਸਿੰਘ ਜੀ ਜਿਨਾਂ ਦਾ ਗੰਡਾ ਸਿੰਘ ਮੇਲੀ ਸੀ ਕੁੱਤੇ ਦਾਂ ਹਲਕਾਇਆ ਲੋਕਾਂ ਇਨ੍ਹਾਂ ਵਲ ਭਜਾ ਦਿੱਤਾ, ਕਿਉਂਕਿ ਸੌਣ ਸਿੰਘ ਜੀ ਸਦਾ ਤੁਕ "ਹਰਿ ਸਿਮਰਤ ਕਿਛੁ ਚਾਖੁ ਨ ਜੋਹੈ ॥ ਹਰਿ ਸਿਮਰਤ ਦੈਤ ਦੇਉ ਨ ਪੋਹੈ ॥" ਪੜ੍ਹਦੇ ਰਹਿੰਦੇ ਸੀ ਤੇ ਕਹਿੰਦੇ ਸੀ, ਮੇਰੇ ਤੇ ਗੁਰੂ ਜੀ ਮਿਹਰ ਹੈ, ਕਿਸੇ ਰੋਗ ਦਾ ਬਲ ਨਹੀਂ ਪੈਂਦਾ। ਉਸ ਹਲਕਾਏ ਦੇ ਮੂੰਹ ਟਡੇ ਵਿਚ ਬਾਬੇ ਸੌਣ ਸਿੰਘ ਨੇ ਦੂਰੋਂ ਆਪਣੀ ਥੁੱਕ ਸੁਟੀ। ਉਹ ਥੁੱਕ ਪੈਂਦੇ ਹੀ ਪਰ੍ਹੇ ਧਰਤੀ ਤੇ ਲੇਟ ਗਿਆ ਝਟ ਬਾਅਦ ਹੋਸ਼ 'ਚ ਆ ਰਾਜ਼ੀ ਹੋ ਚਰਨੀਂ ਲਗਾ ਤਾਂ ਬਾਬੇ ਨੇ ਕਿਹਾ, ਲੋਕਾਂ ਤੇ ਮੈਨੂੰ ਹਲਕਾ ਕਰਨ ਲਈ ਤੇ ਅਜ਼ਮੌਣ ਲਈ ਕਾਰਾ ਕੀਤਾ ਸੀ, ਪਰ ਮੇਰੀ ਗੁਰੂ ਪਤ ਰਖ ਲਈ ਹੈ। ਮਤ ਦੇ ਮੈਨੂੰ ਅੰਦਰੋਂ ਗੁਰੂ ਅਵਾਜ਼ਾ ਦਿੱਤਾ ਸੀ, ਜੇ ਗੁਰੂ ਨ ਮੇਰਾ ਪੱਖ ਕਰਦਾ ਤਾਂ ਲੋਕਾਂ ਦਾ ਤਮਾਸ਼ਾ ਤੇ ਭੇਖ ਦੀ ਭੰਡੀ ਹੁੰਦੀ।

## ਸਕਤ ਮੋੜੀ

ਬਾਬਾ ਨਿਹਾਲ ਸਿੰਘ ਜੀ ਮਸੌਕੇ ਵਾਲੀ ਦੇ ਗੁਰਮੰਤ੍ਰ ਜਪ ਉਡਾਰੀਆਂ ਲਾਂਦੇ ਤੇ ਘਰ ਹੀ ਤ੍ਰੈਣੀ ਸਾਹਿਬ ਦੇ ਦਰਸਨ, ਅੰਮ੍ਰਿਤ ਵੇਲੇ ਇਸ਼ਨਾਨ ਕਰਾ ਬਹਾ ਕਰਾਂਦੇ ਸੀ ਤੇ ਲੋਕ ਉਹਨਾਂ ਨੂੰ ਗੁਰੂ ਗੁਰੂ ਕਹਿਣ ਲਗ ਪਏ ਸੀ ਤਾਂ ਨਿਹਾਲ ਸਿੰਘ ਜੀ ਗੁਪਤ ਅਰਜ ਸਤਿਗੁਰੂ ਜੀ ਅਗੇ ਕੀਤੀ ਕਿ ਆਪ ਦੀ ਇਹ ਅਜਰ ਵਸਤੂ ਆਪ ਪਾਸ ਹੀ ਸੋਭਦੀ ਹੈ। ਮੈਂ ਜੀਵ ਹਾਂ ਮਤੇ ਭੁਲੇਖਾ ਖਾ ਮਾਰਿਆ ਜਾਵਾਂ।

---

*ਐਸੇ ਦੋਹਰੇ ਭਗਤ ਕਬੀਰ ਜੀ ਦੇ ਮਿਲਦੇ ਹਨ।

Sri Satguru Jagjit Singh Ji Elibrary NamdhariElibrary@gmail.com

ਰਾਮ ਦੀ ਕਾਰ ਅਰਦਾਸਾ ਕਰ ਮੋਤ ਦਿੱਤੀ ਸੀ। ਜਿਵੇਂ ਮੰਗੀ ਸੀ ਕਿ ਜੋ ਉਹ ਗੁਰੂ ਨਾਨਕ ਜੀ ਵਾਲਾ ਤੇ ਸਤਿਗੁਰੂ ਰਾਮ ਸਿੰਘ ਜੀ ਵਾਲਾ ਸਬਦ ਉਸੇ ਸਕਤ ਵਾਲਾ ਏ ਤਾ ਮੈਨੂੰ ਭੀ ਸਬਦ ਦੀ ਸਵਾਰੀ ਮਿਲੇ। ਇਹਨਾਂ ਦਾ ਪ੍ਰਵਾਰ ਹੁਣ ਅਮਰਾ ਸਰ ਜੀਵਨ ਨਗਰ ਨੇੜੇ ਹੈ।

## ਕਲਜੁਗੀ ਛਲ

ਸਤਿਗੁਰੂ ਰਾਮ ਸਿੰਘ ਜੀ ਏਕ ਸਮੇਂ ਬਚਨ ਕੀਤਾ ਸੀ। ਘਰ ਘਰ ਹੋਇ ਬਹੈਂਗੇ ਰਾਮਾ। ਦਸਮ ਜੀ ਦਾ ਵਾਕ ਮੇਰੇ ਬਿਦੇਸ ਗਿਆ ਬਾਅਦ ਵਰਤੇਗਾ। ਬਾਬੇ ਜਵਾਹਰ ਸਿੰਘ ਜੀ ਅਰਜ ਕੀਤੀ, ਸਿੱਖ ਕਿਵੇਂ ਬਚਣਗੇ ਤਾਂ ਸਤਿਗੁਰੂ ਜੀ ਬਚਨ ਕੀਤਾ ਇਹ ਵਿਚਾਰ, ਕਿ ਇਹ ਗੁਰੂ ਕੀ ਮਰਯਾਦਾ ਨਹੀਂ। ਏਕ ਸਮੇਂ ਸੂਬਾ ਗਿਆਨੀ ਸਿੰਘ ਜੀ ਨੂੰ ਰਾਤ ਦ੍ਰਿਸਟਾਂਤ 'ਚ ਦੇ ਦਰਸਨ ਸਤਿਗੁਰੂ ਜੀ ਦੇ ਹੋਏ। ਗੁਰਮੁਖੀ ਬਾਣੇ 'ਚ ਪਰ ਸਰੂਪ ਦੇ ਇਕ ਹੱਥ ਹੁੱਕਾ ਸੀ। ਉਹਨਾਂ ਬਾਬੇ ਜਵਾਹਰ ਸਿੰਘ ਨਾਲ ਗੱਲ ਕੀਤੀ ਤੇ ਉਹਨਾਂ ਸਤਿਗੁਰੂ ਜੀ ਪਾਸ ਅਰਜ ਕੀਤੀ ਤੇ ਕਿਹਾ, ਜੇ ਆਪ ਨੂੰ ਇਹ ਮਨਜ਼ੂਰ ਹੈ ਤਾਂ ਅਸੀਂ ਸੋਨੇ, ਚਾਂਦੀ ਦੇ ਹੁਕੇ ਰਖਾਂਗੇ। ਸਤਿਗੁਰੂ ਜੀ ਕਿਹਾ, ਕਲਜੁਗ ਮੇਰੇ ਰੂਪ ਧਾਰ ਭਰਮਾਏਗਾ। ਤੁਸਾਂ ਇਹ ਵੇਖ ਵਿਚਾਰ ਬਚਣਾ ਕਿ ਇਹ ਗੁਰੂ ਕੀ ਮਰਯਾਦਾ ਨਹੀ, ਛਲ ਹੈ ਕਲਜੁਗੀ।

ਸਤਿਗੁਰੂ ਦੀ ਦੱਸਦੇ, ਘੁੜਾਣੀ ਪਿੰਡ ਭੈਣੀ ਸਾਹਿਬ ਤੋਂ ੧੨ ਕੋਹਾਂ ਤੇ ਇਕ ਸੁਨਿਆਰਾ ਡਿੱਠਿਆ ਤੇ ਜੋਤਸ਼ ਸਿਖ ਕਈ ਟੇਵੇ ਲਾਏ ਤੇ ਕਹੇ, ਮੈਂ ਰਾਮ ਸਿੰਘ ਗੋਰਿਆਂ ਤੋਂ ਨਿਕਲ ਆਇਆ ਹਾਂ ਤੇ ਭੇਸ ਬਦਲਾਇਆ ਹੈ। ਇਹ ਚਰਚਾ ਸੁਣ ਸੰਤ ਹਾਕਮ ਸਿੰਘ ਜੀ ਕਾਲੇਕੇ, ਸੰਤ ਲਾਭ ਸਿੰਘ ਜੀ ਵਰਨ, ਸੰਤ ਆਲਾ ਸਿੰਘ ਜੀ, ਉਤਮ ਸਿੰਘ ਜੀ ਘੁੜਾਣੀ ਗਏ। ਬੜੇ ਲੋਕ ਦੁਆਲੇ ਬੈਠੇ ਸੀ, ਉਸ ਦੇ। ਉਹ ਬੜੇ ਹੈਰਾਨ ਕਰਨ ਵਾਲੇ ਬਚਨ ਕਰੇ, ਸਾਧ ਦੇਖ ਹੈਰਾਨ ਹੋਏ ਤੇ ਅਰਦਾਸਾ ਕੀਤਾ ਸੱਚੇ ਪਾਤਸ਼ਾਹ! ਭੁਲੇਖਾ ਦੂਰ ਕਰੋ। ਤਾਹੀਉਂ ਤਾਂ ਉਸ ਸਿਗਰਟ ਪੀਣੀ ਸ਼ੁਰੂ ਕੀਤੀ ਤੇ ਸਿਰ ਕੰਨਾਂ ਵਲੋਂ ਨੰਗਾ ਕੀਤਾ ਤਾਂ ਇਹਨਾਂ ਸਾਧਾਂ ਨੂੰ ਸੰਤ ਮੰਡਲੀ 'ਚੋਂ ਬਚਨ ਸੁਣਿਆ ਯਾਦ ਆਇਆ ਕਿ ਇਹ ਕਲਜੁਗੀ ਕਾਰ ਏ ਗੁਰ ਕੀ ਮਰਯਾਦਾ ਨਹੀਂ, ਕਹਿ ਟੁਰ ਆਏ। ਥੋੜ੍ਹੇ ਦਿਨਾਂ ਬਾਅਦ ਪਾਜ ਖੁਲ੍ਹਾ ਕਿ ਉਹ ਸੁਨਿਆਰਾ ਸੀ ਤੇ ਠੱਗੀ ਦੀ ਦੁਕਾਨ ਖੋਲ੍ਹੀ ਸਾ ਸੁ।

## ਸੱਚ ਦੀ ਜਿੱਤ

ਇਸੇ ਜਾਲ-ਸਾਜੀ 'ਚ ਅਤਰੀ ਫਾਹੀ ਗਈ ਸੀ। ਤੇਜਾ ਸਿੰਘ ਭਸੌੜੀਏ ਅੰਗਰੇਜ਼ਾਂ ਕਹੇ ਤੇਲੀ ਰੂਪਚੰਦ ਨੂੰ ਰਾਮ ਸਿੰਘ ਬਣਾ ਖਾਨੇ ਅਤਰੀ ਕੋਲ ਆਪਣੇ ਬੰਦੇ ਤੇ ਤੀਵੀਆਂ ਛੱਡੀਆਂ ਜੋ ਰੋਜ ਦੀ ਰਿਪੋਟ ਲਿਖ ਭੇਜਦੇ ਤੇ ਓਸ ਤੇਲੀ ਵਲੋਂ ਚਿੱਠੀਆਂ ਜਾਂਦੀਆਂ ਤੂੰ ਫਲਾਣੇ ਦਿਨ ਐਸ ਵੇਲੇ ਆਹ ਕੁਝ ਅਤਰੀਏ ਕਰਦੀ ਸੈਂ। ਅਤਰੀ ਅੰਤਰਜਾਮਤਾ ਤੇ ਰਾਮ ਸਿੰਘ ਜਾਣ ਫਸ ਗਈ ਤੇ ਫੇਰ ਨੱਸ ਨ ਸਕੇ। ਸੰਤ ਜਵੰਦ ਸਿੰਘ ਜੀ, ਅਰੂੜ ਸਿੰਘ ਬਲੂਆਣੀਏ, ਕਿਸ਼ਨ ਸਿੰਘ ਵਰਨ, ਭਗਵਾਨ ਸਿੰਘ ਅੜਬੰਗੀ ਨੇ ਤੇਲੀ ਤੇ ਅਤਰੀ ਮਾਰੇ, ਜੱਜ ਦੇ ਪੇਸ਼ ਹੋ ਸੱਚ ਬੋਲਿਆ। ਬਾਰ ਬਟਨ ਨੂੰ, ਨਾਲ ਲੈ ਤੇਜਾ ਸਿੰਘ ਦੇ ਘਰੋਂ ਉਹ ਜਾਹਲੀ ਚਿੱਠੀਆਂ ਜਾ ਫੜਾਈਆਂ ਸੀ। ਜੱਜ ਦੀ ਕਚਹਿਰੀ 'ਚ ਹੀਰਾ ਸਿੰਘ ਨਾਭੇ ਵਾਲੇ ਕਿਹਾ, ਤੁਸਾਂ ਇਹ ਕੰਮ ਕਾਹਨੂੰ ਕੀਤਾ ਤਾਂ ਜਵੰਦ ਸਿੰਘ ਜੀ ਕਿਹਾ, ਬੇਗਾਨਿਆਂ! ਤੁਹਾਡੀ ਭੂਆ ਸੀ ਅਸਾਂ ਤੁਹਾਡਾ ਕਲੰਕ ਧੋਤੇ। ਸੱਚ ਹੀ ਸਤਿਗੁਰੂ ਰਾਮ ਸਿੰਘ ਜੀ ਕਿਹਾ ਸੀ, ਹੀਰੇ ਭੀ ਡੁਬਦੀ ਬੇੜੀ ਵਿਚ ਪੈਰ ਧਰ ਲਿਆ ਹੈ। ਹੀਰਾ ਸਿੰਘ ਸੁਣ ਚੁੱਪ ਕਰ ਗਿਆ। ਜੱਜ ਦੇ ਪੁੱਤ੍ਰ ਨੂੰ ਸੂਲ ਹੋਇਆ। ਉਸ ਕਿਹਾ, ਕਿਵੇਂ ਹਟੇ? ਕਿਸੇ ਕਿਹਾ, ਸਿੰਘਾਂ ਨੂੰ ਬਰੀ ਕਰਨ ਦਾ

ਕਰਾਰ ਕਰ। ਉਸ ਮੰਨਿਆ। ਜਵੰਦ ਸਿੰਘ ਜੀ ਅਰਦਾਸਾ ਕੀਤਾ। ਜੱਜ ਇਹ ਲਿਖ ਕਿ ਇਹਨਾਂ ਨੂੰ ਜੋਸ਼ ਦੇ, ਕਤਲ ਕਰਾਏ ਗਏ ਹਨ, ਬਰੀ ਕੀਤੇ।

## *ਹੁਕਮ ਨਾਮੇ ਇਕਾਂਤ ਪੜ੍ਹਦੇ*

ਸਤਿਗੁਰੂ ਜੀ ਆਪਣੇ ਚਾਹਲੀਏ ਦੇ ਨੇਮ ਸਮੇਂ ਨਹਿਰ ਤੇ ਭੈਣੀ ਸਾਹਿਬ ਬਾਬੇ ਸੰਤੋਖ ਸਿੰਘ ਜੀ ਦਾ ਲਿਖਿਆ ਸਤਿਗੁਰੂ ਬਿਲਾਸ ਪੜ੍ਹਦੇ, ਸੁਣਦੇ ਤੇ ਹੁਕਮਨਾਮੇ ਰਾਤ ਥੋੜ੍ਹੇ ਸਾਧਾਂ ਵਿਚ ਬੈਠ ਇਕਾਂਤ ਹੀ ਪੜ੍ਹਦੇ। ਕਿਉਂਕਿ ਇਹ ਦੋਵੇਂ, ਗ੍ਰੰਥ ਤੇ ਹੁਕਮਨਾਮੇ, ਅੰਗਰੇਜ਼ਾਂ ਦੇ ਖਿਲਾਫ਼ ਸਾਫ਼ ਕਰੜੇ ਬਚਨ ਸੁਣਨ ਵਾਲਿਆਂ ਨੂੰ ਦ੍ਰਿੜਾਂਦੇ ਸੀ। ਅਜੇ ਸਮਾਂ ਏਨੀ ਇਜਾਜ਼ਤ ਨ ਦੇਂਦਾ ਸੀ ਇਸ ਲਈ ਆਮ ਪਹਿਰਾ ਲਾ ਗੁਪਤ ਹੀ ਇਹਨਾਂ ਦੇ ਪਾਠ ਕਰਦੇ ਸੀ। ਸੰਤ ਮੰਡਲੀ ਵਿਚ ਬਿਰਧਾਂ ਦੇ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਵਰਤੇ ਬਚਨ ਆਮ ਐਸੇ ਹੁੰਦੇ ਸੀ ਜੋ ਮੈਂ ਲਿਖ ਰਿਹਾ ਹਾਂ। ਸੰਤ ਭਗਤ ਸਿੰਘ ਦਾਤੇਵਾਲ ਤੇ ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ, ਸਤਿਗੁਰੂ ਜੀ ਤੇ ਸੰਤ ਚਵਿੰਡੇ ਵਾਲਿਆਂ ਤੋਂ ਮੈਂ ਇਹ ਬਚਨ ਸੁਣੇ ਹਨ ਤੇ ਸਤਿਗੁਰੂ ਜੀ ਵਲੋਂ ਹੁਕਮ ਹੈ ਤੂੰ ਜੋ ਬਚਨ ਚੰਗਾ ਲਗੀ, ਲਿਖ ਲਿਆ ਕਰ, ਕਦੀ ਕੰਮ ਆਉਂਦੇ।

## *ਧੰਨ ਸਿੱਖ*

ਸੰਤ ਨਿਧਾਨ ਸਿੰਘ ਜੀ 'ਆਲਮ' ਹੋਰਾਂ ਕੇਸਰ ਕਿੱਲੀ ਮੁਹਾਵੇ ਵਾਲਿਆਂ ਦੇ ਜੀਵਨ ਵਿਚ ਆਪਣੇ ਪਿੰਡ ਲੋਪੋਕਿਆਂ ਦੇ ਸੰਤ *ਸੁੰਦਰ ਸਿੰਘ ਜੀ ਦੀ ਇਕ ਸਾਖੀ ਲਿਖੀ ਹੈ ਉਸ ਦਾ ਇਕੋ ਬੱਚਾ ਸੀ, ਨਗਰ ਵਿਚ ਸਿੱਖਾਂ ਘਰ ਜਨੇਤ ਆਈ ਸੀ ਜੋ ਸੁੰਦਰ ਸਿੰਘ ਜੀ ਹੀ ਢੁਕਾਈ ਤੇ ਸਵੇਰੇ ਫੇਰੇ ਉਸ ਦੇ ਕਰਾਣੇ ਸੀ। ਬੱਚਾ ਅਚਾਨਕ ਰਾਤ ਹੀ ਚੜ੍ਹ ਗਿਆ ਤੇ ਸੰਤ ਜੀ ਸੁਪਤਨੀ ਨੂੰ ਸੰਤੋਖ ਦੇ, ਬੀਬੀ ਉਸ ਦੇ ਫੇਰੇ ਕਰ, ਸੰਹਰੇ ਟੋਰ, ਫੇਰ ਪੁੱਤ੍ਰ ਚੜ੍ਹਿਆ ਦੱਸ, ਸੰਗਤ ਲੈ ਸਸਕਾਰ ਕੀਤਾ ਸੀ। ਪੰਥ ਇਤਨਾ ਦਰਦ ਉਹਨਾਂ ਦੇ ਅੰਦਰ ਸਿੱਖਾਂ ਦੇ ਕਾਰਜ ਦਾ ਸੀ। ਤੇ ਇਹੋ ਹੀ ਨੂਰਦੇ ਗੁਰਮਤ ਦੇ ਅਨੁਸਾਰ ਭੁਗਤਾਨ ਵਾਲੇ ਸਨ।

## *ਸਾਧਾਂ ਦੇ ਬਚਨ*

## *ਹਰੀ ਸਿੰਘ ਦੀ ਦ੍ਰਿੜਤਾ*

ਸੰਤ ਭਗਤ ਸਿੰਘ ਜੀ ਦਾਤੇ ਵਾਲੀਆਂ ਸਾਖੀ ਸੁਣਾਈ ਸੀ। ਦਾਤੇ ਵਾਲ ਇਕ ਹਰੀ ਸਿੰਘ ਮਸਤਾਨਾ ਸੀ ਤੇ ਉਸ ਪਰਚੇ ਵਜੋਂ ਪਾਠ ਰਖਾ ਸਾਧ ਨੂੰ ਕਿਹਾ, ਤੂੰ ਸਹਿਜ ਨਾਲ ਕਰਨਾ। ਸਾਨੂੰ ਦੋ ਲਾਹ ਲੈਣ ਦਾ ਮੌਕਾ ਮਿਲਿਆ ਹੈ। ਇਕ ਸਾਧ ਦੀ ਸੇਵਾ ਤੇ ਦੂਜਾ ਬਾਣੀ ਦਾ ਸੁਨਣਾ। ਸਾਧ ਦਾ ਉਸ ਦੀ ਨੂੰਹ ਨਾਲ ਪਿਆਰ ਹੋ ਗਿਆ। ਲੋਕਾਂ ਚਰਚਾ ਛੇੜੀ ਹਰੀ ਸਿੰਘ ਜੀ ਜਾਣਿਆ ਪਰ ਕਿਹਾ ਕੁਝ ਨਾ। ਭੋਗ ਪੈਣ ਬਾਅਦ ਸਭ ਸੰਗਤ ਸਾਹਵੇਂ ਹਥ ਜੋੜ ਸਾਧ ਨੂੰ ਕਿਹੋ ਸੁ ਲੋਕਾਂ ਦੇ ਕਹੇ ਤੇ ਨਹੀਂ ਮੈਂ ਆਪ ਦੇਖ ਕਹਿੰਦਾ ਹਾਂ, ਤੁਸੀਂ ਇਸ ਮੇਰੀ ਨੂੰਹ ਨੂੰ ਨਾਲ ਲੈ ਜਾਵੋ। ਕਿਉਂਕਿ ਮਰਜ਼ੀ ਦਾ ਮਨੁੱਖ ਇਸਤ੍ਰੀ ਨਹੀਂ ਮਿਲਦੇ ਮੈਂ ਹੋਰ ਸਿੱਖ ਕਿਸੇ ਅਗੇ ਅਰਜ਼ ਕਰ ਪੁੱਤ੍ਰ ਵਿਆਹ ਲਵਾਂਗਾ। ਸਾਧ ਚੁੱਪ ਕੀਤਾ ਟੁਰ ਗਿਆ ਤੇ ਬਰਾਦਰੀ ਜੇਤਾ ਸਿੰਘ ਜੀ ਢਪਈ ਦੇ ਸੂਬੇ ਸਿਆਲਕੋਟ ਦੇ ਜ਼ਿਲ੍ਹੇ ਅਗੇ ਦਾਤੇਵਾਲ ਆਇਆਂ ਇਹ ਗੱਲ ਕੀਤੀ ਕਿ ਵੇਖੋ ਇਸ ਹਰੀ ਸਿੰਘ ਸੰਗਤ ਜੁੜੀ ਵਿਚ ਕੀ ਕੀਤਾ। ਜੇਤਾ ਸਿੰਘ ਜੀ ਹਰੀ ਸਿੰਘ ਨੂੰ ਕਿਹਾ, ਤੂੰ ਕੁਝ ਸੋਚਣਾ ਸੀ। ਜੋ ਇਹ ਨੂੰਹ ਉਹ ਸਾਧ ਲੈ ਜਾਂਦਾ ਤੈਨੂੰ ਹੋਰ ਕਿਸ ਕੁੜੀ ਪੁੱਤ੍ਰ ਲਈ ਦੇਣੀ ਸੀ।

---

*ਇਹ ਪੜ੍ਹ ਸਤਿਗੁਰੂ ਜੀ ਮੈਨੂੰ ਕਿਹਾ ਸੀ, ਤੂੰ ਇਤਿਹਾਸ ਵਿਚ ਲਿਖੀਂ, ਨਹੀਂ ਤੇ ਇਹੋ ਜਿਹੀਆਂ ਸਾਖੀਆਂ ਗੁੰਮ ਹੋ ਜਾਂਦੀਆਂ ਹਨ।

Sri Satguru Jagjit Singh Ji Elibrary NamdhariElibrary@gmail.com

ਹਰੀ ਸਿੰਘ ਕਿਹਾ, ਮੈਂ ਤੇਰੇ ਜਿਹੇ ਗੁਰੂ ਕੇ ਸੂਬੇ ਤੋਂ ਦੋਹਾਂ ਪੁੱਤ੍ਰਾਂ ਲਈ ਕੰਨੀਆਂ ਦੇ ਧੀਆਂ ਜਾ ਮੰਗਦਾ ਜੇ ਮੈਂ ਸਿੱਖਾਂ ਵਾਲਾ ਕੰਮ ਕੀਤਾ ਤਾ ਤੂੰ ਨਾ ਕਰਦੋਂ ?. ਤਾਂ ਜੋਤਾ ਸਿੰਘ ਜੀ ਕਿਹਾ, ਮੂੰਹ ਤਾਂ ਵੇਖ ਮੋਰੀਆਂ ਦੇ ਧੀਆਂ ਲੈਣ ਵਾਲੇ ਦਾ। ਫਿਰ ਹਰੀ ਸਿੰਘ ਕਿਹਾ, ਤੂੰ ਠੀਕ ਜੇਤੀ ਖੇਤੀ ਹੀ ਹੈਂ ਜੋ ਸਤਿਗੁਰੂ ਰਾਮ ਸਿੰਘ ਜੀ ਤੈਨੂੰ ਕਿਹਾ ਸੀ। ਸੋ ਸੁਣ ਚੁਪ ਹੋ ਗਿਆ।

ਬਾਬਾ ਜਮੀਤ ਸਿੰਘ ਜੀ ਗਿੱਲਾ ਵਾਲੇ ਦਾਤੇਵਾਲ ਆਏ ਸਿੱਖਾ ਉਹਨਾਂ ਅਗੇ ਹਰੀ ਸਿੰਘ ਦੀ ਦੋਏ ਵਾਰ ਦੀ ਗੱਲ ਕੀਤੀ। ਬਾਬਾ ਜੀ ਮਸਤਾਨੇ ਨੂੰ ਸਦ ਕਿਹਾ, ਤੂੰ ਪਹਿਲੇ ਕੀ ਕੀਤਾ ਤੇ ਫੇਰ ਜੋਤਾ ਸਿੰਘ ਹੋਰਾਂ ਨੂੰ ਕੀ ਕਿਹਾ, ਤੂੰ ਕਿਸੇ ਦੀ ਪਤ ਭੀ ਸੋਚਿਆ ਕਰ। ਤਾਂ ਮਸਤਾਨੇ ਕਿਹਾ, ਬਾਬਾ ਜੀ ਭੁਲਾ ਦਸੋ ਖਾਂ ਜੇ ਜੋਤਾ ਸਿੰਘ ਨਾ ਧੀਆ ਦੇਂਦਾ ਤਾਂ ਤੁਸੀਂ ਤੇ ਮੈਨੂੰ ਕਿਸੇ ਸਿੱਖ ਤੋਂ ਦੋ ਸਾਕ ਦਵਾ ਹੀ ਦੇਂਦੇ, ਕਿਉਂ ਕਿ ਤੁਹਾਡੇ ਆਖੇ ਦੜਪਦੇ ਸਿੱਖ ਸਭ ਲਗਦੇ ਹਨ। ਬਾਬੇ ਕਿਹਾ, ਮੂੰਹ ਤੇ ਵੇਖੋ ਦੇਸ ਨੂੰਹ ਦੀ ਪਤ ਲਾਹ, ਹੋਰ ਧੀਆਂ ਮੰਗਣਵਾਲੇ ਦਾ। ਤਾਂ ਮਸਤਾਨੇ ਕਿਹਾ, ਬਾਬਾ ਤੇਰੀ ਭੀ ਪੂਜਾ ਖਾ ਖਾ ਮਤ ਮਾਰੀ ਗਈ ਤੂੰ ਸੋਚ ਮੈ ਸਿੱਖਾਂ ਵਾਲੀ ਕਰਦਾਂ ਕਿ ਲੋਕਾਂ ਵਾਲੀ ? ਮੰਡ ਤ੍ਰੀਮਤ ਗਹਿਣੇ ਪਾਈ, ਕਿਰਪਾਲੇ ਛੇਵੇਂ ਗੁਰਾਂ ਅਰਥ ਤੋਤਾ ਲੈ ਧੀ ਤੇ ਨਾਰ ਦਿੱਤੀ, ਮੈਂ ਤੇ ਮਰਜੀ ਉਨ੍ਹਾਂ ਦੀ ਵੇਖ ਕਿਹਾ, ਜੋ ਲਿਖਿਆ ਹੈ—

ਨਾਨਕ ਗੁਰਮੁਖਿ ਮੇਲਿ ਮਿਲਾਵੈ ॥

ਇਹ ਸੁਣ ਬਾਬੇ ਦੀ ਦੂਜੀ ਕੂਕਾ ਕਾਰ ਵਾਲੀ ਅੱਖ ਖੁਲ੍ਹੀ ਤੇ ਹਥ ਜੋੜ ਕਿਹਾ, ਹਰੀ ਸਿੰਘ ਤੂੰ ਸੱਚਾ ਤੇ ਸਭ ਝੂਠੇ ਤੂੰ ਸਭਾ ਠੀਕ *ਮੀਹਾਂ ਸਿੰਘ ਜੋਤੂ ਦੇ, ਸਿੱਖ ਨੂੰ ਕਿਸ਼ਨ ਕੌਰ ਦਿੱਤੀ ਸੀ ਤੇ ਕਬੀਰ ਲੋਈ ਨੂੰ ਬਾਣੀਏ ਦੇ ਘਰ ਢੁੱਕ ਲੈ ਗਿਆ ਸੀ ਤੇ ਗੁਰੂ ਦੋਹਾਂ ਦੀ ਰਖਿਆ ਹੀ ਕੀਤੀ ਸੀ।

## ਬੈਕੁੰਠ ਪੁਰੀ

ਸੂ: ਅਰਬੇਲ ਸਿੰਘ ਜੀ ੧੦੯ ਚੱਕ ਨਰੈਣਗੜ੍ਹ ਵਾਲੇ ਜੋ ਹੁਣ ਮੋਰੀ ਵਾਲੇ ਸਰਸੇ ਪਾਸ ਹਨ ਸੁਣਾਈ। ਸਤਿਗੁਰੂ ਜੀ ਏਕ ਸਮੇਂ ੭੨ ਚੱਕ ਫਨੀਆਂ ਵਲੋਂ ਇਨ੍ਹਾਂ ਦੇ ਨਗਰ ਆਏ। ਨਾਲ ਮਹਾਰਾਜ ਨਿਹਾਲ ਸਿੰਘ, ਗੁਰਦਿਆਲ ਸਿੰਘ ਜੀ ਤੇ ਸੰਤ ਵਧਾਵਾ ਸਿੰਘ ਜੀ ਜਵਾਹਰ ਸਿੰਘ ਜੀ ਖਾਨਪੁਰ ਵਾਲੇ, ਮਹੰਤ ਲੱਧਾ ਸਿੰਘ ਜੀ ਠਰੋਹ ਜ਼ਿਲ੍ਹਾ ਸਿਆਲਕੋਟ ਵਾਲੇ ਤੇ ਸੰਤ ਲਾਲ ਸਿੰਘ ਜੀ ਡੂਰੇ ਗਿੱਲੀਏ ਸੀ, ਇਹਨਾਂ ਮਹੰਤ ਖਾਨਪੁਰੀਆਂ ਦਾ ਮਹੰਤ ਲੱਧਾ ਸਿੰਘ ਜੀ ਦਾ ਜੋਤ ਤੇ ਸਬਦ ਦਾ ਰੰਗ ਵੇਖ ਸੁਣ ਦੜਪਦੀ ਸਿੱਖੀ ਦੇ ਸੁਆਦ ਦੀ ਯਾਦ ਠੀਕ ਔਂਦੀ ਸੀ ਜਿੰਨੇ ਦਿਨ ਰਹੇ ਬੈਕੁੰਠਪੁਰੀ ਹੀ ਬਣੀ ਰਹੀ ਸਾਡੇ ਪਿੰਡ।

## ਦੇਗੋ ਮਸਤ

ਦੁਰੀਬ ਜ਼ਿਲ੍ਹਾ ਲਾਹੌਰ ਦੇ ਸੰਤ ਅਤਰ ਸਿੰਘ ਜੀ ਲਾਲੋ ਜੋ ਬਾਰ ਵਲ ਤੀ ਜਾ ੧੯ ਚੱਕ ਟਿਕੇ ਸੀ ਕੰਲੇ ਤੰਬੂਰੇ ਨਾਲ ਵਾਰ ਲਾ ਅਗੰਮੀ ਰਸ ਬੰਨ੍ਹਦੇ ਸੀ। ਈਸਰ ਸਿੰਘ ਜੀ ਦੁਰੀਬ ਐਸੇ ਸਿੱਖ ਸੀ ਘਰ ਆਇਆ ਸਾਧ ਕੁਝ ਬੋਲੇ ਕੁਝ ਤੋਲ੍ਹੇ ਕੁਝ ਖਤੇ ਕੁਝ ਫਤੇ ਪੁਛਦਾ ਨਾ ਸੀ। ਹਾਂ ਜੀ, ਹਾਂ ਜੀ ਕਹਿੰਦੇ ਤੇ ਰਾਜੀ, ਰਾਜੀ ਰਹਿੰਦੇ ਸੀ। ਦੇਵਾ ਸਿੰਘ ਬਾਠਾਂ ਵਾਲੇ ਦਾ ਸਾਧੂ ਲਾਂਗਰੀ ਬੜਾ ਧੀਰਾ ਸੀ, ਸੰਤੋਖੀ ਸੀ, ਆਪ ਵਰਤਾਂਦਿਆਂ ਉੱਕਾ ਭੁੱਖਾ ਸੁੱਕਾ ਰਹਿ ਜਨਾਂਦਾ ਨਾ ਸੀ। ਨਾ ਨਾਲ ਦੇ ਸਾਥੀਆਂ ਨੂੰ ਦੱਸਦਾ, ਨਾ ਘਰ ਵਾਲਿਆਂ ਨੂੰ ਜਨਾਂਦਾ ਸੀ ਕਿ ਮੈਂ ਮਸਤ ਦੇਗੋ ਹਾਂ ਇਹ ਸਾਧਾਂ ਦੇ ਕਰਤਬ ਮੈਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਲਿਖ

*ਮੀਹਾਂ ਸਿੰਘ ਦੇ ਜੀਵਨ ਵਿਚ ਇਹ ਸਾਖੀ ਹੈ। ਸਤਿਜੁਗ ਦੇ ਸੰਤ ਅੰਕ ਵਿਚ ਵੇਖੋ।

Sri Satguru Jagjit Singh Ji Elibrary NamdhariElibrary@gmail.com

ਰਖੇ ਹਨ ਕਿ ਕੋਈ ਇਹਨਾਂ ਦਾ ਗੁਣ ਸੁਣ ਗ੍ਰਹਿਣ ਕਰੇ।

## *ਸੰਤ ਜਵਾਲਾ ਸਿੰਘ*

ਗੁਜਰਾਂਵਾਲੇ ਦੇ ਜ਼ਿਲ੍ਹੇ ਸਮਸੇ 'ਚੋ ੧੫ ਚੱਕ ਸਮਸਾ ਮੁਰੱਬਿਆਂ ਵਲ ਸੀ। ਜਵਾਲਾ ਸਿੰਘ ਸਮਸੇ ਦਾ ਮਾਨਾਂਵਾਲੇ ਦੇ ਨੇੜੇ ਹੋਣ ਕਰ ਸੰਤ ਸੁੰਦਰ ਸਿੰਘ ਜੀ ਨਾਨਕਾਣੇ ਦੇ ਮੇਲੇ ਦੀ ਉਗਰਾਹੀ ਲੈਣ ਆਏ। ਜਵਾਲਾ ਸਿੰਘ ਕਿਹਾ, ਮੈਥੋਂ ਭੀ ਉਗਰਾਹੀ ਲਵੋ। ਸੰਤ ਜੀ ਕਿਹਾ ਤੂੰ ਭਜਨ ਨਹੀਂ ਪੁੱਛਿਆ। ਉਸ ਕਿਹਾ ਦੱਸ ਦੇਵੋ। ਸੰਤ ਜੀ ਕਿਹਾ, ਮੈਨੂੰ ਅਜੇ ਹੁਕਮ ਨਹੀਂ ਜੇ ਤੈਨੂੰ ਲੋੜ ਏ ਤਾਂ ਸਾਡੇ ਨਾਲ ਚਲ ਕੌਂਟਆਵਾਲੀ ਗੁਰੂ ਕੇ ਸਿੱਖ ਹੋਰ ਆਏ ਹਨ। ਜਵਾਲਾ ਸਿੰਘ ਨਾਲ ਗਿਆ ਤੇ ਬੂਟਾ ਸਿੰਘ ਜੀ ਲਾਖਣੇ ਵਾਲਿਆਂ ਤੋਂ ਭਜਨ ਪੁੱਛ ਆ ਉਗਰਾਹੀ ਦਿੱਤੀ। ਜਵਾਲਾ ਸਿੰਘ ਜੀ ਦੇ ਘਰੋਂ ਧਰਮ ਕੌਰ ਭੀ ਭਜਨ ਲੈ, ਸੁੱਚ ਨਾਮ ਸੇਵਾ ਦੀ ਸਾਧਣ ਬਣੀ। ਪਿਛਲੇ ਸਮਸੇ ਆਏ ਵੱਡੇ ਪੁੱਤ੍ਰ ਵਰਿਆਮ ਸਿੰਘ ਨੂੰ ਕਿਹਾ, ਕੂਕਾ ਹੋ ਉਹ ਨਾ ਹੋਵੇ ਜਵਾਲਾ ਸਿੰਘ ਕਿਹਾ, ਕਿਰਤ ਵੇਖ ਕਰ। ਉਸ ਭੀ ਸਾਧਾਂ ਤੋਂ ਭਜਨ ਪੁੱਛਿਆ ਤੇ ਧਾਰੀ ਜੇ ਸਮੇਂ ਦਾ ਮਾਲਕ ਵਾਕਵਾਂ ਗੁਰੂ ਹੈ ਤਾਂ ਦਰਸਨ ਦੇਵੇ ਤੇ ਮੱਝਾ ਕੱਟੀਆਂ ਦੇਣ। ਸਤਿਗੁਰੂ ਜੀ ਦਰਸਨ ਦਿੱਤਾ ਤੇ ਮੱਝਾਂ ਕੱਟੀਆਂ ਹੀ ਸੰਤਨਾਂ ਦਿੱਤੀਆਂ। ਸੰਤ ਆਲਾ ਸਿੰਘ ਜੀ ਦੀ ਸੰਗਤ ਨਾਲ ਵਰਿਆਮ ਸਿੰਘ ਭਜਨ ਬਾਣੀ ਤੇ ਸੰਗਤ ਦੀ ਸੇਵਾ ਦੀ ਕਮਾਈ ਕਰਨ ਲਗਾ। ਸਾਰਾ ਨਗਰ ਤੇ ਟੱਬਰ ਸਿੱਖ ਹੋਇਆ। ਹੋਰ ਕਈ ਬਚਨ ਇਹਨਾਂ ਦੇ ਅਗੇ ਸਮੇਂ ਸਿਰ ਲਿਖਾਂਗਾ।

## *ਘੋੜਿਆਂ ਨੂੰ ਭੇਟਾ*

ਧਰਮ ਕੌਰ ਐਸੀ ਇਕ ਰਸ ਸਾਧ ਸੰਗਤ ਦੀ ਸੇਵਾ ਕਰਦੀ ਪੁੱਤ੍ਰਾਂ ਵਾਂਗੂ ਹੀ ਪਦਾਰਥ ਸਾਧਾਂ ਨੂੰ ਛਕਾਂਦੀ ਜੋ ਸਾਧ ਨਾ ਵੇਲੇ ਨਾਲ ਗੁਰਦੁਆਰਿਉਂ ਘਰ ਔਂਦਾ ਉਸਦਾ ਹਿੱਸਾ ਰਖ ਉਡੀਕਦੀ ਰਹਿੰਦੀ। ਸਾਧ ਭੀ ਮਾਤਾ ਧਰਮ ਕੌਰ ਦੀ ਉਡੀਕ ਵਜੋਂ ਉਚੇਚੇ ਘਰ ਆ ਹਿੱਸਾ ਛਕਦੇ।

ਏਥੋਂ ਤਕ ਕਿ ਸਤਿਗੁਰੂ ਪਰਤਾਪ ਸਿੰਘ ਜੀ ਵੀ ਮਾਤਾ ਕਹਿ ਬੁਲਾਂਦੇ ਤੇ ਕਦੇ ਕਿਹਾ ਨਾ ਮੋੜਦੇ। ਇਕ ਸਮੇਂ ਸਤਿਗੁਰੂ ਜੀ ਸਮਸੇ ਢਿੱਡਰ ਮਾਈ ਤੇ ਗਿਆਨ ਸਿੰਘ ਵਲ ਚਰਨ ਪਾਣ ਗਏ ਸੀ। ਘੋੜਿਆਂ ਵਾਲਿਆਂ ਨੂੰ ਮਾਤਾ ਧਰਮ ਕੌਰ ਕਿਹਾ, ਮੇਰੇ ਘਰ ਗੁਰੂ ਕੇ ਘੋੜਿਆਂ ਦੇ ਅੱਜ ਚਰਨ ਜ਼ਰੂਰ ਪਵਾਉ ਗੁਰੂ ਜੀ ਤੇ ਸਾਧ ਸੰਗਤ ਤਾਂ ਬਹੁਤ ਵਾਰੀ ਚਰਨ ਪਾਂਦੀ ਹੈ। ਸਿੱਖ ਘੋੜੇ ਮਾਤਾ ਦੇ ਘਰ ਨੂੰ ਲੈ ਵੜੇ ਦੇਖ ਸਤਿਗੁਰੂ ਜੀ ਬੜੇ ਤੇਜ ਬੋਲ ਕਿਹਾ, ਕਿਧਰ ਘਰਾਂ ਵਿਚ ਲਈ ਫਿਰਦੇ ਹੋ ਸਿੱਖਾਂ ਕਿਹਾ; ਮਾਤਾ ਧਰਮ ਕੌਰ ਮੰਗ ਕੀਤੀ ਹੈ ਘਰ ਘੋੜਿਆਂ ਦੇ ਚਰਨ ਪਵੌਣ ਦੀ।

ਸਤਿਗੁਰੂ ਜੀ ਕਿਹਾ, ਇਹਨਾਂ ਜੇਹਿਆਂ ਅਗੇ ਸਾਡੀ ਕੋਈ ਪੇਸ਼ ਨਹੀਂ ਜਾਂਦੀ।

ਮਾਤਾ ਨੇ ਘੋੜਿਆਂ ਨੂੰ ਭੋਲੀ ਵਿਚ ਦਾਲ ਪਾ ਚਾਰੀ, ਮੌਂਖਿਆਂ ਤੇ ਹੱਥ ਫੇਰੇ ਤੇ ਮੌਕਾ ਭੀ ਜੋ ਹੋ ਸਕਿਆ ਭੇਟਾ ਸਿੱਖਾਂ ਨੂੰ ਦੇ ਕਿਹਾ, ਇਹ ਘੋੜਿਆਂ ਦੀ ਸੇਵਾ ਹੈ ਨਿਹਾਰੀ ਵਜੋਂ ਮੇਰੇ ਵਲੋਂ।

ਜਵਾਲਾ ਸਿੰਘ ਜੀ ਚੜ੍ਹਾਈ ਤੋਂ ਕਈ ਦਿਨ ਪਹਿਲਾਂ ਪ੍ਰਵਾਰ ਸੱਦ ਕਿਹਾ, ਮੇਰੀਆਂ ਦੋ ਮੱਤਾਂ ਚੇਤੇ ਰਖਣੀਆਂ। ਇਕ ਧੀ ਸਿੱਖ ਲੋੜਵੰਦ ਨੂੰ ਦੇਣੀ ਤੇ ਦੂਜਾ ਸਾਧ ਸੰਗਤ ਵਲੋਂ ਮੂੰਹ ਨਹੀਂ ਮੋੜਨਾ ਕਹਿ

ਸਹਿਜੇ ਸਤਿ ਸ੍ਰੀ ਅਕਾਲ ਬੁਲਾ* ਸਭ ਦੇ ਸਾਹਵੇਂ ਚੜ੍ਹਾਈ ਕੀਤੀ ਦੱਸੇ ਦਿਨ ਤੇ।

## *ਸਿੱਖ ਸ਼ਰੀਕ ਨਹੀਂ*

ਬਾਬੇ ਸੋਣ ਸਿੰਘ ਜੀ ਸੰਦੇਵਾਲੀਏ ਨੂੰ ੧੦ ਮੁਰੱਬੇ ਲਾਇਲਪੁਰ ਦੇ ਜ਼ਿਲ੍ਹੇ 'ਚ ਮਿਲੇ ਸੀ। ਦੂਜੇ ਭਾਈ ਦਫ਼ਤਰ 'ਚ ਮਸਾਂ ਗੁਜ਼ਾਰਾ ਕਰਦੇ ਸੀ। ਉਹਨਾ ਨੂੰ ਕੋਲ ਲਿਆ ਢਾਈ ਢਾਈ ਮੁਰੱਬੇ ਲਿਖ ਦਿੱਤੇ ਕਿਸੇ ਕਿਹਾ, ਪੁੱਤ੍ਰਾਂ ਦੀ ਜਾਇਦਾਦ ਭਰਾ ਨੂੰ ਦਿੱਤੀ ਜੇ ਤਾਂ ਕਿਹੋ ਨੇ, ਗੁਰਸਿੱਖ ਹੀ ਗੁਰਸਿੱਖਾਂ ਘਰ ਜਨਮਦੇ ਹਨ। ਸ਼ਰੀਕ ਸਿੱਖ ਨੂੰ ਤੇ ਭਰਾਵਾਂ ਨੂੰ ਸਮਝਣਾ ਦੋਸ ਏ। ਮੈਂ ਗੁਰੂ ਕੇ ਸਿੱਖਾਂ ਨੂੰ ਆਪਣੇ ਜਿਹਾ ਕੀਤਾ ਹੈ ਜਿਨ੍ਹਾਂ ਦੀ ਮੇਰੇ ਵਲ ਤਾਂਘ ਸੀ। ਕਿਉਂਕਿ ਸਤਿਗੁਰੂ ਜੀ ਦਾ ਬਚਨ ਹੈ :—"ਸਾਂਝੀ ਨਾਲ ਨਰਮਾਈ ਨਾਲ ਵਰਤਣਾ। ਜਿਤਨਾ ਹੋ ਆਵੇ ਪੁੰਨ ਦਾਨ ਭੀ ਕਰਨਾ। ਸਭ ਸ੍ਰਿਸ਼ਟੀ ਤੇ ਪਰਮੇਸਰ ਦੇ ਰਜ਼ਾਣ ਦੀ ਏ।" ਮੈਂ ਇਹ ਵਿਚਾਰ ਹੀ ਭਰਾਵਾਂ ਨੂੰ ਮੁਰੱਬੇ ਦਿੱਤੇ ਹਨ ਕਿ ਵਿੱਥ ਨਾ ਪਵੇ।

## ਬਚਨ ਦਾ ਪੱਕਾ

ਬਾਰ ਵਾਲੇ ਕ੍ਰਿਪਾਲ ਵਾਲੇ ਦੇ ਵਧਾਵਾ ਸਿੰਘ ਜੀ ਚਾਰ ਭਾਈ ਸੀ। ਇਕ ਭਾਈ ਚੜ੍ਹ ਗਿਆ। ਵਧਾਵਾ ਸਿੰਘ ਦੇ ਘਰ ਸੰਤਾਨ ਨ ਸੀ। ਭਾਈਆਂ ਨੂੰ ਕਿਹੋ ਸੁ, ਜੇ ਤੁਸੀਂ ਰਾਜ਼ੀ ਹੋਵੋ ਮੈਨੂੰ ਉਸ ਦੀ ਸਿਖਣੀ ਦੇ ਦੇਵੋ। ਮੈਂ ਉਸ ਮੁਰੱਬੇ ਦਾ ਹਿੱਸਾ ਨਹੀਂ ਲੈਂਦਾ। ਉਸ 'ਚੋਂ ਪੁੱਤ੍ਰ ਹੋਏ, ਲੋਕਾਂ ਤੇ ਤੀਵੀਂ ਚੁੱਕਿਆ, ਤੂੰ ਮੁਰੱਬੇ ਦਾ ਹਿੱਸਾ ਲੈ ਸਕਦਾ ਹੈਂ। ਪਰ ਵਧਾਵਾ ਸਿੰਘ ਕਿਹਾ, ਮੈਂ ਬਚਨ ਕੀਤੇ ਤੋਂ ਨਹੀਂ ਫਿਰਨਾ, ਕਿਸੇ ਦੀ ਨ ਮੰਨੀ।

ਮੈਨੂੰ ਗੁਰੂ ਜੀ ਨਾਲ ਸਿੱਖਾਂ ਵਲੋਂ ਜ਼ਿਮੀਂ ਤੋਂ ਮੁਕੱਦਮੇ ਚੁੱਕੇ ਦੇਖ ਦੁੱਖ ਹੋਇਆ ਹੈ। ਸਿੱਖਾਂ ਨੂੰ ਬਚਨ ਕਰ, ਅੰਗੂਠੇ ਲਾ, ਫੇਰ ਫਿਰਦੇ ਦੇਖ। ਤਾਂ ਇਹ ਸਾਧਾਂ ਦੇ ਬਚਨ ਤਲੇ ਵਾਰਤਾ ਲਿਖੀਆਂ ਨੇ ਕਿ ਜਾਪੇ ਹੁਣ ਅਸੀਂ ਕਿਵੇਂ ਦੇ ਹੋ ਗਏ ਹਾਂ ਤੇ ਪੁਰਾਣੇ ਸਿੱਖ ਕਿਵੇਂ ਦੇ ਹੋਏ ਹਨ।

ਸਤਿਗੁਰੂ ਜੀ ਕੱਤਕ ਪੂਰਨਮਾਸ਼ੀ ਨਾਨਕਾਣੇ, ਦੁਸਹਿਰਾ ਗੁਜਰਾਂਵਾਲੇ, ਮਾਘੀ ਮੁਕਤਸਰ ਵੈਸਾਖੀ ਦਮਦਮੇ, ਦੀਵਾਲੀ ਅੰਮ੍ਰਿਤਸਰ ਕਰਦੇ ਤੇ ਹੋਲਾ ਜਿਥੇ ਹੋਵੇ ਦਰਸਨ ਦੇਂਦੇ।

## *ਬਿ: ੧੯੭੬ ਵਰਨੀ ਹੋਲਾ*

੧੯੭੬ ਸੰਮਤ ਦਾ ਹੋਲਾ ਵਰਨੀ ਹੋਣਾ ਸੀ। ਵੱਡਾ ਪਿੰਡ ਹੋਣ ਕਰ ਕਈ ਕਹਿਣ, ਹੋਲਾ ਪਿੰਡ ਹੋਵੇ। ਸੰਤ ਆਲਾ ਸਿੰਘ ਜੀ ਦਾ ਡੇਰਾ ਖੂਹ ਵਰਨਾਂ ਦੇ ਤਿਖੀਆਂ ਵਾਲੇ ਤੇ ਸੀ। ਸਤਿਗੁਰੂ ਜੀ ਮਾਤਾ ਜਿਉਣ ਕੌਰ ਜੀ ਨੂੰ ਭੇਜਿਆ ਕਿ ਨੁਕ ਬਣਾਵੇ। ਸੰਤਾਂ ਕਿਹਾ, ਜੇਕਰ ਨਗਰ ਹੋਵੇ ਅਸੀਂ ਦੱਸਿਆ ਕੰਮ ਕਰਾਂਗੇ ਪਿਛੇ ਲੱਗ, ਜੇ ਖੂਹ ਤੇ ਹੋਵੇ ਅਗੇ ਲਗਾਂਗੇ, ਸਭ ਪਿਛੇ ਲਗਣ। ਖੂਹ ਤੇ ਹੀ ਸਲਾਹ ਬਣੀ। ਸਤਿਗੁਰੂ ਜੀ ਤੰਬੂ ਲਾਹੌਰ ਆਦਿ ਹੋਰ ਸ਼ਹਿਰਾਂ ਤੋਂ ਲੈ, ਗੱਡਿਆਂ ਤੇ ਭੇਜ ਗਡ ਭੀ ਦਿੱਤੇ।

---

*ਇਹ ਵਾਕਿਆ ਦੱਸਦੀ ਹੈ ਪੂਰਨ ਕਰਮ ਅੰਕੁਰ ਜਦ ਜਾਗੇ ਤਾਂ ਇਹ ਮਤ ਆਉਂਦੀ ਹੈ ਜੋ ਜਵਾਲਾ ਸਿੰਘ ਜੀ ਨੂੰ ਆਈ ਸੀ ਤੇ ਵਾਕਿਆ ਦੱਸਦੀ ਹੈ ਗੁਰੂ ਦੇ ਹੁਕਮ ਨਾਲ ਹੀ ਫ਼ਤਹ ਬੁਲਾਉਣਾ ਜੋਗ ਹੈ। ਗੁਰੂ ਜੀ ਫ਼ਤਹ ਬੁਲਾਣ ਦਾ ਹੁਕਮ ਆਪਣੇ ਸੇਵਕ ਸਾਧੂਆਂ ਨੂੰ ਦੇਂਦੇ ਆਏ ਹਨ।

Sri Satguru Jagjit Singh Ji Elibrary NamdhariElibrary@gmail.com

ਇਸ ਹੋਲੇ ਤੇ ਸਤਿਗੁਰੂ ਜੀ ਦੇ ਹਜ਼ੂਰ ਇਕ ਜਥੇਦਾਰ ਜੋਗ ਇਕੋ ਆਸ਼ੇ ਤੇ ਬੋਲਣ ਦਾ ਰਿਵਾਜ ਟੋਰਿਆ। ਇਸ ਤੋਂ ਪਹਿਲਾਂ ਮਨ ਮਰਜ਼ੀ ਦਾ ਕੀਰਤਨ ਕਰਦੇ ਸੀ ਜਥੇਦਾਰ। ਜੇਹੀ ਲੋੜ ਜਾਂ ਬਿਧ ਬੁਧ ਬਣੇ। ਤਿੰਨ ਦਿਨ ਹੀ ਰਸ ਬਹੁਤ ਬਣਿਆ। ਪਹਿਲੇ ਦਿਨ ਲੰਗਰ ਵਿਚ ਤੋਟ ਆਈ। ਸਤਿਗੁਰੂ ਜੀ ਪਾਸ ਅਰਜ ਕੀਤੀ, ਕੀ ਕਰੀਏ ? ਸਤਿਗੁਰੂ ਜੀ ਹੁਕਮ ਕੀਤਾ, ਅਰਦਾਸਾ ਕਰ ਪੜਦਾ ਪਾ, ਬੇ-ਵਿਤਕਰਾ ਵਰਤੇ।

## *ਸੇਟ ਕੀਤੀ*

ਸੰਤ ਮੰਗਲ ਸਿੰਘ ਜੀ ਚੋਟੀਆਂ ਵਾਲੇ ਸਰਦਾਈ ਘੋਟਦੇ ਮਸਤ ਹੋਏ, ਦੀਵਾਨ ਵਿਚ ਗਏ ਤੇ ਘਰੋਂ ਗੁਤ ਦਾ ਵਟਿਆ ੧੬੦) ਰੁਪਿਆ ਸਾਧ ਸੰਗਤ ਦਾ ਦਰਸਨ ਕਰ ਉਪਰੋਂ ਦੀ ਸਤਿਗੁਰੂ ਪਰਤਾਪ ਸਿੰਘ ਜੀ ਤੇ ਸੰਗਤ ਦਿਉਂ ਸੇਟ ਕੀਤੀ, ਕਿਸੇ ਨ ਸੈਂਦਾਏ ਮੁਨ੍ਹੇਰਾ ਕਰ, ਪਰ ਸਤਿਗੁਰੂ ਜੀ ਹੁਕਮ ਕੀਤਾ, ਕੋਈ ਸਿੱਖ ਰੁਪਿਆ ਨ ਕੋਲ ਰਖੇ। ਸਿਰਫ ੪–੫ ਨ ਆਏ ਬਾਕੀ ਸਭ ਸਤਿਗੁਰੂ ਜੀ ਪਾਸ ਸਿੱਖਾਂ ਲਿਆ ਦਿੱਤੇ। ਤਦੋਂ ਚਾਂਦੀ ਦੇ ਰੁਪੇ ਸੀ, ਸ਼ਾਇਦ ਉਹ ਰਿਤ ਜਾਂ ਰੇਤ ਘੱਟੇ 'ਚ ਰਲ ਗਏ। ਸਵੇਰੇ ਸੰਤ ਮੰਗਲ ਸਿੰਘ ਜੀ ਦੇ ਪੁੱਤ੍ਰ ਗੁਰਦਿੱਤ ਸਿੰਘ ਪਰਨਾ ਸੰਵਾਣ ਕਿਹਾ, ਇਹ ਮੇਰੇ ਬਾਪੂ ਜੀ ਦਾ ਪਰਨਾ ਏ। ਤਾਂ ਪਤਾ ਲਗਾ ਸੰਤ ਮੰਗਲ ਸਿੰਘ ਜੀ ਸੀ।

ਇਹ ਰੁਪੇ ਸਤਿਗੁਰੂ ਜੀ ਮੰਗਲ ਸਿੰਘ ਜੀ ਨੂੰ ਵਾਪਸ ਦਿੱਤੇ ਸੀ ਇਹ ਕਹਿ ਕਿ ਇਸ ਤਰ੍ਹਾਂ ਕਰਨਾ ਤੇ ਦੇਣਾ ਲੈਣਾ ਠੀਕ ਨਹੀਂ ਹੈ, ਮਸਤੀ ਵਿਚ ਹੋਇਆਂ ਕਰ ਮਾਫ ਕਰਦੇ ਹਾਂ। ਨਹੀਂ ਤੇ ਤਾੜਨਾ ਭੀ ਕਰਦੇ।

## *ਸਤਿਜੁਗ ਚਾਲੂ*

ਮਹਾਰਾਜ ਗੁਰਦਿਆਲ ਸਿੰਘ ਜੀ ਇਸ ਹੋਲੇ ਤੇ ਲਾਹੌਰੋਂ ਸਤਿਜੁਗ ਅਖ਼ਬਾਰ ਨਿਰੰਕਾਰ ਸਿੰਘ 'ਚੇਤਨ' ਤੇ ਸੰਤ ਮੰਗਲ ਸਿੰਘ ਜੀ ਫੜੂਹੀ ਚੌਕੀਆਂ ਦੀ ਸਲਾਹ, ਮਦਦ ਨਾਲ ਛਾਪ ਲੈ ਗਏ। ਨਿਰੰਕਾਰ ਸਿੰਘ ਤੇ ਲਿਖਦਾ ਹੀ ਸੀ। ਮਹਾਰਾਜ ਜੀ ਮੇਲੇ ਵਿਚ ਹੋਕਾ ਭੀ ਦਵਾਇਆ ਤੇ ਪ੍ਰਚਾਰ ਭੀ ਕਹਿ ਕਰਾਇਆ। ਸਭ ਨਾਮਧਾਰੀ ਸਤਿਜੁਗ ਦੇ ਗਾਹਕ ਬਣ ਪੜ੍ਹਨ ਤੇ ਆਪਣੇ ਇਤਿਹਾਸ ਦਾ ਪਤਾ ਕਰਨ।

ਸਤਿਜੁਗ ਸੱਤੀਂ ਦਿਨੀਂ ਛਪਣ ਦਾ ਮਤਾ ਮੇਲੇ ਤੇ ਪਾਸ ਹੋਇਆ, ਸਤਿਗੁਰੂ ਜੀ ਤੇ ਮੁਖੀਆਂ ਦੀ ਸਲਾਹ ਨਾਲ।

ਸੰਤ ਜਿਊਣ ਸਿੰਘ ਜੀ ਤਾਊਸ ਸਰੰਦਾ ਆਦਿ ਵਜਾਂਦੇ ਆਪ ਮਸਤ ਹੋ ਜਾਂਦੇ ਤੇ ਹੋਰਨਾਂ ਨੂੰ ਮਸਤ ਕਰ ਦੇਂਦੇ। ਜੋ 'ਰਾਜੇ' ਦੇ ਸੀ ਤੇ ਫੇਰ ਪਟਿਆਲੇ ਵਾਲੇ ਰਾਜੇ ਚੰਗੇ ਗੁਣੀ ਜਾਣ ਸੱਦ ਰਖੇ ਸੀ। ਇਹਨਾਂ ਦਾ ਨਾਮ ਮਸਤਾਨ ਸਿੰਘ ਜੀ ਮਸਤ ਹੋਣ ਤੇ ਕਰਨ ਤੋਂ ਪ੍ਰਸਿੱਧ ਹੋਇਆ ਸੀ। ਇਹ ਪਰਜਾਪਤ ਘਰਾਣੇ 'ਚੋਂ ਸੀ। ਸਤਿਗੁਰੂ ਪਰਤਾਪ ਸਿੰਘ ਜੀ ਜਿਵੇਂ ਹਰ ਗੁਣੀ ਮਿਲੇ ਤੋਂ ਗੁਣ ਸੁਣ ਤੇ ਬੁੱਝ ਪ੍ਰਾਪਤ ਕਰਦੇ ਸੀ। ਇਹਨਾਂ ਤੋਂ ਭੀ ਸਾਜ ਸਿਖੇ ਸੀ, ਭੇਟਾ ਧਰ ਉਸਤਾਦੀ ਤੋਰ।

## *ਅਰਸ਼ੀ ਫਰਿਸ਼ਤਾ*

ਸੰਤ ਮੰਗਲ ਸਿੰਘ ਜੀ ਫੜੂਹੀ ਚੌਕੀਏ ਇਹਨਾਂ ਨੂੰ ਸਾਧ ਸੰਗਤ ਅਰਸ਼ੀ ਫਰਿਸ਼ਤਾ ਭੀ ਆਖਦੀ ਸੀ। ਆਪ ਨੂੰ ਨਾਮਧਾਰੀ ਪੰਥ ਦੇ ਪ੍ਰਚਾਰ ਤੇ ਅੰਗਰੇਜ਼ ਨੂੰ ਆਪਣੇ ਦੇਸ 'ਚੋਂ ਬਾਹਰ ਕੱਢਣ ਦੀ

Sri Satguru Jagjit Singh Ji Elibrary NamdhariElibrary@gmail.com

ਬੜੀ ਲਗਨ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਦੀ ਤਰ੍ਹਾਂ। ਇਹਨਾਂ ਹੋਲੇ ਵਿਚ ਇਸ ਥਿਊਰੀ ਤੇ ਪ੍ਰਚਾਰ ਬਹੁਤ ਕੀਤਾ, ਕਿ ਕੂਕਾ ਭਜਨ ਪੁੱਛਦਾ ਘਰ-ਦਿਆਂ ਤੋਂ ਛੁੱਟੀ ਮੰਗੇ ਜੇ ਨ ਦੇਣ ਤਾਂ ਨਿਸੰਗ ਹੋ ਫਿਰੇ। ਜੇ ਕਬੀਰ ਦੀ ਮਾਂ ਵਾਂਗੂ ਮਾਂ ਰੁੰਨੀ ਨਾ ਤਾਂ ਕੂਕਾ ਕਿਹਾ ਹੋਇਆ, ਗੜਵਾ ਮੋਢੇ ਤੇ ਪਾਏ ਤੇ ਰਫੂ-ਚੱਕਰ ਹੋ ਜਾਏ। ਚੰਗਾ ਖਾਏ ਤੇ ਪੱਟ ਹੰਢਾਏ ਤੇ ਮਨ ਮਰਜੀ ਦਾ ਬੋਲੇ।

## ਵਿਚਾਰ ਆਪੋ ਆਪਣਾ

ਭਾਈ ਹਰਨਾਮ ਸਿੰਘ ਜੀ ਰਾਗੀ ਚਵਿੰਡੇ ਵਾਲੇ ਬੋਲੇ ਕੂਕਾ ਭਜਨ ਪੁੱਛ ਪਿਛਲਾ ਜੀਵਨ ਜੀਵ-ਹਿੰਸਾ ਵਾਲਾ ਤਿਆਗੇ ਤੇ ਘਰ ਹੀ ਰਹੇ, ਧਰਮ ਦੀ ਕਿਰਤ ਕਰ, ਆਏ ਦੀ ਸੇਵਾ ਕਰੇ।

ਸੰਤ ਲਾਲ ਸਿੰਘ ਜੀ ਭੁਰੇਗਿੱਲੀਏ ਬੋਲੇ, ਸਿੱਖ ਸਿੱਖ ਵਲ ਜਾਏ ਤੇ ਡੇਰਾ ਬਾਹਰ ਲਾਏ। ਘਰ ਸਿੱਖ ਦੀ ਆਗਿਆ ਬਿਨਾਂ ਨ ਜਾਏ। ਇਕ ਦੋ ਰੋਜ ਰਹਿ ਰਮਤਾ ਹੋਵੇ ਜੇ ਕੋਈ ਗਾਹਕ ਹੋਵੇ ਤਾਂ ਬੋਲੇ।

ਸੰਤ ਭਗਤ ਸਿੰਘ ਜੀ ਦਾਤੇਵਾਲੀਏ ਬੋਲੇ, ਕੂਕਾ ਵੱਜਦਾ ਗੱਜਦਾ ਕੂਕੇ ਵੱਲ ਜਾਵੇ। ਜੇ ਉਹ ਘਰ ਹੋਵੇ ਬੋਲੇ ਤਾਂ ਬੋਲੇ ਬੋਲੇ। ਜੇ ਸਿੱਖ ਘਰ ਨਾ ਹੋਵੇ, ਆਪ ਜਲ ਲਿਆ ਉਸਦੇ ਘਰ ਬਹਿ ਕੇ, ਛਕ ਬਰਕਤ ਪਾ ਜਾਵੇ।

ਮਹਾਰਾਜ ਨਿਹਾਲ ਸਿੰਘ ਜੀ, ਪੰਡਿਤ ਬਸੰਤ ਸਿੰਘ ਜੀ ਆਲਿਮ ਜੀ, ਚੱਕਰਵਰਤੀ ਜੀ ਥੋੜ੍ਹਾ ਥੋੜ੍ਹਾ ਬੋਲੇ ਤੇ ਕਿਹਾ, ਕੂਕੇ ਨੂੰ ਜਿਵੇਂ ਕਿਵੇਂ ਕੁਝ ਪੜ੍ਹ ਲਿਖ ਆਪਣੇ ਇਤਿਹਾਸ ਦੀ ਵਾਕਫੀ ਦੀ ਲੋੜ ਏ।

ਸੰਤ ਹਾਕਮ ਸਿੰਘ ਜੀ ਘੁਕਲ, ਬੰਤਾ ਸਿੰਘ ਜੀ ਬੂੜੇ ਤਲੀਏ ਤੇ ਬੇਲਾ ਸਿੰਘ ਜੀ ਸੂਜੇ ਵਾਲੀ, ਸੰਤ ਅਤਰ ਸਿੰਘ ਜੀ ਕੀਰਤਨ ਹੀ ਕੀਤਾ ਤੇ ਕਿਹਾ, "ਸੈਂ ਗੁਰਬਾਣੀ ਆਧਾਰ ਹੈ" ਦਾ ਸਭ ਪਿਆਰ ਵਧਾਉ ਤੇ ਜੋਰ ਨਾਲ ਨਾਮਧਾਰੀ ਪੰਥ ਦਾ ਪ੍ਰਚਾਰ ਕਰੋ। ਅੰਗਰੇਜ਼ ਦੀ ਮੌਤ ਵਾਲੇ ਲੋਕਾਂ ਤੋਂ ਸਿੱਖੀ ਨੂੰ ਬਚਾਉ।

ਸਤਿਗੁਰੂ ਜੀ ਇਸ ਹੋਲੇ ਤੇ ਕਹਿ ਕੇ ਹੋਕਾ ਦਵਾਇਆ। ਕੋਈ ਵਿਧਵਾ ਨ ਰਹੇ, ਨਾਮਧਾਰੀ ਪੰਥ ਵਿਚ ਕੋਈ ਜਵਾਨ ਬੀਬੀ ਬਿਨਾਂ ਭਰਾ ਜਾਂ ਪਿਤਾ ਦੇ ਨ ਮੇਲੇ ਤੇ ਆਵੇ ਤੇ ਨਾਲ ਹੀ ਘਰ ਵਾਪਸ ਜਾਵੇ। ਇਸ ਹੋਲੇ ਤੇ ਮੇਰੇ ਪਿਤਾ ਸੰਤ ਸਿੰਘ ਜੀ ਗਏ ਸੀ ਤੇ ਮੈਨੂੰ ਆ ਕੇ ਕਈ ਰੋਜ ਰਾਤ ਮੇਲੇ ਦੀ ਵਾਰਤਾ ਸੁਣਾ ਕਿਹਾ ਸੀ, ਮੈਂ ਉਥੇ ਚਾਹੁੰਦਾ ਰਿਹਾ ਹਾਂ ਤਰਨ ਸਿੰਘ ਇਹ ਨਜ਼ਾਰਾ ਅੱਖੀਂ ਵੇਖਦਾ। ਤੇ ਕਈ ਬਚਨ ਮੈਂ ਇਸ ਇਤਿਹਾਸ ਦੀ ਲੋੜੋਂ ਹੁਣ ਸੁਣੇ ਹਨ ਸੰਗਤ ਵਿਚੋਂ।

## ਕੁਵੇਲੇ ਵੀ ਪ੍ਰਸਾਦਾ ਮਿਲੇ

ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਇਕ ਦਿਨ ਕੁਵੇਲੇ ਲੰਗਰ ਵਲ ਗਏ ਤੇ ਪ੍ਰਸਾਦਾ ਮੰਗਿਆ। ਸਿੱਖ ਕਿਹਾ, ਹੁਣ ਲੰਗਰ ਬੰਦ ਹੋ ਚੁੱਕਾ ਏ। ਸੰਤ ਜੀ ਚੁੱਪ ਕੀਤੇ ਗੁਜਰਾਂਵਾਲੇ ਚਲੇ ਆਏ। ਸਤਿਗੁਰੂ ਜੀ ਹੋਲੇ ਬਾਅਦ ਗੁਜਰਾਂਵਾਲੇ ਆਏ ਤੇ ਸੰਤ ਜੀ ਦੇ ਪਾਸ ਬੈਠ ਕਿਹਾ ਆਪ ਹੋਲੇ ਵਰਨਾਂ ਦੇ ਤੋਂ ਲੰਗਰ ਵਿਚੋਂ ਖਾਲੀ ਮੁੜਨ ਤੋਂ ਬਾਅਦ "ਉਸ ਸਿੱਖ ਤੇ ਬਖਸ਼ਸ਼ ਹੋਵੇ" ਤਾਂ ਅੰਦਰੋਂ ਤਦੋਂ ਹੀ ਮੰਗੀ ਹੋਵੇਗੀ ਕਿਉਂਕਿ ਮਹਾਂਪੁਰਖ ਦੂਜੇ ਦੀ ਦੁਰਮਤ ਦੇਖ ਦਿਆਲਤਾ ਕਰਦੇ ਹਨ। ਪਰ ਦੱਸੋ ਅਗੋਂ ਕਿਵੇਂ ਜੁਗਤ ਰਖੀਏ ਮੇਲਿਆਂ ਤੇ।

ਸੰਤ ਜੀ ਕਿਹਾ, ਜਿਵੇਂ ਭੈਣੀ ਸਾਹਿਬ ਲੰਗਰ ਚਲਦਾ ਹੈ। ਮੇਲਿਆਂ ਤੇ ਅਠੇ ਪਹਿਰ ਜਲ

ਪ੍ਰਸਾਦਾ ਮਿਲਦਾ ਚਾਹੀਦੈ। ਕਿਉਂਕਿ ਕੀ ਪਤਾ ਕੋਈ ਜ਼ਾਤਰੂ ਕਿਸੇ ਵੇਲੇ ਕਿੰਨੀ ਦੂਰੋਂ ਆਇਆ ਹੈ ਤੇ ਉਸ ਨੂੰ ਕਿਤਨੀ ਲੋੜ ਏ। ਚਾਹੀਦਾ ਤੇ ਹਰ ਗ੍ਰਿਹਸਤੀ ਨੂੰ ਭੀ ਅਰਦਾਸੇ ਬਾਅਦ ਐਸੇ ਹੀ ਵਰਤਣਾ ਹੈ ਕਿਉਂਕਿ ਸਤਿਗੁਰੂ ਜੀ ਦਾ ਲੰਗਰ ਹੀ ਕਹੀਦੈ ਅਰਦਾਸ ਸਮੇਂ। ਸਤਿਗੁਰੂ ਜੀ ਸਤਿਬਚਨ ਕੀਤਾ ਤੇ ਇਸ ਸਮੇਂ ਬਾਅਦ ਇਹ ਹੀ ਹੁਕਮ ਹਰ ਮੇਲੇ ਤੇ ਲਾਂਗਰੀਆਂ ਪਰ ਲਾ ਦਿੱਤਾ, ਕਿ ਹਰ ਸਮੇਂ ਆਏ, ਨੂੰ ਮੇਲਿਆਂ ਤੇ ਜਲ ਪ੍ਰਸਾਦਾ ਮਿਲੇ। ਸਦਾ-ਵਰਤ ਭੈਣੀ ਸਾਹਿਬ ਤਰ੍ਹਾਂ ਜੇ ਚਲੇ, ਉਹ ਹੀ ਸਦਾ ਵਰਤ ਹੈ।

## ਕਰਜਾ ਇੰਜ ਲਹਿੰਦੈ

ਇਸ ਵਰਨਾ ਦੇ ਹੋਲੇ ਵਿਚ ਇੱਕ ਦਿਨ ਲੰਗਰ ਖੁਲ੍ਹਣ 'ਚ ਡੇਰ ਹੋਈ। ਲੋਕ ਨੇੜੇ ਦੇ ਖੇਤ ਕਮਾਦ ਨੂੰ ਹੱਥ ਪਾਣ ਤੇ ਕਮਾਦਾ ਵਾਲੇ ਡਰਾਣ। ਸੰਤ ਆਲਾ ਸਿੰਘ ਜੀ ਕਮਾਦਾਂ ਵਾਲਿਆਂ ਨੂੰ ਕਿਹਾ, ਕਿਸੇ ਨੂੰ ਨਾ ਰੋਕੋ। ਮੁੱਲ ਤੁਹਾਨੂੰ ਮੁਨਸਫੀ ਦਾ ਮਿਲ ਜਾਏਗਾ। ਪੰਜ ਕਿੱਲੇ ਕਮਾਦ ਹੋਲੇ ਆਏ ਲੋਕਾਂ ਤੁਰਤ ਭੰਨ ਲਿਆ। ਇੰਦਰ ਸਿੰਘ ਤੇ ਤਖਤ ਸਿੰਘ, ਨਾਮਧਾਰੀਆਂ ਬਾਅਦ ਕਮਾਦ ਦਾ ਮੁੱਲ ਨਾ ਲਿਆ। ਕਿਸੇ ਹੋਰ ਕੁਸੰਗੀ ਹੀ ਲਿਆ। ਇਹ ਇੰਦਰ ਸਿੰਘ ਵਰਨਾਂ ਦਾ ਜਦ ਕਰਜਾਈ ਹੁੰਦਾ, ਮੇਲਾ ਕਰਦਾ ਤੇ ਅਗਲੇ ਸਾਲ ਫਸਲ ਬਹੁਤ ਹੁੰਦੀ ਤੇ ਕਰਜ ਉਤਾਰ ਲੈਂਦਾ, ਇਸ ਦੀ ਬਾਬਤ ਇਹ ਗੱਲ ਬੜੀ ਵਰਨਾਂ ਵਿਚ ਪ੍ਰਸਿੱਧ ਸੀ। ਇੰਦਰ ਸਿੰਘ ਰੱਬ ਨੂੰ ਕਰਜਾਈ ਕਰ ਆਪਣਾ ਕਰਜਾ ਲਾਂਹਦੈ।

ਇਸ ਹੋਲੇ ੧੯੭੬ ਬਿਕਰਮੀ ਤੇ ਸਤਿਗੁਰੂ ਜੀ ਤੇ ਸਾਧ ਸੰਗਤ ਸਾਰੀ ਨਾਮਧਾਰੀ ਵਲੋਂ ਗ੍ਰੰਥ ਸਾਹਿਬਾਂ ਆਦਿ ਤੇ ਦਸਮ ਦੇ ਬਹੁਤ ਪਾਠਾਂ ਦੇ ਭੋਗ ਪਏ ਤੇ ਸਤਿਜੁਗ ਅਖ਼ਬਾਰ ਦਾ ਪ੍ਰਚਾਰ ਹੋਇਆ। ਕੁਝ ਮਲਤ ਹੋ ਗਈਆਂ ਪੰਥ ਦੀਆਂ ਜੁਗਤਾਂ ਮਰਯਾਦਾ ਦਾ ਉਪਦੇਸ ਤੇ ਪ੍ਰਚਾਰ ਹੋਇਆ। ਨਵੇਂ ਸਿਰੇ ਉਜਲ ਕਰਨ ਹਿਤ।

ਹਵਨ ਹੋਇਆ ਕੜਾਹ ਪ੍ਰਸਾਦ ਹੋਇਆ ਅੰਮ੍ਰਿਤ ਤਿਆਰ ਕਰ ਬਹੁਤ ਅਭਿਲਾਖੀਆਂ ਨੂੰ ਛਕਾਇਆ ਗਿਆ ਤੇ ਅਗਲੇ ਸਾਲ ਦੇ ਹੋਲੇ ਦਾ ਹੋਣਾ ਮੁਕਤਸਰ ਮਾਲਵੇ ਦੀ ਸਾਧ ਸੰਗਤ ਵਲੋਂ ਸੁਣਾਇਆ ਗਿਆ। ਅਰਦਾਸਾ ਕਰ ਕੜਾਹ ਪ੍ਰਸਾਦ ਵਰਤਿਆ ਤੇ ਹਰ ਦਰਸ਼ਕ ਹੋਲਾ ਦੇਖ ਘਰ ਨੂੰ ਪਰਤਿਆ।

## ੧੯੭੭ ਬਿਕ੍ਰਮੀ ਦਾ ਅਰੰਭ

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਜਿਵੇਂ ਭਾਈ ਗੁਰਦਾਸ ਜੀ ੧੧ ਵੀਂ ਵਾਰ ਵਿਚ ਗੁਰਸਿੱਖਾਂ ਦੇ ਨਾਮ ਲਿਖ :—

ਤਾਰੂ ਪੋਪਟ ਤਾਰਿਆ ਗੁਰਮੁਖ ਬਾਲ ਸੁਭਾਇ ਉਦਾਸੀ ॥...
ਲਖੂ ਵਿਚਿ ਪਟੋਲੀਆ ਭਾਈ ਲਧਾ ਪਰਉਪਕਾਰੀ ॥...
ਤੁਲਸਾ ਵਹੁਰਾ ਭਗਤ ਹੈ ਦਾਮੋਦਰੁ ਆਕੁਲ ਬਲਿਹਾਰਾ ॥

Sri Satguru Jagjit Singh Ji Elibrary NamdhariElibrary@gmail.com

ਆਦਿ ਹੋਏ ਗੁਰਸਿੱਖਾਂ ਦੇ ਨਾਮ ਲਿਖ ਆਮ ਵਾਕਫੀ ਦੇ, ਉਹਨਾਂ ਦੇ ਗੁਣ ਭੀ ਦੱਸੇ ਹਨ। ਘਾਲ ਸੁਭਾਇ ਉਦਾਸੀ ਬਾਲਾ ਜੀ, ਲਖੂ ਭਗਤ ਜੀ, ਲਧਾ ਪਰਉਪਕਾਰੀ ਜੀ ਤੇ ਦਮੋਦਰ ਉਹ ਜਿਸ ਨੇ ਸਭ ਤੋਂ ਪਹਿਲਾਂ ਹੀਰ ਰਾਂਝੇ ਦਾ ਜੀਵਨ-ਕਿੱਸਾ ਔਖੀ ਡਿੱਠਾ ਲਿਖਿਆ ਹੈ। ਗੁਰਸਿੱਖਾਂ ਲਈ ਦੱਸਿਆ ਹੈ ਕਿ ਆਪਣੇ ਵਕਤ ਨੂੰ ਐਵੇਂ ਨਾ ਗਵਾਉ ਕਿਸੇ ਲੇਖੇ ਲਾਉ। ਜਿਵੇਂ ਦਮੋਦਰ ਨੇ ਹੀਰ ਲਿਖ ਹੀਰ ਤੇ ਰਾਂਝੇ ਨੂੰ ਅਮਰ ਕੀਤਾ ਤੇ ਆਪ ਹੋਇਆ ਹੈ, ਤਿਵੇਂ ਤੁਸੀਂ ਭੀ ਕੁਝ ਲਿਖ ਅਮਰ ਹੋਵੋ।

ਮੈਂ ਭੀ ਭਾਈ ਗੁਰਦਾਸ ਜੀ ਤੋਂ ਇਹ ਸਿੱਖਿਆ ਲੈ ਗੁਰਸਿੱਖਾਂ ਦੇ ਜੀਵਨ ਕਈ ਬਸੰਤ ਨੰਬਰਾਂ 'ਚ ਲਿਖੇ ਹਨ ਤੇ ਸੋਰਠ ਬੀਜੇ ਦਾ ਜੀਵਨ ਗੁਪਤ ਹੋਇਆ, ਪਰਗਟ ਕੀਤਾ ਹੈ ਤੇ ਪੂਰਨ ਚੰਦ ਇੱਛੋ ਦੇਵੀ ਦਾ ਜੀਵਨ ਨਵੇਂ ਹੋਏ ਸੱਚੇ ਆਸ਼ਕਾਂ ਦਾ ਹਾਲ ਲਿਖਿਆ ਹੈ।

ਮੈਂ ਗਿਆਨੀ ਗਿਆਨ ਸਿੰਘ ਜੀ ਦੇ ਵਾਕ ਅਨੁਸਾਰ :–

ਦੇਖ ਦੇਖਾਵਨ ਨਹਿ ਕਰੇ ਰਚੇ ਜਗਾਵਨ ਹੇਤ ।
ਜਿਉਂ ਤਿਉਂ ਕਰ ਨਿਜ ਪੰਥ ਕੀ ਕਰੇ ਉਨਤੀ ਚੇਤ ।

ਆਪਣੇ ਪੰਥ 'ਚ ਹੋਏ ਗੁਰਸਿੱਖਾਂ ਦੇ ਜੀਵਨ ਲਿਖਦਾ ਹਾਂ। ਮੈਂ ਅਵਗੁਣ ਹੁੰਦੇ ਚਾਰੇ ਘੱਟ ਹੀ ਲਿਖਦਾ ਹਾਂ, ਕਿਉਂਕਿ ਮੇਰਾ ਮਨ ਅਜੇ ਆਪਣੇ ਔਗੁਣ ਨਹੀਂ ਲਿਖਦਾ। ਇਸ ਲਈ ਮੈਂ ਸੋਚਦਾ ਹਾਂ ਕਿਸੇ ਦੇ ਕਿਉਂ ਲਿਖਾਂ। ਤੇ ਔਗੁਣ ਲਿਖਿਆਂ ਕੋਈ ਕੀ ਸਿੱਖਿਆ ਲਵੇਗਾ।

ਮੈਂ ਆਪਣੇ ਵਲੋਂ ਗੁਰਸਿੱਖਾਂ ਦੀ ਯਾਦ ਹਿਤ ਤੇ ਗੁਰੂਜਸ ਹੀ ਜਾਣ ਹੁਣ ਅਗਲੇ ਸਾਲ ਦਾ ਅਰੰਭ ਕਰਦਾ ਹਾਂ ਤੇ ਕਲਮ ਨਾਲ ਘਾਲ ਕਰ ਸੇਵਾ ਕਰਦਾ ਹਾਂ। ਕੁਝ ਗੁਰਸਿੱਖਾਂ ਦੇ ਉਤਮ ਕਰਮ ਲਿਖ।

ਦਸਮ ਗੁਰਦੇਵ ਜੀ ਚੌਥੀ ਹਕਾਇਤ ਦੇ ਅਰੰਭ ਵਿਚ ਕਿਹਾ :—

ਕਿ ਰੋਜ਼ੀ ਦਿਹੰਦ ਅਸਤ ਰਾਜ਼ਕ ਰਹੀਮ ।
ਰਿਹਾਈ ਦਿਹੋ ਰਹਿਨੁਮਾਏ ਕਰੀਮ ।
ਦਿਲ ਅਫਜ਼ਾਏ ਦਾਨਸ਼ ਦਿਹੋ ਦਾਦਗਰ ।
ਰਜ਼ਾ ਬਖਸ਼ ਰੋਜ਼ੀ ਦਿਹੋ ਹਰ ਹੁਨਰ ।

ਜੋ ਲਿਖਿਆ ਹੈ ਅਰਥਾਤ ਜੋ ਮੰਗਿਆ ਹੈ। ਹੇ ਰੋਜ਼ੀ ਦੇਣ ਵਾਲੇ ਸਦਾ ਹੋਣ ਵਾਲੇ ਸਭ ਦੇ ਦਾਤੇ ਰਹਿਮ ਕਰਨ ਵਾਲੇ, ਮੈਨੂੰ ਅਜ਼ਾਦ ਤੇ ਨਜਾਤ ਹੋਣ ਦੀ ਅਗਵਾਈ ਬਖਸ਼ੋ। ਦਿਲ ਨੂੰ ਵਧਾਣ ਵਾਲੇ ਹੇ ਅਰਜ਼ ਸੁਨਣ ਵਾਲੇ ਐਸੀ ਬੁੱਧੀ ਦਿਓ। ਆਪ ਦੀ ਰਜ਼ਾ ਬਖਸ਼ਸ਼ ਵਾਲੀ ਹੋਵੇ ਤੇ ਮੈਨੂੰ ਹਰ ਹੁਨਰ ਬਖਸ਼ੋ।

ਮੈਂ ਉਹੋ ਆਸਰਾ ਲੈ ਆਪਣੇ ਕਰਤੇ ਪੁਰਖ ਅਗੇ ਅਰਦਾਸ ਕਰਦਾ ਹਾਂ ਮੈਨੂੰ ਹੌਸਲਾ ਵਧਾਣ ਵਾਲੀ ਬੁੱਧੀ ਮਿਲੇ ਤੇ ਆਪ ਦੀ ਬਖਸ਼ਸ਼ ਹੋਵੇ। ਮੈਂ ਗੁਰੂ ਜੀ ਤੇ ਗੁਰਸਿੱਖਾਂ ਦੇ ਜਸ-ਰੂਪ ਜੀਵਨ ਲਿਖਦਾ ਹੀ ਰਹਾਂ। ਜਿਵੇਂ ਗਿਆਨ ਸਿੰਘ ਜੀ ਗਿਆਨੀ ਹੋਰਾਂ ਲਿਖਿਆ ਹੈ:—

ਸਾਵਨ ਪਾਵਨ ਮਨੁਜ ਤਨ ਗੁਣ ਰਸਾਲ ਸਿੱਖਾਨ।
ਪਾਇ ਜੀਹ ਕੋ ਕੋਕਿਲਾ ਰਹੇ ਮੋਨ ਕਿਵ ਠਾਨ।

## ਜਥਾ ਗਹਿਣੇ ਪਿਆ

ਹੋਲੇ ਦਾ ਸਭ ਪਦਾਰਥ ਵਰਤ ਤੇ ਸਾਮਾਨ ਸੰਤ ਆਲਾ ਸਿੰਘ ਜੀ ਵੰਡ ਪੁਚਾ ਚੁੱਕੇ ਸੀ। ਪਰ ਤੰਬੂਆਂ ਦਾ ਕਰਾਇਆ ਚਿਰਕੇ ਪੁੱਜਣ ਕਰ ਦੋ ਸੌ ਦੇਣਾ ਬਾਅਦ ਬਣਿਆ। ਸੰਤਾਂ ਸਮੇਤ ਜਥੇ ਧਾਰੀ ਇਹ ਰਕਮ ਵਾਧੀਆਂ ਕਿਤੇ ਕਰ ਦੇਈਏ। ਇਹ ਬੁਹੜਖਾਣੇ ਵੱਲ ਆ ਰਹੇ ਸੀ। ਅਗੋਂ ਵਰਨਾਂ ਦਾ ਸਿੱਖ ਸੁੰਦਰ ਸਿੰਘ ਜੋ ਮੰਡੀ ਬੁਹੜਖਾਣੇ ਮੱਝਾਂ ਰਖ ਦੁੱਧ ਵੇਚਦਾ ਸੀ। ਉਸ ਪੁੱਛਿਆ ਕੂੰਜਾਂ ਕਿਧਰ ਨੂੰ ਉਡਾਰੀ ਮਾਰੀ ਏ, ਸੰਤਾ ਦੱਸਿਆ ਤੇ ਉਸ ਕਿਹਾ, ਜੇ ਰਕਮ ਮੈਂ ਦੇਵਾਂ ਤੇ ਮੇਰਾ ਕਿਹਾ ਮੰਨੋਗੇ। ਸੰਤਾਂ ਕਿਹਾ, ਜੋ ਹੁਕਮ ਕਰੋ। ਆਪੋ 'ਚ ਬਚਨ ਹੋ ਗਿਆ ਤੇ ਸੁੰਦਰ ਸਿੰਘ ਨੇ ਸੰਤ ਜੀ ਨੂੰ ਮੰਡੀ ਲਿਆ ਕਿਹਾ, ਦੋ ਮਹੀਨੇ ਮੇਰੇ ਵੱਲ ਰਹੋ ਤੇ ਮਣ ਆਟੇ ਨੂੰ ਚੋਪੜ ਲਈ ਸੇਰ ਘਿਉ ਤੇ ਗੁੜ ਮਿੱਠਾ ਮਰਚਾਂ ਰਗੜ ਛਕੋ। ਪ੍ਰਸਾਦਾ ਦਾਲਾ ਜਿੰਨਾ ਮਰਜ਼ੀ ਹੈ ਛਕੋ ਤੇ ਆਏ ਨੂੰ ਛਕਾਉ। ਮੇਰੇ ਕਹਿ ਵਿਚ ਵਰਤੋ ਤੇ ਜਾਣੋ ਦੋ ਮਹੀਨੇ ਗਹਿਣੇ ਪਏ ਹਾਂ। ਸੰਤ ਬੁੱਧ ਸਿੰਘ ਜੀ ਬਜਾਜ ਦੇ ਚੁਬਾਰੇ ਤੇ ਡੇਰਾ ਲਵਾ ਦਿੱਤਾ। ਰਕਮ ਤੁਰਤ ਕਰਾਏ ਵਾਲੀ ਘਾਂ ਭੇਜ ਦਿੱਤੀ।

ਸੰਤ ਆਲਾ ਸਿੰਘ ਜੀ ਤੇਜਾ ਸਿੰਘ ਲਾਲੇਪੁਰੀ ਗਿਆਨ ਸਿੰਘ ਸਮਸੇ ਦਾ ਬਾਲਣ ਜੂਹ 'ਚੋਂ ਲਿਔਂਦੇ, ਖੇਤਾਂ 'ਚੋਂ ਖ੍ਰੀਦ ਹਰੇ ਛੋਲੇ। ਕਰਤਾਰ ਸਿੰਘ ਜਲਣ, ਦਿਆਲ ਸਿੰਘ ਆਦੋ ਤੇ ਕਰਿਆਮ ਸਿੰਘ ਕੌਂਟਿਆਂ ਵਾਲੀਏ, ਸੁੰਦਰ ਸਿੰਘ ਫਰੀਦ ਮਕੀ, ਭਗਵਾਨ ਸਿੰਘ ਜੋ ਕਿਲੇ ਵਾਲਿਆਂ ਨਾਲ ਰਹਿ ਹੁਣ ਮੰਡੀ ਰਹਿੰਦੇ ਸਾਰੇ ਭਾਰੋ ਦਾ। ਬਜਾਰ ਵਿਚ ਵੇਚਦਾ ਹਰੇ ਭੁਰੇ ਛੋਲੇ ਮਕੀ। ਲਾਂਗਰੀ ਰਤਨ ਸਿੰਘ ਝਨਾਂ ਕੰਢੇ ਦਾ, ਸੰਤਾ ਸਿੰਘ ਦੜਪ ਦਾ ਮਸਤੇ ਦੇ ਕੋਟ ਦਾ, ਕਰਿਆਮ ਸਿੰਘ, ਉਜਾਗਰ ਸਿੰਘ ਗਰਮੂਲੇ ਦਾ, ਮਝਾਂ ਸਾਂਭ ਦੁੱਧ ਚੋ ਵੇਚਦੇ ਤੇ ਵਿਹਲ ਲਗੇ ਸੁੰਦਰ ਸਿੰਘ ਦੇ ਕਹੇ ਅਨੁਸਾਰ ਕਥਾ ਕੀਰਤਨ ਭੀ ਕਰਦੇ ਸਾਧ ਸਭ। *ਬੁਧ ਸਿੰਘ ਫਿਲੌਕਿਆਂ ਵਾਲੇ ਨਾਲ ਰਲ ਸੁੰਦਰ ਸਿੰਘ ਹੋਰ ਬਪਾਰ ਭੀ ਕਰ ਲੈਂਦਾ ਸੀ। ਵਰਨਾਂ ਦੇ ਸਭ ਡੇਰਿਆਂ ਤੇ ਦੁਆਲੇ ਦੇ ਨਗਰਾਂ ਕੁੰਜਰ, ਮਦਾਰ, ਸਮਸੇ ਦੇ ਸਿੱਖ ਸੁਣ ਆਏ ਤੇ ਕਹਿਣ ਸੰਤ ਜੀ ਰਕਮ ਅਸੀਂ ਦੇਂਦੇ ਹਾਂ। ਸੰਤ ਕਹਿਣ ਅਸੀਂ ਦੋ ਮਹੀਨੇ ਗਹਿਣੇ ਪਏ ਹਾਂ ਸੁੰਦਰ ਸਿੰਘ ਨੂੰ ਪੁੱਛੋ। ਸੁੰਦਰ ਸਿੰਘ ਕਹੇ ਇਹ ਜਥੀ ਮਸਾਂ ਮੇਰੇ ਕਾਬੂ ਆਈ ਹੈ। ਕਢੋ ਕਿਤੇ ਚਲੀ ਜਾਵੇ ਜੇ ਜਾ ਸਕਦੀ ਏ।

ਕਈ ਸਿੱਖ ਦੇਖ ਬਾਲਣ ਲਿਔਂਦਿਆਂ ਪੱਠੇ ਢੋਂਦਿਆਂ ਦੁੱਧ ਵੇਚਦਿਆਂ ਨੂੰ ਵੈਰਾਗ ਭੀ ਕਰਨ। ਜੇ ਕੋਈ ਸੁੰਦਰ ਸਿੰਘ ਨੂੰ ਪੁੱਛੇ ਇਹਨਾਂ ਨੂੰ ਕੀ ਹੋਇਆ ਏ, ਤਾਂ ਕਹੇ ਕੋਈ ਪਿਛੋਂ ਸਨੌਣੀ ਆਈ ਹੋਣੀ ਏ। ਇਹ ਭੀ ਹੋਰਨਾਂ ਨੂੰ ਜਥੀਆਂ ਕਹਿੰਦੇ ਸੀ।

ਬਚਨ ਵਿਚ ਬਧੇ ਸਾਧਾਂ ਨੂੰ ਮਜੂਰੀ ਕਰਦਿਆਂ ਵੇਖ ਕਈ ਕਹਿਣ; ਪਾਂਡਵਾਂ ਵਾਂਗੂੰ ਬਚਨ ਦੇ ਬੱਧੇ ਹੋਏ ਮਜੂਰੀਆਂ ਕਰਦੇ ਹਨ। ਕੋਈ ਕਹੇ ਪੁੰਨੂੰ ਵਾਂਗ ਪ੍ਰੀਤਮ ਪਿਛੇ ਇਹ ਕਾਰ ਚੁੱਕੀ ਨੇ ਤੇ ਇਜ਼ਤ

---

*ਭੈਣੀਵਾਲ ਬੁਧ ਸਿੰਘ ਦਾ ਪੁੱਤਰ ਤੇਜਾ ਸਿੰਘ ਕੂਕਾ ਬਣੀ ਵਾਲੇ ਰਹਿੰਦੇ ਜੀਵਨ ਨਗਰ ਨੇੜੇ।

Sri Satguru Jagjit Singh Ji Elibrary NamdhariElibrary@gmail.com

ਬੇਗ ਜਿਵੇਂ ਮਹੀਂ ਚਾਰਦਾ ਸੀ, ਮਹੀਂ ਸਾਭਦੇ ਨੇ। ਜਿਵੇਂ ਰਾਂਝੇ ਹੀਰ ਦੇ ਦਰਸਨ ਲਈ ਕੰਨ ਪੜਵਾਏ ਸੀ। ਲਾਗੀ ਬਣ ਟਮਕ ਭੀ ਚੁਕਿਆ ਸੀ।

ਅੰਤ ਸੰਤ ਵਰਿਆਮ ਸਿੰਘ ਜੀ ਸਮਸਾ ਤੇ ਸੰਤ ਮਿਸ਼ਰਾ ਸਿੰਘ ਜੀ ਮਦਾਰ, ਆ ਬਹੁਤ ਵੈਰਾਗੀ ਹੋਏ ਤੇ ਸੁੰਦਰ ਸਿੰਘ ਨੂੰ ਕਿਹਾ, ਤੂੰ ਸੰਤਾਂ ਨੂੰ ਛੁੱਟੀ ਦੇਹ ਰਕਮ ਅਸੀਂ ਦੇਂਦੇ ਹਾਂ। ਭਿੱਖੀ ਵਾਲੇ ਖੂਹ ਦੇ ਤੇ ਕੁੱਜਰਾਂ ਦੇ ਭੀ ਸਿੱਖ ਆਏ। ਸੁੰਦਰ ਸਿੰਘ ਕਹੇ ਇਹ ਜਥੀ ਮਸਾਂ ਮੇਰੇ ਕਾਬੂ ਆਈ ਏ। ਸਾਡੇ *ਜਥੇ ਨੂੰ ਇਹ ਕੁਝ ਨ ਸਮਝਦੇ ਸੀ। ਮਕੀ ਮਦਾਰ ਥੇਰਿਆਂ ਦੇ ਸਿੱਖਾਂ ਰਲ ਹੱਥ ਜੋੜੇ ਤਾਂ ਮਸਾਂ ਸੁੰਦਰ ਸਿੰਘ ਮੰਨਿਆ।

੧੫੦) ਫੇਰ ਭੀ ਸੁੰਦਰ ਸਿੰਘ ਆਪ ਪਾਏ ਤੇ ਬਾਕੀ ਸਾਧਾਂ ਪਾਏ ਤੇ ਤੰਬੂਆਂ ਦਾ ਕਰਾਇਆ ਤਾਰਿਆ ਤੇ ਦੋ ਮਹੀਨਿਆਂ ਤੋਂ ਕੁਝ ਦਿਨ ਘਟ ਕੱਟਣ ਤੇ ਸੰਤਾਂ ਦੇ ਜਥੇ ਨੂੰ ਛੁੱਟੀ ਦਿਤੀਓ ਸੁ।

ਸੰਤ ਆਲਾ ਸਿੰਘ ਜੀ ਵੈਰਾਗ ਤਿਆਗ ਬਿਰਤੀ ਵਿਚ ਰਹਿੰਦੇ। ਪੰਥ ਦਾ ਪ੍ਰਚਾਰ ਕਰਦੇ। 'ਰਾਜੇਂ' ਏਕ ਸਮੇਂ ਇਹਨਾਂ ਦੀਵਾਨ ਲਾਇਆ ਸੀ ਤੇ ਥਾਣੇਦਾਰ ਨਿਗਰਾਨੀ ਲਈ ਆਇਆ ਸੀ। ਸੰਤ ਜੀ ਦਾ ਗੁਰਬਾਣੀ ਦਾ ਅਖੰਡ ਕੀਰਤਨ ਸੁਣ ਥਾਣੇਦਾਰ ਰੋਂਦੇ ਦੀਆਂ ਅੱਖੀਂ ਸੁੱਜ ਗਈਆਂ। ਸਣੇ ਸਿਪਾਹੀਆਂ ਭਜਨ ਪੁੱਛ ਮੰਨ ਗਿਆਂ ਕਿ ਕੂਕਿਆਂ ਵਿਚ ਰਾਮ ਸਿੰਘ ਵਰਤਦੇ। ਸੰਤ ਕਿਹਾ ਕਰਦੇ ਸੀ ਜਦ ਖਸਮ ਕੰਮ ਲੈਣਾ ਹੁੰਦੈ, ਸਭ ਕਰਤਬਾਂ 'ਚ ਮਦਦ ਕਰਦੇ ਤੇ ਅਟਕਾਂ ਔਕੜਾਂ ਹਟਾ ਦੇਂਦਾ ਏ। ਮੈਂ ਭੀ ਸੰਤ ਜੀ ਦੇ ਉਸ ਸਮੇਂ ਦੇ ਦੀਵਾਨ ਸੁਣੇ ਸੀ। ਤਪੀਆਂ ਦੇ ਥਾਣੇ ਤਿਆਗ ਵੈਰਾਗ ਦੀਆਂ ਮੂਰਤਾਂ ਰਸ ਵਿਚ ਗੜੂੰਦ ਹੋਏ ਰਹਿੰਦੇ ਸੀ ਸਮੇਤ ਜਥੇ।

## ਸ੍ਰੇਸ਼ਟ ਰੌਕੜੀ

ਸੰਤਾ ਸਿੰਘ ਵਰਨਾਂ ਦਾ ਘੁਮਿਆਰ ਸਿੱਖ, ਜਿਸ ਨੂੰ ਭੂਰੀ ਵਾਲਾ ਭੀ ਕਹਿੰਦੇ ਸੀ। ਲਾਭ ਸਿੰਘ 'ਫੱਕਾ', ਬਾਲ ਸਿੰਘ ਵਰਨ, ਕੇਸਰ ਸਿੰਘ ਬਾਗਾਂ ਵਾਲੇ ਦਾ, ਉਤਮ ਸਿੰਘ ਕਾਲੇਕੇ, ਮਾਈ ਸਹਿਣ ਇਹ ਸਾਰੇ ਪਿਛਲੀ ਰਾਤੇ ਜਾਗ ਇਸ਼ਨਾਨ ਕਰ, ਮੋਢੇ ਤੇ ਗਾਗਰ ਭੋਰੀ ਧਰ ਉਚੀ ਸਬਦ ਪੜ੍ਹਦੇ, ਪਿੰਡੋ ਪਿੰਡ ਰਾਤ ਸਿੱਖਾਂ ਨੂੰ ਜਗਾਂਦੇ, ਜੇ ਨ ਜਾਗਦਾ ਬੂਹਾ ਭੰਨ, ਪਾਣੀ ਦੀ ਗਾਗਰ ਉਸ ਦੇ ਸਿਰ ਵਿਚ ਵਹਾ ਦੇਂਦੇ। ਜੇ ਅਗੋਂ ਉਜਰ ਕਰਦਾ, ਖੂਬ ਛਿੜ੍ਹ ਮਾਰਦੇ ਸਿਰ ਵਿਚ ਕਾੜ੍ਹ ਕਾੜ੍ਹ। ਮਾਈ ਸਹਿਣ ਮਾਰ ਖਾ ਇਕ ਰਾਤ ਹੀ ਨਾਲ ਰਲ ਗਈ ਸੀ ਤੇ ਸਿੱਖ ਸਭ, ਹੋਰ ਕੋਈ ਉਜਰ ਨ ਕਰਦਾ ਸੀ। ਇਹ ਜੱਥਾ ਟਿੱਬਿਆਂ 'ਚ ਰੇਤ ਤੇ ਪੈ ਰਹਿੰਦਾ ਤੇ ਪਿਛਲੀ ਰਾਤੇ ਨਹਾ ਕੁੱਦ ਪੈਂਦਾ ਸੀ।

ਜਿਵੇਂ ਰਾਤ ਖੂਹ ਤੇ ਭਗੜਾ ਇਸ਼ਨਾਨ ਕਰਨ ਤੋਂ ਸਤਿਗੁਰੂ ਰਾਮ ਸਿੰਘ ਜੀ ਸਮੇਂ ਹੁੰਦਾ ਸੀ ਕਿ ਮੈਂ ਅੱਜ ਸਾਰੀ ਸੰਗਤ ਦਾ ਇਸ਼ਨਾਨ ਕਰਾਣਾ ਏ ਤਿਵੇਂ ਇਹ ਰਸ ਭਰਿਆ ਝੇੜਾ ਰਾਤ ਸਮੇਂ ਹੁੰਦਾ ਸੀ।

ਕਈ ਸਿੱਖ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਵਾਂਗੂ ਰਾਤ ਹੀ ਨਹਾ ਖੂਹ ਤੇ ਅਗੇਤਰੀ

---

*ਇੰਦਿਰ ਅਜੀਤ ਸਿੰਘ ਲਿਖੀ, ਸੰਤ ਰਲਾ ਸਿੰਘ ਜੀ ਵਰਨ ਤੇ ਸੰਤਾ ਸਿੰਘ ਵਰਨ ਨੂੰ ਆਪਣੇ ਸਮੇਤ ਚਕ ਚਕਰ ਵਾਲਿਆਂ ਨੂੰ ਜੋੜਾ ਸਮਝਦਾ ਸੀ।

Sri Satguru Jagjit Singh Ji Elibrary NamdhariElibrary@gmail.com

ਵਾਰੀ ਮੱਲਣ ਲਈ ਜਾਗਾ ਕਟਦੇ ਸੀ। ਇਸ ਸਰੇਸ਼ਟ ਚੌਂਕੜੀ ਤੋਂ ਸਭ ਡਰਦੇ ਸੀ ਤੇ ਹਾਸ-ਬਿਲਾਸ ਨਾਲ ਇਸ ਦਾ ਨਾਮ ਦੁਸ਼ਟ ਚੌਂਕੜੀ ਪਾ ਦਿੱਤਾ ਸੀ ਸਾਧਾਂ।

## ਗੁਰਦੁਆਰਾ ਸ਼ੇਖੂਪੁਰਾ

ਸ਼ੇਖੂਪੁਰੇ ਦੇ ਜ਼ਿਲ੍ਹੇ ਦੇ ਗੁਰਦੁਆਰੇ ਦੀ ਮੋੜ੍ਹੀ ਮੁਢਲੀ ਕਬਰਾਂ ਵਿਚ ਸੋਹਣ ਸਿੰਘ ਪੰਜ ਗਰਾਈਆਂ ਦੇ ਗੱਡੀ ਸੀ। ਕੰਧਾਰਾ ਸਿੰਘ ਵਰਨ ਤੇ ਦੁਆਲੇ ਦੇ ਪਿੰਡਾਂ ਰਲ ਰਾਤੋ ਰਾਤ ਵਲਗਣ ਵਲਿਆ ਸੀ। ਸੰਤ ਗਿਆਨਾ ਸਿੰਘ ਜੀ ਵਾਰੇ ਵਾਲਿਆਂ ਇਸ ਦੀ ਰੌਣਕ ਵਧਾਈ ਸੀ। ਲੰਗਰ ਇਕ ਰਸ ਭੈਣੀ ਸਾਹਿਬ ਤਰ੍ਹਾਂ ਸ਼ੇਖੂਪੁਰੇ ਚਲਾਇਆ ਸੀ। ਜਿਵੇਂ ਸੰਤ ਜਿਊਣ ਸਿੰਘ ਜੀ ਨੇ ਅੰਮ੍ਰਿਤਸਰ ਚਲਾਇਆ ਸੀ।

ਇਹਨਾਂ ਸੰਤਾਂ ਗਿਆਨਾ ਸਿੰਘ ਜੀ ਤੇ ਜਿਊਣ ਸਿੰਘ ਜੀ ਦਾ ਹੋ ਆਇਆ ਜੱਸ-ਜੀਵਨ ਫੇਰ ਲਿਖਾਂਗਾ।

ਜਿਵੇਂ ਗੁਰਵਾਕ ਹੈ—"ਦੋਹੁ ਮਿਲ ਕਾਰਜ ਊਪਜੈ ॥" ਅਰਥਾਤ—ਕਿਸੇ ਕਾਰਜ ਦਾ ਕਾਰਨ ਦੋਹ ਦਾ ਸੰਜੋਗ ਬਣਾਂਦਾ ਏ। ਭਾਵੇਂ ਉਹ ਰਸ ਬਣਾਏ ਭਾਵੇਂ ਬੇ-ਰਸੀ। ਗੁਣ ਤੇ ਅਵਗੁਣ, ਲਾਭ ਭਾਵੇਂ ਹਾਨ।

ਸਰੇਸ਼ਟ ਕਾਰਜ ਸਿਆਣੇ ਹਰ ਕਾਰਨ 'ਚੋਂ ਸੋਚ ਨਾਲ ਆਪ ਪੈਦਾ ਕਰ ਲੈਂਦੇ ਹਨ ਜਿਵੇਂ ਗੁਰੂ ਸਾਹਿਬ ਕਰਦੇ ਰਹੇ ਹਨ। ਹਰ ਕਾਰਨ ਵਿਚੋਂ ਨਵਾਂ ਰਾਹ ਸੋਚ ਚੜ੍ਹਦੀਆਂ ਕਲਾਂ ਵਿਚ ਪਏ।

## ਸਤਿਜੁਗ ਕਿਓਂ

ਤਿਵੇਂ ਮਹਾਰਾਜ ਗੁਰਦਿਆਲ ਸਿੰਘ ਜੀ ਸਤਿਜੁਗ ਅਖ਼ਬਾਰ ਨੂੰ ਇਹਨਾਂ ਕਾਰਨਾਂ ਕਰ ਨਾਮਧਾਰੀ ਪੰਥ ਜੋਗ ਉਪੰਜਾਇਆ ਤੇ ਸਤਿਗੁਰੂ ਪਰਤਾਪ ਸਿੰਘ ਜੀ ਪੂਰਾ ਅਪਣਾਇਆ।

ਸੰਤ ਜਿਊਣ ਸਿੰਘ ਜੀ ੧੯੯੭ ਬਿ: ਦੇ ਹੋਲੇ ਤੇ ਗ੍ਰੰਥ ਸਾਹਿਬ ਤੇ ਬੈਠੇ ਸੀ। ਇਸ ਲਈ ਸਤਿਗੁਰੂ ਜੀ ਉਸੇ ਵਕਤ ਉਸ ਨੂੰ ਦੀਵਾਨ 'ਚੋਂ ਕੀ ਪੰਥੋਂ ਹੀ ਕੱਢ ਦਿੱਤਾ ਸੀ, ਤੇ ਸੰਤ ਕੇਸਰ ਸਿੰਘ ਜੀ ਮਹਾਵੇ ਵਾਲਿਆਂ ਆਪਣਾ ਮੂੰਹ ਕਾਲਾ ਕਰ ਵੈਸਾਖੀ ਤੇ ਅੰਮ੍ਰਿਤਸਰ ਆਪਣੇ ਗਲ ਪੱਲਾ ਪਾ ਸੰਗਤ ਵਿਚ ਖੜੋ ਸਤਿਗੁਰੂ ਜੀ ਪਾਸੋਂ ਬਖਸ਼ਾਇਆ ਸੀ।

ਆਲਿਮ ਜੀ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਕਈ ਸਿੱਖਾਂ ਤੇ ਹਿੰਦੂਆਂ ਦੀਆਂ ਅਖ਼ਬਾਰਾਂ ਜਿਨ੍ਹਾਂ ਚੁਰਚਰਾ ਲਿਖੀ ਸੀ। ਉਹਨਾਂ ਨੂੰ ਸਤਿਗੁਰੂ ਜੀ ਵਲੋਂ ਜਿਊਣ ਸਿੰਘ ਹੋਰਾਂ ਨੂੰ ਪੰਥੋਂ ਕੱਢਣਾ ਤੇ ਫੇਰ ਮਹਾਵੇ ਵਾਲਿਆਂ ਦਾ ਬਖਸ਼ਾਣਾ ਲਿਖ ਦਿੱਤਾ ਸੀ। ਪਰ ਕਿਸੇ ਨ ਛਾਪਿਆ ਸੀ ਜੋ ਕਿਸੇ ਦੇ ਅੱਖਰ ਛਾਪੇ ਤਾਂ ਨਿਕੰਮੇ।

ਸਿੰਘ-ਸਭੀਆਂ ਦੀਆਂ ਅਖ਼ਬਾਰਾਂ ਤੇ ਭਾਰਾ ਵਿਰੋਧ ਕਰਦੀਆਂ ਸੀ, ਕੂਕਿਆਂ ਤੇ ਹਿੰਦੂਆਂ ਤੇ ਕਾਂਗਰਸੀਆਂ ਨਾਲ। ਜੋ ਮਹਾਰਾਜ ਗੁਰਦਿਆਲ ਜੀ ਜਾਂ ਆਲਿਮ ਜੀ ਲਿਖ ਦੇਂਦੇ, ਉਹ ਹਿੰਦੂ ਜਾਂ ਕਾਂਗਰਸੀ ਮਸਾਂ ਥੋੜਾ ਤੇ ਵਿੰਗਾ ਟੇਢਾ ਜਿਹਾ ਲਿਖਦੇ। ਮਹਾਰਾਜ ਜੀ ਚਾਹਿਆ ਅਪਣੇ ਅਖ਼ਬਾਰ ਬਿਨਾਂ ਪਾਰ ਨਹੀਂ ਪੈਂਦੀ ਤਾਂ ਸਤਿਜੁਗ ਨੂੰ ਉਪਜਾਇਆ ਤੇ ਸਤਿਗੁਰੂ ਪਰਤਾਪ ਸਿੰਘ ਜੀ ਅਪਨਾਇਆ, ਜੋ ਅਜੇ ਤਕ ਲੰਗਰ ਵਾਂਗੂ ਚਲਦੇ। ਜੋ ਜੋ ਸਤਿਜੁਗ ਤੇ ਸਖਤੀਆਂ ਹੋਈਆਂ, ਸਤਿਗੁਰੂ ਜੀ ਤੇ ਸਾਧ ਸੰਗਤ ਜੋ ਜੋ ਘਾਲ ਕੀਤੀ ਉਹ ਹਾਲ ਅਗੇ ਆਵੇਗਾ।

## ਨਾਮਧਾਰੀ ਦਰਬਾਰ ਦਾ ਮੁੱਢ

ਮਹਾਰਾਜ ਗੁਰਦਿਆਲ ਸਿੰਘ ਜੀ ਸ੍ਰਿਸਟੀ ਸੁਧਾਰਕ ਸੇਵਕ ਦਲ ਜੱਥਾ ਸਨਖਤ੍ਰੇ ਸਿਆਲਕੋਟ ਦੇ ਜ਼ਿਲ੍ਹੇ 'ਚ ਪੰਥ ਦੇ ਚੋਣਵੇਂ ਸਜਣ ਸੱਦ ਬਣਾਇਆ। ਪਰ ਨਾਮਧਾਰੀ-ਪੁਣੇ ਤੋਂ ਕੋਈ ਸਰੀਰ ਵਿਚੋਂ ਇਸ ਦਲ ਨੂੰ ਉਕਾ ਕਾਂਗਰਸ ਜਿਹਾ ਹੀ ਬਣਾ ਚਲਾਣਾ ਚਾਹੁੰਦੇ ਸੀ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਕੁਝ ਸਰੀਰ ਇਸ ਸੇਵਕ ਦਲ 'ਚ ਪਾ ਇਸ ਨੂੰ ਨਾਮਧਾਰੀ ਦਰਬਾਰ ਦਾ ਨਾਮ ਦਿੱਤਾ ਤੇ ਉਸ ਮਿਲ-ਗੋਭਾ ਰੀਤ ਤੋਂ ਬਚਾਇਆ। ਇਹ ਹਾਲ ਭੀ ਅਗਲੇ ਸਮੇ ਵਿਚ ਆਵੇਗਾ। ਜੋ ਗੁਰੂ ਜੀ ਜ਼ਿੰਦਗਾਨੀ ਤੇ ਦੇਹ ਦਰੁਸਤ ਰੱਖੀ।

ਸਤਿਗੁਰੂ ਰਾਮ ਸਿੰਘ ਜੀ ਜਿਵੇਂ ਮੁਠੋਂਡਿਆਂ ਨੂੰ ਭਿਉਤੀ, ਖੋਟਿਆਂ ਨੂੰ ਖਜ਼ਾਨਾ ਤੇ ਸਿਆੜ ਨੂੰ ਨਿਆਈਂ ਕਹਿੰਦੇ ਸੀ ਤਿਵੇਂ ਇਸ ਵਰਨ ਨਗਰ ਨੂੰ ਭੀ ਗੁਰੂ ਕੀ ਕਾਂਸ਼ੀ ਕਹਿੰਦੇ ਸੀ, ਕਿਉਂਕਿ ਇਥੇ ਬੜੇ ਗੁਰ ਮਾਰਗ ਦੇ ਧਾਰਨੀ, ਪ੍ਰਮੇਸ਼ਰ ਪਿਆਰ ਵਾਲੇ ਤੇ ਪ੍ਰਸਿੱਧ ਸਿੱਖ ਸੀ। ਅਗੋਂ ਹੋਣੇ ਭੀ ਸੀ।

## ਵਿਰਕ ਵਰਨ ਤੇ ਡੇਰੇ

ਮੈਂ ਆਪਣੀ ਖੋਜ ਤੇ ਗੁਰਸਿੱਖਾਂ ਦੀ ਯਾਦ ਵਜੋਂ ਇਹਨਾਂ ਵਰਨਾਂ ਦਾ ਮੁੱਢ ਦੱਸ ਕੁਝ ਡੇਰੇ ਲਿਖ ਪੁਰਾਤਨ ਰਿਵਾਜ ਦੇ ਓਲੇ ਅੱਲਾਂ ਪਈਆਂ ਦੱਸ ਗੁਰਸਿੱਖਾਂ ਦੇ ਜੀਵਨਾਂ 'ਚੋਂ ਗੁਣ ਲਾਭ ਜੋਗ ਵਰਨਨ ਲਿਖਾਂਗਾ।

ਚੂਹੜ, (ਜਿਸ ਦੇ ਨਾਮ ਤੇ ਚੂਹੜਕਾਣਾ ਸੱਚਾ ਸੌਦਾ ਗੁਰੂ ਨਾਨਕ ਜੀ ਦਾ ਸਥਾਨ ਏ) ਦੇ ਵਿਰਕ, ਤੇ ਵਰਨ, ਪੁੱਤ੍ਰ ਸੀ। ਪਰ ਵਿਰਕ ਦੀ ਅੰਸ ਆਮ ਵਧਣ ਕਰ ਲੋਕ ਵਰਨ ਦੀ ਅੰਸ ਨੂੰ ਵਿਰਕ ਹੀ ਕਹਿੰਦੇ ਅਸਲੀਅਤ ਵਿਚ ਵਿਰਕ ਚੂਹੜਕਾਣੇ ਵੱਸਿਆ ਤੇ ਦੁਆਲੇ ਵਧਿਆ ਤੇ ਵਰਨ ਵਖਰਾ ਪਿੰਡ ਪਾ ਵੱਸਿਆ ਸੀ।

ਵਰਨਾਂ ਵਿਚੋਂ ਨਿਕਲ ਪਏ ਠਟੇ (ਡੇਰੇ) ਜਿਵੇਂ ਵਿਰਕ ਦੀ ਅੰਸ 'ਚੋ ਕੜਿਆਲ, ਕਾਲੋਕੇ, ਸਮਸਾ, ਲਾਂਗਰ, ਮਾਂਗਾ, ਭੌਖਰ, ਝਾਮਕੇ ਮਰੀਦ ਕੇ ਆਦਿ ਪਿੰਡ ਪਏ ਤੇ ਬਹੁਤ ਵਧੇ ਹੋਏ ਸੀ। ਤਿਵੇਂ ਵਰਨਾ ਵਿਚੋਂ :—

Sri Satguru Jagjit Singh Ji Elibrary NamdhariElibrary@gmail.com

ਭਿਖੀ ਆਣਾ, ਸੁਖਣ ਆਣਾ, ਚੁਬਰੇ ਆਣਾ, ਨਾਟੇ ਆਣਾ, ਜੋਧ ਆਣਾ, ਧੰਮੇ ਆਣਾ, ਕੱਕਿਆਂ ਦਾ ਡੇਰਾ, ਮਹੰਤਾ ਦਾ ਡੇਰਾ, ਗੱਪੀਆਂ ਦਾ ਡੇਰਾ, ਪੱਕਾ ਖੂਹ, ਮਾਹਰਕਾ ਖੂਹ, ਲੰਬੜਾਂ ਦਾ ਖੂਹ, ਨਾਈ ਵਾਲੀ ਖੂਹੀ, ਧਰੇਕਾਂ ਵਾਲਾ, ਜਰਮਨੀਆ ਵਾਲਾ, ਡੰਡੀਆਂ ਵਾਲਾ, ਡੁਖਪੁਰਾ ਆਦਿ। ਦੋ ਢਾਈ ਕੋਹ ਦੂਰ ਜੂਹ ਹੋਣ ਕਰ ਕੇ ਇਹ ਡੇਰੇ ਜ਼ਿਮੀਂਦਾਰਾਂ ਪਾਏ ਹੋਏ ਸੀ। ਵੱਡਾ ਪਿੰਡ ਹੋਣ ਕਰ ਕੇ ਪੱਤੀਆਂ ਤੇ ਖਨਵਾਦਿਆਂ ਦੀਆਂ ਅੱਲਾਂ, ਉਪ-ਨਾਮ ਪਏ ਹੋਏ ਸੀ।

ਜਿਵੇਂ ਕਿ ਸੁਮੀਰ ਦੀ ਪੱਤੀ, ਤੀਮੇਕੀ, ਬੂੜੇਕੀ, ਹਸਨੇ ਕੀ, ਮਾਂਜਨਾਂ ਕੀ, ਆਦਿ। ਤੇ ਟੱਬਰ ਬੀਮਣ ਕੇ, ਲਾਲਕੇ, ਜੁੱਲੀ ਚੁੱਕ, ਡਾਗਾਂ ਵਾਲੇ, ਮਹੰਤ, ਕੱਕੇ, ਗੱਪੀ, ਖਬੜ, ਥੰਗਰਸਰੀਏ, ਮਾਜੇ, ਵਖਤੇ, ਠੰਡੇ, ਡੇਖੜੇ, ਸਰਾਬੀ, ਮਸੂਰੀ, ਆਦਿ।

## ਵਰਨਾਂ ਦੇ ਸਿੱਖ

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸਿੱਖ, ਖਲਾਕਾ ਸਿੰਘ ਜੀ ਬੜੇ ਨਾਮ ਦਾਨ ਇਸਨਾਨ ਦੇ ਧਾਰਨੀ ਹੋਏ ਤੇ ਇਹਨਾਂ ਦਾ ਪੁੱਤ੍ਰ ਆਲਾ ਸਿੰਘ ਜੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਚੰਗੀ ਕਰਨੀ ਵਾਲਾ ਹੋਇਆ ਜਿਸ ਨੂੰ ਗੁਰੂ ਜੀ ਮਹੰਤੀ ਦਾ ਖਿਤਾਬ ਦਿੱਤਾ ਸੀ ਤੇ ਇਸ ਤੋਂ ਹੀ ਮਹੰਤ ਅੱਲ ਇਹਨਾਂ ਦੀ ਪੈ ਗਈ ਸੀ, ਤੇ ਡੇਰਾ ਭੀ ਮਹੰਤਾਂ ਦਾ ਬੋਲਦਾ ਸੀ। ਮਾਈ ਕੌਰੋ ਟਾਣੀ ਆਲਾ ਸਿੰਘ ਜੀ ਦੇ ਘਰੋਂ ਬੜੀ ਸੇਵਕ ਸੀ। ਸਤਿਗੁਰੂ ਪਰਤਾਪ ਸਿੰਘ ਜੀ ਸਮੇਂ ਇਹ ਮਾਈ ਬੜੀ ਸਰਧਾ ਨਾਲ ਏਕ ਸਮੇਂ ਘਰ ਦੇ ਘਿਉ ਦਾ ਡੰਨਾ ਭਰ ਕਿਹਾ, ਮੇਰੀ ਮੰਗ ਤਾਂ ਪੂਰੀ ਹੁੰਦੀ ਹੈ ਸਤਿਗੁਰੂ ਜੀ ਇਹ ਘਿਉ ਆਪਣੇ ਲੰਗਰ ਵਿਚ ਅੱਜ ਵਰਤਣ। ਸਤਿਗੁਰੂ ਜੀ ਲਾਲੇਪੁਰ ਝੱਬਰਾਂ, ਖਾਰੇ, ਮਦਾਰ ਵਲੋਂ ਹੁੰਦੇ ਸਿਖਰ ਦੁਪਹਿਰੀਂ ਆ ਮਹੰਤਾਂ ਦੇ ਡੇਰੇ ਉਹ ਘਿਉ ਦਾ ਡੰਨਾ ਮਾਈ ਜੀ ਤੋਂ ਮੰਗ ਲੰਗਰ ਵਿਚ ਵਰਤਿਆ ਸੀ। ਹੁਣ ਸਮੇਤ ਇਸ ਮਾਈ ਤੇ ਇਸ ਦੰਪਤੀ ਦੇ ਪੁੱਤ੍ਰ ਮਹੰਤ ਪਿਆਰਾ ਸਿੰਘ, ਦਲੀਪ ਸਿੰਘ, ਚੇਤ ਸਿੰਘ, ਜੇਠਾ ਸਿੰਘ ਜੀਵਨ ਨਗਰ ਨੇੜੇ ਚਕ੍ਰਦੇ ਕਰੀ ਵਾਲੇ ਵੱਸਦੇ ਹਨ ਤੇ ਅੱਲ ਮਹੰਤ ਹੀ ਏ।

## ਕੂਕਾ ਝੂਠ ਨਹੀ ਬੋਲਦਾ

ਸੰਤ ਬੁੱਧ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸਿੱਖ ਐਸੇ ਸੱਚ ਬੋਲਣ ਵਾਲੇ ਸੀ ਕਿ ਆਪ ਦਾ ਕੀਤਾ ਫੈਸਲਾ ਪਿੰਡਾਂ ਦੀ ਪਰ੍ਹੇ ਤੇ ਸਰਕਾਰੀ ਹਾਕਮ ਭੀ ਸੱਚਾ ਮੰਨਦੇ ਸੀ। ਇਕ ਮੁਕੱਦਮੇ ਦੀ ਗਵਾਹੀ ਵਿਚ.ਆਪ ਦਾ ਪੁੱਤ੍ਰ ਡੂਪਾ ਸਿੰਘ, ਰੂਪਾ ਸਿੰਘ ਛੋਟੇ ਭਰਾ ਦੇ ਥਾਂ ਭੁਗਤਿਆ। ਮੁਖਾਲਫਾਂ ਉਜ਼ਰ ਕਰ ਬੁੱਧ ਸਿੰਘ ਤੇ ਹੀ ਫੈਸਲਾ ਪਾ ਦਿੱਤਾ। ਬੁੱਧ ਸਿੰਘ ਜੀ ਕਚਹਿਰੀ ਸੱਦੇ ਗਏ ਤੇ ਸੱਚ ਸੱਚ ਕਹਿ ਦਿੱਤਾ। ਠੀਕ ਰੂਪਾ ਸਿੰਘ ਦੇ ਥਾਂ ਡੂਪਾ ਸਿੰਘ ਮੇਰਾ ਪੁੱਤ੍ਰ ਭੁਗਤਿਆ ਹੈ। ਉਹਨਾਂ ਦਾ ਰੰਗ ਕੱਕਾ ਤੇ ਕੱਦ ਇਕੋ ਹੋਣ ਕਰ ਓਮੀ ਨੂੰ ਘਟ ਹੀ ਸ਼ਨਾਸ ਪੈਂਦੀ ਸੀ। ਭਾਵੇਂ ਖਰੋ ਤੇ ਗੁੱਸਾ ਹੀ ਕੀਤਾ ਪਰ ਪ੍ਰਗਣੇ ਤੇ ਸਰਕਾਰੇ ਧੁੰਮ ਪੈ ਗਈ ਕਿ ਠੀਕ ਕੂਕੇ ਝੂਠ ਨਹੀ ਬੋਲਦੇ।

ਇਹਨਾਂ ਸੰਤਾਂ ਬੁੱਧ ਸਿੰਘ ਜੀ ਦਾ ਪੋਤ੍ਰਾ ਸੰਤ ਲਾਭ ਸਿੰਘ ਜੀ ਕੱਕਾ ਸੀ। ਆਪ ਤੋਂ ਸਮੇਤ ਭਰਾਵਾਂ ਦੇ, ਚਾਚਾ ਮਾਰਿਆ ਗਿਆ। ਇਹਨਾਂ ਦੇ ਪੱਖੀ ਕੁਝ ਕਹਿਣ ਇਕ ਭਰਾ ਵਿਚ ਨਹੀਂ। ਸੰਤ ਲਾਭ

ਸਿੰਘ ਜੀ ਤੇ ਹੀ ਪਰ੍ਹੇ ਤੇ ਥਾਣੇਦਾਰ ਫੈਸਲਾ ਪਾਇਆ। ਲਾਭ ਸਿੰਘ ਕਿਹਾ, ਅਸਾਂ ਤਿੰਨਾਂ ਭਰਾਵਾਂ ਚੜ੍ਹਤ ਸਿੰਘ, ਲਾਭ ਸਿੰਘ ਤੇ ਹਰਨਾਮ ਸਿੰਘ ਨੇ ਹੀ ਕ੍ਰੋਧ ਦੇ ਉਬਾਲ ਕਾਲ੍ਹ ਵਿਚ ਚਾਚਾ ਮਾਰਿਆ ਹੈ। ਥਾਣੇਦਾਰ ਫੜ ਕੇ ਤਿੰਨਾਂ ਨੂੰ ਲੈ ਗਿਆ, ਪਰ ਕਹਿ ਗਿਆ ਜੇ ਸੱਚ ਵਿਚ ਸੱਤਾ ਏ ਤੇ ਮੇਰੀ ਕਲਮ ਦੀ ਕਦਰ ਹੋਈ ਤਾਂ ਤੁਸੀਂ ਬਰੀ ਹੋਵੋਗੇ। ਸੰਤ ਲਾਭ ਸਿੰਘ ਜੀ ਕੱਟੇ ਕੁਝ ਚਿਰ ਰਗੜਾ ਖਾ ਤਿੰਨੇ ਭਰਾ ਉਸ ਕਤਲ 'ਚੋਂ ਬਰੀ ਹੋਏ ਤੇ ਸੱਚ ਬੋਲਣਾ ਸਭ ਨੇ ਮੰਨਿਆ ਕਿ ਕੂਕਿਆਂ ਵਿਚ ਹੈ ਤੇ ਸੱਚ ਵਿਚ ਸੱਤਿਆ ਭੀ ਹੈ। ਸੰਤ ਜੀ ਦਾ ਹੁਣ ਵੱਡਾ ਪ੍ਰਵਾਰ ਸੰਤ ਨਗਰ ਤੇ ਹਾਰਨੀ ਤੇ ਕਰੀ ਵਾਲੇ ਰਹਿੰਦਾ ਏ।

## ਸੰਤ ਵਸਾਵਾ ਸਿੰਘ ਜੀ

ਸੰਤ ਵਸਾਵਾ ਸਿੰਘ ਜੀ ਦਾ ਵਰਨਾਂ ਵਿਚ ਵੱਡਾ ਘਰ ਸੀ ਤੇ ਏਸ ਘਰ ਲੋਹ ਤਪੀ ਰਹਿੰਦੀ ਸੀ। ਰਾਹੀ ਤੇ ਸਿੱਖ ਸਾਧ ਚੰਗੇ ਚੰਗੇ ਇਹਨਾ ਵਲ ਟਿਕੇ ਹੀ ਰਹਿੰਦੇ ਸੀ। ਵਸਾਵਾ ਸਿੰਘ ਜੀ ਦੀ ਸੁਪਤਨੀ ਗੁਰਾਈ ਤੇ ਨੂੰਹ ਛਿੱਲਵ ਬੜੇ ਚਾ ਨਾਲ ਹੱਥੀਂ ਪਕਾ ਛਕਾਂਦੀਆਂ ਸੀ। ਸੰਤ ਜੀ ਦਾ ਵੱਡਾ ਪੁੱਤ੍ਰ ਹੀਰਾ ਸਿੰਘ ਚੜ੍ਹ ਗਿਆ ਸੰਤ ਜੀ ਜ਼ਰਾ ਸੋਗ ਨਾ ਕੀਤਾ ਤੇ ਨੂੰਹ ਸੁਚੱਜੀ ਜਾਣ ਛੋਟੇ ਪੁੱਤ੍ਰ ਇੰਦਰ ਸਿੰਘ ਵੱਲ ਬਹਾ ਦਿੱਤੀ ਤੇ ਕਿਹਾ, ਚੰਗੀ ਨੂੰਹ ਇਹੋ ਜਿਹੀ ਘਰੋਂ ਨਹੀ ਕਢਣੀ।

ਇਹ ਇੰਦਰ ਸਿੰਘ ਜੀ ਹੀ ਸਨ ਜੋ ਮਾਤੇ ਹੋਣ ਤੇ ਮੇਲਾ ਕਰਦੇ। ਅਗੋ ਕਰਜ਼ ਚੁਕਿਆ ਭੀ ਅਗਲੇ ਸਾਲ ਲਾਹ ਲੈਂਦੇ। ਉਚੇਚਾ ਜਿਵੇਂ ਰੱਬ ਤੋ ਕਰਜ਼ਾ ਲਈਦੇ। ਇਤਨਾ ਫਸਲ ਹੁੰਦਾ।

## ਸੰਤ ਸਿੰਘ ਜੀ

ਸੰਤ, ਸੰਤ ਸਿੰਘ ਜੀ ਆਪ ਸਦਾ ਸੋਧ ਰਖਦੇ, ਸਦਾ ਬਾਣੀ ਪੜ੍ਹਦੇ ਹੀ ਰਹਿੰਦੇ ਤੇ ਹੋਰ ਕੰਠ ਕਰਦੇ ਰਹਿੰਦੇ। ਪਿੱਛਾ ਰਾਤ ਉਠ ਇਸ਼ਨਾਨ ਕਰ ਵਰਨਾਂ ਦੀਆਂ ਗਲੀਆਂ ਵਿਚ ਸਬਦ ਪੜ੍ਹਦੇ। ਮੋਢੇ ਤੇ ਗਾਗਰ ਰਖ ਪਾਣੀ ਸਭ ਸਿੱਖਾਂ ਦੇ ਘਰਾਂ ਦਾ ਭਰਦੇ ਫਿਰਦੇ ਤੇ ਪੜ੍ਹਦੇ :—

ਪਾਣੀ ਢੋਵਾਂ ਪਾਣੀ ਢੋਵਾਂ ਗੁਰੂ ਜੀ ਤੇਰੀਆਂ ਸੰਗਤਾਂ ਦਾ।

ਡੂੰਘੇ ਪਾਣੀ ਸੀ। ਰਾਤ ਰਾਤ ਪਾਣੀ ਭਰਦੇ, ਦਿਨੇ ਆਪਣਾ ਵਿਹਾਰ ਕਰਦੇ ਜ਼ਿਮੀਂਦਾਰਾ। ਜੇ ਕੋਈ ਸੰਤ ਜੀ ਨੂੰ ਕਹਿੰਦਾ, ਤੂੰ ਜੱਟ ਜ਼ਿਮੀਂਦਾਰ ਹੋ ਕੇ ਘੁਮਿਆਰਾਂ, ਸੁਨਾਰਾਂ ਤੇ ਜ਼ਿਮੀਂਦਾਰਾਂ ਦਾ ਪਾਣੀ ਨਿਤ ਆਪੇ ਭਰਦੈਂ, ਜੱਟ ਹੋ ਕੀ ਕਰਦੈਂ, ਕਿਉਂ ਪਾਣੀਉਂ ਪਤਲਾ ਘੱਟਿਉਂ ਬਰੀਕ ਤੇ ਸਭ ਤੋਂ ਨੀਵਾਂ ਹੋ ਗਿਆ ਏਂ ਤਾਂ ਸੰਤ ਜੀ ਖਿੜੇ ਮੱਥੇ ਉੱਤਰ ਦੇਂਦੇ :—

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ

ਪਿਆਰਿਆ! ਇਹਨਾਂ ਗੁਰੂ ਕੀਆਂ ਸੰਗਤਾਂ ਦਾ ਜਲ ਤੇ ਗੁਰੂ ਅਮਰਦਾਸ ਜੀ ਢੋਂਦੇ ਰਹੇ ਹਨ। ਇਹਨਾਂ ਸਾਧਾਂ ਦੇ ਇਸ਼ਨਾਨ ਸਤਿਗੁਰ ਰਾਮ ਸਿੰਘ ਜੀ ਮੁਨ੍ਹੇਰੇ ਵੇਸ ਬਦਲਾ ਕਰਾਂਦੇ ਰਹੇ ਹਨ। ਉਹਨਾਂ ਸਾਨੂੰ ਆਪ ਕਰ ਇਹੋ ਸਿੱਖਿਆ ਦਿੱਤੀ ਹੈ ਕਿ ਇਕ ਗੁਰੂ ਦੇ ਸਿੱਖ ਹੋ ਫੇਰ ਵੱਡਾ ਛੋਟਾ ਜਾਣਨਾ ਤੇ ਵਿਤਕਰਾ ਕਰਨਾ ਠੀਕ ਨਹੀਂ। ਕਹਿੰਦੇ ਸਿੱਖ ਤੇ ਹੁੰਦਾ ਹੀ ਤਦੋਂ ਏ ਜਦ ਸ਼ਰੀਕਾਂ ਨੂੰ ਭੀ ਸਿੱਖ ਸਾਧ ਜਾਣੇ। ਆਪ ਦੀ ਏਸੇ ਲਗਨ ਵਿਚ ਮਗਨ ਔਧ ਬੀਤੀ ਤੇ ਸੁਖਾਲੀ ਸੁਆਸੀਂ ਚੜ੍ਹੇ।

Sri Satguru Jagjit Singh Ji Elibrary NamdhariElibrary@gmail.com

## ਸੰਤ ਦੇਸਾ ਸਿੰਘ ਜੀ

ਸੰਤ ਦੇਸਾ ਸਿੰਘ ਜੀ ਘੁਮਿਆਰ ਸਿੱਖ ਸੀ। ਆਪਣੇ ਭਰਾਵਾਂ ਬਰਾਦਰੀ ਮੂਲਾ ਸਿੰਘ, ਰੂਪਾ ਸਿੰਘ ਜੀ ਨੂੰ ਉੱਦਮ ਦੇ ਘਰੋ-ਘਰ ਲੰਗਰ ਰੀਝ ਨਾਲ ਕਰਦੇ। ਸਤਿਗੁਰੂ ਰਾਮ ਸਿੰਘ ਜੀ ਤੋਂ ਲੈ ਕੇ ਗੁਰੂ ਘਰ ਦੀ ਉਗਰਾਹੀ ਹੋਰ ਭਰਾਵਾ ਦੇ ਥਾਂ ਪੌਲਿਉਂ ਪਾਂਦੇ ਜਦ ਕੋਈ ਦੇਵੇ ਤਦੋਂ ਲੈਂਦੇ। ਤਕੜੇ ਹੋਣ ਦਾ ਸਬੂਤ ਦੇਂਦੇ।

## ਸੰਤ ਜਵਾਲਾ ਸਿੰਘ ਜੀ

ਸੰਤ ਜਵਾਲਾ ਸਿੰਘ ਜੀ ਰਾਮਗੜ੍ਹੀਏ ਸਿੱਖ ਸੀ। ਹਰ ਆਏ ਦੀ ਦੱਸੀ ਕਾਰ ਕਰ ਦੇਂਦੇ ਤੇ ਘਰੋ-ਘਰ ਸੇਪ ਉਗਰਾਹੀ ਨਾ ਕਰਨ ਜਾਂਦੇ। ਕਹਿੰਦੇ ਮੇਰਾ ਕਿਰਤ ਕਰਨਾ ਧਰਮ ਹੈ ਕਿਸਮਤ ਆਪੇ ਮੇਰੇ ਘਰ ਆਵੇਗੀ। ਇਹ ਸੰਤ ਜੀ ਆਪੇ ਆਇਆ ਲੈ ਸੰਤੋਖੀ ਰਹਿੰਦੇ ਤੇ ਕਾਰ ਕਰਾਨ ਵਾਲੇ ਨੂੰ ਕਹਿੰਦੇ ਜਿਵੇਂ ਹੁਣ ਕੰਮ ਕਰਾਣ ਲੋੜ ਨੂੰ ਆਇਆ ਹੈ ਮੇਰੇ ਵੱਲ, ਜੇ ਚਿੱਤ ਕਰੀ ਜਿਤਨਾ ਸਰੀ ਮੇਰੇ ਘਰ ਹੀ ਦੇ ਜਾਵੀਂ। ਸਭ ਇਹਨਾਂ ਨੂੰ ਘਰ ਆ ਸੇਪ ਦੇਂਦੇ। ਇਹ ਕਹਿੰਦੇ ਕਬੀਰ ਦਾ ਬਚਨ ਹੈ—

ਅਨਮਾਗੇ ਮੋਤੀ ਮਿਲੈ ਮਾਂਗੀ ਮਿਲੇ ਨ ਭੀਖ ॥
ਮਾਂਗਨ ਤੇ ਮਰਨਾ ਭਲਾ ਇਹ ਸਤਿਗੁਰ ਕੀ ਸੀਖ ॥

ਜਵਾਲਾ ਸਿੰਘ ਜੀ ਦੇ ਪੁੱਤ੍ਰ ਸੁੰਦਰ ਸਿੰਘ ਤੇ ਮਤਾਬ ਸਿੰਘ ਦੋਵੇਂ ਉੱਚੀ ਕਰਨੀ ਵਾਲੇ ਸਾਧੂ ਹੋਏ। ਇਹ ਦੋਵੇਂ ਭਰਾ ਸੇਪੀ ਸੀ। ਸੂਰਜ ਉਗੇ ਖੇਤ ਵਿਚ ਜਾ ਵਾਹੀ ਬਹਿੰਦੇ ਤੇ ਦੁਪਹਿਰੇ ਖੂਹ ਵਿਚ ਵੜ ਜੋਲ ਛਕ ਦਿਨ ਡੁੱਬੇ ਤਕ ਕਾਰ ਕਰਦੇ ਤੇ ਕਹਿੰਦੇ, ਪੂਰੀ ਦਿਹਾੜੀ ਲੈਂਦੇ ਹਾਂ ਤੇ ਕਾਰ ਕਿਉਂ ਘੱਟ ਕਰੀਏ। ਰੋਜ ਦੀ ੪—੫ ਕਨਾਲ ਕਣਕ ਵੱਢਦੇ। ਸੁੰਦਰ ਸਿੰਘ ਨੰਗੇ ਪਿੰਡੇ ਰਹਿੰਦਾ ਮਸਤ, ਕਹਿੰਦਾ ਕਮਾਈ ਖਾ ਫੇਰ ਕਮਾਂ ਗਾ, ਜਮ੍ਹਾਂ ਦਾ ਤਮਾ ਨਹੀਂ ਕਰਨਾ। ਮਤਾਬ ਸਿੰਘ ਜੀ ਤਾਂ ਸਿੱਧ ਪੁਰਸ਼ ਸੀ। ਇਹਨਾਂ ਨੂੰ ਪਿਤਾ ਜਵਾਲਾ ਸਿੰਘ ਜੀ ਪੀੜ੍ਹੀ ਤੇ ਪਿਆਂ ਨੂੰ ਚੁੱਕ ਪਸੂਆਂ ਦੀ ਹਵੇਲੀ ਵਿਚ ਲੈ ਗਿਆ ਖਿਡਾਨ। ਇਹਨਾਂ ਬੋਲ ਪੁੱਛਿਆ, ਸਾਡਾ ਪਿਤਾ ਜੀ ਫਲਾਣਾ ਪਸੂ ਕਿਥੇ ਹੈ?

ਸੰਤ ਜੀ ਪੁੱਛਿਆ, ਤੈਨੂੰ ਕਿਵੇਂ ਪਤਾ ਏ ਤਾਂ ਮਤਾਬ ਸਿੰਘ ਕਿਹਾ, ਮੈਂ ਏ ਵਾਰੀ ਤੁਸਾਂ ਘਰ ਜਨਮਿਆ ਹਾਂ, ਤੁਸੀਂ ਮੇਰੇ ਮਰਨ ਵੇਲੇ ਬੜਾ ਵੈਰਾਗ ਕਰਦੇ ਸੋ, ਮੈਨੂੰ ਤਰਸ ਪੈਂਦਾ ਸੀ। ਜਵਾਲਾ ਸਿੰਘ ਜੀ ਕਿਹਾ, ਅਸੀਂ ਹੁਣ ਰੋਂਦੇ ਨਹੀਂ, ਤੂੰ ਹੁਣ ਇਹ ਫੇਰ ਜਨਮ ਲੈਣ ਦਾ ਕਸ਼ਟ ਨ ਸਹੀਂ। ਤਾਂ ਮਤਾਬ ਸਿੰਘ ਕਿਹਾ, ਹੁਣ ਉਮਰ ਭੋਗਾਂਗਾ।

## ਮਰ ਕੇ ਸਿੱਖ ਸਜਾਏ

ਇਹਨਾਂ ਮਤਾਬ ਸਿੰਘ ਜੀ ਨਾਲ ਸੰਤ ਆਲਾ ਸਿੰਘ ਜੀ ਤੇ ਲਾਭ ਸਿੰਘ ਜੀ ਦਾ ਪਿਆਰ ਪੈ ਗਿਆ। ਮਤਾਬ ਸਿੰਘ ਖੂਹ ਛਿਖੀਆਂ ਵਾਲੇ ਤੇ ਅਰੇਰੀਆਂ ਬਨਾਣ ਗਿਆ। ਤਦੋਂ ਲੱਕੜ ਦੀਆਂ ਅਰੇੜੀਆਂ ਪੈਂਦੀਆਂ, ਮਾਲ੍ਹ ਮੁੰਜ ਦੀ ਹੁੰਦੀ ਸੀ। ਚੋਲ, ਬੈੜ, ਚਰਕਲੀ ਭੀ ਲੱਕੜ ਦੇ ਹੁੰਦੇ ਸੀ। ਜੋ ਹੁਣ ਲੋਹੇ ਦੇ ਹਨ।

ਮਤਾਬ ਸਿੰਘ ਕਿਹਾ, ਜਾਂ ਸਿੱਖ ਸਜੋ ਜਾਂ ਮੈਨੂੰ ਮਾਰ ਦਿਓ। ਤੁਹਾਡਾ ਪਿਆਰ ਤੇ ਵਿਚਾਰ ਮੈਨੂੰ ਦੁਖੀ ਕਰਦੇ ਹਨ। ਇਹਨਾਂ ਕਿਹਾ, ਮਾਰ ਦੇਂਦੇ ਹਾਂ। ਮਤਾਬ ਸਿੰਘ ਲੰਮਾ ਪੈ ਗਿਆ ਤੇ ਇਹਨਾਂ ਗੱਲ ਵਿਚ ਕਪੜਾ ਪਾ ਦੁਵੱਲੀ ਵੱਟ ਚਾੜ੍ਹਨਾ ਸ਼ੁਰੂ ਕੀਤਾ। ਉਸ ਦੇ ਆਨੇ ਨਿਕਲ ਲੱਤਾਂ ਕੱਠੀਆਂ ਹੋ ਗਈਆਂ, ਪਰ

Sri Satguru Jagjit Singh Ji Elibrary NamdhariElibrary@gmail.com

ਬੋਲਿਆ ਨ, ਇਹ ਡਰ ਗਏ ਤੇ ਛੱਡ ਦਿੱਤਾ, ਝਟ ਬਾਅਦ ਹੋਸ਼ ਆਈ ਤਾਂ ਥਾਪੀ ਮਾਰ ਉਸ ਕਿਹਾ, ਹੁਣ ਸਿੱਖ ਸਜੋ। ਇਹਨਾਂ ਮੰਨਿਆ ਤੇ ਸੰਤ ਆਲਾ ਸਿੰਘ ਜੀ, ਲਾਭ ਸਿੰਘ ਜੀ ਸਿੱਖ ਸਜੇ। ਇਹ ਸੰਤ ਆਲਾ ਸਿੰਘ ਜੀ ਮੈਨੂੰ ਆਪ ਦੱਸਿਆ ਹੈ।

## ਸੰਤ ਦੂਲਾ ਸਿੰਘ ਜੀ

ਸੰਤ ਦੂਲਾ ਸਿੰਘ ਜੀ ਮਸਤ ਰਹਿੰਦੇ ਤੇ ਰਾਤ ਦਿਨ ਗਲੀਆਂ ਵਿਚ ਪੜ੍ਹਦੇ। "ਨੈਣੀ ਨੀਂਦ ਨ ਆਵੈ ਜੀ ਪਿਰ ਪਰਦੇਸ ਗਿਆ॥" "ਜਾਨੀ ਵਿਛੁੰਨੜੇ ਮੇਰਾ ਮਰਨ ਭਇਆ ਨੀਂਦਰ ਭੁਖ ਭੁਲ ਗਈ॥" ਮੁੰਡੇ ਪਿੰਡ ਦੇ ਇਹਨਾਂ ਮਗਰ ਲਗ ਸ਼ਬਦ ਪੜ੍ਹਦੇ ਸੀ। ਇਹ ਰਾਗ ਸੁਰ ਭੀ ਸਮਝਦੇ ਸੀ। ਕੰਜਰੀਆਂ ਦੇ ਪਿੜਾਂ ਵਿਚ ਭੀ ਜਾ ਸੁਣਦੇ ਤੇ ਬੋਲਦੇ। ਜੇ ਕੋਈ ਕਹਿੰਦਾ ਗੁਰੂ ਕਾ ਹੁਕਮ ਹੈ, "ਚੇਟਕ ਚੀਤ ਨ ਜਾਏ ਤਮਾਸੇ॥" ਤਾਂ ਕਹਿੰਦੇ, ਮੈਂ ਕੰਜਰੀ ਕੰਜਰ ਤੇ ਵੇਖਿਆ ਕੋਈ ਨਹੀਂ। ਗੁਰੂ ਰਾਮ ਸਿੰਘ ਜੀ ਨੂੰ ਸਾਹਵੇਂ ਦੇਖ ਉਹਨਾਂ ਦਾ ਜੱਸ ਸੁਣਦਾ ਤੇ ਕਰਦਾ ਰਿਹਾ ਹਾਂ। ਜਿਵੇਂ ਗੁਰਵਾਕ ਏ—

ਜੋ ਪੇਖਾ ਸੋ ਸਭੁ ਕਿਛੁ ਸੁਆਮੀ॥
ਜੋ ਸੁਨਣਾ ਸੋ ਪ੍ਰਭ ਕੀ ਬਾਨੀ॥ (ਮਾਰੂ ਸੋਹਲੇ ਮ: ੫॥)

ਇਹਨਾਂ ਦੀ ਮਸਤੀ ਵਿਚ ਹੀ ਨਿਭੀ।

## ਸੰਤ ਸਉਲ ਸਿੰਘ ਜੀ

ਸੰਤ ਸਉਲ ਸਿੰਘ ਜੀ, ਗੁਰੂ ਹਰੀ ਸਿੰਘ ਜੀ ਦੇ ਵੇਲੇ ਸਿੱਖ ਹੋਏ, ਪਰ ਇਹਨਾਂ ਦੀ ਮਾਈ ਚੰਮੀ ਸਤਿਗੁਰੂ ਰਾਮ ਸਿੰਘ ਜੀ ਨੂੰ ਵਰਨੀਂ ਆਇਆਂ ਭਰੇ ਦੀਵਾਨ ਵਿਚ ਦੁੱਧ ਦਾ ਭਰਿਆ ਸੇਰ ਦਾ ਛੰਨਾ ਹਾਜ਼ਰ ਕੀਤਾ ਸੀ ਜੋ ਸਤਿਗੁਰੂ ਜੀ ਭਾਵਨੀ ਦੇਖ ਉਸੇ ਸਮੇ ਛਕ ਲਿਆ ਸੀ। ਸੰਤ ਸਉਲ ਸਿੰਘ ਜੀ ਤੇ ਇਹਨਾਂ ਦੇ ਘਰੋਂ ਮਾਈ ਨੰਦਾਂ ਨੂੰ ਸਾਧਾਂ ਨੂੰ ਘਰ ਲਿਆਉਣ ਦਾ ਬੜਾ ਸ਼ੌਕ ਸੀ ਤੇ ਸਉਲ ਸਿੰਘ ਜੀ ਦੇ ਪਿਤਾ ਨੱਥਾ ਸਿੰਘ ਨੂੰ ਔਖ ਹੁੰਦਾ ਸੀ। ਉਸ ਘਰੋਂ ਕੱਢ ਦਿੱਤੇ। ਇਹਨਾਂ ਕਬੜੀ ਗਿਲਾਂ ਦੀ, ਨੰਦਾਂ ਦੇ ਪੇਕੀਂ ਜਾ ੧੨–੧੩ ਸਾਲ ਗੁਜ਼ਾਰੇ ਤੇ ਪੁੱਤ ਪਾਲ ਵਰਨੀਂ ਆਏ। ਗੁਰੂ ਹਰੀ ਸਿੰਘ ਜੀ ਦੇ ਹਜ਼ੂਰ ਹੀਰੇ ਮਹਾਵੀਏ ਤੇ ਉਸ ਦੀ ਪਤਨੀ ਦੀਵਾਨ ਲਾਇਆ ਸੀ। ਇਹ ਮਾਈ ਨੰਦਾਂ ਲੰਮੇ ਕੇਸਾਂ ਦਾ ਚੌਰ ਕਰਦੀ ਮਸਤ ਹੋਈ ਕਹੇ, ਹੁਣ ਮੇਰੇ ਗੁਰੂ ਆਇਆ ਕੋਈ ਰੋਕੇ, ਮੈਂ ਹੁਣ ਜਗ ਤੇ ਆਈ ਹਾਂ। ਸੰਤ ਆਲਾ ਸਿੰਘ ਜੀ ਇਸ ਦੰਪਤੀ ਦੇ ਸਪੂਤ ਸੀ, ਜਿਨ੍ਹਾਂ ਦੇ ਨਾਮ ਤੇ ਜੀਵਨ ਨਗਰ ਕੋਲ ਸੰਤ ਨਗਰ ਏ। ਇਹ ਹਾਲ ਸਾਰਾ ਅਗੇ ਸਮੇਂ ਸਿਰ ਆਵੇਗਾ।

## ਸੰਤ ਅਨੋਖ ਸਿੰਘ ਜੀ

ਸੰਤ ਅਨੋਖ ਸਿੰਘ ਜੀ, ਜੋ ਅਖੰਡ ਪਾਠੀ ਬੜੇ ਸੁਧ, ਸਰਲ ਤੇ ਰਸੀਲੇ ਅਵਾਜ਼ ਵਾਲੇ ਸੀ। ਸੰਗਤ ਇਹਨਾਂ ਨੂੰ ਰਿਖੀ ਭੀ ਕਹਿੰਦੀ ਸੀ ਤੇ ਕੁਝ ਹੱਥ ਪੈਰ ਲੁੰਙੇ ਹੋਣ ਕਰ ਇਸ ਨੂੰ ਪੂਰਨ ਦਾ ਅਵਤਾਰ ਭੀ ਕਹਿੰਦੇ ਸੀ।

## ਸੰਤ ਰਲਾ ਸਿੰਘ ਜੀ

ਸੰਤ ਰਲਾ ਸਿੰਘ ਜੀ ਜਿਨ੍ਹਾਂ ਦਾ ਜਨਮ ਬ੍ਰਾਹਮਣਾਂ ਦੇ ਘਰ ਦਾ ਸੀ। ਵਰਨਾਂ ਦੇ ਗੁਰਦੁਆਰੇ ਵਿਚ ਰਹਿੰਦੇ ਤੇ ਗੁਰਮੁਖੀ ਵਿੱਦਿਆ ਸਿੱਖਾਂ ਨੂੰ ਮੁਫਤ ਪੜ੍ਹਾਂਦੇ। ਕਤਿਆਲ, ਉਰੀਦ, ਝੱਬਰ, ਦੀਸਰਕੇ, ਲਾਲਕੇ, ਥੇਪੇਕੇ, ਚੂਹੜਕਾਣਾ, ਝਾਹਮਕੇ, ਜੰਡਿਆਲਾ, ਰਜਾ, ਮਦਾਰ, ਸਮਸਾ, ਕਾਲੇਕੇ ਆਦਿ ਤੋਂ ਸਿੱਖਾਂ ਦੇ ਬੱਚੇ ਇਹਨਾਂ ਪਾਸ ਪੜ੍ਹਦੇ ਸੀ ਤੇ ਜਲ ਪ੍ਰਸ਼ਾਦਾ ਭੀ ਉਹਨਾਂ ਨੂੰ ਛਕਾਦੇ ਸੀ, ਕਦੀ ਕਦੀ ਵੱਡਾ ਮੇਲਾ ਭੀ ਸਾਧ ਸੰਗਤ ਦਾ ਕਰਦੇ ਸੀ।

Sri Satguru Jagjit Singh Ji Elibrary NamdhariElibrary@gmail.com

ਰਲਾ ਸਿੰਘ ਜੀ ਦਾ ਮੇਲੀ ਸੁਜਾਨ ਸਿੰਘ, ਜੋ ਪਹਿਲੋਂ ਬੜਾ ਵਿਕਾਰੀ ਸੀ। ਪਰ ਇਕ ਗੁਲਾਬ ਦਾਸ ਸਾਧੂ ਬਾਵੇ ਵਾਲੇ ਖੂਹ ਤੇ ਚੂਹੜਕਾਣੇ ਵੱਲ ਰਹਿੰਦੇ ਨਾਲ ਸੁਜਾਨ ਸਿੰਘ ਦਾ ਪਿਆਰ ਪੈ ਗਿਆ। ਉਸ ਕਿਹਾ, ਜਾਂ ਮੇਰਾ ਸੰਗ ਛੱਡ, ਜਾਂ ਵਿਕਾਰ ਛੱਡ। ਇਸ ਵਿਕਾਰ ਛੱਡੇ। ਇਹ ਸੁਜਾਨ ਸਿੰਘ ਨਾਈਵਾਲੀ ਖੂਹੀ ਤੇ ਰਹਿੰਦਾ ਤੇ ਮਤੀਰੇ ਬੀਜਦਾ ਸੀ। ਹਰ ਆਏ ਰਾਹੋਂ ਲੰਘਦੇ ਨੂੰ ਸੂਹਾ ਮਤੀਰਾ ਦੇਂਦਾ ਸੀ। ਗੁਰੂ ਹਰੀ ਸਿੰਘ ਜੀ ਨੂੰ ਇਸ ਨੇ ਇਕ ਸਮੇਂ ਮਤੀਰੇ ਹੀ ਭੇਟਾ ਕੀਤੇ ਸੀ। ਇਸ ਦੀ ਇਕ ਮੁਸਲਮਾਨਾਂ ਦੀ ਧੀ ਤੇ ਨੀਅਤ ਬਦਲੀ, ਬਹੁਤ ਰੋਇਆ। ਮੁਸਲਮਾਨਾਂ ਧੀ ਸਾਹਵੇਂ ਲਿਆ ਖਲ੍ਹਾਰੀ, ਤਾਂ ਇਸ ਉਸ ਨੂੰ ਧੀ ਜਾਣ ਪਿਆਰ ਦਿੱਤਾ ਤੇ ਸਾਰੀ ਉਮਰ ਧੀ ਹੀ ਜਾਣੀ।

### ਗੁਲਾਬ ਦਾਸ

ਗੁਲਾਬ ਦਾਸ ਪਿੰਡਾਂ ਵਿਚੋਂ ਰਜ਼ਾ ਕਰ, ਆਏ ਨੂੰ ਜਲ ਪ੍ਰਸਾਦ ਦੇਂਦਾ ਸੀ ਤੇ ਬੈਲ ਹਲਟੀ ਜੋੜ ਗਊਆਂ ਨੂੰ ਪਾਣੀ ਪਿਆਣ ਲਈ ਰਖਿਆ ਸੀ। ਇਕ ਦਿਨ ਇਹ ਰਜ਼ਾ ਕਰ ਆਇਆ ਬੈਲ ਮਰਿਆ ਪਿਆ ਦੇਖ ਕਿਹਾ, ਗੋਰਿਆ, ਉਠ ਗਊਆਂ ਤੇ ਰਾਹੀਆਂ ਨੂੰ ਪਾਣੀ ਕਿਸ ਪਿਆਣਾ ਏ। ਬੈਲ ਉਠ ਖਲੋਤਾ ਤੇ ਇਹ ਸਾਧ ਫੇਰ ਪਤਾ ਨਹੀਂ ਕਿਥੇ ਗਿਆ।

ਸੁਜਾਨ ਸਿੰਘ ਜੀ ਦਾ ਮੇਲਾ ਮਿੱਤ੍ਰ ਜਾਣ ਸੰਤ ਰਲਾ ਸਿੰਘ ਜੀ ਕਰਦੇ। ਇਕ ਮਾਸਟਰ ਰੀਡਾ ਸਿੰਘ ਅੰਮ੍ਰਿਤਸਰੋਂ ਜਾ ਆਪਣੇ ਪੜ੍ਹੇ ਲਿਖੇ ਮੇਲੀ ਮੇਲ ੧੩-੧੪-੧੫ ਪੋਹ ਨੂੰ ਇਸ ਮੇਲੇ ਦੀ ਰੌਣਕ ਵਧਾਂਦਾ ਤੇ ਇਕ ਕਮਰਾ ਭੀ ਇਸ ਪਵਾਇਆ ਸੀ।

### ਸੰਤ ਧਿਆਨ ਸਿੰਘ ਜੀ

ਸੰਤ ਧਿਆਨ ਸਿੰਘ ਜੀ ਸੁਨਿਆਰੇ ਸਿੱਖ ਸੀ ਤੇ ਉਤਮ ਸਿੰਘ ਜੀ ਅਰੋੜੇ ਸੀ, ਪਰ ਦੋਹਾਂ ਦਾ ਪਿਆਰ ਆਪੋ ਵਿਚ ਬੜਾ ਸੀ। ਦੋਵੇਂ ਆਦਿ ਤੇ ਦਸਮ ਗ੍ਰੰਥ ਦੇ ਸੁਧ ਤੇ ਤਿਖੇ ਅਖੰਡ ਪਾਠੀ ਸੀ। ਸਬਦ ਤੇ ਨਾਵੇਂ ਮਹਲੇ ਦੇ ਸਲੋਕ ਜਦ ਇਹ ਰਲ ਪੜ੍ਹਦੇ, ਰਾਹੀ ਭੀ ਸੁਣ ਖਲੋ ਜਾਂਦੇ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਬਿਦੇਸ-ਗਵਨ ਬਾਅਦ ਸੰਤ ਧਿਆਨ ਸਿੰਘ ਜੀ ਦੇ ਵਿਖਿਆਨ ਕਥਾ ਕੀਰਤਨ ਦੇ ਪ੍ਰਭਾਵ ਨਾਲ ਫੇਰ ਵਰਨਾਂ ਵਿਚ ਰੌਣਕ ਵਧੀ ਸੀ। ਅੰਮ੍ਰਿਤ ਵੇਲੇ ਆਸਾ ਦੀ ਵਾਰ, ਦਿਨੇ ਵਿੱਦਿਆ ਪ੍ਰਚਾਰ, ਰਾਤ ਕਥਾ ਕੀਰਤਨ ਤੇ ਘਰ ਘਰ ਵਰਨਾਂ ਵਿਚ ਲੰਗਰ ਵਾਰੀ ਨਾਲ ਹੁੰਦੇ ਦੇਖ ਸਤਿਗੁਰੂ ਰਾਮ ਸਿੰਘ ਜੀ ਦਾ ਬਚਨ 'ਇਹ ਵਰਨ ਗੁਰੂ ਕੀ ਕਾਂਸੀ ਹੈ' ਸਾਖਿਆਤ ਭਾਸਦਾ ਸੀ। ਇਹ ਸੰਤ ਧਿਆਨ ਸਿੰਘ ਜੀ ਕਾਰਨ-ਵਸ ਸਿਆਮ ਵੱਲ ਗਏ ਤੇ ਉਧਰ ਜਾ ਨਾਮਧਾਰੀ ਪੰਥ ਦਾ ਪ੍ਰਚਾਰ ਕੀਤਾ। ਸਿਆਮ ਵਿਚ ਸੰਤ ਜੀ ਦਾ ਬਹੁਤ ਹਿੰਸਾ ਸਿੰਘੀ ਦੇ ਵਧਾਣ ਵਿਚ ਏ। ਸੰਤ ਜੀ ਇਕ ਦੋ ਗ੍ਰੰਥ ਭੀ ਲਿਖੇ ਸੀ, ਪਰ ਕਾਰਨ-ਵਸ ਕੋਈ ਛਪ ਨਹੀਂ ਸਕਿਆ। ਜਿਵੇਂ ਚੀਮ ਹੀ ਗਏ।

### ਸੰਤ ਲਾਭ ਸਿੰਘ ਜੀ ਰੱਕੋ

ਸੰਤ ਲਾਭ ਸਿੰਘ ਜੀ ਰੱਕੋ ਬੜੀ ਕਮਾਈ ਵਾਲੇ ਤੇ ਮਸਤ ਹੋਏ। ਲੋਹ ਤੇ ਨਚਦੇ ਤੇ ਅੱਗ ਵਿਚ ਲੇਟਾਂ ਕਰਦੇ, ਸੇਕ ਨ ਲਗਦਾ ਸੀ। ਇਕ ਦਿਨ ਮਸਤ ਹੋਇਆਂ ਲਾਭ ਸਿੰਘ ਜੀ ਕਿਹਾ, ਮੈਂ ਖੁਦ ਅਕਾਲ ਪੁਰਖ ਹਾਂ। ਸੰਤ ਆਲਾ ਸਿੰਘ ਜੀ ਕਿਹਾ, ਜੇ ਅਕਾਲ ਪੁਰਖ ਏਂ ਤਾਂ ਇਹ ਕਲਰ ਜ਼ਮੀਨ ਬਣੇ। ਭਾਵ ਇਕ ਬਾਂਝ ਬੀਬੀ ਸੀ, ਉਸ ਵੱਲ ਇਸ਼ਾਰਾ ਕਰ ਕਿਹਾ, ਪੁੱਤ੍ਰ ਹੋਵੇ। ਲਾਭ ਸਿੰਘ ਜੀ ਕਿਹਾ, ਦਸਾਂ ਮਹੀਨਿਆਂ ਨੂੰ ਪੁੱਤ੍ਰ ਹੋਵੇਗਾ। ਸੋ ਹੋਇਆ। ਹੋਰ ਵਾਰਤਾ ਇਹਨਾਂ ਸੰਤਾਂ ਦੀਆਂ ਅਗੇ ਸਮੇਂ ਸਮੇਂ ਲਿਖਾਂਗਾ।

### ਸੰਤ ਵੱਡੇ

ਸੰਤ ਆਲਾ ਸਿੰਘ ਜੀ ਵਰਨ। ਇਹ ਬੜੇ ਸਬਦ ਕੀਰਤਨ ਦੇ ਰਸੀਏ ਹਰ-ਜਸੀਏ ਸੰਧ

ਮਰਯਾਦਾ ਤੇ ਹਰ ਪੰਥਕ ਲਾਭ ਦੇ ਹਾਮੀ ਹੋਏ ਹਨ। ਇਹਨਾਂ ਦੀ ਸੰਗਤ ਕਰ ਸੂਬਾ ਵਰਿਆਮ ਸਿੰਘ ਜੀ ਸਮਸਾ ਸੰਤ ਕਰਤਾਰ ਸਿੰਘ ਜੀ ਜੌਲਣ ਤੇ ਸੁੰਦਰ ਸਿੰਘ ਜੀ ਫਰੀਦ ਤੇ ਠਾਕਰ ਅਮਰ ਸਿੰਘ ਜੀ ਜਿਹੇ ਪ੍ਰਸਿੱਧ ਪੁਰਸ਼ ਹੋਏ ਹਨ। ਇਹਨਾਂ ਦੀ ਇਕ ਰਸ ਜਿਵੇਂ ਲਗੀ ਤਿਵੇਂ ਹੀ ਨਿਭੀ ਹੈ ਸਤਿਗੁਰੂ ਜੀ ਤੇ ਸਾਧ ਸੰਗਤ ਨਾਮਧਾਰੀ ਨਾਲ। ਸੰਤ ਜੀ ਦੇ ਹੋਰ ਬਚਨ ਸਮੇਂ ਸਮੇਂ ਅਗੇ ਲਿਖਾਂਗਾ। ਜਿਵੇਂ ਪਿਛੇ ਭੀ ਕੁਝ ਲਿਖੇ ਹਨ ਹੁਣ ਸੰਤ ਜੀ ਦੇ ਇਕ ਮੇਲੀ ਸੰਤ ਗੁਲਾਬ ਸਿੰਘ ਜੀ ਮਸਤ ਦੀ ਵਾਰਤਾ ਸੰਕੋਚ ਜੇਹੀ ਲਿਖਦਾ ਹਾਂ।

## ਸੰਤ ਗੁਲਾਬ ਸਿੰਘ ਜੀ

ਸੰਤ ਗੁਲਾਬ ਸਿੰਘ ਵਰਨਾਂ ਦੀ ਠੱਠਿਆਂ ਦੀ ਪਤੀ ਤੇ ਖੂਹ ਕੁਚੌਂਢਿਆਂ ਵਾਲੇ ਦੇ, ਸੁਪਤਨੀ ਬੰਤ ਕੌਰ ਸਮੇਤ ਮਸਤ ਤੇ ਅਹਿਲ ਬਿਰਤੀ ਵਾਲੇ ਹੋਏ ਹਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਸਿੱਖ। ਇਹ ਗ੍ਰਹਿਸਤੀ ਹੋ ਵਿਹਾਰ ਸੁੱਟ, ਗੁੱਟ ਹੋ :—

ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ ਦੂਤ ਮੁਏ ਬਿਖੁ ਖਾਈ ॥
ਜਬ ਕੀ ਉਪਜੀ ਤਬ ਕੀ ਤੈਸੀ ਰੰਗੁਲ ਭਈ ਮਨਿ ਭਾਈ ॥

ਗੁਰਵਾਕ ਦੀ ਵਰਤੋਂ ਵਾਲੇ ਤੇ :—

ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ ॥

ਅਵਸਥਾ ਵਾਲੇ ਹੋਏ ਹਨ। ਇਹਨਾਂ ਦਾ ਹੋਰ ਹਾਲ ਸਮੇਂ ਸਮੇਂ ਅਗੇ ਲਿਖਾਂਗਾ।

## ਬੇਬੇ ਬਾਬਲ

ਸੰਤ ਜਿਊਣ ਸਿੰਘ ਜੀ ਤੇ ਬੇਬੇ ਬਾਬਲ ਭੀ ਤ੍ਰਿੱਖੀਆ ਵਾਲੇ ਖੂਹ ਤੇ ਐਸੇ ਸੇਵਕ ਸੀ ਬੇਬੇ ਬਾਬਲ ਸਾਧਾਂ ਦਾ ਆਦਰ ਤੇ ਸੇਵਾ ਪੁੱਤ੍ਰਾਂ ਤੇ ਜਵਾਈਆਂ ਨਾਲੋਂ ਵਧ ਕਰਦੀ ਸੀ।

## ਸੰਤ ਕਿਸ਼ਨ ਸਿੰਘ ਜੀ

ਸੰਤ ਕਿਸ਼ਨ ਸਿੰਘ ਜੀ ਭੀ ਇਹਨਾਂ ਵਰਨਾਂ ਦੇ ਸੀ ਜਿਨ੍ਹਾਂ ਜ਼ਿੰਦਾ ਸ਼ਹੀਦ ਸੰਤ ਜਵੰਦ ਸਿੰਘ ਜੀ ਆਦਿ ਨਾਲ ਮਿਲ ਅਤਰੀ ਤੇ ਤੇਲੀ ਆਦਿ ਖਾਨੇ ਜਾ ਮਾਰੇ ਸੀ। ਹਾਕਮ ਇਹਨਾ ਨੂੰ ਆਏ ਫਤ ਕਿਹਾ ਸੀ। ਤੇਰਾ ਖਾਨੇ ੧੮–੧੮ ਹੱਥ ਦਾ ਛੜੱਪਾ ਸੀ। ਹੁਣ ਭੀ ਕਿਸ਼ਨ ਸਿੰਘ ਤੂੰ ਉਤਨਾ ਮਾਰ ਕੇ ਦਿਖਾ। ਤਾਂ ਸੰਤ ਜੀ ਕਿਹਾ ਸੀ ਉਹੋ ਸਾਥੀ ਸਾਥ ਹੋਣ ਤੇ ਉਹੋ ਕੰਡ ਤੇ ਥਾਪੀ ਗੁਰੂ ਜੀ ਦੀ ਹੋਵੇ ਤੇ ਅਗੇ ਉਹੋ ਦੁਸ਼ਮਣ ਤੇਲੀ ਹੋਵੇ ਤਾਂ ਮੈਂ ਹੁਣ ਭੀ ੧੮–੧੮ ਹੱਥ ਦਾ ਛੜੱਪਾ ਮਾਰ ਸਕਦਾ ਹਾਂ। ਇਹ ਜੇਲ੍ਹ ਵਿਚ ਹੀ ਚੜ੍ਹ ਗਏ ਸੀ। ਦੂਜੇ ਸਾਥੀ ਸਭ ਬਰੀ ਹੋਏ ਸੀ।

## ਦੋ ਸੰਤ ਭਰਾ

ਸੰਤ ਕਿਰਪਾ ਸਿੰਘ ਜੀ ਤੇ ਲਾਲ ਸਿੰਘ ਜੀ ਕਰਾਲ, ਚੰਗੇ ਸੂਰਮੇ, ਬਲੀ ਤੇ ਸਬਦ ਦੇ ਸੁਆਦ ਵਾਲੇ ਹੋਏ, ਹੁਣ ਕਿਰਪਾ ਸਿੰਘ ਜੀ ਸਿਰਸੇ ਹਨ। ਇਹਨਾਂ ਸਤਿਜੁਗ ਦੇ ਵੇਚਣ ਵਿਚ ਸੇਵਾ ਮਦਦ ਕੀਤੀ ਸੀ। ਜਾਨ ਜੋਖੋਂ ਵਿਚ ਪਾ, ਇਹ ਹਾਲ ਸਮੇਂ ਸਿਰ ਅਗੇ ਆਵੇਗਾ। ਲਾਲ ਸਿੰਘ ਪਿੜਾਂ ਦਾ ਮੱਲ, ਬਲ ਵਾਲਾ ਸੰਜਮੀ ਸੀ।

ਹੁਣ ਮੈਂ ਸਤਿਗੁਰੂ ਪਰਤਾਪ ਸਿੰਘ ਜੀ ਦਾ ੧੯੭੬ ਦਾ ਹੋਲਾ ਵਰਨੀਂ ਕਰ ਗੁਜਰਾਂਵਾਲੇ ਜ਼ਿਲ੍ਹੇ ਵਿਚ ਔਣਾ ਲਿਖਦਾ ਹਾਂ ਤੇ ਗੁਜਰਾਂਵਾਲੇ ਜ਼ਿਲ੍ਹੇ ਦੇ ਸਿੱਖਾਂ ਦੇ ਨਾਮ ਪੁਰਾਣੇ ਤੇ ਨਵਿਆਂ ਦੇ, ਯਾਦ ਤੇ ਸੁਨਣ 'ਚ ਆਇਆਂ ਦੇ। "ਪ੍ਰਭ ਕੀ ਸੇਵਾ ਜਨ ਕੀ ਸੋਭਾ ॥" ਜਾਣ, ਸੁਭਾ ਤੇ ਗੁਣ ਲਿਖਾਂਗਾ।

## ਕਈ ਪਿੰਡੀਂ ਦੌਰਾ

ਸਤਿਗੁਰੂ ਜੀ ਸਮੇਤ ਘੋੜਿਆਂ ਦੇ ਦੌਰਾ ਕਰਦੇ ਵਰਨਾਂ ਤੋਂ ਮਦਾਰ, ਗਰਮੂਲੇ, ਸਮਸੇ, ਖਾਰੇ,

ਨੁਸਹਿਰੇ, ਲਾਲੇਪੁਰ ਹੁੰਦੇ ਕਈ ਨਗਰੀਂ ਮੁਕਤੇ, ਮਟਵੀਂ, ਗਦਾ ਵਾਲੇ, ਬੋਰਿਆਂ ਆਦਿ ਵਿਚ ਚਰਨ ਪਾਂਦਿਆਂ ਗੁਜਰਾਂਵਾਲੇ ਸ਼ਹਿਰੋਂ ਪਹਾੜ ਡੇਰਗਾਂਵਾਲੇ ਵੱਲ ਦੀ ਸੜਕ ਤੇ ਦਰਸਨ ਦਿੱਤੇ। ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆ ਨੂੰ ਮਿਲੇ ਤੇ ਵਰਨਾਂ ਦੇ ਹੋਲੇ ਵਿਚ ਲੰਗਰ ਵਿਚ ਕਮੀ, ਤ੍ਰੋਟ ਸੇਵਕਾਂ ਵਲੋਂ ਹੋਈ ਦੀ ਬਾਬਤ ਖਿਮਾਂ ਤੇ ਕੁਝ ਸਿੱਖਿਆ ਦੇ ਬਚਨ ਕੀਤੇ ਤੇ ਸੁਣੇ। ਸਿੱਖ ਸੰਗਤ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਟੋਰੇ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਮੰਜੇ ਤੋਂ ਤਲੇ ਹੋ ਬੈਠੇ ਤੇ ਕਿਹਾ, ਬਚਨ ਸਤਿਗੁਰੂ ਰਾਮ ਸਿੰਘ ਜੀ ਦੇ ਸੁਣਨੇ, ਤੇ ਬੈਠਣਾ ਮੰਜੇ ਤੇ, ਮੇਰੇ ਜੋਗ ਠੀਕ ਨਹੀਂ।

## ਗੁਜਰਾਂਵਾਲੇ ਜ਼ਿਲ੍ਹੇ ਦੇ ਸਿੱਖ

ਗੁਜਰਾਂਵਾਲੇ ਸਤਿਗੁਰੂ ਰਾਮ ਸਿੰਘ ਜੀ ਸਮੇਂ ਇਕ ਮਾਈ ਲਾਟਾਂ ਵਾਲੀ ਤੇ ਬਾਬੇ ਲਹਿਣਾ ਸਿੰਘ ਜੀ ਖਰਜਾਖ ਵਾਲੇ ਰਹਿੰਦੇ ਸੀ। ਬਾਬਾ ਜੀ ਹਰੀ ਸਿੰਘ ਨਲੂਆ ਦੇ ਜਵਾਈ ਹੋਣ ਕਰ ਆਪਣੀ ਸੱਸ ਦੇ ਸਮੇਂ ਤੋਂ ਗੁਜਰਾਂਵਾਲੇ ਮੁਨਿਆਰੀ ਵਾਲੇ ਬਜਾਰ ਡੇਰੇ ਵਿਚ ਤਲੇ ਉਸ ਸੁਦਾਰ ਦੀ ਹਵੇਲੀ ਵਿਚ ਰਹਿੰਦੇ ਸੀ। ਇਹ ਦਸਮ ਜੀ ਦੇ ਸਾਰੇ ਸਿੱਖਾਂ 'ਚੋਂ ਸੀ।

## ਦੋ ਗੁਰਦੁਆਰੇ

ਇਹ ਨਾਮਧਾਰੀਆਂ ਦੀ ਧਰਮਸਾਲਾ ਇਕ ਧਿਆਨ ਸਿੰਘ ਨਾਮੀ ਸੇਠ ਨੇ ਸਿੱਖਾਂ ਦੇ ਕਹੇ ਜਗ੍ਹਾ ਦੇ, ਪਵਾਈ ਸੀ। ਇਹ ਜਵਾਰੀਆ ਸੀ ਅੰਤ ਵੇਲੇ ਇਹ ਬਾਂ ਸਿੱਖਾਂ ਕਹੇ ਲਿੱਖ ਦਿੱਤਾ ਸੀ, ਕਿ ਕੋਈ ਨੇਕ ਕੰਮ ਭੀ ਕਰ ਜਾਵਾਂ। ਮਾਤਾ ਜਿਉਣ ਕੌਰ ਜੀ, ਸੰਤਾਂ ਸਿੰਘ ਘੁਕੇਵਾਲੀਏ ਤੇ ਵੀਰ ਸਿੰਘ ਜੀ ਡੋਮੇ ਵਡਾਲੇ ਵਾਲੇ ਦੋ ਸਿੱਖ ਭੇਜੇ ਸੀ। ਇਹ ਕੁਝ ਦਿਨ ਘਾਹ ਖੇਤ ਵੇਚ ਲੰਗਰ ਕਰ ਛਕਦੇ ਛਕਾਂਦੇ ਰਹੇ, ਫੇਰ ਸ਼ਹਿਰ ਤੇ ਦੁਆਲੇ ਦੇ ਨਗਰਾਂ ਦੇ ਸਿੱਖਾ ਖਿਆਲ ਕੀਤਾ, ਲੰਗਰ ਸ਼ੁਰੂ ਕੀਤਾ ਮਕਾਨ ਚੌਤੇ। ਇਹ ਦੋਵੇਂ ਨੌਂ ਮਹੀਨੇ ਗੁਜਰਾਂਵਾਲੇ ਇਸ ਡੇਰੇ ਲਈ ਟਿਕੇ। ਸਤਿਗੁਰੂ ਜੀ ਭੀ ਇਸੇ ਡੇਰੇ ਆਮ ਟਿਕਦੇ ਸੀ। ਸੰਤ ਕੇਸਰ ਸਿੰਘ ਜੀ ਚੁੰਪ ਦਾ ਅੰਤਲਾ ਅਸਥਾਨ ਤੇ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦਾ ਮੰਦਰ ਭੀ ਏਸੇ ਡੇਰੇ ਬਣਿਆ ਸੀ ਤੇ ਹੋਲਾ ਭੀ ਏਸੇ ਡੇਰੇ ਹੋਇਆ ਸੀ।

ਦੂਜਾ ਡੇਰਾ ਗੁਜਰਾਂਵਾਲੇ ਨਾਮਧਾਰੀਆਂ ਦਾ ਸ਼ਹਿਰੋਂ ਦਖਣ ਕਬਰਾਂ ਦੇ ਕੋਲ ਖਿਆਲੀ ਦਰਵਾਜੇ ਸੀ। ਇਹ ਚੌਧਰੀ ਮੂਲ ਰਾਜ ਗੁਜਰਾਂਵਾਲੀਏ ਨੇ ਜਗ੍ਹਾ ਸੰਤ ਕੇਸਰ ਸਿੰਘ ਜੀ ਚੁੰਪ ਹੁਰਾਂ ਨੂੰ ਛਤ੍ਰੀ ਤਲੇ ਬੈਠੇ ਬੰਦਗੀ ਕਰਦਿਆਂ ਨੂੰ ਦੇਖ ਦਿੱਤੀ ਸੀ। ਡੇਰੇ ਪੈਣ ਤੇ ਸਬਰੀ ਹੋਣ ਜੋਗੀ ਚੌਧਰੀ ਮੂਲ ਰਾਜ ੧੦ ਘੁਮਾਂ ਜ਼ਮੀਨ ਭੀ ਲੰਗਰ ਲਈ ਇਸ ਧਰਮਸਾਲਾ ਦੇ ਨਾਮ ਆਪਣੀ ਮਾਲਕੀ ਪਿੰਡ ਗਾਰੋ ਵਾਲੀ 'ਚੋਂ ਲਾਈ ਹੋਈ ਸੀ। ਸਿੱਖ ਜਾ, ਹਿੱਸਾ ਠੇਕਾ ਲੈ ਔਂਦੇ ਸੀ। ਸੰਤ ਕੇਸਰ ਸਿੰਘ ਜੀ ਦੀ ਚੜ੍ਹਾਈ ਬਾਅਦ ਸਤਿਗੁਰੂ ਜੀ ਉਸ ਜ਼ਮੀਨ ਦਾ ਲਿਖਤੀ ਕੰਮ ਭੈਣੀ ਸਾਹਿਬ ਦੇ ਮਾਤਹਿਤ ਕਰਾਣ ਲਈ ਮੈਨੂੰ ਭੈਣੀ ਸਾਹਿਬੋਂ ਮੁਖਤਾਰ-ਨਾਮਾ ਲਿਖਾ ਭੇਜਿਆ ਸੀ। ਮੈਂ ਪਟਵਾਰੀ ਨੂੰ ਮਿਲ ਲੰਗਰ ਭੈਣੀ ਸਾਹਿਬ ਦੇ ਨਾਮ ਜਾ ਚੜ੍ਹਾਈ ਸੀ। ਹੁਣ ਉਸ ਜ਼ਮੀਨ ਦਾ ਕਿਸੇ ਪਤਾ ਨਹੀਂ ਕੀਤਾ ਕਿ ਕਿੱਥੇ ਪਈ ਹੈ।

## ਰਹੀਮ ਪਹਿਲਵਾਨ

ਇਸ ਧਰਮਸਾਲਾ ਨੇੜੇ ਰਹੀਮ ਭਲਵਾਨ ਦਾ ਅਖਾੜਾ ਸੀ ਜੋ ਸੰਤ ਚੁੰਪ ਜੀ ਨੂੰ ਮਿਲਦਾ ਤੇ ਮੰਨਦਾ ਸੀ। ਅਰਜ਼ ਕਰ ਵਰ ਭੀ ਲੈਂਦਾ ਸੀ। ਰਹੀਮ ਚੁੰਪ ਜੀ ਪਾਸ ਅਰਜ਼ ਕੀਤੀ, ਮੈਂ ਢਾਹ ਨਾ ਖਾਵਾਂ। ਸੰਤ ਜੀ ਸਿੱਖਿਆ ਦਿੱਤੀ ਸੀ ਚਿੱਤ ਵਿਚ ਪ੍ਰਭੂ ਨੂੰ ਸਿਮਰ ਗਰੀਬ ਹੋ ਅਰਜ਼ ਕਰ ਵੜੀਂ ਤੇ ਆਪਣਾ ਲੱਤ ਤੇ ਚਾਹੜ ਢਾਹਣ ਦਾ ਹੀ ਦਾਅ ਵਰਤੀਂ। ਮੈਂ ਇਹ ਖੇਲ ਵੇਖਿਆ ਸੀ। ਰਹੀਮ ਲੱਤ ਤੇ ਚਾਹੜ ਗੁੰਗੇ ਨੂੰ ਸੁਟ ਭੱਜ ਗਿਆ ਸੀ। ਇਸ ਨੇ ਬੁੱਢੇ ਵਾਰੇ ਗੁੰਗੇ ਭਲਵਾਨ ਡਾਰਾਂ ਵਾਲੇ ਦੇ ਨੂੰ ਢਾਹ ਅੱਗੋਂ ਘੁਲਣਾ ਛੱਡ

ਦਿੱਤਾ ਸੀ ਤੇ ਕਿਹਾ ਸੀ ਜਿੱਤਿਆ ਮਦਾਨ ਛਡਣਾ ਦਾਨਾਈ ਏ।

## *ਹਿੰਦੂ ਚੱਕ*

ਗੁਜਰਾਂਵਾਲੇ ਤੋਂ ਤਿੰਨ ਕੋਹ ਚੜ੍ਹਦੇ ਹਿੰਦੂ ਚੱਕ ਸਤਿਗੁਰੂ ਰਾਮ ਸਿੰਘ ਜੀ ਸਮੇਂ ਬਾਬਾ ਅਤਰ ਸਿੰਘ ਜੀ, ਜਿਸ ਦਾ ਨਾਮ ਨਾਹਰ ਸਿੰਘ ਜੀ ਨੇ ਸਰਕਾਰੀ ਕਾਗਜ਼ਾਂ 'ਚੋਂ ਲੈ ਨਾਮਧਾਰੀ ਇਤਿਹਾਸ ਵਿਚ ਦਿੱਤਾ ਹੈ ਉਹ ਸਿੱਖਾਂ ਦੇ ਰਾਜ ਸਮੇਂ ਤੋਂ ਆਪਣੇ ਖੂਹ ਦੇ ਬਿਰਖਾਂ ਤਲੇ ਬੈਠੇ ਫੈਸਲੇ ਦੁਆਲੇ ਦੇ ਪਿੰਡਾਂ ਦੇ ਮੁਕੱਦਮਿਆਂ ਦੇ ਕਰਦੇ ਸੀ ਤੇ ਅੰਗਰੇਜ਼ਾਂ ਸਮੇਂ ਭੀ ਉਹਨਾ ਦੀ ਕੀਤੀ ਹਾਕਮ ਘੱਟ ਭੰਨਦੇ ਸੀ। ਅੰਗਰੇਜ਼ਾਂ ਸਤਿਗੁਰੂ ਜੀ ਦੇ ਬਿਦੇਸ ਜਾਣ ਬਾਅਦ ਬਾਬੇ ਅਤਰ ਸਿੰਘ ਜੀ ਜੋ ਮੇਰੇ ਪੜਦਾਦਾ ਜੀ ਸਨ ਤੇ ਦਾਦਾ ਦਿਆਲ ਸਿੰਘ ਜੀ ਦਾ ਨਾਮ ਆਪਣੇ ਕਾਗਜ਼ਾਂ 'ਚ ਲਿੱਖ ਨਿਗਰਾਨੀ ਭੀ ਰਖੀ ਸੀ।

ਦਾਦਾ ਦਿਆਲ ਸਿੰਘ ਜੀ ਸੋਧੀ ਸੀ ਤੇ ਪਹਿਰ ਰਾਤ ਇਸ਼ਨਾਨ ਕਰ ਉੱਚੀ ਸੁਰੇ ਮਿਠੇ ਬੋਲ ਸੁਖਮਨੀ ਦਾ ਪਾਠ ਕਰਦੇ, ਸੁਣ ਰਾਹੀ ਭੀ ਖੜੇ ਰੱਸ ਲੈਂਦੇ ਸੀ। ਸੰਤ ਜਵੰਦ ਸਿੰਘ ਜੀ ਇਹਨਾਂ ਦੇ ਹਾਣੀ ਦੂਜੇ ਬੰਨੇ ਹਲ ਵਾਂਹਦੇ, ਸੁਣ ਇਹਨਾਂ ਨੂੰ ਆ ਜੱਫੀ ਪਾ ਮਿਲ ਦਿਲ ਦੀ ਤਸੱਲੀ ਕਰ, ਫੇਰ, ਹੱਲ ਵਿਚ ਖੇਤ ਦੇ ਖਲ੍ਹਾਰਿਆ, ਜਾ ਟੋਰਦੇ ਸੀ।

ਦਾਦਾ ਦਿਆਲ ਸਿੰਘ ਜੀ ਆਪਣੇ ਖੂਹ ਤੇ ਧਰਮਸਾਲਾ ਪਾ ਪਿੰਡ ਦਾ ਸਾਧੂ ਹੁਕਮ ਸਿੰਘ ਅਰੋੜਾ ਸੇਵਕ ਥਾਪਿਆ ਹੋਇਆ ਸੀ। ਉਹ ਭੀ ਵੈਰਾਗੀ ਹੋ ਠੇਖੀ ਰਾਤੇ ਜਾਗ ਪੜ੍ਹਿਆ ਕਰਦਾ ਸੀ।

"ਆ ਮਿਲ ਭੈਣੀ ਵਾਲਿਆ ਮੈਂ ਵੇਖਾਂ ਦਰਸਨ ਤੇਰਾ ਰਾਮ।"

ਤੇ ਮਸਤ ਹੀ ਰਹਿੰਦਾ ਸੀ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਦੌਰੇ ਸਾਥ ਸਾਡੇ ਨਗਰ ਹਿੰਦੂ ਚੱਕ ਗਏ ਸੀ। ਵੈਸਾਖੀ ਏਮਨਾਬਾਦ-ਰੋੜੀ ਸਾਹਿਬ ਮੇਲਾ ਵੇਖਣ ਜਾਣ ਦੀ ਅਰਜ਼ ਗੁਰੂ ਜੀ ਪਾਸ ਕੀਤੀ, ਤਾਂ ਗੁਰੂ ਜੀ ਕਿਹਾ ਸੀ, ਕੁਸੰਗੀਆਂ ਦਾ ਮੇਲਾ ਵੇਖੋਗੇ ਤਾਂ ਤਨਖਾਹ ਲਗੇਗੀ।

ਸਤਿਗੁਰੂ ਪਰਤਾਪ ਸਿੰਘ ਜੀ ਭੀ ਮੈਨੂੰ ਇਹ ਬਚਨ ਸੁਣਾਇਆ ਸੀ ਤੇ ਸੰਤ ਸੰਤੋਖ ਸਿੰਘ ਜੀ ਭੀ ਗੁਰੂ ਹਰੀ ਸਿੰਘ ਜੀ ਦੇ ਦੌਰੇ ਵਿਚ ਲਿਖਿਆ ਹੈ। ਮੈਂ ਗੁਰੂ ਹਰੀ ਸਿੰਘ ਜੀ ਦੇ ਦੌਰੇ ਵਿਚ ਆਪਣੇ ਦਾਦਾ ਜੀ ਦਾ ਨਾਮ ਪੜ੍ਹ ਤਦੋਂ ਤੋਂ ਹੀ ਧਾਰੀ ਸੀ ਜੇ ਗੁਰੂ ਮੈਥੋਂ ਸਤਿਗੁਰੂ ਜੀ ਦਾ ਇਤਿਹਾਸ ਲਿਖਾਇਆ ਤਾਂ ਮੈਂ ਜ਼ਰੂਰ ਗੁਰਸਿੱਖਾਂ ਦੇ ਨਾਮ ਲਿਖਾਂਗਾ।

## *ਪਿਤਾ ਦੀ ਅਸੀਸ*

ਮੇਰੇ ਪਿਤਾ ਸੰਤ, ਸੰਤ ਸਿੰਘ ਜੀ ਮੈਨੂੰ ਨੰਬਰਦਾਰੀ ਜੋ ਸਿੱਖਾਂ ਦੇ ਰਾਜ ਤੋਂ ਸਾਡੇ ਘਰ ਸੀ ਉਸ ਦੀ ਲੋੜ ਮਾਮਲਾ ਉਗਰਾਹਣ ਤੇ ਖਤ ਲਿਖਣ ਪੜ੍ਹਨ ਜੋਗਾ ਹੀ ਪੜ੍ਹਾਇਆ ਸੀ। ਪਰ ਨਾਲ ਇਹ ਭੀ ਕਿਹਾ ਸੀ, ਮੈਂ ਤੇ ਮੇਲਿਆਂ ਤੇ ਜਾ ਮੱਥਾ ਟੇਕ ਭੇਟਾ ਧਰ ਦਰਸਨ ਕਰ ਤੇ ਘਰ ਆਏ ਸਿੱਖ ਸਾਧ ਦੀ ਸੇਵਾ ਕਰ, ਗੁਰੂ ਕੀ ਉਗਰਾਹੀ ਦੇ ਸਾਂਝ ਹੀ ਗੁਰੂ ਘਰ ਨਾਲ ਰਖੀ ਹੈ, ਤੂੰ ਹੈਂ ਜੋ ਪੜਦਾਦਾ ਦਾਦਾ ਜੀ ਵਾਂਗੂ ਉੱਘਾ ਹੋਵੇਂ ਮੇਰੀ ਮਨਸਾ ਹੈ। ਇਹ ਪਿਤਾ ਜੀ ਦੀ ਮਨਸਾ ਤੇ ਮੇਰੇ ਲਈ ਅਸੀਸ ਮੇਰੇ ਤੇ ਬੀਸ ਗੁਣਾਂ ਵਧ ਹੋ ਵਰਤੀ ਹੈ ਥੋੜ੍ਹਾ ਪੜ੍ਹਿਆ ਹੋਣ ਕਰ ਭੀ।

## *ਸਹਿੰਸਰਾ*

ਸੈਂਸਰੇ ਸੇਰ ਸਿੰਘ ਜੀ, ਗੁਰੂ ਹਰੀ ਸਿੰਘ ਜੀ ਦੇ ਸਮੇਂ, ਇਸ ਦਾ ਪੁੱਤ੍ਰ *ਬੂਟਾ ਸਿੰਘ ਬੜਾ ਸੁੰਦਰ

---

*ਬੂਟਾ ਸਿੰਘ ਦਾ ਲਿਖਿਆ ਇਕ ਪੁਸਤਕ ਮਾਨ ਪੰਡਤ ਮੈਨੂੰ ਗਿਆਨੀ ਗੁਰਦਿੱਤ ਸਿੰਘ ਪਾਸੋਂ ਮਿਲਿਆ ਸੀ ਪਰ ਉਹ ਭੀ ਪਾਕਿਸਤਾਨ ਬਣ ਹੀ ਰਹਿ ਗਿਆ।

Sri Satguru Jagjit Singh Ji Elibrary NamdhariElibrary@gmail.com

ਸਬਦੀ ਤੇ ਬੋਲਣ ਵਾਲਾ ਸੀ ਸੋਹਣੀਆ ਤਰਜਾਂ । *ਗੁਰਦਿੱਤ ਸਿੰਘ ਕਾਲੀਆ, ਇਸ ਦਾ ਢੋਲਕਈਆ ਸੀ । ਪਰ ਕੁਦਰਤ ਵਸ ਇਹ ਬੂਟਾ ਸਿੰਘ ਜਵਾਨੀ ਵੇਲੇ ਹੀ ਚੜ੍ਹ ਗਿਆ । ਇਹ ਪੜ੍ਹਿਆ ਕਰਦਾ ਸੀ :—

ਉਠਾ ਪੜਦਾ ਦਿਖਾ ਜਲਵਾ ਤੇਰਾ ਦੀਦਾਰ ਕਾਫੀ ਹੈ ।
ਤੇਰੀ ਰਹਿਮਤ ਨਜ਼ਰ ਮੇਰੇ ਗੁਨਾਹੋਂ ਕੀ ਮੁਆਫੀ ਹੈ ।

ਮੇਲ੍ਹੇ ਵਾਲੇ ਦਾ ਹਾਕਮ ਸਿੰਘ ਸਤਿਗੁਰੂ ਰਾਮ ਸਿੰਘ ਜੀ ਸਮੇਂ ਦਾ ਸਿੱਖ ਹੋਇਆ, ਏਥੇ ਦੀਵਾਨ ਲੱਗੇ ਵਿਚ ਇਕ ਮੌਲਵੀ ਸਤਿਗੁਰੂ ਜੀ ਅਗੇ ਆ ਅਰਜ਼ ਕੀਤੀ ਸੀ ਕਿ ਆਪ ਦੇ ਸਿੱਖ ਇਸ਼ਨਾਨ ਜਦ ਖੂਹ ਤੇ ਕਰਦੇ ਹਨ ਤਾਂ ਕਚਹਿਰੇ ਤਲੇ ਵਾਲੇ, ਕੇਸਾਂ ਦਾ ਭੀ ਜਲ ਤੇ ਛਿੱਟਾਂ ਖੂਹ ਵਿਚ ਪੈਂਦੀਆਂ ਹਨ । ਜੋ ਸਾਡੀ ਸ਼ਰ੍ਹਾ ਵਿਚ ਅਪਵਿਤ੍ਰ ਹਨ । ਇਕੋ ਖੂਹ ਹੈ ਅਸੀਂ ਪਾਣੀ ਕਿਥੋਂ ਪੀਵੀਏ, ਤਾਂ ਸਤਿਗੁਰੂ ਜੀ ਉੱਤਰ ਦਿੱਤਾ ਸੀ, ਮੌਲਵੀ ਜੀ ਗੁਰੂ ਦਸਮੇਂ ਦਾ ਵਾਕ ਏ :—

ਨਿਸ਼ਾਨੇ ਸਿੱਖੀ ਈਂ ਪੰਜ ਹਰਫ਼ ਕਾਫ਼ ।
ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ਼ ।
ਕੜਾ ਕਾਰਦੋ ਕਛ ਕੰਘਾ ਬਿਦਾਂ ।
ਬਿਨਾਂ ਕੇਸ ਹੇਚ-ਅਸਤ ਜੁਮਲਾ ਨਿਸ਼ਾਂ ।

ਅਰਥਾਤ ਦੂਜੇ ਚਾਰੇ ਕੱਕੇ ਬਿਨਾਂ ਕੇਸਾਂ ਦੇ ਕੁਝ ਭੀ ਨਹੀਂ । ਤਾਂਵੇ ਚਾਰੇ ਚੰਗੀਆਂ ਨਿਹਮਤਾਂ ਹਨ ਤੁਸੀਂ ਹਜਾਮਤ ਨੂੰ ਚੰਗਾ ਗਿਣਦੇ ਹੋ ਤੇ ਸਾਨੂੰ ਇਹ ਕੇਸ ਰਖਣ ਦਾ ਹੁਕਮ ਹੈ । ਮੌਲਵੀ ਫੇਰ ਭੀ ਉਜ਼ਰ ਹੀ ਕੀਤਾ ਤੇ ਕਿਹਾ, ਜਾਂ ਇਹ ਕੇਸ ਵਾਲੇ ਉਹ ਕਟਾ ਕੇ ਨਹੋਣ ਜਾਂ ਨਾ ਹੀ ਨਹੋਣ ਤਾਂ ਸਤਿਗੁਰੂ ਜੀ ਕਿਹਾ, ਤੁਹਾਨੂੰ ਪਤਾ ਹੀ ਏ ਕਿ ਤੁਹਾਡੇ ਕੇਸ-ਮੁੰਡਨ ਤੇ ਸੁੰਨਤ ਕਦਨ ਜਿਵੇਂ ਟੁਰੇ ਹਨ । ਇਬਰਾਹੀਮ ਔਰਤ ਤੇ ਮਨ ਤੇ ਕਾਬੂ ਨਾ ਪਾ ਸਕਿਆ । ਤੁਸਾਂ ਤੇ ਸ਼ਰ੍ਹਾ ਸੁੰਨਤ ਕੇਸ-ਮੁੰਡਨ ਦੀ ਲਾ ਦਿੱਤੀ, ਤੁਸੀਂ ਉਸ ਦੀ ਗਲਤ ਸ਼ਰ੍ਹਾ ਜੇ ਨਹੀਂ ਛੱਡ ਸਕਦੇ ਬੁਕਲ ਵਿਚ ਮੂੰਹ ਪਾ, ਤਾਂ ਅਸੀਂ ਕਿਵੇਂ ਲਾਭਵੰਦੇ ਵਜਨੋਂ ਮੂੰਹ ਮੋੜੀਏ । ਸਤਿਗੁਰੂ ਰਾਮ ਸਿੰਘ ਜੀ ਕਿਹਾ, ਕੋਈ ਕੌਮ ਸ਼ਰ੍ਹਾ ਤੋਂ ਖਰਾ ਚਿੱਤ ਰੱਖ ਜੇ ਵਖ ਹੋ ਭੀ ਵਰਤ ਲਈਏ ਤਾਂ ਪ੍ਰਮਾਤਮਾ ਏਵ ਦੇ ਦੇਣਦਾਰ ਨਹੀਂ ਹੋਵੀਦਾ । ਇਹ ਸੁਣ ਮੌਲਵੀ ਚੁੱਪ ਕਰ ਟੁਰ ਗਿਆ ਸੀ ।

### ਕੌਰੋਟਾਣਾਂ

ਕੌਰੋਟਾਣੇ ਸਤਿਗੁਰੂ ਰਾਮ ਸਿੰਘ ਜੀ ਸਮੇਂ ਬੂਟਾ ਸਿੰਘ ਜੀ ਤੇ ਉਸ ਦਾ ਪੁੱਤਰ ਸਰਧਾ ਸਿੰਘ ਗੁਰੂ ਹਰੀ ਸਿੰਘ ਜੀ ਸਮੇਂ ਸੀ ਤੇ ਇਸ ਦੇ ਕੁਟੰਬ 'ਚੋਂ ਸਤਿਗੁਰੂ ਪਰਤਾਪ ਸਿੰਘ ਜੀ ਸਮੇਂ ਇੰਦਰ ਸਿੰਘ ਤੇ ਪਾਲਾ ਸਿੰਘ ਹੋਏ । ਇਹ ਸਰਧਾ ਸਿੰਘ ਅਖੰਡ ਪਾਠ ਸੁਣਦਾ ਲਾ-ਵਲਦ ਚੜ੍ਹਾਈ ਕਰ ਗਿਆ ਸੀ ।

### ਚੌਰੇ ਪਿਆਰੇ

ਚੌਰੇ ਪਿਆਰੇ ਮੂਲਾ ਸਿੰਘ ਜੀ ਗੁਰੂ ਹਰੀ ਸਿੰਘ ਜੀ ਸਮੇਂ ਸਿੱਖ ਹੋਏ ਬੜੇ ਸੂਝ ਵਾਲੇ ਤੇ ਧਨਵਾਨ ਭੀ । ਇਹ ਆਪਣੇ ਬਣਾਏ ਬੋਲ ਬਹੁਤ ਸੁਣਾਂਦੇ ਸੀ । ਜਿਵੇਂ ਕਿ :—

ਮਰਜ਼ ਗਵਾਏ ਹਕੀਮ ਮੌਤ ਗਵਾਏ ਸੁੱਖਾ ।
ਧਨ ਗਵਾਏ ਸ਼ਰਾਬ ਧਰਮ ਗਵਾਏ ਹੁੱਕਾ ।

---

*ਗੁਰਦਿੱਤ ਸਿੰਘ ਕੁਝ ਚਿਰ ਜੀਵਨ ਨਜ਼ਰ ਨਜ਼ਰਬੰਦ ਹੋਈ ਕਰ ਦਿਤਾ ਸੀ, ਸੇਖਵਾਂ ਦਾ ਸੀ ।

ਧੜਾ ਗਵਾਏ ਅਦਲ ਨੂੰ ਲੜਾਈ ਗਵਾਏ ਪ੍ਰੇਮ।
ਲੋਭ ਗਵਾਏ ਗੁਣਾਂ ਨੂੰ ਆਲਸ ਗਵਾਏ ਨੇਮ।

ਆਦਿ। ਇਹਨਾਂ ਦੇ ਸਪੁੱਤਰ ਸੰਤ ਅਰੂੜ ਸਿੰਘ ਜੀ ਬਹੁਤ ਉਦਾਰ-ਚਿਤ ਸਾਧ ਸੰਗਤ ਦੇ ਹਿਤ ਵਾਲੇ ਸਬਦੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਚੰਗੇ ਸਰਧਾਵਾਨ ਸੂਬੇ ਹੋਏ। ਇਹਨਾ ਦਾ ਹਾਲ ਸਮੇਂ ਸਿਰ ਅਗੇ ਆਵੇਗਾ।

## ਸ਼ੇਖੂਪੁਰਾ ਬੇਦਾਦ

ਸ਼ੇਖੂਪੁਰੇ ਬੇਦਾਦ, ਸੰਤ ਵਸਾਵਾ ਸਿੰਘ ਜੀ ਗੁਰੂ ਹਰੀ ਸਿੰਘ ਜੀ ਸਮੇਂ ਦੇ ਸਿੱਖ ਹੋਏ। ਜਿਨ੍ਹਾਂ ਦੇ ਸਪੁੱਤਰ ਮੂਲਾ ਸਿੰਘ, ਫੂਲਾ ਸਿੰਘ, ਬਿਸ਼ਨ ਸਿੰਘ, ਜਿਊਣ ਸਿੰਘ ਹੋਏ ਤੇ ਸਤਿਗੁਰੂ ਪਰਤਾਪ ਸਿੰਘ ਜੀ ਸਮੇਂ ਸੇਠ ਫੂਲਾ ਸਿੰਘ ਜੀ ਦੇ ਸਪੁੱਤਰ ਸੇਠ ਗੁਰਬਖਸ਼ ਸਿੰਘ, ਸੁਹੇਲ ਸਿੰਘ, ਪ੍ਰੀਤਮ ਸਿੰਘ, ਅਵਤਾਰ ਸਿੰਘ, ਤਰਲੋਕ ਸਿੰਘ ਆਦਿ ਮਹਾਂ ਦਾਨੀ ਹੋਏ, ਹੁਣ ਸਿਆਮ ਵਲ ਤੇ ਦਿੱਲੀ ਰਹਿੰਦੇ ਹਨ।

## ਫਿਲੌਕੀ

ਫਿਲੌਕੀ ਸੇਠ ✱ਭਗਵਾਨ ਸਿੰਘ ਜੀ ਤੇ ਇਹਨਾਂ ੮ ਸਪੁੱਤਰ ⊕ਲੱਧਾ ਸਿੰਘ ਤੇ ✪ਮਹਿਲ ਸਿੰਘ, () ਬਿਸ਼ਨ ਸਿੰਘ, +ਗੁਰਮੁਖ ਸਿੰਘ ਹੋਏ। ਲਧਾ ਸਿੰਘ ਜੀ ਦੇ ਘਰੋਂ ਬਿਸ਼ਨ ਕੌਰ ਬੜੀ ਸੇਵਕ ਸੀ। ਲਧਾ ਸਿੰਘ ਜੀ ਬੜੇ ਪਿਆਰੇ ਵਿਆਹੇ ਸੀ ਤੇ ਇਹਨਾਂ ਦੇ ਸੌਹਰੇ ਦਾ ਨਾਮ ਭੀ ਲਧਾ ਸਿੰਘ ਸੀ। ਬਿਸ਼ਨ ਕੌਰ ਦੀ ਸਹੂਲਤ ਹਿਤ ਸੰਗਤ ਇਹਨਾਂ ਲਧਾ ਸਿੰਘ ਜੀ ਨੂੰ ਲਾਲ ਸਿੰਘ ਜੀ ਭੀ ਕਿਹਾ ਕਰਦੀ ਸੀ। ਇਹਨਾਂ ਲਧਾ ਸਿੰਘ ਜੀ ਦਾ ਸਪੁੱਤ੍ਰ ਸੇਠ ਦਿਆਲ ਸਿੰਘ ਜੀ ਜੋ ਹੁਣ ਸਿਆਮ ਵਲ ਸੂਬਾ ਹੈ ਤੇ ਪਹਿਲਾਂ ਗੁਜਰਾਂਵਾਲੇ ਭੀ ਸੂਬਾ ਹੀ ਰਹੇ ਸੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਸਾਥ, ਇਸ ਸੇਠ ਘਰਾਣੇ ਦੇ ਬਚਨ ਭੀ ਸਮੇਂ ਸਿਰ ਔਣਗੇ।

## ਚੁਪੇੜ ਤੋਂ ਸਿੱਖਿਆ

ਗਦਾਂ ਵਾਲੇ ਜਿਊਣ ਸਿੰਘ ਜੀ ਬੜੇ ਸੇਵਕ ਤੇ ਸਿਦਕੀ ਸਿੱਖ ਸੀ। ਲੱਧੇ ਤਰਗੇ ਨਿਹਾਲ ਸਿੰਘ ਜੀ ਬੜੇ ਸਾਫ-ਦਿਲ ਤੇ ਸਾਬਰ ਸਾਧੂ ਸੀ। ਏਸੇ ਨਗਰ ਵਿਚ □ਸਰਦੂਲ ਸਿੰਘ ਸਬਦੀ ਹੋਏ ਜੋ ਬੜੀਆਂ ਸੋਹਣੀਆਂ ਧਾਰਨਾਂ ਤੇ ਰੀਤਾਂ 'ਚ ਸਬਦ ਪੜ੍ਹਦੇ ਤੇ ਜਰਾਂਦ ਵਾਲੇ ਸੀ। ਏਕ ਸਮੇਂ ਮਦਾਰ ਇਹਨਾਂ ਨੂੰ ਸਬਦ ਪੜ੍ਹਦਿਆਂ ਸੰਤ ਲਾਭ ਸਿੰਘ ਜੀ ਕੱਕੇ ਦੀਵਾਨ ਵਿਚ ਹੀ ਚੁਪੇੜ ਮਾਰੀ ਸੀ, ਕਾਲੀ ਕੁੜਤੀ ਪਹਿਰੀ ਦੇਖ। ਪਰ ਇਸ ਨੇ ਰਤਾ ਰੋਸ ਨਾ ਕੀਤਾ ਸੀ ਸਗੋਂ ਕਿਹਾ ਸੀ, ਸੰਤ ਜੀ ਨੇ ਦੋਸ ਦੱਸਿਆ ਹੈ, ਕਿ ਉਪਦੇਸ ਕਰਨ ਵਾਲਿਆਂ ਨੂੰ, ਆਪਣਾ ਵੇਸ ਤੇ ਖੇਸ਼ ਸਵਾਰ ਕੇ ਰਖਣਾ ਚਾਹੀਦੇ। ਖੇਸ਼ ਤਦ ਹੀ ਸੋਰਦੇ ਜੇ ਆਪ ਸੌਰੀਏ।

---

✱ਸੇਠ ਭਗਵਾਨ ਸਿੰਘ ਜੀ ਦੇ, ਲੱਧਾ ਸਿੰਘ, ਮਹਿਲ ਸਿੰਘ, ਬਿਸ਼ਨ ਸਿੰਘ, ਗੁਰਮੁਖ ਸਿੰਘ ਜੀ।
⊕ਲੱਧਾ ਸਿੰਘ ਜੀ ਦੇ, ਦਿਆਲ ਸਿੰਘ ਜੀ, ਪੰਨੂਰਨ ਸਿੰਘ, ਜਸਮੇਰ ਸਿੰਘ, ਹਰਪਾਲ ਸਿੰਘ, ਅਵਤਾਰ ਸਿੰਘ, ਕਰਤਾਰ ਸਿੰਘ।
✪ਮਹਿਲ ਸਿੰਘ ਜੀ ਦੇ, ਨਰਿੰਦਰ ਸਿੰਘ ਜੀ ਆਦਿ।
()ਬਿਸ਼ਨ ਸਿੰਘ ਜੀ ਦੇ, ਮੋਹਨ ਸਿੰਘ, ਅਜੀਤ ਸਿੰਘ ਜੀ ਆਦਿ।
+ਗੁਰਮੁਖ ਸਿੰਘ ਜੀ ਦੇ, ਮਿਲਾਪਾ ਸਿੰਘ, ਰਜਿੰਦਰ ਸਿੰਘ, ਕਰਤਜਨ ਸਿੰਘ, ਇਹ ਸੇਠ ਪਰਿਵਾਰ ਸਿਆਮ ਹੀ ਰਹਿੰਦੇ ਹਨ। ਦਿੱਲੀ ਕਦੀ ਕੋਈ ਕੋਠੀਆਂ ਆਪਣੀਆਂ ਵਿਚ ਭੀ।
□ਇਸ ਦਾ ਪ੍ਰਵਾਰ ਲਾਭ ਸਿੰਘ ਕਰਤਾਰ ਕੌਰ ਆਦਿ ਚਿਰ ਨਗਰ ਹੈ।

Sri Satguru Jagjit Singh Ji Elibrary NamdhariElibrary@gmail.com

## ਮਸੇਰੇ ਵਾਲੀ

ਬਾਬਾ ਨਿਹਾਲ ਸਿੰਘ ਜੀ ਮਸੇਰੇ ਵਾਲੀ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸਿੱਖ ਹੋਏ ਹਨ। ਇਹਨਾਂ ਵਿਚ ਰਾਮ ਦੀ ਕਾਰ ਵਰਤਦੀ ਸੀ। ਇਨ੍ਹਾਂ ਅਰਦਾਸਾ ਕਰ ਪਰਤਾਈ, ਕਿਉਂਕਿ ਲੋਕ ਕਰਾਮਾਤਾਂ ਦੇਖ ਗੁਰੂ ਗੁਰੂ ਕਹਿਣ ਲਗ ਪਏ ਸੀ ਇਹਨਾ ਨੂੰ। ਇਹਨਾਂ ਮਾਨ ਮਾਇਆ ਤੋਂ ਬਚਨ ਲਈ ਗੁਰੂ ਅਗੇ ਅਰਜ਼ ਕਰ ਬੰਦਗੀ ਤੇ ਬੰਦਾ ਬਣ ਰਹਿਣਾ ਹੀ ਮੰਗਿਆ ਸੀ। ਇਹਨਾਂ ਇਕ ਬੈਲ ਥੜ੍ਹਕਦਾ ਸੁਣ ਪੁਰਾਣਾ ਮੋਲੀ ਜਾਣ ਆਬਲ ਲੈ ਰਖਿਆ ਸੀ। ਸਾਰੀ ਉਮਰ ਉਸ ਨੂੰ ਰੱਸਾ ਨਾ ਪਾਇਆ ਸੀ ਤੇ ਨਾ ਉਹ ਕਿਸੇ ਬੈਲ ਨੂੰ ਮਾਰਦਾ ਸੀ। ਜਿਸ ਖੇਤ ਵਿਚ ਕਹਿੰਦੇ ਸੀ ਜਾ ਚਰ ਔਂਦਾ ਸੀ। ਚੋਰਾਂ ਨੂੰ ਪਛਾਣ ਲੈਂਦਾ ਸੀ। ਇਹਨਾਂ ਦੀ ਅੰਸ ਹੁਣ ਅਮਰਾਸਰ ਹੈ ਜੀਵਨ ਨਗਰ ਨੇੜੇ, ਤੇ ਜੀਵਨ ਸਾਰਾ ਸੰਤ ਅੰਕ ਸਤਿਜੁਗ ਦੇ ਵਿਚ ਏ।

ਲਾਲੇ ਪੁਰ ਦੇ ਸੰਤ ਗੁਪਾਲ ਸਿੰਘ ਜੀ ਜੋ ਸੰਤ ਚਵਿੰਡੇ ਵਾਲਿਆਂ ਦੇ ਸੇਵਕ ਹੋਏ। ਸਬਦ ਦੀ ਮਸਤੀ 'ਚ ਵਿਹਾਰ ਸੁੱਟ ਛੁੱਟ ਹੋਏ। ਹੁਣ ਅਮਰਾਸਰ ਵੱਡੇ ਹਨ। ਇਹਨਾਂ ਦੇ ਬਚਨ ਹੋਰ ਭੀ ਇਸ ਜੱਸ-ਜੀਵਨ ਵਿਚ ਹਨ।

## ਸੱਚਾ ਸਿੱਖ ਕਰਮਦਾਦ

ਭਾਣੇ ਕੀ ਮੱਟੂ, ਮੂਲਾ ਸਿੰਘ ਜੋ ਹੁਣ ਸੰਤ ਨਗਰ ਏ ਇਸ ਦੇ ਮੇਲੀ ਕਰਮਦਾਦ ਜ਼ੈਲਦਾਰ ਦਾ ਸਤਿਗੁਰੂ ਪਰਤਾਪ ਸਿੰਘ ਜੀ ਤੇ ਅਜਿਹਾ ਨਿਸਚਾ ਸੀ। ਜਦ ਸਤਿਗੁਰੂ ਜੀ ਮਟਵੀਂ ਜਾਂਦੇ ਕਰਮਦਾਦ ਮੰਜੇ ਦੇ ਪਾਵੇ ਨਾਲ ਲੱਗ, ਤੂੰ ਖੁਦ ਖੁਦਾ ਤੂੰ ਖੁਦ ਖੁਦਾ ਕਹਿੰਦਾ ਰਹਿੰਦਾ। ਜੇ ਹੋਰ ਉਸ ਨੂੰ ਕਹਿੰਦੇ ਤੂੰ ਮੁਸਲਮਾਨ ਹੋ ਸਿੱਖਾਂ ਦੇ ਗੁਰੂ ਨੂੰ ਖੁਦ ਖੁਦਾ ਕਹਿੰਦੈਂ, ਤੇਰੀ ਮਤ ਨੂੰ ਕੀ ਹੋਇਆ ਏ ਤਾਂ ਇਹ ਕਹਿੰਦਾ ਜੋ ਤੁਸੀ ਲਾ-ਮਕਾਨ ਕਹਿੰਦੇ ਹੋ ਉਹ ਦਿਖਾਉ। ਉਹ ਹੋਇਆ ਹੀ ਕੀ, ਜੋ ਇਸ ਤੋਂ ਜੁਦਾ ਏ ਕਹਿ, ਵੈਰਾਗੀ ਹੋ ਜਾਂਦਾ ਤੇ ਕਹਿੰਦਾ ਮੈਂ ਸੱਚ ਆਹਨਾ ਹਾਂ ਤੇ ਸੱਚ ਕਮਾਨਾ ਹਾਂ। ਜੋ ਸਭ ਨੂੰ ਰੋਜ਼ੀ ਤੇ ਜੀਅ-ਦਾਨ ਦੇਣ ਵਾਲਾ ਏ ਸੋ ਉਸ ਦਾ ਮੁਜੱਸਮ ਰੂਪ ਏ ਉਹ ਤੇ ਮੋਹਣ ਵਾਲਾ ਏ। ਸੋ ਜਿਸ ਨੇ ਮੈਨੂੰ ਮੋਹ ਲਿਆ ਮੈਂ ਉਸ ਦਾ ਹੋਲਿਆ ਆਖ, ਫਿਰ ਵੈਰਾਗੀ ਹੋ ਕਹਿੰਦਾ, ਉਹ ਖੁਦ ਖੁਦਾ ਏ। ਤੇ ਸਤਿਗੁਰੂ ਜੀ ਦੀ ਚਰਨੀਂ ਲਗ ਕਹਿੰਦਾ, ਤੂੰ ਖੁਦ ਖੁਦਾ ਏਂ। ਪਰ ਸਾਥੋਂ ਜੀਆਂ ਤੋਂ ਜਾਣਿਆ ਨਹੀਂ ਗਿਆ। ਇਸ ਦਾ ਪੁੱਤ੍ਰ ਮਰ ਗਿਆ। ਰਜ਼ਾ ਵਿਚ ਰਾਜ਼ੀ ਰਹਿ ਫਕੀਰਾਂ ਨੂੰ ਸੱਦ ਪ੍ਰਸਾਦ ਛਕਾ ਕਿਹੇ ਸੁ ਉਸ ਦੇ ਹੱਕ ਵਿਚ ਦਵਾ ਮੰਗੋ, ਖੁਦਾ ਦੀ ਕਲਾਮ ਪੜ੍ਹ। ਉਸ ਦੀ ਰੂਹ ਬਖਸ਼ੀ ਜਾਵੇ।

ਇਸ ਦਾਂ ਪੋਤਰਾ ਗੁਲਾਮ ਗੋਸ ਭੀ ਏਸੇ ਲਟਕ ਵਾਲਾ ਹੋਇਆ। ਇਹ ਪਾਕਿਸਤਾਨ ਬਨਣ ਬਾਅਦ ਗੁਜਰਾਂਵਾਲੇ ਕਮੇਟੀ ਦਾ ਮੈਂਬਰ ਬਣਿਆ। ਜਦੋਂ ਲਾਲੇਪੁਰ ਕੋਲੋਂ ਲੰਘਦਾ, ਰੋਂਦਾ ਤੇ ਕਹਿੰਦਾ, ਹੰਸ ਉਡ ਗਏ ਤਾ ਕਾਗ ਆ ਗਏ ਹਨ। ਪਹਿਲੇ ਸਾਲ ਬੋਹਲ ਤੁਲਾਣੇ ਸੋਟੀ ਦੇ ਇਸ ਦੇ ਜ਼ੁਮੇਂ ਸੀ, ਲਾਲੇਪੁਰ ਤੇ ਭਾਣੇ ਕੇ ਮਟਵਾਂ ਦੇ। ਇਹ ਰੁਖ ਤਲੇ ਬੈਠਾ ਹੀ ਨਿਮਾਜ਼ ਪੜ੍ਹ ਚੜ੍ਹ ਗਿਆ ਸੀ। ਬਾਅਦ ਖਤਾਂ ਆਇਆਂ ਪਾਕਿਸਤਾਨ ਤੋਂ ਇਹ ਪਤੇ ਲਗੇ ਹਨ ਕਿ ਬੜਾ ਅਦਾਲਤੀ ਤੇ ਨਰਮ ਦਿਲ ਦਰਵੇਸ਼ਾਂ ਦਾ ਮੇਲੀ ਰਿਹਾ ਸੀ, ਜਿਚਰ ਜੀਵਿਆ।

## ਮੱਟੂ ਭਾਈ ਕੇ

ਮੱਟੂ ਭਾਈ ਕੇ ਜਿਥੇ ਛੇਵੀਂ ਪਾਤਸਾਹੀ ਦਾ ਗੁਰਦੁਆਰਾ ਸੀ। ਏਥੇ ਬਾਬਾ ਦੇਵਾ ਸਿੰਘ ਜੀ ਤੇ ਮਾਈ ਦਿਆਲਾਂ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਸਿੱਖ ਹੋਏ। ਇਸ ਜੋੜੀ ਨੇ ੧੯੫੮ ਬਿ: *ਹੋਲਾ ਕੀਤਾ ਸੀ। ਇਹਨਾਂ ਦਾ

*ਸਰਕਾਰੀ ਹੁਕਮ ਤੋਂ ਬਿਨਾਂ ਰਾਜਿਆਂ ਤੇ ਕੀਤਾ ਸੀ, ਆਪਣੇ ਪ੍ਰੇਮ ਪ੍ਰਤਾਪ ਨਾਲ।

ਕਿਹਾ, ਸਭ ਜ਼ਿਲ੍ਹੇ ਨੇ ਮੰਨ ਮਦਦ ਕੀਤੀ ਸੀ। ਇਹ ਸੁਨਿਆਰੇ ਸੀ। ਬੇਬੇ ਦਿਆਲਾਂ ਜੀ ਬੜੇ ਪ੍ਰੇਮ ਤੇ ਰਸੀਲੇ ਅਵਾਜ ਨਾਲ ਮਾਈਆਂ ਵਿਚ ਕੀਰਤਨ ਕਰਦੇ ਸੀ। ਸਤਿਗੁਰੂ ਪਰਤਾਪ ਸਿੰਘ ਜੀ ਤੇ ਇਸ ਜੋੜੀ ਦੀ ਬੜੀ ਸਰਧਾ ਨਿਭੀ ਹੈ। ਇਹਨਾਂ ਦਾ ਸਪੁੱਤ੍ਰ ਰਘਬੀਰ ਸਿੰਘ ਜੋ ਹੁਣ ਮੰਡੀ ਹਿਮਾਚਲ ਪ੍ਰਦੇਸ ਹੈ। ਦੇਖਣ ਨੂੰ ਤੇ ਖੁਲ੍ਹਾ ਹੀ ਜਾਪਦੈ, ਪਰ ਇਸ ਦੀ ਇਕ ਵਾਰਤਾ ਪੰਥ ਦੇ ਭਲੇ ਦੇ ਪੱਖ ਦੀ ਬੜੀ ਅਸਚਰਜ ਹੈ।

## *ਪੰਥ ਦੇ ਭਲੇ ਨੂੰ*

ਇਕ ਸਿੱਖ ਰਾਤ ਇਸ ਦੀ ਸੁਪਤਨੀ ਨੂੰ ਹੱਥ ਪਾਇਆ। ਉਸ ਇਸ ਨੂੰ ਜਗਾਇਆ। ਇਸ ਨੇ ਸਿੱਖ ਨੂੰ ਉਸੇ ਵੇਲੇ ਘਰੋਂ ਅਡੋਲ ਕੱਢ ਦਿੱਤਾ ਤੇ ਘਰ ਵਾਲੀ ਨੂੰ ਕਿਹਾ, ਤੂੰ ਕਿਸੇ ਨੂੰ ਨਹੀਂ ਦੱਸਣਾ, ਪੰਥ ਦੀ ਬਦਨਾਮੀ ਹੋਵੇਗੀ। ਉਸ ਦੇ ਭਰਾ ਆਏ ਹੋਏ ਸੀ। ਉਸ ਨੇ ਉਹਨਾ ਨੂੰ ਦੱਸਿਆ। ਉਹ ਨੱਸੇ ਤੇ ਸਹੀ, ਪਰ ਸਿੱਖ ਉਹਨਾਂ ਨੂੰ ਦੂਰ ਕਿਤੇ ਨਿਕਲ ਗਿਆ ਸੀ। ਸਾਲੇ ਰਘਬੀਰ ਸਿੰਘ ਨਾਲ ਖਫੇ ਹੋਏ ਤਾਂ ਇਸ ਕਿਹਾ, ਤੁਸੀਂ ਦਫਾ ਹੋਵੋ ਆਪਣੇ ਘਰ ਜਾਉ। ਇਹ ਝੂਠੀ ਹੈ। ਹੋਰੀ ਦਿਨ ਘਰ ਵਾਲੀ ਕਿਹਾ, ਮੈਂ ਝੂਠੀ ਕਿਵੇਂ ਹਾਂ ? ਤਾਂ ਕਿਹੋ ਸੁ, ਪਤੀ ਦਾ ਕਿਹਾ ਉਲਟਣ ਵਾਲੀ ਝੂਠੀ ਨਹੀਂ ਹੁੰਦੀ ਤੇ ਹੋਰ ਕੀ ਹੁੰਦੀ ਏ।

## *ਨੁਸ਼ਹਿਰਾ*

ਨੁਸ਼ਹਿਰੇ ਮਘਰ ਸਿੰਘ ਘੁਮਿਆਰ ਨੇ ਜੱਟਾਂ ਤੇ ਅਕਾਲੀਆਂ ਦੀਆਂ ਸਖਤੀਆਂ ਸਹਿ ਵਿਰਸਾ ਸਿੰਘ ਤੇ ਅਰੂੜ ਸਿੰਘ ਸਿੱਖ ਰੁਕੇ ਸਜਾਏ। ਵਿਰਸਾ ਸਿੰਘ ਮੁਰੱਬੇ ਲੈਣ ਸਮੇਂ ਇਸ ਨੂੰ ਮੁਰੱਬਾ ਲੈ ਦਿੱਤਾ। ਇਸ ਨੇ ਸਤਿਗੁਰੂ ਜੀ ਨੂੰ ਮੱਥਾ ਟੇਕ ਦਿੱਤਾ ਤੇ ਸਤਿਗੁਰੂ ਜੀ ਫੇਰ ਮਘਰ ਸਿੰਘ ਨੂੰ ਦਿੱਤਾ। ਇਹ ਵੇਚ ਹੁਣ ਜੁਹੇਵੇ ਸਾਹਿਬ ਰਹਿੰਦਾ ਏ ਜ਼ਿਮੀਂ ਲੈ। ਇਸ ਦੀ ਹੋਰ ਵਾਰਤਾ ਸਮੇਂ ਸਿਰ ਲਿਖਾਂਗਾ।

## ਖਾਰਾ

ਖਾਰੇ ਈਸਰ ਸਿੰਘ ਤੇ ਹਰਿ ਕੌਰ ਮਾਈ, ਇਹ ਮਸਤਾਂ ਦੀ ਜੋੜੀ ਸੀ। ਇਸ ਮਾਈ ਦੇ ਭਾਂਡਿਆਂ 'ਚੋਂ ਸਾਧ ਸੰਗਤ ਆਇਆਂ ਪਦਾਰਥ ਲੋੜੋਂ ਵਧ ਨਿਕਲ ਪੈਂਦਾ ਸੀ। ਏਕ ਸਮੇਂ ਰਾਤ ਸੰਗਤ ਆਈ, ਤੇ ਦੀਵਾਨ ਲਾਇਆ ਤੇ ਮਾਈ ਮਸਤੀ 'ਚ ਭਾਂਡੇ ਮਾਂਜਦੀ ਨੂੰ ਸੱਪ ਲੜ ਗਿਆ। ਮਾਈ ਨੇ ਸੱਪ ਤੇ ਦਾਬੜਾ ਮੂਧਾ ਮਾਰ ਦਿੱਤਾ। ਸਵੇਰੇ ਮਾਈ ਤੇ ਇਸ਼ਨਾਨ ਕਰ ਉਵੇਂ ਹੀ ਮਸਤੀ 'ਚ ਸਬਦ ਪੜ੍ਹਦੀ ਰਹੀ, ਪਰ ਸੱਪ ਆਪੇ ਮਰ ਗਿਆ। ਇਸ ਮਾਈ ਦੇ ਪੁੱਤ੍ਰ ਹੁਣ ਸੰਤ ਨਗਰ ਵਸਦੇ ਹਨ ਤੇ ਕੀਰਤਨ ਦੇ ਰਸੀਏ ਹਨ। ਇਹਨਾਂ ਦੇ ਬਚਨ ਸਮੇਂ ਸਿਰ ਲਿਖਾਂਗਾ।

## *ਸੰਤਾਂ ਨਾਲ ਕਿਵੇਂ ਰਲਾਂ*

ਬਬਰੀ ਬੇਬੇ ਜਿੰਦਾ ਤੇ ਉਸ ਦੇ ਪੁੱਤ੍ਰ ਮੇਹਰ ਸਿੰਘ ਤੇ ਗੁਰਮੁਖ ਸਿੰਘ ਸੀ। ਇਹ ਬੇਬੇ ਲਾਜ-ਪਜ ਤੋਂ ਉਤੇ ਸੂਝ ਵਾਲੀ ਸੀ। ਇਸ ਦਾ ਪ੍ਰੇਮ ਗੁਰਮਾਰੰਗ ਪਰਚੇ ਦਾ ਸੰਤ ਮੰਗਲ ਸਿੰਘ ਜੀ ਧਾਰੋਕਿਆਂ ਵਾਲਿਆਂ ਨਾਲ ਬੜਾ ਸੀ ਤੇ ਲੋਕ ਕਈ ਗਲਤ ਗੱਲਾਂ ਭੀ ਕਰਦੇ ਸੀ। ਏਕ ਸਮੇਂ ਇਹ ਮਾਈ ਬੱਬਰਾਂ ਤੋਂ ਧਾਰੋਕਿਆਂ ਨੂੰ ਜਾਂਦੀ ਦੇਖ, ਦੋ ਜੱਟਾਂ ਹਾਲੀਆਂ ਆਪੋ 'ਚ ਗੱਲ ਕੀਤੀ, ਇਹ ਉਹੋ ਤਰਖਾਣੀ ਨਹੀਂ ਜੋ ਕਹਿੰਦੇ ਹਨ ਧਾਰੋਕਿਆਂ ਦੇ ਸੁਨਿਆਰੇ ਸੰਤ ਨਾਲ ਰਲੀ ਹੋਈ ਏ। ਮਾਈ ਸੁਣ ਉਹਨਾਂ ਦੇ ਕੋਲ ਜਾ ਕਿਹਾ, ਵੇ ਵੀਰੋ ਤੁਹਾਡੀ ਰਸਨਾ ਹੀ ਸੁਲਖਣੀ ਹੋਵੇ ਜੋ ਮੈਂ ਸੰਤਾਂ ਨਾਲ ਰਲ ਜਾਵਾਂ। ਮੈਂ ਉਹੋ ਤਰਖਾਣੀ ਹਾਂ ਜੋ ਨਿਤ ਚਾਰਾ ਕਰਦੀ ਹਾਂ ਕਿ ਸੰਤਾਂ ਨਾਲ ਰਲ ਜਾਵਾਂ, ਪਰ ਸੰਤ ਮੈਨੂੰ ਅਜੇ ਨਾਲ ਆਪਣੇ ਰਲਾਂਦੇ ਨਹੀਂ। ਜੱਟ ਤੇ ਲਾਜਮ

Sri Satguru Jagjit Singh Ji Elibrary NamdhariElibrary@gmail.com

ਹੋ ਚੁੱਪ ਹੀ ਰਹੇ, ਪਰ ਮਾਈ ਇਹ ਪੜ੍ਹਦੀ, "ਮੈਂ ਉਹਨਾਂ ਸੰਤਾ ਸਾਧਾਂ ਨਾਲ ਰੱਤੀਆਂ, ਜਿਨ੍ਹਾਂ ਦੇ ਨੈਣ ਗੁੜ੍ਹੇ ਸਾਈਂ ਵਾਲੀਆ ਨੇ ਅੱਖੀਆਂ।" ਧਾਰੋਕੀ ਪੁੱਜੀ।

## ਖੋਟੇ ਕਰਮ ਨੂੰ ਮਾਰ

ਸੰਤ ਮੰਗਲ ਸਿੰਘ ਧਾਰੋਕਿਆਂ ਵਾਲੇ ਸੌਂਰੀ ਮਸਤੀ ਤੇ ਪੂਰਨ ਗੁਰਮਤ ਵਰਤਣ ਵਾਲੇ ਸੀ। ਇਹਨਾ ਦੇ ਭਾਈ ਨੂੰ ਖੋਟੇ ਕਰਮ ਤੋਂ ਜੱਟਾਂ ਫੜ ਕੁਟਿਆ। ਇਹ ਛੁਡਾਣ ਗਏ, ਜੱਟਾਂ ਸੰਤ ਜੀ ਨੂੰ ਸੋਟਾਂ ਲਾ ਦਿੱਤੀਆ। ਸੰਤਾਂ ਦੇ ਸੇਵਕ ਜੱਟਾਂ ਨਾਲ ਲੜਨ ਗਏ ਤਾਂ ਸੰਤ ਜੀ ਮਸਤ ਹੋ ਆਪਣੇ ਸਾਥੀਆਂ ਸੇਵਕਾਂ ਨੂੰ ਵਾਪਸ ਮੋੜਿਆ। ਇਹ ਕਹਿ, ਕਿ ਭਾਈ ਮੈਨੂੰ ਨਹੀ ਮਾਰ ਪਈ। ਖੋਟੇ ਕਰਮ ਨੂੰ ਪਈ ਹੈ, ਤੇ ਕਿਹਾ, ਮੈਨੂੰ ਚਾਹੀਦਾ ਸੀ ਭਰਾ ਦੀ ਮਦਦ ਨ ਜਾਦਾ ਤੇ ਚੰਗਾ ਕਰਦਾ ਜੇ ਜੱਟਾ ਨੂੰ ਕਹਿੰਦਾ, ਤੁਸਾਂ ਚੰਗਾ ਕੀਤੈ। ਮੈਂ ਭਰਾ ਦਾ ਪੱਖ ਕੀਤਾ, ਖੋਟ ਕੀਤਾ ਤੇ ਮਾਰ ਖਾਧੀ। ਉਸ ਖੋਟ ਨੂੰ ਮਾਰ ਪਈ ਹੈ ਮੈਨੂੰ ਨਹੀਂ ਪਈ।

ਸੰਤ ਜੀ ਸਾਧ ਸੰਗਤ ਵਿਚ ਧੀ ਦਾ ਅਨੰਦ ਕਰ, ਧੀ ਨੂੰ ਨਾਲ ਲੈ ਉਸ ਦੇਂ ਸੋਹਰੇ ਜਾ ਛੱਡ ਆਏ। ਜਵਾਈ ਨੂੰ ਘੋੜੀ ਤੇ ਚੜ੍ਹਾਈ ਗਏ ਤੇ ਧੀ ਨੂੰ ਕਿਹੇ ਨੇ, ਜੇ ਪਤੀ ਪ੍ਰਮੇਸਰ ਹੈ ਤਾਂ ਉਸ ਤੋਂ ਉੱਚਾ ਹੋ ਘੋੜੀ ਤੇ ਚੜ੍ਹ ਚਲਣਾ ਕੀ ਮੱਤ ਏ। ਧੀ ਤਿਖੇ ਰੂਪ ਦੇ ਬਸਤ੍ਰ ਪਹਿਨੇ ਤਾਂ ਕਿਹੇ ਨੇ, ਇਹ ਵੇਸਵਾ ਦਾ ਬਾਣਾ ਹੈ। ਸਾਧਾਂ ਦਾ ਸਾਂਤਕੀ ਹੀ ਸਦਾ ਬਾਣਾ ਰਹਿਣਾ ਤੇ ਹੋਣਾ ਚਾਹੀਦੈ, ਕਹਿ ਤੁਰਤ ਲੁਹਾ ਦਿੱਤੇ। ਇਹਨਾਂ ਸੰਤਾਂ ਦੇ ਪੁੱਤ੍ਰ ਸੰਤਾ ਸਿੰਘ ਨੂੰ ਸਤਿਗੁਰੂ ਪਰਤਾਪ ਸਿੰਘ ਜੀ ੯ ਘੁਮਾਂ ਚੰਗੀ ਜ਼ਮੀਨ ਦੇ ਹੁਣ ਸੰਤ ਨਗਰ ਵਸਾਇਆ ਹੋਇਆ ਏ।

## ਤਿੰਨ ਸੰਤ

ਜਲ੍ਹਣ ਦੇ ਸੰਤ ਕਰਤਾਰ ਸਿੰਘ ਜੀ, ਸੰਤ ਪਾਲਾ ਸਿੰਘ ਜੀ, ਸੰਤ ਚਤਰ ਸਿੰਘ ਜੀ ਚੁੱਪ ਚੰਗੇ ਸਾਧੂ ਸਤਿਗੁਰੂ ਪਰਤਾਪ ਸਿੰਘ ਜੀ ਸਮੇ ਹੋਏ। ਪਾਲਾ ਸਿੰਘ ਉਗਰਾਹੀਆ ਤੇ ਚਤਰ ਸਿੰਘ ਭਜਨੀਕ ਦੇ ਬਚਨ ਸਮੇਂ ਸਿਰ ਲਿਖਾਂਗਾ। ਸੰਤ ਕਰਤਾਰ ਸਿੰਘ ਜੀ ਨੂੰ ਸਤਿਗੁਰੂ ਜੀ ਸੰਤ ਫਤੇ ਸਿੰਘ ਜੀ ਮਾਂਗੇ ਵਾਲਿਆਂ ਪਾਸ ਸਬਦ ਪੜ੍ਹਨ ਦੀ ਜੁਗਤ ਸਿੱਖਣ ਭੇਜਿਆ, ਪਰ ਫਤੇ ਸਿੰਘ ਜੀ ਕਿਹਾ, ਇਸ ਦਾ ਅਵਾਜ ਤੇ ਚੇਤਾ ਕੁਝ ਨਹੀਂ। ਸਤਿਗੁਰੂ ਜੀ ਕਰਤਾਰ ਸਿੰਘ ਤੇ ਪ੍ਰਸੰਨ ਸੀ। ਕਿਹੇ ਨੇ, ਜਿਉਂ ਜਿਉਂ ਸਬਦ ਪੜ੍ਹੇਗਾ ਇਸ ਨੂੰ ਬਾਣੀ ਅਨਭਵੇ ਆਵੇਗੀ ਤੇ ਅਵਾਜ ਤਿਉਂ ਤਿਉਂ ਚੜ੍ਹੇਗੀ। ਇਹ ਸੰਤ ਜੀ ਤਿੰਨੇ, ਅਮਰਾਸਰ ਵੱਡੇ ਜੀਵਨ ਨਗਰ ਨੇੜੇ ਰਹਿੰਦੇ ਹਨ, ਪਰ ਕਰਤਾਰ ਸਿੰਘ ਜੀ ਜੋਗ ਵਰ ਸਤਿਗੁਰੂ ਜੀ ਜੋ ਦਿੱਤੇ ਸੀ, ਸੋ ਸਤ ਪ੍ਰਤੀਤ ਹੁਣ ਤੀਕ ਵਰਤਦੇ ਸਭ ਵੇਖਦੇ ਸੁਣਦੇ ਹਾਂ। ਹੋਰ ਬਚਨ ਇਨ੍ਹਾਂ ਦੇ ਸਮੇਂ ਸਿਰ ਆਉਣਗੇ।

## ਤਿੰਨਾਂ ਗੁਰਾਂ ਦੇ ਦਰਸਨ

ਮਾਂਗਟ ਨੀਵਿਆਂ 'ਚ ਜ਼ਿਮੀਂਦਾਰ ਸਿੱਖ ਰੱਠਾ ਗੁਰੂ ਰਾਮ ਸਿੰਘ ਜੀ ਤੋਂ ਵਰੁਸਾਇਆ ਬਾਬਾ ਲਹਿਣਾ ਸਿੰਘ, ਉਰਦੂ ਗੁਰਮੁਖੀ ਪੜ੍ਹਿਆ ਚੰਗੀ ਮਾਲਕੀ ਵਾਲਾ ਸੀ, ਜੋ ੧੧੯–੨੦ ਸਾਲ ਦਾ ਬਿਰਧ ਹੋ ਚੜ੍ਹਿਆ। ਗੁਰੂ ਹਰੀ ਸਿੰਘ ਜੀ ਤੇ ਭੀ ਸਰਧਾ ਰਖਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਾਮ ਤਾਂ ਬਾਬਾ ਕਹਿ ਕੇ ਹੀ ਲੈਂਦਾ, ਪਰ ਜਦ ਸਤਿਗੁਰੂ ਜੀ ਦਾ ਦਰਸਨ ਕਰਦਾ ਤਾਂ ਸਿਰ ਦੇ ਪਰਨੇ ਨਾਲ ਸਤਿਗੁਰੂ ਜੀ ਦੇ ਚਰਨ ਝਾੜਦਾ ਤੇ ਕਹਿੰਦਾ ਤੁਸੀਂ ਗੁਰੂ ਹੋ ਤੇ ਗੁਰੂ ਅੰਸ ਭੀ। ਮੇਰੇ ਧੰਨ ਭਾਗ ਜੋ ਮੈਨੂੰ ਇਹ ਵੇਲਾ ਮਿਲਿਆ ਹੈ ਤਿੰਨਾਂ ਗੁਰਾਂ ਦੇ ਦਰਸਨ ਦਾ। ਸਤਿਗੁਰੂ ਜੀ ਕਈ ਵਾਰ ਵਲਾ ਕੱਢ ਕੇ ਬਾਬੇ ਦੇ ਦਰਸਨ ਨੂੰ ਔਦੇ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਸੁਣਦੇ। ਬਾਬਾ ਭੀ ਤੇ ਸਤਿਗੁਰੂ ਜੀ ਭੀ ਬਚਨ ਕਰਦੇ ਸੁਣਦੇ

ਵੈਰਾਗੀ ਹੋਏ ਰਹਿੰਦੇ। ਬਾਬਾ ਭਾਵੇਂ ਬਿਰਧ ਸੀ ਪਰ ਸਬਦ ਕੀਰਤਨ ਸੁਣ ਮਸਤ ਹੋ ਜਾਂਦਾ ਸੀ। ਸੰਤ ਅਤਰ ਸਿੰਘ ਜੀ ਦੇ ਜੱਥੇ ਆਏ ਸਮੇਂ ਬਾਬਾ ਮਸਤ ਹੋਇਆ। ਬਾਬੇ ਦਾ ਪੁੱਤਰ ਖੜਕ ਸਿੰਘ ਜੋ ਅਕਾਲੀ ਹੋ ਗਿਆ ਹੋਇਆ ਸੀ ਤੇ ਕੈਦ ਭੀ ਜੈਤੋ ਦੇ ਮੋਰਚੇ 'ਚ ਹੋਇਆ ਸੀ। ਉਸ ਬਾਬੇ ਨੂੰ ਕੇਸਾਂ ਤੋਂ ਫੜ ਘਸੀਟਿਆ ਤੇ ਕਿਹਾ, ਤੂੰ ਮੇਰੀ ਬੇਇਜ਼ਤੀ ਕੀਤੀ ਹੈ। ਬਾਬੇ ਹੋਸ਼ ਆਈ ਤੇ ਕਿਹਾ, ਤੂੰ ਜੜ੍ਹ ਪੁਟਿਆ ਇਹ ਮੰਦਾ ਕੀਤਾ ਹੈ। ਇਹ ਕੇਸ ਗੁਰੂ ਰਾਮ ਸਿੰਘ ਜੀ ਦੀ ਮੋਹਰ ਹਨ। ਥੋੜ੍ਹੇ ਦਿਨਾਂ ਬਾਦ ਹੀ ਖੜਕ ਸਿੰਘ ਦਾ ਪੁਤਰ ਜੀਤ ਸਿੰਘ ਚੜ੍ਹ ਗਿਆ। ਉਸ ਬਾਬੇ ਤੋਂ ਚਰਨ ਫੜ ਮਾਫੀ ਮਾਂਗੀ। ਬਾਬੇ ਕਿਹਾ, ਜੇ ਤੂੰ ਅਗੋ ਲਈ ਐਸੀ ਮਤ ਤਿਆਗਦਾ ਹੈਂ ਤਾਂ ਜੀਤ ਸਿੰਘ ਹੀ ਜੰਮੇਗਾ ਤੂੰ ਉਹੋ ਨਾਮ ਰਖੀਂ। ਉਸ ਦੇ ਘਰ ਫੇਰ ਪੁੱਤ੍ਰ ਹੋਇਆ ਉਸ ਜੀਤ ਸਿੰਘ ਹੀ ਨਾਮ ਰਖਿਆ। ਇਸ ਬਾਬੇ ਦੀ ਅੰਸ 'ਚੋਂ ਜੀਤ ਸਿੰਘ ਤੇ ਸੋਣ ਸਿੰਘ ਪਿੰਡ ਰਸੀਦਾਂ ਜ਼ਿਲਾ ਸੰਗਰੂਰ ਵਿਚ ਰਹਿੰਦੇ ਹਨ।

## *ਪਿੰਡ ਤੇ ਨਾਮ ਬਦਲ ਲੈ*

ਇਕ ਬੁਧ ਸਿੰਘ ਘੁਮਿਆਰ ਬਾਬੇ ਲਹਿਣਾ ਸਿੰਘ ਦੀ ਸੰਗਤ ਤੇ ਕਰਦਾ ਪਰ ਭਜਨ ਤੇ ਰਹਿਤ ਤੋਂ ਇਨਕਾਰ ਕਰਦਾ। ਗੁਰੂ ਹਰੀ ਸਿੰਘ ਜੀ ਸਮੇਂ ਵਰਨਾਂ ਦੇ ਖੂਹ ਢੁਬਚਿਆਂ ਵਾਲੇ ਗਿਆ, ਲਕ ਰੰਗੀ ਤਹਿਮਤ, ਕੰਨੀ ਮੁਰਕੀਆਂ ਸੀ। ਗੁਰੂ ਹਰੀ ਸਿੰਘ ਜੀ ਦੀ ਚਰਨੀ ਲਗਾ। ਗੁਰੂ ਜੀ ਪਿੰਡ ਤੇ ਨਾਮ ਪੁੱਛਿਆ, ਉਸ ਬੁਧ ਸਿੰਘ ਤੇ ਮਾਂਗਟ ਨੀਵੇਂ ਦਸਿਆ ਤਾਂ ਗੁਰੂ ਜੀ ਕਿਹਾ, ਲਹਿਣਾ ਸਿੰਘ ਦੇ ਪਿੰਡੋਂ ਹੋ ਲਾਹੇ ਤੋਂ ਖਾਲੀ ਏਂ ਤੇ ਮੇਰਾ ਨਾਮ ਹੁੰਦੇ ਬੁਧੋਂ ਹੀਨ ਹੈਂ ਜਾਂ ਨਾਮ ਤੇ ਪਿੰਡ ਬਦਲ ਲੈ ਜਾਂ ਨਾਮ ਲੈ ਲੈ, ਸਤ ਬਚਨ ਕੀਤੇ ਸੁ ਤਾਂ ਗੁਰੂ ਜੀ ਕੋਲ ਬੈਠੇ ਇਕ ਮਹੰਤ ਸੰਤ ਧਾਮੋ ਭਜਨ ਚਾਰ-ਅੱਖਰਾ ਕੰਨ ਵਿਚ ਦਵਾਇਆ ਤੇ ਕਛਹਿਰੇ ਦੀ ਪੱਕੀ ਕਰ ਹੋਰ ਰਹਿਤ ਨਾਮਧਾਰੀ ਮਤ ਦੀ ਦਸੀ ਤਾਂ ਬੁਧ ਸਿੰਘ ਕਿਹਾ, ਰਹਿਤ ਮੈਥੋਂ ਨਹੀਂ ਰਹਿਣੀ ਤਾਂ ਗੁਰੂ ਜੀ ਕਿਹਾ, ਤੂੰ ਭਜਨ ਕਰੀਂ ਰਹਿਤ ਰਖਾਣੀ ਮੇਰਾ ਕੰਮ ਹੈ।

ਉਸ ਸੋ ਭੀ ਰਖੀ। ਗੁਰੂ ਜੀ ਜਥੇਦਾਰੀ ਦਿੱਤੀ, ਉਸ ਦੇ ਬਾਅਦ ਉਸ ਦੇ ਪੁੱਤਰ ਮੰਗਲ ਸਿੰਘ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਜਥੇਦਾਰੀ ਦਿੱਤੀ। ਉਹ ਮੰਗਲ ਸਿੰਘ ਬਟਵਾਰੇ ਬਾਅਦ ਵਡੇ ਆਮਰਾਸਰ ੨੦੧੦ ਬਿ: ਵਿਚ ਚੜ੍ਹਿਆ ਉਸ ਦਾ ਪੁੱਤਰ ਟਹਿਲ ਸਿੰਘ ਹੁਣ ਚੰਗੀ ਸੁਰ ਵਾਲਾ ਸਬਦੀ ਏ।

## *ਸਤਿਗੁਰੂ ਜੀ ਦਾ ਕੁੜਤਾ*

ਹਰ ਕੌਰ ਪਾਸ ਪਦਾਰਥ ਬਹੁਤ ਸੀ ਵਿਆਜ ਭੀ ਲੈਂਦੀ ਸੀ।

ਕਪਾਹ ਵੇਲ, ਚਰਖਾ ਕਤ, ਆਮਦਨ ਗੁਜ਼ਾਰੇ ਜੋਗੀ ਕਰ ਲੈਂਦੀ ਸੀ। ਗੁਰੂ ਕੀ ਉਗਰਾਹੀ ਭੀ ਦੇਂਦੀ ਸੀ। ਕੀਰਤਨ ਕਰਦੀ ਹੀ ਰਾਤ ਗੁਜ਼ਾਰ ਦੇਂਦੀ।

ਏਕ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਉਸ ਨੂੰ ਪੁੱਛਿਆ, ਸੁਣਿਐ ਤੂੰ ਵਿਆਜ ਲੈਂਦੀ ਹੈਂ। ਇਸ ਅਰਜ਼ ਕੀਤੀ, ਪਤੀ ਤੇ ਪੁੱਤ ਦੇ ਚੜ੍ਹਨ ਬਾਅਦ ਗੁਜ਼ਾਰੇ ਨਿਰਬਾਹ ਜੋਗਾ ਲੈਂਦੀ ਹਾਂ। ਅੰਤ ਸਭ ਪਦਾਰਥ ਗੁਰੂ ਕੇ ਲੰਗਰ ਦਾ ਹੀ ਜਾਣਦੀ ਹਾਂ। ਹਰ ਕੌਰ ਨੇ ਭਾਗਣ ਆਪਣੀ ਸਸ ਤੋਂ ਮਿਲਿਆ ਕੁੜਤਾ ਸਤਿਗੁਰੂ ਜੀ ਨੂੰ ਦਿਖਾਇਆ ਤੇ ਅਰਜ਼ ਕੀਤੀ, ਇਹ ਆਪ ਭੈਣੀ ਸਾਹਿਬ ਲੈ ਜਾਉ ਸਤਿਗੁਰੂ ਜੀ ਕਿਹਾ, ਇਹ ਕੁੜਤਾ ਸਤਿਗੁਰੂ ਦੇ ਪਦਾਰਥ ਤੇ ਤੇਰੀ ਰਖਿਆ ਕਰੇਗਾ। ਹਰ ਕੌਰ ਦਸਦੀ ਹੈ ਮੈਂ ਬਟਵਾਰੇ ਸਮੇਂ ਕੁਝ ਸਾਥੀਆਂ ਸਮੇਤ ਮੁਸਲਮਾਨਾਂ ਦੇ ਘੇਰੇ ਵਿਚ ਬੰਕਿਆਂ ਦੇ ਨਿਕਲਣ ਸਮੇਂ ਆਈ ਸਾਂ, ਉਹਨਾਂ ਮੇਰੀ ਕੱਛ ਵਿਚੋਂ ਬੁਚਕੀ ਖਿਚ ਲਈ ਸੀ। ਮੈਂ ਪਰ੍ਹੇ ਖੜੀ ਪੜ੍ਹੀ ਗਈ ਅਖੀਂ ਘਟਾ, ਮੂੰਹ ਵਿਚ ਡੱਟਾ, ਵੇਖ ਨਾ ਸੱਕੇ, ਖਿਚ ਖਿਚ

ਤੱਕੇ, ਉਹ ਤੁਰਕ ਖੁਰਕੀ ਫੱਲ ਸੁੱਟ ਰਲੇ ਗਏ। ਮੈਂ ਉਹਨਾਂ ਦੇ ਦੂਰ ਜਾਣ ਤੇ ਖੁਰਕੀ ਚੁਕ ਆਂਦੀ ਤੇ ਭਿਠਾ ਸਤਿਗੁਰੂ ਰਾਮ ਸਿੰਘ ਜੀ ਦਾ ਕੁੜਤਾ ਤੇ ਚਾਂਦੀ ਵਿਚੋਂ ਮੈਨੂੰ ਮਿਲ ਗਈ ਤੇ ਗੋਲੀਆਂ ਵਸਦਿਆਂ ਸਣੇ ਸਾਥ ਮੇਰੀ ਰਖਿਆ ਭੀ ਰਹੀ। ਸੋ ਚਾਂਦੀ ਮੈਂ ਮੁਰੱਬਿਆਂ ਵਾਲੀ ਕੋਠੀ ਪੂੰਜ ਸਤਿਗੁਰੂ ਜੀ ਨੂੰ ਮੱਥਾ ਟੇਕ ਦਿੱਤੀ ਤੇ ਹੋਰ ਪਦਾਰਥ ਗੁਜ਼ਾਰੇ ਜੋਗ ਕੋਲ ਭੀ ਰਖਿਆ। ਮੈਂ ਉਹ ਕੁੜਤਾ ਸਤਿਗੁਰੂ ਜੀ ਦਾ ਵੇਖਿਆ ਹੈ ਲਠੇ ਸੋਹਣੇ ਸਵਾ ਦਾ ਹਥੀਂ ਸੂਈ ਤੋਪੇ ਨਾਲ ਸੀਤਾ ਹੋਇਐ। ਚੋਰਸ ਕਢੀ ਸਿਧੀ ਤਰੀਜ ਹੈ ਤੇ ਬਹੁਤ ਲੰਮੀਆਂ ਭੁਜਾਂ ਹਨ। ਹਰ ਕੋਰ ਦੇ ਕੋਲ ਜੋ ਪਦਾਰਥ ਏ ਉਹ ਕਹਿੰਦੀ ਏ ਮੇਰੇ ਮਰੇ ਬਾਅਦ ਤੇ ਮੇਰੇ ਸੇਵਕ ਇੰਦਰ ਸਿੰਘ ਦੇ ਬਾਦ ਇਹ ਸਭ ਗੁਰੂ ਦਾ ਪਦਾਰਥ ਹੈ।

### ਥੈਕਿਆਂ ਦੇ ਸਿੱਖ

ਕਾਨ੍ਹ ਸਿੰਘ ਥੈਂਕਿਆਂ ਦਾ ਜੋ ਸੰਤ ਬਲਵੰਤ ਸਿੰਘ ਜੀ ਆੜ੍ਹਤੀ ਦਾ ਦਾਦਾ ਸੀ ਚੰਗੀ ਕਮਾਈ ਵਾਲਾ ਸਾਧੂ ਹੋਇਆ ਹੈ। ਬਲਵੰਤ ਸਿੰਘ ਜੀ ਦਾ ਪੁੱਤਰ ਹੁਣ ਮੰਡੀ ਰਹਿੰਦਾ ਗੁਜਰਾਂਵਾਲੀਆ ਅਖਵਾਉਂਦੇ।

ਚੇਤ ਸਿੰਘ ਜੀ ਥੈਕਿਆਂ ਵਾਲਿਆਂ ਦੇ ਬਚਨ ਫੇਰ ਲਿਖਾਂਗਾ।

### ਤੇਰੇ ਬਿਨਾ ਨਹੀ ਜੀਉਣਾਂ

ਵਿਲੋਕੀ ਝੰਡਾ ਸਿੰਘ ਤੇ ਹਰਨਾਮ ਕੋਰ ਧਰਮਸਾਲਾ ਰਹਿੰਦੇ ਸੀ। ਇਹਨਾਂ ਦਾ ਆਪੋ 'ਚ ਇਤਨਾ ਪਿਆਰ ਸੀ ਕਿ ਭਜਨ ਬਾਣੀ ਦੇ ਬਚਨ ਬਿਲਾਸ ਕਰਦੇ ਰਾਤ ਗੁਜ਼ਾਰਦੇ, ਭੋਗ ਵਾਸਨਾ ਫੁਰਦੀ ਹੀ ਨ ਸੀ। ਝੰਡਾ ਸਿੰਘ ਚੜ੍ਹ ਗਿਆ ਤਾ ਇਹ ਕਹਿੰਦੀ, ਹੇ ਰਾਮ! ਮੈਂ ਤੇਰੇ ਬਿਨਾਂ ਜਿਊ ਕੇ ਕੀ ਲੈਣਾ ਹੈ। ਹਰਨਾਮ ਕੋਰ ਥੋਰੀ ਹੋ, ਥੋੜੇ ਦਿਨਾ ਬਾਦ ਚੱੜ੍ਹ ਗਈ।

ਸੁੰਦਰ ਸਿੰਘ ਜੀ ਵਿਲੋਕਿਆਂ ਦੇ ਜਿਮੀਂਦਾਰ ਐਸੇ ਵਿਹਾਰ ਦੇ ਸੁਧ ਸੀ, ਕਦੀ ਨ ਕਿਸੇ ਤੋਂ ਲਹਿਣੇ ਦੇਣੇ ਦਾ ਨਾਵਾਂ ਲਿਖਦੇ ਲਿਖਾਂਦੇ। ਜ਼ਬਾਨੀ ਤੇ ਇਤਬਾਰ, ਕਰਾਰ ਤੇ ਹੀ ਭੁਗਤਾਂਦੇ ਸੀ। ਇਹਨਾਂ ਦੇ ਪੁੱਤ੍ਰ ਸੋਹਣ ਸਿੰਘ, ਊਧਮ ਸਿੰਘ ਜੀ ਸੰਤ ਨਗਰ ਆ ਚੜ੍ਹੇ ਹਨ। ਊਧਮ ਸਿੰਘ ਗ੍ਰਹਿਸਤੀ ਹੋ ਨਿਤ ਨਾਮ ਦਾ ਅਭਿਆਸ ਤੇ ਇਕਾਂਤ ਦਾ ਰਸ ਮਾਣਦੇ ਸੁਆਦ 'ਚ ਹੀ ਚੜ੍ਹੇ ਹਨ।

ਥੈਂਕੇ ਰੀਮੇ ਜੈ ਸਿੰਘ ਜੀ ਐਸੇ ਭਜਨਾ-ਨੰਦੀ ਸਾਧੂ ਸੀ। ਟੱਕ ਟੱਕ ਰਸਨਾ ਚਲਦੀ ਕਿ ਵੇਖਣ ਵਾਲੇ ਨੂੰ ਰੀਸ ਕਰਨ ਦੀ ਰੀਝ ਪਈ ਆਉਂਦੀ। ਇਹਨਾਂ ਦਾ ਨੇਮ ਸੀ ਰੋਜ਼ ਗੁਰਦੁਆਰੇ ਆ ਪਤਾ ਕਰਨਾ, ਆਏ ਸਿੱਖ ਸਾਧ ਤੇ ਅਥਿਤੀ ਦਾ ਤੇ ਸਭ ਤੋਂ ਪਹਿਲਾਂ ਲੰਗਰ ਦੀ ਅਰਜ ਕਰਨੀ।

ਸ੍ਰਦਾਰ ਮੇਲਾ ਸਿੰਘ ਤੇ ਉਸ ਦੇ ਘਰੋਂ ਵੀਰਾਂ ਦੇਵੀ ਐਸੇ ਸੇਵਕ ਸੀ। ਜੋ ਵਧੀਆ ਵਸਤ ਇਹਨਾਂ ਨੂੰ ਮਿਲਦੀ, ਸਤਿਗੁਰੂ ਜੀ ਤੇ ਸਾਧਾਂ ਜੋਗੀ ਸਾਂਭ ਰਖਦੇ ਜਾਂ ਉਚੇਰੇ ਜਾ ਹਾਜ਼ਰ ਕਰਦੇ ਸੀ।

### ਨਿਧਾਨ ਕੋਟ

ਵਿਲੋਕਿਆਂ ਤੋਂ ਨੇੜੇ ਨਿਧਾਨ ਕੋਟ ਸੰਤ ਪ੍ਰੇਮ ਸਿੰਘ ਜੀ ਤੇ ਹਰ ਕੋਰ ਬੜੀ ਪ੍ਰੇਮੀ ਜੋੜੀ ਸੀ, ਜਿਨ੍ਹਾਂ ਦਾ ਪੁੱਤ੍ਰ ਵਿਰਸਾ ਸਿੰਘ ਅਮਰਾਸਰ ਵਡੇ ਰਹਿੰਦਾ ਹੈ। ਵਿਲੋਕਿਆਂ ਦੇ ਸੰਤ ਇੰਦਰ ਸਿੰਘ ਜੀ ਜੋ ਹੁਣ ਸਿਆਮ ਦੇਸ 'ਚ ਰੰਗਮਈ ਹਨ। ਇਹਨਾਂ ਭੀ ਵਿਦਵਾਨਾਂ ਤੇ ਮਹਾਨ ਪੁਰਖਾਂ ਦੀ ਸੰਗਤ ਕਰ ਕੁਝ ਚਿਰ ਪੰਜਾਬ 'ਚ ਨਾਮਧਾਰੀ ਪੰਥ ਦਾ ਪ੍ਰਚਾਰ ਕੀਤਾ ਤੇ ਹੁਣ ਸੰਤਾਨ ਦੇ ਕੰਮ ਸੰਭਾਲ ਲੈਣ ਤੇ ਆਪ ਭਜਨ ਬਾਣੀ ਦੇਹ ਤੇ ਦਿਲ ਦੇ ਅਰਾਮ ਦਾ ਸੁੱਖ ਲੈਂਦੇ ਹਨ।

ਇਹਨਾਂ ਦੀ ਭੈਣ ਦਿਆਲਾਂ ਮਸਤਾਨੀ, ਹਾਫਜ਼ਾਬਾਦ ਵਾਲਾ ਸੋਹਰਾ-ਘਰ ਭੀ ਨਾਮ ਰਸ ਦੀ

Sri Satguru Jagjit Singh Ji Elibrary NamdhariElibrary@gmail.com

ਮਸਤੀ ਨਾਲ ਭਰ ਰਖਿਆ ਹੋਇਆ ਸੀ। ਇਸ ਦੇ ਪਤੀ ਜੀ ਤੇ ਪੁੱਤ੍ਰ ਬਜ਼ਾਰ 'ਚ ਫਿਰਦੇ ਸਿੱਖਾਂ ਨੂੰ ਨਾਲ ਲੈ ਘਰ ਆ ਆਦਰ ਅਦਬ ਨਾਲ ਸੇਵਾ ਕਰਦੇ ਤੇ ਮੁਠੀਆਂ ਭਰਦੇ ਸੀ।

## ਵਰਪਾਲ

ਵਰਪਾਲੀ ਜੋਧ ਸਿੰਘ ਤੇ ਬੇਤ ਕੌਰ ਬੜੇ ਸਿਦਕਵਾਨ ਸੀ। ਪਾਕਿਸਤਾਨ ਬਣਣ ਸਮੇਂ ਇਹਨਾ ਦੀ ਰੱਖਿਆ ਮੁਸਲਮਾਨਾਂ ਧਰਮੀ ਜਾਨ ਕੀਤੀ ਸੀ। ਹੁਣ ਇਹ ਪ੍ਰਵਾਰ ਅਮਰਾਸਰ ਵਤੇ ਹੈ।

ਨੌਈਂ ਵਾਲੇ ਭਾਗ ਸਿੰਘ ਸੋਧੀ ਜਿਸ ਨੇ ਵਿਰੱਕਤ ਰਹਿ ਉਮਰ ਗੁਜ਼ਾਰੀ ਹੈ ਦਮ ਦੇ ਦਮ।

## *ਤੇ ਸਹਾਰਨ ਦੇ ਸਿੱਖ*

ਸਹਾਰਨ ਲਹਿੰਦੇ, ਛਨਿਆਂ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਅਰੋੜੇ ਸਿੱਖ ਅਰੂੜ ਸਿੰਘ ਅਰਜ ਕਰ ਸਤਿਗੁਰੂ ਜੀ ਨੂੰ ਵਿਲੋਕਿਆਂ ਤੋਂ ਲਿਆਂਦਾ ਸੀ ਤੇ ਕਈ ਦਿਨ ਸਤਿਗੁਰੂ ਜੀ ਸਹਾਰਨ ਰਹੇ ਸੀ ਇਥੋਂ ਦੇ ਜਿਮੀਂਦਾਰ ਪ੍ਰਧਾਨ ਸਿੰਘ, ਗੁਲਾਬ ਸਿੰਘ, ਰਤਨ ਸਿੰਘ, ਲਹਿਣਾ ਸਿੰਘ, ਪੰਜਾਬ ਸਿੰਘ ਭਜਨ ਪੁੱਛ ਕੂਕੇ ਸਜੇ ਸੀ। ਇਸ *ਅਰੂੜ ਸਿੰਘ ਆਪਣੀ ਧੀ ਮਹਾਂ ਦੇਵੀ ਦਾ ਅਨੰਦ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸਕੂਲ 'ਚ ਡੇਢ ਕੋਹ ਤੋਂ ਆਏ ਦਿਉਲ ਪਿੰਡ ਦੇ ਲੜਕੇ ਨਾਲ ਕੀਤਾ ਸੀ। ਕਿਉਂਕਿ ਪਿੰਡ ਦੇ ਲੋਕਾਂ ਪਿੰਡ 'ਚ ਨ ਹੋਣ ਦਿੱਤਾ ਸੀ ਤੇ ਜਿਮੀਂਦਾਰ ਬਾਦ ਸਿੱਖ ਸਜੇ ਸੀ ਮਹਿਮਾ ਦੇਖ, ਅਗਲੇ ਭਲਕ। ਇਸ ਦੇ ਪੁਤ੍ਰ ਨੌਹਰ ਸਿੰਘ, ਬੇਲਾ ਸਿੰਘ, ਨਰੈਣ ਸਿੰਘ ਸੀ। ਛੋਟੀ ਧੀ ਭਾਗਣ ਇਸ ਥੈਂਕੀ ਵਿਆਹੀ ਸੀ। ਇਹ ਅਰੂੜ ਸਿੰਘ ਜੀ ਦੋ ਵਾਰੀ ਰੰਗੂਨ ਤੇ ਇਕ ਵਾਰੀ ਮੋਲ ਮੀਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦਰਸਨ ਕਰਨ ਗਏ ਸੀ। ਸਤਿਗੁਰੂ ਜੀ ਰੰਗੂਨੋਂ ਇੱਟ ਨਾਲ ਬੰਨ੍ਹ ਇਸ ਨੂੰ ਕੁੜਤਾ ਸੁਟ ਦਿਤਾ ਸੀ। ਜੋ ਹੁਣ ਇਸ ਦੀ ਧੀ ਭਾਗਣ ਦੀ ਨੂੰਹ ਹਰ ਕੌਰ ਕੋਲ ਅਮਰਾਸਰ ਹੈ। ਲੀਮੀਆਂ ਬਾਹਾਂ ਤੇ ਤਲਿਉਂ ਛੋਟੀ ਕਾਟ ਦਾ। ਕਾਨ੍ਹ ਸਿੰਘ ਤੇ ਗੁਰਦਿਤ ਸਿੰਘ ਸ੍ਰੀ ਬੈਂਕਿਆਂ ਦੇ ਬਿਦੇਸ ਜਾਣ ਸਮੇਂ ਸਾਥ ਸੀ। ਇਹਨਾਂ ਦੀ ਹੋਰ ਵਾਰਤਾ ਫੇਰ ਲਿਖਾਂਗਾ।

ਸਹਾਰਨ ਦੇ ਪ੍ਰਧਾਨ ਸਿੰਘ ਦਾ ਪੁੱਤ੍ਰ ਹੁਕਮ ਸਿੰਘ ਹੋਇਆ ਤੇ ਉਸ ਦੇ ਕਰਮ ਸਿੰਘ, ਭਾਗ ਸਿੰਘ, ਮਾਹਲਾ ਸਿੰਘ, ਤੇਜਾ ਸਿੰਘ ਹੋਏ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ।

## *ਪਿੰਡ ਨਾ ਵੜੇ*

ਗੁਲਾਬ ਸਿੰਘ ਦਾ ਪੁੱਤ੍ਰ ਜਿਉਣ ਸਿੰਘ ਤੇ ਉਸ ਦਾ ਤਾਰਾ ਸਿੰਘ, ਪਰ ਤਾਰਾ ਸਿੰਘ ਜੈਲਦਾਰੀ ਮਿਲਣ ਕਰ ਕੁਝ ਮੁਨਕਰ ਰਹਿੰਦਾ ਸੀ। ਸਤਿਗੁਰੂ ਜੀ ਜਿਉਣ ਸਿੰਘ ਦੇ ਸਾਰੇ ਲਿਹਾਜ ਹੀ ਰਖਦੇ ਸੀ। ਰਤਨ ਸਿੰਘ ਦਾ ਝੰਡਾ ਸਿੰਘ ਪੁੱਤ੍ਰ ਸਤਿਗੁਰੂ ਜੀ ਸਮੇਂ ਖੁਲ੍ਹਾ ਜਿਹਾ ਹੋਇਆ, ਪਰ ਸਤਿਗੁਰੂ ਜੀ ਨਾਲ ਪਿਆਰ ਅੰਦਰੋ ਸਾ ਸੂ, ਇਸ ਦੇ ਪੁੱਤ੍ਰ ਤੇ ਕਤਲ ਹੋਇਆ। ਇਸ ਅਰਜ ਕੀਤੀ ਕਿਵੇਂ ਬਰੀ ਹੋਵੇ। ਸਤਿਗੁਰੂ ਜੀ ਬਚਨ ਕੀਤਾ, ਬਰੀ ਤੇ ਹੋ ਜਾਵੇਗਾ, ਪਰ ਪਿੰਡ ਨ ਵੜੇ ਤਾਂ ਬਚੇਗਾ। ਪੁੱਤ੍ਰ ਬਰੀ ਹੋਇਆ, ਕੁਝ ਚਿਰ ਬਾਹਰ ਰਿਹਾ ਤੇ ਫੇਰ ਸਹਾਰਨ ਆਇਆ ਮਾਰਿਆ ਗਿਆ ਤਾਂ ਝੰਡਾ ਸਿੰਘ ਮੰਨਿਆ ਕਿ ਮੇਰੇ ਪੁੱਤ੍ਰ ਗੁਰੂ ਕਾ ਬਚਨ ਉਲਟਾ ਹੀ ਮੌਤ ਲਈ ਹੈ ਕੁਸੰਗ 'ਚ ਪੈ।

---

*ਅਰੂੜ ਸਿੰਘ ਜੀ ਨੇ ਭਾਗਣ ਨੂੰ ਜੋ ਕੁੜਤਾ ਦਾਜ ਵਜੋਂ ਦਿੱਤਾ ਸੀ ਤੇ ਭਾਗਣ ਦੇ ਪਤੀ ਹਰਨਾਮ ਸਿੰਘ ਤੇ ਪੁੱਤ੍ਰ ਸਿੰਘ ਸਿੰਘ ਦੇ ਚੜ੍ਹ ਜਾਣ ਤੇ ਭਾਗਣ ਦੀ ਨੂੰਹ ਹਰ ਕੌਰ ਨੇ ਉਹ ਕੁੜਤਾ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਦਿਖਾਇਆ ਸੀ ਤੇ ਸਤਿਗੁਰੂ ਜੀ ਕਿਹਾ ਸੀ, ਨੂੰ ਸੰਭਾਲ ਰਖ, ਤੇਰੀ ਸਹਾਇਤਾ ਕਰੇਗਾ।

ਜਿਨ੍ਹਾਂ ਤੇ ਮੈਂ ਚੇਤਾ ਨਹੀਂ ਲਿਖਦਾ, ਉਹ ਸਤਿਗੁਰੂ ਪ੍ਰਤਾਪ ਸਿੰਘ ਦੇ ਸਮੇਂ ਦੇ ਸਿੱਖ ਜਾਣਣੇ।

Sri Satguru Jagjit Singh Ji Elibrary NamdhariElibrary@gmail.com

ਲਹਿਣਾ ਸਿੰਘ ਭਜਨ ਲੈਣ ਸਮੇਂ ਸਤਿਗੁਰੂ ਰਾਮ ਸਿੰਘ ਜੀ ਪਾਸ ਅਰਜ ਕੀਤੀ ਸੀ, ਮੈਨੂੰ ਖੁਲ੍ਹਾ ਹੀ ਭਜਨ ਦਿਉ। ਅਰਥਾਤ—ਕੜਹਿਰੇ ਤੇ ਮਾਸ ਸ਼ਰਾਬ ਦਾ ਬੰਧੇਜ ਨ ਹੋਵੇ। ਸਤਿਗੁਰੂ ਜੀ ਕਿਹਾ, ਹੱਛਾ ਤੇਰੇ ਟੱਬਰ 'ਚੋਂ ਕੋਈ ਚੰਗਾ ਹੋ ਪਵੇਗਾ, ਪੂਰਾ ਰਹਿਤੀਆ। ਇਸ ਦਾ ਪੁੱਤ੍ਰ ਹੀਰਾ ਸਿੰਘ ਸਰਗੋਧੇ ਸਤਿਗੁਰੂ ਹਰੀ ਸਿੰਘ ਜੀ ਸਮੇਂ ਹੋਇਆ ਤੇ ਉਸ ਦਾ ਪੁੱਤ੍ਰ ਸੰਤਾ ਸਿੰਘ ਹੋਇਆ। ਇਹ ਹੁਣ ਲੁਧਿਆਣੇ ਦੇ ਪਾਸ ਪਹਾੜ ਬਹਾਦਰ ਗੜ੍ਹ ਰਹਿੰਦਾ ਹੈ। ਸਤਿਗੁਰੂ ਜੀ ਨੂੰ ਅਰਜ ਕਰ ਘਰ ਲੈ ਜਾ, ਚੰਗੀ ਸਰਧਾ ਸੇਵਾ ਪੂਜਾ ਕਰਦੇ।

ਪੰਜਾਬ ਸਿੰਘ ਦਾ ਧਾਰਾ ਸਿੰਘ ਤੇ ਉਸ ਦਾ ਅਮਰ ਸਿੰਘ ਚੰਗੇ ਪ੍ਰਧਾਨ ਸਿੰਘ ਦੀ ਅੰਸ ਤਰ੍ਹਾਂ ਸਿੱਖ ਨਾਮਧਾਰੀ ਹਨ। ਹੁਣ ਸਭ ਇਹ ਅਮਰਾਸਰ ਵੱਡੇ ਜੀਵਨ ਨਗਰ ਨੇੜੇ ਵਸਦੇ ਹਨ।

### *ਜਗ੍ਹਾ ਨਹੀ ਬਨਾਣੀ*

ਸਤਿਗੁਰੂ ਰਾਮ ਸਿੰਘ ਜੀ ਬਾਹਰ ਜਿਸ ਜਗ੍ਹਾ ਜਾ ਬੈਠ ਬੰਦਗੀ ਕਰਦੇ ਸੀ, ਉਹ ਜਗ੍ਹਾ ਕਿੱਲੇ-ਬੰਦੀ ਵਿਚ ਹੋਰਨਾਂ ਨੂੰ ਆਈ ਤਾਂ ਅਮਰ ਸਿੰਘ ਤੇ ਕਰਮ ਸਿੰਘ ਦੇ ਹੀਰਾ ਸਿੰਘ, ਤੇਜਾ ਸਿੰਘ, ਭਾਗ ਸਿੰਘ ਆਦਿ ਨੇ ਸਤਿਗੁਰੂ ਪਰਤਾਪ ਸਿੰਘ ਜੀ ਪਾਸ ਅਰਜ ਕੀਤੀ ਕਿ ਜਗ੍ਹਾ ਵਟਾ ਲੈ, ਬਣਾ ਬਣਾਈਏ ਤਾਂ ਸਤਿਗੁਰੂ ਜੀ ਕਿਹਾ, ਬਤਿਆਂ ਤੇ ਕੁੱਤੇ ਮੂਤਦੇ ਹਨ ਤੇ ਅਸਾਂ ਤੁਸਾਂ ਏਧਰ ਆ ਹੀ ਨਹੀਂ ਸਕਣਾ, ਜਗ੍ਹਾ ਕੀ ਬਨਾਣੀ ਹੈ।

### *ਮੁੰਦਰੀ ਪਹਿਨੀ*

ਰਤਨ ਸਿੰਘ ਦੇ ਝੰਡਾ ਸਿੰਘ ਕੁੜਮਾਂ ਵਲੋਂ ਮਿਲੀ ਸੋਨੇ ਦੀ ਛਾਪ ਵੇਕ ਸਮੇਂ ਸਤਿਗੁਰੂ ਜੀ ਨੂੰ ਭੇਟ ਕਰ ਕਿਹਾ ਸੀ, ਮੇਰੀ ਰੀਝ ਹੈ, ਆਪ ਉਂਗਲੀ ਪਹਿਰੋ। ਸਤਿਗੁਰੂ ਜੀ ਉੱਤਰ ਦਿੱਤਾ, ਮੈਂ ਤੇ ਕਦੀ ਨਹੀਂ ਪਾਈ। ਤਾਂ ਸੰਤ ਆਲਾ ਸਿੰਘ ਜੀ ਪਾਸੋਂ ਕਿਹਾ, ਆਪ ਦਾ ਕੀ ਵਿਗੜਦੈ, ਸਿੱਖ ਦੀ ਰੀਝ ਪੂਰੀ ਕਰੋ। ਸਤਿਗੁਰੂ ਜੀ ਪਹਿਰ ਲਈ ਤੇ ਕੁਝ ਮਿੰਟਾਂ ਬਾਅਦ ਭਾਈ ਵਜ਼ੀਰ ਸਿੰਘ ਜੀ ਨੂੰ ਦੇ ਕਿਹਾ, ਸਾਧਾਂ ਨੂੰ ਜੋੜੇ ਇਸ ਦੇ ਸੂਆ ਦੇਵਾਂਗੇ ਤੂੰ ਯਾਦ ਕਰਾਈਂ। ਝੰਡਾ ਸਿੰਘ ਮੁੰਦਰੀ ਪਹਿਨੀ ਦੇਖ ਤੇ ਹੁਕਮ ਸੁਣ ਮਸਤ ਹੋ ਕਿਹਾ, "ਗੁਰ ਪੂਰਾ ਮੇਰਾ ਗੁਰ ਪੂਰਾ। ਜੇਹੀ ਸੇਵਕ ਦੀ ਸਰਧਾ ਹੋਵੇ ਤੇਹਾ ਵੇਸ ਜਰੂਰਾ। ਗੁਰ ਪੂਰਾ ਮੇਰਾ ਗੁਰ ਪੂਰਾ।"

### *ਸੁਨਿਆਰੇ ਸਿੱਖ*

ਘਰਜਾਖ ਦੇ ਸੰਤ ਅਮਰ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਸਮੇਂ ਸਿੱਖ ਹੋਏ। ਸਿੱਖ ਸਜਦਿਆਂ ਹੀ ਸੁਨਿਆਰਪੁਣੇ ਦਾ ਖਟਿਆ ਧਨ ਸਭ ਘਰੋਂ ਸੁਟ ਘੱਤਿਆ। ਜਿਸ ਦੇ ਜੋ ਹੱਥ ਆਇਆ ਸੋ ਲੈ ਗਿਆ। ਹੱਥੀਂ ਹੋਰ ਕਿਰਤ ਕਰ ਫੇਰ ਘਰ ਰੌਣਕ ਕੀਤੀ। ਪੁੱਤ੍ਰਾਂ ਦੇ ਪਲਾਂ ਦੇ ਕਪੜੇ ਗਹਿਣੇ ਲੂਹਾ ਜਿਸ ਦਾ ਰੇਤਾ ਆਇਆ ਲੇਖਾ ਗਿਣ ਉਸ ਦੇ ਘਰ ਜਾ ਦੇ ਆਏ। ਇਹ ਸੰਤ ਜੀ ਗੁਰੂ ਹਰੀ ਸਿੰਘ ਜੀ, ਸਤਿਗੁਰੂ ਪਰਤਾਪ ਸਿੰਘ ਜੀ ਤੇ ਭੀ ਪੂਰੀ ਸਰਧਾ ਰਖਦੇ ਸੀ। ਜਦ ਬਿਰਧ ਹੋ ਗਏ ਗੁਜਰਾਂਵਾਲੇ ਨਾ ਆ ਸਕਦੇ ਸਤਿਗੁਰੂ ਜੀ ਕਈ ਵਾਰ ਆਪ ਜਾ ਇਹਨਾਂ ਨੂੰ ਦਰਸਨ ਦੇਂਦੇ।

ਇਨਾਇਤ ਕੋਟ ਦਾ ਮਸਤਾਨਾ ਮੇਹਰ ਸਿੰਘ ਦੁਕਾਨ ਦਾ ਕੰਮ ਕਰਨਾ, ਸਿੱਖ ਹੋ ਸੁਟ ਬੈਠਾ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਰੂਪਾ ਦਾ ਆਸ਼ਕ ਤੇ ਸ਼ਰ੍ਹਾ ਤੋਂ ਪਰ੍ਹਾਂ ਹੋ ਵਰਤਣ ਵਾਲਾ ਸੀ। ਸਤਿਗੁਰੂ ਜੀ ਦੇ ਸਨਮੁਖ ਮੱਥੇ ਵਿਚ ਲਾਲ ਟਿਕਾ ਲਾ ਬੈਠ ਬੜੇ ਪਿਆਰ ਤੇ ਵਿਚਾਰ ਭਰੇ ਬਚਨ ਕਰਦਾ ਤੇ ਕਹਿੰਦਾ ਤੂੰ ਸ਼ਰ੍ਹਾ ਤੋਂ ਪਰ੍ਹੇ ਹੈ। ਸ਼ਰ੍ਹਾ ਖਰਾ ਵਿਰੋਧ ਦੇ। ਸਿੱਖ ਸੁਣ ਕਹਿੰਦੇ ਇਹ ਉਲਟ ਬੋਲਦੈ ਸਤਿਗੁਰੂ ਜੀ ਕਹਿੰਦੇ ਠੀਕ ਬੋਲਦੈ। ਖਰਾ ਵਿਰੋਧ ਏ ਖੋਟਾ ਤੇ ਨਹੀਂ।

## ਗੁਜਰਾਂਵਾਲੇ ਨੇੜੇ ਦੇ ਹੋਰ ਸਿੱਖ

ਮਸਤੇ ਦੇ ਕੋਟ ਦਾ ਵਰਿਆਮ ਸਿੰਘ ਜੋ ਸੰਤ ਆਲਾ ਸਿੰਘ ਜੀ ਦੇ ਜੱਥੇ 'ਚੋਂ ਸੁਧਰਿਆ, ਰਾਤ ਜਾਗ ਰਸਨਾ ਹਲਾ ਭਜਨ ਕਰਦਾ। ਘਰ ਆਏ ਸਾਧ ਨੂੰ ਸੇਵਾ ਪੂਰੀ ਕਰ ਜ਼ਰੂਰੀ ਨਹੌਣ ਦਾ ਆਹਰ ਦੇਂਦਾ ਤੇ ਘਟ ਸੌਣ ਦੇਂਦਾ ਪਹਿਲੀ ਰਾਤ ਕਥਾ ਕੀਰਤਨ ਕਰ, ਤੇ ਪਿਛਲੀ ਰਾਤ ਇਸ਼ਨਾਨ ਵਲ ਲਾ।

ਗੁਜਰਾਂਵਾਲੇ ਗੁਰਦਿੱਤ ਸਿੰਘ ਜੀ ਘਿਉ ਵਾਲੇ ਤੇ ਸੁੰਦਰ ਸਿੰਘ ਜੀ ਵਾਜਿਆਂ ਵਾਲੇ, ਗੁਪਾਲ ਸਿੰਘ ਜੀ 'ਬਾਪੂ' ਸੰਤ ਛਵਿੰਡੇ ਵਾਲਿਆਂ ਦੇ ਪ੍ਰੇਮ ਤੋਂ ਪ੍ਰਭਾਵਤ ਹੋ ਰੋਜ਼ ਹੀ ਦੀਵਾਨ ਰਾਤ ਲਾਂਦੇ। ਕਿਉਂਕਿ ਸੰਤ ਜੀ ਜਿਸ ਘਰ ਲੰਗਰ ਹੁੰਦਾ ਰਾਤ ਉਸ ਘਰ ਹੀ ਜਾ ਟਿਕਦੇ ਸੀ ਤੇ ਸਵੇਰੇ ਹੀ ਪ੍ਰਸਾਦ ਛਕ ਗੁਰਦੁਆਰੇ ਚਲੇ ਜਾਂਦੇ ਸੀ। ਇਹ ਤਿੰਨੇ ਸਤਿਗੁਰੂ ਜੀ ਦੇ ਹਜ਼ੂਰ ਭੀ ਪੂਰੇ ਪ੍ਰੇਮ ਮਗਨ ਹੋ ਸ਼ਬਦ ਪੜ੍ਹਦੇ ਸੀ।

ਮਨੇਸੀ ਸੌਣ ਸਿੰਘ, ਜੋ ਪੰਥ ਦੇ ਪਿਆਰ ਵਿਚ ਪੈ ਮਜ਼ੂਰੀ ਕਰ ਸਾਧਾਂ ਦੇ ਸੁਖ ਜੋਗ ਵਸਤਾਂ, ਰਸਤਾਂ ਜਿਥੇ ਥੁੜ ਵੇਖੇ ਲੈ ਦੇਂਦਾ ਸੀ ਤੇ ਲੰਗਰ ਜਦ ਸੀ ਕਰਸੂ ਸਾਧਾਂ ਦਾ ਕਿਸੇ ਮੇਲੇ ਤੇ ਪਦਾਰਥ ਦੇ ਕਰ ਦੇਂਦਾ ਸੀ ਤੇ ਕਹਿੰਦਾ ਸੀ, ਜ਼ਰੂਰ ਘਰ ਹੀ ਸੇਵਾ ਦਾ ਲਾਭ ਨਹੀਂ, ਲਾਭ ਜਿੱਥੇ ਹੋ ਸਕੇ ਉਥੇ ਹੀ ਏ। ਇਹ ਆਪ ਪਦਾਰਥ ਘਟ ਛਕਦਾ, ਸਤਿਗੁਰੂ ਜੀ ਵਲੋਂ ਭੀ ਮਿਲਿਆ ਅਗੇ ਵੰਡ ਦੇਂਦਾ। ਸੰਤੋਖ ਤੇ ਉਦਾਰਤਾ ਦੀ, ਜ਼ਿਮੀਂਦਾਰ ਰਸਮੀ ਜਿਹਾ ਹੁੰਦਿਆਂ ਇਸ ਦੀ ਅਖ਼ੀਰ ਸੀ। ਇਸ ਦੀਆਂ ਵਾਰਤਾਂ ਅਗੇ ਹੋਰ ਲਿਖਾਂਗਾ।

ਲੰਜੀ ਕਿਰਪਾਲ ਸਿੰਘ ਕਰਤਾਰ ਕੌਰ, ਥਦੇ ਰੱਤੇ ਮੁਨਸ਼ਾ ਸਿੰਘ ਹਾਕਮ ਦੇਵੀ। ਇਹਨਾਂ ਦੇ ਨਗਰੀ ਸਤਿਗੁਰੂ ਜੀ ਦੇ ਦੌਰੇ ਮੇਲੇ ਸਮੇਂ ਇਹਨਾਂ ਦੇ ਬਚਨ ਕੋਟਲੀ ਅਰੂੜੇ ਦੀ ਗੁਰਬਖਸ਼ ਸਿੰਘ ਜੀ ਦੇ ਸਮੇਤ ਲਿਖਾਂਗਾ। ਗੜ੍ਹੀ ਨਿਹਾਲ ਸਿੰਘ ਤੇ ਸ਼ਰਮ ਸਿੰਘ ਬਹੁਤ ਉਤਸ਼ਾਹੀ ਤੇ ਸਹਿਜ ਅਵਸਥਾ ਵਾਲਿਆਂ ਦਾ ਭੀ ਮੈਂ ਹੋ ਸਕਿਆ ਤਾਂ ਸਮੇਂ ਸਿਰ ਜੱਸ ਲਿਖਾਂਗਾ। ਕੌਲੋ ਵਾਲੇ ਦੇ ਸੰਤ ਮੋਹਣ ਸਿੰਘ ਜੀ ਵਹੀਆਂ ਫੋਲ ਸਭ ਦੇ ਘਰ ਜਾ, ਖਾਧਾ ਭਰ ਦਿੱਤਾ ਸੀ। ਤੇ ਅਗੋਂ ਪਿੰਡਾਂ ਵਿਚ ਫਿਰ ਹੋਕਾ ਦਿੱਤਾ ਸੀ। ਸੁਨਿਆਰਪੁਣਾ ਛਡਿਆਂ ਹੀ ਸਿੱਖ ਬਣੀਦਾ ਏ। ਸੋਨਾ ਘਟਿਆ ਖੋਟ ਪਾ ਪੂਰਾ ਕਰਨਾ ਪੈਂਦੈ। ਮੋਹਣ ਸਿੰਘ ਜੀ ਸੁਨਿਆਰੇ ਸਿੱਖ ਸਜ ਆਪ ਵਾਹੀ ਕਰਨ ਲਗ ਪਏ ਤੇ ਲੋਕਾਂ ਦਾ ਲਿਆ ਧਨ ਵਾਪਸ ਕਰ ਸੋਧ ਰਖ ਲਈ, ਪੁੱਤ੍ਰਾਂ ਨੂੰ ਵਾਹੀ ਕਰਨ ਲਾ, ਕਮਾ ਖਾਣਾ ਸਿਖਾਇਆ। ਇਹਨਾਂ ਦੇ ਪੁੱਤ੍ਰ ਸੰਤ ਅਮਰ ਸਿੰਘ ਜੀ ਠਾਕੁਰ, ਬੜੇ ਸੁਧੇ ਸਾਧੂ ਅਜੇ ਹਨ। ਇਹਨਾਂ ਦੇ ਬਚਨ ਸਮੇਂ ਸਿਰ ਆਉਣਗੇ*।

ਖਾਨਗਾਹੀ ਹਰੀ ਸਿੰਘ ਮਸਤਾਨਾ। ਇਹ ਨਾਮਧਾਰੀ ਮੇਲਿਆਂ 'ਚ ਮਸਤ ਹੋ ਪਊਦੇ ਪੈਰੀਂ ਰੱਖ, ਕੁਹਾੜੀ ਹੱਥ ਵਿਚ ਫੇਰਦਾ ਦੌੜਦਾ ਕਹਿੰਦਾ। ਜਾਗ ਉਏ ਲਾਹੌਰੀਆ ਮੁੰਡਿਆ, ਜਾਗ ਉਏ ਅਮਰਸਰੀਆ ਮੁੰਡਿਆ। ਇਹ ਲਾਹੌਰ ਭੀ ਤੇ ਅੰਮ੍ਰਿਤਸਰ ਭੀ ਘਿਉ ਦੀ ਦੁਕਾਨ ਕਰ ਰਿਹਾ ਸੀ। ਖਾਨਗਾਹੀਂ ਤੋਂ ਇਸ ਦੀ ਪਤਨੀ ਤੇ ਪੁੱਤ੍ਰਾਂ ਦਾ ਰਾਤ ਮਿਲ ਬੈਠ, ਇਸ ਸਮੇਤ ਦੀਵਾਨ ਲਾਣਾ ਤੇ ਮਸਤ ਹੋ ਜਾਣਾ ਸੁਭਾ ਸੀ ਤੇ ਬਜ਼ਾਰਾਂ ਵਿਚ ਹੋਕਾ ਦੇਣਾ ਕੰਮ ਸੀ ਇਹ ਅੰਮ੍ਰਿਤਸਰ ਹੁੰਦਾ ਰੋਖੀ ਰਹਿੰਦੀ ਰਾਤੇ ਇਸ਼ਨਾਨ ਕਰ ਦਰਬਾਰ ਸਾਹਿਬ ਦੀ

---

*ਇਹ ਮੋਹਣ ਸਿੰਘ ਜੀ ਜਿਥੇ ਮਿਲੇ ਦੁਖਿਆਂ ਦੇ ਘਰੇ ਹੀ ਕਿਉਂ ਨੂੰ ਵਰਤਦੇ ਸੀ। ਮੈਂ ਬਹੁਤ ਨਗਰਾਂ ਤੇ ਸਿੱਖਾਂ ਦੇ ਨਾਮ ਪਹਿਲੀ ਜਿਲਦ ਵਾਲੇ ਛਾਪ ਦਿੱਤੇ ਹਨ ਜੋ ਉਥੇ ੧੩੯ ਪੰਨੇ ਤੇ ਹਨ। ਜ਼ਰੂਰੀ ਜ਼ਿਆਦਾ ਸਿੱਖਾਂ ਦੇ ਨਾਂ ਇਥੇ ਲਿਖਦਾ ਹਾਂ।

Sri Satguru Jagjit Singh Ji Elibrary NamdhariElibrary@gmail.com

ਪਰਕਰਮਾਂ ਵਿਚ ਖੁਲ੍ਹੀ ਕੇਸੀ, ਹੱਥ ਕੁਹਾੜੀ, ਪੈਰੀਂ ਪਊਏ ਪਾਈ ਦੌੜਦਾ ਮਸਤ ਹੋ ਕਹਿੰਦਾ ਸੀ, ਧੰਨ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ। ਧੰਨ ਗੁਰੂ ਹਰੀ ਸਿੰਘ ਜੀ। ਪਰ ਕੋਈ ਇਸ ਨੂੰ ਰੋਕ ਨਹੀਂ ਸੀ ਸਕਦਾ। ਸਭ ਕਹਿੰਦੇ ਸੀ, ਇਹ ਮਸਤਾਨਾ ਹੈ ਤੇ ਦਰਬਾਰ ਸਾਹਿਬ ਤੇ ਪ੍ਰਕਰਮਾ 'ਚ ਫਿਰਨ ਬੋਲਣ ਦਾ ਸਭ ਪ੍ਰੇਮੀਆਂ ਨੂੰ ਹੱਕ ਹੈ, ਅਕਾਲੀਏ ਭੀ ਨਾ ਰੋਕਦੇ ਸੀ।

ਘਣੀਸਾਮ ਦਾ ਸਰਮ ਸਿੰਘ, ਸਤਿਗੁਰੂ ਜੀ ਆਇਆਂ ਤੇ ਸਾਧਾਂ ਦੇ ਆਇਆਂ ਉਪਰੋਂ ਰੁਪਿਆਂ ਦੀ ਸੇਟ ਕਰਦਾ ਸੀ। ਘਿਉ ਦੇ ਭਰੇ ਭਾਂਡੇ ਕੋਲ ਧਰਦਾ ਸੀ। ਬੱਸ ਬੱਸ ਕਰਾ ਦੇਂਦਾ ਸੀ, ਕਹਿੰਦਾ ਸੀ ਮੈਂ ਇਹ ਮਤ ਮਾਤਾ ਜਿਊਣ ਕੌਰ ਜੀ ਤੋਂ ਲਈ ਹੈ, ਕੋਈ ਰੱਜੇ ਤਾਂ ਬੱਸ ਦੇਣੇ ਕਰਨੀ।

ਰੋਖਿੰਦ ਗੜ੍ਹ ਸ਼ੰਕਰ ਸਿੰਘ, ਇਸ ਮਜ਼ੂਬਣ ਕੀਤੀ ਹੋਈ ਸੀ, ਪਰ ਸਤਿਗੁਰੂ ਜੀ ਤੇ ਸਾਧਾਂ ਨੂੰ ਵੈਰਾਗ ਕਰ ਮਨਾ ਲਿਆ ਹੋਇਆ ਸਾ ਸੁ। ਮੈਨੂੰ ਸੰਗਤ 'ਚੋਂ ਨ ਕਢੋ, ਘਰ ਮੇਰਾ ਭਾਵੇਂ ਤੁਸੀਂ ਛਡ ਦਿਉ। ਇਹ ਨਗਰੋਂ ਬਾਹਰ ਹੀ ਸੂਏ ਤੇ ਰਸਤ ਦੇ, ਲੰਗਰ ਕਰਾ ਦੇਂਦਾ ਸੀ ਜੇ ਨਾ ਮੰਨਦੇ ਤਾਂ ਕਹਿੰਦਾ ਸੀ ਮੈਂ ਮਰ ਜਾਵਾਂਗਾ ਤੁਹਾਡੇ ਸਾਹਵੇਂ। ਇਹ ਕਹੀ ਜ਼ਬਾਨੋਂ ਕਰ ਵਖਾਣ ਵਾਲਾ ਸੀ, ਤਾਂ ਮੰਨ ਜਾਂਦੇ ਸੀ।

## ਗੁਪਤ ਦਾਨੀ

ਗੁਜਰਾਂਵਾਲੇ ਇਕ ਗੁਪਤ ਦਾਨੀ ਨਿਧਾਨ ਸਿੰਘ, ਅਰੋੜਾ ਸੀ ਜੋ ਸਿਆਮ ਵਲ ਰਹਿ, ਸੰਤ ਧਿਆਨ ਸਿੰਘ ਜੀ ਦੀ ਸੰਗਤੋਂ ਸੁਧਰਿਆ। ਐਸੇ ਸੁਭਾ ਵਾਲਾ ਸੀ ਤੇ ਜਾਣਦਾ ਸੀ :

"ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ ਲੋਗ ਪਚਾਰਾ ॥"

ਅਰਥਾਤ ਜੋ ਇਹ ਪਰਵਿਰਤੀ ਤੇ ਵਖਾਲੇ ਵਿਚ ਪੈ ਕਰਦੇ ਜੀਵ, ਸਭ ਲੋਕਾ-ਚਾਰੀ ਏ।

ਇਹ ਰਾਤ ਸੜਕਾਂ ਤੇ ਨੰਗਿਆਂ ਪਿਆਂ ਤੇ ਕਪੜੇ ਪਾਂਦੇ, ਭੁਖਿਆਂ ਨੂੰ ਰੋਟੀ ਰਾਤ ਫਿਰ ਭਾਲ ਦੇਂਦੇ ਤੇ ਲੋੜਵੰਦਾਂ ਤੇ ਬੁੜ੍ਹਿਆਂ ਦੀ ਘਰੀਂ ਜਾ ਦਮੜੇ ਰਾਤ ਸੁਟਦੇ ਕੰਧਾਂ ਤੋਂ ਅੰਦਰ, ਜਾਂ ਰਾਹ ਵਿਚ ਦੂਰੋਂ ਉਸ ਨੂੰ ਦੇਖ ਪਦਾਰਥ ਧਰ ਆਪ ਲਾਂਭੇ ਹੋ ਜਾਂਦੇ। ਪਤਾ ਭੀ ਗੁਪਤ ਕਰਦੇ ਤੇ ਲੋੜਬੰਦ ਨੂੰ ਆਪਣਾ ਪਤਾ ਭੀ ਨਾ ਲਗਣ ਦੇਂਦੇ। ਬਾਣਾ ਭੀ ਸਾਦਾ ਤੇ ਮਿਲਣਾ ਭੀ ਸਾਦਾ ਰਖਦੇ। ਕਿ ਕੋਈ ਮੇਲੀ ਹੀ ਮਤ ਮਸ਼ਹੂਰੀ ਕਰੇ। ਇਹ ਅੰਤਰ-ਆਤਮੇ ਦੀ ਤਸੱਲੀ ਤੇ ਪਰ-ਆਤਮੇ ਦੀ ਖੁਸ਼ੀ ਨੂੰ ਪ੍ਰਮੇਸ਼ਰੀ ਖੁਸ਼ੀ ਸਮਝਦੇ ਸੀ। ਸਤਿਗੁਰੂ ਜੀ ਦੇ ਸਿਆਮ ਦੇ ਪਹਿਲੇ ਫੇਰੇ ਸਮੇਂ ਇਸ ਧਾਰੀ ਸੀ ਜੇ ਪੂਰੇ ਤੇ ਅੰਤਰਜਾਮੀ ਹਨ, ਆਪ ਮੇਰੇ ਘਰ ਆਉਣਗੇ। ਇਸ ਦਾ ਘਰ ਸਿੰਘ-ਸਭਾ ਦੇ ਗੁਰਦੁਆਰੇ ਨੇੜੇ ਸੀ। ਸਭ ਫਲ, ਬਦਾਮ, ਭੇਟਾ ਅੰਦਰ ਧਰ, ਉਥੇ ਸਿਆਮ ਗਿਆ, ਸਤਿਗੁਰੂ ਜੀ ਆਪਣੇ ਡੇਰੇ 'ਚ ਦੀਵਾਨ ਦਾ ਭੋਗ ਪੈਣ ਤੇ ਕਿਹਾ ਸੀ, ਅਸਾਂ ਸਿੰਘ-ਸਭਾ ਦੇ ਡੇਰੇ ਜਾਣਾ ਹੈ ਤੇ ਉਥੋਂ ਪਰਤਣ ਸਮੇਂ ਕਿਹਾ, ਹੁਣ ਨਿਧਾਨ ਸਿੰਘ ਦੇ ਘਰ ਜਾਣਾ ਹੈ। ਇਹ ਅਗੇ ਲਗ ਘਰ ਲਿਆ ਮਸਤ ਹੋਇਆ ਤੇ ਭੇਟਾ ਧਰੀ। ਮੈਂ ਭੀ ਇਸ ਨੂੰ ਗੁਜਰਾਂਵਾਲੇ ਰਹਿੰਦਾ ਸੁਣ ਮਸਾਂ ਭਾਲ ਮਿਲ ਜਾਣ ਸਕਿਆ ਹਾਂ ਕਿ ਇਹ ਮਾਇਆਧਾਰੀ ਤੇ ਕੂਕਾ ਹੈ।

## ਸੇਠ-ਸੰਤ ਤੇਜਾ ਸਿੰਘ

ਸੇਠ, ਸੰਤ ਤੇਜਾ ਸਿੰਘ ਜੀ ਗੁਜਰਾਂਵਾਲੀਏ ਜਿਨ੍ਹਾਂ ਦੀ ਸੰਤਾਨ ਹੁਣ ਹੈਦਰਾਬਾਦ ਦਖਣ ਵਿਚ ਏ। ਸਤਿਗੁਰੂ ਜਗਜੀਤ ਸਿੰਘ ਜੀ ਨਾਲ ਜਾ ਮੈਂ ਵਸਦੇ ਵੇਖੇ ਹਨ। ਇਹ ਪਹਿਲਾਂ ਤੇਜਾ ਸਿੰਘ ਜੀ ਚੋਲਾਂ

Sri Satguru Jagjit Singh Ji Elibrary NamdhariElibrary@gmail.com

ਦਾ ਬਪਾਰ ਗੁਜਰਾਂਵਾਲੇ ਕਰਦੇ ਸੀ। ਮੈਂ ਮੁੰਜੀ ਦੇ ਸੌਦੇ ਕਰਦੇ ਦੇਖੇ ਸੀ। ਇਹਨਾਂ ਦਾ ਦੂਸਰੇ ਤੇ ਇਤਬਾਰ ਕਰਨਾ ਖਾਸਾ ਸੀ। ਘਾਟਾ ਪਿਆ ਤੇ ਦਵਾਲਾ ਕੱਢ ਗੁਜਰਾਂਵਾਲਿਉਂ ਨਿਕਲੇ। ਸਤਿਗੁਰੂ ਪਰਤਾਪ ਸਿੰਘ ਜੀ ਪਾਸ ਆਏ। ਕਿ ਕੋਈ ਮਦਦ ਜਾਂ ਮੱਤ ਦੇਣਗੇ ਜੋ ਸੁਣੀ ਜਾਵੇ।

ਸਤਿਗੁਰੂ ਜੀ ਦਿੱਲੀ ਕੁਝ ਦਿਨ ਕਿਸੇ ਖਾਸ ਕੰਮ ਲਈ ਗਏ ਸੀ, ਜਾ ਕੇ ਦਰਸਨ ਕੀਤਾ। ਸਤਿਗੁਰੂ ਜੀ ਉਦਾਸੀ ਦੀ ਹਾਲਤ ਵਿਚ ਵੇਖ ਦੂਜੇ ਦਿਨ ਪੁੱਛਿਆ, ਕਿਵੇਂ ਆਏ ਹੋ ? ਤਾ ਬਪਾਰ ਚੋ ਘਾਟ ਪਈ ਤੇ ਮਦਦ ਜਾਂ ਮੱਤ ਲਈ ਸਰਨੀਂ ਆਇਆ ਹਾਂ। ਇਹ ਅਰਜ ਅੱਖਾਂ ਜੱਲ ਨਾਲ ਭਰੀਆਂ ਨੀਵੀਂ ਪਾਈ ਕੀਤੀ। ਸਤਿਗੁਰੂ ਜੀ ਪੁੱਛਿਆ, ਨਿਸਾਨ ਤੇ ਆਸ਼ਾ ਕੀ ਦੇ ? ਤਾਂ ਕਿਹੋ ਸੂ, ਸਤ ਭੀ ਰਵ੍ਹੇ ਤੇ ਪੱਤ ਭੀ ਬਣੇ, ਸਭ ਨੂੰ ਕਰਜਾ, ਹਰਜਾ ਇਹਨੀ ਹੱਥੀਂ, ਔਖੀਂ ਦੇਵਾਂ। ਸਤਿਗੁਰੂ ਜੀ ਬਚਨ ਕੀਤਾ। ਜੋ ਕੁਝ ਕੋਲ ਈ ਲੈ, "ਦਖਣ ਵੱਲ ਚਲਾ ਜਾਹ, ਗੁਰੂ ਭਲੀ ਕਰੇਗਾ।" ਇਹ ਅਗਲੇ ਰੋਜ ਹੀ ਹੈਦਰਾਬਾਦ ਚੋਲ ਲੈ ਟੁਰ ਗਿਆ। ਅਗੋਂ ਇਕ ਐਸਾ ਪੁਰਸ਼ ਮਿਲਿਆ ਜੋ ਧਰਮਵਾਨ ਬਪਾਰੀ ਭਾਲਦਾ ਸੀ। ਉਸ ਪਦਾਰਥ ਦਿੱਤਾ ਤੇ ਬਪਾਰ ਚਲ ਪਿਆ। ਪੁੱਤਰ ਜਵਾਨ ਹੋ ਗਏ। ਇਸ ਨੇ ਕਈ ਸਾਲੀਂ ਗੁਜਰਾਂਵਾਲੇ ਆ ਕਰਜਾ ਮੂਲ ਦਿੱਤਾ ਫੇਰ ਬਿਆਜ ਸਮੇਤ ਗਿਣ, ਜੋ ਆਸ ਭੀ ਨਾ ਰਖਦੇ ਸੀ, ਉਹਨਾਂ ਪਾਸ ਜਾ ਲੇਖਾ ਕਰ ਦਿੱਤਾ। ਜੋ ਨ ਲੈਣ, ਉਹਨਾਂ ਦੇ ਘਰਾਂ ਤੇ ਥੜਿਆਂ ਤੇ ਸੁੱਟ ਕਿਹਾ, ਮੈਂ ਗੁਰੂ ਕਾ ਸਿੱਖ ਹਾਂ ਤੇ ਗੁਰੂ ਦਾ ਹੁਕਮ ਹੈ, "ਲਹਿਣਾ ਲੈ ਕੇ ਨਾ ਦੇਣਾ, ਚੋਰੀ ਧਾੜੇ ਤੋਂ ਭੀ ਮੰਦਾ ਹੈ।" ਜੇ ਕੋਈ ਕਵ੍ਹੇ, ਸਰਕਾਰ ਨੇ ਤੈਨੂੰ ਦੁਆਲਾ ਕਢਣ ਵੇਲੇ ਸਾਡੇ ਵਲੋਂ ਸੁਰਖਰੂ ਕਰ ਦਿੱਤਾ ਹੈ। ਤਾਂ ਕਹਿੰਦਾ, ਜੋ ਮੇਰੀ ਸੱਚੀ ਸਰਕਾਰ ਏ ਉਸ ਦਾ ਹੁਕਮ ਏ, "ਪਰਾਈ ਅਮਾਣ ਕਿਉ ਰਖੀਐ ਦਿੱਤੀ ਹੀ ਸੁਖੁ ਹੋਇ ॥" ਕਹਿ, ਦੇ ਚਲੇ ਜਾਂਦੇ।

ਸੇਠ, ਸੰਤ ਤੇਜਾ ਸਿੰਘ ਜੀ ਦੇ ਦਰਸਨ ਨੂੰ ਲੋਕ ਆਉਂਦੇ ਤਾਂ ਤੇਜਾ ਸਿੰਘ ਜੀ ਕਹਿੰਦੇ, ਮੇਰਾ ਦਰਸਨ ਕੀ ਕਰਦੇ ਹੋ, ਉਸ ਮੇਰੇ ਸਤਿਗੁਰੂ ਜੀ ਦਾ ਦਰਸਨ ਕਰੋ ਜਿਸ ਮੈਨੂੰ ਬਚਨ ਕੀਤਾ ਸੀ, "ਦਖਣ ਵਲ ਚਲਾ ਜਾਹ ਗੁਰੂ ਭਲੀ ਕਰੇਗਾ।" ਤੇਜਾ ਸਿੰਘ ਜੀ ਕੋਠੀਆਂ ਪਵਾਈਆਂ, ਗਰੀਬਾਂ ਦੀਆ ਧੀਆਂ ਵਿਆਹੀਆਂ, ਜਨੌਰਾਂ ਨੂੰ ਦਾਣੇ ਰੋਜ ਪਾਣੇ ਤੇ ਅੰਧਿਆਂ ਨੂੰ ਵਿੱਦਿਆ ਦੇਣ ਲਈ ਸਕੂਲ ਖੋਲ੍ਹਣ ਦੀ ਆਸ਼ਾ ਕੀਤੀ। ਮੈਂ ਉਹਨਾਂ ਦੇ ਸੌਂਹਵੇਂ ਇਕ ਅੰਧੇ ਨੂੰ ਕਾਗਤ ਤੇ ਚੋਭਾਂ ਲਗੀਆਂ ਟੋਹ ਪੜ੍ਹਦਿਆਂ ਸੁਣਿਆ ਸੀ। ਕੁਦਰਤ ਵਸ ਸੰਤ ਜੀ ਚੜ੍ਹਾਈ ਕਰ ਗਏ ਤੇ ਇਹ ਆਸ਼ਾ ਉਹਨਾਂ ਦੀ ਸਿਰੇ ਨਾ ਚੜ੍ਹੀ। ਸਤਿਗੁਰੂ ਜੀ ਨੂੰ ਵੀਹ ਹਜ਼ਾਰ ਭੇਟਾ, ਕਰਜੇ ਲੱਥੇ ਬਾਦ ਭੈਣੀ ਸਾਹਿਬ ਜਾ ਕੀਤਾ ਸਾ ਨੇ। ਹਰ ਪੰਥਕ ਕੰਮ ਦੇ ਮੋਹਰੀ ਰਹੇ ਮੈਂ ਵੇਖੇ ਹਨ। ਹੋਰ ਇਹਨਾਂ ਦੇ ਬਚਨ ਅਗੇ ਆਉਣਗੇ।

*ਮੈਨੂੰ ਬਹੁਤ ਅਫਸੋਸ ਉਸ ਉਦਾਰ ਪਿਤਾ ਦੇ ਪੁੱਤ੍ਰਾਂ ਤੇ ਆਇਆ ਜਦ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਦੇ ਇਤਫਾਕ ਲਈ ਚਾਰਾ ਕਰਨ ਤੇ ਭੀ ਇਕ ਭਾਈ ਦੀ ਕੋਈ ਨਾ ਸੁਣੀ ਤਿੰਨਾਂ ਭਰਾਵਾਂ। ਹੈਦਰਾਬਾਦ ਜਦ ਉਹ ਆਪ ਖੰਡ ਦੀਆਂ ਮਿੱਲਾਂ ਦੇ ਦਲਾਲ ਹਨ। ਲੱਖਾਂ ਦੇ ਵਣਜ ਕਰਦੇ ਹਨ। ਬੀਮਾਰ ਮਰਦੇ ਭਰਾ ਤੇ ਤਰਸ ਨਾ ਕੀਤਾ। ਮੇਰਾ ਚਾਰਾ ਤੇ ਕੁਝ ਨਾ ਚਲਿਆ ਪਰ ਤੇਜਾ ਸਿੰਘ ਜੀ ਜ਼ਰੂਰ ਯਾਦ ਪਏ। ਅੱਜ ਉਹ ਉਦਾਰ ਚਿਤ ਪਿਤਾ ਹੁੰਦਾ, ਜੋ ਓਮੀਆਂ ਦੀ ਭੀ ਬਿਪਤਾ ਕਟਦਾ ਸੀ।

---

*ਹੈਦਰਾਬਾਦ ਜਦ ਗਏ ਸੀ, ਉਹ ਇਤਿਹਾਸ ਜੋ ਮੈਂ ਲਿਖ ਸਕਿਆ ਇਹ ਵਾਰਤਾ ਉਸ ਵਿਚ ਆਵੇਗੀ। ਹਾਲੀ ਮੈਂ ਦਸਤਾਰ-ਬੰਦੀ ਤਕ ਹੀ ਸਮੇਂ ਦਾ ਹਾਲ ਲਿਖਿਆ ਹੈ। ਸਤਿਗੁਰੂ ਜਗਜੀਤ ਸਿੰਘ ਦਾ।

Sri Satguru Jagjit Singh Ji Elibrary NamdhariElibrary@gmail.com

ਤਾਂ ਇਸ ਪੁੱਤ੍ਰ ਦਾ ਕੋਈ ਦੋਸ ਨ ਵਚਾਰਦਾ ਤੇ ਪਿਤਾ ਦਾ ਭਾਰ ਉਤਾਰਦਾ।

ਮੈਂ ਮਨ ਬੁਧ ਬਲ ਖੋਜ ਕਰ ਜੋ ਲਿਖਿਆ ਹੈ ਹਾਲ।
ਸ੍ਰੀ ਸਤਿਗੁਰੂ ਜੀ ਦਇਆ ਕਰ ਰਖਣ ਵਸਤ ਸੰਭਾਲ।
ਮੇਰੀ ਮਿਹਨਤ ਥਾਂ ਪਵੇ ਰਹੇ ਸੰਗਤ ਨੂੰ ਯਾਦ।
ਸਾਡੇ ਵੱਡੇ ਕਿਵੇਂ ਦੇ ਕਿਵੇਂ ਦੀ ਅਸੀਂ ਉਲਾਦ।
ਸਾਰੀ ਉਮਰ ਦੇ ਲਿਖੇ ਤੋਂ ਜੇ ਇਕ ਭੀ ਮੱਤ ਲਏ।
ਚੰਗਾ ਲਗੇ ਤਾਂ ਦਾਸ ਦੇ ਮਿਹਨਤ ਪਲੇ ਪਏ।
ਹੁਣ ਅਗੇ ਇਤਿਹਾਸ ਦਾ ਹੋਵੇ ੭੭ ਵਾਂ ਸਾਲ।
ਗੁਰ-ਜੱਸ ਸਿੰਧ ਚੋ ਬੂੰਦ ਇਹ ਤਰਨ ਸਿੰਘ ਦੇ ਭਾਲ।
ਸਾਧ ਸੰਗਤ ਸਤਿਗੁਰੂ ਕੀ ਭੁਲਾਂ ਬਖਸ਼ਣ ਜੋਗ।
ਦਇਆ ਕਰੇ ਇਹ ਦਾਸ ਪਰ ਬਖਸੇ ਰਿਦਾ ਅਰੋਗ।

## *ਸਾਧ ਲੁੱਕ ਕੇ ਲੰਘਦੇ*

ਸੰਤ ਗੁਰਬਖਸ਼ ਸਿੰਘ ਜੀ ਕੋਟਲੀ ਅਰੂੜਾ ਜੇ ਘਰ ਆਏ ਸਾਧਾਂ ਨੂੰ ਜਾਣ ਹੀ ਨਾ ਦੇਂਦੇ ਸੀ। ਸਾਧ ਜੰਗਲ ਗਏ ਜਾਂ ਨੱਸ ਕੇ ਇਸ ਤੋ ਵਸਤਾਂ ਸੁੱਟ ਜਾਂਦੇ ਸੀ। ਕਈ ਤੇ ਇਹਨਾਂ ਦੇ ਬਿਨ ਮਿਲਿਆਂ ਲੁਕ ਲੰਘਦੇ ਸੀ। ਇਹਨਾਂ ਦੇ ਨਗਰ ਨੇੜਿਉਂ ਕਿ ਜੇ ਉਸ ਦੇਖ ਲਿਆ ਤਾਂ ਅਜ ਜਾਣ ਨਹੀਂ ਦੇਣਾ। ਇਹ ਸਾਧਾਂ ਦੇ ਕਪੜੇ ਗਡਵੇ ਲੁਕਾ ਦੇਂਦਾ ਸੀ ਕਿ ਜਾਣ ਨਾ।

## *ਚੋਰ ਔਖੇ ਹੋਣਗੇ*

ਚੱਕ ਰਾਮ ਦਾਸ, ਸੰਤ *ਮੂਲਾ ਸਿੰਘ, ਭੈਣ ਵਿਧਵਾ ਹੋਈ ਕੋਲ ਰਹੰਦ ਪੁਰ ਦਫ਼ਪ 'ਚੋਂ ਆ ਟਿਕੇ ਸੀ। ਭਜਨ ਬਾਣੀ ਕਰਦੇ ਤੇ ਰਾਮ ਦੀ ਰਜ਼ਾ ਵਿਚ ਰਾਜ਼ੀ ਰਹਿੰਦੇ। ਇਹਨਾਂ ਦੀਆਂ ਦੋਵੇਂ ਲਵੇਰੀਆਂ ਚੋਰ ਲੈ ਗਏ। ਇਹਨਾਂ ਪਿਛੇ ਪਈ ਵਾਹਰ ਨੂੰ ਬਾਹਰ ਜਾ ਮੋੜ ਲਿਆਂਦਾ। ਇਹ ਕਹਿ, ਕਿ ਉਹ ਕਿੱਡੇ ਔਖੇ ਹੋਏ ਹਨ ਲਵੇਰੀਆਂ ਲਿਜਾਣ ਲਈ ਰਾਤ। ਤੁਸੀਂ ਜੇ ਭਾਲ ਵਾਪਸ ਲਿਆਵੋਗੇ, ਚੋਰ ਹੋਰ ਔਖੇ ਹੋਣਗੇ। ਜਿਵੇਂ ਰਾਮ ਦੀ ਰਜ਼ਾ ਸੀ ਹੋ ਗਿਆ, ਹੁਣ ਹੋਰ ਕੁਝ ਨਾ ਕਰੋ।

## *ਮਝਾਂ ਗੁਰੂ ਕੀਆਂ*

ਸੰਤ ਅਨੋਖ ਸਿੰਘ ਜੀ ਸਮਸੇ ਦੇ ਜਦ ਤੋਂ ਸਿੱਖ ਹੋਏ। ਪਰਾਏ ਕਿੱਕਰ ਦੀ ਸੁਕੀ ਮੋਹੜੀ ਭੀ ਵਢ ਨ ਬਾਲਣ ਲਈ ਘਰ ਲਿਆਉਂਦੇ। ਹਲ ਵਾਹਦੇ ਚੁਪ ਕੀਤੇ ਭਜਨ ਕਰਦੇ, ਜੇ ਪਸ਼ੂ ਨ ਤੁਰੇ, ਮਾਰਦੇ ਨ, ਛਡ ਨੁਹਾ, ਪੱਠੇ ਖੁਆਂਦੇ, ਫੇਰ ਜੋਂਦੇ। ਕੋਲ ਦੇ ਖੇਤ ਵਾਲੇ ਵੱਲ ਪਸ਼ੂ ਦਾ ਪੈਰ ਨ ਪੈਣ ਦੇਂਦੇ, ਮਤ ਉਸ ਦਾ ਫਸਲ ਫਿਸੇ। ਕਹੀ ਨਾਲ ਸਿਆੜ ਦਾ ਥਾਂ ਗੋਡਦੇ। ਮੱਝਾਂ ਚੋਰ ਲੈ ਗਏ ਤਾਂ ਭਾਲ ਨ ਕੀਤੀ ਤੇ ਕਿਹਾ, ਜੇ ਸਾਡੀਆਂ ਹੋਈਆਂ ਤਾਂ ਆਪੇ ਆਉਣਗੀਆਂ। ਗੁਰੂ ਜੀ ਦੀ ਦਾਤ ਹੈ, ਸਭ ਕੁਝ ਸਾਡੇ ਕੋਲ ਤੇ ਉਹ ਲਿਜਾਣ ਵਾਲਿਆਂ ਨੂੰ ਨਹੀਂ ਸੀ ਰੋਕ ਸਕਦਾ, ਅਸੀਂ ਕਿਉਂ ਕਲਪੀਏ। ਕੁਝ ਚਿਰ ਬਾਦ ਮੱਝਾਂ ਬੁਗਦੀਆਂ, ਚੋਰਾਂ ਤੋਂ ਨੱਸ ਆ ਗਈਆਂ ਤੇ ਸੰਤ ਜੀ ਨੇ ਭੈਣੀ ਸਾਹਿਬ ਭੇਜ ਦਿੱਤੀਆਂ ਕਿ ਸਾਡਾ ਕੰਮ ਚਲਦੇ। ਇਹ ਗੁਰੂ ਦੀਆਂ ਹਨ ਤਾਂ ਪਰਤੀਆ ਹਨ।

---

*ਹੁਣ ਚੀਮਾ ਜ਼ਿਲਾ ਸਿਰਸਾ 'ਚ ਰਹਿੰਦੇ ਹਨ।

Sri Satguru Jagjit Singh Ji Elibrary NamdhariElibrary@gmail.com

ਮੈਂ ਗੁਰੂ ਕਾ ਦੌਰਾ ਕਿਸੇ ਜ਼ਿਲ੍ਹੇ ਦਾ, ਸਿੱਖਾ ਦੇ ਨਗਰਾਂ ਦਾ ਵੇਰਵਾ ਇਸ ਲਈ ਏਥੇ ਨਹੀਂ ਕਰਦਾ ਕਿ ਸਤਿਗੁਰੂ ਜੀ ਕਦੇ ਕਿਸੇ ਨਗਰੋਂ ਕਿਸੇ ਸਿੱਖ ਵਲ, ਕਦੇ ਕਿਸੇ ਨੱਗਰ ਕਿਸੇ ਸਿੱਖ ਵੱਲ ਚਰਨ ਪਾਂਦੇ ਸੀ। 'ਤੇ ਗੁਰ ਸਿੱਖ ਲੱਖ ਅਸੰਖ ਜਗ, ਵਾਂਗ ਗਿਣੇ ਨਹੀਂ ਜਾਂਦੇ ਮੈਂ ਮਾਣਨੀਯ ਆਦਰਸ਼ਕ ਸਿੱਖਾਂ ਦੇ ਨਮੂਨੇ ਮਾਤ੍ਰ ਲਿਖੇ ਹਨ।

ਸਤਿਗੁਰੂ ਜੀ ਨਿਮਾਣੀ ਦੇ ਮੇਲੇ ਤੇ ਆਈ ਸੰਗਤ ਦੀ ਮੰਗ ਅਨੁਸਾਰ ਕਿਸੇ ਸਾਲ ਹਰੀਪੁਰ (ਵਡਤੀਰਥ) 'ਤੇ ਕਦੇ ਤਰਨ ਤਾਰਨ ਕੁਝ ਦਿਨ ਦੁਆਲੇ ਦੀ ਸੰਗਤ ਨਾਲ ਮਿਲ ਭਜਨ ਬਾਣੀ ਦਾ ਨੇਮ ਕਰਦੇ ਤੇ ਨੇਮ ਆਪਣਾ ਉਸ ਤਰ੍ਹਾਂ ਚਾਲੀ ਦਿਨ ਨਿਭਾਂਦੇ। ਇਸ ਸਾਲ ਨਹਿਰ ਤੇ ਨੇਮ ਕਰਨ ਦਾ ਮਤਾ ਕੀਤਾ ਤੇ ਹੁਕਮ ਕੀਤਾ, ਜਿਸ ਸਾਡੇ ਸਾਥ ਚਾਲੀ ਦਿਨਾਂ ਨੇਮ ਕਰਨਾ ਹੈ, ਸਮੇਤ ਜਥੇ ਸਾਥ ਰਲੇ। ਸੰਤ ਆਲਾ ਸਿੰਘ ਜੀ ਤੇ ਸੰਤ ਮੋਹਣ ਸਿੰਘ ਜੀ ਸਾਥ ਰਲੇ ਤੇ ਨਹਿਰ ਤੇ ਨੇਮ ਰਖਿਆ। ਸੰਤੋਖ ਸਿੰਘ ਜੀ ਦੇ ਲਿਖੇ ਪੁਸਤਕ ਦੀ ਕਥਾ ਤੇ ਹੁਕਮਨਾਮਿਆਂ ਦਾ ਪਾਠ ਇਕਾਂਤ ਕਰਨਾ। ਪਿਛਾ ਰਾਤ ਜਾਗਣਾ, ਥੋੜਾ ਸੌਣਾ, ਛਕਣਾ, ਬੋਲਣਾ ਤੇ ਘਿਉ ਦੀ ਜੋਤ ਜਗਾ, ਚੌਕੜਾ ਲਾ, ਧੂਪ ਸਮਗਰੀ ਧੁਖਾ, ਚੁੱਪ ਮਗਨ ਭਜਨ ਦੀ ਵਰਨੀ ਕਰਨੀ।

## *ਮਾਤਾ ਭੁਪਿੰਦਰ ਕੌਰ ਜੀ ਦਾ ਇਸਤਰੀਆਂ ਤੇ ਉਪਕਾਰ*

ਮਾਤਾ ਭੁਪਿੰਦਰ ਕੌਰ ਜੀ ਸਤਿਗੁਰੂ ਜੀ ਪਾਸ ਅਰਜ ਕੀਤੀ, ਜੇ ਆਗਿਆ ਹੋਵੇ ਮੈਂ ਭੀ ਵਰਨੀ ਕਰਾਂ। ਸਤਿਗੁਰੂ ਜੀ ਬਚਨ ਕੀਤਾ, ਇਸਤ੍ਰੀ ਜਾਮਾ ਅਵੱਸ਼ ਕਦੀ ਕਦੀ ਅਪਵਿਤ੍ਰ ਹੋ ਜਾਂਦਾ ਹੈ। ਆਪ ਨੇ ਉਸ ਸਮੇਂ ਦੀ ਸੂਝ ਰੱਖਣੀ। ਭਜਨ ਨੇਮ ਬਾਣੀ ਦੀ ਆਪ ਨੂੰ ਆਗਿਆ ਹੈ। ਇਹ ਇਸਤ੍ਰੀ ਜਾਤੀ ਜੋਗ ਉਪਕਾਰ ਹੈ।

ਮਾਤਾ ਭੁਪਿੰਦਰ ਕੌਰ ਜੀ ਦੀ ਸੇਵਕ ਇਸ ਸਮੇਂ ਸੰਤ ਉਤਮ ਸਿੰਘ (ਗੁਰਪੀਰ) ਦੀ ਭੈਣ ਈਸਰ ਕੌਰ ਸੀ। ਇਹ ਡੇਰੇ ਦੇ ਅੰਗੇ, ਦੁਆਲੇ ਝਾੜੂ ਦੇਂਦੀ ਤੇ ਮਾਤਾ ਜੀ ਦੇ ਬਸਤ੍ਰ ਧੋਂਦੀ। ਇਸ ਨੂੰ ਸਾਥ ਲੈ ਮਾਤਾ ਜੀ ਆਪਣੀ ਵੱਖਰੀ ਕੱਖਾਂ ਦੀ ਝੁੱਗੀ ਵਿਚ ਨੇਮ ਚਾਹਲੀਆ ਭਜਨ ਵਰਨੀ ਜੋਤ ਘਿਉ ਦੀ ਤੇ ਧੂਪ ਦਾ ਅਰੰਭਿਆ। ਈਸਰ ਕੌਰ ਤੋਂ ਸੁਣ, ਹੋਰ ਬੀਬੀਆਂ ਭੈਣੀ ਸਾਹਿਬ ਤੋਂ ਆ, ਮਰਯਾਦਾ, ਸੁੱਚ, ਇਸ਼ਨਾਨ, ਬੋਲਣ, ਜਾਗਣ ਦੀ ਸਮਝ ਸਾਥ ਰਲੀਆਂ ਤੇ ਸਤਿਗੁਰੂ ਜੀ ਦੇ ਨੇਮ ਨਾਲ ਹੀ ਭੋਗ ਪਾਇਆ, ਕੜਾਹ ਪ੍ਰਸਾਦ [illegible]।

ਭਾਵੇਂ ਕਥਹਿਰੇ, ਅੰਮ੍ਰਿਤ, ਸੋਧ, ਦੀਵਾਨ ਲਾਣਾ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਇਸਤ੍ਰੀ ਜਾਤੀ ਨੂੰ ਮਿਲਿਆ ਹੋਇਆ ਸੀ। ਮਾਈ ਹੁਕਮੀ ਵੜ੍ਹਿਆਂ ਵਾਲੀ ਤੇ ਖੇਮ ਕੌਰ ਸਿਆਹੜ ਵਾਲੀ ਦੇ ਅਰਜ ਕਰਨ ਤੇ, ਪਰ ਇਹ ਪੂਰਾ ਵਰਨੀ ਤੇ ਗੁਰਬਾਣੀ ਦੇ ਨੇਮ ਦਾ ਸਿੱਖਾਂ ਸਮਾਨ ਮਾਈਆਂ ਬੀਬੀਆਂ ਨੂੰ, ਮਾਤਾ ਭੁਪਿੰਦਰ ਕੌਰ ਹੀ ਸਤਿਗੁਰੂ ਪਰਤਾਪ ਸਿੰਘ ਜੀ ਪਾਸੋਂ ਮੰਗ ਕਰ, ਆਪ ਅੱਗੇ ਲੱਗ ਕਰ ਕਰਾ, ਹੱਕ ਲੈ ਦਿਤਾ ਹੈ। ਜਿਵੇਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਮਧਮ ਹੋਈ ਗੁਰ-ਮਰਯਾਦਾ ਅਨੰਦ ਆਪਣੇ ਅਨੰਦ ਤੋਂ ਉੱਘੀ ਪ੍ਰਚਲਤ ਕੀਤੀ ਹੈ, ਤਿਵੇਂ ਮਾਤਾ ਭੁਪਿੰਦਰ ਕੌਰ ਜੀ ਨੇ ਮਾਈਆਂ ਜੋਗ ਇਹ ਮਹਾਨ ਉਪਕਾਰ ਕੀਤਾ ਹੈ, ਮਨੁਖਾਂ ਦੇ ਬਰੋਬਰ ਭਜਨ ਬੰਦਗੀ ਮੰਗ ਲੈਣ ਤੇ ਸਿਖਿਆ ਦਾ।

## ਸਤਿਜੁਗ ਸੇਵਾ

ਸੰਤ ਮੰਗਲ ਸਿੰਘ ਜੀ ਚਾਹੁੰਦੇ ਸੀ, ਸਿੱਖ ਤਕੜੇ ਹੋ, ਸਤਿਜੁਗ ਦਾ ਕੰਮ ਕਰਨ ਤੇ ਕਹਿਣ ਕੌਣ ਹੈ ਸਾਡੇ ਅਖ਼ਬਾਰ ਨੂੰ ਰੋਕਣ ਵਾਲਾ। ਅਸਲ ਗੱਲ ਇਹ ਸੀ, ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਤੇ ਇਤਿਹਾਸ ਅੰਗਰੇਜ਼ਾਂ ਤੇ ਸਿੰਘ-ਸਭੀਆਂ ਨੂੰ ਚੁੱਭਦਾ ਸੀ। ਸਤਿਗੁਰੂ ਜੀ ਕਿਹਾ, ਤੁਸੀਂ ਉਹ ਜੁਗਤ ਵਰਤੋ, ਅਵਾਜ ਘੱਟ ਹੋਵੇ ਤੇ ਸੱਟ ਜ਼ਿਆਦਾ ਵੱਜੇ। ਲਿਖਤੀ ਪ੍ਰਚਾਰ ਅਖ਼ਬਾਰ ਸਤਿਜੁਗ ਤੇ ਸਹੀ ਮਸਾਲਾ ਖੋਜ ਕੇ ਲਿਖੋ। ਮਹਾਰਾਜ ਗੁਰਦਿਆਲ ਸਿੰਘ ਜੀ ਤੇ ਆਲਿਮ ਜੀ, ਸੰਤ ਮੰਗਲ ਸਿੰਘ ਜੀ ਕਾਂਗਰਸ ਦੇ ਨਾਲ ਮਿਲ ਖੇਲਦੇ ਤੇ ਖੋਜ ਭੀ ਕਰਦੇ। ਮਹਾਰਾਜ ਗੁਰਦਿਆਲ ਸਿੰਘ ਜੀ ਦਿਨ ਰਾਤ ਇਕ ਕਰ ਪੁਰਾਣੇ ਅਖ਼ਬਾਰ ਕਲਕੱਤੇ ਤੋਂ ਅੰਮ੍ਰਿਤ ਬਜ਼ਾਰ ਪਤ੍ਰਿਕਾ ਤੇ ਕਾਲਾ ਸਿੰਘ ਦੇ ਲਿਖੇ ਪੰਥ ਪ੍ਰਕਾਸ਼ 'ਚੋਂ ਖੋਜ ਭਰਪੂਰ ਲੇਖ ਦੇਂਦੇ। ਤੇ ਸੰਤੋਖ ਸਿੰਘ ਜੀ ਦੇ ਲਿਖੇ ਸਤਿਗੁਰੂ ਬਿਲਾਸ ਤੇ ਬਿਰਧ ਸਿੱਖਾਂ ਤੇ ਮਾਤਾ ਜਿਉਣ ਕੌਰ ਜੀ ਤੋਂ ਪੁੱਛ ਸਤਿਜੁਗ ਤੇ ਲੇਖ ਲਿਖਦੇ।

ਸਿੰਘ-ਸਭੀਏ ਕਹਿੰਦੇ, ਇਹ ਰਾਮ ਸਿੰਘ ਨੂੰ ਬਾਬਾ ਜਾਂ ਭਾਈ ਤਾਂ ਲਿਖਣ, ਪਰ ਸਤਿਗੁਰੂ ਕਿਉਂ ਲਿਖਦੇ ਹਨ ਤੇ ਕਿਉਂ ਗੁਰੂ ਨਾਨਕ ਜੀ ਦੇ ਨਾਲ ਲੜੀ ਤੇ ਨਾਮ ਮੇਲਦੇ ਹਨ। ਅੰਗਰੇਜ਼ ਇਤਿਹਾਸਕ ਸਚਾਈ ਨੂੰ ਲੁਕਾਈ ਰਖਣ ਲਈ ਸਾਹਵੇਂ ਨ ਸੀ ਆਉਣ ਦੇਣਾ ਚਾਹੁੰਦੇ। ਕੂਕਿਆਂ ਦਾ ਫਾਹੇ ਲਗਣਾ ਤੇ ਤੋਪਾਂ ਅਗੇ ਉਡਣਾ, ਸਤਿਗੁਰੂ ਜੀ ਦਾ ਬਿਦੇਸ ਹੋਣਾ ਦਸਣੋਂ ਤੇ ਅੰਗਰੇਜ਼ ਰਾਜ ਦੀਆਂ ਜ਼ੁਲਮੀਆਂ ਦਸਣੋਂ ਰੋਕਦਾ ਸੀ। ਮਤ ਭਾਰਤ, ਪੰਜਾਬ ਜੋਸ਼ 'ਚ ਆਵੇ। ਪਰ ਗੋਰਾ-ਰਾਜ ਸਿੱਧਾ ਹੱਥ ਨ ਪਾਂਦਾ ਕਿ ਕੂਕੇ, ਕਾਂਗਰਸ ਤੇ ਹੋਰ ਸਭ ਕੌਮਾਂ ਇਕੱਠੀਆਂ ਹੋ ਸਾਡੇ ਵੱਲ ਮੂੰਹ ਕਰਨ। ਸਿੰਘ-ਸਭੀਆਂ ਨੂੰ, ਸਤਿਗੁਰੂ ਰਾਮ ਸਿੰਘ ਜੀ ਨੂੰ ਸਤਿਗੁਰੂ ਲਿਖਣ ਤੋਂ ਕਹਿ ਕੇ ਛੇੜਖਾਨੀ ਤੇ ਰੋਕ ਕਰਾਂਦਾ।

## ਸਤਿਜੁਗ ਵੇਚਿਆ

ਝੰਡਾ ਸਿੰਘ ਮਸਤਾਨਾ, ਕਿਰਪਾ ਸਿੰਘ ਢਰਨਾਂ ਦੇ ਤੇ ਨਿਹਾਲ ਸਿੰਘ ਕਾਲੇਕਿਆਂ ਦੇ, ਦੋ ਦਿਨ ਸਤਿਜੁਗ ਦੇ ਕੁਝ ਪਰਚੇ ਮੇਲੇ ਵਿਚ ਵੇਚੇ, ਤੀਜੇ ਦਿਨ ਨਿਹਾਲ ਸਿੰਘ ਕਾਲੇਕੀ ਟੁਰ ਗਿਆ। ਕਿਰਪਾ ਸਿੰਘ, ਝੰਡਾ ਸਿੰਘ ਨੇ ਜਾਨ ਹੀਲ ਆਪਣੇ ਸਤਿਗੁਰੂ ਜੀ ਦਾ ਇਤਿਹਾਸ ਤੇ ਨਾਮ ਆਮ ਲੋਕਾਂ ਤਕ ਪੁਚਾਣ ਦਾ ਮਹਾਨ ਕੰਮ ਕੀਤਾ ਤੇ ਮੁੱਢ ਇਸ ਹਿੰਮਤ ਹੌਸਲੇ ਦਾ ਮਹਾਰਾਜ ਗੁਰਦਿਆਲ ਸਿੰਘ ਜੀ ਬੰਨ੍ਹਿਆ। ਜਿਵੇਂ ਹਰ ਮਜ਼੍ਹਬ ਦੇ ਵਿਦਵਾਨ ਤੇ ਕੁਰਬਾਨੀ ਕਰਨ ਵਾਲੇ ਬੰਨ੍ਹਦੇ ਹਨ। ਆਲਿਮ ਜੀ ਨਿਰੰਕਾਰ ਸਿੰਘ ਜੀ ਚੇਤਨ, ਸੰਤ ਮੰਗਲ ਸਿੰਘ ਜੀ, ਭਗਵਾਨ ਸਿੰਘ 'ਦਾਸ' ਭੀ ਬਹੁਤ ਸੋਹਣਾ ਲਿਖਦੇ ਕਵਿਤਾ ਤੇ ਲੇਖਾਂ ਵਿਚ ਨਿਰਭੈ ਹੋ।

ਵੈਸਾਖੀ ਦੇ ਮੇਲੇ ਤੇ ਅੰਮ੍ਰਿਤਸਰ ਸਿੰਘ-ਸਭੀਆਂ ਕਿਹਾ, ਜੋ ਸਤਿਜੁਗ 'ਚ ਕੂਕੇ ਸਤਿਗੁਰੂ ਰਾਮ ਸਿੰਘ ਨੂੰ ਲਿਖਦੇ ਹਨ। ਅਸਾਂ ਉਹ ਏਥੇ ਨਹੀਂ ਵਿਕਣ ਦੇਣੀ ਅਖ਼ਬਾਰ। ਸਤਿਗੁਰੂ ਜੀ ਹੁਕਮ ਕੀਤਾ, ਕੋਈ ਸਿੱਖ ਨਿੱਤਰੇ ਜੋ ਸਤਿਜੁਗ ਦੇ ਪਰਚੇ ਲੋਕਾਂ ਨੂੰ ਦੇਵੇ। ਝੰਡਾ ਸਿੰਘ ਮਸਤਾਨਾ ਕਿਲਾ ਸੁਬਾ ਸਿੰਘ ਦਾ, ਨਿਤਰਿਆ ਤੇ ਪ੍ਰਕਰਮਾ ਵਿਚ ਖੜ, ਪੜ੍ਹ, ਵੇਚੇ ਪਰਚੇ।

## ਹਿੰਦੂ ਚੱਕ ਮੇਲਾ

ਮੇਰੇ ਪਿਤਾ ਸੰਤ ਸਿੰਘ ਜੀ ਇਸੇ ਸਾਲ ੨੦ ਭਾਦਰੋਂ ਚੜ੍ਹੇ ਸੀ ਤੇ ਮੈਂ ੨੦ ਅਸੂ ਉਹਨਾਂ ਦੇ ਨਮਿੱਤ ਮੇਲਾ ਕੀਤਾ ਸੀ–ਸਤਿਗੁਰੂ ਜੀ, ਮਾਤਾਵਾਂ ਜਿਊਣ ਕੌਰ ਜੀ ਫਤਹ ਕੌਰ ਜੀ ਤੇ ਸੰਤ ਮੋਹਣ ਸਿੰਘ ਜੀ ਜਥੇ ਸਮੇਤ ਹੋਰ ਬਹੁਤ ਸਾਧ ਸੰਗਤ ਦਰਸਨ ਦਿੱਤੇ ਸੀ। ਸਤਿਗੁਰੂ ਜੀ ਸੰਤ ਸੋਣ ਸਿੰਘ ਘਰਜਾਖ ਵਾਲਿਆਂ ਦੇ ਮੇਲੇ ਤੋਂ ਗੁਜਰਾਂਵਾਲਿਉਂ ਦੀਦਾਰ ਸਿੰਘ ਦੇ ਕਿਲੇ ਦੀ ਸੜਕ ਤੇ ਉਸ ਦਾ ਮੇਲਾ ਕੀਤਾ ਸੀ। ਇਸ ਮੇਲੇ ਤੇ ਗੁਜਰਾਂਵਾਲੇ ਦੇ ਕਈ ਸਿੰਘਾਂ ਨੇ ਸ਼ਾਦੀਆਂ ਵਿਚ ਮਠਿਆਈ ਚੌਲ ਵਰਤੇ ਸੀ ਤੇ ਸਤਿਗੁਰੂ ਜੀ ਕਈਆਂ ਨੂੰ ਸਖਤ ਤਾੜਨਾ ਕੀਤੀ ਸੀ। ਅਗੋਂ ਮਨ ਵਿਚ ਧਾਰੀ ਸੀ ਕਿਸੇ ਨੂੰ ਕਸੂਰ ਕੀਤੇ ਤੇ ਰਿਐਤ ਨਹੀਂ ਦੇਣੀ ਸਿੰਘ ਵੇਸਰੇ ਹੋ ਰਹੇ ਹਨ। ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਸਤਿਗੁਰੂ ਜੀ ਨੂੰ ਬਜ਼ਾਰ 'ਚ ਜਾਂਦਿਆਂ ਮੋਢੇ ਤੋਂ ਫੜ ਕਿਹਾ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਬਖਸ਼ਿਸ਼ ਦਾ ਬੂਹਾ ਕਦੇ ਬੰਦ ਨਹੀਂ ਕਰਨਾ :–

ਹਮ ਪਾਪੀ ਸਦ ਭੂਲਤੇ ਤੁਮ ਬਖਸਨ ਹਾਰੇ ॥

ਤੁਕ ਸਦਾ ਯਾਦ ਰਖੇ ਸਤਿਗੁਰੂ ਜੀ ਇਹ ਬਚਨ ਹਿੰਦੂ ਚੱਕ ਭੀ ਆ ਸੁਣਾਇਆ ਸੀ ਤੇ ਕਈ ਵਾਰ ਸਾਧ ਸੰਗਤ ਵਿਚ ਸੁਣਾਇਆ ਕਰਦੇ ਸੀ।

ਕੱਤਕ ਪੂਰਨਮਾਸ਼ੀ ਤੇ ਨਨਕਾਣੇ ਸਤਿਗੁਰੂ ਜੀ ਦਰਸਨ ਦਿੱਤੇ। ਮਹਾਰਾਜ ਗੁਰਦਿਆਲ ਸਿੰਘ ਜੀ, ਸੰਤ ਮੰਗਲ ਸਿੰਘ ਜੀ, ਸਤਿਜੁਗ ਜੋ ਕੂਕਿਆਂ ਨੂੰ ਅਜੇ ਪੁੱਜਦਾ ਸੀ। ਆਮ ਸੰਗਤਾਂ ਜੋਗ ਵੰਡਣ ਲਈ ਪਰਚੇ ਛਾਪ ਸਪਤਾਹਕ ਲੈ ਗਏ। ਲਾਹੌਰ ਭੀ ਵੰਡਦੇ, ਪਰ ਵੇਚਣ ਲਈ ਕੋਈ ਪ੍ਰਬੰਧ ਨ ਬਣਦਾ।

## ਅੰਮ੍ਰਿਤਸਰ ਸ਼ਹੀਦੀ ਮੇਲਾ ਤੇ ਸਤਿਜੁਗ

ਸਤਿਗੁਰੂ ਜੀ ਪੰਜ ਅੱਸੂ ਸੋਮਵਾਰ ਅੰਮ੍ਰਿਤਸਰ ਵਾਲੇ ਸ਼ਹੀਦਾਂ* ਦਾ ਮੇਲਾ ਉਸੇ ਬੋਹੜ ਤਲੇ ਕੀਤਾ, ਤੇ ਮਹਾਰਾਜ ਗੁਰਦਿਆਲ ਸਿੰਘ ਜੀ, ਆਲਿਮ ਜੀ ਤੇ ਪੰਡਿਤ ਬਸੰਤ ਸਿੰਘ ਜੀ ਪ੍ਰਚਾਰ ਕੀਤਾ। ਕਤਕ ਸੁਦੀ ਪੰਚਮੀ ਸੋਮਵਾਰ ਰਾਏ ਕੋਟ, ਸ਼ਹੀਦਾਂ ਦੇ ਮੇਲੇ ਤੇ ਭੀ ਦਰਸਨ ਦੇ ਪ੍ਰਚਾਰ ਕੀਤਾ। ਲੁਧਿਆਣੇ ਮੱਘਰ ਬਾਰਾਂ ਸ਼ਨੀਵਾਰ ਸ਼ਹੀਦਾਂ ਦਾ ਮੇਲਾ ਕੀਤਾ ਤੇ ਪ੍ਰਚਾਰ ਭੀ ਕੀਤਾ। ਮਤਾ ਕੀਤਾ ਕਿ ਮਲੇਰ ਕੋਟਲੇ ਵਾਲੇ ਸ਼ਹੀਦਾਂ ਦਾ ਮੇਲਾ ਭੀ ਕਰੀਏ। ਪਰ ਸਤਿਗੁਰੂ ਜੀ ਸਲਾਹ ਦਿੱਤੀ, ਹੋਰ ਥਾਂ ਕਰੀਏ, ਮਤ ਤੁਰਕ ਨ ਰੋਕ ਪਾਣ ਕੋਟਲੇ, ਖੋਟਿਆਂ ਦੇ ਅਨੰਦਾਂ ਦੇ ਮੇਲੇ ਤਰ੍ਹਾਂ ਦੀ ਬਿਧ ਸੌਂਤ ਬਣੇ। ਬੋਲਣ ਭੀ ਇਹਨਾਂ ਮੇਲਿਆਂ ਤੇ ਇਸ ਬਿਧਿ ਦਾ ਕਰਦੇ ਕਿ ਸਾਡੇ ਤੇ ਜ਼ੁਲਮ ਹੋਏ ਹਨ। ਸਭ ਨੇ ਫਰਕ ਨਹੀਂ ਰਖਿਆ ਸਾਡੇ ਨਾਲ। ਮੁਕਤਸਰ ਮੇਲਾ ਕਰਨ ਦੀ ਸਲਾਹ ਕੀਤੀ ਮਾਘੀ ਜੋਗ। ਸਤਿਜੁਗ 'ਚ ਛਾਪ ਦਿੱਤਾ ਸਭ ਪੰਥ ਆਵੇ। ਹਰ ਮੇਲੇ ਤੇ ਮਹਾਰਾਜ ਗੁਰਦਿਆਲ ਸਿੰਘ ਲਿਖਤੀ ਤੇ ਜ਼ਬਾਨੀ ਪ੍ਰਚਾਰ ਕਰਦੇ ਕੂਕਾ ਇਤਿਹਾਸ ਦਾ।

---

*ਸ਼ਹੀਦਾਂ ਦੇ ਮੇਲਿਆਂ ਤੇ ਭੋਗ ਪਾਂਦੇ, ਪ੍ਰਸ਼ਾਦ ਵਰਤਾਂਦੇ।

Sri Satguru Jagjit Singh Ji Elibrary NamdhariElibrary@gmail.com

## ਵੱਡੇ ਸਾਹਿਬਜ਼ਾਦੇ (ਬਾਬਾ ਜਗਜੀਤ ਸਿੰਘ ਜੀ)

੧੯੭੭ ਬਿ: ੮ ਮਘਰ ਸੋਮਵਾਰ, ਕੱਤਕ ਸੁਦੀ ਤ੍ਰੋਦਸੀ ਅੰਮ੍ਰਿਤ ਵੇਲੇ ਸ੍ਰੀ ਭੈਣੀ ਸਾਹਿਬ ਮਾਤਾ ਭੂਪਿੰਦਰ ਕੌਰ ਦੀ ਕੁਖੋਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਗ੍ਰਿਹਿ ਵਿਖੇ ਸਾਹਿਬਜ਼ਾਦੇ ਦਾ ਜਨਮ ਹੋਇਆ। ਮਾਤਾ ਰਾਮ ਕੌਰ ਜੀ ਗੁਰੂਸਰ ਵਾਲਿਆਂ ਉਸ ਵਕਤ ਕੰਨ ਵਿਚ ਭਜਨ ਦੱਸ ਧੰਨ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਕਹਿ, ਬਾਅਦ ਆਪਣੇ ਹੱਥੀਂ ਗੁੜ ਦੀ ਗੁੜਤੀ ਦਿੱਤੀ ਤੇ ਰਾਮਸਰ ਦਾ ਜਲ ਮੰਗਾ, ਦੁਧੀ ਧੋ ਮੁੱਖ ਪਾਈ। ਬੇਅੰਤ ਖੁਸ਼ੀਆ ਸੰਗਤ ਨੂੰ ਹੋਈਆ ਤੇ ਸਭ ਸਾਹਿਬਜ਼ਾਦੇ ਦਾ ਨਾਮ ਬੇਅੰਤ ਜੀ, ਬੇਅੰਤ ਜੀ ਹੀ ਕਹਿਣ।

੨੫ ਦਿਨੀਂ ਰਾਮਸਰ ਕੰਢੇ ਪਵਿਤ੍ਰ ਜਲ ਉਸੇ ਦੇ, ਨਾਲ ਇਸ਼ਨਾਨ ਕਰਾ, ਸਮੇਤ ਮਾਤਾ ਜੀ ਦੇ, ਅੰਮ੍ਰਿਤ ਸੰਤ ਆਲਾ ਸਿੰਘ ਜੀ ਨੇ ਛਕਾਇਆ। ਕੰਨ ਵਿਚ ਭਜਨ ਸਾਹਿਬਜ਼ਾਦੇ ਦੇ ਦਿੱਤਾ। ਗ੍ਰੰਥ ਸਾਹਿਬ ਦਾ ਭੋਗ ਪਾਇਆ। ਅਰਦਾਸਾ ਕਰ ਕੜਾਹ ਪ੍ਰਸਾਦ ਵਰਤਾਇਆ। ਮਾਤਾ ਰਾਮ ਕੌਰ ਜੀ ਦੇ ਮਤੇ ਅਨੁਸਾਰ ਸਤਿਗੁਰੂ ਜੀ ਦੇ ਹਜ਼ੂਰ ਜਗਜੀਤ ਸਿੰਘ ਨਾਮ ਰਖਿਆ। ਸਤਿਜੁਗ ਅਖ਼ਬਾਰ 'ਚ ਭੀ ਛਪਿਆ ਜੋ ਲਹੌਰੋਂ ਨਿਕਲਦਾ ਸੀ।

## ਸੁਹੇਵੇ ਸਾਹਿਬ ਅਖੰਡ ਪਾਠ

ਸਤਿਗੁਰੂ ਜੀ ਤੇ ਸੰਤ ਆਲਾ ਸਿੰਘ ਜੀ ਸੇਖੂਪੁਰੇ ਮਿਲੇ। ਸਤਿਗੁਰੂ ਜੀ ਕਿਹਾ, ਆਪ ਨੇ ਮਾਘੀ ਦੇ ਮੇਲੇ ਤੇ ਮੁਕਤਸਰ ਜ਼ਰੂਰ ਔਣਾ। ਸੰਤ ਜੀ ਅਰਜ਼ ਕੀਤੀ। ਆਪ ਦੇ ਹਜ਼ੂਰ ਬਾਬਾ ਸੰਤੋਖ ਸਿੰਘ ਜੀ ਦੇ ਲਿਖੇ ਪੁਸਤਕ ਤੋਂ ਇਸ ਸਾਲ ਚਾਹਲੀਏ ਨੇਮ ਸਮੇਂ ਤੇ ਸੁਣਿਆ ਹੈ, ਸੁਹੇਵੇ ਸਾਹਿਬ ਪਾਠ ਕਰਨੇ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ। ਤਦ ਤੋਂ ਅਸਾਂ ਧਾਰੀ ਹੈ ਤੇ ਸੁਹੇਵੇ ਸਾਹਿਬ ਨੂੰ ਤਿਆਰ ਹਾਂ। ਸਤਿਗੁਰੂ ਜੀ ਕਿਹਾ, ਮੈਨੂੰ ਭੀ ਰਲਾ ਲਵੋ ਪਰ ਮੁਕਤਸਰ ਮਾਘੀ ਦੇ ਮੇਲੇ ਤੇ ਪੱਕਾ ਮਤਾ ਕਰਾਂਗੇ।

ਸੰਤ ਆਲਾ ਸਿੰਘ ਜੀ, ਮੋਹਣ ਸਿੰਘ ਜੀ ਵੜਾਲੇ ਜੋਹਲਾਂ ਵਾਲੇ ਇਹਨਾਂ ਹੋਏ ਸ਼ਹੀਦਾਂ ਦੇ ਮੇਲਿਆਂ ਤੇ ਆਏ ਸੀ ਤੇ ਦੀਵਾਨ ਭੀ ਲਾਏ ਸੀ। ਪਰ ਰੁਚੀ ਇਹ ਆਮ ਧਾਰਮਕ ਹੀ ਰਖਦੇ ਸੀ।

ਮੁਕਤਸਰ ਸਭ ਨਾਮਧਾਰੀ ਪੰਥ ਇਕੱਠਾ ਹੋਇਆ। ਮਹਾਰਾਜ ਗੁਰਦਿਆਲ ਸਿੰਘ ਜੀ, ਪੰਡਤ ਬਸੰਤ ਸਿੰਘ ਜੀ, ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਇੰਦਰ ਸਿੰਘ ਜੀ ਚੱਕਰਵਰਤੀ, ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤੇ, ਸੰਤ ਭਗਤ ਸਿੰਘ ਜੀ ਦਾਤੇਵਾਲ, ਸੰਤ ਲਾਲ ਸਿੰਘ ਜੀ ਝੂਰੇਗੱਲ, ਸੰਤ ਹਰਨਾਮ ਸਿੰਘ ਰਾਗੀ ਆਦਿ ਜਥੇਦਾਰ ਪ੍ਰਚਾਰਕ ਆਏ। ਸਤਿਗੁਰੂ ਜੀ ਦੇ ਹਜ਼ੂਰ ਸਭ ਨੇ ਆਪਣੇ ਖਿਆਲ ਜ਼ਾਹਰ ਕੀਤੇ। ਮਾਲਵੇ ਦੀ ਸੰਗਤ ਤੇ ਪੰਡਤ ਬਸੰਤ ਸਿੰਘ ਜੀ ਦੇ ਅਰਜ਼ ਕਰਨ ਤੇ ਮੁਠੱਡੀ ਜ਼ਿਲ੍ਹੇ ਜਲੰਧਰ ਵਿਚ ਪੰਜ, ਛੇ, ਸੱਤ ਮਾਘ ਸ਼ਹੀਦਾਂ ਮਲੇਰ ਕੋਟਲੇ ਵਾਲਿਆਂ ਨਮਿੱਤ ਮੇਲਾ ਮਿਥਿਆ।

Sri Satguru Jagjit Singh Ji Elibrary NamdhariElibrary@gmail.com

## ਸੁਹੇਵਾ ਸਾਹਿਬ ਨੂੰ

ਸਤਿਗੁਰੂ ਜੀ ਸੰਤ ਆਲਾ ਸਿੰਘ ਜੀ ਨੂੰ ਮੁਕਤਸਰ ਸਟੇਸ਼ਨ ਤੇ ਹੀ "ਸਰਸੇ ਸਟੇਸ਼ਨ ਤੋਂ ਉਤਰ ਰਾਤ ਗੁਰੂ ਨਾਨਕ ਜੀ ਤੇ ਦਸਮ ਜੀ ਦੇ ਗੁਰਦੁਆਰੇ ਟਿਕ ਸਵੇਰੇ ਉਠ ਭਾੜੇ ਤੇ ਕਰ ਨੋਹਰ ਵਲੋਂ ਹੁੰਦੇ ਜਿਵੇ ਕਿਵੇਂ ਸਮੇਤ ਜੱਥੇ ਜੋ ਸਮੱਗਰੀ ਸਰੇ ਸਾਥ ਲੈ ਸੁਹੇਵੇ ਸਾਹਿਬ ਪੁਜੋ", ਕਹਿ ਦਿੱਤਾ। ਸੰਤ ਹਾਕਮ ਸਿੰਘ ਜੀ ਬਾਲੋਕਿਆਂ ਵਾਲਿਆਂ ਨੂੰ ਰਕਮ ਦਿੱਤੀ ਤੇ ਨਾਲ ਕਰਤਾਰ ਸਿੰਘ ਜਥੇਦਾਰ ਜਲੂਣ ਵਾਲੇ ਨੂੰ ਦਿੱਤਾ ਤੇ ਕਿਹਾ, ਹਾਫਜ਼ਾਬਾਦੋਂ ਸਭ ਪਦਾਰਥ ਬਦਾਮ, ਗਰੀ, ਸਾਬਣ ਸਰਦਾਈ ਸਸਤੀ ਮਿਲੇਗੀ, ਲੈ ਤੁਸੀਂ ਭੀ ਇਸੇ ਪਤੇ ਤੇ ਉਤਰ ਸੁਹੇਵੇ ਸਾਹਿਬ ਪੁਜੋ। ਅਸੀਂ ਸੰਤ ਮੋਹਣ ਸਿੰਘ ਜੀ ਸਮੇਤ ਮੁਠੱਡਿਆਂ ਦੇ ਮੇਲੇ ਤੋਂ ਹੋ ਆਵਾਂਗੇ।

ਸੰਤ ਹਾਕਮ ਸਿੰਘ ਜੀ ਤੇ ਕਰਤਾਰ ਸਿੰਘ ਜੀ ਜਦ ਸਰਸੇ ਉਤਰੇ, ਸਿਪਾਹੀਆਂ ਫੜੇ ਤੇ ਥਾਣੇ ਲੈ ਜਾ ਨਾਮਧਾਰੀ ਜਾਣ ਸੁਹੇਵੇ ਸਾਹਿਬ ਦਾ ਰਾਹ ਦਸ ਦਸਮ ਜੀ ਦੇ ਗੁਰਦਆਰੇ ਛੱਡ ਮੁੜੇ। ਸਵੇਰੇ ਇਹ ਊਠਾਂ ਤੇ ਕਰਾਇਆ ਕਰ ਸੁਹੇਵੇ ਸਾਹਿਬ ਪੁੱਜੇ। ਗੱਡੀ ਤਦੋਂ ਅਜੇ ਨੋਹਰ ਵਾਲੀ ਚਲੀ ਨਾ ਸੀ। ਰਾਤ ਹੀ ਪੰਧ ਕਰਦੇ ਲੋਕ ਏਧਰ ਗਰਮੀਆਂ ਤੇ ਰੇਤਾ ਕਰ।

ਸੰਤ ਆਲਾ ਸਿੰਘ ਜੀ ਸੁਹੇਵੇ ਸਾਹਿਬ ਪੁੱਜੇ ਰਾਤ, ਪਰ ਮਹੰਤ ਗੁਰਦੁਆਰੇ ਦੇ ਜੈਮਲ ਸਿੰਘ ਰਾਤ ਅੰਦਰ ਨਾ ਵੜਨ ਦਿੱਤਾ। ਨਵੇਂ ਬਣੇ ਅਕਾਲੀ ਜਾਣ। ਜੋ ਅੰਮ੍ਰਿ 'ਚ ਅੰਮ੍ਰਿਤਸਰ ਅਕਾਲ ਤਖਤ ਵਾਰਤਾ ਨਵੀਂ ਕਮੇਟੀ ਬਣੀ ਕੀਤੀ ਸੀ ਨਿਹੰਗਾਂ ਨਾਲ, ਉਹ ਸਭ ਗੁਰਦੁਆਰੀਂ ਖਬਰ ਪੁੱਜ ਡਰ ਪਿਆ ਹੋਇਆ ਸੀ। ਇਹ ਅੰਗਰੇਜ਼ ਦੀ ਚਾਲ ਸੀ ਕਿ ਹੁਣ ਸਿੱਖ ਪੰਥ ਹਿੰਦੂਆਂ ਨਾਲ ਮਤੇ ਰਲ ਸਾਡੇ ਗਲ ਪਵੇ ਕਿ ਕਿਸੇ ਤੋਂ ਧੱਕੇ, ਧਕੇ ਨਾਲ ਕੋਈ ਚੰਗੀ ਚੀਜ਼ ਜਿਸ ਖੁੱਥੀ ਹੋਵੇ ਉਸ ਨੂੰ ਸਦਾ ਉਸ ਤੋ ਖਤਰਾ ਰਹਿੰਦਾ ਹੈ। ਸਿੱਖਾਂ ਨੂੰ ਜੁਸ਼ੀਲੀ ਤੇ ਤਾਕਤਵਰ ਕੌਮ ਜਾਣ ਅੰਗਰੇਜ਼ ਲੱਬ ਪਾ ਸਬੰਧ ਬਣਾ ਆਪਣੇ ਅੰਦਰੋਂ ਸੋਚ ਸਿੱਖਾਂ ਨੂੰ ਹੋਰ ਪਾਸੇ ਲਾਣ ਦੀ ਬਿਧ ਬਣਾ ਰਹੇ ਸੀ ਤੇ ਇਹ ਚਾਲ ਅੰਗਰੇਜ਼ਾਂ ਦੀ ਚੱਲ ਉਹਨਾਂ ਦੇ ਰਾਜ ਨੂੰ ਕੁਝ ਚਿਰ ਹੋਰ ਭਾਰਤ ਤੇ ਰਹਿਣ ਲਈ ਸਮਾਂ ਦੇ ਰਹੀ ਸੀ। ਕਦੀ ਸਿੰਘ-ਸਭਾ, ਕਦੀ ਚੀਫ ਖਾਲਸਾ ਦੀਵਾਨ, ਕਦੀ ਗੁਰਦੁਆਰਾ-ਸੁਧਾਰ ਦੇ ਰੂਪ 'ਚ। ਪਰ ਅੰਗਰੇਜ਼ ਦਾ ਮਤਲਬ ਇਹ ਲਹਿਰਾਂ ਸਿੱਧ ਕਰਦੀਆਂ ਰਹੀਆਂ। ਹਿੰਦੂਆਂ ਨਾਲੋਂ ਵੱਖ ਹੋ, ਖਾਸ ਪੰਥ ਨਾਮਧਾਰੀ ਨਾਲੋਂ ਵੱਖ ਹੋ ਵਕਤ ਕੇ ਫਿਰਕਾਪ੍ਰਸਤੀ ਦਾ ਰੂਪ ਦੇ ਕੇ।

## ਝੁਮੀਏ ਦਾ ਹੁੱਕਾ ਛੁਡਾਉਣਾ

ਦਿਨ ਚੜ੍ਹੇ ਜੈਮਲ ਸਿੰਘ ਦੇ ਪੁੱਤਰ ਹਰਨਾਮ ਸਿੰਘ ਸਾਧਾਂ ਨੂੰ ਦੇਖ ਕਿਹਾ, ਇਹ ਤੇ ਨਾਮਧਾਰੀ ਹਨ, ਪਾਠ ਕਰਨ ਆਏ ਆਪਣੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸਨ ਨਮਿਤ। ਮੈਨੂੰ ਝੁਮੀਆਂ ਮਾਲੀ ਚੌਥੇ ਦਿਨ ਦਾ ਰੋਜ ਆ ਪੁੱਛਦਾ ਹੈ ਅਜੇ ਸਿੱਖ ਨਹੀਂ ਆਏ ਪਾਠ ਕਰਨ। ਮੈਨੂੰ ਉਹਨਾਂ ਦੇ ਸਤਿਗੁਰੂ ਰਾਮ ਸਿੰਘ ਜੀ ਨੇ ਰਾਤ ਜਗਾ ਦਰਸਨ ਦੇ ਕਿਹਾ ਹੈ, ਤੂੰ ਹੁੱਕਾ ਛੱਡ ਦੇ ਸਿੱਖਾਂ ਪਾਠ ਕਰਨ ਔਣਾ ਹੈ, ਉਹਨਾਂ ਨੂੰ ਤੇਰੇ ਕੋਲੋਂ ਮੁਸ਼ਕ ਆਵੇਗੀ ਤੇ ਕਹਿ ਗਏ ਹਨ ਭਜਨ ਸੰਤਾਂ ਤੋਂ ਅਰਜ਼ ਕਰ ਪੁੱਛ ਲਈਂ।

ਸੰਤ ਆਲਾ ਸਿੰਘ ਜੀ ਨੇ ਝੁਮੀਏ ਆਏ ਤੋਂ ਵਾਰਤਾ ਸੁਣਦਿਆਂ ਉਸ ਨੂੰ ਭਜਨ ਦੱਸ ਦਿੱਤਾ ਤੇ ਸਾਧਾਂ ਨੂੰ ਕਿਹਾ, ਜਦੋ ਸਾਹਿਬ ਦੀ ਮਰਜ਼ੀ ਕੋਈ ਕੰਮ ਲੈਣ ਦੀ ਹੋਵੇ ਆਪੇ ਐਸੇ ਸਬੱਬ ਲਾਂਦੇ। ਇਕ ਦਿਨ ਸਾਧਾਂ ਲੰਗਰ ਕਰ ਬਸਤਰ ਧੋਤੇ ਤੇ ਫੜ੍ਹ ਝਾੜਿਆ, ਰੁਮਾਲ ਧੋਤੇ। ਪੰਜ ਮਾਘ ਕੜਾਹ ਪ੍ਰਸਾਦ ਬਣਾ,

੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਪਾਤਸ਼ਾਹੀ ਬਾਰ੍ਹਵੀਂ ਕਹਿ। ਗੁਰ ਨਾਨਕ ਜੀ ਤੋਂ ਗੁਰੂ ਹਰੀ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਤਕ ਨਾਮ ਲੈ ਅਰਦਾਸਾ ਕਰ, ਦਿਹੁ ਦੀਦਾਰ ਸਤਿਗੁਰੂ ਰਾਮ ਸਿੰਘ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਕਹਿ, ਅਖੰਡ ਪਾਠ ਆਦਿ ਗ੍ਰੰਥ ਸਾਹਿਬ ਦਾ ਟੋਰਿਆ। ਜੈਮਲ ਸਿੰਘ ਜੀ ਤੋਂ ਗ੍ਰੰਥ ਸਾਹਿਬ ਲੈ।

## *ਮੁਠੱਡੀ ਸ਼ਹੀਦੀ ਮੇਲਾ*

ਮੁਠੱਡਿਆਂ ਦਾ ਇਹ ਮੇਲਾ ਸ਼ਹੀਦਾਂ ਮਲੇਰ ਕੋਟਲੇ ਵਾਲਿਆਂ ਨਮਿੱਤ ਲਿਖਦਿਆਂ ਸੰਤ ਕਾਲਾ ਸਿੰਘ ਜੀ ਦੇ ਲਿਖੇ 'ਚੋ ਮੈਂ ਕੁਝ ਮਦਦ ਲਈ ਹੈ। ਸੰਤ ਜੀ ਨੇ ਗੁਰੂ ਹਰੀ ਸਿੰਘ ਜੀ ਤਕ ਤੇ ਸਤਿਗੁਰੂ ਪਰਤਾਪ ਸਿੰਘ ਜੀ ਤਕ ਦਾ ਭੀ ਕੁਝ ਹਾਲ ਲਿਖਿਆ ਹੈ।

ਪੰਜ, ਛੇ, ਸੱਤ ਮਾਘ ਮੇਲਾ ਸੀ। ਪਹਿਲੇ ਦਿਨ ਤੋਂ ਸਭ ਹਿੰਦੂ, ਮੁਸਲਮਾਨ ਤੇ ਸਿੱਖ ਦੇਸ ਭਗਤ ਨੇੜੇ ਨੇੜੇ ਦੇ ਫਲੌਰ ਪੁੱਜੇ ਹੋਏ ਸਨ। ਸਤਿਗੁਰੂ ਜੀ ਦਾ ਫਲੌਰੋਂ ਲੈ ਮੁਠੱਡਿਆਂ ਤਕ ਜਲੂਸ ਕੱਢ, ਜੈਕਾਰਿਆਂ, ਬੰਦੇ-ਮਾਤ੍ਰਮ ਤੇ ਅਲਾ-ਹੂ ਅਕਬਰ ਦੇ ਅਵਾਜ਼ਿਆਂ 'ਚ ਸੁਆਗਤ ਕੀਤਾ ਗਿਆ, ਕਿਉਂ ਕਿ ਸਤਿਗੁਰੂ ਜੀ ਹੀ ਇਸ ਸ਼ਹੀਦੀ ਮੇਲੇ ਦੇ ਪ੍ਰਧਾਨ ਸੀ। ਮੁਠੱਡੀ ਪੁੱਜ ਸਤਿਗੁਰੂ ਜੀ ਵਲੋਂ ਅਫ਼ਰੋਸ ਵਿਚ ਨਾਮਧਾਰੀ ਇਤਿਹਾਸ ਦੇ ਖਾਸ ਕਾਰਨਾਮੇ, ਤੇ ਔਖੀਆਂ ਕੀਤੀਆਂ ਦੱਸੀਆਂ ਗਈਆਂ ਤੇ ਸਭ ਆਏ ਨੂੰ ਆਪਣੇ ਗੋਰੇ ਨਾਲ ਤਦੋਂ ਤਕ ਤੋਂ ਹੁਣ ਤਕ ਦੇ ਵਰਤਾਉ ਤੇ ਅਸੂਲ ਨਾ-ਮਿਲ ਵਰਤਣ ਦੇ ਦਸੇ ਗਏ ਸੀ।

ਸੰਤ ਕਾਲਾ ਸਿੰਘ ਜੀ ਦੇ ਸਤਿਗੁਰੂ ਬਿਲਾਸ, ਅਮਰ ਭਾਰਤੀ ਦੇ, ਲਿਖੇ ਸਿੱਖ ਇਤਿਹਾਸ ਤੇ ਕੂਕੇ ਪੁਸਤਕ 'ਚੋਂ ਮੈਂ ਇਸ ਮੁਠੱਡੀ ਮੇਲੇ ਹੋਏ ਸ਼ਹੀਦਾਂ ਬਾਬਤ ਦਾ ਹਾਲ ਵੇਖ ਲਿਖਦਾ ਹਾਂ। ਇਸ ਮੇਲੇ ਤੇ ਪੁੱਜਣ ਵਲੋਂ ਗੋਰੇ ਨੇ ਲੁਧਿਆਣੇ ਸਤਿਗੁਰੂ ਜੀ ਨੂੰ ਕਿਹਾ ਸੀ ਤੁਸੀਂ ਧਾਰਮਕ ਦੀਵਾਨਾਂ ਤੇ ਜਾਂਦੇ ਹੋ। ਇਸ ਮੇਲੇ ਤੇ ਹੋਰ ਗੱਲਾਂ ਹੋਣਗੀਆਂ ਤੁਸੀਂ ਨਾ ਜਾਉ, ਤਾਂ ਸਤਿਗੁਰੂ ਜੀ ਉੱਤਰ ਦਿੱਤਾ ਸੀ। ਮੇਰੇ ਗਿਆਂ ਧੀਰਜ ਤੇ ਜੁਗਤ ਹੋਰ ਹੋਵੇਗੀ, ਮੈਂ ਜ਼ਰੂਰ ਹੀ ਜਾਵਾਂਗਾ। ਕੁਝ ਕਾਂਗਰਸੀ ਭੀ ਲੁਧਿਆਣੇ ਪਹੁੰਚੇ ਤੇ ਉਹਨਾਂ ਭੀ ਗੋਰੇ ਨੂੰ ਕਿਹਾ, ਤੇਰਾ ਕੀ ਹੱਕ ਹੈ ਇਹਨਾਂ ਨੂੰ ਅਟਕਾਣ ਦਾ।

ਸਤਿਗੁਰੂ ਜੀ ਦੇ ਸੁਆਗਤ ਲਈ ਫਲੌਰੋਂ ਹੀ ਚਲੇ। ਮਹਾਰਾਜ ਗੁਰਦਿਆਲ ਸਿੰਘ ਜੀ, ਚੌਧਰੀ ਗੁਲਾਮ ਹੈਦਰ ਖਾਂ, ਕਿਚਲੂ, ਐਡੀਟਰ 'ਸਦਾਕਤ' ਲਾਹੌਰ, ਲਾਲਾ ਕੇਦਾਰ ਨਾਥ ਜੀ ਸਹਿਗਲ ਐਡੀਟਰ 'ਖਬਰਦਾਰ' ਲਾਹੌਰ, ਸੇਵਾ ਸੰਮਤੀ ਫਲੌਰ, ਖਲਾਫਤ ਕਮੇਟੀ ਲੁਧਿਆਣਾ ਦੇ ਵਲੰਟੀਅਰ ਹਜ਼ਾਰਾਂ ਦੀ ਗਿਣਤੀ ਵਿਚ, ਸਰਦਾਰ ਕਿਸ਼ਨ ਸਿੰਘ ਤੇ ਸਰਦਾਰਾ ਸਿੰਘ ਜੀ ਐਡੀਟਰ ਖਾਲਸਾ ਲਾਹੌਰ, ਮਹਿਤਾ ਅਨੰਦ ਕਿਸ਼ੋਰ ਜੀ ਲਾਹੌਰ, ਮਹਾਤਮਾ ਨੰਦ ਗੁਪਾਲ ਤੇ ਤੁਲਸੀ ਰਾਮ, ਸੁਆਮੀ ਸਰਧਾ ਨੰਦ ਜੀ, ਸਵਰਾਜ ਆਸਰਮ ਅੰਮ੍ਰਿਤਸਰ, ਹਬੀਬ ਅਲੀ ਖਾਂ ਆਦਿ ਆਏ। ਸੰਤ ਜੀ ਲਿਖਦੇ ਹਨ :—

ਦੇਸ ਭਗਤ ਸਭ ਹੀ ਚਲ ਆਏ ।
ਸਭ ਨੇ ਗੁਰ ਨੂੰ ਸੀਸ ਨਿਵਾਏ ।
ਰਾਮ ਭੱਜ ਦੱਤ ਹੈ ਪੰਡਿਤ ਜੋਈ ।
ਕਰੇ ਬੰਦਨਾ ਗੁਰ ਨੂੰ ਸੋਈ ।
ਤਿਆਗ ਮੂਰਤੀ ਗੋਕਲ ਚੰਦ ।
ਕਰੀ ਆਣ ਗੁਰ ਚਰਨੀ ਬੰਦ ।

ਮੁਠੋਂਡੀ ਸਤਿਗੁਰੂ ਜੀ ਦਾ ਉਤਾਰਾ ਚੜ੍ਹਦੀ ਤਰਫ ਤੇ ਦੀਵਾਨ ਸਥਾਨ ਪਹਾੜ ਤਰਫ ਸੀ ।

ਮਹਾਰਾਜ ਗੁਰਦਿਆਲ ਸਿੰਘ ਜੀ, ਪੰਡਿਤ ਬਸੰਤ ਸਿੰਘ ਜੀ, ਸੰਤ ਨਿਧਾਨ ਸਿੰਘ ਜੀ ਆਲਿਮ, ਅਖ਼ਬਾਰਾਂ ਦੇ ਐਡੀਟਰਾਂ ਤੇ ਦੇਸ-ਭਗਤਾਂ, ਦੇਸ਼ ਹਿੱਤ ਸ਼ਹੀਦ ਹੋਇਆਂ ਤੇ ਅਜ਼ਾਦੀ ਹਿਤ ਉਤਸਾਹ ਵਾਲੇ ਪ੍ਰਚਾਰ ਕੀਤੇ। ਕੁਝ ਪਾਠਾਂ ਦੇ ਭੋਗ ਭੀ ਸ਼ਹੀਦਾਂ ਨਮਿੱਤ ਪਾਏ। ਮੇਲੇ ਦੇ ਭੋਗ ਸਮੇਂ ਕੜਾਹ ਪ੍ਰਸਾਦ ਤੇ ਹਵਨ ਭੀ ਕੀਤਾ। ਇਹ ਸਭ ਮੇਲੇ ਦੀ ਕਾਰਵਾਈ ੧੪ ਮਾਘ ਸਤਿਜੁਗ 'ਚ ਲਾਹੌਰ ਜਾ ਮਹਾਰਾਜ ਜੀ ਤੇ ਆਲਿਮ ਜੀ ਲਿਖੀ।

ਕੁਝ ਸਿੰਘ-ਸਭੀਆਂ ਅਕਾਲੀਆਂ ਭੀ ਆ ਇਕ ਦਿਨ ਪਹਿਲੇ ਰੌਲਾ ਕੀਤਾ ਸੀ ਕਿ ਗ੍ਰੰਥ ਸਾਹਿਬ ਨਗਰ ਦੇ ਦੁਆਲੇ ਫੇਰੋ ਤੇ ਦੀਵਾਨ ਵਿਚ ਭੀ ਪ੍ਰਕਾਸ਼ੋ। ਪਰ ਸਤਿਗੁਰੂ ਜੀ ਨੇ ਸਭ ਦੀ ਰਾਏ ਨਾਲ ਉਹਨਾਂ ਨੂੰ ਕਿਹਾ, ਇਹ ਸਭ ਦਾ ਸਾਂਝਾ ਮੇਲਾ ਹੈ ਤੇ ਅਰੂੜੀਆਂ ਤੇ ਫੇਰ ਗ੍ਰੰਥ ਸਾਹਿਬ ਦੀ ਬੇਅਦਬੀ ਨਹੀਂ ਕਰਨੀ। ਸਿੰਘ-ਸਭੀਏ ਏਸ ਵਜ੍ਹਾ ਆਪਣਾ ਪ੍ਰਭਾਵ ਦੀਵਾਨ ਵਿਚ ਰਖਣਾ, ਪਾਣਾ ਚਾਹੁੰਦੇ ਸੀ। ਇਸ ਵਜ੍ਹਾ ਉਹਨਾ ਦੀ ਦਾਲ ਨਾ ਗਲੀ ਇਸ ਮੇਲੇ ਤੇ।

ਇਸ ਮੇਲੇ ਤੋਂ ਸਤਿਗੁਰੂ ਜੀ ਦਾ ਦੇਸ-ਭਗਤਾਂ, ਸਿੱਖਾਂ, ਕਾਂਗਰਸੀਆਂ ਤੇ ਖਲਾਫਤ ਵਾਲਿਆਂ ਨਾਲ ਪ੍ਰੇਮ ਵਧਿਆ। ਅਖ਼ਬਾਰਾਂ ਵਿਚ ਬਹੁਤ ਲੇਖ ਛਪੇ। ਸ਼ਹੀਦਾਂ ਤੇ ਸਤਿਗੁਰੂ ਰਾਮ ਸਿੰਘ ਜੀ ਬਾਰੇ। ਪੰਡਤ ਬਸੰਤ ਸਿੰਘ ਜੀ, ਸੂਬਾ ਸਹੀਆ ਸਿੰਘ ਜੀ ਬਹੁਤ ਅਗੇ ਹੋ ਹਿੱਸਾ ਪਾਇਆ ਇਸ ਮੇਲੇ ਤੇ। ਦੁਆਲੇ ਦੀ ਸੰਗਤ ਬਹੁਤ ਰੌਣਕ ਵਧਾਈ। ਹਿੰਦੂ, ਸਿੱਖ, ਮੁਸਲਮਾਨ ਦਾ ਸਾਂਝਾ ਸਟੇਜ ਬੋਲਣ ਵਾਲਾ ਨਾਮਧਾਰੀਆਂ ਦਾ ਤੇ ਦੇਸ-ਸੇਵਾ ਦਾ ਸਾਥੀ ਸਾਬਤ ਹੋਇਆ। ਸੰਤ ਮੰਗਲ ਸਿੰਘ ਜੀ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਕੁਝ ਮਨਸ਼ਾ ਪੂਰੀ ਹੋਈ।

ਸਨਖਤ੍ਰੇ ਜ਼ਿਲ੍ਹਾ ਸਿਆਲਕੋਟ ਵਿਚ ਤੇ ਹੁਸ਼ਿਆਰਪੁਰ ਭੀ ਮਹਾਰਾਜ ਗੁਰਦਿਆਲ ਸਿੰਘ ਜੀ ਤੇ ਉਹਨਾਂ ਦੇ ਮੇਲੀਆਂ ਸਾਥੀਆਂ ਵਲੋਂ ਉੱਦਮ ਖੇਚਲ ਕੀਤੀ ਕਾਰਨ ਕਾਨਫਰੰਸਾਂ ਮੇਲੇ ਹੋਏ ਜਿਨ੍ਹਾਂ ਵਿਚ ਅੰਗਰੇਜ਼ੀ ਸਰਕਾਰ ਦੇ ਨਾਮਧਾਰੀਆਂ ਤੇ ਜ਼ੁਲਮ ਦੱਸੇ ਗਏ ਤੇ ਭੈਣੀ ਸਾਹਿਬੋਂ ਚੌਕੀ ਚੁੱਕ ਲੈਣ ਦੀ ਬਾਬਤ ਜ਼ੋਰ ਦਿੱਤਾ ਗਿਆ।

ਸਨਖਤ੍ਰੇ ਸੰਤ ਟਹਿਲ ਸਿੰਘ ਜੀ ਸੌਂਦੇਵਾਲੀਆਂ ਬੜਾ ਉੱਦਮ ਕੀਤਾ ਸੀ ਸਣੇ ਸਾਥੀਆਂ।

ਹੁਸ਼ਿਆਰਪੁਰ ਸਤਿਗੁਰੂ ਜੀ, ਆਲਿਮ ਜੀ ਤੇ ਪੰਡਿਤ ਬਸੰਤ ਸਿੰਘ ਜੀ ਆਦਿ ਨੇ ਬਹੁਤ ਉੱਦਮ ਕੀਤਾ ਸੀ।

## *ਭਿਖਸ਼ੂ ਡਟ ਗਿਆ*

ਸਰਕਾਰ ਅੰਗਰੇਜ਼ੀ ਨੂੰ ਨੋਟਸ ਭੀ ਦਿੱਤਾ ਗਿਆ ਕਿ ਉਹ ਚੌਕੀ ਚੁੱਕ ਲਏ। ਜਿਸ ਪਾਰੋ ਮਿਸਟਰ ਬੇਰਿੰਗ ਸੁਪ੍ਰੈਂਟੈਂਡੈਂਟ ਸੀ. ਆਈ. ਡੀ. ਭੈਣੀ ਸਾਹਿਬ ਗਿਆ, ਤਦੋਂ ਸੂਰਤ ਸਿੰਘ ਭਿਖਸ਼ੂ ਹੀ ਭੈਣੀ ਸਾਹਿਬ ਸੀ। ਥੜੇ ਵਾਲੇ ਮੰਦਰ ਵਿਚ ਬੇਰਿੰਗ ਜਾਣ ਲੱਗਾ ਸਣੇ ਜੋੜੇ, ਤਾਂ ਭਿਖਸ਼ੂ ਰੋਕਿਆ, ਕਿ ਜੋੜਾ ਉਤਾਰ ਕੇ ਜਾਹ, ਤਾਂ ਅੰਗਰੇਜ਼ ਤਾੜਨਾ ਕੀਤੀ। ਭਿਖਸ਼ੂ ਡੱਟ ਕੇ ਕਿਹਾ, ਤੁਸੀਂ ਰਹੋਗੇ ਏਥੇ ਹੁਣ, ਜਾਂ ਅਸੀਂ। ਤੇ ਕਿਹਾ, ਨਹੀਂ ਰਖਣੀ ਜ਼ਾਲਮ ਸਰਕਾਰ ਹੁਣ ਅਸਾ। ਹੁਣ ਭਿਖਸ਼ੂ ਨਾਮਧਾਰੀ-ਪੁਣੇ ਤੋਂ ਪਿਛਾਂਹ ਰਹਿੰਦਾ ਹੈ। ਕਦੀ ਸਤਿਗੁਰੂ ਜੀ ਨੂੰ ਭਾਲਣ ਰੰਗੂਨ ਤੇ ਮੌਲ ਮੀਨ ਗਿਆ ਸੀ। ਤੇ ਬੋਧੀ ਭਿਖਸ਼ੂਆਂ ਨੂੰ ਦੇਖ ਆਪਣਾ ਨਾਮ ਭਿਖਸ਼ੂ ਰਖਿਆ ਸੀ।

ਇਹ ਭਿਖਸ਼ੂ ਸੂਰਤ ਸਿੰਘ ਜੀ ਪਹਿਲੋਂ ਖਤਰਾਂ ਜ਼ਿਲ੍ਹਾ ਅੰਮ੍ਰਿਤਸਰ ਦੇ ਸੀ। ਵਾੜ੍ਹੀਆਂ ਵਾਲੇ ਮੁਰੱਬੇ ਜਾ ਲਏ ਸੀ, ਨਵੀਂ ਅਬਾਦੀ ਸਮੇਂ ਤੇ ਫੇਰ ਮਿੰਟਗੁਮਰੀ ਜਾ ਰਹੇ। ਕਾਂਗਰਸ ਵਿਚ ਗਰਮ ਖਿਆਲੀਆਂ ਨਾਲ ਕੰਮ ਕਰਦੇ ਸਮੇਂ ਕੈਦ ਭੀ ਕੱਟੀ।

ਸਤਿਗੁਰੂ ਜੀ ਸੁਹੇਵੇ ਸਾਹਿਬ ਹੋ ਰਹੇ ਪਾਠਾਂ ਵਿਚ ਸਿੱਖਾਂ ਨੂੰ ਹਿੱਸਾ ਲੈਣ ਲਈ ਭੀ ਹੋਕਾ ਦਵਾਇਆ। ਇਸ ਮੇਲੇ ਤੇ ਸਤਿਜੁਗ 'ਚ ਭੀ ਛਪਵਾਇਆ ਕਿ *ਸਰਸੇ ਤੋਂ ਹੋ ਪੈਦਲ ਜਾਂ ਊਠਾਂ ਤੇ ਅਗੇ ਅਪੜੀਦੇ।

ਸੰਤ ਮੋਹਣ ਸਿੰਘ ਜੀ ਸਮੇਤ ਲਿਖਤੀ ਗ੍ਰੰਥ ਸਾਹਿਬ ਤੇ ਪੰਜ ਗੁਥੀਆਂ ਲੈ ਸਤਿਗੁਰੂ ਜੀ ਨੇਹਰੇ ਲੰਗਰ ਛੱਕ ੯ ਮਾਘ ਸੁਹੇਵੇ ਸਾਹਿਬ ਦਰਸਨ ਦਿੱਤੇ। ਪਹਿਲੇ ਇਕ ਹੀ ਪਾਠ ਤੇ ਪੋਥੀ ਸੀ। ਫੇਰ ਤਿੰਨ ਪਾਠ ਟੋਰੇ। ਅਭਿਤੀ ਆਏ ਨੂੰ ਭੀ ਲੰਗਰ ਦੇਣ ਲਗੇ। ਪਾਠਾਂ ਦੇ ਮੇਲੇ ਦੀ ਰੌਣਕ ਵਧੀ ਤੇ ਪਾਠ ਪਾਠੀ ਭੀ ਵਧੇ।

## *ਮੇਰੀ ਲਿਖਤ*

ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥

ਕਰ ਮੈਂ ਅੰਜਾਣ ਬੁਧੀ ਥੋੜ੍ਹਾ ਪੜ੍ਹਿਆ ਹੋਣ ਕਰ ਭੀ ਗ੍ਰੰਥ ਲਿਖਣ ਲਗ ਪਿਆ ਹਾਂ। ਨਾ ਮੈਂ ਸੰਤ ਕਾਲਾ ਸਿੰਘ ਜੀ ਜਿਹਾ ਲਿਖ ਸਕਦਾ ਹਾਂ। ਨਾ ਆਲਿਮ ਜੀ, ਤੇ ਸੰਤ ਇੰਦਰ ਸਿੰਘ ਜੀ ਤੇ ਅਮਰ ਭਾਰਤੀ ਜੈਸਾ ਲਿਖ ਸਕਦਾ ਹਾਂ, ਸਮੇਂ ਦੇ ਵਿਦਵਾਨਾਂ ਦੀ ਪਸੰਦ ਜੋਗਾ। ਮੈਂ ਭਾਈ ਬਾਲਾ ਜੀ ਤੇ ਸੰਤ ਬਾਬਾ ਸੰਤੋਖ ਸਿੰਘ ਜੀ ਦੀ ਲਿਖਤ ਜੋ ਉਹਨਾਂ ਸਤਿਗੁਰੂ ਰਾਮ ਸਿੰਘ ਜੀ ਦਾ ਤੇ ਗੁਰੂ ਹਰੀ ਸਿੰਘ ਜੀ ਦਾ ਇਤਿਹਾਸ ਲਿਖਿਆ ਹੈ ਉਹਨਾਂ ਤੋਂ ਪ੍ਰਭਾਵਤ ਹੋ ਸਰਲ ਪੰਜਾਬੀ ਬੋਲੀ ਵਿਚ ਲਿਖਣ ਦਾ ਮਨ ਬਣਾ ਲਿਖਦਾ ਹਾਂ। ਕਵਿਤਾ ਮੇਰੀ ਨੂੰ ਗੁੜ੍ਹ ਸਮਝਿਆਂ ਜਾਂਦਾ ਹੈ ਆਖਦੇ ਨੇ ਜੋ ਜੀਵਨ ਮੈਂ ਕੁਝ ਲਿਖੇ ਹਨ ਉਹ ਭੀ ਸਾਦੇ ਹੀ ਸਮਝੇ ਜਾਂਦੇ ਹਨ, ਭਾਵੇਂ ਮਹਾਨ ਭਾਵ ਹਨ। ਮੈਂ ਆਪਣੀ ਲਗਨ ਵਿਚ ਮਗਨ ਹੋ ਤੁਲਸੀ ਦਾਸ ਦੇ ਕਥਨ ਅਨੁਸਾਰ :—

---

*ਸਰਸੇ ਤੋਂ ਸੁਹੇਵਾ ਸਾਹਿਬ ੩੦ ਕੋਹ ਲਹਿੰਦੇ ਦੱਖਣ ਦੇ ਰੁਖ ਹੈ। ਬੀਕਾਨੇਰ ਰਿਆਸਤ ਵਿਚ ਨੇੜਰ ਹੈ ਬਾਗੜੀ ਲੋਕ ਰਾਤ ਤੁਰਦੇ ਹਨ ਗਰਮੀ ਤੇ ਰੇਤ ਦਾ ਪੰਧ ਕਰ।

Sri Satguru Jagjit Singh Ji Elibrary NamdhariElibrary@gmail.com

**ਭਣਤ ਭਦੇਸ ਵਸਤ ਭਲ ਵਰਨੀ ।**
**ਰਾਮ ਕਥਾ ਜਗ ਮੰਗਲ ਕਰਨੀ ।**

ਅਰਥਾਤ--ਲਿਖਤ ਭਾਵੇਂ ਭੱਦੀ ਹੈ, ਵਸਤ ਵਿਚ ਭਲੀ ਕਹੀ ਹੈ । ਰਾਮ ਜੀ ਦੀ ਕਥਾ ਜਗਤ ਨੂੰ ਖੁਸ਼ੀ ਸੁਖੀ ਕਰਨ ਵਾਲੀ, ਤਿਵੇਂ ਮੈਂ ਭੀ ਨਰਮ ਜੇਹੀ ਜਾਚ ਨਾਲ ਸਾਦੀ ਲਿਖਤ ਵਿਚ ਗੁਰੂ ਹਰੀ ਸਿੰਘ ਜੀ, ਸਤਿਗੁਰੂ ਪਰਤਾਪ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਸਿੱਖਾਂ ਦੇ ਜੀਵਨ ਤੇ ਕਾਰਨਾਮੇ ਲਿਖਦਾ ਹਾਂ । ਆਸ ਰਖਦਾ ਹਾਂ ਜੋ ਸਰਧਾ ਨਾਲ ਪੜ੍ਹਨਗੇ, ਕੁਝ ਸਿੱਖਿਆ ਲੈਣਗੇ ਤੇ ਜੋ ਵਿਦਵਾਨ ਚਾਹੇਗਾ ਇਸ ਸਾਦੀ ਲਿਖਤ 'ਚੋਂ ਸੁਚਾ ਉੱਚਾ ਆਸ਼ਾ ਲੈ ਸੋਹਣਾ ਇਤਿਹਾਸ ਲਿਖ ਸਕੇਗਾ । ਮੈਨੂੰ ਸਤਿਗੁਰੂ ਜੀ ਜੋ ਉਪਦੇਸ ਦਿੱਤਾ ਹੈ "ਜੋ ਹੱਥ ਔਂਦਾ ਈ ਲਿਖੀ ਜਾ, ਕਦੀ ਕਿਸੇ ਦੇ ਕੰਮ ਆਵੇਗਾ ।" ਇਹ ਵਾਕ ਸੱਚਾ ਹੋ ਕੇ ਹੀ ਰਹੇਗਾ । ਮੈਂ ਭਾਵੇਂ ਸੱਚਾ ਨਹੀ ਮੇਰੇ ਸਤਿਗੁਰੂ ਜੀ ਦਾ ਬਚਨ ਸੱਚਾ ਹੈ ।

## ਪਾਠ ਤੇ ਪਾਠੀ

ਗੁਰਦੁਆਰੇ ਦਾ ਗ੍ਰੰਥ ਸਾਹਿਬ ਨਿਤ ਪ੍ਰਕਾਸ ਜੋਗ ਜੈਮਲ ਸਿੰਘ ਜੀ ਨੂੰ ਦਿੱਤਾ । ਸਤਿਗੁਰੂ ਜੀ, ਪਾਠ ਦੀ ਰੌਲ, ਜੰਗਲ 'ਚੋਂ ਬਾਲਣ ਲਿਔਣਾ, ਚੱਕੀ ਪੀਹਣੀ ਤੇ ਜਲ (ਸੌ ਹੱਥ ਡੂੰਘਾ ਸੀ) ਖਿੱਚਣਾ, ਸਿੱਖਾਂ ਨਾਲ ਪੂਰਾ ਵਕਤ ਵੰਡ ਲੈ । ਹਰ ਸੇਵਾ ਵਿਚ ਹਿੱਸਾ ਸਭ ਦਾ ਹੱਕ ਹੈ ਕਿਹਾ, ਚੱਕੀਆਂ ਦੇ ਤਿੰਨ ਪਿੰਡ ਸੁਹੇਵੇ ਸਾਹਿਬ 'ਚੋਂ ਮੰਗ ਲੈ ਆਂਦੀਆਂ ਸੀ । ਕੋਈ ਖ਼ਾਸ, ਮਸ਼ੀਨ ਨਾ ਹੋਣ ਕਰ ।

ਪਾਠੀ ਇਕ ਗ੍ਰੰਥ ਸਾਹਿਬ ਦੇ । ਸਤਿਗੁਰੂ ਪਰਤਾਪ ਸਿੰਘ ਜੀ, ਸੰਤ ਹਾਕਮ ਸਿੰਘ ਜੀ ਕਾਲੇਕੇ, ਹਜ਼ਾਰਾ ਸਿੰਘ ਜੀ ਵਡਾਲੇ ਜੌਹਲਾਂ ਦੇ, ਸੰਤਾ ਸਿੰਘ ਤੇ ਮਸਤਾਨ ਸਿੰਘ ਜੀ ਭੈਣੀ ਸਾਹਿਬ । ਧੁਪੀਏ ਮੋਹਣ ਸਿੰਘ, ਨਰੈਣ ਸਿੰਘ ਜੀ ਵਡਾਲੇ ਜੌਹਲਾਂ ਦੇ, ਭੋਲਾ ਸਿੰਘ, ਹਜ਼ਾਰਾ ਸਿੰਘ, ਇੰਦਰ ਸਿੰਘ ਭੈਣੀ ਸਾਹਿਬ ।

ਦੂਜੇ ਗ੍ਰੰਥ ਸਾਹਿਬ ਦੇ ਪਾਠੀ । ਸੰਤ ਇੰਦਰ ਸਿੰਘ ਜੀ ਚੱਕਰਵਰਤੀ ਲੱਲਾਂ, ਪਟਿਆਲਾ, ਪੰਡਤ ਅਮਰ ਸਿੰਘ, ਰਣਧੀਰ ਸਿੰਘ ਭੈਣੀ ਸਾਹਿਬ । ਭਗਵਾਨ ਸਿੰਘ ਵਰਨਾਂ ਦਾ, ਕਾਲਾ ਸਿੰਘ ਜੰਜਾਤੇ ਜ਼ਿਲ੍ਹਾ ਲਾਹੌਰ ਦਾ । ਧੁਪੀਏ, ਚਤਰ ਸਿੰਘ ਭੈਣੀ ਸਾਹਿਬ, ਸੰਤਾ ਸਿੰਘ ਹੀਰਾ ਸਿੰਘ ਵਰਨ, ਬਹਾਦਰ ਸਿੰਘ ਜੀ ਕੌਂਟਿਆਂ ਵਾਲੀ । ਇੰਦਰ ਸਿੰਘ ਮੁਕੀਮ ਗੜ੍ਹ ਜ਼ਿਲ੍ਹਾ ਹੁਸ਼ਿਆਰਪੁਰ । ਤੀਜੇ ਗ੍ਰੰਥ ਸਾਹਿਬ ਦੇ ਅਖੰਡ ਪਾਠੀ । ਸੰਤ ਦੇਵਾ ਸਿੰਘ ਜੀ ਬਾਠਾਂ ਦੇ, ਮੱਖਣ ਸਿੰਘ ਸਹਾਰਨ ਚੜ੍ਹਦਾ ਜ਼ਿਲ੍ਹਾ ਗੁਜਰਾਂਵਾਲਾ । ਅਨੋਖ ਸਿੰਘ ਰਿਖੀ ਵਰਨ । ਸੁੰਦਰ ਸਿੰਘ ਜੀ ਫਰੀਦ ਮੌਕੀ ਤੇ ਦਿਆਲ ਸਿੰਘ ਵਰਨਾਂ ਦਾ । ਧੁਪੀਏ, ਸੰਤ ਸਰਦਾਰਾ ਸਿੰਘ ਜੀ ਹਕੀਮ ਇੱਛਣ ਵਾਲੀ । ਉਜਾਗਰ ਸਿੰਘ ਗਰਮੂਲਾ, ਤੇਜਾ ਸਿੰਘ ਲਾਲੇਪੁਰ । ਰਤਨ ਸਿੰਘ ਗੁਰੂ ਕੋਟ । ਕਰਤਾਰ ਸਿੰਘ ਜਲੂਣ ਜ਼ਿਲ੍ਹਾ ਗੁਜਰਾਂਵਾਲਾ ।

ਪਹਿਰੂ, ਦਿਆਲ ਸਿੰਘ ਆਦੋਕੇ ਜ਼ਿਲ੍ਹਾ ਸਿਆਲਕੋਟ । ਗਿਆਨ ਸਿੰਘ ਵਰਨ । ਲਛਮਣ ਸਿੰਘ ਭੈਣੀ ਸਾਹਿਬ । ਲਾਂਗਰੀ, ਇੰਦਰ ਸਿੰਘ, ਵਰਿਆਮ ਸਿੰਘ, ਬੱਗਾ ਸਿੰਘ, ਹੁਕਮਾਂ ਸਿੰਘ, ਬੂਟਾ ਸਿੰਘ, ਜੋਤਾ ਸਿੰਘ, ਧਾਰਾ ਸਿੰਘ, ਬਘੇਲ ਸਿੰਘ ਮੁਗਲ ਚੱਕ, ਤਾਰਾ ਸਿੰਘ ਢੋਟੀਆਂ । ਦਰਸ਼ਕ ਸੇਵਕ, ਜਗਤ ਸਿੰਘ ਮੁਕਤੇ ਦਾ, ਭਗਤ ਸਿੰਘ ਭੰਗਵਾਂ, ਹਰਨਾਮ ਸਿੰਘ ਜੰਡਿਆਲਾ, ਚੰਦਾ ਸਿੰਘ ਨਾਰਲੀ, ਲਾਲ ਸਿੰਘ ਮੋਕਲ, ਬੂਰ ਸਿੰਘ ਵਡਾਲੇ ਦਾ, ਥੀਕਾ ਸਿੰਘ, ਅਜੈਬ ਸਿੰਘ, ਗੁਰਦਿੱਤ ਸਿੰਘ ਵਡਾਲੇ ਜੌਹਲਾਂ ਦੇ, ਸੰਤਾ ਸਿੰਘ, ਪਾਲ ਸਿੰਘ ਘੁਕੇ

Sri Satguru Jagjit Singh Ji Elibrary NamdhariElibrary@gmail.com

ਵਾਲੀ, ਨਰੈਣ ਸਿੰਘ ਘੇੜੇ ਦਾ, ਹਰਨਾਮ ਸਿੰਘ ਨਥਾਣੇ ਦਾ, ਬਿਸ਼ਨ ਸਿੰਘ ਧਰਮੂ ਕੋਟ, ਊਠਾਂ ਤੇ ਰਸਤ ਲਿਜਾਂਦੇ ਸਰਸਿਊਂ, ਧਰਮ ਸਿੰਘ ਵਡਾਲੇ ਦਾ ਆਦਿ। ਭਾਈ ਵਜੀਰ ਸਿੰਘ ਜੀ ਗੁਰੂ ਜੀ ਦਾ ਗੜਵਈ ਹਰ ਸੇਵਾ ਕਰਦਾ, ਝਾੜੂ, ਚੌਂਕੀ, ਜਲ, ਬਾਲਣ ਆਦਿ। ਬੀਬੀਆਂ—ਕਿਸ਼ਨ ਕੌਰ ਤੇ ਪਰਤਾਪ ਕੌਰ ਦੋਦ ਜ਼ਿਲ੍ਹਾ ਲੁਧਿਆਣਾ, ਛੋਟੇ ਨੰਗਲ ਦਾ ਬੀਰ ਸਿੰਘ, ਵੱਡੇ ਨੰਗਲ ਦਾ ਬਿਸ਼ਨ ਸਿੰਘ, ਕਾਲਾ ਸਿੰਘ ਜੀ ਦਾ ਪੁੱਤ੍ਰ ਤੇ ਕਾਲਾ ਸਿੰਘ ਜੀ। ਸੰਤ ਆਲਾ ਸਿੰਘ ਜੀ ਸਮੇਤ ੬੪ ਸਰੀਰਾ ਦੇ, ਨਾਮ ਗਿਣਤੀ ਕਾਲਾ ਸਿੰਘ ਜੀ ਦਿੱਤੀ ਹੈ ਤੇ ਲਿਖਿਆ ਹੈ।

"ਮਹਾਰਾਜ ਜੀ ਪ੍ਰੇਮ ਦੇ ਵਿਚ ਆ ਕੇ ਕਿਹਾ ਦਾਸ ਦੇ ਤਾਈਂ ਉਚਾਰ ਹੈ ਸੀ।
ਕਾਲਾ ਸਿੰਘ ਤੂੰ ਨਾਮ ਜ਼ਰੂਰ ਲਿਖਣੇ ਸੋ ਮੈਂ ਲਿਖਦਾ ਕਲਮ ਪਸਾਰ ਹੈ ਸੀ।"

੧੧੧ ਅਖੰਡ ਪਾਠਾ ਦੇ ਭੋਗ ਪਾਏ। ਤਿੰਨ ਚੇਤ੍ਰ ਐਤਵਾਰ ਨੂੰ ਸੁਹੇਵੇ ਸਾਹਿਬ ੧੯੨੨ ਬਿਕ੍ਰਮੀ। ਬਾਬਾ ਲਾਲ ਸਿੰਘ ਜੀ ਨਤਾਲੀਏ ਭੀ ਪੁੱਜੇ ਸੀ। ਜੋ ਪੰਜ ਗ੍ਰੰਥੀ ਦਾ ਪਾਠ ਕਰ ਪ੍ਰਸਾਦ ਛਕਦੇ ਸੀ ਰੋਜ। ਸਤਿਗੁਰੂ ਜੀ ਅੰਤਲੇ ਦਿਨ ਆਪ ਚੌਂਕੜਾ ਲਾ ਹਵਨ ਵਿਚ ਸਮਗ੍ਰੀ ਤੇ ਘਿਉ ਦੀਆਂ ਅਹੂਤੀਆਂ ਪਾਈਆਂ ਸੀ।

## ਵਡੇ ਗੁਰੂ ਜੀ ਆਏ ਥੇ

ਇਹਨਾਂ ਪਾਠਾ ਦੇ ਸਮੇਂ ਵਿਚ ਜੋ ਵਰਤੀਆਂ ਕੁਝ ਕਾਲਾ ਸਿੰਘ ਜੀ ਦੇ ਲਿਖੇ ਪੁਸਤਕ ਤੋਂ, ਕੁਝ ਸਾਧਾਂ ਉਹਨਾ ਪਾਸੋਂ ਸੁਣੀਆਂ, ਜੋ ਇਹਨਾਂ ਪਾਠਾਂ ਸਮੇਂ ਵਿਚ ਸੀ, ਲਿਖਦਾ ਹਾਂ :—

ਡੁਮੀਏ ਮਾਲੀ ਪਾਠਾਂ ਟੁਰਿਆਂ ਦੇ ਕੁਝ ਦਿਨ ਬਾਅਦ ਇਕ ਦਿਨ ਸਵੇਰੇ ਆਇ ਪੁੱਛਿਆ, ਵਡੇ ਸਤਿਗੁਰੂ ਰਾਮ ਸਿੰਘ ਜੀ ਇਧਰ ਆਏ ਥੇ, ਕਹਾਂ ਹੈਂ। ਅੰਦਰ ਬਾਹਰ ਬੌਰਾ ਹੋਇਆ ਵੇਖਦਾ ਝਾਕਦਾ ਸੀ।

ਇਕ ਦਿਨ ਮਾਰੂ ਡਖਣੇ ਦੀ ਵਾਰ ਪੜ੍ਹਦਿਆਂ ਸਤਿਗੁਰੂ ਪਰਤਾਪ ਸਿੰਘ ਜੀ ਦਾ ਗਲਾ ਵੈਰਾਗੀ ਹੋ ਭਰ ਗਿਆ ਤੇ ਨੇਤ੍ਰ ਛਮਾ-ਛਮ ਬਰਸਨ ਲਗ ਪਏ। "ਨੈਣ ਮਹਿੰਜੇ ਤਰਸਦੇ ਕਦਿ ਪਸੀ ਤਉ ਦੀਦਾਰੁ ॥" ਦੀ ਤੁਕ ਕਈ ਵਾਰ ਪੜ੍ਹੀ। ਨੇੜੇ ਹੀ ਬੈਠੇ ਭਾਈ ਵਜੀਰ ਸਿੰਘ ਜੀ ਦੇਖ ਰੁਮਾਲ ਦਿੱਤਾ। ਉਹ ਆਂਸੂਆਂ ਨਾਲ ਭਿੱਜ ਗਿਆ। ਸਭ ਦੇਖਣ ਵਾਲੇ ਭੀ ਵੈਰਾਗੀ ਹੋਏ ਰਹੇ।

ਇਸੇ ਤਰ੍ਹਾਂ ਸਤਿਗੁਰੂ ਜੀ ਕਈ ਦਿਨ ਰਹੇ, ਨ ਬੋਲਦੇ ਨ ਨੇਤ੍ਰ ਖੋਲ੍ਹਦੇ। ਚੁੱਪ ਕੀਤੇ ਪਾਠ ਦੀ ਆਪਣੀ ਰੌਲ ਤੇ ਜੰਗਲ, ਦਾਤਣ, ਇਸਨਾਨ ਆਦਿ ਦੀ ਕਿਰਿਆ ਪੂਰੀ ਕਰਦੇ। ਚੱਕੀ ਪੀਹਣ ਤੇ ਜਲ ਖਿੱਚਣ, ਬਾਲਣ ਲਿਆਉਣ ਸਾਥੀਆਂ ਨਾਲ ਵੀ ਪੂਰੀ ਕਰਦੇ। ਪ੍ਰਸਾਦ, ਜਲ ਥੋੜਾ ਛਕਦੇ। ਥੋੜਾ ਲੇਟਦੇ, ਬਿਰਾਜਦੇ ਭੀ ਬਹੁਤ ਥੋੜਾ। ਦੇਹ ਦੇ ਅਧਾਰ ਜੋਗਾ। ਆਸ਼ਕੀ ਸੂਤਾ ਹੋਇਆ ਹੀ ਇਹ ਪਾਠ ਨਿਭਾਏ ਸੀ ਤੇ ਵੈਰਾਗੀ ਹੋਏ ਹੀ ਪੁੱਜੇ ਸੀ ਤੇ ਰਹੇ ਰੁਝੇ ਸੀ।

## ਤਿੰਨ ਸਿੰਘ ਸਜੇ

ਡੁਮੀਆਂ ਮਾਲੀ ਤੇ ਹਰਨਾਮ ਸਿੰਘ ਗੁਰਦੁਆਰੇ ਦੇ ਮਹੰਤ ਦਾ ਪੁੱਤਰ ਤੇ ਨਰਸਿੰਘ ਦਾਸ ਸੁਹੇਵੇ ਸਾਹਿਬ ਦਾ ਥਾਣੇ ਦੀ ਚੌਂਕੀ ਦਾ ਸਿਪਾਹੀ ਸੀ। ਜੋ ਇਹ ਤਿੰਨੇ ਸਤਿਗੁਰੂ ਜੀ ਦੇ ਆਉਣ ਤੋਂ ਪਹਿਲਾਂ ਸੰਤ ਆਲਾ ਸਿੰਘ ਜੀ ਤੋਂ ਭਜਨ ਲੈ ਸਿੰਘ ਸਜੇ ਸੀ। ਇਕ ਪ੍ਰਸਾਦੀ ਲਾਲ ਸੇਠ, ਮਰਯਾਦਾ ਦੇ ਪਾਠ ਹੁੰਦੇ ਤੇ ਹਵਨ ਹੁੰਦਾ ਦੇਖ ਅਰਜ ਕਰ ਸਿੰਘ ਸਜਿਆ ਭਜਨ ਲੈ। ਸਤਿਗੁਰੂ ਜੀ ਅਗੇ ਅਰਜ ਕਰ ਸੰਗਤ ਨੇ ਨਰਸਿੰਘ ਦਾਸ ਦਾ ਨਾਹਰ ਸਿੰਘ ਨਾਮ ਰਖਿਆ।

Sri Satguru Jagjit Singh Ji Elibrary NamdhariElibrary@gmail.com

ਬੀਰਾ ਸਿੰਘ ਜੀ ਵਡਾਲੇ ਜੋਹਲਾਂ ਵਾਲੇ ਰੋਟੀ ਸਭ ਤੋਂ ਬਹੁਤੀ ਪੀਂਹਦੇ, ਕਹਿੰਦੇ ਭਾਰ ਨਹੀ ਲਗਦਾ ਤੇ ਸੁਆਦ ਆਉਂਦੇ।

ਵਕਤ ਮਿਲੇ ਸਾਧ ਬੈਠ ਸਤਿਗੁਰੂ ਜੀ ਸਮੇਤ ਸਤਸੰਗ ਗੁਰਮਤ ਗੁਰਬਾਣੀ ਤੇ ਹੋ ਸਕਾਂ ਵਿਚਾਰ ਚਰਚਾ ਭੀ ਕਰਦੇ :—

## ਲਗਾਂ ਮਾਤ੍ਰਾਂ ਦਾ ਭਾਵ

ਸੰਤ ਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲ ਵਿਖ ਖੋਇ ॥

ਗੁਰਵਾਕ ਦੀ ਮਹਾਨਤਾ ਅਨੁਸਾਰ। ਇਕ ਦਿਨ ਸੰਤ ਹਾਕਮ ਸਿੰਘ ਜੀ ਕਾਲੇਕਿਆਂ ਵਾਲਿਆਂ ਸਤਿਗੁਰੂ ਜੀ ਅਗੇ ਸੰਤ ਮੰਡਲੀ 'ਚ ਬੈਠਿਆਂ ਅਰਜ ਕੀਤੀ। ਸੱਚੇ ਪਾਤਸਾਹੋ! ਜੋ ਗੁਰਬਾਣੀ ਵਿਚ ਕੰਨਾ, ਔਂਕੜ, ਦੂਲਾਂ, ਸਿਹਾਰੀ ਆਦਿ ਹਨ, ਇਹ ਵਾਧੂ ਹੀ ਹਨ ਕਿ ਕੁਝ ਅਰਥ ਭੀ ਹੈ ਕਿ ਬੋਲੀ ਦਾ ਹੀ ਫਰਕ ਏ?

ਸਤਿਗੁਰੂ ਜੀ ਸਭ ਸਾਰ ਇਸ ਪ੍ਰਸ਼ਨ ਦਾ ਸਮਝ ਕਿਹਾ, ਅਸੋੜ ਅਰੋੜਿਆ ਤੂੰ ਜਿੰਨਾ ਜ਼ਮੀਨ ਦੇ ਉਪਰ ਏ ਓਦੂੰ ਬਹੁਤਾ ਜ਼ਮੀਨ ਦੇ ਵਿਚ ਏਂ। ਭਾਵ—ਤੇਰਾ ਵਖਾਲਾ ਘੱਟ ਏ ਤੇ ਕਰਨੀ ਜ਼ਿਆਦਾ ਏ।

ਇਸ ਦਾ ਭਾਵ ਇਹ ਸੀ ਕਿ ਸਤਿਗੁਰੂ ਜੀ ਇਕ ਮਿੰਟ ਵਿਚ ਪਤ੍ਰਾ ਪੜ੍ਹਦੇ ਸੀ ਤੇ ਲਗ ਮਾਤ੍ਰ ਦੇ ਉਚਾਰ ਦਾ ਪਤਾ ਨਹੀਂ ਲਗਦਾ ਸੀ। ਸੁਨਣ ਵਾਲੇ ਨੂੰ ਕਈ ਸਬਦ ਅੱਖਰ ਪੂਰੇ ਸੁਣੀ ਤੇ ਸਮਝੀਦੇ ਨ ਸੀ। ਉਸ ਦਿਨ ਤੋਂ ਸਤਿਗੁਰੂ ਜੀ ਆਪ ਭੀ ਉਵੇਂ ਪੜ੍ਹਨ ਲਗੇ ਤੇ ਸਭ ਪਾਠੀਆਂ ਨੂੰ ਪੂਰੀ ਲਗ ਮਾਤ੍ਰ ਲਾ ਉਚਾਰ ਕਰਨ ਦਾ ਹੁਕਮ ਕੀਤਾ ਤੇ ਬਚਨ ਕੀਤਾ, ਦਸਮ ਜੀ ਇਕ ਲਾਂ ਦੇ ਘਟ ਲਗਾਣ ਤੇ ਸਿੱਖ ਨੂੰ ਤਾੜਨਾ ਕੀਤੀ ਸੀ। ਜੋ ਗੁਰਵਾਕ ਹੈ—"ਅਖਰ ਲਿਖੇ ਸੋਈ ਗਾਵਾ" ਉਸ ਤੇ ਵਰਤੋ। ਆਪਣੀ ਬੋਲੀ ਤੇ ਮਤ ਤੇ ਨਹੀਂ ਰਹਿਣਾ ਚਾਹੀਦਾ, ਜਿਵੇਂ ਗੁਰਬਾਣੀ ਲਿਖੀ ਹੈ ਤਿਵੇਂ ਹੀ ਪੜ੍ਹਨੀ ਹੁਕਮ ਹੈ। ਹਾਂ, ਜੇ ਅਰਥ ਹੀ ਉਲਟਦਾ ਹੋਵੇ ਤਾਂ ਸਾਧ ਸੰਗਤ ਵਿਚ ਵਿਚਾਰ ਕੀਤਿਆਂ ਪਤਾ ਲਗਦਾ ਹੈ ਕਿ ਇਹ ਛਾਪੇ ਵਾਲੇ ਜਾਂ ਲਿਖਾਰੀ ਤੋਂ ਭੁੱਲ ਨਾਲ ਅਖਰ ਲਗ ਘਟ ਵਧ ਜਾਂ ਹੋਰ ਲੱਗਾ ਹੈ।

ਸੰਤ ਜੀ ਆਪ ਤੋਂ ਵਡੇ ਜਾਣਦਿਆਂ ਹੋਇਆਂ ਸਾਰ ਭੀ ਕਹਿ ਦਿੱਤਾ ਸੀ ਤੇ ਅਦਬ ਭੀ ਉਵੇਂ ਰਖ ਅਰਜ ਕੀਤੀ। ਅਸੀਂ ਆਪ ਅਨਜਾਣ ਹੁੰਦੇ ਭੀ ਆਪ ਤੋਂ ਵੱਡੇ ਨੂੰ ਛਟ ਮੂੰਹੋਂ ਆਈ ਕਢ ਮਾਰਦੇ ਹਾਂ।

ਤਰਨ ਸਿੰਘ

## ਰੌਲ ਕੌਣ ਲਾ ਗਿਆ

ਸੰਤ ਕਾਲਾ ਸਿੰਘ ਜੀ ਜੈਜਾਤੋ ਵਾਲੇ ਟਿੱਬਿਆਂ 'ਚੋ ਬਾਲਣ, ਮੋੜ੍ਹੀ, ਫੋਗ, ਅੱਕ, ਸੁੱਕਾ ਆਦਿ ਲੈਣ ਰੋਜ ਜਾਂਦੇ ਸੀ। ਕਈ ਵਾਰ ਸੰਤ ਜੀ ਨੂੰ ਦੂਰ ਟਿੱਬੇ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਦਰਸਨ ਭੀ ਹੁੰਦਾ ਸੀ ਤੇ ਅਗੇਰੇ ਹੋਇਆਂ ਅਦ੍ਰਿਸ਼ਟ ਹੋ ਜਾਂਦਾ ਸੀ। ਇਕ ਦਿਨ ਅਜਿਹਾ ਕੌਤਕ ਬਣਿਆ, ਇਕ ਟਿੱਬੇ ਤੋਂ ਦੂਜੇ ਤੇ ਜਾਣ ਤਾਂ ਨੇੜੇ ਦੂਜੇ ਤੇ ਦਰਸਨ ਹੋਵੇ। ਇਸ ਦਰਸਨ ਦੇ ਮਿਲਾਪ ਤੇ ਚਰਨ ਪਰਸਨ ਦੇ ਚਾਅ ਵਿਚ ਸੰਤ ਜੀ ਨੂੰ ਆਪਣੀ ਰੌਲ ਤੇ ਪੁੱਜਣ ਦਾ ਚੇਤਾ ਹੀ ਭੁਲ ਗਿਆ, ਤੇ ਅਖੀਰ ਉਸ ਦਰਸਨ ਹੁੰਦੇ ਅਵਾਜਾ ਦਿੱਤਾ ਕਿ ਸੰਤ ਜੀ ਹੁਣ ਗੁਰਦੁਆਰੇ ਜਾਓ, ਰੌਲ ਪਾਠ ਦੀ ਤੇ ਹੁਣ ਲੰਘ ਗਈ ਏ, ਜਲ ਖਿਚਣ ਦਾ ਭੀ ਵਕਤ ਨ ਲੰਘੇ।

ਸੰਤ ਜੀ ਦੌੜੇ ਗੁਰਦੁਆਰੇ ਆਏ ਤੇ ਪੁੱਛਿਆ ਮੇਰੀ ਰੌਲ ਤੇ ਕੌਣ ਲਗਾ ਸੀ, ਤੇ ਹੁਣ ਕੌਣ ਹੈ.

Sri Satguru Jagjit Singh Ji Elibrary NamdhariElibrary@gmail.com

ਮੈਂ ਉਸ ਦੇ ਥਾ ਲਗਾਂ । ਸਾਧਾਂ ਕਿਹਾ, ਤੂੰ ਆਪੇ ਹੀ ਤੇ ਰੌਲ ਲਾਈ ਹੈ, ਸਾਨੂੰ ਹੁਣ ਹੋਰ ਦਾ ਨਾਮ ਪੁਛਦੈਂ । ਸੰਤ ਜੀ ਸੁਣਦੇ ਮਸਤ ਹੋ ਗਏ ਤੇ ਕਹਿਣ ਲਗ ਪਏ । ਸਾਧੋ "ਕਿਆ ਜਾਨਾ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥" ਤੇ ਸਾਰੀ ਦਿਹਾੜੀ ਮਸਤ ਹੀ ਪੈ ਰਹੇ । ਸੋਝੀ 'ਚ ਆਇਆਂ ਨੂੰ ਸਤਿਗੁਰੂ ਜੀ ਪੁੱਛਿਆ ਤਾਂ ਸੰਤ ਜੀ ਦੱਸਿਆ, ਮੈਂ ਤੇ ਸਤਿਗੁਰੂ ਜੀ ਦੇ ਦਰਸਨ ਮਗਰ ਲਗਾ ਟਿੱਬਿਆਂ ਤੇ ਹੀ ਰੌਲ ਦਾ ਵਕਤ ਗੁਜਾਰ ਆਇਆ ਸਾ ਤੇ ਉਹ ਆਪ ਹੀ ਆ ਰੌਲ ਲਾ ਗਏ ਹਨ । ਇਹ ਸੁਣ ਸਾਧ ਸੰਗਤ ਸੱਚ ਮੰਨਿਆ ਕਿ ਭੂਮੀਆ ਭੀ ਉਸ ਦਿਨ ਸੱਚਾ ਹੀ ਆ ਪੁੱਛਦਾ ਸੀ, ਬੜੇ ਸਤਿਗੁਰੂ ਜੀ ਇਧਰ ਆਏ ਹੈਂ ? ਠੀਕ ਸਤਿਗੁਰੂ ਜੀ ਆਉਂਦੇ ਹਨ ਤੇ ਸਾਧਾਂ ਨੂੰ ਦਰਸਨ ਹੁੰਦੇ ਹਨ । ਨਹੀਂ ਤੇ ਇਸ ਕਠਨ ਇਲਾਕੇ ਇਹ ਤਪ ਤੇ ਪਾਠ ਕਿਵੇਂ ਹੋ ਸਕਦੇ ਹਨ ।

ਸਤਿਗੁਰੂ ਪਰਤਾਪ ਸਿੰਘ ਜੀ ਕਿਹਾ ਕਰਦੇ ਸੀ, ਇਕ ਵਾਰ ਦਰਸਨ ਹੋਇਆ ਹੈ । ਸਤਿਗੁਰਾਂ ਦੇ ਗੋਡੇ ਤੇ ਨਿੰਮ ਦੇ ਪੱਤੇ ਜਿਹਾ ਦਾਗ ਤਿਲ ਸੀ । ਜਾਪਦਾ ਹੈ ਏਸੇ ਸਮੇਂ ਹੀ ਵੈਰਾਗ ਦਿਸ਼ਾ ਵਿਚ ਦਰਸਨ ਹੋਇਆ ਹੋਵੇਗਾ । ਪਰ ਸਤਿਗੁਰੂ ਜੀ ਜਗ੍ਹਾ ਨਹੀਂ ਦੱਸੀ ਕਿਥੇ ਹੋਇਆ ਸੀ ਦਰਸਨ । ਪਾਣੀ ਦੀ ਏਨੀ ਤੰਗੀ ਸੀ । ਕਈ ਹਰਨ ਵਿਤੋਂ ਬਹੁਤਾ ਪਾਣੀ ਪੀ ਆਫਰ ਤਲਾਬ ਤੇ ਹੀ ਤੜਪ ਮਰ ਜਾਂਦੇ ਸਨ ਤੇ ਕੁੱਤੇ ਗਿੱਧੇ ਤੇ ਮਰਿਆਂ ਨੂੰ ਪਾੜ ਖਾਂਦੇ ਸਨ ।

## ਖੂਹ ਤੇ ਝਗੜਾ

ਇਕ ਦਿਨ ਉਜਾਗਰ ਸਿੰਘ (ਰਾਮ ਪਿਆਰਾ) ਗਰਮੂਲੇ ਵਾਲਾ ਖੂਹ ਤੇ ਬਸਤ੍ਰ ਧੋਂਦਾ ਸੀ । ਬਾਗੜਨਾਂ ਰੋਕਿਆ ਤੇ ਕਿਹਾ, ਛਿਟਾਂ ਖੂਹ ਵਿਚ ਪੈਂਦੀਆਂ ਹਨ । ਰਾਮ ਪਿਆਰੇ ਕਿਹਾ, ਮੈਂ ਪਰ੍ਹੇ ਹੀ ਹਾਂ । ਉਹ ਕਹਿਣ, ਉੱਕਾ ਨ ਧੋ । ਉਹ ਕਹੇ, ਕੁਝ ਨਹੀਂ ਵਿਗੜਦਾ । ਇਕ ਦੂਜੇ ਦੀ ਗੱਲ ਘਟ ਸਮਝਣ ਕਰ ਕੁਝ ਰੌਲਾ ਪਿਆ । ਇਕ ਬੰਦਾ ਬਾਗੜੀਆ ਰਾਮ ਪਿਆਰੇ ਦੇ ਗਲ ਪੈ ਗਿਆ ਤੇ ਬਾਗੜਨੀਆਂ ਭੀ ਕਈ ਪੈ ਗਈਆਂ । ਸਿੱਖ ਨੂੰ ਤਲੇ ਦੱਬ ਕੁਟਣ ਲਗ ਪਏ । ਉਜਾਗਰ ਸਿੰਘ ਹੇਠੋਂ ਤੰਗ ਹੋਏ ਮੁਕੀ ਮਾਰੀ, ਬਾਗੜੀ ਦੇ ਨੱਕ ਤੇ ਲੱਗੀ ਤੇ ਲਹੂ ਵਗ ਪਿਆ । ਬਾਗੜਨਾਂ ਰੌਲਾ ਪਾ ਦਿੱਤਾ, ਸੀਖ ਨੇ ਮਾਰ ਦੀਆ ।

ਪਿੰਡ ਦੇ ਲੋਕ ਹੋਰ ਆਏ ਤੇ ਪਿੰਡ ਦੀ ਚੌਕੀ (ਥਾਣੇ) 'ਚੋਂ ਨਾਹਰ ਸਿੰਘ ਭੱਜਾ ਆਇਆ । ਮੌਕੇ ਤੇ ਸਿੱਖ ਨੂੰ ਦੱਬਿਆ ਵੇਖ ਉਸ ਕਿਹਾ, ਕਿਉਂ ਮਾਰਦੇ ਹੋ ? ਪਿੰਡ ਦੇ ਹਵਾਲਦਾਰ ਤੇ ਲੋਕਾਂ ਉਸ ਲਹੂ ਚੋਂਦੇ ਬਾਗੜੀ ਨੂੰ ਤਾਰਾ ਨਗਰ ਵਡੇ ਥਾਣੇ ਘੱਲਿਆ । ਉਥੋਂ ਹਵਾਲਦਾਰ ਆਇਆ ਤੇ ਸਭ ਦੇ ਸਾਹਵੇਂ ਗੱਲਾਂ ਸੁਣ ਅੰਤ ਨਾਹਰ ਸਿੰਘ ਨੂੰ ਪੁੱਛਿਆ । ਉਸ ਕਿਹਾ, ਸੱਚ ਕਵ੍ਹਾਂ ਤੇ ਪਿੰਡ ਨਾਲ ਵਿਗੜੇ, ਝੂਠ ਕਵ੍ਹਾਂ ਗੁਰੂ ਤੇ ਪੰਥ ਨਾਲ ਵਿਗੜੇ ਤੇ ਦਰਗਾਹ ਗਵਾਵਾਂ । ਹੋਰੀ ਨੂੰ ਪੁੱਛੋ । ਅੰਤ ਹਾਕਮ ਆਏ ਤੇ ਪਿੰਡ ਦੇ ਬ੍ਰਹਿਮਣਾਂ ਕਿਹਾ, ਇਸ ਖੂਹ ਤੋਂ ਸਿੱਖ ਨ ਪਾਣੀ ਭਰਨ ਨ ਨਹੌਣ । ਸਤਿਗੁਰੂ ਜੀ ਲਾਹੌਰ ਖਾਸ ਕੰਮ ਲਈ ਜਾਣ ਵੇਲੇ ਕਹਿ ਗਏ ਸੀ, ਜੇ ਬ੍ਰਹਿਮਣ ਇਸ ਖੂਹੋਂ ਰੋਕ ਦੇਣ ਤਾਂ ਮਹਾਜਨਾਂ ਦੇ ਖੂਹ ਤੇ ਜਲ ਭਰਨਾ ਤੇ ਨਹੌਣਾ । ਸਿੱਖ ਉਸ ਖੂਹ ਤੋਂ ਤੇ ਨਾਥਾਂ ਦੇ ਖੂਹ ਤੇ ਕੰਮ ਸਾਰਨ ਲਗੇ । ਖੂਹ ਕਈ ਕੱਚੇ ਤਲਾਬ ਦੁਆਲੇ ਸੀ, ਪਰ ਮਿੱਠਾ, ਸੁਥਰਾ ਪਾਣੀ ਇਨ੍ਹਾਂ ਤਿੰਨਾ ਖੂਹਾਂ ਦਾ ਸੀ ।

## ਜਲ ਖਰਾਬ ਹੋਇਆ

ਖੂਹ ਬ੍ਰਹਿਮਣਾਂ ਦੇ ਦਾ ਜਲ ਖਰਾਬ ਹੋ ਗਿਆ ਤੇ ਕਿਰਮ ਬਹੁਤ ਪੈਦਾ ਹੋ ਗਏ । ਬ੍ਰਹਿਮਣ ਤੇ ਬਾਗੜੀ ਜੈਮਲ ਸਿੰਘ ਮਹੰਤ ਨੂੰ ਗਾਲ੍ਹਾਂ ਦੇਣ ਕਿ ਇਸ ਸਿੱਖ ਟਿਕਾਏ ਹਨ ਤੇ ਸਾਨੂੰ ਵਖਤ ਪਾਇਆ

ਹੈ। ਨਾਹਰ ਸਿੰਘ ਦੇ ਘਰ-ਵਾਲੀ ਪਤੀ ਨੂੰ ਗਾਲ੍ਹਾਂ ਦੇਵੇ, ਕਿ ਤੂੰ ਸਾਡੇ ਪੱਖ ਦੀ ਗੱਲ ਨਹੀਂ ਕੀਤੀ ਤੇ ਕਹੇ, ਮੇਰਾ ਧਨੀ ਸੀਖਾਂ ਨੇ ਖੋਸ ਲੀਆ ਹੈ। ਕਿਉਂਕਿ ਨਾਹਰ ਸਿੰਘ ਘਰ ਘਟ ਜਾਂਦਾ ਤੇ ਜਲ ਪ੍ਰਸਾਦ ਗੁਰਦੁਆਰੇ ਹੀ ਛਕ ਰਹਿੰਦਾ ਸੀ।

### *ਮੇਰਾ ਧਨੀ ਖੋਸ ਲੀਆ*

ਸਤਿਗੁਰੂ ਜੀ ਦੇ ਸੁਹੇਵੇ ਸਾਹਿਬ ਦੂਜੇ ਚੌਥੇ ਦਿਨ ਗਿਆਂ ਬ੍ਰਹਿਮਣਾ ਤੇ ਪਿੰਡ ਦੇ ਸਿਆਣਿਆ ਨੇ ਆ ਹਜ਼ੂਰ ਹੱਥ ਜੋੜ ਅਰਜ਼ ਕੀਤੀ, ਅਸੀਂ ਉਸ ਰਾਮ ਸਮੇਂ ਦੇ ਭੀਲਨੀ ਤੇ ਬ੍ਰਹਿਮਣਾ, ਰਿਖੀਆ ਵਾਂਗੂੰ, ਚਾ ਨਾਮ ਨਾ ਲਈਏ। ਤੁਸੀਂ ਬਖਸ਼ੋ ਤੇ ਜਲ ਸੁਥਰਾ ਹੋਵੇ ਅਤੇ ਸਿੱਖ ਤੇ ਤੁਸੀਂ ਜਲ ਵਰਤੋ। ਸਤਿਗੁਰੂ ਜੀ ਕਿਹਾ, ਜੈਮਲ ਸਿੰਘ ਤੋਂ ਬਖਸ਼ਾਉ। ਜੈਮਲ ਸਿੰਘ ਕਹੇ, ਮਾਲਕ ਹੀ ਬਖਸ਼ਣਗੇ। ਅੰਤ ਜੈਮਲ ਸਿੰਘ ਜੀ ੫੦) ਦਾ ਕੜਾਹ ਪ੍ਰਸਾਦ ਕਰਾਣਾ ਬ੍ਰਹਿਮਣਾਂ ਨੂੰ ਕਿਹਾ ਤੇ ਗੁਰ ਦਰਿਆ ਦਾ ਪ੍ਰਸਾਦ ਉਸ ਖੂਹ ਵਿਚ ਪਾਣਾ ਕਿਹਾ। ਸਤਿਗੁਰੂ ਜੀ ਕਿਹਾ, ਤੇਰੇ ਵਲੋਂ ਇਸ ਤਰ੍ਹਾਂ ਹੀ ਹੈ, ਪਰ ਬ੍ਰਹਿਮਣਾਂ ਦੇ ਥਾਂ ਅਸੀਂ ਪ੍ਰਸਾਦ ਕਰਦੇ ਹਾਂ। ਤੁਸਾਂ ਰਲ ਵਸਨਾ ਹੈ। ਕੜਾਹ ਪ੍ਰਸਾਦ ਬਣਾ ਖੂਹ ਵਿਚ ਪਾਇਆ ਤੇ ਸਿੱਖ ਭੀ ਜਲ ਕਢਣ ਲਗੇ। ਇਕ ਦਿਨ ਢੂੰਨੀ ਉਸ ਨਾਹਰ ਸਿੰਘ ਦੇ ਘਰ ਵਾਲੀ, ਜੋ ਬਹੁਤ ਕਰੜੇ ਸੁਭਾ ਵਾਲੀ ਸੀ। ਗੁੱਸੇ ਨਾਲ ਦੂਰੋਂ ਵੱਟਾ ਦੀਵਾਨ ਲਗੇ ਸਮੇਂ ਸਤਿਗੁਰੂ ਜੀ ਵਲ ਵਗਾਇਆ ਤੇ ਕਿਹਾ, "ਮੇਰਾ ਧਨੀ ਇਨ੍ਹੋਂ ਨੇ ਖੋਸ ਲੀਆ ਹੈ। ਵੋਹ ਬਣਕ ਕੜਾਹੀ ਖਾਏ ਈਹਾਂ ਪੜਾ ਰਹਿਤਾ ਹੈ। ਸਭ ਕਲਾ-ਕਰਨੀ ਕਾ ਮਾਲਕ ਯਿਹ ਇਨ ਕਾ ਗੁਰੂ ਹੈ। ਯਿਹ ਕਬ ਈਹਾਂ ਸੇ ਜਾਵੇਂਗੇ।"

ਵੱਟਾ ਤੇ ਕਿਸੇ ਨੂੰ ਨ ਵੱਜਾ, ਪਰ ਸਿੱਖ ਗੁੱਸਾ ਕਰ ਉਸ ਨੂੰ ਫੜਨ ਚਲੇ ਤਾਂ ਸਤਿਗੁਰੂ ਜੀ ਕਿਹਾ, ਉਹ ਸੂਧੀ ਹੈ ਤੇ ਸੱਚੀ ਭੀ ਹੈ, ਉਸ ਦਾ ਪਤੀ ਤੁਸਾਂ ਕੂਕਾ ਬਣਾ ਲਿਆ ਹੈ। ਜਿਵੇਂ ਜਿਨ੍ਹਾਂ ਦੇ ਪੁੱਤ੍ਰ ਤੁਹਾਡੇ ਨਾਲ ਜਥਿਆਂ ਵਿਚ ਰਲ ਟੁਰ ਜਾਂਦੇ ਹਨ ਤੇ ਮਾਪੇ ਤੁਹਾਨੂੰ ਗਾਲ੍ਹਾਂ ਕੱਢਦੇ ਹਨ। ਤਿਵੇਂ ਜੇ ਇਸ ਭੀ ਕੁਝ ਕਹਿ ਕਰ ਦਿੱਤਾ ਹੈ ਤਾਂ ਤੁਸੀਂ ਜਰ ਲਵੋ।

ਇਸ ਢੂੰਨੀ ਨੂੰ ਉਸ ਵੱਟੇ ਜਿਡਾ ਫੋੜਾ ਕੱਛ ਵਿਚ ਨਿਕਲਿਆ ਸੀ ਤੇ ਉਸ ਨਾਲ ਤੰਗ ਹੋ, ਉਸ ਪਤੀ ਨਾਹਰ ਸਿੰਘ ਤੋਂ ਮਾਫੀ ਮੰਗੀ ਸੀ ਤਾਂ ਬਚੀ ਸੀ। ਇਹ ਨਾਹਰ ਸਿੰਘ ਜਨਮ ਭਰ ਇਸ਼ਨਾਨ, ਕਛਹਿਰੇ, ਭਜਨ, ਬਾਣੀ ਦਾ ਧਾਰਨੀ ਰਿਹਾ।

### *ਸਾਈਂ ਦਾਸ ਪੁਰਾ*

ਇਸ ਸੁਹੇਵੇ ਸਾਹਿਬ ਦਾ ਆਦੀ ਨਾਮ ਸਾਈਂ ਦਾਸ ਪੁਰਾ ਸੀ। ਇਸ ਥਾਂ ਨਾਥਾਂ ਦਾ ਡੇਰਾ ਸੀ ਤੇ ਸਾਈਂ ਦਾਸ ਨਾਥਾਂ ਦਾ ਸੇਵਕ ਸੀ। ਉਸ ਇਸ ਤਲਾਬ ਕੰਢੇ ਇਸ ਦਾ ਮੁੱਢ ਬੱਧਾ। ਪਾਣੀ ਦੇ ਸੁਖੋਂ ਲੋਕ ਰਾਹੀ ਏਥੇ ਆ ਸਾਹ ਲੈਂਦੇ ਤੇ ਇਸ ਨੂੰ ਸਾਹਾ ਕਹਿੰਦੇ ਹਨ। ਸਰਕਾਰੀ ਕਾਗਤਾਂ ਤੇ ਸੁਹਾਵਾ ਤੇ ਸਿੱਖਾਂ ਦੇ ਪੁਸਤਕਾਂ ਵਿਚ ਸੁਹੇਵਾ ਸਾਹਿਬ ਇਸ ਦਾ ਨਾਮ ਹੈ। ਇਸ ਇਲਾਕੇ ਬਾਜਰੀ ਮੋਠ ਹੋ ਜਾਂਦੇ ਹਨ ਜੇ ਵਰਖਾ ਚੋਖੀ ਹੋਵੇ। ਹਾੜੀ ਤਾਂ ਲੋਕ ਬੀਜਣ ਹੀ ਨਹੀਂ ਜਾਣਦੇ। ਇਸ ਤਲਾਬ ਤੇ ਸ੍ਰੀ ਰਾਮ ਚੰਦ੍ਰ ਜੀ ਤੇ ਕ੍ਰਿਸ਼ਨ ਜੀ, ਗੁਰੂ ਨਾਨਕ ਜੀ ਤੇ ਦਸਮ ਜੀ ਆਏ ਹਨ। ਵਰਖਾ ਦੇ ਜਲ ਨਾਲ ਇਹ ਤਲਾ ਭਰ ਜਾਂਦਾ ਹੈ ਤੇ ਬੜਾ ਚਿਰ ਪਾਣੀ ਰਹਿੰਦਾ ਹੈ। ਏਧਰ ਲੋਕਾਂ ਪੱਕੀਆਂ ਭਿੰਗੀਆਂ ਜਲ ਲਈ ਡੂੰਘੀਆਂ ਤੇ ਰਾਹਾਂ ਤੇ ਪੱਕੇ ਥਾਂ ਭੀ ਬਣਾਏ ਹਨ ਜਿਨ੍ਹਾਂ 'ਚੋਂ ਪਾਣੀ ਉਹਨਾਂ ਕੁੰਡਾਂ ਵਿਚ ਜਮ੍ਹਾਂ ਹੋ ਜਾਂਦਾ ਹੈ। ਕਿਤੇ ਕਿਤੇ ਬਉਲੀਆਂ ਭੀ ਹਨ। ਕੱਚੇ ਛੱਪੜ ਤੇ ਖੂਹੀਆਂ ਭੀ ਹਨ। ਲੋਕ ਭਰੂ, ਭਲੇ ਤੇ ਹਿੰਦੂ-ਧਰਮੀ ਹਨ।

### ਸੀਤ ਗਰਮ

ਇਕ ਰਾਤ ਸੰਤ ਬਹਾਦਰ ਸਿੰਘ ਜੀ ਨੂੰ ਦਰਸਨ ਹੋਇਆ। ਸਤਿਗੁਰੂ ਰਾਮ ਸਿੰਘ ਜੀ ਥਾਲੇ ਵਿਚ ਕੜਾਹ ਪ੍ਰਸਾਦ ਲੈ ਵਿਹੜੇ ਵਿਚ ਫਿਰ ਰਹੇ ਹਨ ਤੇ ਸੰਤ ਜੀ ਪੁੱਛਿਆ, ਕੀ ਲੈ ਫਿਰ ਰਹੇ ਹੋ ? ਸਤਿਗੁਰੂ ਜੀ ਉੱਤਰ ਦਿੱਤਾ, ਤੁਸੀ ਬਹੁਤ ਗਰਮ ਕੜਾਹ ਪ੍ਰਸਾਦ ਦਾ ਅਰਦਾਸਾ ਕਰਦੇ ਹੋ। ਮੈਂ ਛਕਣਾ ਹੁੰਦੈ, ਠੰਡਾ ਕਰ ਰਿਹਾ ਹਾਂ। ਸੰਤ ਜੀ ਚਰਨੀਂ ਲਗ ਅਰਜ ਕੀਤੀ, ਆਪ ਦਾ ਕਿਵੇਂ ਦਾ ਕਰ ਵਰਤਾਨ ਤੇ ਅਰਦਾਸੇ ਦਾ ਹੁਕਮ ਹੈ ? ਸਤਿਗੁਰੂ ਜੀ ਕਿਹਾ, ਸੀਤ ਗਰਮ। ਸਵੇਰੇ ਇਹ ਬਚਨ ਸੰਤ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਸੁਣਾਇਆ ਤਾਂ ਸਤਿਗੁਰੂ ਜੀ ਹੁਕਮ ਲਾਇਆ। ਸੀਤ ਗਰਮ। ਜੋ ਬਚਨ ਹੋਇਆ ਹੈ। ਉਸ ਜੁਗਤ ਹੀ ਅਗੇ ਕਰ ਅਰਦਾਸਾ ਕਰਨਾ। ਨਾ ਬਹੁਤ ਗਰਮ ਹੋਵੇ, ਨਾ ਉੱਕਾ ਠੰਡਾ।

### ਧੰਨਵਾਦ ਕੀਤਾ

ਇਕ ਦਿਨ ਪਿੰਡ ਸੁਹੇਵਾ ਸਾਹਿਬ ਦੇ ਸ਼ਾਹੂਕਾਰਾਂ ਰਾਮ ਪ੍ਰਸਾਦ ਤੇ ਚੂੰਨੀ ਲਾਲ ਆਪਣੇ ਪਿਤਾ ਰਾਮ ਚੰਦ ਦਾ ਮਰਨੇ ਦਾ ਇਕੱਠ ਕੀਤਾ। ਸਨਬੰਧੀ ਸੱਦੇ, ਨਾਥਾਂ ਦੇ ਡੇਰੇ, ਗੁਰਦੁਆਰੇ ਦੇ ਮਹੰਤ ਜੈਮਲ ਸਿੰਘ ਜੀ ਤੇ ਸਤਿਗੁਰੂ ਜੀ ਨੂੰ ਪ੍ਰਸਾਦ ਦਾ ਨਿਉਂਦਾ ਆਖਿਆ। ਸਤਿਗੁਰੂ ਜੀ ਕਿਹਾ, ਹੁੱਕਾ ਛਡੋ ਤੇ ਭਜਨ ਪੁੱਛੋ। ਉਹਨਾਂ ਸਤਿਬਚਨ ਕੀਤਾ ਤਾਂ ਰਸਤ ਜੋਗ ਰਕਮ ਲੈਣੀ ਮੰਨੀ ਕਿ ਆਪਣੀ ਮਰਜੀ ਦਾ ਪ੍ਰਸਾਦ ਕਰਾਗੇ, ਪਰ ਉਹ ਰਕਮ ਕਿਤੇ ਵਰਤਣ ਨਾ ਦਿੱਤੀ। ਕੁਝ ਦਿਨਾਂ ਬਾਅਦ ਪਤਾ ਲੱਗਾ ਕਿ ਹੁੱਕਾ ਉਹਨਾਂ ਫੇਰ ਪੀਤਾ ਹੈ, ਤਾਂ ਸਤਿਗੁਰੂ ਜੀ ਸੱਦ, ਰਕਮ ਵਾਪਸ ਕੀਤੀ, ਤਾਂ ਇਕ ਭਰਾ ਚੂੰਨੀ ਲਾਲ ਫੇਰ ਕਾਇਮ ਹੋ ਗਿਆ। ਉਹ ਰਕਮ ਵਿਚ ਪਾ ਸਤਿਗੁਰੂ ਜੀ ੨ ਚੇਤ੍ਰ ਕੜਾਹ ਪ੍ਰਸਾਦ ਕਰ, ਸਭ ਨਗਰ ਵਿਚ ਸੱਦਾ ਦੇ ਤੇ ਸਭ ਰਾਹੀ ਪਾਂਧੀ ਨੂੰ ਰੱਜਵਾਂ ਕੜਾਹ ਪ੍ਰਸਾਦ ਤੇ ਕਣਕ ਦਾ ਪ੍ਰਸਾਦਾ ਛਕਾਇਆ। ਨਗਰ ਦੇ ਵੱਡੇ ਵੱਡੇ ਪੁਰਸ਼ਾਂ ਤੇ ਨਾਥਾਂ ਦੇ ਡੇਰੇ ਨੂੰ ਤੇ ਮਹੰਤ ਜੈਮਲ ਸਿੰਘ ਨੂੰ ਕਿਹਾ, ਆਪ ਦੀ ਜੂਹੋਂ ਬਾਲਣ ਤੇ ਖੂਹਾਂ ਤੋਂ ਜਲ ਵਰਤਿਆ ਹੈ ਤੇ ਹੋਰ ਬਹੁਤ ਖੇਚਲ ਏਤਨਾ ਚਿਰ ਦਿੱਤੀ ਹੈ। ਆਪ ਨੇ ਭੁੱਲਾਂ ਤੇ ਖੇਚਲ ਹੋਈ ਦੀ ਖਿਮਾਂ ਹੀ ਕਰਨੀ। ਨਾਥਾਂ ਦੇ ਡੇਰੇ ਕੁਝ ਭੇਟਾ ਦਿੱਤੀ ਮਾਇਆ, ਤੇ ਮਹੰਤ ਜੀ ਨੂੰ ਵਧੀ ਰਸਤ ਦੇ ਸਭ ਨੂੰ ਕਿਹਾ, ਸਾਨੂੰ ਪਤਾ ਲਗਾ ਹੈ ਤੁਸੀਂ ਗੁਰੂ ਨਾਨਕ ਦੀ ਕਤਕ ਪੂਰਨਮਾਸ਼ੀ ਮਨਾਦੇ ਹੋ, ਏਥੇ ਮੇਲਾ ਕਰਦੇ ਹੋ। ਪਰ ਉਹਨਾਂ ਦੇ ਹੁਕਮ ਭੀ ਮੰਨਿਆਂ ਕਰੋ ਜੇ ਰਾਮ ਕ੍ਰਿਸ਼ਨ ਨੂੰ ਮੰਨਦੇ ਹੋ ਤਾਂ ਉਹਨਾਂ ਗੁਰੂ ਨਾਨਕ ਜੀ ਦੇ ਸਰੂਪ ਬਾਕੀ ਬਾਰਾਂ ਗੁਰੂਆਂ ਨੂੰ ਮੰਨਿਆ ਕਰੋ। ਸਭ ਨੂੰ ਗੁਰੂ ਹਰੀ ਸਿੰਘ ਜੀ ਤਕ ਨਾਮ ਸੁਣਾਏ, ਸਿੱਖਿਆ ਭੀ ਸੁਣਾਈ। ਸਵੇਰੇ ਉਠ ਕੇ ਇਸ਼ਨਾਨ ਕੀਤਾ ਕਰੋ ਤੇ ਗੁਰਮੰਤ੍ਰ ਤੋਂ ਹੀਣੇ ਕੋਈ ਨਾ ਰਵ੍ਹੇ। ਕਈਆਂ ਨੇ ਅਰਜ ਕਰ ਭਜਨ ਭੀ ਪੁੱਛਿਆ। ਸਤਿਗੁਰੂ ਜੀ ਸੰਤ ਬਹਾਦਰ ਸਿੰਘ ਤੇ ਸੰਤ ਆਲਾ ਸਿੰਘ ਜੀ ਤੋਂ ਭਜਨ ਦਿਵਾਇਆ।

### ਸਮੇਂ ਦੀ ਪਛਾਣ

ਨਾਹਰ ਸਿੰਘ ਇਕ ਦਿਨ ਅੰਮ੍ਰਿਤ ਵੇਲੇ ਇਸ਼ਨਾਨ ਕਰ ਥਾਣੇ ਚੌਕੀ ਵਲ ਆ ਰਿਹਾ ਸੀ। ਵੱਡੇ ਥਾਣੇਦਾਰ ਸਿੱਖ ਜਾਣ ਸੀਸ ਨਿਵਾਇਆ ਤਾਂ ਨਾਹਰ ਸਿੰਘ ਅਸੀਸ ਦਿੱਤੀ, ਸੁਖੀ ਰਹੋ ਨਾਮ ਚਿੱਤ ਆਵੇ। ਦਿਨ ਚੜ੍ਹੇ ਨਾਹਰ ਸਿੰਘ ਸਾਹਵੇਂ ਹੋ ਸਲੂਟ ਕੀਤਾ ਤੇ ਉਸ ਅਫਸਰ ਕਿਹਾ, ਤੂੰ ਤਦੋਂ ਕੀ ਕਿਹਾ ਸੀ ਤੇ ਹੁਣ ਇਹ ਕੀ ? ਤਾਂ ਨਾਹਰ ਸਿੰਘ ਕਿਹਾ, ਤਦੋਂ ਤੂੰ ਮੈਨੂੰ ਸਾਧ ਜਾਣਿਆਂ ਸੀ ਤੇ ਮੈਂ ਭੀ ਭੇਖ ਦੀ ਮਰਯਾਦਾ ਨੂੰ ਮੁੱਖ ਰਖ ਅਸ਼ੀਰਬਾਦ ਦਿੱਤੀ। ਹੁਣ ਤੂੰ ਸਿਪਾਹੀ ਜਾਣਦਾ ਹੈਂ ਮੈਂ ਸਲੂਟ ਕੀਤਾ ਹੈ। ਸਤਿਗੁਰੂ ਜੀ ਇਹ ਵਾਰਤਾ ਸੁਣੀ ਤਾਂ ਬਚਨ ਕੀਤਾ, ਸਾਧ ਨੂੰ ਏਸੇ ਤਰ੍ਹਾਂ ਭੇਖ ਲੱਜਾ, ਦਰਜੇ ਤੇ ਸਮੇਂ ਦੀ ਪਛਾਣ ਲੋੜੀਦੀ ਏ।

Sri Satguru Jagjit Singh Ji Elibrary NamdhariElibrary@gmail.com

## ਸੁਹੇਵੇ ਸਾਹਿਬੋਂ ਵਾਪਸੀ

ਗੁਰਦੁਆਰੇ ਤੇ ਪਿਪਲ ਦੇ ਦਰਸ਼ਨ ਕਰ, ਜੋ ਦਸਮ ਜੀ ਦੇ ਸਮੇਂ ਜੰਡ ਤੇ ਉਗਿਆ ਸੀ, ਇਸ ਵਕਤ ਬਹੁਤ ਮੋਟਾ ਸੀ ਤੇ ਜੰਡ ਥੋੜ੍ਹਾ ਜਿਹਾ ਜਾਪਦਾ ਸੀ, ਦੇਖ ਸਮੇਤ ਸਤਿਗੁਰੂ ਜੀ ਦੇ ਅਰਦਾਸਾ ਕਰ ਗੁਰਦੁਆਰੇ ਮੱਥਾ ਟੇਕ ਦੇਸ ਪੰਜਾਬ ਨੂੰ ਭ ਚੇਤ ਵਿਦਾ ਹੋਏ।

ਉਹ ਭੂਮੀਆਂ। ਮਾਲੀ, ਗੇਰੂਏ ਬਸਤਰ ਰਖਦਾ ਸਾਧ ਹੀ ਸੰਗਤ ਦੇ ਹੋਲਾ ਵੇਖਣ ਮੁਕਤਸਰ ਦਾ ਟੂਰ ਪਿਆ, ਊਠਾਂ ਤੇ ਸਥਾਬ ਲੱਦਿਆ ਸਿੱਖ ਬਿਰਧ ਬਠਾਏ। ਨੌਹਰ ਆਏ। ਦਸਮ ਜੀ ਦੇ ਕਬੂਤਸਰ ਗੁਰਦੁਆਰੇ।

ਦੋ ਮਹੀਨੇ ਇਸ ਮੇਲੇ ਦੀ ਮੌਜ ਹੈ ਜਿਸ ਜਿਸ ਵੇਖੀ।
ਸੋ ਸਾਰੀ ਮੈਂ ਦਸ ਨਹੀਂ ਸਕਦਾ ਸੀ ਉਹ ਕਾਰ ਬਲੇਖੀ।
ਉਹ ਸੰਗਤ ਸੋ ਸਤਿਗੁਰ ਸੋਹਣਾ ਧਾਠ ਹੋਣ ਜਿਨ ਕਾਰਨ।
ਉਹ ਆ ਆ ਸੀ ਦਰਸਨ ਦੇਂਦੇ ਲਾ, ਲਾ ਲਟਕੇ ਤਾਰਨ।
ਸਾਖਿਆਤ ਕਿਸੇ ਨੂੰ ਦਰਸਨ ਕਿਸੇ ਸਖੇਪਤ ਰਸਨਾ।
ਚਲੇ ਰਹੇ ਰਾਮ ਹੀ ਵਲੇ ਦਸਣ ਜੋਗ ਸੋ ਰਸ ਨਾ।
ਤਰਨ ਸਿੰਘ ਤਦ ਪਿੰਡ ਆਪਣੇ ਸਾਂ ਮੈਂ ਉਮਰ ਇਆਣੀ।
ਲਿਖਿਆ ਪੁੱਛ ਹੈ ਉਹਨਾਂ ਪਾਸੋਂ ਮੌਜ ਜਿਨ੍ਹਾਂ ਸੀ ਮਾਣੀ।

ਨੌਹਰ ਜਲ ਪ੍ਰਸਾਦ ਛਕਿਆ। ਕਰਤਾਰ ਸਿੰਘ ਜਲੂਣ ਵਾਲੇ ਦੀ ਔਡੀ ਪੈਰ ਦੀ ਵਿਚ ਪਾਣੀ ਪਿਆ ਸੀ ਉਹ ਮਸਾਂ ਟੁਰਦਾ ਸੀ। ਸਤਿਗੁਰੂ ਜੀ ਕਿਹਾ, ਕੱਢਾ ਦੇ। ਉਸ ਕਿਹਾ, ਦਰਦ ਹੋਵੇਗੀ। ਤਾਂ ਕਿਹਾ ਨੇ ਮਨੀ ਸਿੰਘ ਜੀ ਵਾਂਗੂੰ ਤੂੰ ਦੇਹ ਤੋਂ ਵੱਖ ਹੋ ਰਹੁ। ਉਸ ਨੂੰ ਤਦ ਹੀ ਦਰਦ ਨਾ ਹੋਈ ਸੀ ਪੋਟਾ ਪੋਟਾ ਹੋਣ ਦੀ। ਉਹ ਗੁਰਚਰਨਾਂ ਵਿਚ ਜੁੜ ਰਿਹਾ ਸੀ। ਕਰਤਾਰ ਸਿੰਘ ਕਿਹਾ, ਉਹ ਉਤਨੀ ਕਮਾਈ ਵਾਲੇ ਸੀ। ਸਤਿਗੁਰੂ ਜੀ ਕਰਤਾਰ ਸਿੰਘ ਨੂੰ ਆਪਣੇ ਨਾਲ ਗਲੀਂ ਲਾ ਉਸ ਦੇ ਪੈਰ ਤੇ ਪੈਰ ਧਰ ਵੇਹ ਕੇ ਪਾਣੀ ਕਢ ਦਿੱਤਾ ਤੇ ਪੱਟੀ ਗਿਲੀ ਬੰਨ੍ਹ ਕਿਹਾ, ਇਹਨੂੰ ਗਿਲੀ ਹੀ ਰਖੀਂ। ਦਰਦ ਭੀ ਨਾ ਹੋਇਆ ਤੇ ਰਾਜ਼ੀ ਭੀ ਛੇਤੀ ਜ਼ਖਮ ਹੋ ਗਿਆ।

ਭੁੱਲਾਂ ਲਗਾਂ ਮਾਤ੍ਰਾਂ ਅੱਖਰ ਕਈ ਪ੍ਰਸੰਗ ਰਹਿ ਜਾਂਦੇ ਨੇ।
ਉਹ ਪਿਛੋਂ ਲਿਖ ਜੋੜ ਹਾਂ ਦੇਂਦਾ ਜੋ ਚੇਤੇ ਵਿਚ ਆਂਦੇ ਨੇ।
ਤਾਵੇਂ ਜਤਨ ਬੜਾ ਹੀ ਕਰਦਾਂ ਫਿਰ ਭੀ ਭੁਲਣਹਾਰਾ ਹਾਂ।
ਦੋ ਵਾਰੀ ਪੜ੍ਹ ਲਿਖ ਚੁਕਾਂ ਹੁਣ ਲਿਖਦਾ ਪਿਆ ਤਿਬਾਰਾ ਹਾਂ।
ਤਰਨ ਸਿੰਘ ਸ੍ਰੀ ਰਾਮ ਪੁਰੇ ਰਹਿ ਗੁਰ-ਜੱਸ ਸੇਵਾ ਧਾਰੀ।
ਆਹਰ ਏਸ ਬਿਨ ਮਾਇਆ ਧੰਧਾ ਨਹੀਂ ਕੋਈ ਹੋਰ ਲਚਾਰੀ।
ਹੈ ਆਸ਼ਾ ਛਪਵਾ ਜੇ ਸਕਾਂ ਲੱਖਾਂ ਤਾਂ ਮੈਂ ਖੱਟਾਂ।
ਅਮਰ ਹੋਵਾਂ ਇਸ ਅਮਰ ਕਥਾ ਕਰ ਵਧਦਾ ਰਹਾਂ ਨਾ ਘੱਟਾਂ।
ਭਾਈ ਬਾਲਾ ਜੀ ਸੰਤ ਸੰਤੋਖ ਸਿੰਘ ਜੀ ਦੀ ਰੀਸ ਤੇ ਨਾਹੀਂ।
ਸਾਧ ਸੰਗਤ ਸਤਿਗੁਰ ਜੀ ਦਾ ਜੱਸ ਜਾਵੇ ਨਹੀਂ ਅਜਾਈਂ।

## ਹੋਲਾ ਮੁਕਤਸਰ

ਹੋਲੇ ਤੇ ਮੁਕਤਸਰ ਪੁੱਜਣ ਲਈ ਸਤਿਜੁਗ 'ਚ ਭੀ ਛਪਵਾਇਆ। ਮਾਝਾ, ਮਾਲਵਾ, ਪੋਠੋਹਾਰ, ਨੱਕਾ, ਦਰਪ, ਦੁਆਬਾ, ਬਾਰ, ਪੁਆਧ, ਮੈਨ ਦੁਆਬ, ਪਹਾੜ, ਵਾਹ ਆਦਿ ਸਭ ਤਰਫੋਂ ਸੰਗਤ ਆਈ। ਕੋਟ ਕਪੂਰੇ ਜੀਵਣ ਸਿੰਘ ਰੋਤੇ ਵਾਲਿਆਂ ਸੰਗਤ ਨੂੰ ਸਰਦਾਈ ਦੀ ਦੇਗ ਦਿੱਤੀ ਬਿਸਨ ਸਿੰਘ, ਗੁਲਾਬ ਸਿੰਘ, ਸਰਮੁਖ ਸਿੰਘ ਰਗੜ ਛਕਾਈ ਨਾਮਾਂ ਥੈਸੀਆਂ।

ਰਾਗੀ, ਸਬਦੀ, ਢਾਡੀ, ਦਾਨੇ, ਮਸਤਾਨੇ, ਗੁਣੀ ਆਲਿਮ ਜੀ, ਚੱਕਰਵਰਤੀ ਜੀ, ਸੰਤ ਮੰਗਲ ਸਿੰਘ ਜੀ, ਭਗਤ ਸਿੰਘ ਜੀ, ਹਾਕਮ ਸਿੰਘ ਜੀ, ਪੰਡਿਤ ਬਸੰਤ ਸਿੰਘ ਜੀ, ਮਨਸਾ ਸਿੰਘ, ਆਲਾ ਸਿੰਘ ਜੀ, ਮੋਹਣ ਸਿੰਘ ਜੀ, ਅਤਰ ਸਿੰਘ ਜੀ, ਸੁੰਦਰ ਸਿੰਘ ਜੀ, ਫਤੇ ਸਿੰਘ ਜੀ, ਮਸਤਾਨ ਸਿੰਘ ਜੀ, ਬਿਸਨ ਸਿੰਘ ਜੀ, ਮਹਾਰਾਜ ਜੀ ਦੋਵੇਂ ਤੇ ਮਾਤਾ ਜੀ ਦੋਵੇਂ ਸਤਿਜੁਗ ਦੇ ਸੰਪਾਦਕ ਤੇ ਹੋਰ ਬਹੁਤ ਸੰਗਤਾਂ ਆਈਆਂ। ਮੁਕਤਸਰ ਡੇਰੇ ਤੋਂ ਬਾਹਰ ਬਹੁਤ ਤੰਬੂ ਲਾਏ। ਕੁਝ ਛਪਰ ਪਾਏ, ਕੁਝ ਮਕਾਨ ਮੁਫਤ ਮਿਲੇ ਕੁਝ ਕਰਾਏ ਤੇ ਭੀ ਲਏ।

ਇਹਨੀ ਦਿਨੀ ਅਕਾਲ ਤਖਤ ਖੁਸਨ ਕਰ ਦੂਜੇ ਗੁਰਦੁਆਰੇ ਭੀ ਖੁਸਨ ਦੀਆਂ ਬਹੁਤ ਅਫਵਾਹਾਂ ਚਲਦੀਆਂ ਸੀ। ਇਸ ਤੋਂ ਪਹਿਲਾਂ ਬਾਬੇ ਦੀ ਬੇਰ ਸਿਆਲਕੋਟ ਦਾ ਗੁਰਦੁਆਰਾ ਭੀ ਖੁਸ ਚੁੱਕਾ ਸੀ। ਹੁਣ ਤੀਜੀ ਹੋਲ ਸਭ ਗੁਰਦੁਆਰਿਆਂ ਤੇ ਹੋਣ ਦੇ ਡਰ ਕਰ ਗੁਰਦੁਆਰੇ ਦੇ ਪੁਜਾਰੀਆਂ ਸਰਕਾਰੇ ਇਤਲਾਹ ਦੇ ਪੁਲਸ ਬਹੁਤ ਮੰਗਾਈ ਹੋਈ ਸੀ ਪਰ ਨਾਮਧਾਰੀਆਂ ਤੇ ਇਹ ਸ਼ੱਕ ਸਰਕਾਰ ਨੂੰ ਉੱਕਾ ਨਾ ਸੀ। ਲੋਕਾਂ ਤੇ ਪੁਜਾਰੀਆਂ ਲਈ ਦਖਾਲਾ ਬੰਦੂਕਾਂ ਤੇ ਸਪਾਹੀ ਘੱਲ ਕੀਤਾ ਸੀ। ਦੀਵਾਨ ਵਿਚ ਭੀ ਸਪਾਹੀ ਆ ਬੈਠ ਸੁਣਦੇ ਸੀ। ਸੰਤ ਹਰਨਾਮ ਸਿੰਘ ਜੀ ਰਾਗੀ ਸੰਤ ਲਾਲ ਸਿੰਘ ਜੀ, ਸੰਤ ਨਿਧਾਨ ਸਿੰਘ ਆਲਿਮ ਭਾਈ ਕਾਲੂ, ਮੱਤੂ, ਸੰਦਲ ਤੇ ਭਰੋਸਾ ਸਿੰਘ ਆਦਿ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਤੇ ਕਾਰਨਾਮੇ ਸੁਣਾਂਦੇ ਸੀ। ਆਲਿਮ ਜੀ ਤੇ ਭਰੋਸਾ ਸਿੰਘ ਜੀ ਖਿਲਿਆਂ ਦੇ ਖ਼ਿਲਾਫ ਭੀ ਬੋਲਦੇ। ਪਰ ਸਤਿਗੁਰੂ ਜੀ ਸਮਝਾਂਦੇ ਸਾਨੂੰ ਸਮਾਈ ਨਾਲ ਸਮਾਂ ਗੁਜ਼ਾਰਨ ਦਾ ਹੁਕਮ ਏ। ਹਾਂ, ਇਹਨਾਂ ਗੋਰਿਆਂ ਨਾਲ ਮਿਲ-ਵਰਤੋਂ ਨਹੀਂ ਕਰਨੀ ਤੇ ਦੇਸ ਦੇ ਭਲੇ ਹਿੱਤ ਕੰਮ ਕਰਨ ਵਾਲਿਆਂ ਦੇ ਸਾਥੀ ਹੋ ਵਰਤਣਾ ਹੈ ਤੇ ਕਹਿੰਦੇ, ਦੇਖੋ ਜਿਨ੍ਹਾਂ ਤਦੋਂ ਸਾਡਾ ਸਾਥ ਨਾ ਦਿੱਤਾ ਸੀ ਉਹੋ ਗੋਰੇ ਦੇ ਖਿਲਾਫ ਹੋ ਵਰਤਣਗੇ ਤੇ ਮਾਰ ਖਾਣਗੇ ਆਪਣੀ ਗਲਤੀ ਕੀਤੀ ਦੀ। ਸਾਨੂੰ ਬੜਾ ਸੰਭਲ ਕੇ ਰਹਿਣ ਤੇ ਕਹਿਣ ਦੀ ਲੋੜ ਏ। ਅਸਾਂ ਆਪ ਪੱਕੇ ਕੂਕੇ ਰਹਿਣੈ।

## ਸਤਿਗੁਰਾਂ ਨਮਿੱਤ ਪਾਠ ਕਰੋ

ਸਤਿਗੁਰੂ ਜੀ ਰੋਜ਼ ਇਸ ਹੋਲੇ ਤੇ ਇਕੱਠ ਕਰਦੇ, ਮਤੇ ਪਾਸ ਕਰਦੇ ਤੇ ਸੰਗਤ ਵਿਚ ਪਾਸ ਹੋਏ ਮਤਿਆਂ ਦੇ ਸਾਰ ਸੁਣਾਦੇ। ਇਕ ਦਿਨ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ, ਜਿਸ ਵਿਚ ਲਿਖਿਆ ਹੈ। ਸੰਗਤ ਸਾਡੇ ਨਮਿਤ ਭੋਗ ਗ੍ਰੰਥ ਸਾਹਿਬ ਦੇ ਪੁਆਵੇ। ਕਿ ਗੁਰੂ ਸਾਹਿਬ ਸਾਨੂੰ ਭੀ ਸੰਗਤ ਦਾ ਦੀਦਾਰ ਕਰਾਵੇ। ਜਿਸ ਕੁਝ ਕਰਨਾ ਹੈ ਉਹ ਹੁਣ ਮੇਰੇ ਨਮਿਤ ਕਰੇ। ਸਤਿਗੁਰੂ ਜੀ ਆਪ ਵੈਰਾਗੀ ਹੋਇਆਂ ਖੜੇ ਸੰਗਤ ਵਿਚ ਸੁਣਾਇਆ। ਸੁਣ ਸਭ ਸੰਗਤ ਭੀ ਵੈਰਾਗੀ ਹੋਈ। ਸਤਿਗੁਰੂ ਜੀ ਕਿਹਾ, ਸੁਹੇਵੇ ਸਾਹਿਬ ਪਾਠ ਕੀਤੇ ਹਨ ਤੇ ਜਿੰਨੇ ਗੁਰੂ ਕਰਾਏ ਹੋਰ ਕਰਨੇ ਹਨ ਜਿਥੇ ਗੁਰੂ ਕਰਾਏ। ਜਿਸ ਕਰਾਣਾ ਹੋਵੇ ਅਖੰਡ ਪਾਠ ਉਹ ੪੦) ਮੋਖ ਦੇ ਤੇ ਸਧਾਰਨ ਦੇ ੧੫) ਦੇ ਅਸੀਂ ਕਰਾਂਗੇ। ਜਿਸ ਦਾ ਜੀਅ ਕਰੇ ਰਕਮ ਦੇਵੇ ਨਾਮ ਲਿਖਾਵੇ।

ਕਈਆਂ ਰਕਮਾਂ ਦਿੱਤੀਆਂ, ਕਈਆਂ ਨਾਮ ਲਿਖਾਏ ਤੇ ਕਿਹਾ, ਜਦ ਸਿੱਖ ਪੁੱਜਣਗੇ ਦੇਵਾਂਗੇ। ਇਸ ਹੋਲੇ 'ਚ ਚਾਰ ਸਫਾਂ ਵਿਛੌਣ ਦਾ ਹੁਕਮ ਦਿੱਤਾ। ਪਹਿਰੇ ਖੜੇ ਕਰ ਬਹੌਣ ਦਾ ਹੁਕਮ ਦਿੱਤਾ।

ਇਕ ਸਫ ਸਾਧ ਸੰਗਤ ਦੀ, ਸਤਿਗੁਰੂ ਜੀ ਦੇ ਨੇੜੇ। ਦੂਜੀ ਸਰਦਾਰਾਂ ਆਏ ਖੁਲ੍ਹਿਆ ਦੀ ਤੇ ਸਰਕਾਰੀ ਲੋਕਾਂ ਦੀ। ਤੀਜੀ ਹੋਰ ਮਤ ਦੇ ਸਾਧੂਆਂ ਆਇਆਂ ਤੇ ਖੁਲ੍ਹੇ ਕੂਕਿਆਂ ਦੀ। ਚੌਥੀ ਮਾਈਆਂ ਜੋਗ ਸਫ ਸੀ, ਤੇ ਸਭ ਆਏ ਨੂੰ ਆਦਰ ਨਾਲ ਪਹਿਰੇਦਾਰਾਂ ਨੂੰ ਬਹਾਣ ਦਾ ਹੁਕਮ ਸੀ। ਇਸ਼ਾਰਾ ਦੇ, "ਸਦਾ ਚਾਏ ਮੁਖ ਮਿਸਟ ਬਾਣੀ" ਗੁਰਵਾਕ ਅਨੁਸਾਰ।

## *ਨਾਮਧਾਰੀ ਦਰਬਾਰ ਤੇ ਸੂਬੇ*

ਕੁਝ ਨਾਮਧਾਰੀ ਨਿਰਾ ਕਾਂਗਰਸ ਰੂਪ ਹੀ ਹੋ ਟੁਰਨਾ ਚਾਹੁੰਦੇ ਸੀ ਤੇ ਸਤਿਗੁਰੂ ਜੀ ਧਰਮ ਨੂੰ ਮੁੱਖ ਰੱਖ ਕਾਂਗਰਸ ਦਾ ਸਾਥ ਦੇਣਾ ਚਾਹੁੰਦੇ ਸੀ। ਇਕ ਦੋ ਇਕੱਠਾਂ ਵਿਚ ਇਸ ਤੇ ਵਿਚਾਰ ਹੋਈ ਤੇ ਫੈਸਲਾ ਹੋਇਆ, ਕਾਂਗਰਸ ਨਾਲ ਉਥੋਂ ਤਕ ਸਾਥ ਦਿੱਤਾ ਜਾਵੇ ਜਿਥੋਂ ਤੱਕ ਕੂਕ-ਪੁਣੇ ਨੂੰ ਕਸਰ ਨਾ ਲਗੇ। ਸੋਚਿਆ ਗਿਆ ਕਿ ਅੱਜ ਨੇਮ ਹੋਰ ਹਨ ਤੇ ਕੱਲ੍ਹ ਨੂੰ ਮਤੇ ਕਾਂਗਰਸ ਦੇ ਹੋਰ ਨੇਮ ਹੋਣ।

ਅੰਤ ਇਹ ਫੈਸਲਾ ਹੋਇਆ ਕਿ ਨਾਮਧਾਰੀ ਦਰਬਾਰ ਬਣੇ ਜੋ ਕਾਂਗਰਸ ਨਾਲ ਭੀ ਤੇ ਹੋਰ ਸਰਕਾਰੀ ਕੰਮਾਂ ਲਈ ਵਿਚੋਲਗੀ ਕਰੇ। ਜਿਵੇਂ ਦੀ ਲੋੜ ਹੋਵੇ। ਜਿਵੇਂ ਕਿ ਅਜੇ ਭੈਣੀ ਸਾਹਿਬ ਪੁਲਸ ਦੀ ਚੌਕੀ ਬੈਠੀ ਹੋਈ ਏ। ਸਿੰਘ-ਸਭੀਏ ਨਾਮ ਬਦਲ ਅਕਾਲੀ ਬਣ ਆਪਣਾ ਬਲ ਵਧਾ ਰਹੇ ਹਨ, ਮਤ ਸਾਡੇ ਤੇ ਭੀ ਰੋਹਬ ਪਾਣ, ਜੋ ਸਹਿਣਾ ਨਹੀਂ ਪੁੱਜਦਾ। ਇਹ ਅੰਗਰੇਜ਼ਾਂ ਦੀ ਚਾਲ ਹੈ ਕਿ ਜਿਵੇਂ ਕਿਵੇਂ ਹਿੰਦੂ ਧਰਮ ਨੂੰ ਭ੍ਰਸ਼ਟ ਕੀਤਾ ਜਾਵੇ, ਇਕ ਸੌੜਾ ਘਟੇਗੀ, ਦੂਜਾ ਹਿੰਦੂ ਧਰਮੀਆਂ ਦੀ ਤੇ ਅੰਗਰੇਜ਼ੀ ਧਰਮੀਆਂ ਦੀ ਵਿੱਥ ਵਧੇਗੀ ਤੇ ਇਕ ਹੋ ਸਾਡੇ ਵੱਲ ਮੂੰਹ ਨ ਕਰਨਗੇ। ਪਾੜੋ ਤੇ ਰਾਜ ਕਰੋ। ਇਸ ਮਤਲਬ ਦੇ ਆਦਮੀ ਸਰਕਾਰ ਹਰ ਮਜ਼੍ਹਬ ਵਿਚ ਵਾੜ ਰਖੇ ਹਨ। ਸਾਨੂੰ ਬੜੇ ਸੁਚੇਤ ਹੋ ਹਿੰਦੂ-ਧਰਮ ਨੂੰ ਪੁਰਾਤਨ, ਸਨਾਤਨ ਧਰਮ ਤੇ ਸਿੱਖੀ ਧਰਮ ਨੂੰ ਪੱਕਾ ਰਖਣ ਦਾ ਖਿਆਲ ਰਖਣਾ ਚਾਹੀਦੇ।

ਨਾਮਧਾਰੀ ਦਰਬਾਰ ਬਣਿਆ ਤੇ 'ਸਤਿਜੁਗ' ਦੇ ਚਲਾਣ ਦਾ ਬਾਨ੍ਹਣੂ ਬੱਝਾ। ਨਾਮਧਾਰੀ ਪੰਥ 'ਚ ਕਈ ਸੂਬੇ ਚੜ੍ਹ ਗਏ ਜਾਣ, ਕਈ ਕੋਈ ਕੰਮ ਨ ਕਰਦੇ ਜਾਣ, ਨਵੇਂ ਸੂਬੇ ਸਾਜਣ ਦੀ ਲੋੜ ਜਾਣ ਸੂਬੇ ਥਾਪਣੇ ਚਾਹੇ ਤੇ ਸਤਿਗੁਰੂ ਜੀ ਕਿਹਾ, ਮੇਰੇ ਪਾਸ, ਜੋ ਪੰਥਕ ਫੈਸਲਾ ਨਾ ਨਿਬੜ ਸਕੇ, ਸੋ ਆਵੇ ਤੇ ਕੋਈ ਕੂਕਾ ਕਿਸੇ ਅਰਜ਼ ਕਰਨੋਂ ਥੁੜਿਆ ਨਾ ਰਵ੍ਹੇ ਤੇ ਪੰਥਕ ਢਿਲਾਈ ਨਾ ਵਰਤੇ। ਸਤਿਗੁਰੂ ਜੀ ਬਚਨ ਕੀਤਾ, ਜੇ ਖੁਲ੍ਹੇ ਨਾਲ ਭੀ ਤਨਾਜ਼ਾ ਹੋਵੇ ਤਾਂ ਸੂਬਾ ਵਿਚ ਪੈ ਸਮਝੌਤਾ ਕਰਾਵੇ ਜੇ ਖੁਲ੍ਹਾ ਨਾ ਮੰਨੇ, ਝੂਠਾ ਹੋਂਦਾ ਤਾਂ ਸੂਬਾ ਕੂਕੇ ਦੀ ਮਦਦ ਕਰੇ। ਜੇ ਕੂਕਾ ਝੂਠਾ ਹੁੰਦਾ ਨਾ ਮੰਨੇ ਤਾਂ ਮੈਨੂੰ ਦਸੋ, ਮੈਂ ਉਸ ਨੂੰ ਸਮਝਾਵਾਂਗਾ।

ਭੋਗ ਸਮੇਂ ਸਭ ਮਤੇ ਪਾਸ ਹੋਏ ਸੁਣਾਏ ਗਏ। ਸੂਬੇ ਹਰ ਜ਼ਿਲ੍ਹੇ ਵਾਰ ਥਾਪ ਕੇ ਸੁਣਾਏ ਗਏ। ਨਾਮਧਾਰੀ ਦਰਬਾਰ ਤੇ ਸਤਿਜੁਗ ਨੂੰ ਦਸ ਹਜ਼ਾਰ ਰੁਪਿਆ ਭੀ ਸਤਿਗੁਰੂ ਜੀ ਦਿੱਤਾ। ਜੋ ਸੇਵਕ ਦੱਲ, ਸਰਬ ਸ੍ਰਿਸ਼ਟੀ ਸੁਧਾਰਕ ਦਲ ਅਗੇ ਬਣਿਆ ਹੋਇਆ ਸੀ ਉਸ ਦਾ ਬੱਲ ਤੇ ਨਾਮ ਤੋੜ ਦਿੱਤਾ।

ਮਹਾਰਾਜ ਗੁਰਦਿਆਲ ਸਿੰਘ ਜੀ, ਆਲਿਮ ਜੀ, ਸੰਤ ਮੰਗਲ ਸਿੰਘ ਜੀ, ਸੰਤ ਇੰਦਰ ਸਿੰਘ

Sri Satguru Jagjit Singh Ji Elibrary NamdhariElibrary@gmail.com

ਜੀ 'ਚੱਕਰਵਰਤੀ' ਆਦਿ ਹਿੰਦੀ, ਅੰਗਰੇਜ਼ੀ, ਉਰਦੂ, ਗੁਰਮੁਖੀ ਅਖ਼ਬਾਰਾਂ ਨੂੰ ਪੁਰਾਣੀ ਨਵੀਂ ਨਾਮਧਾਰੀ ਪੰਥ ਦੀ ਕਾਰਵਾਈ ਇਤਿਹਾਸ ਲਿਖ ਦੇਂਦੇ ਤੇ ਸਤਿਜੁਗ 'ਚ ਛਪਦੇ ਸੀ।

ਇਸ ਦਰਬਾਰ ਵਿਚ ਕਈ ਸੇਵਕ ਦੱਲ ਦੇ ਰਹੇ, ਕਈ ਹੋਰ ਪੰਥ 'ਚੋਂ, ਪੜ੍ਹੇ ਲਿਖੇ ਤੇ ਹੁਸ਼ਿਆਰ ਕੰਮ ਕਰਨ ਵਾਲੇ ਹੀ ਲਏ ਗਏ ਤੇ ਸਤਿਗੁਰੂ ਜੀ ਦੀ ਮਨਜ਼ੂਰੀ ਹਰ ਕੰਮ ਤੇ ਰੱਖੀ ਗਈ ਜੋ ਕਈ ਪਹਿਲੋਂ ਨ ਸੀ ਚਾਹੁੰਦੇ।

## ਸੰਤ, ਸੂਬੇ ਅਤੇ ਸੇਵਾਦਾਰ

(੧) ਸੂਬਾ ਫਤੇ ਸਿੰਘ ਜੀ ਮਾਂਗਾ ਜ਼ਿਲ੍ਹਾ ਲਾਹੌਰ, (੨) ਜਗਤ ਸਿੰਘ ਜੀ ਖੰਡੂਵਾਲੀ ਜ਼ਿ: ਸਿਆਲਕੋਟ (੩) ਹਰਨਾਮ ਸਿੰਘ ਜੀ ਭੋਏਵਾਲੀ ਜ਼ਿਲ੍ਹਾ ਅੰਮ੍ਰਿਤਸਰ, (੪) ਜ਼ਿੰਦਾ ਸ਼ਹੀਦ ਸੰਤ ਜਵੰਦ ਸਿੰਘ ਜੀ ਮਿੰਟਗੁਮਰੀ ਜ਼ਿਲ੍ਹੇ ਦੇ, (੫) ਮਹਾਂ ਸਿੰਘ ਜੀ ਨੀਲਿਆਂ ਵਾਲੀ ਬਹਾਵਲ ਪੁਰ ਦੇ, (੬) ਬਿਸ਼ਨ ਸਿੰਘ ਭੁਦੌੜ, ਪਟਿਆਲਾ, ਨਾਭਾ, ਸੰਗਰੂਰ ਦੇ, (੭) ਚੰਨਣ ਸਿੰਘ ਮਹਿਮਾ ਵਾਲੀ ਫਰੀਦ ਕੋਟ ਦੇ, (੮) ਮੀਹਾਂ ਸਿੰਘ ਜੀ ਗੁਰੂਸਰ ਵਾਲੇ ਮਾਲਵੇ ਦੇ, ਜ਼ਿ: ਫੀਰੋਜ਼ਪੁਰ ਦੇ , (੯) ਮਹਿਲ ਸਿੰਘ ਜੀ ਸੇਠ ਫ਼ਿਲੋਕੇ ਜ਼ਿ: ਗੁਜਰਾਂਵਾਲੇ ਦੇ, (੧੦) ਪੰਡਿਤ ਬਸੰਤ ਸਿੰਘ ਜੀ ਪਧਾਣੇ ਵਾਲੇ, ਦੁਆਬੇ ਜ਼ਿਲ੍ਹਾ ਜਲੰਧਰ ਦੇ, (੧੧) ਮਨਸਾ ਸਿੰਘ ਭਰਥਲਾ ਜ਼ਿਲ੍ਹਾ ਲੁਧਿਆਣੇ ਦੇ, (੧੨) ਵਰਿਆਮ ਸਿੰਘ ਜੀ ਮੌਲੀ ਵੈਦਵਾਂ ਜ਼ਿਲ੍ਹਾ ਅੰਬਾਲਾ ਦੇ, (੧੩) ਬੰਤਾ ਸਿੰਘ ਜੀ ਬੁਤੇ ਡਲੇ ਵਾਲੇ ਜ਼ਿ: ਸਰਗੋਧੇ ਦੇ, (੧੪) ਸੇਠ ਦਿਆਲ ਸਿੰਘ ਜੀ ਸਿਆਮ ਦੇ, (੧੫) ਭਗਵੰਤ ਸਿੰਘ ਜੀ, ਯੂ. ਪੀ. ਦੇ ਸੂਬੇ, (੧੬) ਕਾਨ੍ਹ ਸਿੰਘ ਜੀ ਲਖਨਊ ਦੇ, (੧੭) ਹੀਰਾ ਸਿੰਘ ਜੀ ਗੁਜਰਾਤ ਜ਼ਿਲ੍ਹੇ ਦੇ, (੧੮) ਰਾਵਲਪਿੰਡੀ ਦੇ ਸੂਬਾ ਮਤਾਬ ਸਿੰਘ ਜੀ ਰਾਮ ਪੁਰ ਜ਼ਿਲ੍ਹਾ ਗੁਜਰਾਂਵਾਲੇ ਦੇ, (੧੯) ਹਮੀਰ ਸਿੰਘ ਜੀ ਹਰੀ ਪੁਰ ਜ਼ਿਲ੍ਹਾ ਹਜ਼ਾਰਾ ਦੇ, (੨੦) ਸੰਤਾ ਸਿੰਘ ਜੀ ਕੋਮਲ ਪੁਰ ਦਾ ਸੂਬਾ, ਸਿੰਧ ਹੈਦਰਾਬਾਦ ਦਾ, (੨੧) ਇੰਦਰ ਸਿੰਘ ਘੁਕੇ ਵਾਲੀ ਮੁਲਤਾਨ ਦੇ ਜ਼ਿਲ੍ਹੇ ਦੇ, (੨੨) ਗੁਰਬਖਸ਼ ਸਿੰਘ ਜੀ ਚੱਕ ਪੁਆਧ ਦੇ ਇਲਾਕੇ ਦਾ ਸੂਬਾ, (੨੩) ਮਤਾਬ ਸਿੰਘ ਜੀ ਗਿੱਲ ਜ਼ਿਲ੍ਹੇ ਸ਼ੇਖੂਪੁਰੇ ਦੇ, (੨੪) ਖੁਸ਼ਹਾਲ ਸਿੰਘ ਜੀ ਲਾਹੌਰ ਦੇ, (੨੫) ਟਹਿਲ ਸਿੰਘ ਜੀ ਸਦੌਵਾਲ ਜ਼ਿ: ਲਾਇਲਪੁਰ ਦੇ, (੨੬) ਜਗਤ ਸਿੰਘ ਜੀ ਹਜ਼ਰੋ ਡੇਰੇ ਦੇ ਸੇਵਾਦਾਰ ਸੂਬੇ ਥਾਪੇ।

ਕਈਆ ਤਦੋਂ ਭੀ ਕਿਹਾ, ਇਸ ਸੇਵਾ ਦੇ ਅਸੀਂ ਜੋਗ ਨਹੀਂ ਤੇ ਬਾਅਦ ਭੀ ਅਰਜ਼ ਕਰ ਆਗਿਆ ਲਈ। ਉਹਨਾਂ ਦੇ ਥਾਂ ਬਦਲ ਹੋਰ ਥਾਪੇ ਗਏ। ਸਮੇਂ ਤੇ ਲੋੜ ਅਨੁਸਾਰ ਸਤਿਗੁਰੂ ਜੀ ਦੀ ਰਜ਼ਾ ਨਾਲ।

## ਨਾਮਧਾਰੀ ਦਰਬਾਰ ਦੇ ਮੈਂਬਰ

ਨਾਮਧਾਰੀ ਦਰਬਾਰ—(੧) ਮਹਾਰਾਜ ਗੁਰਦਿਆਲ ਸਿੰਘ ਜੀ ਮੁਖ, (੨) ਸੰਤ ਨਿਧਾਨ ਸਿੰਘ ਜੀ 'ਆਲਿਮ' (੩) ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤੇ, (੪) ਸੰਤ ਹਰਨਾਮ ਸਿੰਘ ਜੀ ਰਾਗੀ, (੫) ਪੰਡਿਤ ਬਸੰਤ ਸਿੰਘ ਜੀ, (੬) ਸੰਤ ਇੰਦਰ ਸਿੰਘ ਜੀ ਚੱਕਰਵਰਤੀ, (੭) ਬੁੱਢਾ ਸਿੰਘ ਜੀ ਖਾਨਪੁਰ, (੮) ਪੰਡਿਤ ਅਮਰ ਸਿੰਘ ਜੀ, (੯) ਸੁਰਤ ਸਿੰਘ ਜੀ ਜਿਗਿਆਸੂ, ਖਤਰਾਂ ਦੇ, (੧੦) ਗੁਰਬਖਸ਼ ਸਿੰਘ ਜੀ ਚੱਕ ਕੂਕਿਆਂ, (੧੧) ਨਵਾ ਸਿੰਘ ਜੀ ਚੇਲੇ ਕੇ, (੧੨) ਸੰਤ ਜਵੰਦ ਸਿੰਘ ਜੀ ਜ਼ਿੰਦਾ ਸ਼ਹੀਦ ਖਿਆਲਾ, (੧੩) ਸ੍ਰ: ਕੇਸਰ ਸਿੰਘ ਜੀ ਚਵਿੰਡਾ, (੧੪) ਸ੍ਰ: ਦਇਆ ਸਿੰਘ ਜੀ ਕੱਕੜ, (੧੫) ਰਤਨ ਸਿੰਘ ਜੀ ਸੂਬਾ ਸਿਧਵਾਂ ਦੇ, (੧੬) ਜੋਗ ਸਿੰਘ ਜੀ ਬਿਲਗਾ, (੧੭) ਪ੍ਰੀਤਮ ਸਿੰਘ ਜੀ ਸੇਠ ਵਰਨਾ ਦੇ, (੧੮) ਸ੍ਰ: ਲਛਮਣ ਸਿੰਘ

ਜੀ ਵਤੇ ਵਾਲੀਏ, ਕਰਾਲ ਅੰਮ੍ਰਿਤਸਰ ਰਹਿੰਦੇ, (੧੯) ਮਸਤਾਨ ਸਿੰਘ ਕਿਆਮਪੁਰ, (੨੦) ਪੰਡਿਤ ਮੁਨਸ਼ਾ ਸਿੰਘ, (੨੧) ਰਾਜਾ ਧਿਆਨ ਸਿੰਘ ਕੱਕੜ ਜ਼ਿ: ਅੰਮ੍ਰਿਤਸਰ, (੨੨) ਸ੍ਰ: ਅਰਬੇਲ ਸਿੰਘ, (੨੩) ਬਿਸ਼ਨ ਸਿੰਘ ਭਦੋੜ, (੨੪) ਸੰਤ ਭਗਤ ਸਿੰਘ ਜੀ ਦਾਤੇਵਾਲ, (੨੫) ਮਸਤਾਨ ਸਿੰਘ ਜੀ ਰਾਏ ਸਰ, (੨੬) ਸੂਬਾ ਖੇਮ ਸਿੰਘ ਜੀ ਮਾਹੂਵਾਲ, (੨੭) ਖਜ਼ਾਨ ਸਿੰਘ ਮੜ੍ਹਬੀ, (੨੮) ਸ੍ਰ: ਆਤਮਾ ਸਿੰਘ, (੨੯) ਟਹਿਲ ਸਿੰਘ ਸਦੋਵਾਲ, (੩੦) ਈਸਰ ਸਿੰਘ ਖਾਨ ਪੁਰ, (੩੧) ਧਾਰਾ ਸਿੰਘ ਜੀਆ ਬਗਾ, (੩੨) ਲਾਲ ਸਿੰਘ ਢਿਲਵਾਂ, (੩੩) ਅਣਖਾ ਸਿੰਘ ਦਾਤੇਵਾਲ। ਪਹਿਲੇ ਪ੍ਰਧਾਨ ਰਾਜਾ ਧਿਆਨ ਸਿੰਘ ਬਣੇ, ਫੇਰ ਲਛਮਣ ਸਿੰਘ, ਫੇਰ ਆਲਿਮ ਜੀ ਬਣੇ, ਫੇਰ ਦਰਬਾਰ ਤੋੜਿਆ ਭੀ ਗਿਆ। ਇਹ ਸਮਾਂ ਸਭ ਅਗੇ ਆਵੇਗਾ।

ਮੈਨੂੰ ਆਮ ਲਿਖਤ ਸੰਤ ਕਾਲਾ ਸਿੰਘ ਜੀ ਤੋਂ ਇਹ ਸੂਬਿਆਂ ਤੇ ਦਰਬਾਰ ਦੇ ਮੈਂਬਰਾਂ ਦੇ ਨਾਮ, ਪਤੇ ਮਿਲੇ ਹਨ ਤੇ ਕੁਝ ਮੈਂ ਪੁੱਛ ਪਤੇ ਕਰ ਲਿਖੇ ਹਨ। ਬਿਰਧਾਂ ਤੇ ਉਸ ਸਮੇਂ ਦੇ ਵਿਚ ਹੋਣ ਵਾਲਿਆਂ ਤੋਂ। ਤਰਨ ਸਿੰਘ

ਹੋਲੇ ਦੇ ਭੋਗ ਵਾਲੇ ਦਿਨ ਹਵਨ ਕਰ ਬਹੁਤ ਭੋਗ ਪਾਏ ਗਏ ਸੁਣਾਇਆ ਗਿਆ। ਅਗੋਂ ਹੋਲਾ ਰਾਵਲਪਿੰਡੀ ਹੋਵੇਗਾ। ਸ੍ਰ: ਆਤਮਾ ਸਿੰਘ ਜੀ ਵਲੋਂ।

## ਸਤਿਗੁਰੂ ਜੀ ਸੂਬੇ ਬਣਾ ਤੇ ਹਟਾ ਸਕਦੇ ਹਨ

ਸੁਣਾਇਆ ਗਿਆ, ਸਤਿਗੁਰੂ ਜੀ ਸਦਾ ਸੂਬੇ ਬਣਾ ਤੇ ਹਟਾ ਸਕਦੇ ਹਨ ਤੇ ਮੈਂਬਰ ਦਰਬਾਰ ਦੇ ਬਣਾ ਤੇ ਬਦਲ ਸਕਦੇ ਹਨ। ਕੁਝ ਕਾਂਗਰਸ ਦੇ ਜ਼ਿਆਦਾ ਪੱਖੀ ਚਾਹਦੇ ਸੀ ਕਿ ਪੰਥ 'ਚੋਂ ਅਸੀਂ ਆਪਣੀ ਮਰਜ਼ੀ ਨਾਲ ਮਾਇਆ ਉਗਰਾਹੀਏ ਤੇ ਮਨੁੱਖ ਲਈਏ, ਪਰ ਇਹ ਖਾਹਸ਼ ਉਹਨਾਂ ਦੀ ਨ ਪੂਰੀ ਹੋ ਸਕੀ। ਸਤਿਗੁਰੂ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਸੰਗਤ ਤੋਂ ਪਾਠ ਕਰਾਣ ਦੀ ਮੰਗ ਕੀਤੀ ਤੇ ਉਤਸਾਹ ਵਧਿਆ। ਹੋਲੇ ਦੀ ਸੇਵਾ ਸਾਰੇ ਮਾਲਵੇ ਤੇ ਜ਼ਿਲ੍ਹੇ ਵਲੋਂ ਹੋਈ।

ਅਗੇ ਦੂਜਾ ਭਾਗ ਪੜ੍ਹੋ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com